


ਅੰਮ੍ਰਿਤਸਰ

ਸ਼੍ਰੀਮਤੀ ਗਾਂਧੀ ਦੀ ਆਖ਼ਰੀ ਲੜਾਈ

ਮਾਰਕ ਟੱਲੀ ਸਤੀਸ਼ ਜੇਕਬ

AMRITSAR
SMT. GANDHI DI AAKHRI LADDAAI

by
Mark Tulli and Satish Jackob
Translated by
Dr. Gurcharan Singh Aulakh

ਪਹਿਲੀ ਵਾਰ : 2007

ਮੁੱਲ : 120/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ , ਲਾਹੌਰ ਬੁੱਕ ਸ਼ਾਪ,
2-ਲਾਜਪਤ ਰਾਏ ਮਾਰਕਿਟ,
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ ।
Ph. : 2740738, 6540738
FAX 91-161-2740738
E-Mail:-lahorebookshop40@Rediffmail.com
Printed in India

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਜਲੰਧਰ।
ਛਾਪਕ : ਨਾਰਦਨ ਪ੍ਰਿੰਟਿੰਗ ਪ੍ਰੈਸ, ਜਲੰਧਰ।

ਵਿਸ਼ਾ-ਵਸਤੂ

ਅਨੁਕ੍ਰਮਣਿਕਾ

ਚਿੱਤਰ

ਫ਼ੋਟੋ-ਪਲੇਟਾਂ

ਤਸਵੀਰਾਂ ਲਈ ਧੰਨਵਾਦ

ਲੇਖਕ ਤੇ ਪ੍ਰਕਾਸ਼ਕ ਕਾਪੀਰਾਈਟ ਚਿੱਤਰਾਂ ਨੂੰ ਛਾਪਣ ਦੀ ਆਗਿਆ ਦੇਣ ਲਈ ਹੇਠ ਲਿਖਿਆਂ ਦੇ ਧੰਨਵਾਦੀ ਹਨ :

ਕੈਮਰਾ ਪ੍ਰੈੱਸ, ਚਿੱਤਰ 1 ਤੇ 22 ਲਈ

ਜੋਹਨ ਹਿਲੇਲਸਨ ਏਜੰਸੀ ਲਿਮਟਿਡ ਤਸਵੀਰ ਨੰਬਰ 2 ਲਈ

ਇੰਡੀਆ ਟੂਡੇ ਤਸਵੀਰ ਨੰਬਰ 5 ਲਈ

ਸੰਦੀਪ ਸ਼ੰਕਰ ਨੰਬਰ 3, 4, 6, 7 ਤੇ 9 ਲਈ

ਟੈਲੀਗ੍ਰਾਫ਼ ਕਲਕੱਤਾ ਤਸਵੀਰ ਨੰਬਰ 21 ਲਈ

ਦੂਸਰੇ ਸਭ ਚਿੱਤਰ ਤੇ ਫ਼ੋਟੋ ਲੇਖਕਾਂ ਦੇ ਨਿੱਜੀ ਪੁਰਾਲੇਖਾਂ 'ਚੋਂ ਲਏ ਗਏ ਹਨ।

ਮੁੱਖ ਬੰਦ

5 ਜੂਨ, 1984 ਨੂੰ ਭਾਰਤੀ ਫ਼ੌਜ ਨੇ ਅੰਮ੍ਰਿਤਸਰ ਦੇ ਉਸ ਭਵਨ ਸਮੂਹ 'ਤੇ ਹਮਲਾ ਕਰ ਦਿੱਤਾ ਜਿਸ ਵਿੱਚ ਸਿੱਖ ਧਰਮ ਦੇ ਦੋ ਅਤਿਅੰਤ ਪਵਿੱਤਰ ਧਾਰਮਿਕ ਮੰਦਰ—ਸਵਰਨ ਮੰਦਿਰ ਤੇ ਅਕਾਲ ਤਖ਼ਤ—ਸਥਿਤ ਸਨ। ਉਹ ਜਰਨੈਲ ਜਿਨ੍ਹਾਂ ਨੇ ਘੱਟੋ ਘੱਟ ਸ਼ਕਤੀ ਵਰਤਣ ਦੀ ਪ੍ਰਤਿਗਿਆ ਕੀਤੀ ਸੀ ਤੇ ਜੋ ਕਿਸੇ ਵੀ ਹਾਲਤ ਵਿੱਚ ਵੀ ਮੰਦਿਰਾਂ ਨੂੰ ਅਪਵਿੱਤਰ ਨਹੀਂ ਕਰਨਾ ਚਾਹੁੰਦੇ ਸਨ, ਉਹ ਸਖ਼ਤ ਤੇ ਨਿਪੁੰਨਤਾ ਨਾਲ ਕੀਤੇ ਗਏ ਮੁਕਾਬਲੇ ਲਈ ਤਿਆਰ ਨਹੀਂ ਸਨ, ਜਿਸ ਦਾ ਉਹਨਾਂ ਨੂੰ ਟਾਕਰਾ ਕਰਨਾ ਪਿਆ। ਭਾਰੀ ਜਾਨੀ ਨੁਕਸਾਨ ਉਠਾਉਣ ਪਿੱਛੋਂ ਪਿਆਦਾ ਫ਼ੌਜ ਨੂੰ ਪਿੱਛੇ ਹਟਣਾ ਪਿਆ ਤੇ ਆਖ਼ਰੀ ਉਪਾਅ ਵਜੋਂ ਦਿੱਲੀ ਤੋਂ ਪ੍ਰਵਾਨਗੀ ਲੈ ਕੇ, ਟੈਂਕਾਂ ਨੂੰ ਅੰਦਰ ਜਾਣ ਦਾ ਹੁਕਮ ਦਿੱਤਾ ਗਿਆ। ਅਕਾਲ ਤਖ਼ਤ ਨੂੰ ਪੂਰੀ ਤਰ੍ਹਾਂ ਮਲਬੇ ਦਾ ਢੇਰ ਬਣਾ ਦਿੱਤਾ ਗਿਆ। ਇਸ ਗੱਲ ਵਿੱਚ ਸੰਦੇਹ ਹੈ ਕਿ ਜੇ ਸ੍ਰੀਮਤੀ ਗਾਂਧੀ ਨੂੰ ਪਤਾ ਹੁੰਦਾ ਕਿ 24 ਘੰਟਿਆਂ ਦੇ ਸੰਘਰਸ਼ ਦੇ ਸਿੱਟੇ ਇਨੇ ਖ਼ੂਨੀ ਤੇ ਤਬਾਹੀ ਭਰੇ ਹੋਣਗੇ ਤਾਂ ਉਹ ਨੀਲਾ ਤਾਰਾ ਸਾਕਾ ਸ਼ੁਰੂ ਕਰਦੀ। ਭਾਵੇਂ ਉਹ ਆਖ਼ਰੀ ਸਮੇਂ ਤੱਕ ਪੰਜਾਬ ਵਿੱਚ ਫੈਲੇ ਹਕੀਕੀ ਆਤੰਕਵਾਦ ਦੇ ਵਿਰੋਧ ਲਈ ਹਥਿਆਰਬੰਦ ਦਖ਼ਲ ਦੇ ਵਿਰੁੱਧ ਰਹੀ। ਸ਼ਾਇਦ, ਉਸ ਦੇ ਪੁੱਤਰ ਰਾਜੀਵ ਗਾਂਧੀ ਸਮੇਤ ਬਹੁਤ ਸਾਰਿਆਂ ਨੇ ਇਹ ਸੁਝਾਉ ਵੀ ਦਿੱਤਾ, ਪਰੰਤੂ ਫਿਰ ਵੀ ਉਸ ਨੇ ਮੂਲਵਾਦੀ ਸਿੱਖ ਪ੍ਰਚਾਰਕ ਉੱਤੇ ਹਮਲਾ ਕਰਨ ਤੋਂ ਪਹਿਲਾਂ ਕਾਫ਼ੀ ਲੰਮਾ ਸਮਾਂ ਇੰਤਜ਼ਾਰ ਕੀਤਾ।

ਮਾਰਕ ਟੱਲੀ ਤੇ ਸਤੀਸ਼ ਜੈਕਬ ਜੋ ਦਿੱਲੀ ਵਿੱਚ ਬੀ.ਬੀ.ਸੀ. ਦੇ ਬਿਊਰੋ ਦੇ ਪ੍ਰਬੰਧਕ ਤੇ ਸੰਚਾਲਕ ਸਨ, ਇਸ ਪੁਸਤਕ ਵਿੱਚ ਸਿੱਖ ਸ਼ਕਤੀ ਦੇ ਗੜ੍ਹ ਦੀ ਸਥਾਪਤੀ ਤੋਂ ਲੈ ਕੇ ਆਕ੍ਰਮਣ ਤੱਕ; ਸਿੱਖ ਭਾਈਚਾਰੇ ਵਿੱਚ ਸ਼ਕਤੀ ਦੀ ਅਦਲਾ-ਬਦਲੀ ਤੇ ਕੇਂਦਰੀ ਸਰਕਾਰ ਦੀ ਉਹਨਾਂ ਨੂੰ ਕਾਬੂ ਕਰਨ ਤੇ ਆਪਣੇ ਹਿੱਤ ਲਈ ਵਰਤੋਂ ਦੇ ਯਤਨ ਕਰਨ; ਭਿੰਡਰਾਂਵਾਲਾ ਦੇ ਉਭਾਰ ਤੋਂ ਲੈ ਕੇ, ਜਿਸ ਨੂੰ ਆਰੰਭ ਵਿੱਚ ਉਸ ਸਮੇਂ ਦੇ ਰਾਸ਼ਟਰਪਤੀ ਜ਼ੈਲ ਸਿੰਘ ਤੇ ਸ੍ਰੀਮਤੀ ਗਾਂਧੀ ਦੇ ਆਪਣੇ ਬੇਟੇ ਸੰਜੇ ਨੇ ਸਾਹਮਣੇ ਲਿਆਂਦਾ ਸੀ, ਜਿਸ ਦੇ ਅੱਤਵਾਦ ਨੇ ਸਿੱਖਾਂ ਤੇ ਹਿੰਦੂਆਂ, ਸਿੱਖਾਂ ਤੇ ਸਿੱਖਾਂ ਵਿਚਕਾਰ ਅਤੇ ਪੰਜਾਬ ਤੇ ਭਾਰਤ ਵਿੱਚ ਪਾੜਾ ਪਾਇਆ; ਸ਼੍ਰੀਮਤੀ ਗਾਂਧੀ, ਜਿਸਨੇ ਇਸ ਕਾਰਵਾਈ ਦੇ ਤਬਾਹੀ ਭਰੇ ਸਿੱਟਿਆਂ ਦਾ ਮੁੱਲ ਆਪਣੀ ਜਾਨ ਦੇ ਕੇ ਤਾਰਿਆ, ਦੀ ਦੁਚਿੱਤੀ ਦੀ ਵੇਰਵੇ ਸਹਿਤ ਖੋਜ ਕਰਦੇ ਹਨ।

ਆਪਣੇ ਸਜੀਵ, ਪ੍ਰਭਾਵਮਈ ਤੇ ਪੂਰੀ ਤਰ੍ਹਾਂ ਪ੍ਰਮਾਣਿਤ ਇਤਿਹਾਸਕ ਤੇ ਸਿਆਸੀ ਘਟਨਾਵਾਂ ਦੇ ਬਿਰਤਾਂਤ ਨੂੰ ਮਾਰਕ ਟੱਲੀ ਤੇ ਸਤੀਸ਼ ਜੈਕਬ, ਸਿੱਖ ਤ੍ਰਾਸਦੀ ਨੂੰ ਕਈ ਦ੍ਰਿਸ਼ਟੀਕੋਣਾਂ ਤੋਂ ਪਕੜ ਕੇ ਕੇਂਦ੍ਰਿਤ ਕਰਦੇ ਹਨ। ਉਹਨਾਂ ਨੇ ਸਭ ਤੋਂ ਪਹਿਲਾਂ ਸਵਰਨ ਮੰਦਿਰ ਦੀ ਕਿਲ੍ਹਾਬੰਦੀ ਦੀ ਫ਼ਿਲਮ ਬਣਾਈ। ਉਹ ਭਿੰਡਰਾਂਵਾਲਾ ਤੇ ਉਸ ਦੇ ਨਿਪੁੰਨ ਸੈਨਿਕ ਮਾਹਿਰ ਜਰਨੈਲ ਸ਼ਾਹਬੇਗ ਸਿੰਘ ਨੂੰ, ਤੇ ਇਸ ਡਰਾਮੇ ਦੇ ਕੇਂਦਰੀ ਤੇ ਮੁੱਖ ਅਦਾਕਾਰਾਂ ਨੂੰ ਮਿਲੇ। ਉਹਨਾਂ ਨੇ ਜੋ ਕੁਝ ਵਾਪਰਿਆ, ਉਸ ਬਾਰੇ ਵਿਚਾਰ ਉਕਸਾਊ, ਮਨਨਸ਼ੀਲ, ਸੁਹਿਰਦ ਤੇ ਖ਼ੁਸ਼-ਬਿਆਨੀ ਭਰਪੂਰ ਵਿਸ਼ਲੇਸ਼ਣ ਕਰਨ ਲਈ ਹਰ ਪਾਸੇ ਤੋਂ ਚਸ਼ਮਦੀਦ ਗਵਾਹਾਂ ਦੇ ਵੇਰਵੇ ਇਕੱਤਰ ਕੀਤੇ।

ਮਾਰਕ ਟੱਲੀ, ਜਿਸ ਨੇ ਅੰਮ੍ਰਿਤਸਰ ਵਿੱਚ ਕਰਫ਼ਿਊ ਲਾਏ ਜਾਣ ਤੋਂ ਇਕ ਦਿਨ

ਪਹਿਲਾਂ ਭਿੰਡਰਾਂਵਾਲੇ ਨਾਲ ਗੱਲਾਂ ਕੀਤੀਆਂ ਸਨ ਤੇ ਜਿਸ ਨੂੰ ਫ਼ੌਜ ਨੇ ਨੀਲਾ ਤਾਰਾ ਸਾਕਾ ਸ਼ੁਰੂ ਹੋਣ ਵਾਲੇ ਦਿਨ ਪੰਜਾਬ 'ਚੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ ਸੀ, ਉਸ ਨੂੰ ਬਾਫਟਾ ਵੱਲੋਂ ਟੈਲੀਵਿਜ਼ਨ ਦੇ ਪਰਦੇ 'ਤੇ ਤੱਥਾਂ ਦੀ ਅਸਲੀਅਤ ਪੇਸ਼ ਕਰਨ ਵਿੱਚ ਨਿੱਜੀ ਯੋਗਦਾਨ ਲਈ 1984 ਦਾ ਰਿਚਰਡ ਡਿਮਬਲੇ ਪੁਰਸਕਾਰ ਦਿੱਤਾ ਗਿਆ ਤੇ 1984 ਦੇ ਬਰਤਾਨਵੀ ਟੈਲੀਵਿਜ਼ਨ ਦੇ ਸਮੀਖਿਆਕਾਰ ਸੰਘ ਵੱਲੋਂ ਵੀ ਉੱਤਮ ਨਿੱਜੀ ਯੋਗਦਾਨ ਲਈ ਪੁਰਸਕਾਰ ਦਿੱਤਾ ਗਿਆ।

ਮਾਰਕ ਟੱਲੀ ਦਾ ਜਨਮ ਕਲਕੱਤਾ ਵਿੱਚ ਹੋਇਆ ਤੇ ਉਸ ਨੇ ਇੰਗਲੈਂਡ ਵਿੱਚ ਵਿੱਦਿਆ ਪ੍ਰਾਪਤ ਕੀਤੀ। ਉਹ 1964 ਵਿੱਚ ਬੀ.ਬੀ.ਸੀ. ਨਾਲ ਕੰਮ ਕਰਨ ਲੱਗਾ ਤੇ 1972 ਵਿੱਚ ਉਹ ਉਹਨਾਂ ਦੇ ਦਿੱਲੀ ਵਿਭਾਗ ਦਾ ਮੁਖੀ ਬਣ ਗਿਆ। ਜਿਹੜੀਆਂ ਮੁੱਖ ਕਹਾਣੀਆਂ ਦੀ ਉਸ ਨੇ ਪੇਸ਼ਕਾਰੀ ਕੀਤੀ, ਉਹਨਾਂ ਵਿੱਚ ਬੰਗਲਾ ਦੇਸ਼ ਜੰਗ, ਸ੍ਰੀਮਤੀ ਗਾਂਧੀ ਵੱਲੋਂ ਸੰਕਟਕਾਲੀਨ ਘੋਸ਼ਣਾ, ਭੁੱਟੋ ਦੀ ਮੌਤ ਤੇ ਅਫ਼ਗਾਨਿਸਤਾਨ ਵਿੱਚ ਰੂਸੀ ਕਾਰਵਾਈ ਸ਼ਾਮਿਲ ਹਨ। ਉਸ ਨੇ ਬੀ.ਬੀ.ਸੀ. ਤੋਂ ਅਵਿਕਾਸ਼ ਲੈ ਲਿਆ ਹੈ ਤੇ ਹੁਣ ਉਹ ਦਿੱਲੀ ਵਿੱਚ ਰਹਿ ਰਿਹਾ ਹੈ।

ਸਤੀਸ਼ ਜੇਕਬ ਦਿੱਲੀ ਵਿੱਚ ਪੈਦਾ ਹੋਇਆ। ਉਸ ਨੇ ਆਪਣਾ ਪੱਤ੍ਰਕਾਰਤਾ ਦਾ ਜੀਵਨ "ਦੀ ਸਟੇਟਸਮੈਨ" ਨਾਲ ਸ਼ੁਰੂ ਕੀਤਾ। 8 ਸਾਲ ਲਈ ਈਥੋਪੀਆ ਵਿੱਚ ਕੰਮ ਕੀਤਾ ਤੇ ਫਿਰ 1978 ਵਿੱਚ ਮਾਰਕ ਟੱਲੀ ਨਾਲ ਮਿਲਕੇ ਕੰਮ ਕਰਨ ਲਈ ਉਹ ਬੀ. ਬੀ.ਸੀ. ਵਿੱਚ ਚਲਾ ਗਿਆ। ਉਹ ਹੁਣੇ-ਹੁਣੇ ਹੀ ਕਾਰਪੋਰੇਸ਼ਨ ਲਈ 26 ਸਾਲ ਕੰਮ ਕਰਨ ਮਗਰੋਂ ਦਿੱਲੀ ਵਿੱਚ ਬੀ.ਬੀ.ਸੀ. ਦੇ ਡਿਪਟੀ ਬਿਊਰੋ ਚੀਫ਼ ਵਜੋਂ ਰਿਟਾਇਰ ਹੋਇਆ ਹੈ। ਇਸ ਘਟਨਾ ਭਰਪੂਰ ਸਮੇਂ ਵਿੱਚ ਉਸ ਨੇ ਮਾਰਕ ਟੱਲੀ ਨਾਲ ਮਿਲਕੇ ਬੀ. ਬੀ.ਸੀ. ਬਿਊਰੋ ਨੂੰ ਭਾਰਤ ਵਿੱਚ ਉੱਘਾ ਕਰ ਦਿੱਤਾ ਤੇ ਇਹ ਨਾਮ ਘਰ-ਘਰ ਪਹੁੰਚਾ ਦਿੱਤਾ। ਜੇਕਬ ਨੇ 31 ਅਕਤੂਬਰ 1984 ਨੂੰ ਸ੍ਰੀਮਤੀ ਗਾਂਧੀ ਦੀ ਹੱਤਿਆ ਦੀ ਕਹਾਣੀ ਸੁਣ ਤੇ ਚਕ੍ਰਿਤ ਹੋਏ ਰਾਸ਼ਟਰ ਨੂੰ ਦਿੱਤੀ। ਪਰੰਤੂ ਜੇਕਬ ਅਨੁਸਾਰ ਸੰਯੁਕਤ ਰਾਜ ਅਮਰੀਕਾ ਦੀ ਅਗਵਾਈ ਵਿੱਚ ਸਦਾਮ ਹੁਸੈਨ ਦਾ ਤਖ਼ਤਾ ਉਲਟਾਉਣ ਦੀ ਕਹਾਣੀ ਉਸ ਦਾ ਸਭ ਤੋਂ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਨਿਭਾ ਸੀ। ਉਸ ਸਮੇਂ ਬਗਦਾਦ ਵਿੱਚ ਸਥਿਤ ਉਹ ਇਕੋ ਇਕ ਭਾਰਤੀ ਪੱਤਰਕਾਰ ਸੀ। ਇਸ ਸਮੇਂ ਉਹ ਪੁਰਾਣੀ ਦਿੱਲੀ ਦੇ ਇਤਿਹਾਸ ਬਾਰੇ ਟੀ.ਵੀ. ਲੜੀਵਾਰ ਤਿਆਰ ਕਰ ਰਿਹਾ ਹੈ।

ਭਾਰਤੀ ਸੰਸਕਰਨ ਦੀ ਭੂਮਿਕਾ

ਭਾਰਤੀ ਸੰਸਕਰਨ ਦੇ ਛਪਣ ਨਾਲ ਸਾਨੂੰ ਪੰਜਾਬ ਕਹਾਣੀ ਦਾ ਬਿਆਨ ਚੋਣਾਂ ਤੱਕ ਕਰਨ ਦਾ ਮੌਕਾ ਮਿਲਦਾ ਹੈ ਤੇ ਇਸ ਤਰ੍ਹਾਂ ਸਾਨੂੰ ਉਮੀਦ ਹੈ ਕਿ ਅਸੀਂ ਇਸ ਪੁਸਤਕ ਦਾ ਅੰਤ ਸੁਖਾਂਤ ਭਰਿਆ ਬਣਾ ਦਿੱਤਾ ਹੈ।

20 ਅਗਸਤ 1985 ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਉਸ ਦੇ ਆਪਣੇ ਪਿੰਡ ਦੇ ਨੇੜੇ ਇਕ ਗੁਰਦੁਆਰੇ ਵਿੱਚ ਗੋਲੀ ਮਾਰਕੇ ਮਾਰ ਦਿੱਤਾ ਗਿਆ। ਉਸ ਦੀ ਮੌਤ ਨੇ ਉਸ ਸਮਝੌਤੇ ਲਈ ਖ਼ਤਰਾ ਪੈਦਾ ਕਰ ਦਿੱਤਾ, ਜੋ ਉਸ ਨੇ ਰਾਜੀਵ ਗਾਂਧੀ ਨਾਲ ਕੀਤਾ ਸੀ। ਲੌਂਗੋਵਾਲ ਨੂੰ ਇਕ ਜਨੂਨੀ ਸਿੱਖ ਨੇ ਮਾਰ ਦਿੱਤਾ ਸੀ ਜੋ ਹਿੰਦੂਆਂ ਤੇ ਸਿੱਖ ਸਮੁਦਾਇ ਵਿੱਚ ਮੁੜ ਮਿੱਤਰਤਾ ਦੀ ਸਥਾਪਣ ਰੋਕਣਾ ਚਾਹੁੰਦਾ ਸੀ। ਦਿੱਲੀ ਦੀ ਵਿਵਸਥਾ ਦਾ ਇਕ ਹਿੱਸਾ ਜੋ ਰਾਜੀਵ ਗਾਂਧੀ ਦੀ ਸਰਕਾਰ ਦੀ ਆਧੁਨਿਕ ਸ਼ੈਲੀ ਤੇ ਰੰਗ ਢੰਗ ਤੋਂ ਭੈ-ਭੀਤ ਸੀ, ਉਹ ਇਸ ਪ੍ਰਤੱਖ ਝਟਕੇ 'ਤੇ ਖ਼ੁਸ਼ ਸੀ। ਮਿਸਾਲ ਵਜੋਂ 'ਟਾਈਮਜ਼ ਔਫ਼ ਇੰਡੀਆ' ਅਨੁਸਾਰ ਲੌਂਗੋਵਾਲ ਦਾ ਕਤਲ ਇਸ ਗੱਲ ਦਾ ਪ੍ਰਮਾਣ ਸੀ ਕਿ ਮੁਲਕ ਨੂੰ ਸੰਭਾਲਣ ਲਈ ਉਚੇਰੇ ਪੱਧਰ ਦੀ "ਸਿਆਸੀ ਸੂਝ-ਬੂਝ ਦੀ ਜ਼ਰੂਰਤ ਹੈ ਨਾ ਕਿ ਜਿਵੇਂ ਅਮਰੀਕੀ ਕਹਿੰਦੇ ਹਨ ਬਿਨਾਂ ਸੋਚੇ ਸਮਝੇ ਪ੍ਰਤਿਕ੍ਰਿਆਵਾਂ ਕਰਕੇ ਤੇ ਜਨਤਕ ਸੰਪਰਕ ਦੇ ਫ਼ਜ਼ੂਲ ਅਭਿਆਸਾਂ ਨਾਲ।"

ਰਾਜੀਵ ਗਾਂਧੀ ਨੇ ਦਿੱਲੀ ਦੇ ਆਰਾਮ ਕੁਰਸੀਆਂ 'ਤੇ ਬੈਠੇ ਮਾਹਿਰਾਂ ਦੀ ਸਲਾਹ ਰੱਦ ਕਰਕੇ ਰਾਜਪਾਲ ਅਰਜਨ ਸਿੰਘ ਦੇ ਇਸ ਭਰੋਸੇ ਨੂੰ ਪ੍ਰਵਾਨ ਕਰ ਲਿਆ ਕਿ ਪੰਜਾਬ ਵਿਧਾਨ ਸਭਾ ਤੇ ਲੋਕ ਸਭਾ ਦੇ ਹਲਕਿਆਂ ਦੀਆਂ ਚੋਣਾਂ ਕਰਵਾਈਆਂ ਜਾਣ ਤੇ ਇਕ ਪ੍ਰਕ੍ਰਿਆ ਤੁਰੰਤ ਸ਼ੁਰੂ ਕੀਤੀ ਜਾਵੇ। ਰਾਜਪਾਲ ਨੇ ਮੈਨੂੰ ਇਕ ਭੇਂਟ-ਵਾਰਤਾ ਵਿੱਚ ਦੱਸਿਆ ਕਿ ਲੌਂਗੋਵਾਲ ਦੇ ਕਤਲ ਨੇ "ਬਹੁਤ ਭਾਰੀ ਗਿਣਤੀ ਵਿੱਚ ਸਿੱਖਾਂ ਨੂੰ ਸਦਮਾ ਪਹੁੰਚਾਇਆ ਹੈ।" ਉਸ ਦਾ ਵਿਸ਼ਵਾਸ ਸੀ ਕਿ "ਇਸ ਨੇ ਸਿੱਖਾਂ ਦੀ ਇਹ ਇੱਛਾ ਹੋਰ ਵੀ ਤੀਬਰ ਕਰ ਦਿੱਤੀ ਹੈ ਕਿ ਇਹ ਸਮਝੌਤਾ ਸਫਲ ਹੋਵੇ। ਉਸ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਸਿੱਖ ਆਤੰਕਵਾਦੀ ਅਜੇ ਵੀ ਚੋਣਾਂ ਵਿੱਚ ਗੜਬੜ ਕਰਨਗੇ ਤੇ 150 ਹਜ਼ਾਰ ਵਾਧੂ ਅਰਧ ਸੈਨਿਕ ਬਲ ਤੇ ਪੁਲਿਸ ਜੋ ਪੰਜਾਬ ਵਿੱਚ ਲਗਾਈ ਜਾਵੇਗੀ, ਇਸ ਗੱਲ ਦੀ ਜ਼ਾਮਨ ਨਹੀਂ ਹੋ ਸਕਦੀ ਕਿ ਪੰਜਾਬ ਵਿੱਚ ਆਤੰਕ ਨਹੀਂ ਹੋਵੇਗਾ।"

ਰਾਜਪਾਲ ਦੀ ਪ੍ਰਾਰਥਨਾ ਰੰਗ ਲਿਆਈ। ਚੋਣਾਂ ਬੜੀਆਂ ਸ਼ਾਂਤੀਪੂਰਨ ਹੋਈਆਂ। ਅਕਾਲੀ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਆਪਣੇ ਬਲਬੂਤੇ ਆਪਣੀ ਸਰਕਾਰ ਬਣਾਉਣ ਦੇ ਸਮਰੱਥ ਹੋਏ। ਇਕ ਵਾਰ ਫਿਰ ਹਿੰਦੁਸਤਾਨ ਵੋਟਾਂ ਰਾਹੀਂ ਸੰਕਟ ਵਿੱਚੋਂ ਉਸ ਤਰ੍ਹਾਂ ਹੀ ਉਭਰ ਆਇਆ ਜਿਵੇਂ 8 ਸਾਲ ਪਹਿਲਾਂ ਮੱਤਦਾਤਾਵਾਂ ਨੇ ਸ੍ਰੀਮਤੀ ਗਾਂਧੀ ਦੇ ਅਪਾਤਕਾਲ ਨੂੰ ਰੱਦ ਕੀਤਾ ਸੀ।

ਸ੍ਰੀਮਤੀ ਗਾਂਧੀ ਪੰਜਾਬ ਸੰਕਟ ਦਾ ਦੋਸ਼ ਬਾਹਰੀ ਸ਼ਕਤੀਆਂ 'ਤੇ ਲਾਉਂਦੀ ਸੀ ਜੋ ਸੰਯੁਕਤ, ਮਜ਼ਬੂਤ ਤੇ ਇਕ-ਮੁੱਠ ਭਾਰਤ ਸਹਿਣ ਕਰਨ ਨੂੰ ਤਿਆਰ ਨਹੀਂ ਸਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਨੇ ਅੱਤਵਾਦ ਨੂੰ ਪ੍ਰਣਾਏ ਹੋਏ ਸਿੱਖ ਆਤੰਕਵਾਦੀਆਂ ਨੂੰ ਸਹਾਇਤਾ ਦੇਣ ਤੇ ਸ਼ਹਿ ਦੇਣ ਅਤੇ ਉਕਸਾਉਣ ਵਿੱਚ ਭੂਮਿਕਾ ਨਿਭਾਈ ਤੇ ਅੱਗੋਂ ਵੀ ਨਿਭਾਉਂਦੇ ਰਹਿਣਗੇ, ਪ੍ਰੰਤੂ ਸਿਰਫ਼ ਇਕੱਲੀ ਬਾਹਰੀ ਸ਼ਕਤੀ ਹੀ ਭਾਰਤ ਵਰਗੇ ਸੰਭਾਵਨਾਵਾਂ ਭਰਪੂਰ ਮਜ਼ਬੂਤ ਤੇ ਸਥਿਰ ਮੁਲਕ ਨੂੰ ਡਰਾ-ਧਮਕਾ ਨਹੀਂ ਸਕਦੀ। ਭਾਰਤੀਆਂ ਨੂੰ ਹੁਣ ਆਪਣੇ ਮੁਲਕ ਤੇ ਇਸ ਵਿੱਚ ਆਈਆਂ ਉਹਨਾਂ ਕਮਜ਼ੋਰੀਆਂ ਤੇ ਰੋਗਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਜਿਸ ਨੇ ਪੰਜਾਬ ਨੂੰ ਰਾਜਸੀ ਤਬਾਹੀ ਦੇ ਕੰਢੇ 'ਤੇ ਲਿਆ ਖੜ੍ਹਾ ਕੀਤਾ।

ਸੰਸਾਰ ਦੇ ਸਭ ਤੋਂ ਵੱਡੇ ਲੋਕ-ਰਾਜ ਦੀ ਸਰਕਾਰ ਦਾ ਰਾਜ-ਪ੍ਰਬੰਧ ਅਜੇ ਵੀ ਬਰਤਾਨਵੀ

ਰਾਜ ਸਮੇਂ ਦੀਆਂ ਸੰਸਥਾਵਾਂ ਰਾਹੀਂ ਚਲਾਇਆ ਜਾਂਦਾ ਹੈ। ਭਾਰਤ ਦੀ ਪ੍ਰਬੰਧਕ ਸੇਵਾ ਜੋ ਰਾਜ-ਪ੍ਰਬੰਧ ਉੱਪਰ ਛਾਈ ਹੋਈ ਹੈ, ਉਹ ਵੀ ਅੰਗਰੇਜ਼ੀ ਸਮੇਂ ਦੀ ਭਾਰਤੀ ਸਿਵਲ ਸਰਵਿਸ ਦੀ ਹੂ-ਬ-ਹੂ ਨਕਲ ਹੈ ਤੇ ਭਾਰਤੀ ਪੁਲਿਸ ਸੇਵਾ ਅੰਗਰੇਜ਼ੀ ਕਾਲ ਦੀ ਪੁਲਿਸ ਦੀ ਨਕਲ ਹੈ। ਮੈਕਾਲੇ ਦੇ ਸਮੇਂ ਦੀ ਤਿਆਰ ਕੀਤੀ ਦੰਡ ਸੰਹਿਤਾ ਅਜੇ ਵੀ ਲਾਗੂ ਹੈ।

ਉਹ ਭਾੜੇ ਦੇ ਗਵਾਹ ਜੋ ਅੰਗਰੇਜ਼ੀ ਰਾਜ ਦੇ ਹੱਕ ਵਿੱਚ ਗਵਾਹੀ ਦਿੰਦੇ ਸਨ ਉਹ ਹੁਣ ਵੀ ਸੁਤੰਤਰ ਭਾਰਤੀ ਦੀ ਪੁਲਿਸ ਦੇ ਹੱਕ ਵਿੱਚ ਗਵਾਹੀ ਦਿੰਦੇ ਹਨ। ਅਮੀਰ ਤੇ ਅਸਰ ਰਸੂਖ਼ ਵਾਲੇ ਲੋਕਾਂ ਵਲੋਂ ਸਰਕਾਰ ਦੀਆਂ ਇੱਛਾਵਾਂ ਨੂੰ ਨਿਸਫਲ ਕਰਨ ਵਿੱਚ ਅੰਗਰੇਜ਼ਾਂ ਵੱਲੋਂ ਵਿਰਸੇ ਵਿੱਚ ਛੱਡੇ ਗਏ ਕਾਨੂੰਨੀ ਢਾਂਚੇ ਨੂੰ ਵਰਤਿਆ ਜਾ ਰਿਹਾ ਹੈ। ਗਰੀਬਾਂ ਵੱਲੋਂ ਪੁਲਿਸ ਤੇ ਕਚਹਿਰੀਆਂ ਨੂੰ ਅਤਿਆਚਾਰੀ ਸਮਝਿਆ ਜਾਂਦਾ ਹੈ।

ਪੰਜਾਬ ਸੰਕਟ ਨੇ ਦਰਸਾ ਦਿੱਤਾ ਕਿ ਵਰਤਮਾਨ ਭਾਰਤ ਦੀਆਂ ਸਮੱਸਿਆ ਨਾਲ ਨਜਿੱਠਣ ਲਈ ਬਰਤਾਨਵੀ ਰਾਜ ਦੀਆਂ ਸੰਸਥਾਵਾਂ ਕਿਸ ਤਰ੍ਹਾਂ ਅਢੁੱਕਵੀਆਂ ਸਨ। ਪੁਲਿਸ ਕਈ ਸਾਲਾਂ ਤੋਂ ਆਪਣੇ ਵਰਗ ਦੀ ਥੋੜ੍ਹੀ ਤੇ ਨਾਕਾਫ਼ੀ ਤਨਖ਼ਾਹ ਕਰਕੇ ਤੇ ਇਸ ਦੇ ਸੁਭਾਵਿਕ ਸਿੱਟੇ—ਰਿਸ਼ਵਤ ਕਰਕੇ ਲਾਚਾਰ ਤੇ ਨਸ਼ਟ ਹੋ ਚੁੱਕੀ ਸੀ ਤੇ ਇਹ ਦੋਵੇਂ ਲੱਛਣ ਵੀ ਬਰਤਾਨਵੀ ਰਾਜ ਦੀ ਦੇਣ ਸਨ। ਪੁਲਿਸ ਅਫ਼ਸਰ ਇਹ ਜਾਣਦੇ ਸਨ ਕਿ ਗ੍ਰਿਫ਼ਤਾਰ ਕਰਕੇ ਥੋੜ੍ਹੇ ਜਿਹੇ ਅੱਤਵਾਦੀਆਂ ਨੂੰ ਜੱਜਾਂ ਸਾਹਮਣੇ ਲਿਆਉਣ ਦੀ ਕੋਈ ਤੁਕ ਨਹੀਂ ਸੀ ਕਿਉਂਕਿ ਉਹਨਾਂ ਦਾ ਦੋਸ਼ ਸਿੱਧ ਕਰਕੇ ਸਜ਼ਾ ਦੇਣ ਲਈ ਮਰਨਾਊ ਹੋਈਆਂ ਅਦਾਲਤਾਂ ਕਈ-ਕਈ ਸਾਲ ਲਗਾ ਦੇਣਗੀਆਂ। ਇਸ ਲਈ ਉਹ ਸਿੱਧੇ ਹੀ ਅੱਤਵਾਦੀਆਂ ਨੂੰ ਕਤਲ ਕਰਕੇ ਮੁਕਾਬਲੇ ਵਿੱਚ ਮਾਰੇ ਗਏ ਸ਼ਬਦ ਵਰਤਣ ਦਾ ਢੌਂਗ ਰਚ ਲੈਂਦੇ ਸਨ। ਉਹਨਾਂ ਮੁਕਾਬਲਿਆਂ ਕਾਰਨ ਹੀ ਭਿੰਡਰਾਂਵਾਲੇ ਦੀ ਬਦਲਾ ਲੈਣ ਦੀ ਲਲਕਾਰ ਨਿਆਂ-ਸੰਗਤ ਹੋ ਜਾਂਦੀ ਸੀ। ਕਾਂਗਰਸ ਪਾਰਟੀ ਜੋ ਪੰਜਾਬ ਦੇ ਪਿੰਡਾਂ ਵਿੱਚ ਜਾ ਕੇ ਸ਼੍ਰੀਮਤੀ ਗਾਂਧੀ ਦੀ ਸੰਦੇਸ਼ ਵਾਹਕ ਬਣਦੀ ਤੇ ਉਸ ਘ੍ਰਿਣਾ ਦਾ ਵਿਰੋਧ ਕਰਦੀ ਜੋ ਭਿੰਡਰਾਂਵਾਲਾ ਫੈਲਾ ਰਿਹਾ ਸੀ, ਉਹ ਹੁਣ ਡੰਗ-ਟਪਾਊ ਲੋਕਾਂ ਦੀ ਜਮਾਤ ਬਣ ਕੇ ਰਹਿ ਗਈ ਸੀ ਤੇ ਉਹ ਆਪਣੇ ਚੋਣ ਹਲਕਿਆਂ ਵਿੱਚ ਜਾਣ ਦੀ ਥਾਂ ਸ਼ਕਤੀ ਦੇ ਸੋਮੇ ਦਿੱਲੀ ਵੱਲ ਹੀ ਅੱਖਾਂ ਲਾਈ ਰੱਖਦੇ ਸਨ। ਰਾਜ-ਸੇਵਾ ਜਾਂ ਸ਼ਾਸਨ-ਵਿਵਸਥਾ ਵਿੱਚ ਵੀ ਡੰਗ-ਟਪਾਊ ਹਾਵੀ ਸਨ ਜੋ ਆਪਣੇ ਸਿਆਸੀ ਆਕਾਵਾਂ ਨੂੰ ਖ਼ੁਸ਼ ਕਰਨ ਲਈ ਕੋਈ ਵੀ ਕਾਨੂੰਨ ਜਾਂ ਨਿਯਮ ਤੋੜਨ ਲਈ ਤਿਆਰ ਰਹਿੰਦੇ ਸਨ।

ਸੰਸਦ ਵੀ ਮਜ਼ਬੂਤ ਤੇ ਨਿਤਾਣੀ ਸੀ ਕਿਉਂਕਿ ਸਿਰਫ਼ ਥੋੜ੍ਹੇ ਸੰਸਦ ਮੈਂਬਰਾਂ ਨੇ ਹੀ ਸ਼੍ਰੀਮਤੀ ਗਾਂਧੀ ਦੀ ਪੰਜਾਬ ਨੀਤੀ ਵਿਰੁੱਧ ਬੋਲਣ ਦਾ ਹੌਸਲਾ ਕੀਤਾ। ਸ਼੍ਰੀਮਤੀ ਗਾਂਧੀ ਨੇ ਕਦੇ ਵੀ ਭਾਰਤੀ ਸੰਸਥਾਵਾਂ ਨੂੰ ਸੁਧਾਰਨ ਦੀ ਕੋਸ਼ਿਸ਼ ਨਾ ਕੀਤੀ ਤੇ ਉਸ ਨੂੰ ਇਸ ਦੀ ਕੀਮਤ ਉਦੋਂ ਦੇਣੀ ਪਈ ਜਦੋਂ ਪੁਲਿਸ ਇੰਨੀ ਢਿੱਲੜ ਤੇ ਸੁਸਤ ਹੋ ਗਈ ਕਿ ਉਸ ਦੇ ਨਿੱਜੀ ਸੁਰੱਖਿਆ ਬਲ ਵਿੱਚ ਵੀ ਆਤੰਕਵਾਦੀ ਘੁਸਪੈਠ ਕਰ ਗਏ। ਇਹ ਨਿਰਣਾ ਉਸ ਸ਼ਾਨਦਾਰ ਤੇ ਅਨੂਠੇ ਨੇਤਾ ਬਾਰੇ ਕੁਰੱਖਤ ਤੇ ਅਨੁਚਿਤ ਹੈ ਜਿਸ ਨੇ ਭਾਰਤ ਨੂੰ ਉਸ ਨਿਰਾਸ਼ਾਜਨਕ ਜ਼ੁਲਮਾਂ ਜਾਂ ਗੜਬੜੀ ਤੇ ਅਰਾਜਕਤਾ ਤੋਂ ਬਚਾਈ ਰੱਖਿਆ, ਜਿਸ ਦਾ ਵਿਕਸਿਤ ਹੋ ਰਹੇ ਦੇਸ਼ ਸ਼ਿਕਾਰ ਹੋ ਗਏ ਸਨ। ਪਰੰਤੂ ਸ਼੍ਰੀਮਤੀ ਇੰਦਰਾ ਗਾਂਧੀ ਦੇ ਸਮੇਂ ਦੇ ਚੰਗੇ ਤੇ ਮਾੜੇ ਪਹਿਲੂਆਂ ਨੂੰ ਦੇਖਣਾ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਹੀ ਭਾਰਤ ਆਪਣੇ ਨੌਜਵਾਨਾਂ ਦੀਆਂ ਵੱਧ ਰਹੀਆਂ ਉਮੰਗਾਂ, ਆਸਾਂ ਤੇ ਉਹਨਾਂ ਸਮਾਜਿਕ ਤਬਦੀਲੀਆਂ ਦਾ ਟਾਕਰਾ ਕਰ ਸਕਦਾ ਹੈ ਜੋ ਆਧੁਨਿਕਤਾ ਦੇ ਨਾਲ-ਨਾਲ ਆ ਗਈਆਂ ਸਨ।

ਰਾਜੀਵ ਗਾਂਧੀ ਭਾਰਤ ਨੂੰ 21ਵੀਂ ਸਦੀ ਵਿੱਚ ਲਿਜਾਣਾ ਚਾਹੁੰਦਾ ਹੈ। ਇਸ ਤਰ੍ਹਾਂ ਕਰਨ ਲਈ ਪਹਿਲਾਂ ਉਸ ਨੂੰ ਚਾਹੀਦਾ ਹੈ ਕਿ ਉਹ ਭਾਰਤੀ ਸੰਸਥਾਵਾਂ ਨੂੰ ਵੀਹਵੀਂ ਸਦੀ ਦੇ ਹਾਣ ਦੀਆਂ ਬਣਾਵੇ।

—ਮਾਰਕ ਟੱਲੀ

ਦਿੱਲੀ

ਨਵੰਬਰ 1985

ਪਾਠਕਾਂ ਲਈ ਸੰਕੇਤ

ਅੰਮ੍ਰਿਤਸਰ ਦੀ ਲੜਾਈ ਜੋ ਸ਼੍ਰੀਮਤੀ ਗਾਂਧੀ ਦੀ ਆਖ਼ਰੀ ਲੜਾਈ ਸੀ, ਇਹ ਸਿੱਖਾਂ ਵਿਰੁੱਧ ਲੜਾਈ ਨਹੀਂ ਸੀ। ਇਸ ਫ਼ਿਰਕੇ ਨੂੰ ਸ੍ਰੀਮਤੀ ਗਾਂਧੀ ਸਦਾ ਹੀ ਬੜੇ ਸਨੇਹ ਨਾਲ ਵੇਖਦੀ ਸੀ। ਇਹ ਲੜਾਈ ਜਿਸ ਵਿੱਚ ਜ਼ਿਆਦਾ ਪਿਆਦਾ, ਜ਼ਰਾਬਕਤਰ ਤੇ ਤੋਪਖ਼ਾਨਾ ਫ਼ੌਜ ਦੀ ਵਰਤੋਂ ਕੀਤੀ ਗਈ, ਸਿੱਖਾਂ ਦੇ ਉਸ ਛੋਟੇ ਜਿਹੇ ਟੋਲੇ ਵਿਰੁੱਧ ਸੀ ਜਿਸ ਨੇ ਸਵਰਨ ਮੰਦਿਰ ਭਵਨ ਸਮੂਹ ਦੀ ਕਿਲ੍ਹਾਬੰਦੀ ਕਰਕੇ ਇਸ ਨੂੰ ਭਾਰਤ ਸਰਕਾਰ ਦੀ ਤਾਕਤ ਨੂੰ ਲਲਕਾਰਨ ਦਾ ਠਿਕਾਣਾ ਬਣਾ ਲਿਆ ਸੀ। ਤ੍ਰਾਸਦੀ ਇਹੋ ਹੈ ਕਿ ਬਹੁਤ ਜ਼ਿਆਦਾ ਸਿੱਖ ਇਸ ਸਪੱਸ਼ਟੀਕਰਣ ਨੂੰ ਪ੍ਰਵਾਨ ਨਹੀਂ ਕਰਦੇ। ਉਹ ਸਮਝਦੇ ਹਨ ਕਿ ਇਹ ਲੜਾਈ ਉਹਨਾਂ ਦੇ ਧਰਮ ਤੇ ਫ਼ਿਰਕੇ ਵਿਰੁੱਧ ਨਹੀਂ। ਮੈਂ ਤੇ ਸਤੀਸ਼ ਜੇਕਬ ਨੇ ਉਹਨਾਂ ਘਟਨਾਵਾਂ ਨੂੰ ਬੜਾ ਨੇੜੇ ਹੋ ਕੇ ਵੇਖਿਆ ਹੈ ਜਿਨ੍ਹਾਂ ਕਾਰਨ ਫ਼ੌਜੀ ਕਾਰਵਾਈ ਜ਼ਰੂਰੀ ਹੋਈ। ਅਸੀਂ ਹਰ ਮੋੜ, ਝੁਕਾਅ ਤੇ ਚੱਕਰ ਦੀ ਬੀ.ਬੀ.ਸੀ. ਦੀਆਂ ਵਿਦੇਸ਼ ਸੇਵਾਵਾਂ ਨੂੰ ਸੂਚਨਾ ਭੇਜੀ ਜਿਸਦੇ ਭਾਰਤ ਵਿੱਚ ਵੀ ਬੀ.ਬੀ.ਸੀ. ਰੇਡੀਓ ਤੇ ਦੂਰਦਰਸ਼ਨ ਦੇ ਭਾਰੀ ਜਨਸਮੂਹ ਦਰਸ਼ਕ ਤੇ ਸ੍ਰੋਤਾ ਸਨ।

ਅਸੀਂ ਇਸ ਪੁਸਤਕ ਉਪਰ ਕੰਮ ਸ੍ਰੀਮਤੀ ਗਾਂਧੀ ਦੀ ਹੱਤਿਆ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤਾ ਸੀ ਕਿਉਂਕਿ ਸਾਡਾ ਦ੍ਰਿੜ ਵਿਸ਼ਵਾਸ ਸੀ ਕਿ "ਨੀਲਾ ਤਾਰਾ ਸਾਕਾ" ਦੇ ਭਾਰਤ ਦੀ ਏਕਤਾ ਲਈ ਬੜੇ ਗੰਭੀਰ ਪਰਿਣਾਮ ਹੋਣਗੇ, ਜੇ ਇਹ ਸਵੀਕਾਰ ਨਾ ਕੀਤਾ ਗਿਆ ਕਿ ਸਰਕਾਰ ਦੇ ਨਾਲ-ਨਾਲ ਅਕਾਲੀ ਨੇਤ੍ਰਿਤਵ ਵੀ ਇਸ ਆਫ਼ਤ ਤੇ ਸੰਕਟ ਲਈ ਬਰਾਬਰ ਦੀ ਜ਼ਿੰਮੇਵਾਰ ਸੀ। ਸ੍ਰੀਮਤੀ ਗਾਂਧੀ ਦੇ ਕਤਲ ਦੀ ਸੋਗਮਈ ਘਟਨਾ ਤੇ ਦੁਖਾਂਤ ਨੇ ਸਾਡੀ ਧਾਰਨਾ ਸਹੀ ਸਿੱਧ ਕਰ ਦਿੱਤੀ। ਉਸ ਨੂੰ ਇਸ ਕਰਕੇ ਮਾਰ ਦਿੱਤਾ ਗਿਆ ਸੀ ਕਿਉਂਕਿ ਕੁਝ ਸਿੱਖਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਉਸ ਨੇ ਜਾਣ-ਬੁਝ ਕੇ, ਗਿਣ-ਮਿਥ ਕੇ, ਅਣ-ਉੱਚਿਤ ਤੌਰ 'ਤੇ ਉਹਨਾਂ ਦੇ ਪਵਿੱਤਰ ਧਾਰਮਿਕ ਸਥਾਨ ਹਰਿਮੰਦਰ 'ਤੇ ਚੜ੍ਹਾਈ ਕੀਤੀ ਸੀ ਤੇ ਉਹਨਾਂ ਵਿਰੁੱਧ ਜੰਗ ਛੇੜੀ ਸੀ। ਸਿੱਖਾਂ ਦੀ ਇਕ ਵੱਡੀ ਗਿਣਤੀ ਵਿੱਚ ਬੇਗਾਨਗੀ ਤੇ ਪਰਾਏਪਨ ਦਾ ਅਹਿਸਾਸ ਤੇ ਖ਼ਤਰਾ, ਸਰਕਾਰ ਦੀ ਉਸ ਹਿੰਸਾ ਉਪਰ ਕਾਬੂ ਪਾ ਸਕਣ ਦੀ ਅਸਫਲਤਾ ਨੇ ਬਹੁਤ ਵਧਾ ਦਿੱਤਾ ਜੋ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਵਿਰੁੱਧ ਛੇੜੀ ਗਈ। ਇਸ ਲਈ ਅਸੀਂ ਮਹਿਸੂਸ ਕੀਤਾ ਕਿ ਭਿੰਡਰਾਂਵਾਲਾ ਦੀ ਕਹਾਣੀ ਦੱਸਣ ਤੇ ਉਹਨਾਂ ਗ਼ਲਤੀਆਂ ਦੇ ਵੇਰਵੇ ਦੇਣੇ ਬੜੇ ਜ਼ਰੂਰੀ ਹਨ ਜਿਨ੍ਹਾਂ ਕਾਰਨ ਸਵਰਨ ਮੰਦਿਰ ਦੇ ਸੰਕਟ ਤੇ ਆਫ਼ਤ ਦੀ ਨੌਬਤ ਆਈ।

ਜੇ ਇਹ ਪੁਸਤਕ ਉਹਨਾਂ ਸ਼ਕਤੀਆਂ ਬਾਰੇ ਸਿੱਖਾਂ ਤੇ ਹਿੰਦੂਆਂ ਨੂੰ ਵਧੇਰੇ ਸੂਝ ਦੇਵੇ ਜੋ ਉਸ ਵੇਲੇ ਕੰਮ ਕਰ ਰਹੀਆਂ ਸਨ ਤਾਂ ਇਸ ਨਾਲ ਸਦਭਾਵਨਾ ਤੇ ਸਮਝੌਤੇ ਦੀ ਉਮੀਦ ਮਜ਼ਬੂਤ ਹੋਵੇਗੀ। ਅਸੀਂ ਇਹ ਦਰਸਾਉਣ ਦਾ ਯਤਨ ਕੀਤਾ ਹੈ ਕਿ ਕੋਈ ਧਿਰ ਵੀ ਆਖ਼ਰੀ ਟੱਕਰ ਦੀ ਇੱਛੁਕ ਨਹੀਂ ਸੀ।

ਜਦੋਂ ਅਸੀਂ ਸਾਰੀ ਕਹਾਣੀ ਕਹਿਣ ਦਾ ਕਾਰਜ ਸ਼ੁਰੂ ਕੀਤਾ ਤਾਂ ਸਤੀਸ਼ ਤੇ ਮੈਨੂੰ ਇਕ ਔਕੜ ਦਾ ਸਾਹਮਣਾ ਕਰਨਾ ਪਿਆ। ਅਸੀਂ ਦੋਹਾਂ ਨੇ ਇਸ ਤਰ੍ਹਾਂ ਮਿਲ ਕੇ ਕੰਮ ਕੀਤਾ ਸੀ ਕਿ ਇਹ ਸੋਚਣਾ ਵੀ ਅਸੰਭਵ ਸੀ ਕਿ ਮਾਰਕ ਟੱਲੀ ਜਾਂ ਸਤੀਸ਼ ਜੈਕਬ ਇਕੱਲੇ ਤੌਰ 'ਤੇ ਕਹਾਣੀ ਬਿਆਨ ਕਰ ਸਕਦੇ। ਪਰ ਨਾਲ ਹੀ ਸਾਨੂੰ ਇਹ ਵੀ ਛੇਤੀ ਹੀ ਪਤਾ ਲੱਗ ਗਿਆ ਕਿ ਦੋ ਵਿਅਕਤੀ ਸਹੀ ਅਰਥਾਂ ਵਿੱਚ ਇਕ ਪੁਸਤਕ ਨਹੀਂ ਲਿਖ ਸਕਦੇ। ਭਾਰਤ ਸਰਕਾਰ ਵੱਲੋਂ ਸਾਰੇ ਵਿਦੇਸ਼ੀਆਂ ਉਪਰ ਪੰਜਾਬ ਵਿੱਚ ਪਾਬੰਦੀ ਲਾਉਣ ਦੇ ਫ਼ੈਸਲੇ ਨੇ ਸਾਨੂੰ ਆਪਣੇ ਕੰਮ ਦੀ ਵੰਡ ਦਾ ਸੰਤੋਖਜਨਕ ਹੱਲ ਲੱਭ ਦਿੱਤਾ। ਅਸੀਂ ਫ਼ੈਸਲਾ ਕੀਤਾ ਕਿ ਸਤੀਸ਼ ਭਾਰਤੀ ਨਾਗਰਿਕ ਹੋਣ ਕਾਰਨ ਆਪਣਾ ਸਮਾਂ ਪੰਜਾਬ ਵਿੱਚ ਫ਼ੌਜੀ ਅਫ਼ਸਰਾਂ, ਸਿੱਖਾਂ ਤੇ ਹੋਰਨਾਂ ਨਾਲ ਵਿਚਾਰ ਵਟਾਂਦਰਾ ਕਰਨ ਵਿੱਚ ਲਾਵੇ ਜੋ ਨੀਲਾ ਤਾਰਾ ਸਾਕਾ ਤੇ ਮਗਰੋਂ ਦੀਆਂ ਘਟਨਾਵਾਂ ਦੇ ਚਸ਼ਮਦੀਦ ਗਵਾਹ ਸਨ, ਜਦੋਂ ਕਿ ਮੈਂ ਪੁਸਤਕ ਲਿਖਣ ਦੇ ਕਾਰਜ ਵਿੱਚ ਰੁੱਝਾ ਰਿਹਾ। ਇਹੋ ਕਾਰਨ ਹੈ ਕਿ ਮੈਂ ਇਹ ਕਹਾਣੀ ਉੱਤਮ ਪੁਰਖ ਵਿੱਚ ਲਿਖੀ ਹੈ। ਇਹ ਕਾਰਜ ਹਰ ਪੱਖ ਤੋਂ, ਆਰੰਭ ਤੋਂ ਲੈ ਕੇ ਆਖ਼ਰੀ ਸੋਧਾਂ ਤੱਕ ਸਾਂਝਾ ਕਾਰਜ ਹੈ। ਹਰ ਪੜਾਅ 'ਤੇ ਮੈਂ ਤੱਥਾਂ ਤੇ ਵਿਆਖਿਆ ਲਈ ਸਤੀਸ਼ ਜੈਕਬ 'ਤੇ ਨਿਰਭਰ ਰਿਹਾ ਹਾਂ।

ਅਸੀਂ ਦੋਵੇਂ ਹੀ ਮਿਲੀਅਨ ਰਾਈਟ ਦੇ, ਉਸ ਦੇ ਅਨੇਕਾਂ ਸੁਝਾਵਾਂ ਤੇ ਬਹੁਮੁੱਲੇ ਯੋਗਦਾਨ ਲਈ ਰਿਣੀ ਹਾਂ। ਉਸ ਨੇ ਬਹੁਤ ਸਾਰੀ ਇਤਿਹਾਸਕ ਖੋਜ ਦਾ ਕਾਰਜ ਕੀਤਾ ਤੇ ਪ੍ਰਕਾਸ਼ਕਾਂ ਨਾਲ ਪੁਸਤਕ ਦੀ ਉਸ ਸਮੇਂ ਦੇਖ-ਰੇਖ ਕੀਤੀ ਜਦੋਂ ਅਸੀਂ ਦਿੱਲੀ ਵਿੱਚ ਸੀ। ਉਸ ਨੇ ਅਨੁਕ੍ਰਮਣਿਕਾ ਦਾ ਸੰਪਾਦਨ ਵੀ ਕੀਤਾ। ਅਸੀਂ ਬਹੁਤ ਸਾਰੇ ਭਾਰਤੀ ਪੱਤਰਕਾਰਾਂ ਦੇ ਵੀ ਰਿਣੀ ਹਾਂ ਜਿਨ੍ਹਾਂ ਨੇ ਨਿਰਸੁਆਰਥ ਹੋ ਕੇ ਸਾਡੇ ਨਾਲ ਜਾਣਕਾਰੀ ਸਾਂਝੀ ਕੀਤੀ। ਅਸੀਂ ਖ਼ਾਸ ਤੌਰ 'ਤੇ ਹਰਬੀਰ ਸਿੰਘ ਭੰਵਰ, ਸੰਜੀਵ ਗੌੜ, ਰਾਜੂ ਸਾਨਥਾਨਮ, ਤਵਲੀਨ ਸਿੰਘ, ਰਾਹੁਲ ਬੇਦੀ ਤੇ ਡੀ.ਕੇ. ਵਸ਼ਿਸ਼ਟ ਦੇ ਧੰਨਵਾਦੀ ਹਾਂ। ਸਾਡੇ ਦੋਸਤਾਂ ਵਿੱਚੋਂ ਪੰਜਾਂ ਨੇ ਖਰੜਾ ਪੜ੍ਹਿਆ ਤੇ ਬਹੁਤ ਸਾਰੇ ਭੁਲੇਖਿਆਂ ਤੇ ਗੁੰਝਲਾਂ 'ਚੋਂ ਸਾਨੂੰ ਬਚਾਇਆ। ਇਹ ਸੱਜਣ ਸੰਡੇ ਟਾਈਮਜ਼ ਦਾ ਆਇਨ ਜੈਕ, ਬੀ.ਬੀ.ਸੀ. ਸੇਵਾਵਾਂ ਦਾ ਵਿਕਾਰ ਅਹਿਮਦ, ਬੰਬਈ ਦਾ ਵਕੀਲ ਤੇ ਪੱਤਰਕਾਰ ਅਬਦੁਲ ਗ਼ਫ਼ੂਰ ਨੂਰਾਨੀ, ਸਿਆਸਤਦਾਨ ਤੇ ਦਰਸ਼ਨ-ਵੇਤਾ ਸੰਤ ਬਖ਼ਸ਼ ਸਿੰਘ ਤੇ ਗੁਰੂ ਨਾਨਕ ਫ਼ਾਊਂਡੇਸ਼ਨ ਦਾ ਮੁਖੀ ਤੇ ਸਿੱਖ ਇਤਿਹਾਸਕਾਰ ਮਹਿੰਦਰ ਸਿੰਘ ਸਨ। ਪਰੰਤੂ ਇਸ ਪੁਸਤਕ ਵਿੱਚ ਪ੍ਰਗਟ ਕੀਤੇ ਗਏ ਵਿਚਾਰਾਂ ਪ੍ਰਤੀ ਉਹਨਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ।

ਮੈਨੂੰ ਤੇ ਸਤੀਸ਼ ਨੂੰ ਇਹ ਆਸ਼ਾ ਹੈ ਕਿ ਇਸ ਪੁਸਤਕ ਨੂੰ ਪੁੱਠੀ ਤੇ ਅੜੀਅਲ ਆਲੋਚਨਾ ਨਹੀਂ ਸਮਝਿਆ ਜਾਵੇਗਾ। ਇਹ ਯਾਦਾਂ ਦੇ ਧੁੰਦਲੇ ਹੋਣ ਤੇ ਇਸ ਨਾਟਕ ਦੇ ਪਾਤਰਾਂ ਦੇ ਅਲੋਪ ਹੋਣ ਤੋਂ ਪਹਿਲਾਂ ਕਹਾਣੀ ਨੂੰ ਲਿਖਣ ਦੀ ਸੁਹਿਰਦ ਕੋਸ਼ਿਸ਼ ਹੈ ਤੇ ਉਸ ਮੁਲਕ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਕਾਂਡ ਲਿਖਣ ਦਾ ਯਤਨ ਹੈ, ਜਿਸ ਨੂੰ ਅਸੀਂ ਦੋਵੇਂ ਅਗਾਧ ਪਿਆਰ ਕਰਦੇ ਹਾਂ।

—ਮਾਰਕ ਟੱਲੀ

ਦਿੱਲੀ

ਅਗਸਤ 1985

ਕਾਂਡ—1

ਇਕ ਪ੍ਰਧਾਨ ਮੰਤਰੀ ਦੀ ਹੱਤਿਆ

31 ਅਕਤੂਬਰ 1984 ਦੀ ਸਵੇਰ ਨੂੰ ਸਵਾ ਨੌਂ ਵਜੇ ਸ੍ਰੀਮਤੀ ਇੰਦਰਾ ਗਾਂਧੀ ਨੇ,
ਜੋ ਭਾਰਤੀ ਰਾਜਨੀਤੀ ਉੱਪਰ ਲਗਭਗ 20 ਸਾਲ ਛਾਈ ਰਹੀ, ਆਪਣੇ ਬੰਗਲੇ ਦੇ ਕੋਨੇ
ਵਾਲੇ ਦਰਵਾਜ਼ੇ ਤੋਂ ਆਪਣੇ ਦਫ਼ਤਰ ਨੂੰ ਜਾਣ ਲਈ ਅਹਾਤਾ ਪਾਰ ਕਰਨ ਲਈ ਕਦਮ
ਬਾਹਰ ਰੱਖਿਆ। ਆਪਣੇ ਪ੍ਰਧਾਨ ਮੰਤਰੀ ਕਾਲ ਦੇ ਸਾਰੇ ਸਮੇਂ ਵਿੱਚ ਉਹ ਸਫ਼ਦਰਜੰਗ
ਸੜਕ ਦੇ ਇਕ ਨੰਬਰ ਬੰਗਲੇ ਵਿੱਚ ਰਹਿੰਦੀ ਰਹੀ ਜੋ ਇਕ ਸਾਧਾਰਨ ਜਿਹਾ ਸਫ਼ੇਦ ਰੰਗ
'ਦਾ ਤੇ ਬਸਤੀਵਾਦੀ ਨਮੂਨੇ ਦਾ ਸੀ ਜੋ ਅੰਗਰੇਜ਼ਾਂ ਵੱਲੋਂ ਆਪਣੇ ਪ੍ਰਸ਼ਾਸਕਾਂ ਲਈ
ਕਲਕੱਤਾ ਦੀ ਥਾਂ ਦਿੱਲੀ ਵਿੱਚ ਰਾਜਧਾਨੀ ਬਦਲਣ ਸਮੇਂ ਬਣਾਏ ਗਏ ਬੰਗਲਿਆਂ ਵਿੱਚੋਂ
ਇਕ ਸੀ। ਪ੍ਰਧਾਨ ਮੰਤਰੀ ਦੇ ਘਰ ਬਾਰੇ ਕੁਝ ਵੀ ਨੁਮਾਇਸ਼ੀ, ਅਸ਼ਿਸ਼ਟ ਤੇ ਅਡੰਬਰਪੂਰਨ
ਨਹੀਂ ਸੀ।

ਕਈ ਮੁਲਕਾਂ ਦੇ ਮੁਖੀਆਂ ਦੇ ਸਪੱਸ਼ਟ ਟਾਕਰੇ ਤੇ ਸ੍ਰੀਮਤੀ ਗਾਂਧੀ ਦੀ ਜੀਵਨ ਸ਼ੈਲੀ
ਸੁਹਜ ਸੁਆਦ ਦਾ ਪ੍ਰਮਾਣਿਕ ਨਮੂਨਾ ਸੀ। ਭਾਵੇਂ ਉਸ ਦੇ ਨਿਯੰਤਰਨ ਅਧੀਨ ਵਿਸ਼ਾਲ
ਰਾਜਸੀ ਧਨ-ਕੋਸ਼ ਸੀ ਫਿਰ ਵੀ ਉਹ ਆਪਣੇ ਬੇਟੇ ਰਾਜੀਵ, ਉਸ ਦੀ ਇਤਾਲਵੀ ਪਤਨੀ
ਸੋਨੀਆ ਤੇ ਉਹਦੇ ਦੋ ਬੱਚਿਆਂ ਨਾਲ ਬੜੇ ਆਮ ਜਿਹੇ ਸਧਾਰਨ ਘਰ ਵਿੱਚ ਰਹਿੰਦੀ
ਰਹੀ।

ਪ੍ਰਧਾਨ ਮੰਤਰੀ ਆਪਣੀ ਸਾੜੀਆਂ ਦੀ ਚੋਣ ਅਤਿਅੰਤ ਧਿਆਨ ਤੇ ਸਾਵਧਾਨੀ
ਨਾਲ ਕਰਿਆ ਕਰਦੀ ਸੀ। ਉਸ ਸਵੇਰ ਉਸ ਨੇ ਕੇਸਰੀ ਸਾੜੀ ਪਹਿਨੀ ਹੋਈ ਸੀ
ਕਿਉਂਕਿ ਉਹੋ ਹੀ ਦੂਰਦਰਸ਼ਨ ਤੇ ਵਧੀਆ ਜਚਦੀ ਸੀ। ਇਹ ਕਿਤਨੀ ਵਿਅੰਗਮਈ
ਸਥਿਤੀ ਸੀ ਕਿ ਸਿੱਖ ਧਰਮ ਵਿੱਚ ਕੇਸਰੀ ਰੰਗ ਸ਼ਹੀਦੀ ਦਾ ਰੰਗ ਹੈ। ਸ੍ਰੀਮਤੀ ਗਾਂਧੀ
ਵਿੱਚ ਵੀ ਝੂਠਾ ਘੁਮੰਡ ਤੇ ਫੂੰ ਫਾਂ ਸੀ। ਉਹ ਇਕ ਵਿਸ਼ਵ ਨੇਤਾ ਵਜੋਂ ਆਪਣੀ ਪਦਵੀ
ਤੇ ਰੁਤਬੇ ਬਾਰੇ ਸੁਚੇਤ ਸੀ ਤੇ ਉਹ ਇਸ ਦਾ ਆਨੰਦ ਵੀ ਅਨੁਭਵ ਕਰਦੀ ਸੀ। ਭਾਵੇਂ
ਉਹ ਪੱਛਮੀ ਸੰਚਾਰ ਸਾਧਨਾਂ ਦੀ ਸਖ਼ਤ ਆਲੋਚਕ ਸੀ, ਪਰੰਤੂ ਉਹ ਸ਼ਾਨਦਾਰ ਫੁਰਤੀ
ਨਾਲ ਮੁਲਾਕਾਤੀ ਪ੍ਰਸਿੱਧ ਵਿਅਕਤੀਆਂ ਦੀ ਬੇਨਤੀ ਸਵੀਕਾਰ ਕਰ ਲੈਂਦੀ ਸੀ।

ਬਹੁਤੇ ਦਿਨਾਂ ਵਿੱਚ ਪ੍ਰਧਾਨ ਮੰਤਰੀ ਆਪਣਾ ਜਨਤਕ ਰੁਝੇਵਾਂ 'ਦਰਸ਼ਨ' ਨਾਲ ਹੀ
ਸ਼ੁਰੂ ਕਰਦੀ ਸੀ, ਜਿਸ ਵਿੱਚ ਕੁਝ ਚੁਣੇ ਹੋਏ ਸਮੂਹਾਂ ਨੂੰ, ਜੋ ਬਹੁਤੀ ਵਾਰ ਬਹੁਤ ਗ਼ਰੀਬ
ਵਰਗਾਂ ਨਾਲ ਹੀ ਸੰਬੰਧਿਤ ਹੁੰਦੇ ਸਨ ਤੇ ਭਾਰਤ ਦੇ ਦੂਰ ਦਰਾਜ਼ ਭਾਗਾਂ ਤੋਂ ਆਉਂਦੇ
ਸਨ, ਉਸ ਨੂੰ ਮਿਲਣ ਲਈ ਇਕ ਨੰਬਰ ਬੰਗਲੇ ਵਿੱਚ ਸਫ਼ਦਰਜੰਗ ਰੋਡ 'ਤੇ ਗ਼ੈਰ ਰਸਮੀ
ਤੇ ਉਚੇਚ ਰਹਿਤ ਢੰਗ ਨਾਲ ਲਿਆਂਦੇ ਜਾਂਦੇ ਸਨ। ਇਕੱਤੀ ਅਕਤੂਬਰ ਨੂੰ 'ਦਰਸ਼ਨ'
ਦਾ ਕੋਈ ਐਸਾ ਪ੍ਰਬੰਧ ਨਹੀਂ ਕੀਤਾ ਗਿਆ ਸੀ। ਪਹਿਲੀ ਰਾਤ ਹੀ ਸ੍ਰੀਮਤੀ ਗਾਂਧੀ
ਆਪਣਾ ਉੜੀਸਾ ਦਾ ਦੌਰਾ ਵਿਚੇ ਛੱਡ ਕੇ ਆਈ ਸੀ। ਉਸ ਦੌਰੇ ਵਿੱਚ ਆਪਣੇ ਆਖ਼ਰੀ

ਜਨਤਕ ਭਾਸ਼ਣ ਵਿੱਚ ਸ਼੍ਰੀਮਤੀ ਨੂੰ ਆਪਣੀ ਮ੍ਰਿਤੂ ਦੀ ਜਿਵੇਂ ਪੂਰਵ-ਅਕਾਂਖਿਆ ਸੀ। ਉਸ ਨੇ ਕਿਹਾ ਸੀ, "ਮੈਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਮੈਂ ਜ਼ਿੰਦਾਂ ਰਹਾਂ ਜਾਂ ਮਰਾਂ। ਜਦ ਤਕ ਮੇਰੇ ਸਰੀਰ ਵਿੱਚ ਸੁਆਸ ਹਨ, ਮੈਂ ਤੁਹਾਡੀ ਸੇਵਾ ਵਿੱਚ ਲੱਗੀ ਰਹਾਂਗੀ। ਜਦੋਂ ਮੈਂ ਮਰ ਗਈ ਤਾਂ ਮੇਰੇ ਖ਼ੂਨ ਦਾ ਹਰ ਕਤਰਾ ਭਾਰਤ ਨੂੰ ਸ਼ਕਤੀ ਦੇਵੇਗਾ ਤੇ ਸੰਯੁਕਤ ਭਾਰਤ ਨੂੰ ਕਾਇਮ ਰੱਖੇਗਾ ਤੇ ਸਹਾਰਾ ਦੇਵੇਗਾ।"

ਸ਼੍ਰੀਮਤੀ ਗਾਂਧੀ ਆਪਣਾ ਦੌਰਾ ਵਿੱਚੇ ਛੱਡ ਕੇ ਇਸ ਕਾਰਨ ਆ ਗਈ ਸੀ ਕਿਉਂਕਿ ਉਸ ਦੇ ਪੁੱਤਰ ਦੇ ਬੱਚੇ ਦਿੱਲੀ ਵਿੱਚ ਇਕ ਕਾਰ-ਦੁਰਘਟਨਾ ਦੀ ਲਪੇਟ ਵਿੱਚ ਆ ਗਏ ਸਨ। ਉਸ ਦੇ ਸਾਰੇ ਹੀ ਪਰਿਵਾਰ ਨੂੰ ਸਵਰਨ ਮੰਦਰ ਅੰਮ੍ਰਿਤਸਰ ਉੱਪਰ ਹਮਲੇ ਕਾਰਨ ਰੋਹ ਵਿੱਚ ਆਏ ਸਿੱਖਾਂ ਵੱਲੋਂ ਧਮਕੀਆਂ ਭਰੇ ਪੱਤਰ ਮਿਲ ਰਹੇ ਸਨ ਤੇ ਸ੍ਰੀਮਤੀ ਗਾਂਧੀ ਨੂੰ ਚਿੰਤਾ ਸੀ ਕਿ ਉਹਦੇ ਪੋਤਰੇ/ਪੋਤਰੀ ਦੀ ਦੁਰਘਟਨਾ ਉਹਨਾਂ ਦੀ ਜਾਨ 'ਤੇ ਹਮਲਾ ਕਰਨ ਦੀ ਕੋਸ਼ਿਸ਼ ਹੀ ਨਾ ਹੋਵੇ।

ਸ਼੍ਰੀਮਤੀ ਗਾਂਧੀ ਦੇ ਘਰ ਦੇ ਦਫ਼ਤਰ ਦੇ ਵਿਹੜੇ ਫਾਟਕ ਨੁਮਾ ਦਰਵਾਜ਼ੇ ਨਾਲ ਅੱਡ-ਅੱਡ ਕੀਤੇ ਗਏ ਸਨ। ਜਿਉਂ ਹੀ ਪ੍ਰਧਾਨ ਮੰਤਰੀ ਆਮ ਵਾਂਗ ਹੀ ਆਪਣੇ ਨਿੱਜੀ ਸਹਾਇਕ, ਆਰ.ਕੇ. ਧਵਨ ਨਾਲ ਦਰਵਾਜ਼ੇ 'ਤੇ ਆਈ, ਉਹ ਉੱਥੇ ਡਿਊਟੀ 'ਤੇ ਖੜੇ ਸਿੱਖ ਸਬ-ਇਨਸਪੈਕਟਰ ਪੁਲੀਸ ਬੇਅੰਤ ਸਿੰਘ ਨੂੰ ਵੇਖ ਕੇ ਮੁਸਕਰਾਈ। ਜਦੋਂ ਉਹ ਇਸ ਤਰ੍ਹਾਂ ਕਰ ਰਹੀ ਸੀ ਤਾਂ ਉਸ ਨੇ ਆਪਣੀ ਪਸਤੌਲ ਕੱਢੀ ਤੇ ਉਸ ਉੱਪਰ ਗੋਲੀਆਂ ਚਲਾ ਦਿੱਤੀਆਂ। ਉਹ ਜ਼ਮੀਨ 'ਤੇ ਡਿੱਗ ਪਈ। ਦਰਵਾਜ਼ੇ ਦੇ ਦੂਸਰੇ ਪਾਸੇ ਡਿਊਟੀ 'ਤੇ ਖੜੇ ਸਿੱਖ ਸਿਪਾਹੀ ਸਤਵੰਤ ਸਿੰਘ ਨੇ ਉਹਦੇ ਸਰੀਰ ਵਿੱਚ ਸਟੇਨਗੰਨ ਦੀਆਂ ਸਭ ਗੋਲੀਆਂ ਦਾਗ ਦਿੱਤੀਆਂ। ਉਸ ਦੀਆਂ ਬਹੁਤੀਆਂ ਸਾਰੀਆਂ ਗੋਲੀਆਂ ਨਿਸ਼ਾਨੇ ਤੋਂ ਖੁੰਝ ਗਈਆਂ ਤੇ ਪਥਰੀਲੇ ਰਸਤੇ 'ਤੇ ਬੁੜ੍ਹਕਦੀਆਂ ਹੋਈਆਂ ਨਿਸ਼ਾਨ ਪਾਉਂਦੀਆਂ ਰਹੀਆਂ।

ਜਿਸ ਪ੍ਰਧਾਨ ਮੰਤਰੀ ਦੀ ਰੱਖਿਆ ਕਰਨ ਲਈ ਬਿਅੰਤ ਸਿੰਘ ਨੂੰ ਲਾਇਆ ਗਿਆ ਸੀ, ਉਸ ਨੂੰ ਗੋਲੀਆਂ ਮਾਰਨ ਪਿੱਛੋਂ ਬਿਅੰਤ ਸਿੰਘ ਨੇ ਆਪਣੀ ਵਾਕੀ ਟਾਕੀ ਵਾੜ ਨਾਲ ਲਟਕਾ ਦਿੱਤੀ, ਆਪਣੇ ਸਿਰ ਤੋਂ ਉੱਪਰ ਹੱਥ ਉਠਾਏ ਤੇ ਕਿਹਾ, "ਮੈਂ ਜੋ ਕੁਝ ਕਰਨਾ ਸੀ, ਕਰ ਦਿੱਤਾ। ਹੁਣ ਤੁਸੀਂ ਜੋ ਕਰਨਾ ਹੈ ਕਰ ਲਉ।" ਉਸ ਨੇ ਅੰਮ੍ਰਿਤਸਰ ਦੇ ਸਵਰਨ ਮੰਦਰ ਉੱਪਰ ਭਾਰਤੀ ਫ਼ੌਜ ਦੇ ਹਮਲੇ ਦਾ ਬਦਲਾ ਲੈ ਲਿਆ ਸੀ। ਇਹ ਉਹ ਧਰਮ ਅਸਥਾਨ ਜਾਂ ਮੰਦਰ ਹੈ ਜਿਸ ਦੀ ਹਰ ਸਿੱਖ ਦੇ ਦਿਲ ਵਿੱਚ ਅਥਾਹ ਸ਼ਰਧਾ ਹੈ।

ਦੋਹਾਂ ਅੰਗ-ਰੱਖਿਅਕਾਂ ਨੂੰ ਇਕੱਠੇ ਫੜ ਕੇ ਦਫ਼ਤਰ ਦੇ ਅਹਾਤੇ ਵਿੱਚ ਪੁਲੀਸ ਚੌਕੀ ਵਿੱਚ ਲਿਜਾਇਆ ਗਿਆ ਜਿੱਥੇ ਉਹਨਾਂ ਦੀ ਭਾਰਤ-ਤਿੱਬਤ ਸੀਮਾ ਪੁਲਸ ਦੇ ਛਾਪਾਮਾਰ ਸੈਨਕਾਂ ਦੇ ਦਸਤੇ ਨਾਲ ਝੜਪ ਹੋ ਗਈ, ਜਿਹੜੇ ਪ੍ਰਧਾਨ ਮੰਤਰੀ ਦੇ ਘਰ ਦੇ ਬਾਹਰਲੇ ਘੇਰੇ ਦੀ ਸੁਰੱਖਿਆ ਦੇ ਜ਼ਿੰਮੇਵਾਰ ਸਨ। ਬਿਅੰਤ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਤੇ ਸਤਵੰਤ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ। ਇਹ ਕਿਤਨੀ ਵਿਅੰਗਮਈ ਗੱਲ ਹੈ ਕਿ ਬਿਅੰਤ ਸਿੰਘ ਇਕ ਮਜ਼੍ਹਬੀ ਸਿੱਖ ਸੀ, ਉਹ ਅਛੂਤਾਂ ਦੀ ਸੰਤਾਨ ਸੀ ਜਿਹਨਾਂ ਨੂੰ ਧਰਮ ਪਰਿਵਰਤਨ ਪਿੱਛੋਂ ਸਿੱਖ ਧਰਮ ਵਿੱਚ ਦਾਖ਼ਲ ਕੀਤਾ ਗਿਆ ਸੀ ਤੇ ਜਿਹਨਾਂ ਨੂੰ ਉਸ ਧਰਮ ਦੀ ਪ੍ਰਬਲ ਤੇ ਹਾਵੀ ਜਾਤੀ ਘਿਰਨਾ ਕਰਦੀ ਸੀ।

ਉੱਥੇ ਨਾ ਹਸਪਤਾਲੀ ਗੱਡੀ, ਨਾ ਹੀ ਲਹੂ ਦੇਣ ਦਾ ਤੇ ਨਾ ਹੀ ਸਹਾਇਤਾ ਲਈ

ਡਾਕਟਰਾਂ ਦੀ ਟੋਲੀ ਦਾ, ਸੰਕਟ ਸਮੇਂ ਲਈ, ਕੋਈ ਪ੍ਰਬੰਧ ਸੀ। ਇਸ ਲਈ ਧਵਨ ਤੇ ਸ੍ਰੀਮਤੀ ਗਾਂਧੀ ਦੀ ਇਤਾਲਵੀ ਨੂੰਹ ਨੂੰ ਭਾਰਤ ਦੀ ਬਣੀ ਐਂਬੇਸੇਡਰ ਕਾਰ ਵਿੱਚ ਕੇਂਦਰਿਤ ਹੋਏ ਜੂਨੀਅਰ ਡਾਕਟਰਾਂ ਨੇ ਸੰਭਾਲਿਆ। ਜਦੋਂ ਉਹਨਾਂ ਤੋਂ ਉੱਚੀ ਪਦਵੀ ਦੇ ਸਰੇਸ਼ਠ ਡਾਕਟਰ ਪਹੁੰਚੇ ਤਾਂ ਸ੍ਰੀਮਤੀ ਗਾਂਧੀ ਦਾ ਦਿਲ ਤੇ ਫੇਫੜੇ ਦੇ ਨਾਲ ਸਿੱਧੇ ਤੌਰ 'ਤੇ ਸੰਬੰਧਿਤ ਯੰਤਰਾਂ ਤੇ ਸਾਧਨਾਂ ਨਾਲ ਇਲਾਜ ਕੀਤਾ ਜਾਣ ਲੱਗਾ ਤੇ ਉਸ ਨੂੰ ਖ਼ੂਨ ਚੜ੍ਹਾਇਆ ਗਿਆ। ਡਾਕਟਰਾਂ ਨੇ ਉਸ ਨੂੰ ਦੁਪਹਿਰ ਦੇ 2.20 ਤਕ ਮ੍ਰਿਤਕ ਘੋਸ਼ਿਤ ਨਾ ਕੀਤਾ ਭਾਵੇਂ ਕਿ ਉਹ ਚਕਿਤਸਕ ਵਿਗਿਆਨ ਅਨੁਸਾਰ ਹਸਪਤਾਲ ਪਹੁੰਚਣ ਸਮੇਂ ਹੀ ਮਰ ਚੁੱਕੀ ਸੀ। ਮਗਰੋਂ ਏਮਜ਼ ਦੇ ਪ੍ਰਬੰਧਕ ਨੇ ਕਿਹਾ ਕਿ ਉਹਦੇ ਸਰੀਰ ਵਿੱਚ 20 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਵੇਖੇ ਗਏ। ਉਹਨਾਂ ਨੇ ਉਹਦਾ ਜਿਗਰ, ਗੁਰਦੇ ਤੇ ਬਾਂਹ, ਕੁਝ ਧਮਣੀਆਂ ਤੇ ਉਹਦੇ ਸਰੀਰ ਦੇ ਸੱਜੇ ਪਾਸੇ ਦੀਆਂ ਰਕਤ ਨਾੜੀਆਂ ਛਲਣੀ ਛਲਣੀ ਕਰ ਦਿੱਤੀਆਂ ਸਨ। ਸਰਕਾਰੀ ਨਿਯੰਤਰਨ ਵਾਲੀ ਆਕਾਸ਼-ਵਾਣੀ ਨੂੰ ਸ਼ਾਮ ਦੇ 6 ਵਜੇ ਤੱਕ ਸ੍ਰੀਮਤੀ ਗਾਂਧੀ ਦੀ ਮੌਤ ਦੀ ਖ਼ਬਰ ਨਸ਼ਰ ਕਰਨ ਦੀ ਆਗਿਆ ਨਾ ਦਿੱਤੀ ਗਈ ਭਾਵੇਂ ਕਿ ਪੰਜ ਘੰਟੇ ਪਹਿਲਾਂ ਹੀ ਸਥਾਨਕ ਖ਼ਬਰ ਏਜੰਸੀਆਂ ਤੇ ਬੀ.ਬੀ.ਸੀ. ਦੀਆਂ ਵਿਦੇਸ਼ੀ ਸੇਵਾਵਾਂ ਰਾਹੀਂ ਲੱਖਾਂ ਭਾਰਤੀਆਂ ਨੂੰ ਪਤਾ ਲੱਗ ਚੁੱਕਿਆ ਸੀ ਕਿ ਉਹਨਾਂ ਦੀ ਪ੍ਰਧਾਨ ਮੰਤਰੀ ਗੋਲੀਆਂ ਮਾਰ ਕੇ ਮਾਰ ਦਿੱਤੀ ਗਈ ਹੈ।

ਜਿਹਨਾਂ ਲੋਕਾਂ ਨੇ ਬੀ.ਬੀ.ਸੀ ਰਾਹੀਂ ਪ੍ਰਧਾਨ ਮੰਤਰੀ ਦੇ ਕਤਲ ਦੀ ਖ਼ਬਰ ਸੁਣੀ, ਉਹਨਾਂ ਵਿੱਚ ਉਸ ਦਾ ਇਕੋ ਇਕ ਜੀਵਤ ਪੁੱਤਰ ਵੀ ਸੀ। 31 ਅਕਤੂਬਰ ਨੂੰ ਉਹ ਕਲਕੱਤਾ ਤੋਂ ਕਾਫ਼ੀ ਹੇਠਲੇ ਪਾਸੇ ਹੁਗਲੀ ਦੇ ਦਹਾਨੇ ਵਾਲੇ ਖੇਤਰ ਵਿੱਚ ਕਾਂਗਰਸ (ਇੰਦਰਾ) ਪਾਰਟੀ ਲਈ ਚੋਣ ਮੁਹਿੰਮ ਚਲਾ ਰਿਹਾ ਸੀ। ਇਕ ਪੁਲੀਸ ਦਸਤੇ ਨੇ ਉਸ ਦੇ ਕਾਫ਼ਲੇ ਨੂੰ ਰੋਕ ਕੇ ਉਸ ਨੂੰ ਕਿਹਾ ਕਿ ਉਹ ਤੁਰਤ ਹੀ ਦਿੱਲੀ ਪਰਤ ਜਾਵੇ ਕਿਉਂਕਿ ਬੜੀ ਗੰਭੀਰ ਘਟਨਾ ਵਰਤ ਗਈ ਹੈ। ਰਾਜੀਵ ਗਾਂਧੀ ਕਾਰ ਰਾਹੀਂ ਹੈਲੀਕੋਪਟਰ ਦੇ ਠਿਕਾਣੇ 'ਤੇ ਪਹੁੰਚਿਆ ਤੇ ਉੱਥੋਂ ਉਹ ਕਲਕੱਤਾ ਹਵਾਈ ਅੱਡੇ 'ਤੇ ਹੈਲੀਕੋਪਟਰ ਰਾਹੀਂ ਪਹੁੰਚਿਆ। ਉੱਥੇ ਉਸ ਨੇ 12.30 ਵਜੇ ਦਾ ਬੀ.ਬੀ.ਸੀ. ਦੀਆਂ ਵਿਸ਼ਵ ਸੇਵਾਵਾਂ ਰਾਹੀਂ ਬੁਲੇਟਿਨ ਸੁਣਿਆ ਜਿਸ 'ਤੇ ਸਤੀਸ਼ ਜੈਕਬ ਇਹ ਸੂਚਨਾ ਦੇ ਰਿਹਾ ਸੀ ਕਿ ਸ੍ਰੀਮਤੀ ਗਾਂਧੀ ਦੀ ਸਥਿਤੀ ਬੜੀ ਨਾਜ਼ੁਕ ਸੀ। ਕੁਝ ਮਿੰਟ ਮਗਰੋਂ ਸਤੀਸ਼ ਜੈਕਬ ਨੇ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਪ੍ਰਧਾਨ ਮੰਤਰੀ ਦੀ ਮ੍ਰਿਤੂ ਹੋ ਗਈ ਸੀ। ਰਾਜੀਵ ਗਾਂਧੀ ਨੇ ਹਵਾਈ ਜਹਾਜ਼ ਰਾਹੀਂ ਕਲਕੱਤਾ ਤੋਂ ਦਿੱਲੀ ਦੀ ਉਡਾਣ ਲਈ ਜਹਾਜ਼ ਲਿਆ ਜਿੱਥੇ ਉਸ ਨੂੰ ਹੋਰਨਾਂ ਦੇ ਨਾਲ ਬੰਬਈ ਦਾ ਚੋਟੀ ਦਾ ਫ਼ਿਲਮ ਸਟਾਰ ਅਮਿਤਾਭ ਬਚਨ ਵੀ ਮਿਲਿਆ ਜੋ ਉਸ ਦਾ ਗੂੜ੍ਹਾ ਮਿੱਤਰ ਸੀ। ਫ਼ਿਲਮੀ ਸਤਾਰੇ ਅਨੁਸਾਰ "ਰਾਜੀਵ ਗਾਂਧੀ ਦੀ ਹਵਾਈ ਅੱਡੇ ਤੇ ਉਤਰਨ ਸਮੇਂ ਪਹਿਲੀ ਚਿੰਤਾ ਆਪਣੇ ਪਰਿਵਾਰ ਬਾਰੇ ਸੀ। ਸਭ ਤੋਂ ਪਹਿਲਾਂ ਉਹ ਇਹ ਜਾਣਨਾ ਚਾਹੁੰਦਾ ਸੀ ਕਿ ਕੀ ਉਸ ਦੀ ਪਤਨੀ ਤੇ ਬੱਚੇ ਠੀਕ ਹਨ। ਫਿਰ ਉਸ ਨੇ ਸੁਰੱਖਿਆ ਬਾਰੇ ਜਾਣਨ ਦਾ ਯਤਨ ਕੀਤਾ। ਫਿਰ ਅਸੀਂ ਹਵਾਈ ਅੱਡੇ ਤੋਂ ਕਾਰ ਰਾਹੀਂ ਸਿੱਧਾ ਹਸਪਤਾਲ ਪਹੁੰਚੇ ਜਿੱਥੇ ਉਸ ਦੀ ਮਾਂ ਨੂੰ ਲਿਜਾਇਆ ਗਿਆ ਸੀ। ਜਦੋਂ ਉਹ ਅੱਗੇ ਨਾ ਲੰਘ ਸਕਿਆ ਤਾਂ ਉਸ ਨੇ ਮੇਰੇ ਵੱਲ ਮੂੰਹ ਕਰਕੇ ਕਿਹਾ ਤੇ ਮੇਰੀ ਬਿਮਾਰੀ ਬਾਰੇ ਪੁੱਛਿਆ। ਉਸ ਨੇ ਪੁੱਛਿਆ, "ਤੇਰਾ ਕੀ ਹਾਲ ਹੈ ? ਜਦ ਮੈਂ ਕਲਕੱਤਾ ਵਿੱਚ ਸੀ ਤਾਂ

ਇਕ ਆਦਮੀ ਮੈਨੂੰ ਮਿਲਿਆ ਜਿਸ ਨੇ ਕਿਹਾ ਸੀ ਕਿ ਤੇਰੀ ਬਿਮਾਰੀ ਦਾ ਉਸ ਕੋਲ ਇਲਾਜ ਹੈ। ਮੈਂ ਚਾਹੁੰਦਾ ਹਾਂ ਕਿ ਤੂੰ ਉਸ ਨੂੰ ਮਿਲੇਂ, ਮੈਂ ਤੈਨੂੰ ਉਸ ਬਾਰੇ ਦੱਸਾਂਗਾ।" ਇਹ ਬੜੀ ਅਦਭੁੱਤ ਤੇ ਅਨੋਖੀ ਗੱਲ ਸੀ ਕਿ ਉਸ ਨਾਲ ਇਤਨਾ ਕੁਝ ਵਾਪਰ ਜਾਣ ਤੇ ਵੀ ਉਹ ਆਪਣੇ ਕੋਲ ਖੜੇ ਆਪਣੇ ਮਿੱਤਰ ਬਾਰੇ ਫ਼ਿਕਰਮੰਦ ਸੀ। ਉਹ ਫਹਿੰਦੀ ਕਲਾ ਵਿੱਚ ਨਹੀਂ ਸੀ ਤੇ ਉਹ ਅਜੇ ਵੀ ਆਪਣੇ ਮਿੱਤਰ ਬਾਰੇ ਫ਼ਿਕਰ ਕਰ ਰਿਹਾ ਸੀ।

ਇਕ ਖ਼ਬਰ ਅਨੁਸਾਰ ਜਦੋਂ ਪਹਿਲਾਂ ਰਾਜੀਵ ਗਾਂਧੀ ਨੇ ਆਪਣੀ ਮਾਤਾ ਦੀ ਮ੍ਰਿਤੂ ਦੀ ਖ਼ਬਰ ਸੁਣੀ ਤਾਂ ਉਹ ਰੋ ਪਿਆ। ਉਹ ਇਸ ਤੋਂ ਇਨਕਾਰ ਕਰਦਾ ਹੈ। "ਕੁਝ ਅਖ਼ਬਾਰਾਂ ਤੇ ਰਸਾਲਿਆਂ ਨੇ ਇਹ ਖ਼ਬਰ ਦਿੱਤੀ ਹੈ ਕਿ ਜਦੋਂ ਮੈਂ ਇਹ ਖ਼ਬਰ ਸੁਣੀ ਤਾਂ ਮੈਂ ਧਾਹਾਂ ਮਾਰ ਕੇ ਰੋ ਪਿਆ। ਇਹ ਸਭ ਬਕਵਾਸ ਹੈ। ਮੈਂ ਸੱਚਮੁੱਚ ਹੀ ਬਹੁਤ ਘਬਰਾ ਗਿਆ ਸੀ, ਪਰ ਮੈਂ ਆਪਣੇ ਜਜ਼ਬਾਤ ਨੂੰ ਇਸ ਢੰਗ ਨਾਲ ਪ੍ਰਗਟ ਨਹੀਂ ਕੀਤਾ ਸੀ। ਮੈਂ ਸੱਚਮੁੱਚ ਜਹਾਜ਼ ਚਾਲਕਾਂ ਨਾਲ ਉਹਨਾਂ ਦੇ ਬੈਠਣ ਵਾਲੀ ਥਾਂ 'ਤੇ ਬੈਠਾ ਹੋਇਆ ਸੀ ਜਦੋਂ ਉਹਨਾਂ ਨੇ ਜਹਾਜ਼ ਉਡਾਇਆ। ਇਹ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਸੀ। ਜਦੋਂ ਮੈਂ ਇਹ ਸੁਣਿਆ ਕਿ ਸ਼੍ਰੀਮਤੀ ਗਾਂਧੀ ਅਕਾਲ ਚਲਾਣਾ ਕਰ ਗਈ ਹੈ, ਮੈਂ ਉੱਥੋਂ ਆ ਕੇ ਦੀਕਸ਼ਿਤ ਨੂੰ (ਪੱਛਮੀ ਬੰਗਾਲ ਦਾ ਵਰਤਮਾਨ ਰਾਜਪਾਲ, ਉਮਾ ਸ਼ੰਕਰ ਦਿਕਸ਼ਤ) ਤੇ ਹੋਰਨਾਂ ਨੂੰ ਦੱਸਿਆ। ਤੇ ਮੈਂ ਇਕ ਸੀਟ ਪਰ੍ਹੇ ਹੋ ਕੇ ਬੈਠ ਗਿਆ।"

ਸ਼੍ਰੀਮਤੀ ਗਾਂਧੀ ਪਹਿਲੀ ਭਾਰਤੀ ਪ੍ਰਧਾਨ ਮੰਤਰੀ ਸੀ ਜਿਸ ਦਾ ਕਤਲ ਕੀਤਾ ਗਿਆ ਸੀ ਤੇ ਉਹ ਆਪਣੇ ਔਹਦੇ ਦੇ ਕਰਤੱਵ ਨਿਭਾਹੁੰਦੀ ਮਰਨ ਵਾਲੀ ਤੀਸਰੀ ਸ਼ਖ਼ਸੀਅਤ ਸੀ। ਜਦੋਂ ਉਸ ਦਾ ਪਿਤਾ ਪੰਡਤ ਨਹਿਰੂ ਤੇ ਉਸ ਦਾ ਉੱਤਰਾਧਿਕਾਰੀ ਲਾਲ ਬਹਾਦਰ ਸ਼ਾਸਤਰੀ ਅਕਾਲ ਚਲਾਣਾ ਕਰ ਗਏ ਤਾਂ ਕਾਂਗਰਸ ਪਾਰਟੀ ਵੱਲੋਂ ਨਵਾਂ ਨੇਤਾ ਚੁਣੇ ਜਾਣ ਤੱਕ ਸਭ ਤੋਂ ਸੀਨੀਅਰ ਮੰਤਰੀ ਨੂੰ ਆਰਜ਼ੀ ਤੌਰ 'ਤੇ ਪ੍ਰਧਾਨ ਮੰਤਰੀ ਦਾ ਹਲਫ਼ ਦੁਆਇਆ ਗਿਆ। ਇਸ ਵਾਰ ਕਾਂਗਰਸ ਨੇਤਾਵਾਂ ਨੇ, ਸਮੇਤ ਵਿੱਤ ਮੰਤਰੀ ਪਰਣਬ ਮੁਕਰਜੀ ਦੇ, ਜੋ ਰਾਜੀਵ ਗਾਂਧੀ ਦੀ ਉਸ ਦਿਨ ਚੋਣ ਮੁਹਿਮ ਚਲਾ ਰਿਹਾ ਸੀ, ਫ਼ੈਸਲਾ ਕੀਤਾ ਕਿ ਜਾਨਸ਼ੀਨੀ ਤੁਰਤ ਹੀ ਯਕੀਨੀ ਬਣਾਈ ਜਾਵੇ। ਇਸ ਕਰਕੇ ਏਅਰਲਾਈਨਜ਼ ਦੇ ਭੂਤਪੂਰਵ 39 ਸਾਲਾਂ ਦੇ ਹਵਾਬਾਜ਼ ਨੂੰ ਜੋ ਰਾਜਨੀਤੀ ਵਿੱਚ ਕੇਵਲ ਚਾਰ ਸਾਲ ਪਹਿਲਾਂ ਹੀ ਆਇਆ ਸੀ, ਉਸ ਸ਼ਾਮ ਰਾਸ਼ਟਰਪਤੀ ਦੇ ਮਹਿਲ ਦੇ ਦਰਬਾਰ ਹਾਲ ਵਿੱਚ ਭਾਰਤ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਪ੍ਰਧਾਨ ਮੰਤਰੀ ਵਜੋਂ ਹਲਫ਼ ਦੁਆਇਆ ਗਿਆ। ਭਾਵੇਂ ਵਿਰੋਧੀ ਨੇਤਾਵਾਂ ਨੇ ਪ੍ਰਚੱਲਤ ਪ੍ਰਥਾ ਦੀ ਉਲੰਘਣਾ ਦੀ ਆਲੋਚਨਾ ਕੀਤੀ, ਪ੍ਰੰਤੂ ਇਹ ਫ਼ੈਸਲਾ ਸਿਆਣਪ-ਭਰਪੂਰ ਸਿੱਧ ਹੋਇਆ।

ਸ਼੍ਰੀਮਤੀ ਗਾਂਧੀ ਨੇ ਚੇਤਨ ਰੂਪ ਵਿੱਚ ਗਿਣ ਮਿਥ ਕੇ ਆਪਣੀ ਪਾਰਟੀ ਦੇ ਨੇਤ੍ਰਿਤਵ ਦੇ ਆਹੂ ਲਾਹੇ। ਉਹ ਕੋਈ ਸ਼ਰੀਕ ਸਹਿਣ ਨਹੀਂ ਕਰਦੀ ਸੀ। ਇਸ ਲਈ ਆਉਣ ਵਾਲੇ ਗ਼ੈਰ ਯਕੀਨੀ ਤੇ ਖ਼ਤਰਨਾਕ ਹਾਲਾਤ 'ਚੋਂ ਕੱਢਣ ਲਈ ਉਸ ਦੇ ਮੰਤਰੀ ਮੰਡਲ ਵਿੱਚ ਕੋਈ ਕੱਦਾਵਰ ਨੇਤਾ ਨਹੀਂ ਸੀ। ਸਥਿਰਤਾ ਨੂੰ ਕਾਇਮ ਰੱਖਣ ਲਈ ਨਹਿਰੂ-ਗਾਂਧੀ ਪਰਿਵਾਰ ਦਾ ਜਾਦੂ ਹੀ ਸੀ ਤੇ ਰਾਜੀਵ ਭਾਵੇਂ ਉਸ ਨੇ ਸਰਕਾਰ ਦੀ ਕਿਸੇ ਪਦਵੀ 'ਤੇ ਕਾਰਜ ਨਹੀਂ ਕੀਤਾ ਸੀ, ਉਹ ਉਸ ਕੁਲ ਦਾ ਵਾਰਿਸ (ਉੱਤਰਾਧਿਕਾਰੀ) ਤਾਂ ਸੀ ਹੀ।

ਜਿਸ ਸਮੇਂ ਸ਼੍ਰੀਮਤੀ ਗਾਂਧੀ ਦੀ ਮ੍ਰਿਤੂ ਹੋਈ, ਏਮਜ਼ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਸਿੱਖ ਵਿਰੋਧੀ ਫ਼ਸਾਦ ਤੇ ਦੰਗੇ ਭੜਕ ਪਏ। ਅਗਲੇ ਦਿਨ ਸਾਰੇ ਭਾਰਤ ਵਿੱਚ ਭਾਂਬੜ ਬਲ ਰਹੇ ਸਨ। ਇਕੋ ਇਕ ਰਾਜ ਜੋ ਇਸ ਸੰਪ੍ਰਦਾਇਕ ਜਨੂਨ ਤੋਂ ਪ੍ਰਭਾਵਿਤ ਨਹੀਂ ਹੋਇਆ ਸੀ, ਉਹ ਸਿੱਖ ਮਾਤਭੂਮੀ ਪੰਜਾਬ ਸੀ। ਉੱਥੇ ਹਿੰਦੂਆਂ ਨੂੰ ਇਸ ਗੱਲ ਦੀ ਬੜੀ ਚਿੰਤਾ ਸੀ ਕਿ ਸਿੱਖ ਆਪਣਾ ਬਦਲਾ ਲੈਣਗੇ, ਪਰੰਤੂ ਵਿਸ਼ਾਲ ਪੱਧਰ 'ਤੇ ਸੈਨਾ ਦੀ ਨਿਯੁਕਤੀ ਤੇ ਬਹੁਤ ਸਾਰੇ ਸਿੱਖ ਨੇਤਾਵਾਂ ਦੇ ਜ਼ੁੰਮੇਂਵਾਰੀ ਵਾਲੇ ਵਤੀਰੇ ਕਾਰਨ ਇਸ ਦੀ ਤਿੱਖੀ ਪ੍ਰਤੀਕਿਰਿਆ ਤੋਂ ਬਚਾਅ ਹੋ ਗਿਆ।

ਰਾਜਧਾਨੀ ਵਿੱਚ ਦੋ ਦਿਨਾਂ ਲਈ ਮੁੰਡਿਆਂ ਦੇ ਦਲ, ਬਹੁਤੀ ਵਾਰ ਕਾਂਗਰਸ ਪਾਰਟੀ ਦੇ ਮੈਂਬਰਾਂ ਦੀ ਅਗਵਾਈ ਵਿੱਚ ਗਲੀਆਂ ਵਿੱਚ ਆਪਣੀ ਮਰਜ਼ੀ ਨਾਲ ਬਿਨਾਂ ਰੋਕ ਟੋਕ ਲੋਕਾਂ ਨੂੰ ਮਾਰਦੇ ਰਹੇ, ਘਰਾਂ ਨੂੰ ਲੁੱਟਦੇ ਤੇ ਸਾੜਦੇ ਰਹੇ। ਕਈ ਵਾਰ ਤਾਂ ਪੁਲਸ ਵੀ ਪੂਰੀ ਸਰਗਰਮੀ ਨਾਲ ਹੰਗਾਮਾ ਕਰਨ ਤੇ ਖਲਬਲੀ ਮਚਾਉਣ ਵਿੱਚ ਸ਼ਾਮਲ ਰਹੀ ਤੇ ਕਈ ਥਾਂਈ ਅੱਖਾਂ ਬੰਦ ਕਰਕੇ ਬੈਠੀ ਰਹੀ। ਸਿੱਖ ਰੇਲ ਮੁਸਾਫ਼ਰਾਂ ਦੇ ਕਤਲਾਮ ਦੀਆਂ ਸੂਚਨਾਵਾਂ ਤੋਂ ਦੇਸ਼ ਦੀ ਵੰਡ ਸਮੇਂ ਦੇ ਘੱਲੂਘਾਰੇ ਦੀਆਂ ਨਹਿਸ਼ ਘਟਨਾਵਾਂ ਚੇਤੇ ਆਈਆਂ। ਪੁਲਸ ਥਾਣਿਆਂ ਤੋਂ ਮੁੱਖ ਦਫ਼ਤਰ ਨੂੰ ਭੇਜੀਆਂ ਗਈਆਂ ਸੂਚਨਾਵਾਂ ਇਤਨੀਆਂ ਅੱਧੀਆਂ ਅਧੂਰੀਆਂ, ਨਾਕਾਫ਼ੀ ਤੇ ਸੀਮਤ ਸਨ ਕਿ ਪੁਲੀਸ ਕਮਿਸ਼ਨਰ ਨੂੰ ਵੀ ਪਤਾ ਨਾ ਲੱਗਾ ਕਿ ਕੀ ਹੋ ਰਿਹਾ ਸੀ। ਕੁਝ ਹਿੰਦੂਆਂ ਵੱਲੋਂ ਗਿਣੀ ਮਿਥੀ ਸਾਜ਼ਿਸ਼ ਅਨੁਸਾਰ ਫੈਲਾਈਆਂ ਗਈਆਂ ਅਫ਼ਵਾਹਾਂ ਨੇ ਹੋਰ ਘੜਮਸ ਤੇ ਘਬਰਾਹਟ ਪੈਦਾ ਕਰ ਦਿੱਤੀ ਜਿਸ ਨਾਲ ਸਿੱਖਾਂ ਵਿਰੁੱਧ ਜਜ਼ਬਾਤ ਹੋਰ ਭੜਕੇ। ਸ੍ਰੀਮਤੀ ਗਾਂਧੀ ਦੀ ਮੌਤ ਪਿੱਛੋਂ ਸਿੱਖਾਂ ਵੱਲੋਂ ਜਸ਼ਨ ਮਨਾਏ ਜਾਣ ਦੀਆਂ ਮਨ ਘੜਤ ਕਹਾਣੀਆਂ ਵਧਾ ਚੜ੍ਹਾ ਕੇ ਫੈਲਾਈਆਂ ਗਈਆਂ, ਭਾਵੇਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕੁਝ ਥਾਵਾਂ ਤੇ ਕੁਝ ਸਿੱਖਾਂ ਨੇ ਸ਼੍ਰੀਮਤੀ ਗਾਂਧੀ ਦੇ ਕਤਲ ਤੇ ਖ਼ੁਸ਼ੀਆਂ ਮਨਾ ਕੇ ਹਿੰਦੂਆਂ ਨੂੰ ਹੋਰ ਗ਼ੁੱਸਾ ਚੜ੍ਹਾਇਆ। ਇਕ ਸ੍ਰੇਸ਼ਠ ਅਧਿਕਾਰੀ ਨੇ ਜ਼ੋਰ ਦੇ ਕੇ ਬੜੇ ਦਾਅਵੇ ਨਾਲ ਕਿਹਾ ਕਿ ਪੰਜਾਬ 'ਚੋਂ ਲਾਸ਼ਾਂ ਨਾਲ ਭਰੀ ਗੱਡੀ ਦਿੱਲੀ ਦੇ ਬਾਹਰ ਸਾਹਿਬਾਬਾਦ ਪਹੁੰਚ ਗਈ ਸੀ। ਉਸ ਨੇ ਕਿਹਾ ਕਿ ਸਾਰੇ ਮੁਸਾਫ਼ਰਾਂ ਨੂੰ ਸਿੱਖਾਂ ਨੇ ਕਤਲ ਕੀਤਾ ਸੀ। ਮੈਂ ਇਕ ਪੱਤਰਕਾਰ ਨੂੰ ਸਾਹਿਬਾਬਾਦ ਭੇਜਿਆ ਜਿਸ ਨੇ ਜਾਣਕਾਰੀ ਦਿੱਤੀ ਕਿ ਉਸ ਸੂਚਨਾ ਵਿੱਚ ਉੱਕਾ ਹੀ ਕੋਈ ਸੱਚਾਈ ਨਹੀਂ ਸੀ।

ਇਸ ਸਾਰੀ ਅਨਿਸਚਿਤਤਾ ਤੇ ਸ਼ੱਕ ਭਰੀ ਸਥਿਤੀ ਵਿੱਚ ਸਤੀਸ਼ ਜੈਕਬ ਨੂੰ ਦਿੱਲੀ ਵਿੱਚ ਅਤਿਅੰਤ ਭਿਅੰਕਰ ਕਤਲਾਮ ਦੀ ਅਚਾਨਕ ਹੀ ਜਾਣਕਾਰੀ ਮਿਲੀ। ਸ਼ੁੱਕਰਵਾਰ ਦੋ ਨਵੰਬਰ ਵਾਲੇ ਦਿਨ ਉਹ ਆਮਦਨ ਕਰ ਵਿਭਾਗ ਦੇ ਦਫ਼ਤਰ ਕੋਲੋਂ ਜਮਨਾ ਦਰਿਆ ਦਾ ਪੁਲ ਪਾਰ ਕਰਕੇ ਜਦੋਂ ਉਹ ਕਾਰ ਰਾਹੀਂ ਤਰਲੋਕਪੁਰੀ ਦੇ ਇਕ ਵਿਸ਼ਾਲ ਕ੍ਰਿਤੀ ਵਰਗ ਦੇ ਨਵੇਂ ਵਸੋਂ ਵਾਲੇ ਖੇਤਰ ਵਿੱਚ ਪਹੁੰਚਿਆ ਤਾਂ ਭੜਕੇ ਹੋਏ ਨਿਵਾਸੀਆਂ ਦੇ ਇਕ ਛੋਟੇ ਜਿਹੇ ਗੁੱਟ ਨੇ ਉਸ ਨੂੰ 32 ਬਲਾਕ ਵਿੱਚ ਜਾਣ ਲਈ ਕਿਹਾ। ਉਹਨਾਂ ਨੇ ਕਿਹਾ, "ਬਹੁਤ ਹੀ ਭਿਆਨਕ ਘਟਨਾ ਵਾਪਰੀ ਹੈ।" ਜਦੋਂ ਉਹ ਉੱਥੇ ਪਹੁੰਚਿਆ ਤਾਂ ਉਸ ਨੇ ਛੋਟੇ ਜਿਹੇ ਪੱਕੇ ਘਰ ਦੇ ਵਰਾਂਡੇ ਵਿੱਚ ਤਿੰਨ ਸੜੀਆਂ ਹੋਈਆਂ ਲਾਸ਼ਾਂ ਵੇਖੀਆਂ। ਜਿਉਂ ਹੀ ਉਹ ਤੰਗ ਗਲੀ ਵਿੱਚ ਪੈਦਲ ਚੱਲ ਕੇ ਅੱਗੇ ਗਿਆ ਤਾਂ ਉਸ ਨੇ ਲਗਭਗ ਹਰ ਘਰ

ਦੇ ਵਰਾਂਡੇ ਵਿੱਚ ਲਾਸ਼ਾਂ ਵੇਖੀਆਂ। ਪ੍ਰਤੱਖ ਸੀ ਕਿ ਉਹ ਸਭ ਸਿੱਖ ਸਨ ਕਿਉਂਕਿ ਉਹਨਾਂ ਦੇ ਲੰਬੇ-ਲੰਬੇ ਕੇਸ ਮਰਨ ਮਗਰੋਂ ਕੱਟੇ ਗਏ ਸਨ ਤੇ ਉਹ ਉਹਨਾਂ ਦੀਆਂ ਲਾਸ਼ਾਂ ਕੋਲ ਪਏ ਸਨ।

ਸਤੀਸ਼ ਜੈਕਬ ਨੇ ਮਿੱਟੀ ਦੇ ਤੇਲ ਦੀ ਦੁਰਗੰਧ ਮਹਿਸੂਸ ਕੀਤੀ ਜੋ ਉਹਨਾਂ ਦੀਆਂ ਲਾਸ਼ਾਂ ਨੂੰ ਸਾੜਨ ਲਈ ਵਰਤਿਆ ਗਿਆ ਸੀ। ਕਈਆਂ ਦੇ ਸਰੀਰਾਂ ਵਿੱਚ ਲੋਹੇ ਦੀਆਂ ਸਲਾਖਾਂ ਮਾਰੀਆਂ ਗਈਆਂ ਸਨ। ਬਹੁਤ ਸਾਰੇ ਘਰ ਲੁੱਟ ਲਏ ਗਏ ਸਨ। ਸਿੱਖ ਪਰਿਵਾਰਾਂ ਦੇ ਹੈਰਾਨ ਤੇ ਘਬਰਾਏ ਹੋਏ ਬੱਚੇ ਤੇ ਇਸਤਰੀਆਂ ਅਜੇ ਵੀ ਆਪਣੇ ਘਰਾਂ ਵਿੱਚ ਸਨ। ਉਹਨਾਂ ਵਿੱਚ ਬਹੁਤ ਸਾਰੇ ਰੋ ਕੁਰਲਾ ਰਹੇ ਸਨ। ਬਹੁਤ ਸਾਰੇ ਇਤਨੇ ਚਕ੍ਰਿਤ ਸਨ ਕਿ ਉਹ ਗੱਲ ਵੀ ਨਹੀਂ ਕਰ ਸਕਦੇ ਸਨ, ਪਰੰਤੂ ਇਕ ਬਜ਼ੁਰਗ ਸਿੱਖ ਇਸਤਰੀ ਨੇ ਆਪਣਾ ਅਨੁਭਵ ਤੇ ਵਿਥਿਆ ਬਿਆਨ ਕੀਤੀ। ਉਸ ਨੇ ਕਿਹਾ, "ਇਸ ਬਲਾਕ ਉੱਤੇ ਲੋਕਾਂ ਦੇ ਹਜੂਮ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਹਮਲਾ ਕੀਤਾ। ਉਹਨਾਂ ਨੇ ਸਭ ਸਿੱਖ ਆਦਮੀਆਂ ਨੂੰ, ਜੋ ਵੀ ਉਹਨਾਂ ਨੂੰ ਮਿਲੇ, ਮਾਰ ਕੇ ਜਲਾ ਦਿੱਤਾ। ਬਚਾਅ ਦਾ ਕੋਈ ਰਾਹ ਹੀ ਨਹੀਂ ਸੀ। ਉਹ ਮਨੁੱਖ ਨਹੀਂ ਸਗੋਂ ਜੰਗਲੀ ਜਾਨਵਰ ਸਨ। ਅਸੀਂ ਉਹਨਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਸੀ।" ਜਦੋਂ ਸਤੀਸ਼ ਜੈਕਬ ਉਸ ਬਜ਼ੁਰਗ ਸਿੱਖ ਇਸਤਰੀ ਨਾਲ ਗੱਲਾਂ ਕਰ ਰਿਹਾ ਸੀ ਤਾਂ ਹਿੰਦੂਆਂ ਦਾ ਹਜੂਮ ਇਕੱਠਾ ਹੋ ਗਿਆ। ਉਹਨਾਂ ਨੇ ਉਸ ਨੂੰ ਦੱਸਿਆ ਕਿ ਉਹ ਤਿਰਲੋਕਪੁਰੀ ਦੇ ਰਹਿਣ ਵਾਲੇ ਹਨ ਪਰ ਉਹਨਾਂ ਦਾ ਕਤਲਾਮ ਨਾਲ ਕੋਈ ਸੰਬੰਧ ਨਹੀਂ ਸੀ। ਉਹਨਾਂ ਨੇ ਕਿਹਾ ਕਿ ਗੁੰਡਿਆਂ ਦੇ ਦਲ ਉਪ-ਨਗਰੀਆਂ ਵਿੱਚੋਂ ਆਏ ਸਨ ਤੇ ਉਹਨਾਂ ਨੇ ਹੀ ਉਹ ਅੱਤਿਆਚਾਰ ਕੀਤੇ ਸਨ।

ਫਿਰ ਡਾ. ਅਸ਼ਫ਼ਾਕ ਜੋ ਇਕ ਬਜ਼ੁਰਗ ਮੁਸਲਮਾਨ ਸੀ ਤੇ ਜਿਸ ਨੂੰ ਸਤੀਸ਼ ਜੈਕਬ ਆਪਣੇ ਪੁਰਾਣੀ ਦਿੱਲੀ ਵਾਲੇ ਘਰ ਦੇ ਸਮੇਂ ਤੋਂ ਹੀ ਜਾਣਦਾ ਸੀ, ਉਸ ਨੂੰ ਇਕ ਪਾਸੇ ਲੈ ਗਿਆ। ਉਸ ਨੇ ਦੱਸਿਆ ਕਿ ਕਤਲਾਮ ਚਾਰ ਘੰਟੇ ਹੁੰਦਾ ਰਿਹਾ ਤੇ ਉਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮੁੰਡਿਆਂ ਦੇ ਦਲ ਜੋ ਤਿਰਲੋਕਪੁਰੀ ਤੋਂ ਬਾਹਰ ਦੇ ਸਨ, ਖ਼ੂਨ ਖ਼ਰਾਬੇ ਦੇ ਵਧੇਰੇ ਕਰਕੇ ਜ਼ੁੰਮੇਂਵਾਰ ਸਨ। ਉਸ ਨੇ ਇਹ ਵੀ ਕਿਹਾ ਕਿ ਕੁਝ ਸਥਾਨਕ ਲੋਕਾਂ ਨੇ ਵੀ ਲੁੱਟ ਮਾਰ ਵਿੱਚ ਹਿੱਸਾ ਲਿਆ। ਪ੍ਰਤੱਖ ਤੌਰ 'ਤੇ ਪਹਿਲਾਂ ਗੁੰਡਿਆਂ ਦੇ ਟੋਲਿਆਂ ਨੇ ਸਿੱਖਾਂ ਦੇ ਨੇੜਲੇ ਗੁਰਦੁਆਰੇ 'ਤੇ ਹਮਲਾ ਕੀਤਾ ਤੇ ਫਿਰ ਉਹ ਬਲਾਕ 32 ਵਿੱਚ ਦਾਖ਼ਲ ਹੋਏ। ਸਿੱਖਾਂ ਨੇ ਟਾਕਰਾ ਕੀਤਾ ਪਰ ਉਹਨਾਂ ਦੀ ਗਿਣਤੀ ਗੁੰਡਿਆਂ ਦੇ ਮੁਕਾਬਲੇ ਬੜੀ ਘੱਟ ਸੀ। ਡਾ: ਅਸ਼ਫਾਕ ਨੇ ਦੱਸਿਆ ਕਿ ਉਸ ਖੇਤਰ ਦਾ ਇਨਚਾਰਜ ਪੁਲੀਸ ਅਧਿਕਾਰੀ ਤੇ ਹੋਰ ਤਿੰਨ ਪੁਲਸੀਏ ਵੀ ਇਹ ਸਭ ਘਟਨਾਵਾਂ ਵਾਪਰਦੀਆਂ ਵੇਖਦੇ ਰਹੇ।

ਸਤੀਸ਼ ਜੈਕਬ ਪੁਲਸ ਥਾਣੇ ਗਿਆ ਜਿਥੇ ਉਸ ਨੇ ਸੂਰਯਵੀਰ ਸਿੰਘ ਥਾਣੇਦਾਰ ਨੂੰ ਪੁੱਛਿਆ ਕਿ ਉਸ ਨੇ ਕੋਈ ਕਾਰਵਾਈ ਕਿਉਂ ਨਾ ਕੀਤੀ? ਪੁਲੀਸ ਅਫ਼ਸਰ ਨੇ ਕਿਹਾ, "ਅਸੀਂ ਲਾਚਾਰ ਸੀ। ਸਾਡੇ ਕੋਲ ਆਪਣੀ ਸੁਰੱਖਿਆ ਲਈ ਕੇਵਲ ਡੰਡੇ ਹੀ ਸਨ।" ਜਦੋਂ ਸਤੀਸ਼ ਜੈਕਬ ਜਾਣ ਲੱਗਾ ਤਾਂ ਡੀ.ਆਈ.ਜੀ. ਹੁਕਮ ਚੰਦ ਜਾਦਵ ਪੁਲੀਸ ਮੁਖਾਲਯ ਤੋਂ ਪਹੁੰਚ ਗਿਆ। ਉਹ ਗੁੱਸੇ ਨਾਲ ਆਪੇ ਤੋਂ ਬਾਹਰ ਹੋ ਗਿਆ ਤੇ ਉਸ ਨੇ ਸਥਾਨਕ ਪੁਲੀਸ ਅਧਿਕਾਰੀ ਨੂੰ ਕਿਹਾ, "ਜੋ ਕੁਝ ਤੇਰੇ ਇਲਾਕੇ 'ਚ ਹੋ ਰਿਹਾ ਸੀ, ਉਸ ਦੀ ਸੂਚਨਾ ਮੁੱਖ ਦਫ਼ਤਰ 'ਚ ਕਿਉਂ ਨਾ ਦਿੱਤੀ ?" ਸਬ-ਇਨਸਪੈਕਟਰ ਸੂਰਯਵੀਰ ਸਿੰਘ ਨੇ ਉੱਤਰ

ਦਿੱਤਾ, "ਸਾਹਿਬ ਅਸੀਂ ਕੀ ਕਰ ਸਕਦੇ ਸੀ ? ਅਸੀਂ ਤਾਂ ਆਪਣੀ ਰੱਖਿਆ ਵੀ ਨਹੀਂ ਕਰ ਸਕਦੇ ਸੀ।"

"ਤੇਰਾ ਕੀ ਮਤਲਬ ਹੈ ? ਠੀਕ ਹੈ ਤੂੰ ਹਿਮਤ ਹੀ ਹਾਰ ਗਿਆ ਸੀ। ਕੀ ਤੇਰੀ ਆਵਾਜ਼ ਵੀ ਬੰਦ ਹੋ ਗਈ ਸੀ ? ਕੀ ਤੇਰੇ ਕੋਲ ਤਾਰ ਜਾਂ ਟੈਲੀਫ਼ੋਨ ਨਹੀਂ ਸੀ ?" "ਸਾਹਿਬ, ਸਾਨੂੰ ਇਹ ਪਤਾ ਨਹੀਂ ਲੱਗਦਾ ਸੀ ਕਿ ਕੀ ਸੂਚਨਾ ਭੇਜੀਏ ? ਸਾਨੂੰ ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਕੀ ਹੋ ਰਿਹਾ ਸੀ ? ਅਸੀਂ ਆਪ ਨੂੰ ਸਾਰਾ ਵੇਰਵਾ ਕਿਵੇਂ ਦਿੰਦੇ ?" "ਇਹ ਸੱਚ ਨਹੀਂ ਹੈ। ਜਾਂ ਤਾਂ ਤੂੰ ਬਹੁਤ ਡਰਿਆ ਹੋਇਆ ਸੀ ਜਾਂ ਤੂੰ ਆਪ ਉਹਨਾਂ ਨਾਲ ਮਿਲਿਆ ਹੋਇਆ ਸੀ ਕਿ ਤੂੰ ਸਾਨੂੰ ਅਸਲੀਅਤ ਬਾਰੇ ਦੱਸਣਾ ਹੀ ਨਹੀਂ ਚਾਹੁੰਦਾ ਸੀ। ਤੂੰ ਕਿਉਂ ਨਹੀਂ ਦੱਸਿਆ ?" "ਸਾਹਿਬ, ਇਹ ਦੱਸਣਾ ਇਤਨਾ ਸੌਖਾ ਕੰਮ ਨਹੀਂ ਸੀ...."

"ਬਕਵਾਸ ਬੰਦ ਕਰ। ਤੈਨੂੰ ਗਰਿਫ਼ਤਾਰ ਕੀਤਾ ਜਾਂਦਾ ਹੈ।" ਇਹ ਕਹਿ ਕੇ ਡੀ.ਆਈ. ਜੀ. ਉੱਚੀ ਆਵਾਜ਼ ਵਿੱਚ ਗਰਜਿਆ ਤੇ ਆਪਣੇ ਆਦਮੀਆਂ ਨੂੰ ਹੁਕਮ ਦਿੱਤਾ ਕਿ ਉਹ ਸਬ ਇਨਸਪੈਕਟਰ ਨੂੰ ਉੱਥੋਂ ਲੈ ਜਾਣ।

ਇੰਡੀਅਨ ਐਕਸਪ੍ਰੈਸ ਦਾ ਪੱਤਰ-ਪ੍ਰੇਰਕ ਰਾਹੁਲ ਬੇਦੀ ਵੀ ਤਿਰਲੋਕਪੁਰੀ ਵਿੱਚ ਦੋ ਨਵੰਬਰ ਦੀ ਦੁਪਹਿਰ ਮਗਰੋਂ ਗਿਆ। ਉਸ ਨੂੰ ਦੱਸਿਆ ਗਿਆ ਕਿ ਕਤਲਾਮ 30 ਘੰਟੇ ਚਲਦਾ ਰਿਹਾ। ਉਸ ਨੂੰ ਇਕ ਸਥਾਨਕ ਥਾਣੇ ਵਿੱਚ ਇਹ ਦੱਸਿਆ ਗਿਆ ਕਿ ਕੋਈ ਵੱਡੀ ਵਾਰਦਾਤ ਨਹੀਂ ਹੋਈ। ਜਦੋਂ ਉਸ ਨੇ ਉੱਥੇ ਖੜ੍ਹੀ ਵਿਹੜੇ ਵਿੱਚ ਇਕ ਲਾਰੀ ਵਿੱਚ ਗਲੀਆਂ ਸੜੀਆਂ ਲਾਸ਼ਾਂ ਬਾਰੇ ਪੁੱਛਿਆ ਤਾਂ ਪੁਲੀਸ ਅਧਿਕਾਰੀ ਨੇ ਕਿਹਾ, "ਇਹਨਾਂ ਬਾਰੇ ਤਾਂ ਐਸ.ਐਚ.ਓ. (ਥਾਣਾ ਪ੍ਰਭਾਰੀ) ਹੀ ਜਾਣਦੇ ਹਨ ਤੇ ਉਹ ਦਿੱਲੀ ਵਿੱਚ ਹੈ ਤੇ ਵਾਪਸ ਆ ਕੇ ਹੀ ਉਹ ਇਹਨਾਂ ਬਾਰੇ ਨਿਪਟਾਰਾ ਕਰੇਗਾ।" ਬੇਦੀ ਨੂੰ ਪੁਲੀਸ ਬਲ ਉੱਕਾ ਹੀ ਮਦਦਗਾਰ ਨਾ ਜਾਪਿਆ। ਉਸ ਨੇ ਦੋ ਫ਼ੌਜੀ ਅਧਿਕਾਰੀਆਂ ਨੂੰ ਤਿਰਲੋਕਪੁਰੀ ਦੀਆਂ ਭਿਆਨਕ ਘਟਨਾਵਾਂ ਬਾਰੇ ਸੂਚਨਾ ਦਿੱਤੀ ਤੇ ਉਹਨਾਂ ਨੇ ਸਹਾਇਤਾ ਭੇਜਣ ਦਾ ਇਕਰਾਰ ਕੀਤਾ ਪਰੰਤੂ 3½ ਘੰਟੇ ਮਗਰੋਂ ਵੀ ਉਸ ਖੇਤਰ ਵਿੱਚ ਕੋਈ ਸੈਨਿਕ ਨਹੀਂ ਸੀ। ਜਮਨਾ ਦੇ ਪੁਲ 'ਤੇ ਤਾਈਨਾਤ ਹਵਾਈ ਸੈਨਾ ਦੇ ਅਧਿਕਾਰੀ ਨੇ ਸਹਾਇਤਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਸ਼ਹਿਰ ਦੀ ਫਿਰਨੀ ਵਾਲੀ ਸੜਕ 'ਤੇ ਇਕ ਉਪ-ਲਫ਼ਟੈਣ ਨੇ ਕਿਹਾ, "ਮੈਨੂੰ ਕਿਸੇ ਸੰਕਟ ਸਥਿਤੀ ਵਿੱਚ ਦਖ਼ਲ-ਅੰਦਾਜ਼ੀ ਕਰਨ ਦਾ ਕੋਈ ਹੁਕਮ ਨਹੀਂ ਹੈ।"

ਸਰਕਾਰ ਆਪ ਵੀ ਇਹ ਗੱਲ ਕਬੂਲ ਕਰਦੀ ਹੈ ਕਿ ਸਮੁੱਚੇ ਭਾਰਤ ਵਿੱਚ ਸਿੱਖ ਵਿਰੋਧੀ ਦੰਗਿਆਂ ਵਿੱਚ 2717 ਲੋਕ ਮਾਰੇ ਗਏ। ਲਗਭਗ ਇਹ ਸਾਰੇ ਹੀ ਸਿੱਖ ਸਨ ਤੇ ਇਹਨਾਂ ਵਿੱਚੋਂ 2150 ਦਿੱਲੀ ਵਿੱਚ ਹੀ ਮਰੇ। ਇੱਥੇ ਫ਼ਸਾਦੀਆਂ ਤੇ ਦੰਗਈਆਂ ਨੂੰ ਉਚੇਚੇ ਤੌਰ 'ਤੇ ਝੁੱਗੀਆਂ ਝੌਂਪੜੀਆਂ ਵਿੱਚੋਂ, ਉਹਨਾਂ ਖੇਤਰਾਂ 'ਚ ਲਿਆਂਦਾ ਗਿਆ ਜਿੱਥੇ ਹਮਲੇ ਕਰਵਾਏ ਗਏ। ਬਹੁਤ ਸਾਰੇ ਸਿੱਖਾਂ ਨੇ ਕਿਹਾ ਕਿ ਸਥਾਨਕ ਹਿੰਦੂ ਨਿਵਾਸੀਆਂ ਨੇ ਉਹਨਾਂ ਦੀ ਹਜੂਮ ਤੋਂ ਰੱਖਿਆ ਕਰਕੇ ਸ਼ਰਨ ਦਿੱਤੀ। ਫਿਰ ਵੀ ਸਰਕਾਰੀ ਅਨੁਮਾਨਾਂ ਅਨੁਸਾਰ 50 ਹਜ਼ਾਰ ਸਿੱਖ ਆਪਣੇ ਮੁਲਕ ਦੀ ਰਾਜਧਾਨੀ ਛੱਡ ਕੇ ਸੁਰੱਖਿਆ ਲਈ ਪੰਜਾਬ ਗਏ। ਲਗਭਗ 50 ਹਜ਼ਾਰ ਹੋਰਨਾਂ ਨੇ ਸਰਕਾਰ ਤੇ ਸ੍ਵੈ-ਇੱਛਤ ਏਜੰਸੀਆਂ ਵੱਲੋਂ ਕਾਇਮ ਕੀਤੇ ਗਏ ਵਿਸ਼ੇਸ਼ ਕੈਂਪਾਂ ਵਿੱਚ ਸ਼ਰਨ ਲਈ।

ਸਰਕਾਰੀ ਪੜਤਾਲ ਦੇ ਅਭਾਵ ਕਾਰਨ "ਸਿਟੀਜ਼ਨਜ਼ ਕਮਿਸ਼ਨ" ਉੱਘੇ ਸ਼ਹਿਰੀਆਂ ਦੇ ਤਿੰਨ ਵੱਖ-ਵੱਖ ਦਲਾਂ ਨੇ ਆਪਣੇ ਤੌਰ 'ਤੇ ਪੜਤਾਲਾਂ ਕੀਤੀਆਂ। ਉਹਨਾਂ ਨੂੰ ਇਹ ਜਾਣਕਾਰੀ ਮਿਲੀ ਕਿ ਸਥਾਨਕ ਪੁਲੀਸ ਪ੍ਰਬੰਧ ਤਹਿਸ-ਨਹਿਸ ਹੋ ਗਿਆ ਸੀ ਤੇ ਪੰਜ ਥਾਂਵਾਂ 'ਤੇ ਕਾਂਗਰਸ ਪਾਰਟੀ ਦੇ ਸਥਾਨਕ ਨੇਤਾਵਾਂ ਨੇ ਹਿੰਸਾ ਭੜਕਾਈ। ਸਿਟੀਜ਼ਨ ਕਮਿਸ਼ਨ ਦੇ ਨਾਮ ਦੇ ਇਕ ਦਲ ਨੇ, ਜੋ ਇਕ ਭੂਤ-ਪੂਰਵ ਮੁੱਖ ਨਿਆਂਧੀਸ਼, ਭੂਤਪੂਰਵ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ, ਤੇ ਇਕ ਭੂਤਪੂਰਵ ਵਿਦੇਸ਼ੀ ਮਾਮਲਿਆਂ ਦੇ ਮੰਤਰਾਲੇ ਦੇ ਸਕੱਤਰ ਉੱਪਰ ਆਧਾਰਿਤ ਸੀ, ਕਿਹਾ, "ਜਿਸ ਅਜੀਬ ਇਕਸਾਰਤਾ ਤੇ ਇਕਰੂਪਤਾ ਭਰੇ ਢੰਗ ਨਾਲ ਥੋੜ੍ਹੇ ਬਹੁਤ ਅੰਤਰ ਨਾਲ, ਇਹ ਅਪਰਾਧ ਕੀਤੇ ਗਏ, ਉਸ ਤੋਂ ਸਪੱਸ਼ਟ ਪਤਾ ਲੱਗਦਾ ਹੈ ਕਿ ਕਿਸੇ ਪੱਧਰ 'ਤੇ ਉਹਨਾਂ ਦਾ ਮਨੋਰਥ ਸਿੱਖਾਂ ਨੂੰ ਸਬਕ ਸਿਖਾਉਣਾ ਸੀ।" ਇਸ ਰਿਪੋਰਟ ਵਿੱਚ ਪੁਲੀਸ ਦੀ ਅਗਾਧ ਤੇ ਅਵਿਸ਼ਵਾਸ ਯੋਗ ਅਸਫਲਤਾ ਦਾ, ਸਥਾਨਕ ਸਿਆਸੀ ਅਨਸਰਾਂ ਵੱਲੋਂ ਦੰਗੇ ਉਕਸਾਉਣ ਤੇ ਸਰਕਾਰੀ ਨਿਯੰਤਰਨ ਵਾਲੇ ਸੰਚਾਰ ਸਾਧਨਾਂ ਦੀ ਦੁਚਿੱਤੀ ਵਾਲੀ ਤੇ ਸੰਦੇਹਪੂਰਨ ਭੂਮਿਕਾ ਅਤੇ ਸਰਕਾਰੀ ਮਸ਼ੀਨਰੀ ਦੀ ਲਾਪਰਵਾਹੀ ਸਿਥਲਤਾ ਤੇ ਅਣਗਹਿਲੀ ਦਾ ਵਰਣਨ ਕੀਤਾ ਗਿਆ।

ਡੈਮੋਕ੍ਰੇਟਿਕ ਰਾਈਟਸ ਲਈ ਪੀਪਲਜ਼ ਯੂਨੀਅਨ ਅਤੇ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ ਆਪਣੇ ਵੇਰਵੇ ਵਿੱਚ ਵਧੇਰੇ ਸਪੱਸ਼ਟ ਸਨ। ਇਸ ਰਿਪੋਰਟ ਵਿੱਚ ਕਿਹਾ ਗਿਆ ਕਿ "ਉਹ ਖੇਤਰ ਜੋ ਦੰਗਿਆਂ ਤੋਂ ਵਧੇਰੇ ਪ੍ਰਭਾਵਿਤ ਹੋਏ—ਜਿਵੇਂ ਤ੍ਰਿਲੋਕਪੁਰੀ, ਮੰਗੋਲਪੁਰੀ ਤੇ ਸੁਲਤਾਨਪੁਰੀ—ਉਹਨਾਂ ਵਿੱਚ ਸਥਾਨਕ ਮੁਹੱਲਿਆਂ ਦੇ ਇੰਦਰਾ ਕਾਂਗਰਸ ਦੇ ਸਿਆਸਤਦਾਨਾਂ ਤੇ ਬਦਮਾਸ਼ਾਂ ਨੇ ਫ਼ਸਾਦੀਆਂ ਦੇ ਹਜੂਮਾਂ ਦੀ ਅਗਵਾਈ ਕੀਤੀ।"

ਇਹਨਾਂ ਇਲਜ਼ਾਮਾਂ ਕਾਰਨ ਰਾਜੀਵ ਗਾਂਧੀ ਉੱਪਰ ਸਰਕਾਰੀ ਪੱਧਰ ਤੇ ਜਾਂਚ ਕਰਾਉਣ ਲਈ ਭਾਰੀ ਦਬਾਅ ਪਿਆ। ਆਖ਼ਰ ਉਹ ਹਿੰਸਕ ਘਟਨਾਵਾਂ ਦੇ ਪੰਜ ਮਹੀਨੇ ਮਗਰੋਂ ਅਪ੍ਰੈਲ ਵਿੱਚ ਅਜਿਹਾ ਕਰਨ ਲਈ ਸਹਿਮਤ ਹੋਇਆ। ਸਿੱਖਾਂ ਦੀ ਧਾਰਮਕ ਜਮਾਤ ਅਕਾਲੀ ਪਾਰਟੀ ਨੇ ਦਾਅਵਾ ਕੀਤਾ ਕਿ ਉਸ ਨੇ ਜਾਣ ਬੁਝ ਕੇ ਜਾਂਚ ਦਾ ਐਲਾਨ ਆਮ ਚੋਣਾਂ ਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਦੇ ਮਗਰੋਂ ਤਕ ਰੋਕੀ ਰੱਖਿਆ ਕਿਉਂਕਿ ਉਸ ਨੂੰ ਪ੍ਰਧਾਨ ਮੰਤਰੀ ਵਜੋਂ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਚੋਣਾਂ ਜਿੱਤ ਕੇ ਵਿਸ਼ਵਾਸਯੋਗਤਾ ਕਾਇਮ ਕਰਨ ਦੀ ਜ਼ਰੂਰਤ ਸੀ। ਸਿੱਖ ਸਿਆਸਤਦਾਨਾਂ ਅਨੁਸਾਰ, ਰਾਜੀਵ ਗਾਂਧੀ ਨੂੰ ਡਰ ਸੀ ਕਿ ਜਾਂਚ ਹਿੰਦੂ ਮੱਤਦਾਤਾਵਾਂ ਦੀ ਰੁਚੀ ਅਨੁਕੂਲ ਨਹੀਂ ਹੋਵੇਗੀ। ਪਹਿਲਾਂ ਸਰਕਾਰ ਨੇ ਇਹ ਕਿਹਾ ਕਿ ਜਾਂਚ ਖ਼ਤਰਨਾਕ ਹੋਵੇਗੀ ਕਿਉਂਕਿ ਇਸ ਨਾਲ 'ਪੁਰਾਣੇ ਜ਼ਖ਼ਮ ਫਿਰ ਤਾਜ਼ਾ ਹੋ ਜਾਣਗੇ।' ਜਦੋਂ ਆਖ਼ਰਕਾਰ ਗ੍ਰਹਿ ਮੰਤਰੀ ਨੇ ਜਾਂਚ ਦਾ ਐਲਾਨ ਕਰ ਦਿੱਤਾ ਤਾਂ ਇਸ ਨੂੰ ਉਹਨਾਂ ਰਿਆਇਤਾਂ ਦੇ ਸਮਝੌਤੇ ਦਾ ਇਕ ਹਿੱਸਾ ਦੱਸਿਆ ਜਿਹਨਾਂ ਦਾ ਮਨੋਰਥ ਪੰਜਾਬ ਵਿੱਚ ਸ਼ਾਂਤੀ ਬਹਾਲ ਕਰਨਾ ਸੀ। ਉਸ ਸਮੇਂ ਹਿੰਦੂਆਂ ਤੇ ਸਿੱਖਾਂ ਦੇ ਸੰਬੰਧਾਂ ਵਿੱਚ ਡੂੰਘੇ ਦਾਗ਼ ਪੈ ਚੁੱਕੇ ਸਨ। ਸ੍ਰੀ. ਐਮ. ਜੇ. ਅਕਬਰ ਨੇ ਆਪਣੀ ਪੁਸਤਕ, "ਦੀ ਸੀਜ ਵਿਧ ਇਨ" ਵਿੱਚ ਲਿਖਿਆ ਹੈ ਕਿ ਇਕ ਹਿੰਦੂ ਹੱਥੋਂ ਮਹਾਤਮਾ ਗਾਂਧੀ ਦੀ ਹੱਤਿਆ ਨੇ ਮੁਲਕ ਨੂੰ ਆਪਣੇ ਫ਼ਿਰਕੂ ਜਨੂਨ ਵਿੱਚੋਂ ਸਦਮਾ ਦੇ ਕੇ

ਬਾਹਰ ਕੱਢਿਆ ਤੇ ਸ਼੍ਰੀਮਤੀ ਗਾਂਧੀ ਦੀ ਦੋ ਸਿੱਖਾਂ ਵੱਲੋਂ ਹੱਤਿਆ ਨੇ ਸ਼ਾਇਦ ਸਿੱਖ ਭਾਈਚਾਰੇ ਨੂੰ ਸਵਰਨ ਮੰਦਰ ਦੇ ਹਮਲੇ ਕਾਰਨ ਪੈਦਾ ਹੋਏ ਗੁੱਸੇ ਦੇ ਸਦਮੇ 'ਚੋਂ ਬਾਹਰ ਕੱਢਿਆ ਹੋਵੇ ਪਰ ਦਿੱਲੀ ਦੰਗਿਆਂ ਨੇ ਉਸ ਉਮੀਦ 'ਤੇ ਪਾਣੀ ਫੇਰ ਦਿੱਤਾ।

ਕੋਈ ਨਹੀਂ ਕਹਿ ਸਕਦਾ ਕਿ ਦਿੱਲੀ ਵਿੱਚ ਸਿੱਖ ਵਿਰੋਧੀ ਦੰਗੇ ਕਦ ਤੱਕ ਜਾਰੀ ਰਹਿੰਦੇ ਜੇ ਰਾਜੀਵ ਗਾਂਧੀ ਆਪਣੀ ਮਾਤਾ ਦੇ ਦਾਹ ਸੰਸਕਾਰ ਤੋਂ ਕੁਝ ਘੰਟੇ ਪਹਿਲਾਂ, 3 ਨਵੰਬਰ ਦੀ ਸਵੇਰ ਨੂੰ ਸਭ ਤੋਂ ਅਧਿਕ ਤੇ ਬੁਰੀ ਤਰ੍ਹਾਂ ਪ੍ਰਭਾਵਿਤ ਖੇਤਰਾਂ ਵਿੱਚ ਨਾ ਜਾਂਦਾ। ਉਸ ਦੌਰੇ ਨੇ ਜਾਪਦਾ ਹੈ ਕਿ ਨਵੇਂ ਪ੍ਰਧਾਨ ਮੰਤਰੀ ਦੇ ਮਨ ਵਿੱਚ ਇਹ ਗੱਲ ਬਿਠਾ ਦਿੱਤੀ ਕਿ ਸਰਕਾਰ ਦਾ ਦਾਬਾ ਕਾਇਮ ਰੱਖਣ ਲਈ ਗੰਭੀਰ ਤੇ ਇਕਸਾਰ ਕਦਮ ਉਠਾਉਣ ਦੀ ਜ਼ਰੂਰਤ ਸੀ।

ਸੂਚਨਾ ਮੰਤਰੀ ਨੇ ਮੈਨੂੰ ਦੱਸਿਆ ਕਿ ਨਵੇਂ ਪ੍ਰਧਾਨ ਮੰਤਰੀ ਨੇ ਸੈਨਾ ਮੁਖੀ ਨੂੰ ਆਪ ਸ਼ਾਂਤੀ ਸਥਾਪਿਤ ਕਰਨ ਲਈ ਸਖ਼ਤ ਕਦਮ ਉਠਾਉਣ ਲਈ ਕਿਹਾ। ਦੁਪਹਿਰ ਤੱਕ ਬਕਤਰ-ਬੰਦ ਗੱਡੀਆਂ ਨਵੀਂ ਦਿੱਲੀ ਦੇ ਕੇਂਦਰ ਵਿੱਚ ਇੰਡੀਆ ਗੇਟ 'ਤੇ ਨਿਯੁਕਤ ਕਰ ਦਿੱਤੀਆਂ ਗਈਆਂ ਤੇ ਫ਼ੌਜੀਆਂ ਨਾਲ ਭਰੀਆਂ ਹੋਈਆਂ ਗੱਡੀਆਂ ਗਲੀਆਂ ਬਾਜ਼ਾਰਾਂ ਵਿੱਚ ਗਸ਼ਤ ਕਰਨ ਲੱਗੀਆਂ। ਪਰੰਤੂ ਸ੍ਰੀਮਤੀ ਗਾਂਧੀ ਦੇ ਦਾਹ ਸੰਸਕਾਰ ਲਈ ਫ਼ੌਜ ਬਹੁਤ ਦੇਰ ਨਾਲ ਪਹੁੰਚੀ।

ਮਹਾਤਮਾ ਗਾਂਧੀ, ਨਹਿਰੂ ਤੇ ਸ਼ਾਸਤਰੀ ਦੇ ਦਾਹ ਸਸਕਾਰ ਦੇ ਜਲੂਸ ਸਮੇਂ ਬਹੁਤ ਭਾਰੀ ਹਜੂਮ ਇਕੱਠੇ ਹੋਏ ਸਨ ਪਰ ਜਦੋਂ ਇੰਦਰਾ ਗਾਂਧੀ ਦੀ ਦੇਹ ਤੋਪ ਗੱਡੀ 'ਤੇ ਸ਼ਮਸ਼ਾਨ ਭੂਮੀ ਵੱਲ ਹੌਲੀ-ਹੌਲੀ ਨੰਗੇ ਮੂੰਹ ਤੇ ਜ਼ਖ਼ਮਾਂ ਨਾਲ ਭਰੀ ਲਿਜਾਈ ਜਾ ਰਹੀ ਸੀ ਤਾਂ ਦਿੱਲੀ ਦੀਆਂ ਗਲੀਆਂ ਲਗਭਗ ਸੁੰਨੀਆਂ ਸਨ। ਉਹ ਭਾਰਤੀ ਜੋ ਵਹੀਰਾਂ ਬਣਾ ਕੇ ਆਪਣੀ ਪ੍ਰਧਾਨ ਮੰਤਰੀ ਨੂੰ ਵੇਖਣ ਆਇਆ ਕਰਦੇ ਸਨ, ਡਰ ਕਾਰਨ ਉਹ ਉਸ ਦੇ ਆਖ਼ਰੀ ਸਫ਼ਰ ਸਮੇਂ ਉਸ ਤੋਂ ਦੂਰ ਹੀ ਰਹੇ।

ਜਦੋਂ ਰਾਜੀਵ ਗਾਂਧੀ ਇਕ ਉਦਾਸ ਤੇ ਗੌਰਵਮਈ ਸ਼ਖ਼ਸੀਅਤ ਦੇ ਰੂਪ ਵਿੱਚ ਆਪਣੀ ਮਾਂ ਦੀ ਚਿਖਾ ਕੋਲ ਖੜ੍ਹਾ ਸੀ ਤਾਂ ਉਹ ਇਹ ਸੋਚ ਕੇ ਹੈਰਾਨ ਹੋ ਰਿਹਾ ਹੋਵੇਗਾ ਕਿ ਕੀ ਉਹ ਆਪਣੀ ਮਾਂ ਦੀ ਵਿਰਾਸਤ ਨੂੰ ਸੰਭਾਲ ਸਕੇਗਾ ਤੇ ਉਸ ਅਨੁਸਾਰ ਪੂਰਾ ਉੱਤਰ ਸਕੇਗਾ। ਉਹ ਆਪਣੀ ਮਾਂ ਦੀਆਂ ਕਮਜ਼ੋਰੀਆਂ ਤੇ ਸ਼ਕਤੀਆਂ ਤੋਂ ਪੂਰੀ ਤਰ੍ਹਾਂ ਜਾਣੂ ਸੀ ਤੇ ਉਹ ਇਹ ਵੀ ਜਾਣਦਾ ਸੀ ਕਿ ਉਸ ਦੀਆਂ ਕਮਜ਼ੋਰੀਆਂ ਪੂਰੀ ਤਰ੍ਹਾਂ ਉਸ ਦੀ ਮੌਤ ਲਈ ਜ਼ੁੰਮੇਵਾਰ ਸਨ। ਉਸ ਨੂੰ ਪਹਿਲਾਂ ਹੀ ਇਸ ਗੱਲ ਦੀ ਜਾਣਕਾਰੀ ਸੀ ਕਿ ਉਸ ਦੇ ਸੁਰੱਖਿਆ ਪ੍ਰਬੰਧ ਵਿੱਚ ਬੱਜਰ ਤਰੁੱਟੀਆਂ ਤੇ ਅਣਗਹਿਲੀਆਂ ਸਨ ਜੋ ਮੁਜਰਮਾਨਾ ਅਣਗਹਿਲੀ ਦੇ ਤੁੱਲ ਸਨ। ਮਿਸਾਲ ਵਜੋਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਪੁਲੀਸ ਦੀਆਂ ਸੇਧਾਂ ਅਨੁਸਾਰ ਸ਼੍ਰੀਮਤੀ ਗਾਂਧੀ ਆਪਣੀ ਮੌਤ ਵਾਲੀ ਸਵੇਰ ਨੂੰ ਆਪਣੇ ਸੁਰੱਖਿਆ ਕ੍ਰਮੀਆਂ ਦੇ ਘੇਰੇ ਵਿੱਚ ਹੋਣੀ ਚਾਹੀਦੀ ਸੀ, ਪਰ ਉਸ ਦਿਨ ਇਸ ਤਰ੍ਹਾਂ ਨਹੀਂ ਸੀ। ਉਸ ਦਿਨ ਸਤਵੰਤ ਸਿੰਘ ਦਾ ਕਿਸੇ ਤਰ੍ਹਾਂ ਵੀ ਪ੍ਰਧਾਨ ਮੰਤਰੀ ਦੇ ਘਰ ਡਿਊਟੀ 'ਤੇ ਹੋਣ ਦਾ ਕੋਈ ਕਾਰਨ ਨਹੀਂ ਸੀ। ਉਹ ਉਸ ਸਮੇਂ ਹੀ ਦੋ ਮਹੀਨਿਆਂ ਦੀ ਛੁੱਟੀ ਪਿੱਛੋਂ ਗੁਰਦਾਸਪੁਰ ਜ਼ਿਲ੍ਹੇ ਤੋਂ ਵਾਪਸ ਆਇਆ ਸੀ ਜੋ ਪਾਕਿਸਤਾਨ ਦੀ ਸੀਮਾ ਨਾਲ ਸਿੱਖ ਆਤੰਕਵਾਦੀਆਂ

ਦਾ ਅੱਡਾ ਸੀ। ਉਸ ਨੂੰ ਉਸ ਸਮੇਂ ਬਾਹਰਲੇ ਘੇਰੇ ਵਿੱਚ ਹਾਜ਼ਰ ਕਰਵਾਇਆ ਜਾਣਾ ਚਾਹੀਦਾ ਸੀ ਤਦ ਤੱਕ ਜਦ ਤੱਕ ਉਹਦੇ ਉੱਚ ਅਧਿਕਾਰੀਆਂ ਨੂੰ ਯਕੀਨ ਨਾ ਹੋ ਜਾਂਦਾ ਕਿ ਉਹ ਉਹਨਾਂ ਪੇਂਡੂ ਸਿੱਖਾਂ ਦੇ ਹਿਸਕ ਵੈਰ-ਭਾਵ ਤੋਂ ਪ੍ਰਭਾਵਿਤ ਨਹੀਂ ਹੋਇਆ ਸੀ ਜੋ ਇਹ ਖ਼ਿਆਲ ਕਰਦੇ ਸਨ ਤੇ ਮਹਿਸੂਸ ਕਰਦੇ ਸਨ ਕਿ ਸ੍ਰੀਮਤੀ ਗਾਂਧੀ ਨੇ ਸਵਰਨ ਮੰਦਰ ਸਮੂਹ ਵਿੱਚ ਫ਼ੌਜ ਭੇਜ ਕੇ ਬਹੁਤ ਹੀ ਭੈੜੀ ਕਿਸਮ ਦਾ ਅਪਵਿੱਤਰ ਤੇ ਬੇਹੁਰਮਤੀ ਦਾ ਕਾਰਜ ਕੀਤਾ ਸੀ। ਸਤਵੰਤ ਸਿੰਘ ਆਪਣੇ ਸਹਿ-ਅਪਰਾਧੀ ਦੇ ਨਾਲ ਹੀ ਆਪਣੀ ਹਾਜ਼ਰੀ ਲਗਵਾਉਣ ਵਿੱਚ ਇਹ ਕਹਿ ਕੇ ਕਾਮਯਾਬ ਹੋ ਗਿਆ ਸੀ ਕਿ ਉਸ ਦੇ ਪੇਟ ਵਿੱਚ ਗੜਬੜ ਹੈ ਤੇ ਉਸ ਨੂੰ ਪਾਖ਼ਾਨੇ ਦੇ ਨੇੜੇ ਰਹਿਣ ਦੀ ਜ਼ਰੂਰਤ ਸੀ। ਬਿਅੰਤ ਸਿੰਘ ਦੇ ਉੱਚ ਅਧਿਕਾਰੀ ਜਾਣਦੇ ਸਨ ਕਿ ਉਹ ਦਿੱਲੀ ਦੇ ਮੁੱਖ ਗੁਰਦਵਾਰਿਆਂ ਵਿੱਚ ਸਿੱਖ ਅੱਤਵਾਦੀਆਂ ਨੂੰ ਮਿਲਦਾ ਰਿਹਾ ਸੀ ਤੇ ਉਹਨਾਂ ਨੇ ਉਸ ਨੂੰ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਾਸਤੇ ਦਿੱਲੀ ਦੇ ਹਥਿਆਰਬੰਦ ਪੁਲਸ ਦੇ ਸੁਰੱਖਿਆ ਦਸਤੇ ਵਿੱਚੋਂ ਹਟਾ ਦਿੱਤਾ ਸੀ, ਪਰੰਤੂ ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਉਸ ਨੂੰ ਬਹਾਲ ਕਰ ਦਿੱਤਾ ਜਾਵੇ। ਰਾਜੀਵ ਗਾਂਧੀ ਨੂੰ ਸਤਵੰਤ ਸਿੰਘ ਦੇ ਵਤੀਰੇ ਬਾਰੇ ਸ਼ੱਕ ਸੀ ਤੇ ਉਸ ਨੇ, ਉਸ ਨੂੰ ਪ੍ਰਧਾਨ ਮੰਤਰੀ ਦੇ ਨਿਵਾਸ ਦੇ ਅੰਦਰੂਨੀ ਘੇਰੇ ਵਿੱਚ ਡਿਊਟੀ ਤੋਂ ਹਟਾ ਦਿੱਤਾ ਸੀ। ਹੱਤਿਆ ਦੇ ਚਾਰ ਮਹੀਨੇ ਮਗਰੋਂ ਐਮ.ਜੇ. ਅਕਬਰ ਨਾਲ ਮੁਲਾਕਾਤ ਵਿੱਚ ਰਾਜੀਵ ਨੇ ਕਿਹਾ ਸੀ, "ਤੁਸੀਂ ਜਾਣਦੇ ਹੋ ਕਿ ਮੈਂ ਰਾਤ ਨੂੰ ਅਕਬਰ ਰੋਡ (ਪ੍ਰਧਾਨ ਮੰਤਰੀ ਦਾ ਦਫ਼ਤਰ) ਤੇ ਮੁਲਾਕਾਤਾਂ ਕਰਿਆ ਕਰਦਾ ਸੀ ਤੇ ਕਈ ਵਾਰ ਜਦੋਂ ਅਸੀਂ ਰਿਹਾਇਸ਼ੀ ਸਥਾਨ ਵੱਲ ਰਾਤ ਦੇ ਇਕ ਜਾਂ ਦੋ ਵਜੇ ਪੈਦਲ ਆਉਂਦੇ ਤਾਂ ਮੈਂ ਕਈ ਵਾਰ ਉਸ ਦੇ ਵਤੀਰੇ ਬਾਰੇ ਹੈਰਾਨ ਵੀ ਹੋਇਆ। ਜਦ ਉਹ ਆਪਣੀ ਬੰਦੂਕ ਮੇਰੇ ਵੱਲ ਸਿੱਧੀ ਕਰਕੇ ਖੜ੍ਹਾ ਹੁੰਦਾ ਤਾਂ ਮੈਂ ਸੋਚ ਵਿੱਚ ਪੈ ਜਾਂਦਾ ਸੀ। ਤੇ ਤੁਸੀਂ ਜਾਣਦੇ ਹੋ ਕਿ ਮੇਰੇ ਆਪਣੇ ਸੁਰੱਖਿਆ ਜਵਾਨ ਸਨ, ਪਰ ਜੇ ਇਹ ਬੰਦੂਕ ਦਾ ਘੋੜਾ ਨੱਪ ਦਿੰਦਾ ਤਾਂ ਕੋਈ ਵੀ ਮੈਨੂੰ ਉਸ ਦੀ ਮਾਰ ਤੋਂ ਨਾ ਬਚਾ ਸਕਦਾ ਕਿਉਂਕਿ ਉਹ ਤਾਂ ਪਹਿਲਾਂ ਹੀ ਟਿਕਾਣੇ 'ਤੇ ਸੀ। ਉਸ ਮਗਰੋਂ ਉਸ ਨੂੰ ਉਸ ਥਾਂ ਤੋਂ ਹਟਾ ਦਿੱਤਾ ਗਿਆ। ਫਿਰ ਉਹ ਚਾਲਾਕੀ ਤੇ ਕਮੀਨਗੀ ਭਰੀ ਹਰਕਤ ਕਰਕੇ ਪਹਿਲੀ ਥਾਂ 'ਤੇ ਹੀ ਵਾਪਸ ਆ ਗਿਆ।"

ਸ਼੍ਰੀਮਤੀ ਗਾਂਧੀ ਨੂੰ ਹੜ੍ਹ ਵਾਂਗੂੰ ਉਸ ਦੀ ਤੇ ਉਸ ਦੇ ਪਰਿਵਾਰ ਦੀ ਜਾਨ ਲੈਣ ਲਈ ਖ਼ਤ ਆਉਣ ਲੱਗ ਪਏ ਸਨ। ਉਸ ਨੂੰ ਧਮਕੀਆਂ ਭਰੇ ਖ਼ਤ ਬੀ.ਬੀ.ਸੀ. ਦੇ ਦਫ਼ਤਰ ਵਿੱਚ ਵੀ ਪਹੁੰਚਦੇ ਸਨ ਤੇ ਜਿੱਥੋਂ ਤੱਕ ਸਾਡੀ ਜਾਣਕਾਰੀ ਹੈ, ਉਹਨਾਂ ਖ਼ਤਾਂ ਦੀ ਜਾਂਚ ਕਰਨ ਲਈ ਕੋਈ ਜਤਨ ਨਹੀਂ ਕੀਤਾ ਗਿਆ ਸੀ। ਦੋਹਾਂ ਹਤਿਆਰਿਆਂ ਨੂੰ ਕਤਲ ਕਰਨਾ ਵੀ ਜੋ ਇਸ ਘਟਨਾ ਦੇ ਚਸ਼ਮਦੀਦ ਸ਼ਾਹਦ ਸਨ, ਉਹਨਾਂ ਨੂੰ ਇੰਡੋ ਤਿੱਬਤ ਸੀਮਾ ਪੁਲੀਸ ਵੱਲੋਂ ਮਾਰ ਦਿੱਤਾ ਜਾਣਾ ਵੀ ਪੁਲਸ ਬਲ ਦੇ ਅਨੁਸ਼ਾਸਨ ਦੀ ਘਟੀਆ ਵੰਨਗੀ ਹੈ। ਉਹਨਾਂ ਨੂੰ ਸ਼੍ਰੀਮਤੀ ਗਾਂਧੀ ਦੀ ਸੁਰੱਖਿਆ ਲਈ ਉਸ ਸਮੇਂ ਲਿਆਂਦਾ ਗਿਆ ਸੀ ਜਦੋਂ ਉਸ ਦੀ ਜ਼ਿੰਦਗੀ ਨੂੰ ਖ਼ਤਰਾ ਇਤਨਾ ਵੱਧ ਗਿਆ ਸੀ ਕਿ ਉਸ ਨੂੰ ਸਿਰਫ਼ ਦਿੱਲੀ ਪੁਲੀਸ ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ ਸੀ। ਇਹ ਗੱਲ ਨਿਸ਼ਚਿਤ ਹੀ ਸੀ ਕਿ ਕੁਝ ਲੋਕ ਇਸ ਘਟਨਾ ਦੀ ਤੁਲਨਾ ਰਾਸ਼ਟਰਪਤੀ ਕੈਨੇਡੀ ਦੇ ਹੱਤਿਆਰੇ ਲੀ ਹਾਰਵੇ ਓਸਵਾਲਡ

ਨੂੰ ਗੋਲੀ ਮਾਰੇ ਜਾਣ ਨਾਲ ਕਰਦੇ ਹਨ। ਪੁਲੀਸ ਵੱਲੋਂ ਹਤਿਆਰੇ ਬਾਰੇ ਚਿੱਤਰ, ਜੋ ਇਕ ਸਿੱਖ ਬਲਬੀਰ ਸਿੰਘ ਨੇ ਤਿਆਰ ਕੀਤਾ ਸੀ ਜਿਹੜਾ ਅਪਰਾਧ ਸ਼ਾਖ਼ਾ ਵਿੱਚ ਡਰਾਫਟਸਮੈਨ ਸੀ, ਸ੍ਰੀਮਤੀ ਗਾਂਧੀ ਦੇ ਘਰ ਦੀ ਛੱਤ 'ਤੇ ਤਿੰਨ ਗੋਲੀਆਂ ਦੇ ਨਿਸ਼ਾਨ ਦਰਸਾਉਂਦਾ ਹੈ। ਨਿਸ਼ਾਨੇ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸਾਜ਼ਿਸ਼ ਸਤਵੰਤ ਸਿੰਘ ਤੇ ਬਿਅੰਤ ਸਿੰਘ ਦੋਹਾਂ ਦੀ ਨਹੀਂ ਸਗੋਂ ਬੜੀ ਡੂੰਘੀ ਤੇ ਵੱਡੀ ਸੀ। ਸਤਵੰਤ ਸਿੰਘ ਦੇ ਵਕੀਲ ਪੀ.ਐਨ. ਲੇਖੀ ਅਨੁਸਾਰ ਪੋਸਟ ਮਾਰਟਮ ਦੀ ਰਿਪੋਰਟ ਦਰਸਾਉਂਦੀ ਹੈ ਕਿ ਸ੍ਰੀਮਤੀ ਗਾਂਧੀ ਦੀ ਪਿੱਠ 'ਤੇ ਵੀ ਸੱਤ ਗੋਲੀਆਂ ਲੱਗੀਆਂ ਸਨ ਜਿਸ ਦਾ ਮਤਲਬ ਸਾਫ਼ ਹੈ ਕਿ ਉਸ ਦੇ ਸਾਮ੍ਹਣੇ ਵਾਲੇ ਪਾਸੇ ਦੇ ਨਾਲ-ਨਾਲ ਮਗਰਲੇ ਪਾਸੇ ਤੋਂ ਵੀ ਗੋਲੀਆਂ ਮਾਰੀਆਂ ਗਈਆਂ ਸਨ। ਇਹ ਵੀ ਸੰਭਵ ਹੋ ਸਕਦਾ ਹੈ ਕਿ ਦੋਹਾਂ ਰੱਖਿਅਕਾਂ ਨੇ ਪਿਛਲੇ ਪਾਸਿਉਂ ਇਹ ਗੋਲੀਆਂ ਉਸ ਸਮੇਂ ਮਾਰੀਆਂ ਹੋਣ ਜਦੋਂ ਉਹ ਜ਼ਮੀਨ ਉੱਪਰ ਮਰੋੜੀ ਮਧੋਲੀ ਪਈ ਹੋਈ ਸੀ।

ਇਹ ਕੇਵਲ ਪ੍ਰਧਾਨ ਮੰਤਰੀ ਦੀ ਨਿੱਜੀ ਸੁਰੱਖਿਆ ਦਾ ਘੇਰਾ ਹੀ ਨਹੀਂ ਸੀ ਜੋ ਸ਼ਰਮਨਾਕ ਹੱਦ ਤੱਕ ਢਿੱਲਾ ਤੇ ਲਾਪਰਵਾਹੀ ਵਾਲਾ ਸੀ। ਸ੍ਰੀਮਤੀ ਗਾਂਧੀ ਦੀ ਮੌਤ ਦੇ ਕੁਝ ਮਹੀਨਿਆਂ ਪਿੱਛੋਂ ਹੀ ਉਹਦੇ ਮੁੱਖ ਸਕੱਤਰ ਨੇ ਉਸ ਸਮੇਂ ਤਿਆਗ ਪੱਤਰ ਦੇ ਦਿੱਤਾ ਸੀ ਜਦੋਂ ਇਹ ਪਤਾ ਲੱਗਾ ਕਿ ਉਹਦੇ ਸਟਾਫ਼ ਦੇ ਅਧੀਨ ਕਰਮਚਾਰੀ ਗੁਪਤ ਦਸਤਾਵੇਜ਼ਾਂ ਦੀਆਂ ਫ਼ੋਟੋਕਾਪੀਆਂ ਵਿਦੇਸ਼ੀ ਦੂਤਾਂ ਨੂੰ ਵੇਚ ਰਹੇ ਸਨ। ਇਹ ਢਿੱਲ ਤੇ ਲਾਪਰਵਾਹੀ ਇਸ ਕਰਕੇ ਆਈ ਸੀ ਕਿਉਂਕਿ ਸ਼੍ਰੀਮਤੀ ਗਾਂਧੀ ਪੂਰਬੀ ਸੱਤਾਧਾਰੀਆਂ ਵਾਂਗ ਚਮਚਿਆਂ ਦੇ ਜਾਲ ਵਿੱਚ ਫਸ ਗਈ ਸੀ। ਉਹ ਉਹਨਾਂ ਚਾਪਲੂਸਾਂ ਵਿੱਚ ਘਿਰੀ ਹੋਈ ਸੀ ਜੋ ਉਸ ਨੂੰ ਉਹੋ ਕੁਝ ਦੱਸਦੇ ਸਨ ਜੋ ਉਹ ਸੁਣਨਾ ਚਾਹੁੰਦੀ ਸੀ। ਉਹ ਉਸ ਨੂੰ ਕਦੇ ਉਹ ਕੁਝ ਨਹੀਂ ਦੱਸਦੇ ਸਨ ਜੋ ਉਸ ਨੂੰ ਸੁਣਨਾ ਚਾਹੀਦਾ ਸੀ। ਭਾਵੇਂ ਉਹ ਲੋਕ-ਤਾਂਤ੍ਰਿਕ ਢੰਗ ਨਾਲ ਚੁਣੀ ਹੋਈ ਪ੍ਰਧਾਨ ਮੰਤਰੀ ਸੀ, ਪਰ ਹਕੀਕਤ ਵਿੱਚ ਉਹ ਪੁਰਾਤਨ ਸਮਿਆਂ ਵਾਂਗ ਦਰਬਾਰ ਲਗਾਇਆ ਕਰਦੀ ਸੀ ਜੋ ਗੱਪਬਾਜ਼ੀ ਤੇ ਸਾਜ਼ਿਸ਼ਾਂ ਦੀ ਜਨਮ ਭੂਮੀ ਸੀ। ਮੈਂ ਇਕ ਵਾਰ ਉਸ ਨੂੰ ਪੁੱਛਿਆ ਕਿ ਉਸ ਦਾ ਆਪਣੀ ਮਾਤਾ ਦੇ ਦਰਬਾਰੀਆਂ ਦੀ ਹਰ ਪਾਸੇ ਫੈਲੀ ਆਲੋਚਨਾ ਬਾਰੇ ਕੀ ਵਿਚਾਰ ਸੀ। ਉਸ ਨੇ ਕਿਹਾ ਕਿ ਤੁਹਾਡਾ ਆਪਣੇ ਗੁੱਟ ਜਾਂ ਜੁੰਡਲੀ ਬਿਨਾਂ ਗੁਜ਼ਾਰਾ ਨਹੀਂ ਹੈ। ਉਹ ਇਹ ਵੀ ਜਾਣਦਾ ਸੀ ਕਿ ਜੇ ਉਹਦੀ ਮਾਂ ਭਾਰਤ ਦੇ ਸਭ ਤੋਂ ਖ਼ੁਸ਼ਹਾਲ ਪ੍ਰਾਂਤ ਵਿੱਚ ਹਿੰਸਾ, ਘਿਰਣਾ ਤੇ ਸੰਪਰਦਾਇਕਤਾ ਦਾ ਜ਼ਹਿਰ ਫੈਲਾਉਣ ਵਾਲੇ ਸਿੱਖ ਮੂਲਵਾਦੀ ਸੰਤ ਸਿੰਘ ਜਰਨੈਲ ਸਿੰਘ ਭਿੰਡਰਾਂਵਾਲੇ ਵਿਰੁੱਧ ਕਾਫ਼ੀ ਪਹਿਲਾਂ ਕਦਮ ਉਠਾਉਂਦੀ ਤਾਂ ਸਵਰਨ ਮੰਦਰ 'ਤੇ ਹਮਲਾ ਕਰਨ ਤੋਂ ਬਚਿਆ ਜਾ ਸਕਦਾ ਸੀ। ਸੰਤ ਨੇ ਪਵਿੱਤਰ ਸਿੱਖ ਧਰਮ ਅਸਥਾਨ ਨੂੰ ਇਕ ਕਿਲ੍ਹੇ ਵਿੱਚ ਬਦਲ ਦਿੱਤਾ ਸੀ ਜਿੱਥੇ ਬੈਠ ਕੇ ਉਸ ਨੇ ਭਾਰਤ ਸਰਕਾਰ ਤੇ ਭਾਰਤੀ ਸੈਨਾ ਨੂੰ ਲਲਕਾਰਿਆ ਤੇ ਟੱਕਰ ਲਈ। ਪ੍ਰਧਾਨ ਮੰਤਰੀ ਦੇ ਪੁੱਤਰ ਨੇ ਖੁੱਲ੍ਹੇ ਤੌਰ 'ਤੇ ਭਿੰਡਰਾਂਵਾਲੇ ਨੂੰ ਸਵਰਨ ਮੰਦਰ ਸਮੂਹ ਦੀ ਕਿਲ੍ਹਾਬੰਦੀ ਕਰਨ ਤੋਂ ਪਹਿਲਾਂ ਗਰਿਫ਼ਤਾਰ ਕਰਨ ਦੀ ਅਸਫਲਤਾ ਦੀ ਆਲੋਚਨਾ ਕੀਤੀ ਸੀ ਪਰੰਤੂ ਉਸ ਦੀ ਮਾਂ ਨੇ ਉਹਦੀ ਆਲੋਚਨਾ ਅਣਸੁਣੀ ਕਰ ਦਿੱਤੀ।

ਸ਼੍ਰੀਮਤੀ ਗਾਂਧੀ ਨੇ ਪਹਿਲਾਂ ਇਹ ਕਾਰਵਾਈ ਕਿਉਂ ਨਾ ਕੀਤੀ ? ਇਸ ਦੇ ਕਈ ਤਰਕਯੁਕਤ ਤੇ ਮੋਂਠਗਣੇ ਸਿਆਸੀ ਸਪੱਸ਼ਟੀਕਰਨ ਹਨ। ਸ੍ਰੀਮਤੀ ਗਾਂਧੀ ਆਪਣੇ

ਅਹੁਦੇ ਦੇ ਆਖ਼ਰੀ ਕਾਲ ਵਿੱਚ ਆਪਣੀ ਪਾਰਟੀ ਦੇ ਰਵਾਇਤੀ ਸਮਰਥਕਾਂ—ਮੁਸਲਮਾਨਾਂ ਤੇ ਅਛੂਤਾਂ—ਵੱਲੋਂ ਬੇਪਰਵਾਹ ਹੋ ਗਈ ਸੀ ਤੇ ਉਸ ਨੇ ਬਹੁਮੱਤ ਵਾਲੇ ਹਿੰਦੂ ਫ਼ਿਰਕੇ ਨੂੰ ਇਕ ਮਜ਼ਬੂਤ ਵੋਟ-ਕੋਸ਼ ਵਜੋਂ ਤਿਆਰ ਕਰਨ ਦੀ ਕੋਸ਼ਿਸ਼ ਕੀਤੀ। ਇਹ ਢੰਗ ਪਹਿਲਾਂ ਵੀ ਕਦੇ ਜਾਤਾਂ ਪਾਤਾਂ ਦੇ ਵਿਤਕਰੇ ਦੀਆਂ ਡੂੰਘੀਆਂ ਵੰਡੀਆਂ ਕਾਰਨ ਸਫਲ ਨਹੀਂ ਹੋਇਆ ਸੀ ਤੇ ਨਾ ਹੀ ਇਸ ਦਾ ਲਾਭ ਪ੍ਰਾਪਤ ਕੀਤਾ ਜਾ ਸਕਿਆ ਸੀ। ਇਸ ਨਵੇਂ ਸਿਆਸੀ ਗੱਠਜੋੜ ਤੇ ਸੰਗਠਨ ਦੀ ਉਤਪ੍ਰੇਰਕ ਉਹ ਨਵਾਂ ਹਿੰਦੂ ਧਰਮ ਪੁਨਰ-ਜਾਗਰਣਵਾਦ ਸੀ ਜੋ ਭਾਰਤ ਭਰ ਵਿੱਚ ਤੇਜ਼ੀ ਨਾਲ ਉਭਰ ਰਿਹਾ ਸੀ। ਹਿੰਦੂ ਆਪਣੇ ਆਪ ਨੂੰ ਤੀਹ ਸਾਲਾਂ ਤੋਂ ਵਧੀਕ ਸਮੇਂ ਦੀ ਧਰਮ-ਨਿਰਪੇਖਤਾ ਦਾ ਸ਼ਿਕਾਰ ਅਨੁਭਵ ਕਰ ਰਹੇ ਸਨ ਜਿਸ ਵਿੱਚ ਮੁਸਲਿਮ ਪਰਿਵਾਰਕ ਕਾਨੂੰਨ ਨੂੰ ਸੁਰੱਖਿਆ ਪ੍ਰਾਪਤ ਸੀ। ਹਿੰਦੂਆਂ ਦੀ ਕੀਮਤ 'ਤੇ ਸਿੱਖਾਂ ਨੂੰ ਆਪਣਾ ਰਾਜ ਦੇ ਦਿੱਤਾ ਗਿਆ ਸੀ ਤੇ ਹਰੀਜਨਾਂ ਨੂੰ ਸਿੱਖਿਆ ਤੇ ਰੁਜ਼ਗਾਰ ਦੇ ਵਿਸ਼ੇਸ਼ ਮੌਕੇ ਦਿੱਤੇ ਗਏ ਸਨ। ਜਿਸ ਤਰ੍ਹਾਂ ਐਮ. ਜੇ. ਅਕਬਰ ਨੇ ਲਿਖਿਆ ਹੈ ਕਿ : "ਹਿੰਦੂ ਪੁਨਰ ਜਾਗਰਨਵਾਦੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਹਿੰਦੂ ਬਹੁ-ਗਿਣਤੀ ਵਾਲੇ ਭਾਰਤ ਵਿੱਚ ਇਹ ਹਿੰਦੂ ਧਰਮ ਹੀ ਹੈ ਜੋ ਖ਼ਤਰੇ ਵਿੱਚ ਹੈ ਨਾ ਕਿ ਇਸਲਾਮ।"

ਇਸ ਦਾ ਇਤਨਾ ਪ੍ਰਭਾਵ ਪਿਆ ਕਿ ਸ੍ਰੀਮਤੀ ਗਾਂਧੀ ਨੇ ਵੀ ਇਹ ਯਕੀਨ ਕਰਨਾ ਸ਼ੁਰੂ ਕਰ ਦਿੱਤਾ ਕਿ ਜੇ ਘੱਟ ਗਿਣਤੀਆਂ ਨੂੰ ਹੋਰ ਰਿਆਇਤਾਂ ਦੇ ਕੇ ਪੁਚ ਪੁਚ ਕੀਤੀ ਗਈ ਤਾਂ ਹਿੰਦੂਆਂ ਵੱਲੋਂ ਇਸ ਦੀ ਤਿੱਖੀ ਪ੍ਰਤੀਕਿਰਿਆ ਹੋਵੇਗੀ। ਇਸ ਧਰਮ ਪੁਨਰ-ਜਾਗਰਣਵਾਦ ਦਾ ਮੁਕਾਬਲਾ ਕਰਨ ਦੀ ਥਾਂ ਉਹ ਇਸ ਲਹਿਰ 'ਤੇ ਜਿਥੋਂ ਤੱਕ ਸੰਭਵ ਸੀ, ਆਪ ਹੀ ਸਵਾਰ ਹੋ ਗਈ। ਕਈਆਂ ਦਾ ਖ਼ਿਆਲ ਹੈ ਕਿ ਸ੍ਰੀਮਤੀ ਗਾਂਧੀ ਵਿੱਚ ਧਰਮ ਨਿਰਪੇਖਤਾ ਦੀ ਥਾਂ ਤੇ ਹਿੰਦੂ ਰਾਜਨੀਤੀ ਵੱਲ ਝੁਕਾਅ ਕਾਰਨ ਆਈ ਤਬਦੀਲੀ ਕਰਕੇ ਹੀ ਉਸ ਨੇ ਭਿੰਡਰਾਂਵਾਲੇ ਵਿਰੁੱਧ ਕਦਮ ਉਠਾਉਣ 'ਚ ਦੇਰੀ ਕੀਤੀ ਕਿਉਂਕਿ ਉਹ ਹਿੰਦੂ ਧਰਮ ਨੂੰ ਘੱਟ ਗਿਣਤੀ ਫ਼ਿਰਕੇ ਵੱਲੋਂ ਮਿਲੀ ਵੰਗਾਰ ਤੋਂ ਖ਼ੁਸ਼ ਸੀ। ਇਸ ਨਾਲ ਹਿੰਦੂ ਫ਼ਿਰਕੇ ਨੂੰ ਇਕ ਜੁੱਟ ਕਰਨ ਵਿੱਚ ਉਸ਼ ਨੂੰ ਸਹਾਇਤਾ ਮਿਲਦੀ ਸੀ।

ਇਸ ਸਿਧਾਂਤ ਦੇ ਕੁਝ ਧਾਰਕ ਸਾਨੂੰ ਇਹ ਯਕੀਨ ਕਰਾਉਣਾ ਚਾਹੁੰਦੇ ਹਨ ਕਿ ਉਸ ਨੇ ਇਹ ਕਦਮ ਉਸ ਸਮੇਂ ਹੀ ਉਠਾਇਆ ਜਦੋਂ ਭਿੰਡਰਾਂਵਾਲਾ ਤੱਤ ਉਸ ਦੇ ਵਿਰੁੱਧ ਹੋ ਗਿਆ ਤੇ ਹਿੰਦੂਆਂ ਨੇ ਉਸ ਵੱਲੋਂ ਉਹਨਾਂ ਦੀ ਰੱਖਿਆ ਕਰਨ ਦੀ ਸਮਰੱਥਾ 'ਤੇ ਸ਼ੱਕ ਪ੍ਰਗਟ ਕਰਨਾ ਸ਼ੁਰੂ ਕਰ ਦਿੱਤਾ। ਕੁਝ ਹੋਰਨਾਂ ਦਾ ਵਿਚਾਰ ਹੋਰ ਵੀ ਵਧੇਰੇ ਸਨਕੀ ਤੇ ਨਿਚੋੜ-ਭਰਪੂਰ ਹੈ। ਉਹਨਾਂ ਦਾ ਯਕੀਨ ਹੈ ਕਿ ਸ੍ਰੀਮਤੀ ਗਾਂਧੀ ਸੱਚਮੁੱਚ ਹੀ ਸਿੱਖ ਭਾਈਚਾਰੇ ਨੂੰ ਮਾਰੂ ਸੱਟ ਇਸ ਲਈ ਮਾਰਨਾ ਚਾਹੁੰਦੀ ਸੀ ਤਾਂ ਜੋ ਉਹ ਹਿੰਦੂਆਂ ਦੀ 'ਵਾਹ ਵਾਹ' ਬਟੋਰ ਸਕੇ। 1984 ਦੇ ਅੰਤ 'ਤੇ ਆਮ ਚੋਣਾਂ ਹੋਣ ਵਾਲੀਆਂ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਸ੍ਰੀਮਤੀ ਗਾਂਧੀ ਇਕ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਤਬਾਹੀ ਦੀ ਹਿੰਦੂ ਦੇਵੀ ਦੁਰਗਾ ਵਾਲਾ ਆਪਣਾ ਉਹ ਪ੍ਰਤੀਬਿੰਬ ਪੁਨਰ-ਸਥਾਪਿਤ ਕਰਨਾ ਚਾਹੁੰਦੀ ਸੀ ਜੋ ਉਸ ਨੇ ਪਾਕਿਸਤਾਨੀ ਸੈਨਾ ਨੂੰ 1971 ਵਿੱਚ ਹਾਰ ਦੇ ਕੇ ਤੇ ਉਸ ਮੁਲਕ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਪ੍ਰਾਪਤ ਕੀਤਾ ਸੀ।

ਅਖ਼ਬਾਰਾਂ ਵਿੱਚ ਇਸ ਗੱਲ ਦੀ ਵੀ ਚਰਚਾ ਕੀਤੀ ਜਾਂਦੀ ਸੀ ਕਿ ਸ੍ਰੀਮਤੀ ਗਾਂਧੀ ਆਪਣੇ ਪ੍ਰਤੀਬਿੰਬ ਨੂੰ ਪਾਕਿਸਤਾਨ ਉੱਪਰ ਇਕ ਹੋਰ ਹਮਲਾ ਕਰਕੇ ਵੀ ਚਮਕਾਉਣਾ ਚਾਹੁੰਦੀ ਸੀ। ਸਾਨੂੰ ਇਸ ਸੰਭਾਵਨਾ ਉੱਪਰ ਕਦੇ ਗੰਭੀਰਤਾ ਨਾਲ ਵਿਸ਼ਵਾਸ ਨਾ ਆਇਆ। ਸ਼੍ਰੀਮਤੀ ਗਾਂਧੀ ਜੋ ਉਸ ਸਮੇਂ ਨਿਰਪੱਖ ਦੇਸ਼ਾਂ ਦੀ ਲਹਿਰ-ਨਾਮ-ਦੀ ਪ੍ਰਧਾਨ ਸੀ, ਉਹ ਆਪਣੀ ਅੰਤਰਰਾਸ਼ਟਰੀ ਭੂਮਿਕਾ ਬਾਰੇ ਬਹੁਤ ਜ਼ਿਆਦਾ ਸੁਚੇਤ ਸੀ ਤੇ ਉਹ ਪਾਕਿਸਤਾਨ ਉੱਪਰ ਹਮਲਾ ਬੜੀ ਚਤੁਰਤਾ ਨਾਲ ਵਿਸ਼ਵ ਵਿਚਾਰਧਾਰਾ ਨੂੰ ਆਪਣੇ ਪੱਖ ਵਿੱਚ ਕਰਨ ਤੋਂ ਬਿਨਾਂ ਨਹੀਂ ਕਰ ਸਕਦੀ ਸੀ ਜਿਵੇਂ ਕਿ ਉਸ ਨੇ 1971 ਵਿੱਚ ਕੀਤਾ ਸੀ। ਪਾਕਿਸਤਾਨ ਦਾ ਫ਼ੌਜੀ ਹਾਕਮ ਜਰਨੈਲ ਜ਼ੀਆ ਵੀ ਬਹੁਤ ਸ਼ਾਤਰ ਸੀ ਤੇ ਉਹ ਸ਼੍ਰੀਮਤੀ ਗਾਂਧੀ ਨੂੰ ਐਵੇਂ ਬਹਾਨਾ ਦੇਣ ਲਈ ਤਿਆਰ ਨਹੀਂ ਸੀ। ਉਸ ਨੇ "ਸ਼ਾਂਤਮਈ ਆਕ੍ਰਮਣ" ਦੀ ਚਾਲ ਖੇਡੀ। ਇਸ ਲਈ ਨਿਗੌਚੀਆਂ ਦੀ ਦਲੀਲ ਸੀ ਕਿ ਸ਼੍ਰੀਮਤੀ ਗਾਂਧੀ ਨੂੰ ਸ਼ਾਨਦਾਰ ਚੋਣ ਜਿੱਤਣ ਲਈ ਕਿਸੇ ਹੋਰ ਪਾਸੇ ਕਦਮ ਉਠਾਉਣ ਦੀ ਜ਼ਰੂਰਤ ਸੀ ਤੇ ਇਹ ਬਹਾਨਾ ਉਸ ਨੂੰ ਪੰਜਾਬ ਵਿੱਚ ਮਿਲ ਗਿਆ।

ਮੇਰਾ ਤੇ ਸਤੀਸ਼ ਜੈਕਬ ਵੱਲੋਂ ਸਵਰਨ ਮੰਦਰ ਉੱਪਰ ਹਮਲੇ ਦੀ ਘੱਟ ਭੇੜੀ ਵਿਆਖਿਆ ਹੈ ਜੋ ਇੰਦਰਾ ਗਾਂਧੀ ਦੀ ਮੌਤ ਦਾ ਸਪੱਸ਼ਟ ਕਾਰਨ ਬਣਿਆ। ਭਾਰਤੀਆਂ ਨੇ ਭਾਵੇਂ ਸ਼੍ਰੀਮਤੀ ਗਾਂਧੀ ਨੂੰ "ਦੁਰਗਾ" ਕਿਹਾ ਹੋਵੇ ਜਾਂ ਪੱਛਮੀ ਅਖ਼ਬਾਰਾਂ ਨੇ ਉਸ ਨੂੰ "ਲੋਹ-ਤ੍ਰੀਮਤ" ਕਿਹਾ ਹੋਵੇ ਜਾਂ "ਭਾਰਤੀ ਮਹਾਰਾਣੀ", ਪਰੰਤੂ ਪਿਛਲੇ 20 ਸਾਲਾਂ ਉੱਪਰ ਝਾਤ ਮਾਰ ਕੇ ਇਹੋ ਤਰਕ ਦੇਣਾ ਸੰਭਵ ਹੈ ਕਿ ਸ਼੍ਰੀਮਤੀ ਗਾਂਧੀ ਡਾਵਾਂਡੋਲ ਤੇ ਅਸਥਿਰ ਸੁਭਾਅ ਵਾਲੀ ਸ਼ਖ਼ਸੀਅਤ ਸੀ ਤੇ ਉਹ ਉਸ ਸਮੇਂ ਹੀ ਹਮਲਾ ਕਰਦੀ ਸੀ ਜਦੋਂ ਉਹ ਅਜਿਹਾ ਕਰਨ ਲਈ ਮਜਬੂਰ ਹੁੰਦੀ ਸੀ। ਉਸ ਦੇ ਪ੍ਰਧਾਨ ਮੰਤਰੀ ਕਾਲ ਦਾ ਪਹਿਲਾ ਸੰਕਟ 1969 ਵਿੱਚ ਆਇਆ ਜਦੋਂ ਉਸ ਨੇ ਆਪਣੇ ਆਪ ਨੂੰ ਆਪਣੇ ਪਿਤਾ ਦੇ ਸ੍ਰੇਸ਼ਠ ਸਹਿਯੋਗੀਆਂ ਦੀਆਂ ਰੋਕਾਂ ਤੇ ਬੰਧਨਾਂ ਤੋਂ ਮੁਕਤ ਹੋਣ ਲਈ ਕਾਂਗਰਸ ਨੂੰ ਦੋਫਾੜ ਕੀਤਾ। ਉਸ ਨੇ ਆਪਣੇ ਅਹੁਦੇ ਦੇ ਪਹਿਲੇ 3 ਸਾਲਾਂ ਵਿੱਚ ਆਪਣੇ ਆਪ ਨੂੰ ਉਹਨਾਂ ਦੀ ਬੰਧਨਾਂ ਭਰੀ ਕੈਦ ਵਿੱਚੋਂ ਨਿਕਲਣ ਲਈ ਕੋਈ ਖ਼ਾਸ ਯਤਨ ਨਾ ਕੀਤਾ। ਉਸ ਨੇ ਆਪਣੀ ਪ੍ਰਤਿਕਿਰਿਆ ਉਸ ਸਮੇਂ ਹੀ ਵਿਖਾਈ ਜਦੋਂ ਇਹ ਜਾਪ ਰਿਹਾ ਸੀ ਕਿ "ਕਾਂਗਰਸ ਦੇ ਮਹਾਨ ਕਾਂਗਰਸੀ" ਸ਼ਾਇਦ ਉਸ ਨੂੰ ਸੱਚਮੁੱਚ ਹੀ ਗੱਦੀਓਂ ਉਤਾਰ ਦੇਣਗੇ। ਫਿਰ ਉਸ ਨੇ ਇਤਨੀ ਸਿਆਸੀ ਤੀਖਣਤਾ ਨਾਲ ਜਵਾਬੀ ਹਮਲਾ ਕੀਤਾ ਕਿ ਕਾਂਗਰਸ ਪਾਰਟੀ ਹੀ ਤਬਾਹ ਕਰ ਦਿੱਤੀ ਅਤੇ ਉਸ ਦੀ ਥਾਂ 'ਤੇ ਆਪਣੇ ਵਿਅਕਤਿਤਵ ਦੇ ਜਾਦੂ ਨਾਲ ਹੀ ਇਕ ਆਧਾਰਹੀਣ "ਜੀ ਹਜ਼ੂਰੀਆਂ" ਦੀ ਪਾਰਟੀ ਕਾਇਮ ਕਰ ਲਈ। ਇਹ ਇਕ ਅਜਿਹੀ ਸੰਸਥਾ ਸੀ ਜੋ ਕਿਸੇ ਵੀ ਹਾਕਮ ਨੂੰ ਉਹ ਅਮੋਲ ਵਸਤੂ ਦੇਣ ਦੇ ਸਮਰੱਥ ਨਹੀਂ ਸੀ ਭਾਵ ਆਪਣੀਆਂ ਨੀਤੀਆਂ ਦੇ ਲਾਗੂ ਕਰਨ ਤੇ ਉਹਨਾਂ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣ ਦੇ ਸਮਰੱਥ ਨਹੀਂ ਸੀ।

ਸ਼੍ਰੀਮਤੀ ਗਾਂਧੀ ਨੇ ਬੰਗਲਾਦੇਸ਼ ਦੇ ਸੰਕਟ ਨੂੰ ਅਤਿਅੰਤ ਮੌਕਾ ਸ਼ਨਾਸੀ ਨਾਲ ਹੱਲ ਕੀਤਾ, ਪਰੰਤੂ ਚਾਰ ਸਾਲਾਂ ਅੰਦਰ ਹੀ ਉਹ ਚੌਫਾਲ ਡਿੱਗ ਪਈ। ਇਸ ਵਾਰ ਭ੍ਰਿਸ਼ਟਾਚਾਰ ਤੇ ਅਯੋਗਤਾ ਨੇ ਉਹਦੀ ਵਿਸ਼ਵਾਸਯੋਗਤਾ ਨੂੰ ਇਤਨੀ ਹਾਨੀ ਪਹੁੰਚਾਈ ਸੀ ਕਿ ਜਦੋਂ

ਉਹ ਚੋਣ ਭ੍ਰਿਸ਼ਟਾਚਾਰ ਦੀ ਦੋਸ਼ੀ ਪਾਈ ਗਈ ਤਾਂ ਉਹਦੀ ਆਪਣੀ ਕਮਜ਼ੋਰ ਹੋਈ ਪਾਰਟੀ ਨੇ ਉਸ ਤੋਂ ਖਹਿੜਾ ਛੁਡਾਉਣ ਦਾ ਯਤਨ ਕੀਤਾ। ਉਸ ਦਾ ਦੋਸ਼ ਤਕਨੀਕੀ ਹੀ ਸੀ ਤੇ ਸ਼੍ਰੀਮਤੀ ਗਾਂਧੀ ਆਪਣੇ ਉੱਪਰ ਤਿਆਗ ਪੱਤਰ ਦੇਣ ਦੇ ਦਬਾਅ ਦਾ ਟਾਕਰਾ ਬੜੀ ਸੌਖ ਨਾਲ ਕਰ ਸਕਦੀ ਸੀ ਜੇਕਰ ਉਹਦੀ ਸਰਕਾਰ ਦੀ ਸਾਖ ਤੇ ਪ੍ਰਤਿਸ਼ਠਤਾ ਇਤਨੀ ਘੱਟ ਨਾ ਹੋਈ ਹੁੰਦੀ ਤੇ ਜਦੋਂ ਉਸ ਨੇ ਮੋੜਵਾਂ ਵਾਰ ਕੀਤਾ ਤਾਂ ਉਸ ਨੇ ਆਪਾਤਕਾਲੀਨ ਸਥਿਤੀ ਦਾ ਐਲਾਨ ਕਰਕੇ ਭਾਰਤੀ ਲੋਕਰਾਜ ਨੂੰ ਹੀ ਦਾਅ 'ਤੇ ਲਾ ਦਿੱਤਾ; ਉਸ ਨੇ ਸੰਸਦ, ਅਦਾਲਤਾਂ, ਪ੍ਰੈਸ ਦੀ ਜ਼ਬਾਨ ਬੰਦੀ ਕਰ ਦਿੱਤੀ ਤੇ ਆਪਣੇ ਸਾਰੇ ਪ੍ਰਮੁੱਖ ਵਿਰੋਧੀ ਗ੍ਰਿਫਤਾਰ ਕਰ ਲਏ। ਇਸ ਵਾਰ ਸ਼੍ਰੀਮਤੀ ਗਾਂਧੀ ਦੀ "ਬਹੁਤ ਥੋੜ੍ਹਾ ਬੜੀ ਦੇਰ ਮਗਰੋਂ" ਵਾਲੀ ਸਥਿਤੀ ਨਹੀਂ ਸੀ ਸਗੋਂ "ਬਹੁਤ ਮਗਰੋਂ ਬਹੁਤ ਜ਼ਿਆਦਾ" ਵਾਲੀ ਸਥਿਤੀ ਸਿੱਧ ਹੋਈ।

ਸ਼ੁਕਰ ਹੈ ਕਿ ਉਹਦੇ ਕੁਝ ਵਿਰੋਧੀਆਂ ਦੀ ਅਯੋਗਤਾ ਤੇ ਘੁਮੰਡ ਭਰੀ ਲਾਲਸਾ ਕਾਰਨ ਸ਼੍ਰੀਮਤੀ ਗਾਂਧੀ ਆਪਣੀ ਉਸ ਹਾਰ 'ਚੋਂ ਉਭਰ ਆਈ ਜੋ ਉਸ ਨੂੰ ਉਸ ਸਮੇਂ ਹੋਈ ਸੀ ਜਦੋਂ ਉਸ ਨੇ ਦੇਸ਼ ਨੂੰ ਆਮ ਚੋਣਾਂ ਰਾਹੀਂ ਸੰਕਟਕਾਲੀਨ ਦੀ ਘੋਸ਼ਣਾ ਦੀ ਪੁਸ਼ਟੀ ਕਰਨ ਲਈ ਕਿਹਾ। ਪਰੰਤੂ ਜਦੋਂ ਉਹ 1980 ਵਿੱਚ ਸੱਤਾ ਵਿੱਚ ਵਾਪਸ ਆਈ ਤਾਂ ਵੀ ਉਸ ਨੇ ਅਮਲ ਕਰਨ ਵਿੱਚ ਅਜੀਬ ਦੂਜਿੱਤੀ ਦਿਖਾਈ।

1984 ਤੱਕ ਉਸ ਦੀ ਪ੍ਰਤਿਸ਼ਠਾ ਤੇ ਕੀਰਤੀ ਇਕ ਵਾਰ ਫਿਰ ਘੱਟ ਗਈ। ਉੱਤਰ ਪੂਰਬੀ ਪ੍ਰਾਂਤ ਆਸਾਮ ਵਿੱਚ ਨਾਜਾਇਜ਼ ਆਵਾਸ ਕਾਰਨ ਫੈਲੀ ਗੜਬੜ ਤਬਾਹਕੁਨ ਸਿੱਧ ਹੋ ਰਹੀ ਸੀ। ਤਿੰਨ ਹਜ਼ਾਰ ਲੋਕਾਂ ਦੇ ਕਤਲਾਮ ਪਿੱਛੋਂ ਸ਼੍ਰੀਮਤੀ ਗਾਂਧੀ ਨੇ ਆਸਾਮੀ ਲੋਕਾਂ ਉੱਪਰ ਚੋਣ ਦਾ ਭਾਰ ਪਾ ਦਿੱਤਾ। ਭਾਰਤ ਦੇ ਕੇਂਦਰੀ ਰਾਜ ਉੱਤਰ ਪ੍ਰਦੇਸ਼ ਵਿੱਚ ਮੁਸਲਮਾਨ ਦੇਸ਼ ਦੀ ਸੁਤੰਤਰਤਾ ਤੋਂ ਮਗਰੋਂ ਸਭ ਤੋਂ ਵੱਧ ਭਿਆਨਕ ਹਿੰਸਾ ਦਾ ਸ਼ਿਕਾਰ ਹੋਏ। ਪੰਜਾਬ ਵਿੱਚ ਪ੍ਰਤੀਤ ਹੋ ਰਿਹਾ ਸੀ ਕਿ ਇਕ ਜਨੂੰਨ ਮੂਲਵਾਦੀ ਪ੍ਰਚਾਰਕ ਦਾ ਸਿੱਕਾ ਚਲ ਰਿਹਾ ਸੀ ਜਿਸ ਨੂੰ "ਸਿੱਖਾਂ ਦਾ ਖ਼ੋਮੀਨੀ" ਕਿਹਾ ਜਾਣ ਲੱਗਾ ਸੀ। ਉਹਦੇ ਪੁੱਤਰ ਰਾਜੀਵ ਵੱਲੋਂ ਪਾਰਟੀ ਵਿੱਚ ਜਾਨ ਪਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਉਪ-ਚੋਣਾਂ ਉਹਦੀ ਪਾਰਟੀ ਲਈ ਅਸ਼ੁੱਭ ਸਿੱਧ ਹੋ ਰਹੀਆਂ ਸਨ। ਸ਼੍ਰੀਮਤੀ ਗਾਂਧੀ ਨੂੰ ਸਮਝ ਨਹੀਂ ਆ ਰਹੀ ਸੀ ਕਿ ਪਾਰਟੀ ਦੇ ਦਰਪੇਸ਼ ਅਣੇਕਾਂ ਸਮੱਸਿਆਵਾਂ ਦਾ ਕਿਵੇਂ ਸਾਮ੍ਹਣਾ ਕਰੇ। ਇਕ ਅੰਗਰੇਜ਼ ਲੇਖਕ ਤੇ ਫਿਲਮ ਸਮਾਲੋਚਕ ਮੇਰੀ ਸੇਟਨ ਸ੍ਰੀਮਤੀ ਦੀ ਤੀਹ ਸਾਲਾਂ ਤੋਂ ਮਿੱਤਰ ਸੀ। ਮਿਸ ਸੇਟਨ ਜੋ ਆਪ 1985 ਦੇ ਸ਼ੁਰੂ ਵਿੱਚ ਮਰ ਗਈ ਸੀ, ਉਸ ਨੇ ਸ੍ਰੀਮਤੀ ਗਾਂਧੀ ਨੂੰ ਸਵਰਨ ਮੰਦਰ ਦੇ ਹਮਲੇ ਤੋਂ ਥੋੜ੍ਹਾ ਚਿਰ ਪਹਿਲਾਂ ਆਖ਼ਰੀ ਵਾਰ ਵੇਖਿਆ। ਜਦੋਂ ਉਹ ਪਰਿਵਾਰ ਵਿੱਚ ਖਾਣੇ 'ਤੇ ਇਕੱਠੀਆਂ ਹੋਈਆਂ ਤਾਂ ਉਸ ਨੇ ਮਹਿਸੂਸ ਕੀਤਾ ਕਿ ਸ਼੍ਰੀਮਤੀ ਗਾਂਧੀ ਲਾਚਾਰ ਤੇ ਥੱਕੀ ਥੱਕੀ ਸੀ। ਉਸ ਨੇ ਮਗਰੋਂ "ਸੰਡੇ ਟਾਈਮਜ਼" ਦੇ ਆਇਨ ਜੈਕ ਨੂੰ ਦੱਸਿਆ ਕਿ "ਉਹ ਇਕ ਅਜਿਹੀ ਇਸਤਰੀ ਲੱਗ ਰਹੀ ਸੀ ਜਿਸ ਦਾ ਉਤਸ਼ਾਹ ਖ਼ਤਮ ਹੋ ਚੁੱਕਾ ਸੀ। ਉਹ ਸਦਾ ਹੀ ਇਕ ਇਕਾਂਤਵਾਸੀ ਵਿਅਕਤਿਤਵ ਸੀ, ਉਹ ਬਾਹਰਮੁਖੀ ਦੀ ਥਾਂ ਅੰਤਰਮੁਖੀ ਸੀ। ਉਹ ਅਨੁਭਵਵਾਦੀ ਨਾਲੋਂ ਜ਼ਿਆਦਾ ਸਹਿਜ ਤੇ ਅੰਤਰ ਪ੍ਰੇਰਕ ਸੀ, ਪਰੰਤੂ ਹੁਣ ਉਹ ਸੱਚਮੁੱਚ ਹੀ ਗੁਆਚੀ ਹੋਈ ਸੀ ਤੇ ਇਤਨੀ ਉਦਾਸ

ਤੇ ਦਿਲਗੀਰ ਸੀ ਕਿ ਮੈਂ ਪਹਿਲਾਂ ਕਦੇ ਨਹੀਂ ਵੇਖੀ ਸੀ। ਮੇਰਾ ਇਹ ਪ੍ਰਭਾਵ ਬਣਿਆ ਕਿ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹ ਕਿਸ 'ਤੇ ਵਿਸ਼ਵਾਸ ਕਰੇ ਤੇ ਕਿਹੜੀ ਸਲਾਹ ਨੂੰ ਅਮਲੀ ਰੂਪ ਦੇਵੇ। ਮੇਰਾ ਖ਼ਿਆਲ ਹੈ ਉਸ ਨੂੰ ਆਪਣੇ ਨਿਰਣਿਆਂ 'ਤੇ ਹੀ ਸ਼ੱਕ ਹੋਣ ਲੱਗ ਪਿਆ ਸੀ। ਮੈਨੂੰ ਉਹਦੇ ਪ੍ਰਤੀ ਚਿੰਤਾ ਵੀ ਹੋਈ ਤੇ ਅਫ਼ਸੋਸ ਵੀ।"

ਉਹ ਇਹ ਮਹਿਸੂਸ ਕਰਨ ਵਾਲੀ ਇਕੱਲੀ ਨਹੀਂ ਸੀ ਕਿ ਸ਼੍ਰੀਮਤੀ ਗਾਂਧੀ ਦੀ ਪਕੜ ਢਿੱਲੀ ਹੋ ਰਹੀ ਸੀ। ਪਾਰਲੀਮੈਂਟ ਦੇ ਕੇਂਦਰੀ ਹਾਲ ਵਿੱਚ ਜਿੱਥੇ ਲੋਕ ਸਭਾ ਮੈਂਬਰ ਗੱਪ ਸ਼ੱਪ ਲਈ ਬੈਠ ਕੇ ਚਰਚਾ ਕਰਦੇ ਸਨ, ਚੋਣਾਂ ਵਿੱਚ ਸ਼੍ਰੀਮਤੀ ਗਾਂਧੀ ਦੀ ਕਾਂਗਰਸ ਦੀ ਹਾਰ ਦੀਆਂ ਸੰਭਾਵਨਾਵਾਂ ਦੀਆਂ ਆਮ ਹੀ ਗੱਲਾਂ ਹੁੰਦੀਆਂ। ਅਖ਼ਬਾਰਾਂ ਵੀ ਸ੍ਰੀਮਤੀ ਗਾਂਧੀ ਦੀਆਂ ਸੰਭਾਵਨਾਵਾਂ ਬਾਰੇ ਆਸ਼ਾਵਾਦੀ ਨਹੀਂ ਸਨ। ਇਸ ਲਈ ਸਾਡਾ ਵਿਸ਼ਵਾਸ ਹੈ ਕਿ ਸ਼੍ਰੀਮਤੀ ਨੂੰ ਇਕ ਵਾਰ ਫਿਰ ਸੰਕਟ ਦਿੱਸਦਾ ਸੀ ਜਿਸ ਕਰਕੇ ਉਸ ਨੇ ਭਿੰਡਰਾਂਵਾਲੇ ਵਿਰੁੱਧ ਕਠੋਰ ਕਦਮ ਉਠਾਇਆ। ਤ੍ਰਾਸਦੀ ਤਾਂ ਇਹ ਹੈ ਕਿ ਉਹ "ਬਹੁਤ ਦੇਰੀ ਨਾਲ ਬਹੁਤਾ ਵੱਡਾ ਕਦਮ ਉਠਾ ਕੇ" ਵੀ ਬਚ ਨਾ ਸਕੀ।

ਆਪਣੀ ਮੌਤ ਨਾਲ ਇੰਦਰਾ ਗਾਂਧੀ ਨੇ ਉੱਤਰਾਧਿਕਾਰਤਾ ਤਾਂ ਨਿਸ਼ਚਿਤ ਤੌਰ 'ਤੇ ਯਕੀਨੀ ਬਣਾ ਦਿੱਤੀ ਪਰ ਵੰਡ ਤੋਂ ਮਗਰੋਂ ਕਿਸੇ ਵੀ ਸਮੇਂ ਦੇ ਮੁਕਾਬਲੇ 'ਤੇ ਆਪਣੇ ਪੁੱਤਰ ਲਈ ਬੁਰੀ ਤਰ੍ਹਾਂ ਵੰਡੀ ਹੋਈ ਕੌਮ ਛੱਡ ਗਈ। ਭਾਰਤ ਦੀ ਪ੍ਰਗਤੀਸ਼ੀਲ ਤੇ ਅਮੀਰ ਸਿੱਖ ਸੰਪਰਦਾ ਬੁਰੀ ਤਰ੍ਹਾਂ ਜ਼ਲੀਲ ਕੀਤੀ ਗਈ ਸੀ। ਸ਼੍ਰੀਮਤੀ ਗਾਂਧੀ ਸਿੱਖ ਮੂਲਵਾਦੀਆਂ ਦੇ ਹੱਥਾਂ ਵਿੱਚ ਖੇਡ ਗਈ ਤੇ ਉਹ ਹੁਣ ਖੁਲ੍ਹਮ-ਖੁੱਲ੍ਹੇ ਵੱਖਵਾਦੀ ਬਣ ਗਏ ਸਨ। ਜਿਹੜੇ ਦੰਗੇ ਫ਼ਸਾਦ ਉਹਦੀ ਮੌਤ ਮਗਰੋਂ ਹੋਏ, ਉਹਨਾਂ ਨੇ ਉਹਨਾਂ ਸਿੱਖਾਂ ਨੂੰ, ਜਿਹਨਾਂ ਨੇ ਕਦੇ ਵੱਖ ਹੋਣ ਬਾਰੇ ਸੋਚਿਆ ਹੀ ਨਹੀਂ ਸੀ, ਇਹ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਉਹ ਭਾਰਤ ਵਿੱਚ ਸੁਰੱਖਿਅਤ ਹਨ ਜਾਂ ਨਹੀਂ।

2
ਸਿੱਖ

ਸੁਤੰਤਰਤਾ ਪਿੱਛੋਂ ਦਿੱਲੀ ਦੀ ਵਸੋਂ ਬਹੁਤ ਜ਼ਿਆਦਾ ਵੱਧ ਗਈ ਸੀ। ਉਸ ਸਮੇਂ ਤਿੰਨ ਲੱਖ ਸੀ, ਹੁਣ ਇਹ 70 ਲੱਖ ਹੈ। ਇਹ ਭਿਆਨਕ ਵਾਧਾ ਵੰਡ ਸਮੇਂ ਪਾਕਿਸਤਾਨ ਵਿੱਚੋਂ ਆਏ ਹਿੰਦੂਆਂ ਤੇ ਸਿੱਖਾਂ ਕਾਰਨ ਹੋਇਆ। 1984 ਤੱਕ ਉਹ ਪੂਰੇ ਪਿਆਰ ਤੇ ਮੇਲ ਮਿਲਾਪ ਨਾਲ ਰਹਿੰਦੇ ਰਹੇ। ਸੁਤੰਤਰਤਾ ਸਮੇਂ ਤੋਂ ਹੀ ਹਿੰਦੂਆਂ ਮੁਸਲਮਾਨਾਂ ਦੇ ਝਗੜੇ ਤਾਂ ਹੁੰਦੇ ਰਹੇ, ਪਰ ਕਿਸੇ ਨੇ ਕਦੇ ਹਿੰਦੂ-ਸਿੱਖਾਂ ਦੀ ਲੜਾਈ ਦਾ ਕਿਆਸ ਵੀ ਨਹੀਂ ਕੀਤਾ ਸੀ। ਦੋਵੇਂ ਫ਼ਿਰਕੇ ਇਕ ਭਾਈਚਾਰੇ ਵਾਂਗ ਰਹਿੰਦੇ ਰਹੇ ਸਨ।

ਆਗਰੇ ਨੂੰ ਜਾਂਦੀ, ਸਾਡੇ ਦਫ਼ਤਰ ਦੇ ਬਾਹਰ, ਪੱਕੀ ਸੜਕ ਦੇ ਕੋਲ ਵਰਗਾਕਾਰ ਵਿੱਚ ਇਹ ਸਚਾਈ ਸਭ ਤੋਂ ਜ਼ਿਆਦਾ ਸਮਖਸ਼ ਦੇਖੀ ਜਾ ਸਕਦੀ ਸੀ। ਇਸ ਵਰਗਾਕਾਰ ਵਿੱਚ ਕਾਰ ਵਰਕਸ਼ਾਪ, ਪੈਟਰੋਲ ਸਟੇਸ਼ਨ ਤੇ ਟੈਕਸੀ ਸਟੈਂਡ ਹੈ। ਇਕ ਹਿੰਦੂ, ਭੀਮਸੈਨ ਪੌਲੀ ਦਾ ਮਸ਼ੀਨੀ ਕਾਰਖ਼ਾਨਾ ਚਲਾਉਂਦਾ ਹੈ, ਪਰ ਬਿਜਲਈ ਮੁਰੰਮਤ ਲਈ ਅਸੀਂ ਇਕ ਸਿੱਖ ਹਰਬੰਸ ਸਿੰਘ ਸੈਨੀ ਕੋਲ ਜਾਂਦੇ ਹਾਂ। ਸਾਡੀ ਗੱਡੀ ਨੂੰ ਪੈਂਚਰ ਲੁਆਉਣਾ ਹੋਵੇ ਤਾਂ ਅਸੀਂ ਇਕ ਸਿੱਖ ਜਰਨੈਲ ਸਿੰਘ ਕੋਲ ਜਾਂਦੇ ਹਾਂ। ਟੈਕਸੀ ਚਾਲਕ ਆਪਣੇ ਬਹੁਤ ਦਿਨ ਚਾਰਪਾਈਆਂ ਤੇ (ਜਾਂ ਵਾਣ ਦੇ ਮੰਜਿਆਂ 'ਤੇ) ਤਾਸ਼ ਖੇਡ ਕੇ ਜਾਂ ਗੱਪਾਂ ਮਾਰਕੇ ਲੰਘਾਉਂਦੇ ਹਨ। ਕਰਾਏ ਭਾੜੇ ਲਈ ਲੋਕ ਮੁਸ਼ਕਿਲ ਨਾਲ ਮਿਲਦੇ ਹਨ। ਕੁਝ ਟੈਕਸੀ ਚਾਲਕ ਹਿੰਦੂ ਹਨ, ਕੁਝ ਸਿੱਖ। ਸਿੱਖਾਂ ਵਿੱਚ ਤਿੰਨ ਭਰਾ ਹਰਦੇਵ ਸਿੰਘ, ਸੁਖਦੇਵ ਸਿੰਘ ਤੇ ਬਲਦੇਵ ਸਿੰਘ ਭਿੰਡਰ ਹਨ। ਪਹਿਲੀ ਨਵੰਬਰ 1984 ਦੀ ਸਵੇਰ ਨੂੰ, ਸ਼੍ਰੀਮਤੀ ਗਾਂਧੀ ਦੀ ਹੱਤਿਆ ਤੋਂ ਇਕ ਦਿਨ ਮਗਰੋਂ, ਹਿੰਦੂਆਂ ਦੇ ਹਜੂਮ ਭੋਗਲ ਤੇ ਆਸ਼ਰਮ ਦੀਆਂ ਨੇੜਲੀਆਂ ਮੰਡੀਆਂ ਵਿੱਚ ਬਿਫ਼ਰੇ ਹੋਏ ਹੁੱਲੜਬਾਜ਼ੀ ਕਰਦੇ ਰਹੇ। ਸਿੱਖਾਂ ਦੇ ਸੜ ਰਹੇ ਘਰਾਂ ਤੇ ਦੁਕਾਨਾਂ ਤੋਂ ਧੂੰਆਂ ਉਠਦਾ ਵੇਖ ਕੇ ਹਰਦੇਵ ਸਿੰਘ ਨੇ ਆਗਰਾ ਵੱਲੋਂ ਆ ਰਹੀ ਸੜਕ ਰਾਹੀਂ ਆ ਰਹੇ ਹਜੂਮ ਤੋਂ ਪਹਿਲਾਂ ਹੀ ਆਪਣੀ ਟੈਕਸੀ ਲਿਜਾਣ ਦਾ ਫ਼ੈਸਲਾ ਕਰ ਲਿਆ। ਸੂਝ ਸਿਆਣਪ ਨੂੰ ਬਹਾਦਰੀ ਤੇ ਸੂਰਮਤਾਈ ਨਾਲੋਂ ਚੰਗਾ ਜਾਣ ਕੇ ਉਸ ਨੇ ਆਪਣੇ ਵਾਲ ਕਟਾ ਕੇ ਜਾਨ ਬਚਾ ਲਈ ਤਾਂ ਜੋ ਇਕ ਸਿੱਖ ਵਜੋਂ ਉਹਦੀ ਪਹਿਚਾਣ ਨਾ ਹੋ ਸਕੇ। ਸੁਖਦੇਵ ਸਿੰਘ ਆਪਣੇ ਧਰਮ ਨੂੰ ਆਪਣੀ ਰੋਜ਼ੀ ਰੋਟੀ ਦੇ ਸਾਧਨ ਨਾਲੋਂ ਵੀ ਵਧੇਰੇ ਕੀਮਤੀ ਸਮਝਦਾ ਸੀ। ਉਸ ਨੇ ਆਪਣੀ ਟੈਕਸੀ ਭੀੜ ਦੇ ਰਹਿਮ 'ਤੇ ਛੱਡ ਕੇ ਇਕ ਨੇੜਲੇ ਘਰ ਵਿੱਚ ਸ਼ਰਨ ਲੈ ਲਈ। ਉਸ ਦਿਨ ਹਜੂਮ ਨੇ ਸਾਡੇ ਟੈਕਸੀ ਅੱਡੇ 'ਤੇ ਤਿੰਨ ਟੈਕਸੀਆਂ ਸਾੜ ਦਿੱਤੀਆਂ।

ਖ਼ੁਸ਼ਕਿਸਮਤੀ ਨਾਲ ਬਲਦੇਵ ਸਿੰਘ ਉਸ ਸਮੇਂ ਪੰਜਾਬ ਵਿੱਚ ਆਪਣੇ ਖ਼ਾਨਦਾਨੀ ਪਿੰਡ ਵਿੱਚ ਸੀ, ਇਸ ਲਈ ਉਸ ਦੇ ਵੀ ਅਜੇ ਤੱਕ ਇਕ ਸਿੱਖ ਵਜੋਂ ਦਾੜ੍ਹੀ ਤੇ ਦਸਤਾਰ

ਸਲਾਮਤ ਹਨ। ਉਸ ਦਾ ਸਭ ਤੋਂ ਛੋਟਾ ਭਰਾ ਹਰਦੇਵ ਸਿੰਘ ਪਰਿਵਾਰ ਦਾ ਇਕੋ ਇਕ ਵਿਅਕਤੀ ਸੀ ਜਿਸ ਨੂੰ ਆਪਣੇ ਮਾਂ-ਪਿਉ ਦੇ ਮਿਹਣੇ ਝੱਲਣੇ ਪਏ ਕਿਉਂਕਿ ਉਸ ਨੇ ਆਪਣੇ ਧਰਮ ਤੋਂ ਮੂੰਹ ਮੋੜ ਲਿਆ ਸੀ। ਉਸ ਨੇ ਕਿਹਾ, "ਮੈਂ ਬੁਰੀ ਤਰ੍ਹਾਂ ਦੁਖੀ ਤੇ ਅਭਾਗਾ ਮਹਿਸੂਸ ਕੀਤਾ। ਮੇਰੇ ਪਿਤਾ ਨੇ ਜਦ ਸ਼ਾਮ ਵੇਲੇ ਮੈਨੂੰ ਦੇਖਿਆ ਤਾਂ ਉਸ ਨੂੰ ਬਹੁਤ ਸਦਮਾ ਹੋਇਆ। ਉਸ ਨੇ ਮੈਨੂੰ ਗਾਲ੍ਹਾਂ ਕੱਢੀਆਂ ਤੇ ਲਾਹਨਤ ਮਲਾਮਤ ਕੀਤੀ। ਮੇਰੀ ਮਾਂ ਤੇ ਹੋਰ ਦੂਸਰੇ ਰਿਸ਼ਤੇਦਾਰਾਂ ਨੇ ਜਦੋਂ ਮੈਨੂੰ ਸਾਡੇ ਪਿੰਡ ਮੋਮਿਨਵਾਲ ਵਿੱਚ ਦੇਖਿਆ ਤਾਂ ਉਹ ਬੜੇ ਭੈ-ਭੀਤ ਤੇ ਦੁਖੀ ਹੋਏ, ਪਰ ਮੈਂ ਕੀ ਕਰ ਸਕਦਾ ਸੀ? ਮੈਂ ਤਾਂ ਆਪਣੀ ਜਾਨ ਬਚਾਉਣੀ ਸੀ। ਬਲਦੇਵ ਦੇ ਸਾਲੇ ਨੂੰ ਪੂਰਬੀ ਦਿੱਲੀ ਦੀ ਨੰਦ ਨਗਰੀ ਵਿੱਚ ਜਿਉਂਦੇ ਨੂੰ ਸਾੜ ਭੁਲਸ ਕੇ ਭੁੰਨ ਦਿੱਤਾ ਗਿਆ ਸੀ। ਇਸ ਤਰ੍ਹਾਂ ਹੀ ਸਾਡੇ ਚਚੇਰੇ ਭਰਾਵਾਂ ਨਾਲ ਵੀ ਕੀਤਾ ਗਿਆ ਸੀ। ਮੇਰੇ ਚਚੇਰੇ ਭਰਾਵਾਂ ਦੇ ਦਾਦੇ ਨੇ ਜਦੋਂ ਆਪਣੇ ਦੋਹਾਂ ਪੋਤਰਿਆਂ ਨੂੰ ਹਜੂਮ ਵੱਲੋਂ ਅੱਗ ਵਿੱਚ ਸੁੱਟਦਿਆਂ ਦੇਖਿਆ ਤਾਂ ਉਸ ਨੇ ਵੀ ਆਪਣੇ ਘਰ ਦੀ ਛੱਤ ਤੋਂ ਬਲ ਰਹੀ ਚਿਤਾ ਵਿੱਚ ਛਾਲ ਮਾਰ ਕੇ ਜਾਨ ਦੇ ਦਿੱਤੀ।

ਤਿੰਨੇ ਹੀ ਭਰਾ ਫਿਰ ਆਪਣੇ ਹਿੰਦੂ ਮਿੱਤਰਾਂ ਨਾਲ ਆਪਣੀਆਂ ਟੈਕਸੀਆਂ ਸਮੇਤ ਟੈਕਸੀ ਅੱਡੇ 'ਤੇ ਆ ਗਏ ਹਨ। ਹਿੰਦੂ ਮਕੈਨਿਕ, ਸਿੱਖ (ਇਲੈਕਟ੍ਰੀਸ਼ੀਅਨ) ਬਿਜਲੀ ਮਿਸਤਰੀ, ਤੇ ਪੰਚਰ ਲਾਉਣ ਵਾਲਾ ਸਿੱਖ ਵੀ ਕੰਮ 'ਤੇ ਵਾਪਸ ਆ ਗਏ ਹਨ, ਪਰੰਤੂ ਉਹਨਾਂ 'ਚੋਂ ਕੋਈ ਵੀ ਉਹ ਦਿਨ ਨਹੀਂ ਭੁਲਾ ਸਕੇਗਾ ਜਦੋਂ ਹਰਦੇਵ ਸਿੰਘ ਨੇ ਸਿੱਖਾਂ ਦੇ ਆਖ਼ਰੀ ਗੁਰੂ ਦੇ ਹੁਕਮ ਨਾਲ ਬਖ਼ਸ਼ੇ ਹੋਏ ਧਰਮ ਦੇ ਚਿੰਨ੍ਹਾਂ ਦਾ ਤਿਆਗ ਕੀਤਾ ਸੀ।

ਸਿੱਖ ਗੁਰੂ ਵਾਲੇ ਹਨ। ਸਿੱਖ ਦਾ ਅਰਥ ਹੈ ਸ਼ਿਸ਼, ਪੈਰੋਕਾਰ, ਚੇਲਾ। ਉਹਨਾਂ ਦੇ ਧਰਮ ਦਾ ਵਿਕਾਸ ਨਿਰੰਤਰ ਦਸ ਗੁਰੂ ਸਾਹਿਬਾਨ ਵੱਲੋਂ ਕੀਤਾ ਗਿਆ, ਜਿਨ੍ਹਾਂ 'ਚੋਂ ਪਹਿਲੇ ਗੁਰੂ ਨਾਨਕ ਦਾ ਜਨਮ 500 ਸਾਲ ਪਹਿਲਾਂ ਹੋਇਆ ਸੀ। ਕਿਸੇ ਵੱਡੇ ਧਰਮ ਲਈ ਇੰਨਾ ਸਮਾਂ ਤੁਲਨਾਤਮਕ ਤੌਰ 'ਤੇ ਹੁਣੇ-ਹੁਣੇ ਦਾ ਪ੍ਰਤੀਤ ਹੁੰਦਾ ਹੈ। ਉਸ ਦਾ ਜਨਮ ਹਿੰਦੁਸਤਾਨ ਦੇ ਇਕ ਹਿੱਸੇ ਪੰਜਾਬ ਵਿੱਚ ਸਿਆਸੀ ਉੱਥਲ-ਪੁੱਥਲ ਦੇ ਯੁੱਗ ਵਿੱਚ ਹੋਇਆ ਸੀ ਤੇ ਪੰਜਾਬ ਲੰਬੇ ਸਮੇਂ ਤੋਂ ਉਹਨਾਂ ਧਾੜਵੀਆਂ ਦੀਆਂ ਫ਼ੌਜਾਂ ਦੇ ਮਾਰਗ ਤੋਂ ਵਾਕਿਫ਼ ਸੀ ਜੋ ਰਾਹ ਵਿੱਚ ਲੁੱਟ ਕਰਦੀਆਂ ਜਾਂਦੀਆਂ ਸਨ ਜਾਂ ਦੇਸ਼ ਦੀ ਰਾਜਧਾਨੀ ਦਿੱਲੀ 'ਤੇ ਅਧਿਕਾਰ ਕਰਨ ਜਾਂਦੀਆਂ ਸਨ। ਨਾਨਕ ਦੇ ਜੀਵਨ ਕਾਲ ਵਿੱਚ ਪਹਿਲਾ ਮੁਗ਼ਲ ਸਮਰਾਟ ਗੱਦੀ 'ਤੇ ਬੈਠਾ ਤੇ ਆਖ਼ਰੀ ਗੁਰੂ ਦਾ, ਆਖ਼ਰੀ ਮਹਾਨ ਮੁਗ਼ਲ ਸਮਰਾਟ ਔਰੰਗਜ਼ੇਬ ਤੋਂ ਇਕ ਸਾਲ ਪਿੱਛੋਂ ਹੀ ਅਕਾਲ ਚਲਾਣਾ ਹੋਇਆ ਸੀ।

ਗੁਰੂ ਨਾਨਕ ਦੇ ਸਮੇਂ ਮੁਗ਼ਲਾਂ ਦੇ ਧਰਮ ਇਸਲਾਮ ਦੀ ਵਾਗਡੋਰ ਪਿਛਾਂਹ ਖਿੱਚੂ ਕਾਜ਼ੀ-ਮੁਲਾਣਿਆਂ ਦੇ ਹੱਥ ਵਿੱਚ ਸੀ। ਹਿੰਦੂ ਧਰਮ ਜੋ ਭਾਰਤ ਦੀ ਜਨਤਾ ਦਾ ਇਤਿਹਾਸਕ ਧਰਮ ਸੀ, ਉਹ ਵੀ ਜ਼ਾਤ-ਪਾਤ, ਬ੍ਰਾਹਮਣਵਾਦ ਤੇ ਰੀਤਾਂ ਰਿਵਾਜਾਂ ਦੀ ਜਕੜ ਵਿੱਚ ਸੀ। ਕਈ ਇਸਲਾਮੀ ਤੇ ਹਿੰਦੂ ਲਹਿਰਾਂ ਪੈਦਾ ਹੋ ਗਈਆਂ ਸਨ ਜੋ ਰੀਤੀਵਾਦ ਦੀ ਥਾਂ ਅਧਿਆਤਮਕਵਾਦ 'ਤੇ ਬਲ ਦਿੰਦੀਆਂ ਸਨ। ਪਹਿਲੇ ਸਿੱਖ ਗੁਰੂ ਉਪਰ ਇਸ ਅਧਿਆਤਮਿਕ ਪ੍ਰਥਾ ਦਾ ਬਹੁਤ ਡੂੰਘਾ ਪ੍ਰਭਾਵ ਸੀ।

ਅਧਿਆਤਮਵਾਦ ਜਾਂ ਰਹੱਸਵਾਦ ਧਰਮ ਦੇ ਤੱਤ ਜਾਂ ਸਾਰ ਦੀ ਖੋਜ ਹੈ ਤੇ ਲਾਜ਼ਮੀ

ਹੀ ਸਾਰੇ ਧਰਮਾਂ ਦੇ ਰਹੱਸਵਾਦੀਆਂ ਵਿਚਕਾਰ ਬਹੁਤ ਸਾਂਝ ਹੈ। ਜਦੋਂ ਧਰਮ ਸਿਧਾਂਤਾਂ ਦੀ ਕੱਟੜਤਾ ਦੀ ਸਮੱਗਰੀ ਤੇ ਤਾਣਾ ਬਾਣਾ ਲਾਹ ਦਿੱਤਾ ਜਾਵੇ ਤਾਂ ਹਰ ਧਰਮ ਮਨੁੱਖ ਦੀ ਉਸ ਇੱਛਾ ਦੀ ਪੂਰਤੀ ਲਈ ਖੋਜ ਕਰਦਾ ਹੈ ਜਿਸ ਅਨੁਸਾਰ ਪ੍ਰਮਾਤਮਾ ਦੀ ਉਪਾਸ਼ਨਾ ਹੋਵੇ ਤੇ ਮਨੁੱਖੀ ਜੀਵਨ ਨੂੰ ਇਕ ਮੰਤਵ ਜਾਂ ਸੇਧ ਮਿਲੇ। ਗੁਰੂ ਨਾਨਕ ਨਿਰਸੰਦੇਹ ਇਕ ਅਧਿਆਤਮਵਾਦੀ ਸੀ ਤੇ ਉਸ ਨੇ ਨਿਸ਼ਚਿਤ ਰੂਪ ਵਿੱਚ ਦੋਹਾਂ ਕੱਟੜ ਵਿਰੋਧੀ ਧਰਮਾਂ—ਇਸਲਾਮ ਦੇ ਇਕ ਈਸ਼ਵਰਵਾਦ (ਅਦੈਤਵਾਦ) ਤੇ ਹਿੰਦੂ ਧਰਮ ਦੇ ਸਰਬਦੇਵ ਪੂਜਾ—ਦੇ ਸਿਧਾਂਤਾਂ ਨੂੰ ਇਕੱਠਾ ਕੀਤਾ। ਸਿੱਖ ਧਰਮ ਦੇ ਗੁਰੂ, ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਦੇ ਸ਼ਬਦ ਹਨ ਜਿਸ ਨੇ ਪੰਜਾਬੀ ਵਿੱਚ ਭਰਵੇਂ ਰੂਪ ਵਿੱਚ ਲਿਖਿਆ। ਇਸ ਵਿੱਚ ਉਹਦੇ ਉੱਤਰ ਅਧਿਕਾਰੀਆਂ ਦੇ ਸ਼ਬਦ ਵੀ ਹਨ ਤੇ ਉਸ ਵਿੱਚ ਹਿੰਦੂ ਤੇ ਮੁਸਲਮਾਨ ਰਹੱਸਵਾਦੀਆਂ ਦੇ ਸ਼ਬਦ ਵੀ ਸ਼ਾਮਿਲ ਕੀਤੇ ਗਏ ਹਨ।

ਗੁਰੂ ਨਾਨਕ ਨੇ ਕਰਮ ਸਿਧਾਂਤ ਤੇ ਪੁਨਰ ਜਨਮ ਦੇ ਸਿਧਾਂਤ ਹਿੰਦੂ ਧਰਮ ਵਿੱਚੋਂ ਲਏ। ਹਿੰਦੂ ਧਰਮ ਦੇ ਵਿਸ਼ਵਾਸਾਂ ਅਨੁਸਾਰ ਮਨੁੱਖ ਦੀ ਇਸ ਜਨਮ ਦੀ ਹਾਲਤ ਉਪਰ ਪੂਰਬਲੇ ਜਨਮ ਦੇ ਕਰਮਾਂ ਦਾ ਪ੍ਰਭਾਵ ਹੁੰਦਾ ਹੈ ਜਾਂ ਗੁਰੂ ਨਾਨਕ ਦੇ ਸ਼ਬਦਾਂ ਵਿੱਚ "ਆਦਮੀ ਉਹ ਫ਼ਸਲ ਕੱਟਦਾ ਹੈ ਜੋ ਉਹ ਬੀਜਦਾ ਹੈ ਤੇ ਆਦਮੀ ਜੋ ਕਮਾਈ ਕਰਦਾ ਹੈ ਉਹ ਹੀ ਖਾਂਦਾ ਹੈ।" ਪਰੰਤੂ ਉਸ ਨੇ ਹਿੰਦੂ ਧਰਮ ਦੀ ਜ਼ਾਤ-ਪਾਤ ਦੀ ਵਿਵਸਥਾ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਇਸਲਾਮ ਦੇ ਭਰਾਤਰੀਵਾਦ ਤੇ ਭਾਈਵੰਦੀ ਦੇ ਸਿਧਾਂਤ ਨੂੰ ਅਪਨਾਇਆ।

ਗੁਰੂ ਨਾਨਕ ਇਸਲਾਮ ਦੀ ਇਕ ਈਸ਼ਵਰਵਾਦ ਦੇ ਸਿਧਾਂਤ ਪ੍ਰਤੀ ਵੀ ਪ੍ਰਤਿਬੱਧਤਾ ਸੀ। ਅਸਲੀਅਤ ਇਹ ਹੈ ਕਿ ਸਿੱਖ ਧਰਮ ਦੀ ਮੁੱਖ ਸਿੱਖਿਆ ਇਕ ਈਸ਼ਵਰ ਵਿੱਚ ਵਿਸ਼ਵਾਸ ਹੈ। ਉਹ ਸਦੀਵੀ, ਅਮਰ ਤੇ ਅਕੱਥ ਹੈ ਤੇ ਹਿੰਦੂ ਧਰਮ ਦੇ ਅਵਤਾਰਾਂ ਵਾਂਗ ਤੇ ਈਸਾਈ ਧਰਮ ਵਿੱਚ ਪ੍ਰਮਾਤਮਾ ਵਾਂਗ ਪੁਨਰ ਜਨਮ ਨਹੀਂ ਲੈਂਦਾ। ਨਾਨਕ ਅਨੁਸਾਰ ਪ੍ਰਮਾਤਮਾ "ਨਿਰਾਕਾਰ" ਹੈ, ਉਸ ਦਾ ਕੋਈ ਰੂਪ ਜਾਂ ਸ਼ਕਲ ਨਹੀਂ ਹੈ। ਉਸ ਨੇ ਹਿੰਦੂ ਧਰਮ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੇ ਬੁੱਤਾਂ ਦੀ ਪੂਜਾ ਦੀ ਨਿਖੇਧੀ ਕੀਤੀ। ਪਰੰਤੂ ਬੁੱਤਕਾਰੀ ਜਾਂ ਬਿੰਬ-ਵਿਧਾਨ ਧਰਮ ਵਿੱਚ ਮੁੜ ਥਾਂ ਬਣਾ ਹੀ ਲੈਂਦੀ ਹੈ। ਸ਼ਾਇਦ ਇਹੋ ਕਾਰਨ ਹੈ ਕਿ ਸਿੱਖ ਧਰਮ ਵਿੱਚ ਵੀ, ਸਿੱਖ ਧਰਮ ਅਸਥਾਨਾਂ ਵਿੱਚ ਉਹਨਾਂ ਦੀ ਧਰਮ ਪੁਸਤਕ ਦੀ ਮੂਰਤੀਆਂ ਵਾਂਗ ਹੀ ਉਪਾਸ਼ਨਾ ਪੂਜਾ ਕੀਤੀ ਜਾਂਦੀ ਹੈ। ਗੁਰੂ ਦਾ ਵਿਸ਼ਵਾਸ ਸੀ ਕਿ ਰੱਬ ਦੀ ਪ੍ਰਾਪਤੀ ਸ਼ਰਧਾ, ਸਿਮਰਨ ਤੇ ਭਗਤੀ ਨਾਲ ਹੋ ਸਕਦੀ ਹੈ ਤੇ ਉਸ ਕੋਲ ਧਾਰਮਿਕ ਰੀਤਾਂ ਦੇ ਚੱਕਰ ਵਿੱਚ ਪੈਣ ਦਾ ਕੋਈ ਸਮਾਂ ਨਹੀਂ ਸੀ। ਇਹ ਗੱਲ ਜਾਂ ਤੱਥ ਉਸ ਦੀ ਹਿੰਦੂ ਤੀਰਥ ਅਸਥਾਨਾਂ ਵਿੱਚੋਂ ਉਸ ਦੀ ਇਕ ਯਾਤਰਾ ਦੀ ਕਹਾਣੀ ਤੋਂ ਸਪੱਸ਼ਟ ਹੁੰਦੀ ਹੈ।

ਜਦੋਂ ਉਸ ਨੇ ਗੰਗਾ ਦਰਿਆ ਉਪਰ ਹਰਦੁਆਰ ਦੀ ਯਾਤਰਾ ਕੀਤੀ ਤਾਂ ਉਸ ਨੇ ਹਿੰਦੂਆਂ ਨੂੰ ਆਪਣੇ ਪੁਰਖਿਆਂ ਦੀ ਮੁਕਤੀ ਲਈ ਪੂਰਬ ਵੱਲ ਮੂੰਹ ਕਰਕੇ ਪਾਣੀ ਦਿੰਦਿਆਂ ਦੇਖਿਆ। ਉਸ ਨੇ ਵੀ ਆਪਣੇ ਹੱਥਾਂ ਨੂੰ ਇਸ ਤਰ੍ਹਾਂ ਜੋੜ ਲਿਆ ਕਿ ਉਹ ਇਕ ਪਿਆਲੇ ਵਾਂਗ ਬਣ ਗਏ ਤੇ ਉਹਨਾਂ ਨਾਲ ਪੱਛਮ ਵੱਲ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਉਥੇ ਖੜ੍ਹੇ ਲੋਕਾਂ ਦੀ ਭੀੜ ਨੂੰ ਹੈਰਾਨੀ ਹੋਈ ਕਿ ਉਹ ਕਿਸ ਕਿਸਮ ਦਾ ਆਦਮੀ ਸੀ ਜੋ

ਸਾਰੇ ਪ੍ਰਚੱਲਿਤ ਤੇ ਪੁਰਾਣੇ ਰੀਤੀ ਰਿਵਾਜਾਂ ਦੇ ਉਲਟ ਚੜ੍ਹਦੇ ਸੂਰਜ ਨੂੰ ਅਰਘ ਦੇਣ ਦੀ ਥਾਂ ਡੁੱਬਦੇ ਸੂਰਜ ਵੱਲ ਪਾਣੀ ਦੇ ਰਿਹਾ ਸੀ। ਉਸ ਨੇ ਉਹਨਾਂ ਨੂੰ ਦੱਸਿਆ ਕਿ ਉਹ ਆਪਣੇ ਪਿੰਡ ਵਿੱਚ ਆਪਣੇ ਖੇਤਾਂ ਨੂੰ ਪਾਣੀ ਭੇਜ ਰਿਹਾ ਹੈ ਜਿੱਥੇ ਉਸ ਨੇ ਫ਼ਸਲਾਂ ਬੀਜੀਆਂ ਹੋਈਆਂ ਹਨ। ਵੇਖਣ ਵਾਲਿਆਂ ਨੇ ਉਸ ਨੂੰ ਝੱਲਾ ਸਮਝਿਆ ਤੇ ਉਹ ਉਸ ਨੂੰ ਕਹਿਣ ਲੱਗੇ ਕਿ ਉਸ ਦਾ ਪਾਣੀ ਉਹਦੇ ਖੇਤਾਂ ਵਿੱਚ ਕਦੇ ਨਹੀਂ ਪਹੁੰਚ ਸਕੇਗਾ ਕਿਉਂਕਿ ਉਹ ਤਾਂ ਬਹੁਤ ਦੂਰ ਸਨ। ਉਸ ਨੇ ਉੱਤਰ ਦਿੱਤਾ ਕਿ ਉਹਨਾਂ ਦੇ 'ਪਿਤਰ' ਤਾਂ ਇਸ ਤੋਂ ਵੀ ਵਧੇਰੇ ਦੂਰ ਹਨ, ਇਸ ਲਈ ਉਹਦੇ ਵੱਲੋਂ ਆਪਣੇ ਖੇਤਾਂ ਨੂੰ ਦਿੱਤੇ ਪਾਣੀ ਦੀ ਸੰਭਾਵਨਾ ਉਹਨਾਂ ਦੇ ਪਿੱਤਰਾਂ ਤੱਕ ਪਾਣੀ ਪਹੁੰਚਣ ਨਾਲੋਂ ਵਧੇਰੇ ਹੈ। ਉਸ ਨੇ ਕਿਹਾ, "ਤੁਸੀਂ ਮੈਨੂੰ ਮੂਰਖ ਕਹਿੰਦੇ ਹੋ ਪਰ ਤੁਸੀਂ ਆਪ ਤਾਂ ਬਹੁਤ ਵੱਡੇ ਮੂਰਖ ਲੱਗਦੇ ਹੋ।"

ਗੁਰੂ ਨਾਨਕ ਨੇ ਪੂਰੀ ਤਰ੍ਹਾਂ ਜ਼ਾਤ-ਪਾਤ ਰੱਦ ਕੀਤੀ। ਉਸ ਨੇ 'ਗੁਰੂ ਕੇ ਲੰਗਰ' ਦੀ ਸਥਾਪਨਾ ਕੀਤੀ ਜਿੱਥੇ ਉਸ ਦੇ ਪੈਰੋਕਾਰ ਜ਼ਾਤ-ਪਾਤ ਦੇ ਬੰਧਨ ਤੋੜਨ ਲਈ ਇਕੱਠੇ ਬੈਠ ਕੇ ਲੰਗਰ ਛੱਕਦੇ ਸਨ।

ਨਾਨਕ ਅਤੇ ਬ੍ਰਾਹਮਣੀ ਸਿੱਖਿਆ ਦੇ ਮਤਭੇਦਾਂ ਦੇ ਬਾਵਜੂਦ ਵੀ ਹਿੰਦੂ ਸਦਾ ਹੀ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਮਝਦੇ ਰਹੇ ਹਨ। ਉਹਨਾਂ ਦਾ ਮੱਤ ਹੈ ਕਿ ਜੋ ਹਿੰਦੂ ਦੇ ਤੌਰ 'ਤੇ ਜਨਮ ਲੈਂਦਾ ਹੈ ਉਹ ਜ਼ਿਦਗੀ ਭਰ ਹਿੰਦੂ ਹੀ ਰਹਿੰਦਾ ਹੈ ਭਾਵੇਂ ਉਹ ਕੋਈ ਵੀ ਮੱਤ ਜਾਂ ਸਿਧਾਂਤ ਅਪਨਾਵੇ। ਇਹ ਵੀ ਇਕ ਕਾਰਨ ਹੈ ਕਿ ਜਿਸ ਕਰਕੇ ਸਿੱਖਾਂ ਨੇ ਸਦਾ ਹੀ ਆਪਣੀ ਵੱਖਰੀ ਪਛਾਣ ਕਾਇਮ ਰੱਖਣ ਲਈ ਸਖ਼ਤ ਯਤਨ ਕੀਤੇ ਹਨ ਤੇ ਉਹ ਡਰਦੇ ਰਹੇ ਹਨ ਕਿ ਉਹਨਾਂ ਦਾ ਧਰਮ ਹਿੰਦੂ ਧਰਮ ਵਿੱਚ ਅਭੇਦ ਨਾ ਹੋ ਜਾਵੇ।

ਗੁਰੂ ਨਾਨਕ ਨੇ ਹਿੰਦੂਆਂ ਤੇ ਮੁਸਲਮਾਨਾਂ ਦੇ ਪਵਿੱਤਰ ਸਥਾਨਾਂ ਦੀ ਦੂਰ-ਦੂਰ ਜਾ ਕੇ ਯਾਤਰਾ ਕੀਤੀ, ਪਰੰਤੂ ਪੰਜਾਬੀ ਹੋਣ ਕਰਕੇ ਉਸ ਨੇ ਪੰਜਾਬੀ ਵਿੱਚ ਹੀ ਲਿਖਿਆ ਤੇ ਪੰਜਾਬ ਵਿੱਚ ਉਸ ਦੀਆਂ ਸਿੱਖਿਆਵਾਂ ਦਾ ਡੂੰਘਾ ਪ੍ਰਭਾਵ ਪਿਆ। ਉਹਦੀ ਮੌਤ ਦੇ 40 ਸਾਲਾਂ ਦੇ ਅੰਦਰ ਹੀ ਉਹਦੀ ਸਿੱਖਿਆ ਨੂੰ ਮੰਨਣ ਵਾਲਿਆਂ ਦੀ ਗਿਣਤੀ ਇਨੀ ਹੋ ਗਈ ਕਿ ਮੁਗ਼ਲ ਸਮਰਾਟ ਅਕਬਰ ਨੇ ਵੀ ਉਹਨਾਂ ਨੂੰ ਮਾਨਤਾ ਦਿੱਤੀ। ਸਮਰਾਟ ਵੱਲੋਂ ਮਾਫ਼ੀ ਜ਼ਮੀਨ ਉੱਪਰ ਸਿੱਖਾਂ ਨੇ ਆਪਣਾ ਧਰਮ ਅਸਥਾਨ ਬਣਾਇਆ ਜਿਸ ਦੇ ਉਦਾਲੇ ਉਹਨਾਂ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਦਾ ਵਿਕਾਸ ਹੋਇਆ। ਅੰਮ੍ਰਿਤਸਰ ਦਾ ਭਾਵ ਹੈ "ਅੰਮ੍ਰਿਤ ਦਾ ਸਰੋਵਰ" ਤੇ ਇਸ ਦਾ ਸੰਕੇਤ ਉਸ ਸਰੋਵਰ ਵੱਲ ਹੈ ਜਿਸ ਦੀ ਖੁਦਾਈ ਚੌਥੇ ਗੁਰੂ ਨੇ ਕੀਤੀ ਸੀ। ਸਵਰਨ ਮੰਦਿਰ ਜਾਂ ਪ੍ਰਮਾਤਮਾ ਦਾ ਮੰਦਿਰ (ਹਰਿਮੰਦਰ) ਇਸ ਸਰੋਵਰ ਦੇ ਵਿਚਕਾਰ ਪੰਜਵੇਂ ਗੁਰੂ ਅਰਜਨ ਨੇ ਬਣਵਾਇਆ ਸੀ। ਭਾਵੇਂ 'ਹਰੀ' ਹਿੰਦੂ ਦੇਵਤੇ ਵਿਸ਼ਨੂੰ ਦਾ ਨਾਮ ਹੈ, ਪਰੰਤੂ ਹਰਿਮੰਦਰ ਹਿੰਦੂ ਮੰਦਰ ਨਾਲੋਂ ਬਿਲਕੁਲ ਭਿੰਨ ਤੇ ਵੱਖਰੀ ਤਰ੍ਹਾਂ ਦਾ ਸੀ ਤੇ ਹੈ ਵੀ। ਇਸ ਦੀ ਨੀਂਹ ਲਾਹੌਰ ਦੇ ਇਕ ਮੁਸਲਮਾਨ ਸੂਫ਼ੀ ਸਾਂਈਂ ਮੀਆਂ ਮੀਰ ਨੇ ਰੱਖੀ ਸੀ। ਹਿੰਦੂਆਂ ਦੇ ਮੰਦਿਰਾਂ ਦੇ ਇਕ ਦਰਵਾਜ਼ੇ ਦੀ ਥਾਂ 'ਤੇ ਇਸ ਦੇ ਚਾਰ ਦਰਵਾਜ਼ੇ ਸਨ ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸ ਦੇ ਦਰਵਾਜ਼ੇ ਹਿੰਦੂ ਸਮਾਜ ਦੀਆਂ ਚਾਰੇ ਹੀ ਜ਼ਾਤਾਂ ਲਈ ਸਦਾ ਖੁੱਲ੍ਹੇ ਸਨ। ਸ਼ਰਧਾਲੂਆਂ ਨੂੰ ਮੰਦਿਰ 'ਚ ਦਾਖ਼ਲ ਹੋ ਕੇ ਨੀਵੇਂ ਹੋਣਾ ਪੈਂਦਾ ਸੀ ਜੋ ਉਹਨਾਂ ਨੂੰ ਇਹ ਚੇਤੇ ਕਰਾਉਂਦਾ ਸੀ ਕਿ ਪ੍ਰਮਾਤਮਾ ਦੇ ਨਿਕਟ ਹੋਣ ਲਈ ਨਿਮਰਤਾ ਕਿੰਨੀ ਜ਼ਰੂਰੀ ਹੈ।

ਗੁਰੂ ਅਰਜਨ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਸਾਂਭਣ ਤੇ ਸੁਰੱਖਿਅਤ ਰੱਖਣ ਲਈ ਇਕ ਅਧਿਕਾਰਤ ਗ੍ਰੰਥ ਦਾ ਸੰਸਕਰਨ (ਬੀੜ) ਤਿਆਰ ਕਰਨ ਦੀ ਲੋੜ ਅਨੁਭਵ ਕੀਤੀ। ਇਹ ਉਹੀ ਸਨ ਜਿਨ੍ਹਾਂ ਨੇ ਸਿੱਖਾਂ ਦੀ ਪਵਿੱਤਰ ਧਰਮ ਪੁਸਤਕ "ਆਦਿ ਗ੍ਰੰਥ" ਦਾ ਸੰਕਲਨ ਕੀਤਾ ਜਿਸ ਨੂੰ ਮਗਰੋਂ ਗੁਰੂ ਗ੍ਰੰਥ ਸਾਹਿਬ ਕਿਹਾ ਗਿਆ ਤੇ ਸਵਰਨ ਮੰਦਿਰ ਵਿੱਚ ਸਥਾਪਿਤ ਕਰਕੇ ਪ੍ਰਕਾਸ਼ ਕੀਤਾ ਗਿਆ। ਅੰਮ੍ਰਿਤਸਰ ਤੇ ਇਸ ਵਿਚਲੇ ਸਵਰਨ ਮੰਦਿਰ ਦੀ ਸਿੱਖ ਧਰਮ ਲਈ ਉਸ ਤਰ੍ਹਾਂ ਹੀ ਕੇਂਦਰੀ ਮਹੱਤਤਾ ਹੈ ਜਿਸ ਤਰ੍ਹਾਂ ਮੱਕਾ ਤੇ ਕਾਅਬਾ ਮੁਸਲਮਾਨਾਂ ਲਈ ਮਹੱਤਵਪੂਰਨ ਹਨ। ਇਹੋ ਕਾਰਨ ਹੈ ਕਿ ਭਾਰਤੀ ਫ਼ੌਜ ਵੱਲੋਂ ਇਸ ਉਪਰ ਹਮਲੇ ਨੇ ਸਾਰੇ ਵਿਸ਼ਵ ਵਿੱਚ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਸਖ਼ਤ ਸਦਮਾ ਪਹੁੰਚਿਆ।

ਸਵਰਨ ਮੰਦਿਰ ਦਾ ਉਸਰਈਆ ਗੁਰੂ ਅਰਜਨ ਸਿੱਖ ਧਰਮ ਦਾ ਪਹਿਲਾ ਸ਼ਹੀਦ ਵੀ ਸੀ। ਉਸ ਦੀ ਅਕਬਰ ਦੇ ਉਤਰਾਧਿਕਾਰੀ ਜਹਾਂਗੀਰ ਨਾਲ ਅਣਬਣ ਹੋ ਗਈ। ਉਸ ਨੂੰ ਇਹ ਸ਼ੱਕ ਸੀ ਕਿ ਉਹ ਉਸਦੇ ਬਾਗ਼ੀ ਲੜਕੇ ਨਾਲ ਮਿਲਿਆ ਹੋਇਆ ਸੀ, ਇਸ ਕਾਰਨ ਉਸ ਨੇ ਉਹਨਾਂ ਨੂੰ ਮੌਤ ਦੀ ਸਜ਼ਾ ਦੇ ਦਿੱਤੀ। ਗੁਰੂ ਨੂੰ ਲਾਹੌਰ ਸ਼ਹਿਰ ਵਿੱਚ ਕੈਦ ਕਰ ਦਿੱਤਾ ਗਿਆ, ਜਿੱਥੇ ਉਸ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸਿੱਖ ਆਪਣੇ ਸ਼ਹੀਦਾਂ ਦਾ ਸਦਾ ਹੀ ਸਨਮਾਨ ਕਰਦੇ ਹਨ ਤੇ ਉਹਨਾਂ ਦਾ ਸ਼ਹੀਦੀ ਦਿਨ ਪੂਰੇ ਜੋਸ਼ ਨਾਲ ਮਨਾਉਂਦੇ ਹਨ ਤੇ ਇਸੇ ਲਈ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲੇ ਦਿਨ ਸਵਰਨ ਮੰਦਿਰ ਦਾ ਭਾਰਤੀ ਫ਼ੌਜ ਵੱਲੋਂ ਘੇਰਿਆ ਜਾਣਾ ਮੂਰਖਤਾ ਭਰਿਆ ਕਦਮ ਸੀ। ਸਮਰਾਟ ਜਹਾਂਗੀਰ ਗੁਰੂ ਅਰਜਨ ਦੀ ਇਸ ਵਿਰਾਸਤ ਦੀ ਸੰਭਾਵੀ ਸ਼ਕਤੀ ਬਾਰੇ ਦੂਰ ਦ੍ਰਿਸ਼ਟੀ ਤੋਂ ਕੰਮ ਨਾ ਲੈ ਸਕਿਆ ਭਾਵ ਉਹ ਇਸ ਦੀ ਮਹੱਤਤਾ ਸਮਝ ਨਾ ਸਕਿਆ। ਉਸ ਨੇ ਉਸ ਬਾਰੇ ਲਿਖਿਆ—

"ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਵਿੱਚ ਇਕ ਅਰਜਨ ਨਾਮ ਦਾ ਹਿੰਦੂ, ਸਾਧੂ ਦੇ ਪਵਿੱਤਰ ਭੇਸ ਵਿੱਚ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ-ਭਾਲੇ ਹਿੰਦੂਆਂ ਤੇ ਇਸਲਾਮ ਦੇ ਬਹੁਤ ਸਾਰੇ ਬੇਵਕੂਫ਼ ਤੇ ਜਾਹਿਲ ਪੈਰੋਕਾਰਾਂ ਨੂੰ ਆਪਣੇ ਮਗਰ ਲਾ ਲਿਆ ਸੀ ਤੇ ਉਹ ਉਹਦੇ ਤੌਰ ਤਰੀਕਿਆਂ ਤੋਂ ਪ੍ਰਭਾਵਿਤ ਹੋ ਕੇ ਉਸ ਦੀ ਪਵਿੱਤਰਤਾ ਦਾ ਢੰਡੋਰਾ ਦੇਣ ਲੱਗ ਪਏ ਸਨ। ਉਹ ਉਸ ਨੂੰ ਗੁਰੂ ਕਹਿੰਦੇ ਸਨ ਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਉਪਾਸ਼ਨਾ ਕਰਨ ਲਈ ਵੱਡੀਆਂ ਵਹੀਰਾਂ 'ਚ ਆਉਂਦੇ ਤੇ ਉਸ ਵਿੱਚ ਪੂਰਾ ਵਿਸ਼ਵਾਸ ਪ੍ਰਗਟ ਕਰਦੇ ਸਨ। ਰੂਹਾਨੀ ਉਤਰਾਧਿਕਾਰੀਆਂ ਦੀਆਂ ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਦੁਕਾਨ ਚਲ ਰਹੀ ਸੀ। ਕਈ ਵਾਰ ਮੇਰੇ ਮਨ ਵਿੱਚ ਆਇਆ ਕਿ ਮੈਂ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿਆਂ ਜਾਂ ਉਸ ਨੂੰ ਇਸਲਾਮ ਧਰਮ ਵਿੱਚ ਸ਼ਾਮਿਲ ਕਰ ਲਵਾਂ।"[31]

ਉਹ "ਝੂਠ ਦੀ ਦੁਕਾਨ" ਤੇ ਉਹ "ਮੂਰਖ ਲੋਕ" ਦੁਨੀਆ ਦੇ ਵੱਡੇ ਧਰਮਾਂ ਵਿੱਚੋਂ ਇਕ ਉੱਘੇ ਧਰਮ ਵਜੋਂ ਵਿਕਸਿਤ ਹੋਏ ਤੇ ਉਹ ਜਹਾਂਗੀਰ ਅਤੇ ਉਸ ਦੇ ਸਾਮਰਾਜ ਦੇ ਮਗਰੋਂ ਵੀ ਅੱਜ ਤੱਕ ਜੀਵਤ ਰਹੇ।

ਗੁਰੂ ਅਰਜਨ ਦੀ ਛੋਟੀ ਉਮਰ ਦੇ ਲੜਕੇ ਤੇ ਉਤਰਾਧਿਕਾਰੀ, ਹਰਿਗੋਬਿੰਦ ਨੇ

ਸਵਰਨ ਮੰਦਿਰ ਸਮੂਹ ਵਿੱਚ ਹੀ ਇਕ ਹੋਰ ਉੱਘੇ ਧਰਮ ਅਸਥਾਨ (ਮੰਦਿਰ) ਦਾ ਨਿਰਮਾਣ ਕਰਵਾਇਆ, ਜਿਸ ਨੂੰ ਅਕਾਲ ਤਖ਼ਤ ਕਿਹਾ ਗਿਆ, ਜੋ ਸਿੱਖ ਧਰਮ ਦੀ ਦੁਨਿਆਵੀ ਸ਼ਕਤੀ ਦਾ ਪ੍ਰਤੀਕ ਸੀ। ਮੁਗ਼ਲ ਸਮਰਾਟ ਪ੍ਰਤੀ ਵੰਗਾਰ ਦੇ ਸੰਕੇਤ ਵਜੋਂ ਉਹ ਸਮਰਾਟ ਦੇ ਤਖ਼ਤ ਦੇ ਟਾਕਰੇ 'ਤੇ ਉੱਚੇ ਤਖ਼ਤ 'ਤੇ ਬੈਠ ਕੇ ਦਰਬਾਰ ਲਗਾਉਂਦਾ। ਗੁਰੂ ਅਰਜਨ ਦੀ ਸ਼ਹਾਦਤ ਨੇ ਸਿੱਖ ਧਰਮ ਨੂੰ ਹੋਰ ਵੀ ਜੁਝਾਰੂ ਤੇ ਸੈਨਿਕ ਧਰਮ ਵਿੱਚ ਤਬਦੀਲ ਕਰ ਦਿੱਤਾ। ਉਸ ਸਮੇਂ ਤੋਂ ਸਿੱਖਾਂ ਨੇ ਸਹੀ ਅਰਥਾਂ ਵਿੱਚ ਭਰੋਸੇਯੋਗ ਧਰਮੀਆਂ ਦੀ ਫ਼ੌਜ ਰੱਖਣੀ ਸ਼ੁਰੂ ਕਰ ਦਿੱਤੀ ਸੀ।

ਇਸ ਫ਼ੌਜ ਨੂੰ ਦਸਵੇਂ ਤੇ ਆਖ਼ਰੀ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸ਼ਕਤੀਸ਼ਾਲੀ ਲੜਾਕੂ ਸੈਨਾ ਦਾ ਸਰੂਪ ਦਿੱਤਾ। ਉਸ ਨੇ ਆਪਣੇ ਪੈਰੋਕਾਰਾਂ ਨੂੰ ਇਹ ਆਦੇਸ਼ ਵੀ ਦਿੱਤਾ ਕਿ ਉਹ ਆਪਣੀ ਦਾੜ੍ਹੀ ਤੇ ਕੇਸ ਨਾ ਕਟਵਾਉਣ ਤਾਂ ਜੋ ਸਿੱਖਾਂ ਦੀ ਵੱਖਰੀ ਸ਼ਕਲ ਸੂਰਤ ਤੇ ਪਛਾਣ ਕਾਇਮ ਰਹੇ। 1699 ਈਸਵੀ ਵਿੱਚ ਉਸ ਨੇ ਸਿੱਖਾਂ ਦੀ ਵੱਖਰੀ ਪਛਾਣ ਦੀ ਰੱਖਿਆ ਲਈ ਕਦਮ ਉਠਾਏ ਤਾਂ ਜੋ ਨਾ ਸਿਰਫ਼ ਹਿੰਦੂ ਧਰਮ ਵਿੱਚ ਸਿੱਖਾਂ ਨੂੰ ਵਿਲੀਨ ਹੋਣ ਤੋਂ ਹੀ ਬਚਾਇਆ ਜਾਵੇ ਸਗੋਂ ਮੁਸਲਮਾਨ ਹਾਕਮਾਂ ਦੇ ਧਾਰਮਿਕ ਅੱਤਿਆਚਾਰਾਂ ਤੋਂ ਵੀ ਰੱਖਿਆ ਕੀਤੀ ਜਾ ਸਕੇ ਜੋ ਸਿੱਖਾਂ ਦੇ ਖੁੱਲ੍ਹਮ-ਖੁੱਲ੍ਹੇ ਵਿਰੋਧੀ ਤੇ ਦੁਸ਼ਮਣ ਸਨ। ਉਸ ਨੇ ਪੰਜਾਬ ਵਿੱਚ ਅਨੰਦਪੁਰ ਵਿਖੇ ਇਕ ਵਿਸ਼ਾਲ ਇਕੱਠ ਕੀਤਾ ਜਿਥੇ ਉਸ ਨੇ ਇਕ ਨਵੇਂ ਪੰਥ 'ਖ਼ਾਲਸਾ' ਦੀ ਸਿਰਜਨਾ ਦਾ ਐਲਾਨ ਕੀਤਾ। ਦੂਸਰੇ ਪੁਰਸ਼ਾਂ ਤੇ ਇਸਤਰੀਆਂ ਤੋਂ ਵਖਰਿਆਉਣ ਲਈ ਉਸ ਨੇ ਖ਼ਾਲਸਾ ਪੰਥ ਦੇ ਪੈਰੋਕਾਰਾਂ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਕੇਸ ਤੇ ਦਾੜ੍ਹੀਆਂ ਨਾ ਕੱਟਣ, ਕੰਘਾ ਰੱਖਣ, ਕੜਾ ਤੇ ਕਛਹਿਰਾ ਪਹਿਨਣ ਤੇ ਕਿਰਪਾਨ ਆਪਣੇ ਕੋਲ ਰੱਖਣ। ਇਹ ਸਿੱਖਾਂ ਦੇ ਪੰਜ 'ਕਕਾਰ' ਬਣੇ ਜਿਨ੍ਹਾਂ ਨਾਲ ਅੱਜ ਵੀ ਕੱਟੜਪੰਥੀ ਤੇ ਪ੍ਰੰਪਰਾਗਤ ਸਿੱਖਾਂ ਦੀ ਪਛਾਣ ਕੀਤੀ ਜਾ ਸਕਦੀ ਹੈ। ਗੁਰੂ ਨੇ ਸਭ ਨੂੰ ਨਿਰਦੇਸ਼ ਦਿੱਤਾ ਕਿ ਉਹ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਣ ਤੇ 'ਸਿੰਘ' ਨਾਮ ਅਪਨਾਉਣ। ਇਸਤਰੀਆਂ ਨੂੰ, ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਗ੍ਰਹਿਣ ਕਰਕੇ ਆਪਣੇ ਨਾਮ ਨਾਲ 'ਕੌਰ' (ਰਾਜ ਕੁਮਾਰੀ) ਜੋੜਨ ਲਈ ਕਿਹਾ। ਸਿੱਖ ਧਰਮ ਵਿੱਚ ਸਦਾ ਹੀ ਇਸਤਰੀਆਂ ਦੀ ਸੁਤੰਤਰਤਾ ਦਾ ਸਨਮਾਨ ਕੀਤਾ ਜਾਂਦਾ ਰਿਹਾ ਹੈ ਤੇ ਅੱਜ ਦੇ ਸਮੇਂ ਵਿੱਚ ਵੀ ਕਈ ਸ਼ਕਤੀਸ਼ਾਲੀ ਇਸਤਰੀਆਂ ਰਾਜਨੀਤੀ ਵਿੱਚ ਹਨ।

ਖ਼ਾਲਸਾ ਸਿੱਖ ਫ਼ੌਜ ਦਾ ਸਾਰ ਤੱਤ ਜਾਂ ਕੇਂਦਰੀ ਸ਼ਕਤੀ ਸੀ। ਉਹਨਾਂ ਦਾ ਜੰਗੀ ਨਾਅਰਾ ਸੀ, "ਰਾਜ ਕਰੇਗਾ ਖ਼ਾਲਸਾ।" ਸਿੱਖ ਅੱਜ ਵੀ ਇਹ ਜੰਗੀ ਨਾਅਰਾ ਲਾਉਂਦੇ ਹਨ ਤੇ ਜੇ ਇਸ ਦੇ ਸ਼ਾਬਦਿਕ ਅਰਥਾਂ ਨੂੰ ਲਿਆ ਜਾਵੇ ਤਾਂ ਇਹ ਭਾਰਤ ਵਰਗੇ ਨਵੀਨ ਧਰਮ ਨਿਰਪੇਖ ਰਾਜ ਵਿੱਚ ਵਫ਼ਾਦਾਰੀ ਨਾਲ ਟਕਰਾਓ ਦਾ ਸੰਕੇਤ ਦਿੰਦਾ ਹੈ। ਸਿੱਖ ਧਰਮ ਦੇ ਮੁੱਖ ਸਿਧਾਂਤਾਂ ਵਿੱਚੋਂ ਇਕ ਸਿਧਾਂਤ ਇਹ ਹੈ ਕਿ ਸਿੱਖ ਧਰਮ ਵਿੱਚ ਰਾਜਨੀਤੀ ਤੇ ਧਰਮ ਅਨਿੱਖੜ ਤੇ ਅਖੰਡ ਹਨ। ਖ਼ਾਲਸਾ ਪੰਜਾਬ ਵਿੱਚ ਰਾਜ ਕਰਨ ਤੇ ਮੁਗ਼ਲ ਸਮਰਾਟ ਨੂੰ ਹਾਰ ਦੇਣ ਵਿੱਚ ਸਫਲ ਨਾ ਹੋਇਆ। ਖ਼ਾਲਸਾ ਸਿਰਜਣਾ ਤੇ ਸਮਰਾਟ ਔਰੰਗਜ਼ੇਬ ਦੀ ਮੌਤ ਦੇ ਵਿਚਕਾਰਲੇ 8 ਸਾਲਾਂ ਵਿੱਚ ਉਹਨਾਂ ਨੇ ਮੁਗ਼ਲ ਫ਼ੌਜਾਂ ਨਾਲ ਨਿਧੜਕਤਾ ਨਾਲ ਅਨਿਰਣਾਤਮਕ ਯੁੱਧ ਲੜੇ।

ਜਦੋਂ 1708 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਦੀ ਹੱਤਿਆ ਕਰ ਦਿੱਤੀ ਗਈ ਤਾਂ ਉਸ ਮਗਰੋਂ ਉਸ ਬਾਰੇ ਇਕ ਸ਼ਾਇਰ, ਪ੍ਰਚਾਰਕ, ਗੁਰੂ, ਯੁੱਧ ਕਲਾ ਵਿੱਚ ਨਿਪੁੰਨ, ਨਿਡੱਰ, ਨਾ ਝੁਕਣ ਵਾਲੇ, ਵੰਗਾਰ ਪਾਉਣ ਵਾਲੇ ਤੇ ਸਿੱਖਾਂ ਦੀਆਂ ਆਉਣ ਵਾਲੀਆਂ ਨਸਲਾਂ ਦੀ ਕਲਪਨਾ ਨੂੰ ਉਤਸ਼ਾਹਿਤ ਕਰਨ ਵਾਲੇ ਤੇ ਪ੍ਰੇਰਨਾ ਦੇਣ ਵਾਲੇ ਯੋਧੇ ਵਜੋਂ ਲੋਕ-ਕਥਾ ਪ੍ਰਚੱਲਿਤ ਹੋ ਗਈ। ਜਦੋਂ ਭਿੰਡਰਾਂਵਾਲੇ ਦੇ ਚੇਲਿਆਂ ਨੂੰ ਪੁੱਛਿਆ ਗਿਆ ਕਿ ਉਸ ਵਿੱਚ ਇਕ ਆਗੂ ਵਜੋਂ ਕਿਹੜੀ ਚੀਜ਼ ਉਹਨਾਂ ਨੂੰ ਆਕ੍ਰਸ਼ਿਤ ਕਰਦੀ ਹੈ ਤਾਂ ਉਹ ਕਹਿੰਦੇ ਸਨ, "ਉਹ ਗੁਰੂ ਗੋਬਿੰਦ ਸਿੰਘ ਵਾਂਗ ਹੀ ਲੱਗਦਾ ਹੈ।" ਗੁਰੂ ਜੀ ਨੇ ਆਪਣੀ ਮੌਤ ਤੋਂ ਪਹਿਲਾਂ ਫ਼ੁਰਮਾਨ ਕੀਤਾ ਸੀ ਕਿ ਉਸ ਮਗਰੋਂ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਇਹ ਦੇਹਧਾਰੀ ਗੁਰੂ ਦੀ ਥਾਂ ਪਵਿੱਤਰ ਧਰਮ ਪੁਸਤਕ, ਗੁਰੂ ਗ੍ਰੰਥ ਸਾਹਿਬ ਸਿੱਖਾਂ ਨੂੰ ਰੂਹਾਨੀ ਤੇ ਧਾਰਮਿਕ ਅਗਵਾਈ ਦੇਣਗੇ ਜਦੋਂ ਦੁਨਿਆਵੀ ਮਾਮਲੇ ਪੰਥ ਦੇ ਹੱਥ ਵਿੱਚ ਹੋਣਗੇ ਭਾਵ ਖ਼ਾਲਸਾ ਪੰਥ ਤੇ ਉਹਦੇ ਪ੍ਰਤਿਨਿਧਾਂ ਦੇ ਹੱਥਾਂ ਵਿੱਚ ਦੁਨਿਆਵੀ ਮਾਮਲੇ ਹੋਣਗੇ।

ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਸਿੱਖਿਆ ਦਿੱਤੀ ਕਿ ਉਹ ਹਰ ਕੀਮਤ 'ਤੇ ਆਪਣੀ ਵੱਖਰੀ ਪਛਾਣ ਕਾਇਮ ਰੱਖਣ। ਗੁਰੂ ਜੀ ਦੇ ਸਮੇਂ ਵਿੱਚ ਦਾੜ੍ਹੀ ਤੇ ਲੰਬੇ ਕੇਸ ਉਹਨਾਂ ਸਿੱਖਾਂ ਦੀ ਪਛਾਣ ਦੇ ਚਿੰਨ੍ਹ ਸਨ ਜੋ ਉਹਨਾਂ ਦੇ ਧਰਮ ਲਈ ਵੰਗਾਰ ਬਣੇ ਮੁਸਲਮਾਨਾਂ ਨਾਲ ਲੜਨ ਲਈ ਤਿਆਰ ਸਨ। ਭਿੰਡਰਾਂਵਾਲੇ ਲਈ ਪੰਜ 'ਕਕਾਰ' ਉਹਨਾਂ ਸਿੱਖਾਂ ਦੇ ਚਿੰਨ੍ਹ ਸਨ ਜੋ ਹਿੰਦੂਆਂ ਵਿਰੁੱਧ ਲੜਨ ਲਈ ਤਿਆਰ ਸਨ।

ਅਠਾਰ੍ਹਵੀਂ ਸਦੀ ਦੇ ਅੱਧ ਵਿੱਚ ਮੁਗ਼ਲ ਸਾਮਰਾਜ ਦਾ ਨਿਘਾਰ ਹੋ ਰਿਹਾ ਸੀ ਤੇ ਉਹ ਇੰਨਾ ਕਮਜ਼ੋਰ ਹੋ ਗਿਆ ਸੀ ਕਿ ਸਮਰਾਟ ਨੇ ਪੰਜਾਬ, ਅਫ਼ਗਾਨ ਹਾਕਮ ਅਹਿਮਦ ਸ਼ਾਹ ਅਬਦਾਲੀ ਨੂੰ ਸੌਂਪ ਦਿੱਤਾ ਸੀ। ਮੁਗ਼ਲ ਹਾਕਮ ਤਾਂ ਆਪਣੀ ਰਾਜਧਾਨੀ ਦੀ ਵੀ ਅਫ਼ਗਾਨ ਲੁਟੇਰਿਆਂ ਤੋਂ ਰੱਖਿਆ ਨਹੀਂ ਕਰ ਸਕੇ ਸਨ, ਪਰੰਤੂ ਅਹਿਮਦ ਸ਼ਾਹ ਨੂੰ ਪਤਾ ਲੱਗ ਗਿਆ ਕਿ ਸਿੱਖ ਵੱਖਰੀ ਮਿੱਟੀ ਜਾਂ ਪਦਾਰਥ ਦੇ ਬਣੇ ਹੋਏ ਸਨ। ਜਿਵੇਂ ਇਕ ਭਾਰਤੀ ਇਤਿਹਾਸਕਾਰ ਨੇ ਕਿਹਾ, "ਗੁਰੂ ਹਰਿਗੋਬਿੰਦ ਦੇ ਸਮੇਂ ਦੇ ਅਸਿੱਖਿਅਤ ਤੇ ਭੋਲੇ ਭਾਲੇ ਸਿੱਖ ਹੁਣ ਬਾਕਾਇਦਾ ਸੁਸਿੱਖਿਅਤ, ਹਥਿਆਰਬੰਦ ਖ਼ਾਲਸੇ ਦਾ ਰੂਪ ਧਾਰ ਚੁੱਕੇ ਸਨ ਜੋ ਸ਼ਸਤਰਾਂ ਦੀ ਵਰਤੋਂ 'ਵਿੱਚ ਮਾਹਿਰ ਸਨ ਤੇ ਗੁਰੀਲਾ ਯੁੱਧ ਦੇ ਢੰਗ ਤਰੀਕਿਆਂ ਵਿੱਚ ਨਿਪੁੰਨ ਸਨ। ਖ਼ਾਲਸਾ ਨੇ ਜਿੱਤ ਦਾ ਫਲ ਚਖ ਲਿਆ ਸੀ ਤੇ ਉਹਨਾਂ ਨੂੰ ਲੁੱਟ ਦਾ ਭੁੱਸ ਵੀ ਪੈ ਗਿਆ ਸੀ।'" ਖ਼ਾਲਸੇ ਨੂੰ ਅਫ਼ਗਾਨਾਂ ਦੀ ਲੁੱਟਮਾਰ ਹੱਕੀ ਤੇ ਉੱਚਿਤ ਲੱਗਦੀ ਸੀ ਕਿਉਂਕਿ ਉਹਨਾਂ ਦੇ ਆਖ਼ਰੀ ਗੁਰੂ ਨੇ ਕਿਹਾ ਸੀ ਕਿ "ਲੁਟੇਰੇ ਨੂੰ ਲੁੱਟਣਾ ਗੁਨਾਹ ਨਹੀਂ ਹੈ।"

ਸਿੱਖਾਂ ਵੱਲੋਂ ਅਫ਼ਗਾਨ ਬਾਦਸ਼ਾਹ ਦੇ ਸਾਮਾਨ ਤੇ ਵਹੀਰ ਨੂੰ ਲੁੱਟਣ ਤੇ ਉਹਨਾਂ 'ਤੇ ਹਮਲਿਆਂ ਕਾਰਨ ਉਸ ਨੇ ਬਦਲਾ ਲੈਣ ਲਈ ਅੰਮ੍ਰਿਤਸਰ 'ਤੇ ਹੱਲਾ ਬੋਲ ਦਿੱਤਾ। ਉਸ ਨੇ ਸਵਰਨ ਮੰਦਿਰ ਬਾਰੂਦ ਨਾਲ ਉਡਾ ਦਿੱਤਾ ਜੋ ਪ੍ਰਮਾਤਮਾ ਦੀ ਰੂਹਾਨੀ ਸ਼ਕਤੀ ਦਾ ਪ੍ਰਤੀਨਿਧ ਸੀ। ਉਸ ਨੇ ਪਵਿੱਤਰ ਸਰੋਵਰ ਨੂੰ ਪਸ਼ੂਆਂ ਦੀਆਂ ਲਾਸ਼ਾਂ ਤੇ ਕਰੰਗਾਂ ਨਾਲ ਭਰ ਦਿੱਤਾ। ਸਵਰਨ ਮੰਦਿਰ ਦੇ ਸਾਹਮਣੇ ਅਕਾਲ ਤਖ਼ਤ ਜੋ ਪ੍ਰਮਾਤਮਾ ਦੀ ਲੌਕਿਕ ਤੇ

ਦੁਨਿਆਵੀ ਸ਼ਕਤੀ ਦਾ ਪ੍ਰਤੀਕ ਸੀ, ਉਹ ਢਹਿ ਢੇਰੀ ਕਰ ਦਿੱਤਾ। ਹਰ ਵਾਰ ਸਿੱਖਾਂ ਨੇ ਨਿਡਰ ਹੋ ਕੇ ਆਪਣੇ ਪਵਿੱਤਰ ਸਥਾਨਾਂ ਦਾ ਨਿਰਮਾਣ ਕੀਤਾ ਤੇ ਉਹਨਾਂ ਨੂੰ ਅਫ਼ਗਾਨ ਸ਼ਕਤੀ ਦੇ ਖ਼ਤਮ ਹੋਣ ਤੱਕ ਤੇ ਅਬਦਾਲੀ ਦੇ ਪੰਜਾਬ ਤੋਂ ਚਲੇ ਜਾਣ ਤੱਕ ਸੰਭਾਲੀ ਰੱਖਿਆ। ਉਸ ਦਿਨ ਪਿੱਛੋਂ ਕਦੇ ਵੀ ਕੋਈ ਫ਼ੌਜ ਸਿੱਖ ਧਰਮ ਦੇ ਪਵਿੱਤਰ ਧਰਮ ਅਸਥਾਨਾਂ ਵਿੱਚ ਦਾਖ਼ਲ ਨਾ ਹੋਈ। ਇਹ ਤਾਂ ਜੂਨ 1984 ਵਿੱਚ ਹੀ ਸ੍ਰੀਮਤੀ ਗਾਂਧੀ ਨੇ ਮੂਲਵਾਦੀ ਪ੍ਰਚਾਰਕ ਭਿੰਡਰਾਂਵਾਲੇ ਨੂੰ ਬਾਹਰ ਕੱਢਣ ਲਈ ਫ਼ੌਜ ਭੇਜੀ, ਜਿਸ ਨੇ ਅਕਾਲ ਤਖ਼ਤ ਨੂੰ ਇਕ ਕਿਲ੍ਹੇ ਦਾ ਰੂਪ ਦੇ ਦਿੱਤਾ ਸੀ।

ਜਾਰਜ ਥਾਮਸ ਨਾਮ ਦੇ ਇਕ ਸਿਰਲੱਥ ਅੰਗਰੇਜ਼ ਨੇ, ਜਿਸ ਨੇ ਵਰਤਮਾਨ ਹਰਿਆਣਾ ਰਾਜ ਦੇ ਹਾਂਸੀ ਵਿੱਚ ਦਿੱਲੀ ਦੇ ਨੇੜੇ ਹੀ ਆਪਣੀ ਨਿੱਜੀ ਹਕੂਮਤ ਕਾਇਮ ਕਰ ਲਈ ਸੀ, ਸਿੱਖ ਯੋਧਿਆਂ ਦਾ ਅੱਖੀਂ ਡਿੱਠਾ ਬਿਰਤਾਂਤ ਲਿਖਿਆ ਹੈ, ਜਿਨ੍ਹਾਂ ਨੇ ਅਫ਼ਗਾਨਾਂ ਨੂੰ ਭਾਂਬਾ ਫੇਰਿਆ ਸੀ।

"ਸਿੱਖ ਆਪਣੇ ਧਰਮ ਅਨੁਸਾਰ ਇਸ਼ਨਾਨ ਤੇ ਪਾਠ ਪੂਜਾ ਦੇ ਜ਼ਰੂਰੀ ਫ਼ਰਜ਼ ਅਦਾ ਕਰਕੇ ਬੜੇ ਖ਼ਾਸ ਢੰਗ ਨਾਲ ਆਪਣੇ ਕੇਸਾਂ ਤੇ ਦਾੜ੍ਹੀ ਵਿੱਚ ਕੰਘਾ ਕਰਦੇ ਹਨ। ਘੋੜਿਆਂ 'ਤੇ ਸਵਾਰ ਹੋ ਕੇ ਵੈਰੀ ਵੱਲ ਵੱਧਦੇ ਹਨ, ਜਿਸ ਨਾਲ ਉਹ ਨਿਰੰਤਰ ਕਦੇ ਅੱਗੇ ਵੱਧ ਕੇ ਤੇ ਕਦੇ ਪਿੱਛੇ ਹੱਟ ਕੇ ਉਦੋਂ ਤੱਕ ਲੜਾਈ ਕਰਦੇ ਹਨ ਜਦ ਤੱਕ ਘੋੜਾ ਤੇ ਅਸਵਾਰ ਪੂਰੀ ਤਰ੍ਹਾਂ ਥੱਕ ਨਹੀਂ ਜਾਂਦੇ। ਫਿਰ ਉਹ ਵੈਰੀ ਤੋਂ ਕਾਫ਼ੀ ਵਿੱਥ 'ਤੇ ਚਲੇ ਜਾਂਦੇ ਹਨ ਤੇ ਆਪਣੇ ਘੋੜਿਆਂ ਨੂੰ ਫ਼ਸਲਾਂ ਵਾਲੇ ਖੇਤਾਂ ਵਿੱਚ ਮਨਮਰਜ਼ੀ ਨਾਲ ਚਰਨ ਲਈ ਖੁੱਲ੍ਹਾ ਛੱਡ ਦਿੰਦੇ ਹਨ ਤੇ ਉਹ ਆਪ ਥੋੜ੍ਹੇ ਕੁ ਭੁੱਜੇ ਹੋਏ ਛੋਲੇ ਚੱਬਦੇ ਹਨ ਤੇ ਆਪਣਾ ਸੰਜਮੀ ਭੋਜਨ ਖਾ ਕੇ, ਜੇ ਵੈਰੀ ਨੇੜੇ ਹੋਵੇ ਤਾਂ ਉਸ ਨਾਲ ਮੁੱਠ-ਭੇੜ ਕਰਦੇ ਸਨ। ਜੇ ਵੈਰੀ ਦੂਰ ਪਿੱਛੇ ਹਟ ਗਿਆ ਹੋਵੇ ਜਾਂ ਪਲਾਇਨ ਕਰ ਗਿਆ ਹੋਵੇ ਤਾਂ ਉਹ ਆਪਣੇ ਪਸ਼ੂਆਂ ਲਈ ਚਾਰੇ ਪੱਠੇ ਦਾ ਤੇ ਆਪਣੇ ਲਈ ਖਾਣੇ ਦਾ ਪ੍ਰਬੰਧ ਕਰ ਲੈਂਦੇ ਹਨ। ਬਚਪਨ ਤੋਂ ਹੀ ਉਹਨਾਂ ਨੇ ਔਕੜਾਂ ਤੇ ਤੰਗੀ-ਤੁਰਸ਼ੀ ਦੇ ਦਿਨ ਦੇਖੇ ਸਨ; ਇਸ ਲਈ ਸਿੱਖ ਤੰਬੂਆਂ ਦੀ ਐਸ਼-ਪ੍ਰਸਤੀ ਤੋਂ ਘ੍ਰਿਣਾ ਕਰਦੇ ਸਨ। ਇਸਦੇ ਬਦਲੇ ਹਰ ਸਿੱਖ ਨੂੰ ਦੋ ਕੰਬਲ ਦਿੱਤੇ ਜਾਂਦੇ ਸਨ, ਇਕ ਉਹਦੇ ਆਪਣੇ ਲਈ ਤੇ ਇਕ ਘੋੜੇ ਲਈ। ਇਹ ਕੰਬਲ ਕਾਠੀ ਹੇਠ ਰੱਖੇ ਜਾਂਦੇ ਸਨ। ਜੰਗ ਦੇ ਸਮੇਂ ਛੋਲਿਆਂ ਦੀ ਭਰੀ ਖੁਰਜੀ ਤੇ ਰਸੀਆਂ ਦੇ ਪੈੜੇ ਹੀ ਸਿੱਖ ਦਾ ਸਾਜ਼ ਸਮਾਨ ਹੁੰਦਾ ਸੀ। ਉਹਨਾਂ ਦਾ ਖਾਣਾ ਬਣਾਉਣ ਵਾਲੇ ਬਰਤਨ ਟੱਟੂਆਂ 'ਤੇ ਲੱਦੇ ਹੁੰਦੇ ਹਨ। ਇਸ ਪ੍ਰਕਾਰ ਦੇ ਜੀਵਨ-ਢੰਗ ਤੇ ਉਹਨਾਂ ਦੀ ਤੇਜ਼ੀ ਭਰਪੂਰ ਹਰਕਤ ਵੇਖ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਜੋ ਉਹਨਾਂ ਵੱਲੋਂ ਇਕ ਦਿਨ ਵਿੱਚ ਕੂਚ ਕਰਕੇ ਤੈਅ ਕਰਨ ਵਾਲੀ ਦੂਰੀ, ਯੂਰਪੀ ਢੰਗ ਦੀ ਯੁੱਧ ਕਲਾ ਦੇ ਗਿੱਝੇ ਹੋਏ ਲੋਕਾਂ ਨੂੰ ਅਸੰਭਵ ਤੇ ਨਾ ਮੰਨਣਯੋਗ ਜਾਪੇ।"[7]

ਪੰਜਾਬ 'ਚੋਂ ਅਫ਼ਗਾਨਾਂ ਦੇ ਚਲੇ ਜਾਣ ਬਾਅਦ ਸਿੱਖਾਂ ਲਈ ਮੈਦਾਨ ਸਾਫ਼ ਸੀ। ਉਹਨਾਂ ਦੇ ਮਿਸਲਦਾਰਾਂ ਜਾਂ ਮੁਖੀਆਂ ਵਿੱਚ ਇਕ ਸਰਦਾਰ ਰਣਜੀਤ ਸਿੰਘ ਲਈ ਅੰਗਰੇਜ਼ਾਂ ਤੋਂ ਬਿਨਾਂ ਭਾਰਤ ਦੀਆਂ ਸਾਰੀਆਂ ਮੁੱਖ ਸ਼ਕਤੀਆਂ ਦਾ ਪਤਨ ਬੜਾ ਸਹਾਇਕ ਤੇ ਲਾਭਕਾਰੀ ਸਿੱਧ ਹੋਇਆ ਤੇ ਉਹ 21 ਸਾਲ ਦੀ ਉਮਰ ਵਿੱਚ ਪੰਜਾਬ ਦਾ ਮਹਾਰਾਜਾ

ਬਣ ਗਿਆ। ਉਸ ਨੇ ਇਹ ਵੀ ਸਿੱਧ ਕਰ ਦਿੱਤਾ ਜਿਹੜਾ ਸਿੱਖ ਇਤਿਹਾਸ ਵਿੱਚ ਬਹੁਤ ਅਦਭੁੱਤ, ਅਨੋਖਾ ਤੇ ਅਲੌਕਿਕ ਸੀ, ਉਹ ਇਹ ਸੀ ਕਿ ਸਿੱਖ ਇਕ ਸਾਮਰਾਜ ਕਾਇਮ ਹੀ ਨਹੀਂ ਕਰ ਸਕਦੇ ਸਗੋਂ ਸਾਮਰਾਜ 'ਤੇ ਰਾਜ ਵੀ ਕਰ ਸਕਦੇ ਹਨ।

ਅਨਪੜ੍ਹ ਤੇ ਬਚਪਨ ਵਿੱਚ ਇਕ ਅੱਖ ਤੋਂ ਚੇਚਕ ਦੀ ਬਿਮਾਰੀ ਨਾਲ ਅੰਨ੍ਹਾ ਹੋ ਜਾਣ ਦੇ ਬਾਵਜੂਦ ਰਣਜੀਤ ਸਿੰਘ ਨੇ ਆਪਣਾ ਸਾਮਰਾਜ ਕਸ਼ਮੀਰ ਅਤੇ ਚੀਨ ਤੇ ਤਿੱਬਤ ਦੀ ਸਰਹੱਦ ਤੋਂ ਲੈ ਕੇ ਖੈਬਰ ਦੇ ਦੱਰੇ ਤੱਕ ਤੇ ਹੇਠਲੇ ਪਾਸੇ ਦੱਖਣ-ਪੱਛਮ ਵਿੱਚ ਸਿੰਧ ਦੀ ਸੀਮਾ ਤੱਕ ਫੈਲਾਇਆ। ਉਸ ਸਮੇਂ ਦਿੱਲੀ ਵਿੱਚ ਅੰਗਰੇਜ਼ ਆਪਣੇ ਆਪ ਨੂੰ ਸੁਰੱਖਿਅਤ ਕਰਕੇ ਟਿਕ ਗਏ ਸਨ ਤੇ ਮੁਗ਼ਲ ਸਮਰਾਟ ਉਹਨਾਂ ਤੋਂ ਪੈਨਸ਼ਨ (ਵਜ਼ੀਫ਼ਾ) ਲੈਂਦਾ ਸੀ ਤੇ ਉਹਨਾਂ ਨੇ ਰਣਜੀਤ ਸਿੰਘ ਨੂੰ ਆਪਣਾ ਸਾਮਰਾਜ ਦੱਖਣ ਵੱਲ ਵਧਾਉਣ ਤੋਂ ਰੋਕ ਦਿੱਤਾ ਸੀ, ਪਰੰਤੂ ਉਹਨਾਂ ਨੇ ਕਦੇ ਰਣਜੀਤ ਸਿੰਘ ਉਪਰ ਹਮਲਾ ਕਰਨ ਦਾ ਹੌਸਲਾ ਨਾ ਕੀਤਾ। ਉਹਨਾਂ ਦੇ ਰਣਜੀਤ ਸਿੰਘ ਨਾਲ ਬਰਾਬਰੀ ਦੇ ਸੰਬੰਧ ਸਨ। ਭਾਰਤ ਦੇ ਗਵਰਨਰ-ਜਨਰਲ ਲਾਰਡ ਆਕਲੈਂਡ ਨੇ ਉਸ ਦੇ ਰਾਜ ਦੇ ਆਖ਼ਰੀ ਸਾਲਾਂ ਵਿੱਚ ਲਾਹੌਰ ਆ ਕੇ ਉਸ ਦੇ ਦਰਬਾਰ ਵਿੱਚ ਸਰਕਾਰੀ ਯਾਤਰਾ ਕਰਕੇ ਮੁਲਾਕਾਤ ਕੀਤੀ। ਉਸ ਸਮੇਂ ਰਣਜੀਤ ਸਿੰਘ ਇਕ ਅਜਿਹੇ ਠਾਠ-ਬਾਠ ਵਾਲੇ ਦਰਬਾਰ ਦਾ ਸਮਰਾਟ ਬਣ ਚੁੱਕਾ ਸੀ ਜੋ ਮੁਗ਼ਲ ਦਰਬਾਰ ਦੇ ਸ਼ਾਨਾਂ ਮੱਤੇ ਸਮੇਂ ਨੂੰ ਵੀ ਮਾਤ ਪਾਉਂਦਾ ਸੀ। ਲਾਰਡ ਆਕਲੈਂਡ ਦੀ ਭੈਣ ਐਮਿਲੀ ਈਡਨ ਨੇ ਲਿਖਿਆ ਸੀ ਕਿ ਮਹਾਰਾਜਾ ਆਪਣੀਆਂ ਸਫ਼ੈਦ ਗੱਲ੍ਹ-ਮੁੱਛਾਂ ਅਤੇ ਇਕ ਅੱਖ ਨਾਲ ਹੂ-ਬ-ਹੂ ਇਕ ਬੁੱਢੇ ਚੂਹੇ ਵਾਂਗ ਦਿਖਾਈ ਦਿੰਦਾ ਸੀ। ਉਸ ਨੇ ਗਹੁ ਨਾਲ ਵੇਖ ਕੇ ਇਹ ਟਿੱਪਣੀ ਕੀਤੀ ਕਿ ਭਾਵੇਂ ਮਹਾਰਾਜੇ ਨੇ ਦੋਹੀਂ ਪਾਸੀਂ ਵੱਡੀਆਂ ਜੁਰਾਬਾਂ ਪਾਈਆਂ ਹੋਈਆਂ ਸਨ ਪਰ ਉਸ ਨੇ ਇਕ ਜੁਰਾਬ ਲਾਹੁਣ ਦੀ ਵਿਉਂਤ ਬਣਾਈ ਤਾਂ ਜੋ ਉਹ ਇਕ ਪੈਰ ਹੱਥ ਵਿੱਚ ਫੜ ਕੇ ਕੁਰਸੀ ਤੇ ਚੌਂਕੜੀ ਮਾਰ ਕੇ ਅਰਾਮ ਨਾਲ ਬੈਠ ਸਕੇ। ਵਿਲੀਅਮ ਓਸਬਰਨ ਨੇ ਜਦੋਂ ਉਸ ਬਜ਼ੁਰਗ ਨਾਲ ਮੁਲਾਕਾਤ ਕੀਤੀ ਤਾਂ ਉਹ ਵਧੇਰੇ ਪ੍ਰਭਾਵਿਤ ਹੋਇਆ ਸੀ—

"ਦਰਬਾਰ ਦਾ ਸ਼ਿਸ਼ਟਾਚਾਰ ਬਹੁਤ ਪ੍ਰਭਾਵਸ਼ਾਲੀ ਸੀ। ਬਾਗ਼ ਦੇ ਹਰ ਟਹਿਲਣ ਵਾਲੇ ਮਾਰਗ 'ਤੇ ਫ਼ੌਜੀਆਂ ਦੀਆਂ ਕਤਾਰਾਂ ਨਿਯੁਕਤ ਸਨ ਤੇ ਤਖ਼ਤ ਪਿੱਛੇ ਸਾਰੀ ਜਗ੍ਹਾ 'ਤੇ ਰਣਜੀਤ ਸਿੰਘ ਦੇ ਸਰਦਾਰਾਂ ਦੀ ਭੀੜ ਸੀ ਜਿਨ੍ਹਾਂ ਵਿੱਚ ਕੰਧਾਰ, ਕਾਬਲ ਤੇ ਅਫ਼ਗ਼ਾਨਿਸਤਾਨ ਦੇ ਨਿਵਾਸੀ ਵੀ ਸਨ ਤੇ ਉਹ ਸਭ ਸੋਨੇ ਤੇ ਜੜਾਊ ਗਹਿਣਿਆਂ ਤੇ ਰਤਨਾਂ ਨਾਲ ਚਮਕਾਂ ਮਾਰ ਰਹੇ ਸਨ ਤੇ ਉਹ ਭਾਂਤ-ਭਾਂਤ ਤੇ ਹਰ ਕਲਪਨਾ ਯੋਗ ਰੰਗ-ਢੰਗ ਦੇ ਵਸਤਰਾਂ ਤੇ ਸ਼ਸਤਰਾਂ ਨਾਲ ਲੈਸ ਸਨ ਤੇ ਉਹ ਆਪ ਸੋਨੇ ਦੀ ਕੁਰਸੀ 'ਤੇ ਚੌਂਕੜੀ ਮਾਰ ਕੇ ਸਾਧਾਰਨ ਸਫ਼ੈਦ ਕੱਪੜੇ ਪਹਿਨ ਕੇ ਤੇ ਆਪਣੇ ਲੱਕ ਦੁਆਲੇ ਮੋਤੀਆਂ ਦੀ ਮਾਲਾ ਪਾ ਕੇ ਕਿਸੇ ਹੋਰ ਗਹਿਣੇ ਤੋਂ ਬਿਨਾਂ ਹੀ ਆਪਣੀ ਬਾਂਹ 'ਤੇ ਕੋਹਿਨੂਰ ਹੀਰਾ (ਤੇ ਉਸ ਹੀਰੇ ਦੀ ਚਮਕ ਉਸ ਦੀ ਇਕੋ ਇਕ ਅੱਖ ਦੀ ਤੇਜ਼ ਲਿਸ਼ਕ ਨੂੰ ਜੇ ਮਾਤ ਨਹੀਂ ਪਾਉਂਦੀ ਸੀ ਤਾਂ ਉਸ ਦੇ ਤੁੱਲ ਜ਼ਰੂਰ ਸੀ) ਬੰਨ੍ਹ ਕੇ "ਪੰਜਾਬ ਦਾ ਸ਼ੇਰ" ਬਣ ਕੇ ਬੈਠਾ ਹੋਇਆ ਸੀ।"

ਰਣਜੀਤ ਸਿੰਘ ਨੂੰ ਵਧੀਆ ਹੀਰਿਆਂ ਦੀ ਤੀਬਰ ਲਾਲਸਾ ਸੀ ਤੇ ਉਸ ਨੇ

ਅਫ਼ਗਾਨਿਸਤਾਨ ਦੇ ਗੱਦੀਓਂ ਲੱਥੇ ਸ਼ਾਹ ਸ਼ੁਜਾਹ ਤੋਂ ਉਸ ਨੂੰ ਕਸ਼ਮੀਰ ਦੀ ਕੈਦ 'ਚੋਂ ਛੁਡਾਉਣ ਬਦਲੇ ਕੋਹਿਨੂਰ ਉਸਦੀ ਇੱਛਾ ਉਲਟ ਲੈਣ ਦਾ ਪ੍ਰਬੰਧ ਕਰ ਲਿਆ ਸੀ। ਮਹਾਰਾਜਾ ਇਸ ਨੂੰ ਹਰ ਸਰਕਾਰੀ ਸਮਾਗਮ 'ਤੇ, ਜਿੱਥੇ ਵੀ ਉਹ ਜਾਂਦਾ, ਪਹਿਨਦਾ ਸੀ। ਪ੍ਰੰਤੂ ਕੋਹਿਨੂਰ ਛੇਤੀ ਹੀ ਪੰਜਾਬ ਤੋਂ ਖੁੱਸ ਗਿਆ। ਜਦੋਂ ਅੰਗਰੇਜ਼ਾਂ ਨੇ ਪੰਜਾਬ 'ਤੇ ਜਿੱਤ ਪ੍ਰਾਪਤ ਕੀਤੀ ਤਾਂ ਮਹਾਰਾਣੀ ਵਿਕਟੋਰੀਆ ਨੂੰ ਇਹ ਹੀਰਾ ਮਿਲ ਗਿਆ। ਉਸ ਨੇ ਇਸ ਨੂੰ ਕਟਵਾ ਲਿਆ ਤੇ ਆਪਣੇ ਮੂਲ ਆਕਾਰ ਦੇ ਅੱਧ ਤੋਂ ਥੋੜ੍ਹੇ ਤੋਂ ਘੱਟ ਨੂੰ ਪਾਲਿਸ਼ ਕਰਵਾ ਕੇ ਚਮਕਾ ਲਿਸ਼ਕਾ ਕੇ ਹੋਰ ਸੁੰਦਰ ਬਣਾ ਲਿਆ।

ਰਣਜੀਤ ਸਿੰਘ ਨੂੰ ਸਿਰਫ਼ ਸੁੰਦਰ ਹੀਰਿਆਂ ਰਤਨਾਂ ਦਾ ਹੀ ਸ਼ੌਕ ਨਹੀਂ ਸੀ, ਉਸ ਨੇ ਪੰਜਾਬ, ਕਸ਼ਮੀਰ ਤੇ ਈਰਾਨ ਦੀਆਂ ਅਤਿਅੰਤ ਸੁਹਣੀਆਂ ਇਸਤਰੀਆਂ ਨੂੰ ਭਰਤੀ ਕਰਕੇ ਇਕ ਪਲਟਨ ਬਣਾਈ ਹੋਈ ਸੀ ਜੋ ਸਿਰਫ਼ ਇਸਤਰੀਆਂ 'ਤੇ ਹੀ ਅਧਾਰਿਤ ਸੀ ਤੇ ਉਹ ਹਰ ਰੋਜ਼ ਵਰਦੀ ਵਿੱਚ ਉਸ ਦੇ ਸਾਹਮਣੇ ਪਰੇਡ ਕਰਦੀਆਂ ਸਨ। ਵਿਲੀਅਮ ਓਸਬੋਰਨ ਉਹਨਾਂ ਨੂੰ ਵੀਰਾਂਗਣਾਂ ਤੇ ਰਣਚੰਡੀਆਂ ਕਹਿੰਦਾ ਹੈ। ਉਸ ਨੇ ਕਿਹਾ ਕਿ ਮਹਾਰਾਜੇ ਨੇ ਉਸ ਕੋਲ ਹੱਸਦਿਆਂ ਹੋਇਆਂ ਇਹ ਸਵੀਕਾਰ ਕੀਤਾ ਕਿ ਇਸਤਰੀਆਂ ਦੀ ਪਲਟਨ ਐਸੀ ਇਕੋ ਇਕ ਪਲਟਨ ਸੀ ਜਿਸ ਨੂੰ ਉਹ ਨਿਯੰਤਰਨ ਵਿੱਚ ਨਹੀਂ ਕਰ ਸਕਿਆ ਸੀ ਤੇ ਬਾਕੀ ਸਾਰੀਆਂ ਪਲਟਨਾਂ ਨਾਲੋਂ ਇਹ ਇਕੱਲੀ ਪਲਟਨ ਜ਼ਿਆਦਾ ਬਿਪਤਾ ਪਾਈ ਰੱਖਦੀ ਸੀ।

ਹਾਥੀ ਤਾਂ ਦਰਬਾਰ ਵਿੱਚ ਮਰਯਾਦਾ ਪੂਰਵਕ ਸਮਾਰੋਹਾਂ ਲਈ ਰੱਖੇ ਹੋਏ ਸਨ ਪਰ ਮਹਾਰਾਜੇ ਦੀ ਵਧੇਰੇ ਦਿਲਚਸਪੀ ਘੋੜਿਆਂ ਵਿੱਚ ਸੀ। ਉਸ ਦੇ ਆਪਣੇ ਘੋੜੇ ਅਜਿਹੀਆਂ ਜ਼ੀਨ ਪੋਸ਼ਾਂ (ਕਾਠੀਆਂ) ਦੀ ਸਜ-ਧਜ ਤੇ ਅਡੰਬਰ ਨਾਲ ਸ਼ਿੰਗਾਰੇ ਹੁੰਦੇ ਸਨ ਕਿ ਉਹ ਅੰਗਰੇਜ਼ਾਂ ਦੇ ਗੰਭੀਰ ਸੁਹਜ ਸੁਆਦ ਲਈ ਬੜੇ ਪ੍ਰਚੰਡ ਲੱਗਦੇ ਸਨ, ਚੁੱਭਵੇਂ ਸਨ। ਐਮਿਲੀ ਈਡਨ ਚੇਤੇ ਕਰਕੇ ਲਿਖਦੀ ਹੈ ਕਿ ਇਕ ਵਿਸ਼ਾਲ ਅਭਿਨੈ ਤੇ ਨੁਮਾਇਸ਼ੀ ਸਮਾਗਮ ਦੇ ਮੌਕੇ 'ਤੇ ਇਕ ਖ਼ਾਸ ਘੋੜੇ 'ਤੇ ਉਹ ਇਨਾ ਰੀਝ ਗਿਆ ਕਿ ਉਹ ਆਪਣੀ ਸਥਿਤੀ ਭੁੱਲ ਕੇ ਘੋੜੇ ਨੂੰ ਧੁੱਪ ਵਿੱਚ ਉਸ ਦੀਆਂ ਲੱਤਾਂ ਦੀ ਚਾਲ-ਢਾਲ ਦੀ ਨਿਰਖ-ਪਰਖ ਕਰਨ ਲਈ ਦੌੜਾ ਕੇ ਲੈ ਗਿਆ।"[36]

ਲਾਹੌਰ ਦਰਬਾਰ ਦੀ ਚਮਕ-ਦਮਕ ਰਣਜੀਤ ਸਿੰਘ ਦੀ ਸ਼ਖ਼ਸੀਅਤ ਤੇ ਫ਼ੌਜੀ ਸ਼ਕਤੀ ਨਾਲ ਨਿਰਮਾਣ ਕੀਤੇ ਹੋਏ ਇਕ ਸ਼ਕਤੀਸ਼ਾਲੀ ਸਾਮਰਾਜ ਦਾ ਸਾਕਾਰ ਰੂਪ ਸੀ। ਉਸ ਦੇ ਮੰਤਰੀਆਂ ਵਿੱਚ ਹਿੰਦੂ ਤੇ ਮੁਸਲਮਾਨ ਸ਼ਾਮਿਲ ਸਨ। ਮਹਾਰਾਜਾ ਇਸ ਪੱਖੋਂ ਪੂਰੀ ਤਰ੍ਹਾਂ ਸੁਚੇਤ ਸੀ ਕਿ ਉਸ ਦੀ ਪ੍ਰਜਾ ਤੇ ਫ਼ੌਜ ਦੀ ਬਹੁ-ਗਿਣਤੀ ਗ਼ੈਰ-ਸਿੱਖ ਸੀ ਤੇ ਉਹਨਾਂ ਦੇ ਸਤਿਕਾਰ ਲਈ ਹੀ ਉਹ ਮੁੱਖ ਧਰਮਾਂ ਦੇ ਤਿਉਹਾਰ ਮਨਾਇਆ ਕਰਦਾ ਸੀ। ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਦੇ ਧਰਮ-ਤੰਤਰ ਤੋਂ ਬਹੁਤ ਦੁਰੇਡੇ ਸੀ। ਆਪਣੇ ਨਿੱਜੀ ਜੀਵਨ ਵਿੱਚ ਰਣਜੀਤ ਸਿੰਘ ਬੇਦੀਨ ਜਾਂ ਅਧਰਮੀ ਪੁਰਖ ਨਹੀਂ ਸੀ; ਉਦਾਹਰਣ ਦੇ ਤੌਰ 'ਤੇ ਉਹ ਰੋਜ਼ ਨਿਯਮ ਨਾਲ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਦਾ ਸੀ। ਪਰੰਤੂ ਉਹ ਗੁਰੂ ਦੇ ਸ਼ਰਾਬ ਬਾਰੇ ਫ਼ੁਰਮਾਨ ਦੀ ਪਾਲਣਾ ਨਹੀਂ ਕਰਦਾ ਸੀ ਕਿਉਂਕਿ ਉਹ ਇਸ 'ਪਾਗਲ-ਪਾਣੀ' ਦਾ ਅਤਿਅੰਤ ਸ਼ੌਕੀਨ ਸੀ। ਉਹ ਵਿਸ਼ੇਸ਼ ਤੌਰ 'ਤੇ ਪੀਠੇ ਹੋਏ ਮੋਤੀਆਂ ਨਾਲ

ਸ਼ਰਾਬ ਤਿਆਰ ਕਰਾਉਂਦਾ ਸੀ। ਉਹ ਸਾਫ਼ ਮੰਨਦਾ ਸੀ ਕਿ ਉਹ ਉਤੇਜਨਾ ਤੇ ਜੋਸ਼ ਲਈ ਸ਼ਰਾਬ ਪੀਂਦਾ ਸੀ ਤੇ ਉਸ ਨੂੰ ਸਕਾਚ ਵਿਸਕੀ ਵਧੇਰੇ ਚੰਗੀ ਲੱਗਦੀ ਸੀ।

ਮਹਾਰਾਜਾ ਆਪਣੀਆਂ ਪਤਨੀਆਂ ਦੀ ਚੋਣ ਵਿੱਚ ਵੀ ਉਸ ਤਰ੍ਹਾਂ ਹੀ ਧਰਮ ਨਿਰਪੇਖ ਸੀ ਜਿਵੇਂ ਆਪਣੇ ਮੰਤਰੀਆਂ ਦੀ ਚੋਣ ਵਿੱਚ। ਜਿਹੜੀਆਂ ਉਸ ਦੀਆਂ 22 ਪਤਨੀਆਂ ਸਨ ਉਹਨਾਂ ਵਿੱਚੋਂ ਕਈ ਮੁਸਲਮਾਨ ਸਨ। ਗਵਰਨਰ-ਜਨਰਲ ਲਾਰਡ ਆਕਲੈਂਡ ਦਾ ਕੁਆਰੇ ਹੋਣਾ ਉਸ ਨੂੰ ਵਚਿੱਤਰ ਲੱਗਦਾ ਸੀ। ਇਸ ਵਿਸ਼ੇ 'ਤੇ ਲਾਰਡ ਆਕਲੈਂਡ ਨਾਲ ਹੋਈ ਗੱਲਬਾਤ ਦਾ ਐਮਿਲੀ ਈਡਨ ਉਲੇਖ ਕਰਦੀ ਹੈ। ਗਵਰਨਰ ਜਨਰਲ ਨੇ ਦੱਸਿਆ ਕਿ ਉਸ ਨੇ ਵਿਆਹ ਇਸ ਕਾਰਨ ਨਹੀਂ ਕਰਵਾਇਆ ਕਿਉਂਕਿ ਇੰਗਲੈਂਡ ਵਿੱਚ ਇਕ ਹੀ ਪਤਨੀ ਦੀ ਆਗਿਆ ਹੈ ਤੇ ਜੇ ਉਹ ਹੀ ਭੈੜੀ ਸਿੱਧ ਹੋਈ ਤਾਂ ਉਸ ਤੋਂ ਉਹ ਆਸਾਨੀ ਨਾਲ ਛੁਟਕਾਰਾ ਨਹੀਂ ਪਾ ਸਕੇਗਾ। ਰਣਜੀਤ ਸਿੰਘ ਨੇ ਕਿਹਾ ਕਿ ਇਹ ਤਾਂ ਭੈੜਾ ਰਿਵਾਜ ਹੈ। ਇਕ ਸਿੱਖ ਨੂੰ ਤਾਂ 25 ਪਤਨੀਆਂ ਦੀ ਆਗਿਆ ਹੈ ਤੇ ਉਹਨਾਂ ਦਾ ਹੌਸਲਾ ਨਹੀਂ ਹੋ ਸਕਦਾ ਕਿ ਬੁਰੀਆਂ ਤੇ ਭੈੜੀਆਂ ਬਣ ਜਾਣ ਕਿਉਂਕਿ ਜੇ ਉਹ ਭੈੜੀਆਂ ਹੋਣ ਤਾਂ ਉਹ ਉਹਨਾਂ ਨੂੰ ਕੁਟਾਪਾ ਵੀ ਚਾੜ੍ਹ ਸਕਦਾ ਸੀ। ਗਵਰਨਰ ਨੇ ਉੱਤਰ ਵਿੱਚ ਕਿਹਾ ਕਿ ਇਹ ਚੰਗਾ ਰਿਵਾਜ ਹੈ, ਉਹ ਆਪਣੇ ਦੇਸ਼ ਜਾ ਕੇ ਇਸ ਸ਼ਾਨਦਾਰ ਰਿਵਾਜ ਨੂੰ ਲਾਗੂ ਕਰੇਗਾ।"[7]

ਮਹਾਰਾਜੇ ਨੇ ਆਪਣੀਆਂ ਅਨੇਕਾਂ ਪਤਨੀਆਂ ਵਿੱਚ ਲਗਨ ਤੇ ਸ਼ਰਧਾ ਦੀ ਭਾਵਨਾ ਨੂੰ ਉਤਸ਼ਾਹ ਤੇ ਪ੍ਰੇਰਨਾ ਦਿੱਤੀ। ਜਦੋਂ ਉਹ ਲਾਹੌਰ ਦੀ ਜਿੱਤ ਤੋਂ ਪੂਰੇ 40 ਸਾਲ ਮਗਰੋਂ ਅਕਾਲ ਚਲਾਣਾ ਕਰ ਗਿਆ ਤਾਂ ਉਸ ਦੀਆਂ ਚਾਰ ਰਾਣੀਆਂ ਨੇ "ਸੱਤ ਦਾਸੀਆਂ" ਨਾਲ ਉਸ ਦੀ ਚਿਤਾ 'ਤੇ ਆਪਣੇ ਆਪ ਨੂੰ ਪੁਰਾਤਨ ਹਿੰਦੂ ਰਿਵਾਇਤ ਅਨੁਸਾਰ ਅਗਨ ਭੇਟ ਕਰ ਦਿੱਤਾ ਜਿਸ ਦੀ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਵੱਲੋਂ ਮਨਾਹੀ ਕੀਤੀ ਗਈ ਹੈ।

ਇਸ ਸ਼ਕਤੀਸ਼ਾਲੀ ਤੇ ਧਰਮ ਨਿਰਪੇਖ ਰਾਜ ਦੇ ਅਧੀਨ ਅਕਾਲ ਤਖ਼ਤ ਦੇ ਪੁਜਾਰੀਆਂ ਨੂੰ ਉਹਨਾਂ ਹਿੰਦੂ ਰੀਤੀਆਂ ਦਾ ਟਾਕਰਾ ਕਰਨਾ ਪਿਆ ਜੋ ਸਦਾ ਹੀ ਅੰਮ੍ਰਿਤਸਰ ਦੇ ਗੁਰਦੁਆਰਿਆਂ ਵਿੱਚ ਹੌਲੀ-ਹੌਲੀ ਘੁਸਰ-ਘੁਸਰ ਕੇ ਆ ਰਹੀਆਂ ਸਨ। ਉਹ ਮਹਾਰਾਜੇ ਉਪਰ ਆਪਣੇ ਨਾਮ-ਮਾਤਰ ਸਿਧਾਂਤਕ ਨਿਯੰਤਰਨ ਦਾ, ਕਦੇ-ਕਦੇ ਮਹਾਰਾਜੇ ਨੂੰ ਇਕ ਅਜਿਹੀ ਮੁਸਲਮਾਨ ਇਸਤਰੀ ਨਾਲ ਵਿਆਹ ਕਰਾਉਣ ਕਰਕੇ ਸਜ਼ਾ ਦੇ ਕੇ ਕਰਦੇ, ਜਿਸ ਨੇ ਸਿੱਖ ਧਰਮ ਅਪਨਾਉਣ ਤੋਂ ਇਨਕਾਰ ਕੀਤਾ ਸੀ ਜਾਂ ਮਹਾਰਾਜੇ ਨੇ ਸੁੰਦਰ ਛਬਤ ਵਾਲਾ ਕੱਪੜਾ ਅਕਾਲ ਤਖ਼ਤ 'ਤੇ ਭੇਟਾ ਕੀਤਾ ਸੀ ਜੋ ਪਹਿਲਾਂ ਉਸ ਨੇ ਆਪਣੇ ਦਰਬਾਰ ਵਿੱਚ ਕੁਝ ਦਿਨਾਂ ਲਈ ਲਟਕਾਇਆ ਹੋਇਆ ਸੀ। ਪਰੰਤੂ ਉਹ ਇਹ ਗਿਲਾ ਜਾਂ ਸ਼ਿਕਾਇਤ ਨਹੀਂ ਕਰ ਸਕਦੇ ਸਨ ਕਿ ਮਹਾਰਾਜਾ ਅੰਮ੍ਰਿਤਸਰ ਵੱਲੋਂ ਲਾਪ੍ਰਵਾਹ ਸੀ ਜਾਂ ਉਸ ਵੱਲ ਧਿਆਨ ਨਹੀਂ ਦਿੰਦਾ ਸੀ। ਸ਼ਹਿਰ ਵਪਾਰ ਦੀ ਚੜ੍ਹਦੀ ਕਲਾ ਦਾ ਕੇਂਦਰ ਸੀ ਕਿਉਂਕਿ ਮਹਾਰਾਜਾ ਵਪਾਰੀਆਂ ਨੂੰ ਇਸ ਸ਼ਹਿਰ ਵਿੱਚ ਵੱਸਣ ਲਈ ਉਤਸ਼ਾਹਿਤ ਕਰਦਾ ਸੀ। ਉਸ ਨੇ ਅਕਾਲ ਤਖ਼ਤ ਦੀਆਂ ਉਪਰਲੀਆਂ ਤਿੰਨ ਮੰਜ਼ਿਲਾਂ ਬਣਾਈਆਂ ਤੇ "ਹਰਿਮੰਦਰ" ਦੀ ਸਜਾਵਟ ਤੇ ਰੂਪ-ਰੇਖਾ ਦੀ ਤਬਦੀਲੀ ਕਰਕੇ ਇਸ ਨੂੰ ਸਵਰਨ ਮੰਦਿਰ

ਬਣਾ ਦਿੱਤਾ ਜਿਵੇਂ ਅਸੀਂ ਅੱਜਕੱਲ੍ਹ ਇਸ ਨੂੰ ਜਾਣਦੇ ਤੇ ਵੇਖਦੇ ਹਾਂ। ਉਸ ਨੇ ਮੰਦਿਰ ਲਈ 50 ਲੱਖ ਦਾ ਅਨੁਦਾਨ ਦਿੱਤਾ ਤੇ ਉਸ ਜ਼ਮਾਨੇ ਦੇ ਕੁਸ਼ਲ ਤੇ ਮਾਹਿਰ ਸ਼ਿਲਪਕਾਰਾਂ ਨੂੰ ਕੰਮ 'ਤੇ ਲਾਇਆ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਮੁਸਲਮਾਨ ਸਨ।

ਰਣਜੀਤ ਸਿੰਘ ਦੀ ਫ਼ੌਜ ਉਸ ਦੇ ਸਾਮਰਾਜ ਦੀ ਰੀੜ੍ਹ ਦੀ ਹੱਡੀ ਸੀ। ਸਿੱਖ ਉਸ ਦੀ ਫ਼ੌਜ ਦੇ ਕਾਰਨਾਮਿਆਂ ਨੂੰ ਅੱਜ ਤੱਕ ਯਾਦ ਕਰਦੇ ਹਨ। ਰਣਜੀਤ ਸਿੰਘ ਤੋਂ ਪਹਿਲਾਂ ਖ਼ਾਲਸਾ ਫ਼ੌਜ ਵਧੇਰੇ ਕਰਕੇ ਘੋੜ ਸਵਾਰ ਫ਼ੌਜ ਹੀ ਹੁੰਦੀ ਸੀ ਤੇ ਉਹਨਾਂ ਕੋਲ ਤੋੜੇਦਾਰ ਬੰਦੂਕਾਂ ਹੀ ਹੁੰਦੀਆਂ ਸਨ ਤੇ ਉਹ ਅਣਸਿੱਖਿਅਤ ਸਨ ਤੇ ਮਾਰ ਕੇ ਭੱਜ ਜਾਣ ਦੇ ਤੌਰ ਤਰੀਕਿਆਂ ਤੋਂ ਹੀ ਜਾਣੂ ਸਨ। ਰਣਜੀਤ ਸਿੰਘ ਨੇ ਛੇਤੀ ਹੀ ਅਨੁਭਵ ਕਰ ਲਿਆ ਕਿ ਭਾਰਤ ਵਿੱਚ ਯੂਰਪੀ ਢੰਗ ਦੀਆਂ ਫ਼ੌਜਾਂ ਹੋਣ ਕਰਕੇ ਇਸ ਸਫਲ ਫ਼ੌਜ ਦਾ ਭੇਦ ਸੁਸਿੱਖਿਅਤ ਬਾਕਾਇਦਾ ਪਿਆਦਾ ਫ਼ੌਜ ਹੈ ਜੋ ਤੋਪਖ਼ਾਨੇ ਨਾਲ ਲੈਸ ਹੋਵੇ। ਉਸ ਨੇ ਉਪਰਲੇ ਦਰਜੇ ਤੋਂ ਲੈ ਕੇ ਹੇਠਲੇ ਪੜਾਅ ਤੱਕ ਆਪਣੀਆਂ ਫ਼ੌਜਾਂ ਦਾ ਯੂਰਪੀ ਲੀਹਾਂ 'ਤੇ ਪੁਨਰ-ਗਠਨ ਕੀਤਾ ਤੇ ਸਿੱਖਾਂ ਦੇ ਪਿਆਦਾ ਫ਼ੌਜ ਬਾਰੇ ਵਿਰੋਧ ਨੂੰ ਆਰਥਿਕ ਉਤਸ਼ਾਹ ਦੇ ਕੇ ਦੂਰ ਕੀਤਾ। ਉਸ ਨੇ ਆਪਣੀਆਂ ਫ਼ੌਜਾਂ ਨੂੰ ਸਿਖਲਾਈ ਦੇਣ ਲਈ ਨਿਪੋਲੀਅਨ ਦੀਆਂ ਹਾਰੀਆਂ ਹੋਈਆਂ ਫ਼ੌਜਾਂ ਦੇ ਅਲਾਰਡ ਤੇ ਵੈਂਤੂਰਾ ਵਰਗੇ ਯੋਗ ਅਫ਼ਸਰਾਂ ਨੂੰ ਨਿਮੰਤ੍ਰਿਤ ਕੀਤਾ। ਉਤਸ਼ਾਹ ਤੇ ਪ੍ਰੇਰਨਾ ਦੀ ਨੀਤੀ ਆਪਣਾ ਅਸਰ ਵਿਖਾ ਗਈ ਤੇ ਰਣਜੀਤ ਸਿੰਘ ਦੇ ਰਾਜਕਾਲ ਦੇ ਅੰਤ ਤੱਕ ਸਿੱਖਾਂ ਨੇ ਪਿਆਦਾ ਫ਼ੌਜ 'ਚ ਭਰਤੀ ਹੋਣਾ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਸੀ ਤੇ ਉਹ ਬਾਕਾਇਦਾ ਫ਼ੌਜ ਵਿੱਚ ਸਭ ਤੋਂ ਪ੍ਰਭੁਤਾਸ਼ਾਲੀ ਹੋ ਕੇ ਛਾ ਗਏ ਸਨ।

ਰਣਜੀਤ ਸਿੰਘ ਦੀ ਮ੍ਰਿਤੂ ਦੇ ਦਸ ਸਾਲਾਂ ਅੰਦਰ ਹੀ ਉਤਰਾਧਿਕਾਰਤਾ ਦੇ ਨਿਰੰਤਰ ਲੜਾਈ ਝਗੜਿਆਂ ਦੇ ਕਾਰਨ ਅੰਗਰੇਜ਼ਾਂ ਨੇ ਸਿੱਖ ਸਾਮਰਾਜ ਨੂੰ ਹਰਾ ਕੇ ਪੰਜਾਬ ਨੂੰ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਿਆ। ਉਹਨਾਂ ਦੇ ਪੰਜਾਬ ਵਿੱਚ 100 ਸਾਲ ਦੇ ਰਾਜ ਵਿੱਚ ਕਈ ਸ਼ਕਤੀਆਂ ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ।

ਸਿੱਖ ਧਰਮ ਦਾ ਸਭ ਤੋਂ ਸ਼ਕਤੀਸ਼ਾਲੀ ਵੈਰੀ ਹਿੰਦੂ ਪੁਨਰ-ਜਾਗਰਨਵਾਦੀ ਤੇ ਹਿੰਦੂ ਪ੍ਰੋਟੈਸਟੈਂਟ ਲਹਿਰ ਦਾ ਲੂਥਰ, ਸਵਾਮੀ ਦਯਾਨੰਦ ਸਰਸਵਤੀ ਸੀ। ਉਸ ਨੇ 1875 ਵਿੱਚ ਆਰੀਆ ਸਮਾਜ ਦੀ ਨੀਂਹ ਰੱਖੀ। ਉਸ ਦਾ ਨਾਅਰਾ ਸੀ "ਵੇਦਾਂ ਵੱਲ ਮੁੜੋ" ਜੋ ਹਿੰਦੂ ਧਰਮ ਗ੍ਰੰਥਾਂ ਵਿੱਚੋਂ ਪਹਿਲੀ ਤੇ ਸਭ ਤੋਂ ਵੱਧ ਪਵਿੱਤਰ ਪੁਸਤਕ ਸੀ। ਹਿੰਦੂ ਧਰਮ ਵਰਗੇ ਸਹਿਣਸ਼ੀਲ ਧਰਮ ਵਿੱਚ ਆਰੀਆ ਸਮਾਜ, ਧਰਮ ਪਰਿਵਰਤਨ ਕਰਾਉਣ ਵਾਲੀ ਇਕ ਅਦਭੁੱਤ ਤੇ ਪਰਬਲ ਵਰਤਾਰੇ ਵਾਲੀ ਸ਼ਕਤੀਸ਼ਾਲੀ ਘਟਨਾ ਸੀ। ਆਰੀਆ ਸਮਾਜੀਆਂ ਦਾ ਮੱਤ ਸੀ ਕਿ ਪੰਜਾਬ ਦੇ ਸਿੱਖਾਂ ਤੇ ਮੁਸਲਮਾਨਾਂ ਨੇ ਆਪ ਪਹਿਲਾਂ ਤੋਂ ਹੀ ਧਰਮ ਪਰਿਵਰਤਨ ਕਰਕੇ ਇਹ ਧਰਮ ਅਪਨਾਏ ਹਨ ਤੇ ਇਸ ਲਈ ਉਹਨਾਂ ਨੂੰ ਉਹਨਾਂ ਦੇ ਮੂਲ ਧਰਮ ਵਿੱਚ ਵਾਪਸ ਲਿਆਉਣਾ ਪੂਰਨ ਤੌਰ 'ਤੇ ਸਹੀ ਤੇ ਕਾਨੂੰਨੀ ਤੌਰ 'ਤੇ ਜਾਇਜ਼ ਸੀ।

ਉਹਨਾਂ ਸਮਿਆਂ ਦੇ ਸਮਾਜਿਕ ਰਿਵਾਜਾਂ ਤੇ ਰੀਤਾਂ ਦੇ ਕਾਰਨ ਆਰੀਆ ਸਮਾਜੀਆਂ ਦਾ ਤਰਕ ਵੀ ਉੱਚਿਤ ਜਾਪਦਾ ਸੀ ਕਿ ਸਿੱਖ ਸੱਚਮੁੱਚ ਹੀ ਹਿੰਦੂ ਸਨ। ਦੋਹਾਂ ਧਰਮਾਂ

ਵਿੱਚ ਕਾਫ਼ੀ ਵੱਡੀ ਗਿਣਤੀ ਵਿੱਚ ਅੰਤਰ-ਜਾਤੀ ਵਿਆਹ ਹੁੰਦੇ ਸਨ ਤੇ ਹਿੰਦੂ ਪਰਿਵਾਰ ਬਹੁਤੀ ਵਾਰ ਆਪਣੇ ਵੱਡੇ ਲੜਕੇ ਸਿੱਖ ਬਣਾ ਕੇ ਪਾਲਦੇ ਪੋਸਦੇ ਸਨ। ਹਿੰਦੂ ਇਕ ਪੀੜ੍ਹੀ ਵਿੱਚ ਸਿੱਖ ਧਰਮ ਅਪਨਾ ਲੈਂਦੇ ਪਰ ਅਗਲੀ ਪੀੜ੍ਹੀ ਵਿੱਚ ਉਸ ਦਾ ਤਿਆਗ ਕਰ ਦਿੰਦੇ। ਮਹਿਰਾ ਗੋਤ ਦੇ ਹਿੰਦੂ ਅੱਜਕੱਲ੍ਹ ਅੰਮ੍ਰਿਤਸਰ ਦੇ ਵੱਡੇ ਵਪਾਰਕ ਘਰਾਣਿਆਂ ਵਿੱਚ ਗਿਣੇ ਜਾਂਦੇ ਹਨ। ਇਸ ਪਰਿਵਾਰ ਦੇ ਵਰਤਮਾਨ ਮੁਖੀ ਦੇ ਦਾਦੇ ਨੇ ਆਪਣਾ ਜੀਵਨ ਇਕ ਸਿੱਖ ਵਜੋਂ ਸ਼ੁਰੂ ਕੀਤਾ ਸੀ। ਸੱਤ ਸਾਲ ਦੀ ਉਮਰ ਵਿੱਚ ਉਹਦੇ ਸਿਰ ਵਿੱਚ ਫੋੜੇ ਨਿਕਲ ਆਏ। ਨਾਈ ਨੇ, ਜੋ ਉਹਨਾਂ ਵੇਲਿਆਂ ਵਿੱਚ ਜੱਰਾਹੀ ਦਾ ਕੰਮ ਵੀ ਕਰਦਾ ਸੀ, ਸਲਾਹ ਦਿੱਤੀ ਕਿ ਲੜਕੇ ਦੇ ਕੇਸ ਮੁਨਵਾ ਦਿੱਤੇ ਜਾਣ ਤਾਂ ਜੋ ਫੋੜਿਆਂ ਦਾ ਇਲਾਜ ਕੀਤਾ ਜਾ ਸਕੇ। ਉਸ ਦੇ ਪਿਤਾ ਨੇ ਜੋ ਪਹਿਲੀ ਪੀੜ੍ਹੀ ਤੋਂ ਹੀ ਸਿੱਖ ਬਣਿਆ ਸੀ, ਨਾਈ ਦੀ ਸਲਾਹ ਮੰਨ ਲਈ ਤੇ ਮਹਿਰਾ ਪਰਿਵਾਰ ਫਿਰ ਹਿੰਦੂ ਧਰਮ ਵਿੱਚ ਵਾਪਸ ਚਲਾ ਗਿਆ। ਹਿੰਦੂਆਂ ਨਾਲ ਨੇੜਲੇ ਪਰਿਵਾਰਕ ਸੰਬੰਧਾਂ ਕਾਰਨ ਸਿੱਖ ਗੁਰਦੁਆਰਿਆਂ ਦੇ ਮਹੰਤ ਸਿੱਖਾਂ ਨਾਲੋਂ ਵਧੇਰੇ ਹਿੰਦੂਆਂ ਦੇ ਨੇੜੇ ਸਨ। ਉਹਨਾਂ ਨੇ ਸਿੱਖ ਧਰਮ ਵਿੱਚ ਕਈ ਹਿੰਦੂ ਰੀਤਾਂ, ਜਿਵੇਂ ਛੂਤ-ਛਾਤ, ਮੂਰਤੀ ਪੂਜਾ ਤੇ ਗਊ ਪੂਜਾ ਨੂੰ ਲਿਆ ਘੁਸੇੜਿਆ।

ਹਿੰਦੂ ਧਰਮ ਵੱਲੋਂ ਘਾਤ ਲਾ ਕੇ ਕੀਤੇ ਵਾਰ ਦਾ ਟਾਕਰਾ ਕਰਕੇ ਆਪਣੇ ਧਰਮ ਦੀ ਰੱਖਿਆ ਕਰਨ ਲਈ ਕਈ ਸਿੱਖ ਨੇਤਾਵਾਂ ਨੇ ਬੜੇ ਸ਼ਕਤੀਸ਼ਾਲੀ ਕਦਮ ਉਠਾਏ। ਉਸ ਸਮੇਂ ਦੀ ਉੱਘੀ ਸਿੱਖ ਲਹਿਰ, ਸਿੰਘ ਸਭਾ ਸੀ ਜਿਸ ਦੀ ਨੀਂਹ 1873 ਈਸਵੀ ਵਿੱਚ ਜਾਗੀਰਦਾਰਾਂ ਤੇ ਧਨੀ ਤਬਕੇ ਦੇ ਸਨਾਤਨੀ ਸਿੱਖਾਂ ਨੇ ਰੱਖੀ। ਉਹਨਾਂ ਦਾ ਨਿਸ਼ਾਨਾ ਸਿੱਖਾਂ ਨੂੰ ਵਿੱਦਿਆ ਦੇ ਕੇ ਆਪਣੇ ਧਰਮ ਪ੍ਰਤੀ ਵਧੇਰੇ ਸੁਚੇਤ ਕਰਨਾ ਸੀ ਤਾਂ ਜੋ ਉਹ ਆਪਣੇ ਸਭਿਆਚਾਰਕ ਵਿਰਸੇ ਨੂੰ ਯਾਦ ਰੱਖਣ ਤੇ ਹਿੰਦੂ ਰੀਤੀ ਰਿਵਾਜਾਂ ਤੋਂ ਛੁਟਕਾਰਾ ਪਾਉਣ। ਉਹਨਾਂ ਨੇ ਸਰਗਰਮੀ ਨਾਲ ਹਿੰਦੂਆਂ ਦਾ ਧਰਮ ਬਦਲਣ ਲਈ ਕਾਰਜ ਸ਼ੁਰੂ ਕਰਕੇ ਆਰੀਆ ਸਮਾਜ ਵਿਰੁੱਧ ਲੜਾਈ ਛੇੜ ਦਿੱਤੀ।

ਸਿੱਖ ਭਾਈਚਾਰਾ ਉਸ ਸਮੇਂ ਖਿੰਡਰਿਆ ਹੋਇਆ ਸੀ ਤੇ ਮੁੱਖ ਤੌਰ 'ਤੇ ਪੇਂਡੂ ਸੀ। ਉਹਨਾਂ ਨੂੰ ਵੱਖ-ਵੱਖ ਰੱਖਣ ਵਿੱਚ ਪੇਂਡੂ ਇਲਾਕਿਆਂ ਦੀ ਦੂਰੀ ਨੇ ਹੀ ਨਹੀਂ ਸਗੋਂ, ਜਿਹੜਾ ਧਰਮ ਜ਼ਾਤ ਪਾਤ ਨੂੰ ਸਮਾਪਤ ਕਰਨ ਲਈ ਪੈਦਾ ਹੋਇਆ ਸੀ, ਉਸ ਨੂੰ ਜ਼ਾਤ-ਪਾਤ ਦੀ ਵੰਡ ਨੇ ਵੀ ਅੱਡੋ ਪਾੜ ਕੀਤਾ ਹੋਇਆ ਸੀ, ਉਸ ਨੂੰ ਜ਼ਾਤ-ਪਾਤ ਨੇ ਆਪੋ ਵਿੱਚ ਵੰਡਿਆ ਹੋਇਆ ਸੀ। ਕਈ ਨਵੀਆਂ ਉਦਾਰ ਸੰਪ੍ਰਦਾਵਾਂ ਨੇ ਸਿੱਖਾਂ ਨੂੰ ਖ਼ਾਲਸਾਈ ਪੰਥ ਤੋਂ ਦੂਰ ਖਿੱਚਣਾ ਸ਼ੁਰੂ ਕਰ ਦਿੱਤਾ ਹੋਇਆ ਸੀ। ਪਰੰਤੂ ਸਿੰਘ ਸਭਾ ਲਹਿਰ ਨੇ ਬੜੀ ਤੇਜ਼ੀ ਨਾਲ ਪੈਰ ਜਮਾ ਲਏ, ਖ਼ਾਲਸਾ ਸਕੂਲਾਂ ਦਾ ਜਾਲ ਵਿਛਾ ਦਿੱਤਾ, ਜਿੱਥੇ ਗੁਰੂ ਗ੍ਰੰਥ ਸਾਹਿਬ ਤੇ ਗੁਰਮੁਖੀ, ਜਿਹੜੀ ਪੰਜਾਬੀ ਲਿਖਣ ਲਈ ਦੂਸਰੇ ਗੁਰੂ ਅੰਗਦ ਦੇਵ ਜੀ ਨੇ ਤਿਆਰ ਕੀਤੀ ਸੀ, ਦੀ ਪੜ੍ਹਾਈ ਜ਼ਰੂਰੀ ਕਰ ਦਿੱਤੀ। 1902 ਵਿੱਚ ਸਿੱਖਾਂ ਦੀ ਪਹਿਲੀ ਵਿਸ਼ੇਸ਼ ਤੌਰ 'ਤੇ ਸਿਆਸੀ ਸੰਸਥਾ "ਚੀਫ਼ ਖ਼ਾਲਸਾ ਦੀਵਾਨ" ਦੀ ਬੁਨਿਆਦ ਰੱਖੀ ਗਈ। ਇਸ ਦਾ ਆਰੰਭ ਸਿੰਘ ਸਭਾਵਾਂ ਵਿੱਚ ਤਾਲਮੇਲ ਕਰਨ ਵਾਲੀ ਸੰਸਥਾ ਵਜੋਂ ਹੋਇਆ ਤੇ ਇਸ ਦਾ ਨਿਯੰਤਰਨ ਸਰਕਾਰ ਪ੍ਰਸਤ ਸ੍ਰੇਸ਼ਠ ਕੁਲੀਨ ਵਰਗ ਦੇ ਹੱਥਾਂ ਵਿੱਚ ਸੀ।

ਅੰਗਰੇਜ਼ਾਂ ਦੇ ਸਿੱਖਾਂ ਦੀ ਵੱਖਰੀ ਪਹਿਚਾਣ ਨੂੰ ਕਾਇਮ ਰੱਖਣ ਵਿੱਚ ਆਪਣੇ

ਸੁਆਰਥੀ ਹਿੱਤ ਸਨ। ਅੰਗਰੇਜ਼ਾਂ ਤੇ ਸਿੱਖਾਂ ਦੀਆਂ ਲੜਾਈਆਂ ਵਿੱਚ, ਜਿਨ੍ਹਾਂ ਮਗਰੋਂ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਰਾਜ ਵਿੱਚ ਮਿਲਾਇਆ, ਅੰਗਰੇਜ਼ਾਂ ਨੂੰ ਇਹ ਪ੍ਰਗਟ ਕਰ ਦਿੱਤਾ ਸੀ ਕਿ ਸਿੱਖ ਬੜੇ ਵਧੀਆ ਸੈਨਿਕ ਸਨ ਤੇ ਆਪਣੀ ਹਾਰ ਤੋਂ ਇਕ ਦਹਾਕਾ ਪਿੱਛੋਂ ਹੀ ਸਿੱਖ ਭਾਰਤੀ ਗ਼ਦਰ ਨੂੰ ਕੁਚਲਣ ਲਈ ਅੰਗਰੇਜ਼ਾਂ ਦੀ ਸਹਾਇਤਾ ਕਰ ਰਹੇ ਸਨ। ਇਹ ਅਦਭੁੱਤ ਤਬਦੀਲੀ ਅੰਸ਼ਕ ਰੂਪ ਵਿੱਚ ਤਾਂ ਇਸ ਕਰਕੇ ਵਾਪਰੀ ਕਿ ਸਿੱਖਾਂ ਨੂੰ ਈਸਟ ਇੰਡੀਆ ਕੰਪਨੀ ਦੇ ਉਹਨਾਂ ਸਿਪਾਹੀਆਂ ਨਾਲ ਨਫ਼ਰਤ ਸੀ ਜੋ ਅੰਗਰੇਜ਼ ਅਫ਼ਸਰਾਂ ਦੇ ਅਧੀਨ ਉਸ ਫ਼ੌਜ ਦਾ ਵੱਡਾ ਹਿੱਸਾ ਸਨ ਜਿਸ ਨੇ ਉਹਨਾਂ ਨੂੰ ਹਰਾਇਆ ਸੀ। ਜਿਸ ਤਰ੍ਹਾਂ ਫ਼ਿਲਪ ਮੇਸਨ ਨੇ ਭਾਰਤੀ ਸੈਨਾ ਬਾਰੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ "ਸਿੱਖ ਪੰਜਾਬ ਵਿੱਚ ਭਾਰਤੀ ਫ਼ੌਜਾਂ ਦੀ ਮੌਜੂਦਗੀ ਨੂੰ ਘ੍ਰਿਣਾ ਕਰਦੇ ਸਨ; ਉਹਨਾਂ ਦਾ ਅਵਿਕਸਿਤ ਰਾਸ਼ਟਰਵਾਦ ਭਾਰਤੀ ਨਹੀਂ, ਪੰਜਾਬੀ ਸੀ; ਤੇ ਉਹ ਬੰਗਾਲੀ ਸਿਪਾਹੀ ਨਾਲ ਟੱਕਰ ਲੈਣ ਲਈ ਕਿਸੇ ਵੀ ਮੌਕੇ ਦੀ ਉਡੀਕ ਵਿੱਚ ਉਤਾਵਲੇ ਸਨ ਤੇ ਹੁਣ ਤਾਂ ਅੰਗਰੇਜ਼ ਉਹਨਾਂ ਦੇ ਨਾਲ ਸਨ।"[8]

ਜਦੋਂ ਬਗ਼ਾਵਤ ਛਿੜ ਗਈ ਤਾਂ ਇਸ ਗੱਲ ਦਾ ਪੱਕਾ ਵਿਸ਼ਵਾਸ ਨਹੀਂ ਸੀ ਕਿ ਸਿੱਖ ਆਪਣੇ ਹਾਕਮਾਂ ਦੇ ਵਫ਼ਾਦਾਰ ਰਹਿਣਗੇ। ਕਾਰਲ ਮਾਰਕਸ ਨੇ "ਨਿਊ ਯਾਰਕ ਡੇਲੀ" (ਦੈਨਿਕ) ਲਈ ਸੂਚਨਾ ਭੇਜਦਿਆਂ ਹੋਇਆਂ ਲਿਖਿਆ ਕਿ "ਸਿੱਧ ਵੀ ਮੁਸਲਮਾਨਾਂ ਵਾਂਗ ਬ੍ਰਾਹਮਣਾਂ ਨਾਲ ਮਿਲ ਰਹੇ ਹਨ ਤੇ ਇਸ ਤਰ੍ਹਾਂ ਅੰਗਰੇਜ਼ੀ ਰਾਜ ਵਿਰੁੱਧ ਸਭ ਵੱਖ-ਵੱਖ ਜਾਤੀਆਂ ਦਾ ਸਾਂਝਾ ਸੰਗਠਨ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।" ਉਹ ਗ਼ਲਤ ਸਾਬਿਤ ਹੋਇਆ। ਜਦੋਂ ਅੰਗਰੇਜ਼ਾਂ ਨੂੰ ਦਿੱਲੀ ਵਿੱਚੋਂ ਖਦੇੜ ਦਿੱਤਾ ਗਿਆ ਤੇ ਆਖ਼ਰੀ ਮੁਗ਼ਲ ਸਮਰਾਟ ਨੇ ਅਣਮੰਨੇ ਦਿਲ ਨਾਲ ਬਾਗ਼ੀਆਂ ਦੀ ਅਗਵਾਈ ਕੀਤੀ ਤੇ ਸਾਰੇ ਉੱਤਰੀ ਭਾਰਤ ਵਿੱਚ ਗੜਬੜ ਫੈਲ ਗਈ ਤਾਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਫ਼ਰੈਡਰਿਕ ਕੂਪਰ ਨੇ ਮੰਨਿਆ ਕਿ ਉਸ ਨੂੰ ਸਿੱਖਾਂ 'ਤੇ ਸ਼ੱਕ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ, ਪਰੰਤੂ ਉਸ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਹਿਰੀਆਂ ਦਾ ਭਰੋਸਾ ਕਾਇਮ ਰੱਖਣ ਲਈ ਆਪਣਾ ਸੰਦੇਹ ਛੁਪਾ ਕੇ ਰੱਖਣਾ ਪਿਆ।

"ਸਥਿਤੀ ਦੀ ਜ਼ਰੂਰਤ ਸਪੱਸ਼ਟ ਕਰਕੇ ਦੱਸਣੀ ਪੈਣੀ ਸੀ ਜਦੋਂ ਕਿ ਪ੍ਰਮਾਤਮਾ ਦੀ ਕ੍ਰਿਪਾ ਨਾਲ ਮਨੁੱਖੀ ਦ੍ਰਿੜ੍ਹਤਾ ਤੇ ਵਿਸ਼ਵਾਸ ਦੇ ਪਹਿਰੇਦਾਰਾਂ ਵਿੱਚ ਅੰਤਿਮ ਜਿੱਤ ਦੀ ਆਸ ਵੀ ਕਾਇਮ ਰੱਖਣੀ ਸੀ। ਅੰਮ੍ਰਿਤਸਰ ਦੀ ਵਸੋਂ ਉੱਤਰ ਵੱਲੋਂ ਆਵਾਜਾਈ ਵਿੱਚ ਅਚਾਨਕ ਰੋਕ ਪੈਣ ਕਾਰਨ ਡੇਢ ਲੱਖ ਹੋ ਗਈ ਸੀ। ਹਰ ਸ਼੍ਰੇਣੀ, ਧਰਮ, ਪੱਧਰ ਤੇ ਏਸ਼ੀਆ ਦੇ ਵੱਖ-ਵੱਖ ਦੇਸ਼ਾਂ ਦੇ ਲੋਕ ਇਥੇ ਸਨ। ਦਿੱਲੀ ਨਾਲ ਡੂੰਘੇ ਵਪਾਰਕ ਸੰਬੰਧ ਬਣੇ ਹੋਏ ਸਨ। ਉਹ ਵਪਾਰੀ, ਦਲਾਲ ਤੇ ਸਰਮਾਏਦਾਰ ਜਿਨ੍ਹਾਂ ਨੇ ਸਿਆਸਤ ਬਾਰੇ ਆਪਣੇ ਲਾਭਾਂ ਤੋਂ ਬਿਨਾਂ ਕਿਸੇ ਹੋਰ ਗੱਲ ਬਾਰੇ ਸੋਚਿਆ ਹੀ ਨਹੀਂ ਸੀ, ਉਹ ਦ੍ਰਿੜ੍ਹਤਾ ਨਾਲ ਸਰਕਾਰ ਦਾ ਸਮਰਥਨ ਕਰਦੇ ਸਨ। ਉਹਨਾਂ ਨੂੰ ਉਸ ਸਮੇਂ ਸਖ਼ਤ ਝਟਕਾ ਲੱਗਾ ਜਦੋਂ ਇਹ ਐਲਾਨ ਕਰ ਦਿੱਤਾ ਗਿਆ ਕਿ ਜਰਨੈਲੀ ਸੜਕ (ਅੰਗਰੇਜ਼ੀ ਰਾਜ ਵਿੱਚ ਪਹਿਲੀ ਵਾਰ) 'ਤੇ ਲੰਘਣਾ ਦੁਰਗਮ ਹੈ। ਅਜੇ ਇਹ ਵੇਖਿਆ ਜਾਣਾ ਸੀ ਕਿ ਜਿਸ ਜ਼ਹਿਰੀਲੇ ਤੱਤ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ ਪਹਿਲੀ ਵਾਰ ਆਰਜ਼ੀ ਤੌਰ 'ਤੇ ਇਕ ਜੁੱਟ ਕਰ ਦਿੱਤਾ ਸੀ,

ਸਿੱਖ ਵਿਵਸਥਾ ਵਿੱਚ ਕਿਸ ਤਰ੍ਹਾਂ ਰਚਦਾ ਮਿਚਦਾ ਸੀ। ਪੰਰਤੂ ਸਵਰਨ ਮੰਦਿਰ ਦੇ ਨੇੜੇ ਵੱਧ ਫੁਲ ਰਹੇ, ਪ੍ਰਫੁੱਲਿਤ ਹੋ ਰਹੇ ਮਿਸ਼ਨ ਸਕੂਲ ਤੇ ਚਰਚ ਦੇ ਬਾਵਜੂਦ ਸਿੱਖਾਂ ਵਿੱਚ ਬੇਵਫ਼ਾਈ ਕਰਨ ਤੇ ਦੁਚਿੱਤੀ ਵਿੱਚ ਪੈ ਕੇ ਡੋਲਣ ਦੇ ਕੋਈ ਲੱਛਣ ਨਹੀਂ ਸਨ।"[9]

ਸਿੱਖਾਂ ਨੂੰ ਉਹਨਾਂ ਦੀ ਵਫ਼ਾਦਾਰੀ ਦਾ ਇਨਾਮ ਦਿੱਤਾ ਗਿਆ ਤੇ ਵਿਦਰੋਹ ਤੋਂ ਮਗਰੋਂ ਪੁਨਰ-ਗਠਿਤ ਬਰਤਾਨਵੀ ਭਾਰਤ ਦੀ ਸੈਨਾ ਵਿੱਚ ਉਹਨਾਂ ਨੂੰ ਖ਼ਾਸ ਅਸਥਾਨ ਦਿੱਤਾ ਗਿਆ। ਅੰਗਰੇਜ਼ਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਸ ਫ਼ਿਰਕੇ ਵਿੱਚ ਭਰਤੀ ਹੋਣ ਵਾਲੇ, ਸਭ ਲੋਕ ਪੰਜ-ਕਕਾਰਾਂ ਦੇ ਧਾਰਨੀ ਹੋਣ ਤੇ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਸਰਕਾਰ ਦੀ ਵਫ਼ਾਦਾਰੀ ਦੀ ਸੌਂਹ ਲੈਣ। ਫ਼ੌਜ ਦੇ ਨਿਯਮਾਂ ਵਿੱਚ ਕਿਹਾ ਗਿਆ—

"ਸਿੱਖਾਂ ਦੀ ਪਾਹੁਲ ਤੇ ਸਿੱਖ ਭਾਈਚਾਰੇ ਦੇ ਨਿਯਮਾਂ ਵਿੱਚ ਕਿਸੇ ਪ੍ਰਕਾਰ ਦੀ ਦਖ਼ਲ-ਅੰਦਾਜ਼ੀ ਨਾ ਕੀਤੀ ਜਾਵੇ। ਸਿੱਖਾਂ ਨੂੰ ਆਪਣੇ ਧਰਮ ਅਨੁਸਾਰ ਦਾੜ੍ਹੀ, ਕੇਸ ਰੱਖਣ ਦੀ ਇਜਾਜ਼ਤ ਹੋਵੇ। ਇਹਨਾਂ ਵਿੱਚ ਕਿਸੇ ਪ੍ਰਕਾਰ ਦਾ ਦਖ਼ਲ ਉਹਦੇ ਧਰਮ ਨੂੰ ਢਾਹ ਲਾਉਣਾ ਸਮਝਿਆ ਜਾਵੇਗਾ ਜਿਸ ਦੇ ਕੁਦਰਤੀ ਹੀ ਭੈੜੇ ਸਿੱਟੇ ਹੋਣਗੇ ਤੇ ਇਸ ਨਾਲ ਬੇਵਿਸ਼ਵਾਸੀ ਤੇ ਡਰ ਵਧੇਗਾ। ਉਹ ਲੋਕ ਜਿਨ੍ਹਾਂ ਨੇ ਸਿੱਖੀ ਸਰੂਪ ਦੇ ਰਵਾਇਤੀ ਚਿੰਨ੍ਹ ਧਾਰਨ ਕੀਤੇ ਹੋਏ ਹਨ, ਉਹਨਾਂ ਨੂੰ ਇਹ ਇਜਾਜ਼ਤ ਨਾ ਦਿੱਤੀ ਜਾਵੇ ਕਿ ਫ਼ੌਜ ਵਿੱਚ ਭਰਤੀ ਹੋਣ ਮਗਰੋਂ ਉਹ ਇਹਨਾਂ ਦਾ ਤਿਆਗ ਕਰਨ।"[10]

ਅੰਗਰੇਜ਼ਾਂ ਦਾ ਇਰਾਦਾ ਸਿੱਖਾਂ ਦੀ ਇਕ ਜੰਗਜੂ ਕੌਮ ਵਜੋਂ ਵੱਖਰੀ ਪਛਾਣ ਕਾਇਮ ਕਰਨਾ ਸੀ ਜੋ ਤਾਜ ਦੇ ਵਫ਼ਾਦਾਰ ਸਨ। ਸਿੱਖਾਂ ਦੀ ਬਰਤਾਨਵੀ ਭਾਰਤੀ ਫ਼ੌਜ ਵਿੱਚ ਪਹਿਲੇ ਸੰਸਾਰ ਯੁੱਧ ਸਮੇਂ ਸ਼ਮੂਲੀਅਤ ਸਿਖਰ 'ਤੇ ਸੀ। ਖ਼ੁਸ਼ਵੰਤ ਸਿੰਘ ਨੇ "ਸਿੱਖ ਇਤਿਹਾਸ" ਵਿੱਚ ਲਿਖਿਆ ਹੈ—"1915 ਦੇ ਸ਼ੁਰੂ ਵਿੱਚ ਸਿੱਖਾਂ ਦੀ ਗਿਣਤੀ ਜੋ 35000 ਸੀ, ਜੰਗ ਦੇ ਅੰਤ 'ਤੇ 1 ਲੱਖ ਹੋ ਗਈ ਤੇ ਉਹਨਾਂ ਦੀ ਗਿਣਤੀ ਯੁੱਧ ਵਿੱਚ ਵਿਅਸਥ ਫ਼ੌਜ ਦੇ ਪੰਜਵੇਂ ਹਿੱਸੇ ਬਰਾਬਰ ਹੋ ਗਈ। ਸਿੱਖ ਫ਼ੌਜੀ ਜੰਗ ਦੇ ਹਰ ਮੁਹਾਜ਼ 'ਤੇ ਯੂਰਪ, ਤੁਰਕੀ ਤੇ ਅਫ਼ਰੀਕਾ ਵਿੱਚ ਲੜੇ ਤੇ ਆਪਣੀ ਬੀਰਤਾ ਨਾਲ ਆਪਣੀ ਕੌਮ ਲਈ ਨਾਮਣਾ ਖੱਟਿਆ। ਉੱਘੀ ਤੇ ਪ੍ਰਤੱਖ ਬਹਾਦਰੀ ਕਾਰਨ ਮਿਲੇ 22 ਬਹਾਦਰੀ ਦੇ ਪੁਰਸਕਾਰਾਂ ਵਿੱਚੋਂ 14 ਸਿੱਖਾਂ ਨੇ ਜਿੱਤੇ।"[11]

ਪਹਿਲੀ ਜੰਗ ਤੋਂ ਮਗਰੋਂ ਬਰਤਾਨਵੀ ਤਾਜ ਪ੍ਰਤੀ ਸਿੱਖਾਂ ਦੀ ਵਫ਼ਾਦਾਰੀ ਵਿੱਚ ਤਣਾਅ ਆ ਗਿਆ ਤੇ ਇਹ ਤਿੜਕ ਗਈ। ਮਹਾਤਮਾ ਗਾਂਧੀ ਦੀ ਪਹਿਲੀ ਸਿਵਲ ਨਾਫ਼ੁਰਮਾਨੀ ਲਹਿਰ ਪ੍ਰਤੀ ਪੰਜਾਬੀਆਂ ਨੇ ਪੁਰਜੋਸ਼ ਉਤਸ਼ਾਹ ਦਿਖਾਇਆ। ਜਦੋਂ ਪੰਜਾਬ ਨੂੰ ਆਉਂਦਿਆਂ ਮਹਾਤਮਾ ਨੂੰ ਰਾਹ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਇਸ ਦਾ ਹਿੰਸਕ ਵਿਰੋਧ ਹੋਇਆ ਜਿਸ ਦੀ ਸਿਖ਼ਰ ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਸੀ ਜੋ ਭਾਰਤ ਦੀ ਅਜ਼ਾਦੀ ਲਹਿਰ ਵਿੱਚ ਇਕ ਮੀਲ ਪੱਥਰ ਸੀ।

13 ਅਪ੍ਰੈਲ, 1919 ਨੂੰ ਉੱਤਰ ਭਾਰਤ ਦੇ ਬੀਅਰ ਬਣਾਉਣ ਵਾਲੇ ਇਕ ਉੱਘੇ ਪਰਿਵਾਰ ਦੇ ਮੈਂਬਰ ਜਨਰਲ ਆਰ.ਈ.ਐਚ. ਡਾਇਰ ਨੇ ਪਿਆਦਾ ਫ਼ੌਜ ਦੀ ਇਕ ਪਲਟਨ ਨਾਲ ਜਲ੍ਹਿਆਂਵਾਲਾ ਬਾਗ਼ 'ਤੇ ਧਾਵਾ ਬੋਲ ਦਿੱਤਾ ਜਿਹੜਾ ਕਿ ਸਵਰਨ ਮੰਦਿਰ ਤੋਂ ਦੋ ਮਿੰਟ ਦੇ ਸਫ਼ਰ ਦੀ ਵਿੱਥ 'ਤੇ ਧੂੜ ਭਰਿਆ, ਕੰਧਾਂ ਨਾਲ ਘਿਰਿਆ

ਅਹਾਤਾ ਸੀ। ਡਾਇਰ ਵੱਲੋਂ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਇਕ ਵੱਡਾ ਹਜੂਮ ਇਕ ਸਿਆਸੀ ਜਲਸੇ ਲਈ ਜਲ੍ਹਿਆਂਵਾਲਾ ਬਾਗ਼ ਵਿੱਚ ਹਾਜ਼ਰ ਸੀ। ਉਸ ਨੇ ਇਕੋ ਇਕ ਪ੍ਰਵੇਸ਼ ਦੁਆਰ ਨੂੰ ਆਪਣੇ ਫ਼ੌਜੀਆਂ ਨਾਲ ਰੋਕ ਲਿਆ ਤੇ ਉਹਨਾਂ ਨੂੰ ਗੋਲੀ ਚਲਾਉਣ ਦਾ ਆਦੇਸ਼ ਦਿੱਤਾ। ਇਸ ਨਾਲ 379 ਲੋਕ ਮਾਰੇ ਗਏ ਤੇ 1200 ਜ਼ਖ਼ਮੀ ਹੋਏ। ਮਾਰੇ ਗਏ ਤੇ ਜ਼ਖ਼ਮੀਆਂ ਵਿੱਚ ਬਹੁਤ ਸਾਰੇ ਨਿਰਦੋਸ਼ ਪੇਂਡੂ ਸਿੱਖ ਵੀ ਸਨ ਜੋ ਅੰਮ੍ਰਿਤਸਰ ਵਿੱਚ ਵਿਸਾਖੀ ਦਾ ਤਿਉਹਾਰ ਮਨਾਉਣ ਆਏ ਹੋਏ ਸਨ, ਜਿਹੜਾ ਖ਼ਾਲਸੇ ਦਾ ਜਨਮ ਦਿਨ ਵੀ ਹੈ। ਇਸ ਮਗਰੋਂ ਕਈ ਹਫ਼ਤੇ 'ਫ਼ੌਜੀ ਰਾਜ' (ਮਾਰਸ਼ਲ ਲਾਅ) ਲਾਗੂ ਰਿਹਾ। ਅੰਮ੍ਰਿਤਸਰ ਵਿੱਚ ਅੰਗਰੇਜ਼ੀ ਫ਼ੌਜਾਂ ਨੇ ਭਾਰਤੀਆਂ ਨੂੰ ਉਸ ਗਲੀ ਵਿੱਚ ਆਪਣੇ ਢਿੱਡਾਂ 'ਤੇ ਰੀਂਗਣ ਲਈ ਮਜਬੂਰ ਕਰ ਦਿੱਤਾ ਜਿੱਥੇ ਇਕ-ਇਕ ਈਸਾਈ ਮਿਸ਼ਨਰੀ ਇਸਤਰੀ 'ਤੇ ਹਮਲਾ ਕੀਤਾ ਗਿਆ ਸੀ। ਜਲ੍ਹਿਆਂਵਾਲਾ ਬਾਗ਼ ਦੇ ਕਤਲੇਆਮ ਤੇ ਮਾਰਸ਼ਲ ਲਾਅ ਦੇ ਪਿੱਛੋਂ ਦੀਆਂ ਘਟਨਾਵਾਂ ਨੇ ਗ਼ਦਰ ਪਿੱਛੋਂ ਭਾਰਤੀਆਂ ਤੇ ਅੰਗਰੇਜ਼ਾਂ ਦੇ ਸੰਬੰਧਾਂ ਵਿੱਚ ਸਭ ਤੋਂ ਵਧੇਰੇ ਨਿਘਾਰ ਲਿਆਂਦਾ। ਉਹਨਾਂ ਨੇ ਚੀਫ਼ ਖ਼ਾਲਸਾ ਦੀਵਾਨ ਨੂੰ ਨਾ ਪੂਰੇ ਜਾਣ ਵਾਲਾ ਘਾਟਾ ਪਾਇਆ ਜਿਸ ਨੇ ਬਰਤਾਨਵੀ ਕਾਰਵਾਈ ਦਾ ਸਮਰਥਨ ਕੀਤਾ। ਸ਼ੁਰੂ ਵਿੱਚ ਅੰਗਰੇਜ਼ਾਂ ਨੇ ਡਾਇਰ ਦਾ ਇਕ ਵੀਰ ਨਾਇਕ ਵਜੋਂ ਸੁਆਗਤ ਕੀਤਾ ਤੇ ਅਕਾਲ ਤਖ਼ਤ ਤੇ ਸਵਰਨ ਮੰਦਿਰ ਦੇ ਪੁਜਾਰੀਆਂ ਨੇ ਵੀ ਜੈਜੈਕਾਰ ਕੀਤੀ। ਇਸ ਨੇ ਸਮੁੱਚੇ ਤੌਰ 'ਤੇ ਸਿੱਖ ਫ਼ਿਰਕੇ ਨੂੰ ਉਚਾਟ ਕੀਤਾ ਤੇ ਉਹਨਾਂ ਨੂੰ ਸਦਮਾ ਪਹੁੰਚਿਆ। ਉਸ ਵੇਲੇ ਸਿੱਖਾਂ ਦੇ ਧਰਮ ਅਸਥਾਨ ਸਰਕਾਰ ਵੱਲੋਂ ਮਨੋਨੀਤ ਵਿਅਕਤੀਆਂ ਦੇ ਹੱਥ ਵਿੱਚ ਸਨ। "ਅਕਾਲੀ ਲਹਿਰ" ਵਿੱਚ ਮੁਹਿੰਦਰ ਸਿੰਘ ਨੇ ਹੇਠ ਲਿਖੀ ਵਾਰਤਾਲਾਪ ਦਾ ਉਲੇਖ ਕੀਤਾ ਹੈ ਜੋ ਸਵਰਨ ਮੰਦਿਰ ਵਿੱਚ ਉਸ ਸਮੇਂ ਹੋਈ।

ਉਹਨਾਂ ਨੇ ਕਿਹਾ, "ਸਾਹਿਬ, ਤੁਸੀਂ ਸਿੱਖ ਬਣ ਜਾਉ।" ਜਰਨੈਲ ਨੇ ਉਹਨਾਂ ਦੀ ਇਸ ਸਤਿਕਾਰ ਭਾਵਨਾ ਤੇ ਸ਼ੁਕਰੀਆ ਅਦਾ ਕੀਤਾ ਤੇ ਉਸ ਨੇ ਇਹ ਉਜ਼ਰ ਕੀਤਾ ਕਿ ਉਹ ਬਰਤਾਨਵੀ ਹਕੂਮਤ ਦਾ ਅਧਿਕਾਰੀ ਹੋਣ ਕਰਕੇ ਲੰਬੇ ਕੇਸ ਨਹੀਂ ਰੱਖ ਸਕਦਾ। ਅਰੂੜ ਸਿੰਘ, ਜੋ ਸਵਰਨ ਮੰਦਿਰ ਦਾ ਸਰਬਰਾਹ ਸੀ, ਹੱਸ ਪਿਆ। ਉਸ ਨੇ ਕਿਹਾ, "ਅਸੀਂ ਆਪ ਨੂੰ ਲੰਬੇ ਵਾਲ ਰੱਖਣ ਤੋਂ ਛੋਟ ਦੇ ਦਿਆਂਗੇ।" ਜਰਨੈਲ ਡਾਇਰ ਨੇ ਕਿਹਾ ਕਿ "ਉਸ ਨੂੰ ਇਕ ਹੋਰ ਉਜ਼ਰ ਵੀ ਸੀ। ਮੈਂ ਸਿਗਰਟ ਪੀਣੀ ਨਹੀਂ ਛੱਡ ਸਕਦਾ।" ਪੁਜਾਰੀਆਂ ਨੇ ਗੱਲ ਮੁਕਾਉਂਦਿਆਂ ਕਿਹਾ "ਅਸੀਂ ਤੁਹਾਨੂੰ ਹੌਲੀ-ਹੌਲੀ ਸਿਗਰਟਾਂ ਦਾ ਤਿਆਗ ਕਰਨ ਦੀ ਇਜਾਜ਼ਤ ਦੇ ਦਿਆਂਗੇ।" ਜਰਨੈਲ ਨੇ ਕਿਹਾ, "ਫਿਰ ਮੈਂ ਇਕਰਾਰ ਕਰਦਾ ਹਾਂ ਕਿ ਸਾਲ ਵਿੱਚ ਇਕ ਸਿਗਰਟ ਪੀਣੀ ਘਟਾ ਦਿਆਂਗਾ।"

ਜਲ੍ਹਿਆਂਵਾਲਾ ਬਾਗ਼ ਦਾ ਕਤਲੇਆਮ ਤੇ ਜਨਰਲ ਡਾਇਰ ਦਾ ਅੰਗਰੇਜ਼ਾਂ ਦੇ ਵਫ਼ਾਦਾਰ ਪੁਜਾਰੀਆਂ ਵੱਲੋਂ ਸਨਮਾਨ ਕੀਤੇ ਜਾਣ ਕਾਰਨ ਸਿੱਖ ਗੁਰਦੁਆਰਿਆਂ ਦੀ ਲਹਿਰ ਸ਼ੁਰੂ ਹੋਈ। ਇਹ ਅੰਦੋਲਨ 1920 ਤੇ 1925 ਦੇ ਵਿਚਕਾਰ 5 ਸਾਲ ਚਲਦਾ ਰਿਹਾ ਤੇ ਇਸ ਨੇ ਪੰਜਾਬੀਆਂ ਦੀ ਅੰਗਰੇਜ਼-ਭਗਤੀ ਦੇ ਕਲਪਿਤ ਢਕੌਂਸਲੇ ਦਾ ਭਾਂਡਾ ਭੰਨ ਦਿੱਤਾ।

ਇਸ ਲਹਿਰ ਦਾ ਉਦੇਸ਼ ਭ੍ਰਿਸ਼ਟ ਤੇ ਹਿੰਦੂ-ਨੁਮਾ ਮਹੰਤਾਂ ਹੱਥੋਂ ਗੁਰਦੁਆਰੇ ਮੁਕਤ

ਕਰਾਉਣਾ ਸੀ ਜੋ ਗੁਰਦੁਆਰਿਆਂ ਦੇ ਕਾਨੂੰਨੀ ਮਾਲਕ ਬਣ ਬੈਠੇ ਸਨ ਜਦੋਂ ਕਿ ਸ਼ੁਰੂ ਵਿੱਚ ਇਹਨਾਂ ਦੇ ਸਿਰਫ਼ ਰਾਖੇ ਜਾਂ ਸਰਪ੍ਰਸਤ ਹੀ ਸਨ। ਮਹਿੰਦਰ ਸਿੰਘ ਨੇ ਸਦੀ ਦੇ ਆਰੰਭ ਵਿੱਚ ਗੁਰਦੁਆਰਿਆਂ ਦੇ ਅੰਦਰ ਹੋ ਰਹੀਆਂ ਊਘੀਆਂ ਕਾਰਵਾਈਆਂ ਦਾ ਵੇਰਵਾ ਦਿੱਤਾ ਹੈ—

"ਹਰਿਮੰਦਿਰ ਨੂੰ ਭੇਟਾ ਕੀਤੀਆਂ ਸੌਗਾਤਾਂ ਹੌਲੀ-ਹੌਲੀ ਸਰਬਰਾਹ ਤੇ ਹੋਰ ਮਹੰਤਾਂ ਦੇ ਘਰਾਂ ਵਿੱਚ ਚਲੀਆਂ ਗਈਆਂ। ਪਰਿਕਰਮਾ ਵਿੱਚ ਪੰਡਿਤ ਤੇ ਜੋਤਸ਼ੀ ਬੈਠ ਕੇ ਵਰਤੋਂ ਕਰਨ ਲੱਗੇ। ਗੁਰਦੁਆਰੇ ਦੀ ਪਰਿਕਰਮਾ ਵਿੱਚ ਖੁੱਲ੍ਹਮ-ਖੁੱਲ੍ਹੇ ਮੂਰਤੀਆਂ ਦੀ ਪੂਜਾ ਕੀਤੀ ਜਾਣ ਲੱਗੀ। ਸਮਕਾਲੀ ਬਿਰਤਾਂਤ ਅਨੁਸਾਰ ਬਸੰਤ ਤੇ ਹੋਲੀ ਦੇ ਉਤਸਵਾਂ ਸਮੇਂ ਪਰਿਕਰਮਾ ਦਾ ਸਥਾਨ ਚੋਰਾਂ ਤੇ ਗੁੰਡਿਆਂ ਦਾ ਅੱਡਾ ਬਣ ਜਾਂਦਾ। ਅਸ਼ਲੀਲ ਸਾਹਿਤ ਖੁੱਲ੍ਹੇ ਤੌਰ 'ਤੇ ਵੇਚਿਆ ਜਾਂਦਾ ਤੇ ਨਾਲ ਲਗਵੇਂ ਘਰਾਂ ਵਿੱਚ ਵੇਸਵਾ ਘਰ (ਚਕਲੇ) ਚੱਲਣ ਲੱਗੇ ਜਿੱਥੇ ਧਾਰਮਿਕ ਥਾਵਾਂ ਦੀ ਯਾਤਰਾ ਤੇ ਆਉਣ ਵਾਲੀਆਂ ਭੋਲੀਆਂ ਤੇ ਮਾਸੂਮ ਇਸਤਰੀਆਂ ਨੂੰ ਸੰਨਿਆਸੀਆਂ, ਲੁੱਚੇ ਤੇ ਬਦਮਾਸ਼ ਸਾਧੂਆਂ, ਮਹੰਤਾਂ ਤੇ ਉਹਨਾਂ ਦੇ ਮਿੱਤਰਾਂ ਦੀ ਹਵੱਸ ਤੇ ਕਾਮਚੇਸ਼ਟਾ ਦਾ ਸ਼ਿਕਾਰ ਬਣਾਇਆ ਜਾਂਦਾ।"[11]

1920 ਵਿੱਚ ਉੱਘੇ ਸਿੱਖਾਂ ਨੇ ਭ੍ਰਿਸ਼ਟ ਮਹੰਤਾਂ ਵਿਰੁੱਧ ਰੋਸ ਪ੍ਰਗਟ ਲਈ ਮੁਜ਼ਾਹਰਾਕਾਰੀਆਂ ਦੇ ਜੱਥਿਆਂ ਨੂੰ ਸੰਗਠਿਤ ਕਰਨਾ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਉਸ ਸਾਲ ਵੱਡੀ ਜਿੱਤ ਉਸ ਸਮੇਂ ਪ੍ਰਾਪਤ ਹੋਈ ਜਦੋਂ ਪ੍ਰਦਰਸ਼ਨਕਾਰੀਆਂ ਵੱਲੋਂ ਸਵਰਨ ਮੰਦਿਰ ਦੇ ਸਰਬਰਾਹ ਦਾ ਮਖ਼ੌਲ ਉਡਾਉਣ ਲਈ ਉਸ ਨੂੰ ਉਸ ਦੇ ਨਕਲੀ ਮਾਤਮੀ ਜਲੂਸ ਜਾਂ ਜਨਾਜ਼ੇ ਦਾ ਡਰਾਵਾ ਦਿੱਤਾ ਤੇ ਉਸ ਨੇ ਤਿਆਗ ਪੱਤਰ ਦੇ ਦਿੱਤਾ। ਬਰਤਾਨਵੀ ਸਰਕਾਰ ਦੇ ਦੂਸਰੇ ਨਾਮਜ਼ਦ ਪ੍ਰਤੀਨਿਧਾਂ ਨੇ ਵੀ ਮਗਰੋਂ ਤਿਆਗ ਪੱਤਰ ਦੇ ਦਿੱਤੇ ਤੇ ਮੁਜ਼ਾਹਰਾ ਕਰਨ ਵਾਲਿਆਂ ਦੇ ਕਬਜ਼ੇ ਵਿੱਚ ਸਿੱਖਾਂ ਦਾ ਸਭ ਤੋਂ ਪਵਿੱਤਰ ਅਸਥਾਨ ਆ ਗਿਆ।

ਇਸ ਸਫਲਤਾ ਨੇ ਉਹਨਾਂ ਦੋ ਸੰਸਥਾਵਾਂ ਨੂੰ ਜਨਮ ਦਿੱਤਾ ਜੋ ਪੰਜਾਬ ਦੀ ਰਾਜਨੀਤੀ 'ਤੇ ਅੱਜ ਦੇ ਸਮੇਂ ਛਾਈਆਂ ਹੋਈਆਂ ਹਨ—ਇਕ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਦੂਸਰੀ ਹੈ ਸ਼੍ਰੋਮਣੀ ਅਕਾਲੀ ਦਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੇਂ-ਨਵੇਂ ਆਜ਼ਾਦ ਕਰਵਾਏ ਗਏ ਸਵਰਨ ਮੰਦਿਰ ਦਾ ਪ੍ਰਬੰਧ ਕਰਨ ਲਈ ਗਠਿਤ ਕੀਤੀ ਗਈ ਸੀ। ਇਹ ਇਕ ਤਰ੍ਹਾਂ ਨਾਲ ਸਿੱਖ ਪਾਰਲੀਮੈਂਟ ਦੇ ਰੂਪ ਵਿੱਚ ਵਿਕਸਿਤ ਹੋ ਗਈ ਜਿਸ ਦੇ ਹੱਥਾਂ ਵਿੱਚ ਪੰਜਾਬ ਦੇ ਸਭ ਗੁਰਦੁਆਰਿਆਂ ਤੇ ਉਹਨਾਂ ਦੀ ਬਹੁਤ ਜ਼ਿਆਦਾ ਵਾਰਸ਼ਿਕ ਆਮਦਨੀ ਦਾ ਪ੍ਰਬੰਧ ਆ ਗਿਆ। ਅਕਾਲੀ ਦਲ ਜਿਹੜਾ ਮਗਰੋਂ ਇਕ ਪੂਰਨ ਸ਼ਕਤੀਸ਼ਾਲੀ ਰਾਜਸੀ ਪਾਰਟੀ ਬਣਿਆ, ਉਸ ਨੇ ਸ਼੍ਰੋ. ਗੁ. ਪ੍ਰ. ਕਮੇਟੀ ਦੀ ਲੜਾਈ ਲੜਨ ਲਈ ਸ੍ਵੈ-ਸੇਵਕਾਂ ਨੂੰ ਜੱਥੇਬੰਦ ਕਰਕੇ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ।

1925 ਵਿੱਚ ਅੰਗਰੇਜ਼ ਸਰਕਾਰ ਨੇ ਗੁਰਦੁਆਰਾ ਅੰਦੋਲਨ ਅੱਗੇ ਹਾਰ ਮੰਨ ਲਈ ਤੇ ਪੰਜਾਬ ਦੇ 200 ਗੁਰਦੁਆਰੇ ਸ਼੍ਰੋ. ਗੁ. ਪ੍ਰ. ਕਮੇਟੀ ਨੂੰ ਸੌਂਪ ਦਿੱਤੇ। ਇਹਨਾਂ ਦੀ ਗਿਣਤੀ ਹੁਣ 700 ਹੋ ਗਈ ਹੈ ਤੇ ਇਹਨਾਂ 'ਚੋਂ ਹੋਣ ਵਾਲੀ ਆਮਦਨੀ ਤੋਂ ਸਿੱਖਾਂ ਦੀ

ਧਾਰਮਿਕ ਪਾਰਟੀ, ਅਕਾਲੀ ਦਲ ਨੂੰ ਰਾਜਸੀ ਗਤੀਵਿਧੀਆਂ ਲਈ ਆਰਥਿਕ ਸਹਾਇਤਾ ਦਾ ਪ੍ਰਬੰਧ ਹੁੰਦਾ ਹੈ। ਇਹ ਅਕਾਲੀ ਦਲ ਦੇ ਨੇਤਾਵਾਂ ਦਾ ਭਿੰਡਰਾਂਵਾਲੇ ਅੱਗੇ ਆਤਮ ਸਮਰਪਣ ਹੀ ਸੀ ਜਿਸ ਕਾਰਨ 59 ਸਾਲ ਪਿੱਛੋਂ ਸਵਰਨ ਮੰਦਿਰ ਸਮੂਹ ਨੂੰ ਮੁਕਤ ਕਰਾਉਣ ਪਿੱਛੋਂ ਹਮਲਾ ਹੋਣਾ ਸੀ।

ਗੁਰਦੁਆਰਾ ਲਹਿਰ ਨੇ ਸਿੱਖਾਂ ਨੂੰ ਮਹਾਤਮਾ ਗਾਂਧੀ ਦੀ ਅਹਿੰਸਾ ਦੀ ਨੀਤੀ ਦੀ ਮਹੱਤਤਾ ਵੀ ਸਿਖਲਾਈ। ਉਹਨਾਂ ਨੇ ਭਾਰਤ ਸਰਕਾਰ ਵਿਰੁੱਧ ਅਹਿੰਸਾ ਦੀਆਂ ਚਾਲਾਂ ਤੇ ਤਦਬੀਰਾਂ ਦੀ ਵਰਤੋਂ ਕੀਤੀ। ਐਂਗਲੀਕਨ ਚਰਚ ਦੇ ਸਤਿਕਾਰਯੋਗ ਪਾਦਰੀ ਸੀ.ਐਫ. ਐਂਡਰਿਯੂਜ਼ ਨੇ, ਜੋ ਮਹਾਤਮਾ ਗਾਂਧੀ ਦਾ ਪੈਰੋਕਾਰ ਸੀ, ਅਕਾਲੀਆਂ ਵੱਲੋਂ ਅਹਿੰਸਕ ਵਿਰੋਧ ਬਾਰੇ ਇਸ ਸਬੰਧ ਵਿੱਚ ਅੰਗਰੇਜ਼ ਸਰਕਾਰ ਦੀ ਪ੍ਰਤੀਕ੍ਰਿਆ ਦਾ ਬਿਆਨ ਕਰਦਿਆਂ ਅੱਖੀਂ ਡਿੱਠੀ ਇਕ ਘਟਨਾ ਦਾ ਇਸ ਤਰ੍ਹਾਂ ਵਰਨਣ ਕੀਤਾ ਹੈ—

"ਚਾਰ ਅਕਾਲੀ ਸਿੱਖ ਸਨ, ਜਿਨ੍ਹਾਂ ਨੇ ਕਾਲੀਆਂ ਦਸਤਾਰਾਂ ਪਹਿਨੀਆਂ ਹੋਈਆਂ ਸਨ ਤੇ ਉਹਨਾਂ ਦਾ ਸਾਹਮਣਾ ਦੋ ਅੰਗਰੇਜ਼ ਅਫ਼ਸਰਾਂ ਸਮੇਤ ਦੋ ਦਰਜਨ ਪੁਲਿਸੀਆਂ ਨਾਲ ਸੀ। ਉਹ ਮੇਰੇ ਪਹੁੰਚਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਪੁਲਸੀਆਂ ਦੀ ਕਤਾਰ ਕੋਲ ਹੌਲੀ-ਹੌਲੀ ਤੁਰ ਕੇ ਪਹੁੰਚੇ ਸਨ ਤੇ ਉਹ ਉਹਨਾਂ ਸਾਹਮਣੇ ਇਕ ਗਜ਼ ਦੇ ਫ਼ਾਸਲੇ 'ਤੇ ਚੁੱਪ-ਚਾਪ ਖੜ੍ਹੇ ਹੋਏ ਸਨ। ਉਹ ਪੂਰੀ ਤਰ੍ਹਾਂ ਸ਼ਾਂਤ ਤੇ ਅਹਿੱਲ ਸਨ ਤੇ ਉਹਨਾਂ ਵੱਲ ਰਤਾ ਵੀ ਅੱਗੇ ਵੱਲ ਵੱਧੇ ਨਹੀਂ ਸਨ। ਉਹਨਾਂ ਦੇ ਹੱਥ ਪ੍ਰਾਰਥਨਾ ਵਿੱਚ ਜੁੜੇ ਹੋਏ ਸਨ ਤੇ ਸਾਫ਼ ਜ਼ਾਹਿਰ ਸੀ ਕਿ ਉਹ ਅਰਦਾਸ ਕਰ ਰਹੇ ਸਨ ਤੇ ਫਿਰ ਬਿਨਾ ਕਿਸੇ ਉਕਸਾਹਟ ਦੇ ਇਕ ਅੰਗਰੇਜ਼ ਨੇ ਪਿੱਤਲ ਦੇ ਕੋਕੇ ਵਾਲੀ ਡਾਂਗ ਨਾਲ ਹੁੱਝ ਮਾਰੀ। ਉਸ ਨੇ ਉਸ ਲਾਠੀ ਦੀ ਹੁੱਝ ਇਸ ਤਰ੍ਹਾਂ ਮਾਰੀ ਕਿ ਉਸ ਦੀ ਉਹ ਮੁੱਠੀ, ਜਿਸ ਨਾਲ ਉਸ ਨੇ ਉਹਨਾਂ ਅਕਾਲੀ ਸਿੱਖਾਂ ਨੂੰ ਮਾਰਨ ਲਈ ਡਾਂਗ ਪਕੜੀ ਹੋਈ ਸੀ ਜਿਹੜੇ ਅਰਦਾਸ ਕਰ ਰਹੇ ਸਨ, ਉਹਨਾਂ ਦੀ ਹੱਸਲੀ 'ਤੇ ਜ਼ੋਰ ਨਾਲ ਵੱਜੀ। ਇਹ ਚੋਟ ਅਤਿਅੰਤ ਕਾਇਰਤਾ ਪੂਰਨ ਸੀ ਤੇ ਜਦੋਂ ਇਹ ਵੱਜੀ ਤਾਂ ਮੈਂ ਬੜੀ ਮੁਸ਼ਕਿਲ ਨਾਲ ਆਪਣੇ ਆਪ 'ਤੇ ਕਾਬੂ ਪਾ ਸਕਿਆ।......

ਜਿਹੜੀ ਸੱਟ ਵੱਜਦੀ ਮੈਂ ਵੇਖੀ ਉਹ ਅਕਾਲੀ ਸਿੱਖ ਨੂੰ ਭੁੰਜੇ ਡੇਗ ਦੇਣ ਲਈ ਕਾਫ਼ੀ ਸੀ। ਉਹ ਡਿੱਗਣ ਪਿੱਛੋਂ ਧਰਤੀ 'ਤੇ ਰਿੜ੍ਹ ਗਿਆ ਤੇ ਹੌਲੀ-ਹੌਲੀ ਫਿਰ ਖੜ੍ਹਾ ਹੋ ਗਿਆ ਤੇ ਫਿਰ ਝੱਟ ਪੱਟ ਪਹਿਲਾਂ ਵਾਂਗ ਹੀ ਮਾਰ ਝੱਲਣ ਲੱਗਾ। ਉਹਨਾਂ ਚੌਹਾਂ 'ਚੋਂ ਜਿਹੜਾ ਵੀ ਅੱਗੇ ਜਾਂਦਾ ਸੀ, ਵਾਰ ਵਾਰ ਘਸੁੰਨ ਤੇ ਹੁੱਝਾਂ ਮਾਰ ਮਾਰ ਕੇ ਜ਼ਮੀਨ 'ਤੇ ਲਿਟਾ ਦਿੱਤਾ ਜਾਂਦਾ ਸੀ। ਕਦੇ ਇਹ ਕੰਮ ਅੰਗਰੇਜ਼ ਅਫ਼ਸਰ ਕਰਦੇ ਤੇ ਕਦੇ ਉਹਨਾਂ ਦੇ ਮਾਤਹਿਤ ਪੁਲਿਸੀਏ ਕਰਦੇ। ਸਾਰੇ ਦ੍ਰਿਸ਼ ਦੀ ਕਰੂਰਤਾ, ਬਰਬਰਤਾ ਤੇ ਵਹਿਸ਼ੀਆਨਾ ਕਾਰਵਾਈ ਇਸ ਹਕੀਕਤ ਕਾਰਨ ਹੋਰ ਵੀ ਵਧੇਰੇ ਅਕਹਿ ਤੇ ਅਕੱਥ ਹੋ ਜਾਂਦੀ ਸੀ ਕਿਉਂਕਿ ਭਜਨ ਬੰਦਗੀ ਕਰ ਰਹੇ ਆਦਮੀਆਂ ਨੇ ਪ੍ਰਣ ਕੀਤਾ ਹੋਇਆ ਸੀ ਕਿ ਉਹ ਵਚਨ ਤੇ ਕਰਮ ਪੱਖੋਂ ਸ਼ਾਂਤ ਤੇ ਚੁੱਪ ਰਹਿਣਗੇ। ਜਿਹੜੇ ਅਕਾਲੀ ਸਿੱਖਾਂ ਨੇ ਸਵਰਨ ਮੰਦਿਰ ਤੋਂ ਤੁਰਨ ਸਮੇਂ ਵੀ ਗੁਰੂ ਕਾ ਬਾਗ਼ ਦੇ ਗੁਰਦੁਆਰੇ ਵਿੱਚ ਵੀ ਇਹ ਸ਼ਾਂਤ ਰਹਿਣ ਲਈ ਸੁਗੰਧ ਲਈ ਸੀ, ਵਧੇਰੇ ਕਰਕੇ ਫ਼ੌਜ ਵਿੱਚੋਂ ਸਨ। ਉਹਨਾਂ ਨੇ ਫ਼ਲੈਂਡਰਜ਼, ਫ਼ਰਾਂਸ,

ਮੈਸੋਪੋਟੇਮੀਆ ਤੇ ਪੂਰਬੀ ਅਫ਼ਰੀਕਾ ਦੀਆਂ ਮੁਹਿੰਮਾਂ ਵਿੱਚ ਨੌਕਰੀ ਕੀਤੀ ਤੇ ਹਿੱਸਾ ਲਿਆ ਸੀ। ਕਈਆਂ ਨੇ ਆਪਣੀ ਜਾਨ ਤਲੀ 'ਤੇ ਧਰ ਕੇ ਜ਼ਖ਼ਮੀ ਅੰਗਰੇਜ਼ਾਂ ਦੀਆਂ ਜਾਨਾਂ ਬਚਾਈਆਂ ਹੋਣਗੀਆਂ। ਹੁਣ ਉਹਨਾਂ ਨੂੰ ਉਹੋ ਅੰਗਰੇਜ਼ ਅਫ਼ਸਰ ਮਾਰ-ਮਾਰ ਕੇ ਜ਼ਮੀਨ 'ਤੇ ਲਿਟਾਈ ਜਾ ਰਹੇ ਸਨ ਜੋ ਉਸ ਸਰਕਾਰ ਦੀ ਹੀ ਨੌਕਰੀ ਕਰ ਰਹੇ ਹਨ ਜਿਸ ਦੀ ਉਹਨਾਂ ਨੇ ਕੀਤੀ ਸੀ।"[14]

ਜਦੋਂ ਅਕਾਲੀ ਗੁਰਦੁਆਰਾ ਲਹਿਰ ਵਿੱਚ ਸਫਲਤਾ ਪ੍ਰਾਪਤ ਕਰ ਗਏ ਤਾਂ ਉਹ ਦੁਬਿਧਾ ਵਿੱਚ ਪੈ ਗਏ। ਇਕ ਪਾਸੇ ਤਾਂ ਉਹ ਮਹਾਤਮਾ ਗਾਂਧੀ ਤੇ ਅਜ਼ਾਦੀ ਲਹਿਰ ਦੇ ਸਮਰਥਨ ਲਈ ਵਚਨਬੱਧ ਸਨ, ਪਰ ਦੂਸਰੇ ਪਾਸੇ ਉਹ ਇਹ ਵੀ ਨਹੀਂ ਚਾਹੁੰਦੇ ਸਨ ਕਿ ਕਾਂਗਰਸ ਪਾਰਟੀ ਉਹਨਾਂ ਨੂੰ ਹੜੱਪ ਕਰ ਲਵੇ। ਮਹਾਤਮਾ ਗਾਂਧੀ ਕਾਂਗਰਸ ਨੂੰ ਸਾਰੇ ਭਾਰਤੀਆਂ—ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਹੋਰ ਕਈ ਅਨੇਕਾਂ ਧਰਮਾਂ ਦੇ ਪੈਰੋਕਾਰਾਂ ਦੀ ਪਾਰਟੀ ਸਮਝਦਾ ਸੀ ਜੋ ਭਾਰਤ ਵਿੱਚ ਜੰਮੇ ਤੇ ਪ੍ਰਵਾਨ ਚੜ੍ਹੇ ਸਨ। ਜਿਨਾਹ ਤੇ ਮੁਸਲਿਮ ਲੀਗ ਵਾਂਗ ਬਹੁਤ ਸਾਰੇ ਅਕਾਲੀ ਵੀ ਇਸ ਨੂੰ ਭਾਰਤ ਵਿੱਚ ਹਿੰਦੂ ਰਾਜ ਕਾਇਮ ਕਰਨ ਲਈ ਇਕ ਚਾਲ ਸਮਝਦੇ ਸਨ। ਇਸ ਕਾਰਨ ਅਕਾਲੀ ਤੇ ਮੁਸਲਿਮ ਲੀਗ ਸੁਭਾਵਿਕ ਹੀ ਸਹਿਯੋਗੀ ਬਣ ਜਾਣੇ ਚਾਹੀਦੇ ਸਨ, ਪਰ ਸਿੱਖਾਂ ਨੂੰ ਅਜੇ ਵੀ ਗੁਰੂ ਸਾਹਿਬਾਨ ਉੱਪਰ ਮੁਗ਼ਲ ਅਤਿਆਚਾਰਾਂ ਦੀਆਂ ਕਹਾਣੀਆਂ ਯਾਦ ਸਨ ਤੇ ਉਹ ਜੋ ਕਹਾਣੀਆਂ ਸੁਣ-ਸੁਣ ਕੇ ਵੱਡੇ ਹੋਏ ਸਨ, ਉਹਨਾਂ ਦੀ ਮੁਸਲਮਾਨਾਂ ਪ੍ਰਤੀ ਵਿਰੋਧ ਤੇ ਘ੍ਰਿਣਾ ਬਰਕਰਾਰ ਸੀ। ਇਸ ਕਾਰਨ ਅਕਾਲੀਆਂ ਨੇ ਅਜ਼ਾਦੀ ਸੰਘਰਸ਼ ਵਿੱਚ ਕਾਂਗਰਸ ਪਾਰਟੀ ਤੇ ਮਹਾਤਮਾ ਗਾਂਧੀ ਦਾ ਸਮਰਥਨ ਕੀਤਾ।

ਅਜ਼ਾਦੀ ਲਹਿਰ ਦਾ ਪ੍ਰਸਿੱਧ ਸਿੱਖ ਸ਼ਹੀਦ ਭਗਤ ਸਿੰਘ ਸੀ। ਉਸ ਨੂੰ ਅੰਗਰੇਜ਼ਾਂ ਨੇ ਇਕ ਅੰਗਰੇਜ਼ ਅਫ਼ਸਰ ਦੇ ਕਤਲ ਦੇ ਦੋਸ਼ ਵਿੱਚ ਫਾਂਸੀ ਚਾੜ੍ਹਿਆ ਸੀ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਸ ਪੁਲਿਸ ਅਫ਼ਸਰ ਨੇ ਅਜ਼ਾਦੀ ਲਹਿਰ ਦੇ ਇਕ ਹੋਰ ਵੱਡੇ ਆਗੂ ਲਾਲਾ ਲਾਜਪਤ ਰਾਏ ਨੂੰ ਬੜੀ ਨਿਰਦੈਤਾ ਨਾਲ ਬੈਂਤਾਂ ਨਾਲ ਕੁੱਟਿਆ ਸੀ। ਇਸ ਹਮਲੇ ਤੋਂ ਕੁਝ ਦਿਨ ਮਗਰੋਂ ਲਾਲਾ ਲਾਜਪਤ ਰਾਏ ਮਰ ਗਿਆ ਤੇ ਭਗਤ ਸਿੰਘ ਨੇ ਜੋ ਉਹਨਾਂ ਤਿੰਨ ਫਾਂਸੀ 'ਤੇ ਚਾੜ੍ਹੇ ਗਏ ਨੌਜਵਾਨਾਂ ਵਿੱਚੋਂ ਇਕ ਸਨ, ਉਸ ਨੇ ਉਹਦੀ ਮੌਤ ਦਾ ਬਦਲਾ ਲਿਆ ਤੇ ਉਹ ਭਾਰਤੀ ਲੋਕਾਂ ਦੇ ਤਸੱਵਰ ਵਿੱਚ ਛਾ ਗਿਆ। ਜਵਾਹਰ ਲਾਲ ਨਹਿਰੂ ਨੇ ਲਿਖਿਆ—"ਭਗਤ ਸਿੰਘ ਨੂੰ ਆਪਣੀ ਆਤੰਕਵਾਦੀ ਕਾਰਵਾਈ ਕਾਰਨ ਪ੍ਰਸਿੱਧਤਾ ਪ੍ਰਾਪਤ ਨਹੀਂ ਹੋਈ ਪਰੰਤੂ ਉਸ ਦੀ ਪ੍ਰਸਿੱਧੀ ਦਾ ਕਾਰਨ ਉਸ ਸਮੇਂ ਲਾਲਾ ਲਾਜਪਤ ਰਾਏ ਦੇ ਅਪਮਾਨ ਦਾ ਬਦਲਾ ਲੈਣਾ ਸੀ ਤੇ ਇਸ ਅਮਲ ਰਾਹੀਂ ਉਹ ਸਾਰੇ ਰਾਸ਼ਟਰ ਦੀ ਇੱਜ਼ਤ ਬਚਾਉਂਦਾ ਜਾਪਿਆ। ਉਹ ਇਕ ਚਿੰਨ੍ਹ ਸੀ ਤੇ ਕੁਝ ਮਹੀਨਿਆਂ ਦੇ ਅੰਦਰ ਹੀ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਵਿੱਚ ਤੇ ਗੌਣ ਰੂਪ ਵਿੱਚ ਬਾਕੀ ਦੇ ਉੱਤਰੀ ਭਾਰਤ ਵਿੱਚ, ਉਸ ਦਾ ਨਾਮ ਗੂੰਜ ਉੱਠਿਆ। ਉਸ ਬਾਰੇ ਅਨੇਕਾਂ ਗੀਤ ਰਚੇ ਗਏ ਹਨ ਤੇ ਜੋ ਪ੍ਰਸਿੱਧਤਾ ਉਸ ਨੂੰ ਪ੍ਰਾਪਤ ਹੋਈ, ਉਹ ਇਕ ਤਰ੍ਹਾਂ ਹੈਰਾਨ ਕਰਨ ਵਾਲੀ ਤੇ ਅਨੋਖੀ ਸੀ।"[15]

ਜੰਗ ਸ਼ੁਰੂ ਹੋਣ ਤੇ ਸਿੱਖ ਇਕ ਵਾਰ ਫਿਰ ਦੁਬਿਧਾ ਵਿੱਚ ਫਸ ਗਏ। ਉਹਨਾਂ ਦੇ ਧਰਮ ਦੀ ਭਾਰੀ ਗਿਣਤੀ ਫ਼ੌਜ ਵਿੱਚ ਹੋਣ ਕਾਰਨ ਉਹ ਕਾਂਗਰਸ ਦੇ ਸਰਕਾਰ ਨਾਲ ਸਹਿਯੋਗ ਨਾ ਕਰਨ ਦੇ ਰੁਖ਼ ਦਾ ਕਿਵੇਂ ਸਮਰਥਨ ਕਰ ਸਕਦੇ ਸਨ ? ਬਹੁਤ ਸਾਰਿਆਂ ਨੇ ਸਮਰਥਨ ਨਾ ਕਰਨਾ ਠੀਕ ਸਮਝਿਆ। ਉਹਨਾਂ ਵਿੱਚੋਂ ਮਾਸਟਰ ਤਾਰਾ ਸਿੰਘ ਇਕ ਸੀ ਜੋ 1920 ਤੋਂ ਹੀ ਅਕਾਲੀ ਰਾਜਨੀਤੀ ਵਿੱਚ ਛਾਇਆ ਹੋਇਆ ਸੀ। ਬੀ.ਏ. ਪਾਸ ਕਰਨ ਮਗਰੋਂ ਉਹ ਸਕੂਲ ਅਧਿਆਪਕ ਬਣ ਗਿਆ। ਉਹ ਛੇਤੀ ਹੀ ਸਕੂਲ ਛੱਡ ਕੇ ਅਕਾਲੀ ਰਾਜਨੀਤਿਕ ਮੰਚ 'ਤੇ ਆ ਗਿਆ ਭਾਵੇਂ ਮਾਸਟਰ ਦੀ ਉਪਾਧੀ ਸਦਾ ਲਈ ਉਸ ਦੇ ਨਾਮ ਨਾਲ ਜੁੜ ਗਈ। ਜੰਗ ਦੇ ਸੁਆਲ 'ਤੇ ਮਾਸਟਰ ਤਾਰਾ ਸਿੰਘ ਦੀ ਕਾਂਗਰਸ ਨਾਲ ਸਾਂਝ ਟੁੱਟ ਗਈ ਤੇ ਉਸ ਨੇ ਫ਼ੌਜੀ ਭਰਤੀ ਨੂੰ ਵਧਾਉਣ ਲਈ ਦਸਤਾਰ ਉੱਪਰ ਲੋਹੇ ਦੀ ਟੋਪੀ (ਹੈਲਮਟ) ਪਹਿਨ ਕੇ ਬਰਤਾਨੀਆ ਦਾ ਸਮਰਥਨ ਕੀਤਾ।

ਅਕਾਲੀ ਰੁਖ਼ ਦੇ ਬਾਵਜੂਦ ਫ਼ੌਜੀ ਸਿੱਖ ਰਾਸ਼ਟਰਵਾਦ ਤੋਂ ਪ੍ਰਭਾਵਿਤ ਸਨ। ਇਕ ਅਮੀਰ ਤੇ ਅਗਾਂਹਵਧੂ ਫ਼ਿਰਕੇ ਨਾਲ ਸੰਬੰਧਿਤ ਹੋਣ ਕਾਰਨ ਤੇ ਪੰਜਾਬ ਵਿੱਚ ਆਪਣੇ ਪਿੰਡਾਂ ਨਾਲ ਮਜ਼ਬੂਤ ਸੰਪਰਕ ਕਾਰਨ ਉਹ ਫ਼ਿਲਪ ਮੇਸ਼ਨ ਦੇ ਸ਼ਬਦਾਂ ਵਿੱਚ "ਭਾਰਤੀ ਫ਼ੌਜ ਦੇ ਕਿਸੇ ਹੋਰ ਵਰਗ ਨਾਲੋਂ ਰਾਜਨੀਤੀ ਪ੍ਰਤੀ ਵਧੇਰੇ ਸੁਚੇਤ ਸਨ।"[16] ਇਹ ਤੱਥ 1940 ਦੀ "ਸੈਂਟਰਲ ਇੰਡੀਆ ਹਾਰਸ" ਦੇ ਵਿਦਰੋਹ ਤੋਂ ਪ੍ਰਤੱਖ ਹੁੰਦਾ ਹੈ। "ਸੈਂਟਰਲ ਇੰਡੀਆ ਹਾਰਸ" ਦੀ ਇਕ ਪਲਟਨ ਸਮੁੰਦਰ ਪਾਰ ਨਿਯੁਕਤੀ ਲਈ ਬੰਬਈ ਨੂੰ ਜਾ ਰਹੀ ਸੀ। ਬੰਬਈ ਵਿੱਚ ਪਲਟਣ ਦੀ ਗੱਡੀ 24 ਘੰਟੇ ਲਈ ਇਕ ਪਾਸੇ ਲਾ ਦਿੱਤੀ ਗਈ। ਇਸ ਨਾਲ ਕਿਰਤੀ ਲਹਿਰ ਦੇ ਪ੍ਰਭਾਵ ਹੇਠ ਆਏ ਚਾਰ ਨੌਜੁਆਨਾਂ ਨੂੰ (ਕਿਰਤੀ ਲਹਿਰ ਭੜਕਾਊ ਤੇ ਜੋਸ਼ੀਲੇ ਸਾਮਵਾਦੀ ਕਿਸਾਨੀ ਲਹਿਰ ਸੀ) ਦੂਸਰਿਆਂ ਨੂੰ ਵਿਦਰੋਹ ਕਰਨ ਤੇ ਭੜਕਾਉਣ ਲਈ ਮੌਕਾ ਮਿਲ ਗਿਆ।

ਇਸ ਪਲਟਨ ਨੇ ਸਮੁੰਦਰੋਂ ਪਾਰ ਜਾਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਦਾ ਕੋਰਟ ਮਾਰਸ਼ਲ ਕਰਕੇ ਆਗੂਆਂ ਨੂੰ ਅੰਡੇਮਾਨ ਦੀਪ ਸਮੂਹ ਵਿੱਚ ਜਲਾਵਤਨ ਕਰ ਦਿੱਤਾ ਗਿਆ। ਇਸ ਘਟਨਾ ਨੇ ਫ਼ੌਜੀ ਹੈਡਕੁਆਰਟਰ ਵਿੱਚ ਗੰਭੀਰ ਬੇਚੈਨੀ ਪੈਦਾ ਕਰ ਦਿੱਤੀ ਤੇ ਇਹ ਚਰਚਾ ਵੀ ਹੋਣ ਲੱਗੀ ਸੀ ਕਿ ਸਾਰੀਆਂ ਸਿੱਖ ਪਲਟਣਾਂ ਨੂੰ ਤੋੜ ਦਿੱਤਾ ਜਾਵੇ। ਸਿੱਖਾਂ ਨੇ ਇਕ ਵਾਰ ਫਿਰ ਸਵਰਨ ਮੰਦਰ ਸਮੂਹ ਵਿੱਚ ਇਕੱਠੇ ਹੋ ਕੇ ਫ਼ੌਜੀ ਕਾਰਵਾਈ ਵਿਰੁੱਧ ਵਿਦਰੋਹ ਕੀਤਾ।

ਸਿੱਖ ਸਿਪਾਹੀਆਂ ਨੇ ਆਜ਼ਾਦ ਹਿੰਦ ਫ਼ੌਜ ਵਿੱਚ ਉੱਘਾ ਯੋਗਦਾਨ ਪਾਇਆ। ਆਜ਼ਾਦ ਹਿੰਦ ਫ਼ੌਜ ਦੀ ਬੁਨਿਆਦ ਜਾਪਾਨੀਆਂ ਵੱਲੋਂ ਸਿੰਗਾਪੁਰ ਵਿੱਚ ਕੈਦੀ ਬਣਾਏ ਗਏ ਭਾਰਤੀ ਫ਼ੌਜੀਆਂ ਦੇ ਇਕ ਸਿੱਖ ਕਪਤਾਨ ਮੋਹਨ ਸਿੰਘ ਨੇ ਰੱਖੀ ਸੀ। ਮੋਹਨ ਸਿੰਘ ਦੀ 20 ਹਜ਼ਾਰ ਆਜ਼ਾਦ ਹਿੰਦ ਫ਼ੌਜ ਵਿੱਚ ਭਾਰਤ ਨੂੰ ਆਜ਼ਾਦ ਕਰਾਉਣ ਲਈ ਅੰਗਰੇਜ਼ਾਂ ਵਿਰੁੱਧ ਲੜਨ ਲਈ ਜੋ ਲੋਕ ਸ਼ਾਮਲ ਹੋਏ, ਤੀਸਰਾ ਹਿੱਸਾ ਸਿੱਖ ਸਨ।

ਜਦੋਂ ਜੰਗ ਖ਼ਤਮ ਹੋਣ ਵਾਲੀ ਸੀ ਤਾਂ ਅਕਾਲੀ ਨੇਤਾਵਾਂ ਨੂੰ ਆਪਣਾ ਭਵਿੱਖ ਧੁੰਦਲਾ ਜਾਪਿਆ। ਇਹ ਤਾਂ ਸਪੱਸ਼ਟ ਸੀ ਕਿ ਬਰਤਾਨੀਆ ਭਾਰਤ ਨੂੰ ਆਜ਼ਾਦੀ ਦੀ ਪੇਸ਼ਕਸ਼ ਕਰਨ ਵਾਲਾ ਸੀ ਤੇ ਇਹ ਵੀ ਇਤਨਾ ਹੀ ਸਪੱਸ਼ਟ ਸੀ ਕਿ ਬਰਤਾਨੀਆ ਮੁਸਲਮਾਨਾਂ ਨੂੰ ਉਹਨਾਂ ਲਈ ਮਾਤਰਭੂਮੀ ਦੀ ਮੰਗ ਮੰਨਣ 'ਤੇ ਜ਼ੋਰ ਦੇ ਰਿਹਾ ਸੀ ਤੇ

ਇਸ ਵਾਸਤੇ ਜਾਂ ਤਾਂ ਉਹਨਾਂ ਨੂੰ ਪੂਰਨ ਸੁਤੰਤਰਤਾ ਜਾਂ ਪ੍ਰਾਂਤਕ ਖ਼ੁਦਮੁਖ਼ਤਾਰੀ ਦਿੱਤੀ ਜਾ ਰਹੀ ਸੀ। ਇਕ ਸੰਭਾਵਨਾ ਇਹ ਵੀ ਸੀ ਕਿ ਸਾਰਾ ਪੰਜਾਬ ਮੁਸਲਮਾਨਾਂ ਅਧੀਨ ਹੋਵੇ। ਇਹ ਸਿੱਖਾਂ ਲਈ ਹਰਾਮ ਸੀ, ਸਰਾਪ ਸੀ। ਦੂਸਰੀ ਸੂਰਤ ਇਹ ਵੀ ਸੀ ਕਿ ਪੰਜਾਬ ਵੰਡ ਦਿੱਤਾ ਜਾਵੇ ਕਿਉਂਕਿ ਸਿੱਖ ਸਾਰੇ ਪ੍ਰਾਂਤ ਵਿੱਚ ਖਿੱਲਰੇ ਹੋਏ ਸਨ, ਇਸ ਲਈ ਇਸ ਪੱਖੋਂ ਸਿੱਖਾਂ ਲਈ ਹੋਰ ਵੀ ਭੈੜੀ ਸਥਿਤੀ ਸੀ। ਇਸ ਦਾ ਇਹ ਭਾਵ ਸੀ ਕਿ ਸਿੱਖ ਭਾਈਚਾਰਾ ਵੰਡਿਆ ਜਾਵੇਗਾ ਤੇ ਸਿੱਖ ਪੰਜਾਬ ਦੇ ਦੋਹਾਂ ਭਾਗਾਂ ਵਿੱਚ ਹੀ ਉਹ ਘੱਟ ਗਿਣਤੀ 'ਚ ਹੋਣ ਕਾਰਨ ਹੋਰ ਵੀ ਨਿਰਬਲ ਤੇ ਕਮਜ਼ੋਰ ਹੋ ਜਾਣਗੇ। ਇਹ ਸਥਿਤੀ ਤਾਂ ਸਿੱਖ ਧਰਮ ਦੀ ਹੋਂਦ ਲਈ ਖ਼ਤਰਿਆਂ ਭਰਪੂਰ ਹੋਵੇਗੀ।

ਅਕਾਲੀਆਂ ਨੇ ਸਿੱਖ ਮਾਤ-ਭੂਮੀ ਦੀ ਮੰਗ 'ਤੇ ਜ਼ੋਰ ਦਿੱਤਾ ਪ੍ਰੰਤੂ ਸਿੱਖ ਨੇਤਾ ਇਸ ਬਾਰੇ ਇਤਨੇ ਵੰਡੇ ਹੋਏ ਤੇ ਪ੍ਰੇਸ਼ਾਨ ਸਨ ਕਿ ਉਹਨਾਂ ਨੂੰ ਇਹ ਸਪੱਸ਼ਟ ਨਹੀਂ ਸੀ ਕਿ ਉਹਨਾਂ ਦਾ ਮਾਤਭੂਮੀ ਤੋਂ ਕੀ ਭਾਵ ਸੀ। ਉਹਨਾਂ ਦੀ ਮਾਤਭੂਮੀ ਦੀ ਮੰਗ ਪਾਕਿਸਤਾਨ ਦੀ ਰਚਨਾ ਨੂੰ ਰੋਕਣ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਜਾਪਦੀ ਸੀ।

ਖ਼ੁਸ਼ਵੰਤ ਸਿੰਘ ਨੇ ਵੀ "ਸਿੱਖ ਇਤਿਹਾਸ" ਵਿੱਚ ਇਸ ਤਰ੍ਹਾਂ ਹੀ ਲਿਖਿਆ ਹੈ : "ਸਿੱਖਾਂ ਨੇ ਜਿਸ ਤਰ੍ਹਾਂ ਸਿੱਖ ਰਾਜ ਦੀ ਮੰਗ ਨੂੰ ਪੇਸ਼ ਕੀਤਾ, ਉਹ ਇਸ ਤਰ੍ਹਾਂ ਨਹੀਂ ਲੱਗਦਾ ਸੀ ਕਿ ਇਹ ਮੰਗ ਨਿਹਤ ਤੇ ਸੁਭਾਵਕ ਸੀ, ਸਗੋਂ ਇਹ ਕੇਵਲ ਪਾਕਿਸਤਾਨ ਦੀ ਰਚਨਾ ਦੇ ਵਿਰੁੱਧ ਇਕ ਦਲੀਲ ਵਜੋਂ ਹੀ ਪ੍ਰਸਤੁੱਤ ਕੀਤੀ ਗਈ ਸੀ। ਇਸ ਕਾਰਨ ਇਸ ਮੰਗ ਅਤੇ ਸੁਝਾਅ ਨੂੰ ਗੰਭੀਰਤਾ ਨਾਲ ਵਿਚਾਰੇ ਜਾਣ ਦਾ ਮੌਕਾ ਵੀ ਉਹਨਾਂ ਨੇ ਹੱਥੋਂ ਗੁਆ ਲਿਆ।"

ਜਦੋਂ ਭਾਰਤ ਦੇ ਲੰਬੇ ਇਤਿਹਾਸ ਵਿੱਚੋਂ ਅੰਗਰੇਜ਼ਾਂ ਦੀ ਸੰਖੇਪ ਭੂਮਿਕਾ ਤੇ ਅਭਿਨੇ ਦਾ ਖ਼ਾਤਮਾ ਹੋਇਆ ਤਾਂ ਉਹਨਾਂ ਨੇ ਸਿੱਖ ਫ਼ਿਰਕੇ ਨੂੰ ਵਿਭਾਜਿਤ ਕਰ ਦਿੱਤਾ, ਜਿਸ ਫ਼ਿਰਕੇ ਨੂੰ ਉਹ ਵਿਸ਼ੇਸ਼ ਸੁਰੱਖਿਆ ਦਿੰਦੇ ਰਹੇ ਸਨ। ਲਗਭਗ 40% ਸਿੱਖ ਪਾਕਿਸਤਾਨ ਵਿੱਚ ਰਹਿ ਗਏ ਤੇ 60% ਭਾਰਤ ਵਾਲੇ ਪਾਸੇ ਰਹਿ ਗਏ। ਭਾਰਤੀ ਪੰਜਾਬ ਨੂੰ 13 ਜ਼ਿਲ੍ਹੇ ਮਿਲੇ ਜਿਸ ਵਿੱਚ ਜਲੰਧਰ ਤੇ ਅੰਬਾਲਾ ਦੇ ਸਾਰੇ ਦੇ ਸਾਰੇ ਮੰਡਲ ਤੇ ਅੰਮ੍ਰਿਤਸਰ ਜ਼ਿਲ੍ਹਾ ਸੀ ਤੇ ਕੁੱਲ ਭੂਮੀ ਦੇ ਖੇਤਰਫਲ ਦਾ 40% ਸੀ। ਲਾਹੌਰ ਜੋ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਰਿਹਾ ਸੀ, ਪਾਕਿਸਤਾਨ ਨੂੰ ਚਲਾ ਗਿਆ ਤੇ ਇਸ ਦਾ ਘਾਟਾ ਸਿੱਖਾਂ ਲਈ ਭਾਰੀ ਸੱਟ ਸੀ।

ਵੰਡ ਕਾਰਨ ਅਜਿਹਾ ਵੱਡਾ ਘੱਲੂਘਾਰਾ ਵਾਪਰਿਆ ਜੋ ਇਤਿਹਾਸ ਵਿੱਚ ਨਿਰਾਲਾ ਤੇ ਬੇਨਜ਼ੀਰ ਸੀ। ਪਾਕਿਸਤਾਨੀ ਪੰਜਾਬ ਵਿੱਚ ਰਹਿ ਰਹੇ ਸਿੱਖਾਂ ਨੂੰ ਅਤਿਅੰਤ ਕਸ਼ਟ ਤੇ ਬਿਪਤਾ ਝੱਲਣੀ ਪਈ, ਪ੍ਰੰਤੂ ਉਹਨਾਂ ਨੇ ਪੂਰਬੀ ਪੰਜਾਬ ਵਿੱਚ ਰਹਿੰਦੇ ਮੁਸਲਮਾਨਾਂ ਤੋਂ ਬਦਲਾ ਲਿਆ। ਕੋਈ ਕਦੇ ਇਹ ਨਹੀਂ ਜਾਣ ਸਕੇਗਾ ਕਿ ਕਿਤਨੇ ਲੋਕ ਮਾਰੇ ਗਏ ਸਨ, ਪ੍ਰੰਤੂ 5 ਲੱਖ ਦੇ ਅੰਦਾਜ਼ੇ ਨੂੰ ਕਦੇ ਵੀ ਕਿਸੇ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਾ ਵੰਗਾਰਿਆ ਤੇ ਨਾ ਹੀ ਵਿਰੋਧ ਕੀਤਾ। ਲੱਖਾਂ ਲੋਕ ਨਵੀਂ ਸੀਮਾ ਦੇ ਆਰ ਪਾਰ ਆਪਣੇ ਘਰ ਛੱਡ ਕੇ ਨੱਠ ਗਏ। ਸਾਰੇ ਮੁਸਲਮਾਨ ਪੂਰਬੀ ਪੰਜਾਬ 'ਚੋਂ ਲਗਭਗ ਗ਼ਾਇਬ ਹੋ ਗਏ ਤੇ ਪੱਛਮੀ ਪੰਜਾਬ 'ਚੋਂ ਹਿੰਦੂ ਤੇ ਸਿੱਖ। ਅਕਾਲੀ ਨੇਤਾ ਦਾ ਘਰ ਵੀ ਮੁਸਲਮਾਨਾਂ ਦੇ ਪਾਕਿਸਤਾਨ ਦਾ ਹਿੱਸਾ ਬਣ ਗਿਆ। ਇਸ ਤਰ੍ਹਾਂ ਹੀ ਕਈ ਇਤਿਹਾਸਕ ਗੁਰਦੁਆਰੇ, ਗੁਰੂ ਨਾਨਕ ਦੀ

ਜਨਮ ਭੂਮੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਵਿੱਚ ਰਹਿ ਗਏ। ਕਾਂਗਰਸ ਨੇ ਵੀ, ਜਿਸ ਦਾ ਹੁਣ ਭਾਰਤ ਉੱਪਰ ਰਾਜ ਸੀ, ਮੁਸਲਮਾਨਾਂ ਵਾਂਗ ਹੀ ਸਿੱਖਾਂ ਨੂੰ ਆਪਣੀ ਮਾਤ੍ਰਭੂਮੀ ਦੇਣ ਲਈ ਬੜੇ ਨਿਰਣਾਇਕ ਢੰਗ ਨਾਲ ਇਨਕਾਰ ਕਰ ਦਿੱਤਾ। ਪ੍ਰੰਤੂ ਘੱਟ ਘੱਟ ਪੂਰਬੀ ਪੰਜਾਬ ਵਿੱਚ ਸਿੱਖਾਂ ਦੇ ਆਵਾਸ ਨਾਲ ਸਿੱਖ ਫ਼ਿਰਕਾ ਇਕ ਥਾਂ ਸੰਗਠਤ ਹੋ ਗਿਆ। ਅਕਾਲੀ ਨੇਤਾਵਾਂ ਨੇ ਹੁਣ ਆਪਣੇ ਹੱਕ, ਅਧਿਕਾਰ ਤੇ ਰਿਆਇਤਾਂ ਲੈਣ ਲਈ ਉਹ ਕਾਰਜ ਕਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਉਹਨਾਂ ਦਾ ਧਰਮ ਆਜ਼ਾਦ ਭਾਰਤ ਵਿੱਚ ਸੁਰੱਖਿਅਤ ਰਹਿ ਸਕੇ, ਜਿਹੜਾ ਉਹਨਾਂ ਦੇ ਖ਼ਿਆਲ ਵਿੱਚ ਹਿੰਦੂ ਪਰਭਾਵ ਵਾਲਾ ਦੇਸ਼ ਹੋਵੇਗਾ ਭਾਵ ਹਿੰਦੂ ਹਾਵੀ ਹੋਣਗੇ।

ਆਪਣੀ ਵੱਖਰੀ ਪਛਾਣ ਦਾ ਸੰਕਟ ਐਸਾ ਜ਼ਖ਼ਮ ਸੀ ਜਿਸ ਕਾਰਨ ਭਿੰਡਰਾਂਵਾਲੇ ਨੇ ਹਿੰਦੂਆਂ ਪ੍ਰਤੀ ਨਫ਼ਰਤ ਫੈਲਾਈ। ਉਸ ਦੇ ਮੂਲਵਾਦ ਦਾ ਆਧਾਰ ਪ੍ਰਮਾਤਮਾ ਦਾ ਪਿਆਰ ਜਾਂ ਭੈਅ ਨਹੀਂ, ਸਗੋਂ ਹਿੰਦੂ ਧਰਮ ਦਾ ਭੈਅ ਸੀ।

3

ਸਿੱਖਾਂ ਦੀਆਂ ਸ਼ਕਾਇਤਾਂ

ਕਾਂਗਰਸ ਬਾਰੇ ਸ਼ੰਕਿਆਂ ਤੇ ਵੰਡ ਵਿੱਚ ਉਠਾਏ ਹੋਏ ਨੁਕਸਾਨ ਦੇ ਬਾਵਜੂਦ ਸਿੱਖ ਛੇਤੀ ਹੀ ਪੁਨਰ-ਸਥਾਪਿਤ ਹੋ ਗਏ ਤੇ ਉਹਨਾਂ ਨੇ ਆਜ਼ਾਦ ਭਾਰਤ ਵਿੱਚ ਤਰੱਕੀ ਕੀਤੀ। ਆਜ਼ਾਦੀ ਮਗਰੋਂ ਬਾਕੀ ਦੇ ਭਾਰਤ ਨੇ ਉਹਨਾਂ ਨੂੰ ਸ਼ਕਤੀ ਤੇ ਉੱਦਮ ਦੇ ਆਦਰਸ਼ ਵਜੋਂ ਦੇਖਿਆ। ਉਹ ਭਾਰਤ ਦੇ ਮੁੱਖ ਫ਼ਿਰਕਿਆਂ ਵਿੱਚੋਂ ਸਭ ਤੋਂ ਜ਼ਿਆਦਾ ਦੌਲਤਮੰਦ ਹੋ ਗਏ ਤੇ ਉਹਨਾਂ ਨੇ ਪੰਜਾਬ ਦੀ ਜੀਅ ਪ੍ਰਤੀ ਆਮਦਨ ਮੁਲਕ ਵਿੱਚ ਸਭ ਤੋਂ ਵੱਧ ਕਰ ਦਿੱਤੀ। ਉਹਨਾਂ ਨੇ ਪੰਜਾਬ ਨੂੰ ਖੇਤੀ ਪੱਖੋਂ ਅਤਿ ਵਿਕਸਿਤ ਤੇ ਉਪਜਾਊ ਰਾਜ ਬਣਾ ਦਿੱਤਾ ਤੇ ਉਹ ਜੰਗਲਾਂ ਦੀ ਕਟਾਈ ਕਰਕੇ ਤੇ ਸਿੰਚਾਈ ਸਾਧਨਾਂ ਦੀ ਵਰਤੋਂ ਕਰਕੇ ਗੁਆਂਢੀ ਰਾਜਾਂ ਦੀਆਂ ਨਵੀਆਂ ਜ਼ਮੀਨਾਂ 'ਤੇ ਫੈਲ ਗਏ ਤੇ ਜਾ ਵੱਸੇ। ਲੱਕੜ ਦੇ ਹਲ ਅਤੇ ਬੈਲਾਂ ਦੀ ਥਾਂ ਟ੍ਰੈਕਟਰ ਤੇ ਫ਼ਸਲਾਂ ਕੱਟਣ ਦੀਆਂ ਮਸ਼ੀਨਾਂ ਆ ਗਈਆਂ। ਪੰਜਾਬ ਵਿੱਚ ਆਧੁਨਿਕਤਾ ਦਾ ਸੰਦੇਸ਼ ਪਹਿਲਾਂ ਸਿਨਮੇ ਰਾਹੀਂ, ਫਿਰ ਟਰਾਂਜ਼ਿਸਟਰ ਰੇਡੀਓ ਰਾਹੀਂ ਤੇ ਫਿਰ ਵੀਡਿਓ ਰਾਹੀਂ ਫੈਲਿਆ। ਸਿੱਖ ਕਿਸਾਨ ਇਸ ਸੰਦੇਸ਼ ਤੋਂ ਪ੍ਰਭਾਵਿਤ ਹੋਏ। ਜਿਵੇਂ ਪੱਤਰਕਾਰ ਐਮ.ਜੇ. ਅਕਬਰ ਨੇ ਕਿਹਾ ਸੀ, "ਕਿਸਾਨ ਦੇ ਉੱਦਮ ਨੇ ਪੰਜਾਬ ਨੂੰ ਤੀਸਰੀ ਦੁਨੀਆਂ ਦੀ ਜਿੱਲ੍ਹਣ ਵਿੱਚੋਂ ਕੱਢ ਕੇ ਦੂਸਰੀ ਦੁਨੀਆਂ ਦੀ ਦੌਲਤ ਦਾ ਸੁੱਖ ਆਰਾਮ ਤੇ ਸੁਵਿਧਾ ਦੇ ਦਿੱਤੀ।" ਸਿੱਖ ਜੋ ਭਾਰਤ ਦੇ ਦੂਸਰੇ ਭਾਗਾਂ ਤੇ ਵਿਸ਼ਵ ਦੇ ਦੂਸਰੇ ਭਾਗਾਂ ਵਿੱਚ ਚਲੇ ਗਏ, ਉਹਨਾਂ ਨੇ ਆਪਣੇ ਘਰਾਂ ਵਿੱਚ ਪੈਸੇ ਭੇਜ ਕੇ ਪੰਜਾਬ ਦੀ ਅਮੀਰੀ ਵਿੱਚ ਵਾਧਾ ਕੀਤਾ। ਸਿੱਖ ਸਦਾ ਹੀ ਮੁਸਾਫ਼ਰ ਬਣਦੇ ਰਹੇ ਹਨ ਤੇ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਹੀ ਭਾਰਤ ਦੇ ਹਰ ਕੋਨੇ ਵਿੱਚ ਸਥਾਪਿਤ ਹੋ ਚੁੱਕੇ ਸਨ। ਉਹ ਬਰਤਾਨਵੀ ਸਾਮਰਾਜ ਦੇ ਦੂਸਰੇ ਭਾਗਾਂ; ਜਿਵੇਂ : ਬਰਮਾ, ਪੂਰਬੀ ਅਫ਼ਰੀਕਾ ਤੇ ਕੈਨੇਡਾ ਵਿੱਚ ਵੀ ਪਰਵਾਸ ਕਰ ਗਏ ਸਨ। ਵੰਡ ਮਗਰੋਂ ਉਹ ਪਰਵਾਸ ਦੀ ਚੜ੍ਹਤਲ ਵਿੱਚ ਸਭ ਤੋਂ ਅੱਗੇ ਸਨ ਜੋ ਉਸ ਸਮੇਂ ਬੰਦ ਹੋਈ ਜਦੋਂ ਬਰਤਾਨੀਆ, ਕੈਨੇਡਾ ਤੇ ਆਸਟਰੇਲੀਆ ਨੇ ਆਪਣੇ ਮੁਲਕ ਵਿੱਚ ਆਉਣ ਦੇ ਦਰਵਾਜ਼ੇ ਬੰਦ ਕਰ ਦਿੱਤੇ।

ਫਿਰ ਸਿੱਖਾਂ ਨੇ ਭਾਰਤ ਸਰਕਾਰ ਨਾਲ ਬਣਾਏ ਸੰਬੰਧਾਂ ਨੂੰ ਕਿਉਂ ਵਿਗਾੜ ਲਿਆ ? ਸੰਖੇਪ ਉੱਤਰ ਤਾਂ ਇਹ ਹੈ ਕਿ ਬਹੁਤੇ ਸਿੱਖਾਂ ਨੇ ਇਹ ਸੰਬੰਧ ਨਹੀਂ ਤੋੜੇ ਸਨ। ਪ੍ਰੰਤੂ ਸਿੱਖ ਭਾਈਚਾਰੇ ਨਾਲ ਇਕ ਮਹੱਤਵਪੂਰਨ ਵਰਗ ਜੋ ਅਕਾਲੀ ਦਲ ਨਾਲ ਜੁੜਿਆ ਹੋਇਆ ਸੀ ਤੇ ਜੋ ਸਮਝਦਾ ਸੀ ਕਿ ਅਮੀਰੀ ਨਾਲ ਆਈ ਹੋਈ ਆਧੁਨਿਕਤਾ ਉਹਨਾਂ ਦੇ ਧਰਮ ਤੇ ਉਹਨਾਂ ਦੀ ਪਛਾਣ ਲਈ ਇਕ ਖ਼ਤਰਾ ਸੀ। ਟੈਰੀਕਾਟ ਦੀਆਂ ਕਮੀਜ਼ਾਂ, ਜ਼ੀਨਾਂ, ਮੋਟਰ ਸਾਈਕਲਾਂ ਤੇ ਵਿਸਕੀ ਦਾ ਸੇਵਨ ਪੰਜ ਕਕਾਰਾਂ ਦੀ ਪਾਲਣਾ ਤੇ ਧਾਰਮਕ ਰੀਤੀ ਨਾਲ ਮੇਲ ਨਹੀਂ ਖਾਂਦੇ। ਦਸਤਾਰ ਸਜਾਉਣ ਵਰਗੀ ਮੁਸ਼ਕਲ ਵਿਧੀ ਤੇ ਲੱਕ ਤੱਕ ਲੰਮੇ ਕੇਸਾਂ

ਦਾ ਇਸ਼ਨਾਨ ਆਧੁਨਕ ਜੀਵਨ ਦੀ ਤੇਜ਼ ਗਤੀ ਨਾਲ ਮੇਲ ਨਹੀਂ ਖਾਂਦੇ। ਇਸ ਕਾਰਨ ਬਹੁਤ ਸਾਰੇ ਸਿੱਖਾਂ ਲਈ ਤਾਂ ਉਸਤਰਾ ਕੈਂਚੀ ਹੀ ਆਧੁਨਕਤਾ ਦਾ ਚਿੰਨ੍ਹ ਬਣ ਗਏ। ਇਸ ਨਾਲ ਪਰੰਪਰਾਵਾਦੀ ਤੇ ਸਨਾਤਨੀ ਸਿੱਖ ਭੈਭੀਤ ਹੋ ਗਏ।

ਇਸ ਦੇ ਨਾਲ ਪਹਿਲਾਂ ਤੋਂ ਚਲਿਆ ਆ ਰਿਹਾ ਹਿੰਦੂ ਧਰਮ ਦਾ ਖ਼ਤਰਾ ਵੀ ਸੀ। ਪਰੰਪਰਾਵਾਦੀ ਸਿੱਖਾਂ ਦੇ ਕੋਲ ਹਿੰਦੂ ਧਰਮ ਤੋਂ ਡਰਨ ਦੇ ਕਾਰਨ ਤੇ ਦਲੀਲਾਂ ਸਨ। ਸਿੱਖ ਇਕ ਛੋਟਾ ਫ਼ਿਰਕਾ ਹੈ ਜਿਹਨਾਂ ਦੀ ਵਸੋਂ ਕੇਵਲ 1 ਕਰੋੜ 10 ਲੱਖ ਹੈ ਤੇ ਇਹ ਭਾਰਤ ਦੀ ਕੁੱਲ ਵਸੋਂ ਦਾ 2% ਬਣਦੀ ਹੈ। ਅੰਦਾਜ਼ਨ ਸਿੱਖਾਂ ਦੀ ਕੁਲ ਵੱਸੋਂ ਦਾ 80 ਪ੍ਰਤੀਸ਼ਤ ਪੰਜਾਬ ਵਿੱਚ ਰਹਿੰਦੇ ਹਨ ਤੇ ਉੱਥੇ ਵੀ ਉਹ ਮਸਾਂ ਹੀ ਬਹੁ-ਗਿਣਤੀ ਵਿੱਚ ਬਣਦੇ ਹਨ। ਬਾਕੀ ਥਾਂਵਾਂ ਜਿਵੇਂ ਦਿੱਲੀ ਵਿੱਚ ਉਹ ਬਹੁਤ ਹੀ ਘੱਟ ਗਿਣਤੀ 'ਚ ਹਨ ਤੇ ਇਸ ਦੀ ਕੀਮਤ ਉਹਨਾਂ ਨੂੰ ਸ੍ਰੀਮਤੀ ਗਾਂਧੀ ਦੀ ਹੱਤਿਆ ਮਗਰੋਂ ਚੁਕਾਉਣੀ ਪਈ। ਇਸ ਦੇ ਉਲਟ ਹਿੰਦੂ ਭਾਰਤੀ ਵੱਸੋਂ ਦਾ 80% ਬਣਦੇ ਹਨ। ਭਾਵੇਂ ਹਿੰਦੂ ਵੀ ਜ਼ਾਤਪਾਤ ਤੇ ਹੋਰਨਾਂ ਕਾਰਨਾਂ ਕਰਕੇ ਵੰਡੇ ਹੋਏ ਹਨ ਪ੍ਰੰਤੂ ਹਿੰਦੂ ਧਰਮ ਵਿੱਚ ਦੂਸਰੇ ਧਰਮਾਂ ਨੂੰ ਪਰਭਾਵਿਤ ਕਰਨ ਤੇ ਵਿਰੋਧੀ ਧਰਮਾਂ ਨੂੰ ਆਪਣੇ ਵਿੱਚ ਰਲਾ ਲੈਣ ਤੇ ਜਜ਼ਬ ਕਰਨ ਦੀ ਅਨੂਠੀ ਸ਼ਕਤੀ ਹੈ। ਆਖ਼ਰ ਬੁੱਧ ਧਰਮ ਆਪਣੀ ਜਨਮ ਭੂਮੀ ਤੋਂ ਅਲੋਪ ਹੀ ਹੋ ਗਿਆ ਸੀ। ਹਿੰਦੂ ਧਰਮ ਨੇ ਬੁੱਧ ਧਰਮ ਨੂੰ ਆਪਣੇ ਵਿੱਚ ਸਮੋ ਲਿਆ ਤੇ ਬੁੱਧ ਨੂੰ ਵੀ ਹਿੰਦੂ ਧਰਮ ਦਾ ਇਕ ਹੋਰ ਦੇਵਤਾ ਵਿਸ਼ਨੂੰ ਦਾ ਅਵਤਾਰ ਹੀ ਬਣਾ ਧਰਿਆ। ਜੈਨ ਧਰਮ ਦਾ ਵੀ ਭਾਵੇਂ ਭਾਰਤ ਵਿੱਚ ਜਨਮ ਹੋਇਆ ਪਰ ਇਸ ਦੀ ਸਥਿਤੀ ਕੁਝ ਬਿਹਤਰ ਰਹੀ। ਸਿੱਖ ਭਾਈਚਾਰਾ ਜ਼ਾਤ-ਪਾਤ ਦੀਆਂ ਲੀਹਾਂ 'ਤੇ ਵੰਡਿਆ ਜਾ ਚੁੱਕਾ ਹੈ।

ਹਿੰਦੂ ਧਰਮ 'ਚੋਂ ਛੇਕੇ ਹੋਏ ਚੰਡਾਲ ਤੇ ਅਛੂਤ ਹਿੰਦੂ ਜਿਹਨਾਂ ਦੇ ਵਡੇਰਿਆਂ ਨੇ ਸਿੱਖ ਧਰਮ ਅਪਣਾ ਲਿਆ ਸੀ, ਉਹਨਾਂ ਨੂੰ ਦੂਸਰੇ ਸਿੱਖਾਂ ਨੇ ਸਿੱਖ ਧਰਮ ਵਿੱਚ ਪੂਰੀ ਤਰ੍ਹਾਂ ਪਰਵਾਨ ਨਹੀਂ ਕੀਤਾ। ਈਸਾਈ ਪਰਚਾਰਕਾਂ ਨੂੰ ਹਿੰਦੂ ਧਰਮ ਵਿੱਚ ਸਨ੍ਹ ਲਾਉਣੀ ਮੁਸ਼ਕਲ ਜਾਪੀ। ਜਿਹੜੀ ਥੋੜ੍ਹੀ ਬਹੁਤ ਘੁਸਪੈਠ ਕਰਨ ਵਿੱਚ ਉਹ ਸਫਲ ਵੀ ਹੋਏ, ਉਸ ਵਿੱਚ ਵੀ ਉਹਨਾਂ ਨੂੰ ਅੜਿੱਕਾ ਆਇਆ ਕਿਉਂਕਿ ਉਹ ਧਰਮ ਬਦਲਣ ਵਾਲਿਆਂ ਨੂੰ ਆਪਣੀਆਂ ਪਹਿਲੀਆਂ ਜ਼ਾਤਾਂ ਨਾਲੋਂ ਤੋੜ ਨਾ ਸਕੇ। ਪਾਂਡੀਚਰੀ ਦੇ ਰੋਮਨ ਕੈਥੋਲਿਕ ਚਰਚਾਂ ਵਿੱਚ ਮੁਖੀ ਬਿਸ਼ਪ ਦੂਸਰੀ ਸੰਗਤ ਨਾਲੋਂ ਅਛੂਤਾਂ ਨੂੰ ਪਰਦਾ ਲਾ ਕੇ ਵੱਖ ਕਰ ਦਿਆ ਕਰਦਾ ਸੀ। ਇਹ ਤਾਂ ਜਹਾਦੀ ਮੁਖ ਬਿਸ਼ਪ ਕੋਲਾਸ ਨੇ ਆਕੇ ਜਦੋਂ ਧਮਕੀ ਦਿੱਤੀ ਕਿ ਜਿਹੜੇ ਚਰਚ ਇਹ ਪਰਦਾ ਨਹੀਂ ਹਟਾਉਣਗੇ, ਉਹਨਾਂ ਚਰਚਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਫਿਰ ਵੀ ਕੁਝ ਚਰਚਾਂ ਦੇ ਪਾਦਰੀਆਂ ਨੇ ਚਰਚ ਬੰਦ ਕਰ ਦੇਣ ਨੂੰ ਤਰਜੀਹ ਦਿੱਤੀ। ਈਸਾਈਆਂ ਦੇ ਇਕ ਫ਼ਿਰਕੇ ਜੇਸੂਇਟਾਂ ਨੇ ਪਹਿਲੇ ਵਿਸ਼ਵ ਯੁੱਧ ਤੱਕ ਕਿਸੇ ਅਛੂਤ ਨੂੰ ਨਵਾਂ ਚੇਲਾ ਨਾ ਬਣਾਇਆ ਤੇ ਗੋਆ ਜੋ ਕਿ ਰੋਮਨ ਕੈਥੋਲਿਕਾਂ ਦਾ ਗੜ੍ਹ ਸੀ, ਉੱਥੇ ਜ਼ਾਤ ਪਾਤ ਨੇ ਅਜੇ ਵੀ ਚਰਚ ਨੂੰ ਵਿਭਾਜਿਤ ਕੀਤਾ ਹੋਇਆ ਹੈ। ਏਥੋਂ ਤੱਕ ਕਿ ਮੁਸਲਮਾਨ ਮੁਲਾਣਿਆਂ ਨੂੰ ਅਜੇ ਤੱਕ ਵੀ ਹਿੰਦੂ ਰੀਤੀਆਂ ਤੇ ਉਹਨਾਂ ਦੀ ਉਪਾਸ਼ਨਾ ਦੇ ਢੰਗ ਤੇ ਸਮਾਜਕ ਰਿਵਾਜਾਂ ਨੂੰ ਰੋਕਣ ਲਈ ਨਿਰੰਤਰ ਘੋਲ ਕਰਨਾ ਪੈ ਰਿਹਾ ਹੈ।

ਆਜ਼ਾਦੀ ਮਿਲਣ ਤੋਂ ਹੀ ਅਕਾਲੀ ਦਲ ਦੇ ਨੇਤਾ ਮਾਸਟਰ ਤਾਰਾ ਸਿੰਘ ਨੇ ਫ਼ੈਸਲਾ ਕੀਤਾ ਕਿ ਆਧੁਨਕਤਾ ਤੇ ਹਿੰਦੂ ਧਰਮ ਦੇ ਹੜ੍ਹ ਵਿੱਚ ਡੁੱਬਣ ਤੋਂ ਸਿੱਖ ਧਰਮ ਨੂੰ

ਬਚਾਉਣ ਦਾ ਇਕੋ ਇਕ ਤਰੀਕਾ ਹੈ ਕਿ ਉਹ ਸਰਕਾਰੀ ਪੱਧਰ 'ਤੇ ਸਿੱਖ ਫ਼ਿਰਕੇ ਦੀ ਵੱਖਰੀ ਪਛਾਣ ਦੀ ਮੰਗ ਕਰਨ। ਉਸ ਨੇ ਨਵੀਂ ਸਰਕਾਰ ਨੂੰ ਕਿਹਾ, "ਜੇ ਤੁਸੀਂ ਸੱਚੇ ਰਾਸ਼ਟਰਵਾਦੀ ਹੋ ਤਾਂ ਤੁਸੀ ਸਿੱਖਾਂ ਨੂੰ ਇੱਜ਼ਤ ਮਾਨ ਨਾਲ ਰਹਿਣ ਦੀ ਇਜਾਜ਼ਤ ਤੇ ਖੁਲ੍ਹ ਦਿਉ। ਜੇ ਤੁਸੀਂ ਰਾਸ਼ਟਰਵਾਦ ਦੇ ਨਾਮ 'ਤੇ ਸਿੱਖਾਂ ਦੀ ਵੱਖਰੀ ਹਸਤੀ ਖ਼ਤਮ ਕਰਨ ਦੀ ਕੋਸ਼ਿਸ਼ ਕਰੋਗੇ ਤਾਂ ਤੁਸੀਂ ਗ਼ਲਤੀ ਕਰੋਗੇ। ਸਾਨੂੰ ਆਪਣੀ ਇੱਜ਼ਤ ਪਿਆਰੀ ਹੈ। ਜੇ ਸਾਡੀ ਵੱਖਰੀ ਹੋਂਦ ਹੀ ਨਾ ਰਹੀ ਤਾਂ ਸਾਡੇ ਕੋਲ ਮਾਨ ਕਰਨ ਵਾਲੀ ਕਿਹੜੀ ਚੀਜ਼ ਰਹਿ ਜਾਵੇਗੀ....."

ਦੂਸਰੇ ਸਿੱਖਾਂ ਨੇ ਵੀ ਲਗਾਤਾਰ ਸਿੱਖਾਂ ਨੂੰ ਹਿੰਦੂ ਫ਼ਿਰਕਾਪ੍ਰਸਤੀ ਬਾਰੇ ਤਾੜਨਾ ਕੀਤੀ। 1952 ਵਿੱਚ ਇਕ ਮੁਖੀ ਅਕਾਲੀ ਨੇਤਾ ਹੁਕਮ ਸਿੰਘ ਨੇ ਧਰਮ-ਨਿਰਪੇਖਤਾ ਦੇ ਗੁਰੂ ਘੰਟਾਲ ਪੰਡਤ ਜਵਾਹਰ ਲਾਲ ਦੀ ਸਾਖ 'ਤੇ ਵੀ ਧਾਵਾ ਬੋਲਿਆ।

ਹੁਕਮ ਸਿੰਘ ਨੇ, ਜੋ ਮਗਰੋਂ ਧਰਮ ਨਿਰਪੇਖ ਕਾਂਗਰਸ ਪਾਰਟੀ ਦਾ ਮੈਂਬਰ ਤੇ ਲੋਕ ਸਭਾ ਦਾ ਸਪੀਕਰ ਬਣਿਆ, ਲਿਖਿਆ : "ਜੇ ਥੋੜ੍ਹੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਪੰਡਤ ਨਹਿਰੂ ਮੁਜਾਹਦ (ਖਾੜਕੂ) ਹਿੰਦੂ ਲਹਿਰ ਦੇ ਕੱਟੜ ਪ੍ਰੇਮੀਆਂ ਦਾ ਆਗੂ ਹੈ ਜੋ ਰਾਸ਼ਟਰਵਾਦ ਬਾਰੇ ਚਿਕਣੀਆਂ ਚੋਪੜੀਆਂ ਗੱਲਾਂ ਕਰਦਾ ਹੈ। ਉਹ ਇਕ ਜ਼ਾਲਮ ਹੈ ਜੋ ਲੋਕਰਾਜ ਨੂੰ ਵਡਿਆਉਂਦਾ ਹੈ ਪਰ ਉਹ ਗੋਇਬਲਜ਼ ਵਰਗਾ ਝੂਠਾ ਆਦਮੀ ਹੈ, ਗੱਲ ਕੀ ਉਹ ਸਿਆਸੀ ਧੋਖੇਬਾਜ਼ ਹੈ, ਤੇ ਭਾਰਤੀ ਪਿਛਾਕੜ ਦੀ ਸੇਵਾ ਕਰਨ ਵਾਲਾ ਦੋਫ਼ਸਲਾ ਤੇ ਠੱਗ ਹੈ।"

ਅਕਾਲੀਆਂ ਕੋਲ ਹਿੰਦੂ ਫ਼ਿਰਕਾਪਰਸਤੀ ਵਿਰੁੱਧ ਆਪਣੀ ਇਸ ਮੁਹਿਮ ਦੇ ਪਰਮਾਣ ਵੀ ਸਨ। ਹਿੰਦੂ ਤੇ ਸਿੱਖ ਸ਼ਰਨਾਰਥੀ ਜੋ ਪੱਛਮੀ ਪੰਜਾਬ ਤੋਂ ਆਏ ਸਨ, ਉਹਨਾਂ ਨੇ ਵੰਡੇ ਹੋਏ ਤੇ ਟੁੱਟ ਮੁੱਡ ਭਾਰਤੀ ਪੰਜਾਬ ਵਿੱਚ ਆਕੇ ਆਪਣੇ ਆਪ ਨੂੰ ਮੁੜ ਸਥਾਪਿਤ ਕਰ ਲਿਆ ਸੀ। ਉਹਨਾਂ ਦੇ ਇਸ ਯਤਨ ਤੇ ਸੰਘਰਸ਼ ਨੇ ਸੰਪਰਦਾਇਕ ਪੱਖਪਾਤ ਪੈਦਾ ਕਰ ਦਿੱਤਾ ਜਿਵੇਂ ਕਿ ਪੰਜਾਬ ਦੇ ਅੰਗਰੇਜ਼ੀ ਭਾਸ਼ਾ ਦੇ ਅਖ਼ਬਾਰ "ਦੀ ਟ੍ਰਿਬਿਊਨ" ਨੇ 1948 ਦੇ ਵਿੱਚ ਖ਼ਬਰ ਛਾਪੀ :

"ਇਹ ਕਹਿਣਾ ਵਿਅਰਥ ਹੈ ਕਿ ਜਿਸ ਨੂੰ ਫ਼ਿਰਕੂ ਜ਼ਹਿਰ ਕਿਹਾ ਗਿਆ ਹੈ, ਇਹ ਅਚਾਨਕ ਹੀ ਉਭਰਿਆ ਹੈ। ....ਸਾਨੂੰ ਇਸ ਪ੍ਰਤੀ ਈਮਾਨਦਾਰ ਹੋ ਕੇ ਮੰਨ ਲੈਣਾ ਚਾਹੀਦਾ ਹੈ ਕਿ ਇਹ ਪਹਿਲਾਂ ਵੀ ਸੀ ਤੇ ਇਹ ਵਧਦਾ ਰਿਹਾ ਹੈ। ਇਸ ਦੀ ਹੋਂਦ ਤੇ ਵਿਕਾਸ ਨੇ ਪੁਨਰ-ਵਸੇਬੇ ਵਿੱਚ ਰੋਕਾਂ ਪਾਈਆਂ ਹਨ। ਉਜੜ ਕੇ ਆਏ ਹੋਏ ਲੋਕ ਇਸ ਕਰਕੇ ਵੱਸ ਨਹੀਂ ਰਹੇ ਕਿ ਉਹਨਾਂ ਨੂੰ ਫਿਰ ਬੇਘਰ ਕਰ ਦਿੱਤਾ ਜਾਏਗਾ। ਫ਼ਿਰਕੂ ਭਾਵਨਾ ਨੇ ਮੁੜ ਵਸੇਬੇ ਵਿੱਚ ਰੋਕ ਹੀ ਨਹੀਂ ਪਾਈ ਸਗੋਂ ਇਸ ਨੂੰ ਹੋਰ ਔਖਾ ਬਣਾਇਆ ਹੈ। ਦੋਵੇਂ ਫ਼ਿਰਕੇ ਜੋ ਸੀਮਾ ਪਾਰੋਂ ਉਜੜ ਕੇ ਆਏ ਹਨ, ਉਹ ਸਹਿਯੋਗ ਤੇ ਮਿਲ ਕੇ ਵੱਸਣ ਦੀ ਥਾਂ ਇਕ ਦੂਸਰੇ ਨਾਲ ਮੁਕਾਬਲਾਬਾਜ਼ੀ ਦੀਆਂ ਲੀਹਾਂ 'ਤੇ ਸੋਚ ਰਹੇ ਹਨ। ਉਹ ਇਕ ਦੂਸਰੇ ਤੋਂ ਵੀ ਡਰਦੇ ਹਨ ਤੇ ਸਥਾਨਕ ਲੋਕਾਂ ਤੋਂ ਵੀ। ਜੁਝਾਰੂ ਹਿੰਦੂ ਧਰਮ ਉਸ ਸਮੇਂ ਹੋਂਦ ਵਿੱਚ ਆਇਆ ਜਦੋਂ 1951 ਵਿੱਚ ਭਾਰਤੀ ਜਨ ਸੰਘ ਬਣੀ। ਇਹ ਇਕ ਸਜਾਖੜ ਹਿੰਦੂ ਪਾਰਟੀ ਸੀ ਜੋ ਭਾਰਤੀ ਸਭਿਅਤਾ ਦੇ ਆਰੰਭ ਨੂੰ ਵੇਦਾਂ ਨਾਲ ਜੋੜਨ 'ਤੇ ਜ਼ੋਰ ਦਿੰਦੀ

ਸੀ। ਇਸ ਦੀ ਗਿਣਤੀ ਪੰਜਾਬੀ ਹਿੰਦੂਆਂ ਵਿੱਚ ਅਧਿਕ ਸੀ ਕਿਉਂਕਿ ਉਹ ਆਰੀਆ ਸਮਾਜ ਦੇ ਪਰਭਾਵ ਅਧੀਨ ਸਨ।

ਪ੍ਰੰਤੂ ਅਕਾਲੀਆਂ ਦੇ ਇਸ ਦਾਅਵੇ ਨੂੰ ਕਿ "ਸਿੱਖ ਧਰਮ ਨੂੰ ਖ਼ਤਰਾ ਹੈ", ਪੰਜਾਬੀ ਬੋਲਦੇ ਰਾਜ ਦੀ ਲਹਿਰ ਸਮੇਂ ਬੜਾ ਬਲ ਮਿਲਿਆ। 1953 ਵਿੱਚ ਪੰਡਤ ਨਹਿਰੂ ਨੇ ਰਾਜਾਂ ਦੇ ਪੁਨਰਗਠਨ ਲਈ ਕਮਿਸ਼ਨ ਕਾਇਮ ਕਰ ਦਿੱਤਾ ਤਾਂ ਜੋ ਭਾਰਤ ਦੇ ਵੱਖ-ਵੱਖ ਹਿੱਸਿਆਂ 'ਚੋਂ ਉੱਠ ਰਹੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਤੇ ਭਾਸ਼ਾਈ ਆਧਾਰ 'ਤੇ ਰਾਜਾਂ ਦੀਆਂ ਸੀਮਾਵਾਂ ਆਧਾਰਿਤ ਕੀਤੀਆਂ ਜਾ ਸਕਣ। ਕੁਝ ਭਾਸ਼ਾਈ ਸਮੂਹਾਂ ਨੂੰ ਸੰਤੁਸ਼ਟ ਕਰ ਦਿੱਤਾ ਗਿਆ ਪਰ ਅਕਾਲੀ ਸੰਤੁਸ਼ਟ ਨਾ ਹੋਏ। ਕਮਿਸ਼ਨ ਨੇ ਸਿੱਖਾਂ ਦੀ ਪੰਜਾਬੀ ਬੋਲਦੇ ਸੂਬੇ ਦੀ ਮੰਗ ਇਸ ਦਲੀਲ ਨਾਲ ਠੁਕਰਾ ਦਿੱਤੀ ਕਿ "ਪੰਜਾਬੀ ਦਾ ਹਿੰਦੀ ਨਾਲੋਂ ਕੁਝ ਖ਼ਾਸ ਫ਼ਰਕ ਨਹੀਂ ਸੀ ਤੇ ਇਹ ਵੀ ਕਿਹਾ ਕਿ ਇਸ ਲਹਿਰ ਨੂੰ ਇਸ ਖੇਤਰ ਦੇ ਵਸਨੀਕਾਂ ਦਾ ਆਮ ਸਮਰਥਨ ਨਹੀਂ।"

ਪੰਜਾਬੀ ਹਿੰਦੂਆਂ ਦਾ ਦਾਅਵਾ ਸੀ ਕਿ ਇਹ ਮੰਗ ਫ਼ਿਰਕੂ ਹੈ। ਅਣਵੰਡੇ ਪੰਜਾਬ ਦੀਆਂ ਤਿੰਨ ਮੁੱਖ ਭਾਸ਼ਾਵਾਂ ਉਰਦੂ, ਹਿੰਦੀ ਤੇ ਪੰਜਾਬੀ ਦੇ ਭਿੰਨ-ਭਿੰਨ ਰੂਪ ਹਨ। ਇਹਨਾਂ ਤਿੰਨਾਂ ਵਿੱਚੋਂ ਹਿੰਦੂਆਂ ਸਮੇਤ ਪੰਜਾਬੀ ਹੀ ਸਾਰੇ ਫ਼ਿਰਕਿਆਂ ਵੱਲੋਂ ਵੱਡੀ ਗਿਣਤੀ ਵਿੱਚ ਬੋਲੀ ਜਾਂਦੀ ਸੀ, ਪ੍ਰੰਤੂ ਅਕਾਲੀ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਗੁਰਮੁਖੀ ਲਿੱਪੀ ਵਿੱਚ ਲਿਖੀ ਜਾਂਦੀ ਪੰਜਾਬੀ ਹੀ ਪੰਜਾਬ ਦੀ ਭਾਸ਼ਾ ਹੋਵੇ। ਇਹ ਲਿੱਪੀ ਸਿੱਖਾਂ ਦੇ ਦੂਸਰੇ ਗੁਰੂ ਅੰਗਦ ਦੇਵ ਨੇ ਸਿੱਖਾਂ ਦੇ ਧਰਮ ਗ੍ਰੰਥ ਲਿਖਣ ਲਈ ਤਿਆਰ ਕੀਤੀ ਸੀ। ਇਹ ਸਿੱਖ ਧਾਰਮਕ ਸੰਸਥਾਵਾਂ ਤੋਂ ਬਾਹਰ ਜ਼ਿਆਦਾ ਨਹੀਂ ਪੜ੍ਹਾਈ ਜਾਂਦੀ ਸੀ। ਇਸ ਕਰਕੇ ਹਿੰਦੂ ਇਸ ਗੱਲ 'ਤੇ ਜ਼ੋਰ ਦਿੰਦੇ ਸਨ ਕਿ ਗੁਰਮੁਖੀ ਲਿਪੀ ਦੀ ਮੰਗ ਧਾਰਮਕ ਮੰਗ ਹੈ। ਪੰਜਾਬੀ ਸੂਬਾ ਲਹਿਰ ਕਾਰਨ ਤੇ ਪੰਜਾਬੀ ਭਾਸ਼ਾ ਤੇ ਫ਼ਿਰਕਾਪ੍ਰਸਤੀ ਦੇ ਸੰਬੰਧਾਂ ਕਾਰਨ 1961 ਦੀ ਜਨਗਣਨਾ ਸਮੇਂ ਬਹੁਤ ਸਾਰੇ ਪੰਜਾਬੀ ਬੋਲਦੇ ਹਿੰਦੂਆਂ ਨੇ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਈ।

ਭਿੰਡਰਾਂਵਾਲਾ ਨਫ਼ਰਤ ਨਾਲ ਉਹਨਾਂ ਨੂੰ ਕਿਹਾ ਕਰਦਾ ਸੀ ਕਿ ਉਹ ਐਸੇ ਲੋਕ ਹਨ ਜੋ ਆਪਣੀ ਮਾਂ ਤੋਂ ਮੁਨਕਰ ਹੋਏ ਹਨ। ਪਰਧਾਨ ਮੰਤਰੀ ਨਹਿਰੂ ਵੀ ਪੰਜਾਬੀ ਸੂਬੇ ਦੀ ਮੰਗ ਦੇ ਵਿਰੋਧ ਵਿੱਚ ਆਪਣੀ ਮੌਤ ਤੱਕ ਅੜਿਆ ਰਿਹਾ। ਉਹ ਵੀ ਇਹੋ ਯਕੀਨ ਕਰੀ ਬੈਠਾ ਸੀ ਕਿ ਅਕਾਲੀਆਂ ਦੀ ਮੰਗ ਫ਼ਿਰਕੂ ਸੀ। ਉਸ ਨੇ ਲੋਕ-ਸਭਾ ਵਿੱਚ ਕਿਹਾ : "ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਪੰਜਾਬੀ ਸੂਬੇ ਦੀ ਮੰਗ ਇਕ ਭਾਸ਼ਾਈ ਮਸਲਾ ਨਹੀਂ ਸਗੋਂ ਫਿਰਕੂ ਮਸਲਾ ਹੈ।" ਇਹ ਮੰਗ ਭਾਵੇਂ ਫ਼ਿਰਕੂ ਸੀ ਜਾਂ ਨਹੀਂ, ਪ੍ਰੰਤੂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਅਕਾਲੀਆਂ ਦੀ ਰਾਜਸੀ ਅਭਿਲਾਸ਼ਾ ਅਜਿਹੀ ਰਿਆਸਤ ਪ੍ਰਾਪਤ ਕਰਨਾ ਸੀ ਜਿੱਥੇ ਸਦਾ ਉਹਨਾਂ ਦਾ ਹੀ ਰਾਜ ਹੋਵੇ। ਪ੍ਰੰਤੂ ਉਹ ਇਹ ਗੱਲ ਭੁੱਲ ਗਏ ਸਨ ਕਿ ਸਾਰੇ ਸਿੱਖ ਅਕਾਲੀ ਨਹੀਂ ਹਨ ਤੇ ਉਹ ਸਿੱਖ ਬਹੁ-ਗਿਣਤੀ ਵਾਲੇ ਰਾਜ ਵਿੱਚ ਵੀ ਹਿੰਦੂਆਂ ਦੇ ਸਮਰਥਨ ਦੇ ਬਿਨਾਂ ਹਕੂਮਤ ਨਹੀਂ ਕਰ ਸਕਦੇ ਸਨ।

ਮਾਸਟਰ ਤਾਰਾ ਸਿੰਘ ਨੇ ਰਾਜਾਂ ਦੇ ਪੁਨਰ-ਗਠਨ ਕਮਿਸ਼ਨ ਵੱਲੋਂ ਪੰਜਾਬੀ ਬੋਲਣ ਵਾਲੇ ਰਾਜ ਦੀ ਮੰਗ ਨੂੰ ਰੱਦ ਕੀਤੇ ਜਾਣ ਨੂੰ "ਤਬਾਹੀ ਦਾ ਫ਼ਰਮਾਨ" ਕਿਹਾ। ਕਮਿਸ਼ਨ

ਵੱਲੋਂ ਆਪਣੀ ਰਿਪੋਰਟ ਦੇਣ ਤੋਂ ਪਹਿਲਾਂ ਹੀ ਸਿੱਖ ਨੇਤਾ ਨੇ ਅੰਦੋਲਨ ਛੇੜ ਦਿੱਤਾ। ਹਰ ਸਵੇਰ ਜੱਥੇ (ਇਹ ਨਾਮ ਰਣਜੀਤ ਸਿੰਘ ਦੀ ਫ਼ੌਜ ਵਿੱਚ ਪਲਟਣ ਨੂੰ ਦਿੱਤਾ ਜਾਂਦਾ ਸੀ) ਅਕਾਲ ਤਖ਼ਤ 'ਤੇ ਅਰਦਾਸ ਕਰਨ ਜਾਂਦੇ ਤੇ ਆਸ਼ੀਰਵਾਦ ਪ੍ਰਾਪਤ ਕਰਦੇ। ਫਿਰ ਉਹ ਅਕਾਲ ਤਖ਼ਤ 'ਚੋਂ ਨਾਅਰੇ ਲਾਉਂਦੇ ਬਾਹਰ ਆਉਂਦੇ ਜਿੱਥੇ ਉਹਨਾਂ ਦੀ ਉਡੀਕ ਕਰਦੀ ਪੁਲਸ ਉਹਨਾਂ ਨੂੰ ਗਰਿਫ਼ਤਾਰ ਕਰ ਲੈਂਦੀ। 4 ਜੁਲਾਈ 1955 ਦਾ ਦਿਨ ਸਿੱਖ ਇਤਿਹਾਸ ਵਿੱਚ ਇਸ ਕਰਕੇ ਯਾਦ ਰੱਖਿਆ ਜਾਵੇਗਾ, ਕਿਉਂਕਿ ਪੁਲੀਸ ਨੇ ਸਵਰਨ ਮੰਦਰ ਵੱਲੋਂ ਸੜਕੋਂ ਪਾਰ ਸਰਾਂ ਸਮੂਹ ਵਿੱਚ ਅਕਾਲੀ ਦਲ ਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਦਫ਼ਤਰਾਂ 'ਤੇ ਅਚਾਨਕ ਛਾਪਾ ਮਾਰਿਆ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਪੱਤਰ-ਪਰੇਰਕਾਂ ਨੂੰ ਦੱਸਿਆ ਕਿ ਪੁਲਸ ਨੇ ਦੋਹਾਂ ਸਿੱਖ ਸੰਸਥਾਵਾਂ ਦੇ ਦਫ਼ਤਰਾਂ 'ਤੇ ਛਾਪਾ ਅਕਾਲੀ ਅੰਦੋਲਨ ਨਾਲ ਸਬੰਧਿਤ "ਭਗੌੜਿਆਂ ਤੇ ਘੋਸ਼ਤ ਕੀਤੇ ਹੋਏ ਅਪਰਾਧੀਆਂ ਨੂੰ ਗਰਿਫ਼ਤਾਰ ਕਰਨ ਲਈ ਮਾਰਿਆ।" ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰਾਂ ਅਨੁਸਾਰ, ਇਹ ਦਿਨ ਇਤਿਹਾਸ ਵਿੱਚ ਇਸ ਕਾਰਨ ਵੀ ਯਾਦ ਰੱਖਿਆ ਜਾਵੇਗਾ, ਕਿਉਂਕਿ ਇਸ ਦਿਨ ਪੁਲੀਸ ਨੇ ਅਕਾਲੀ ਹਜੂਮ ਨੂੰ ਤਿੱਤਰ-ਬਿੱਤਰ ਕਰਨ ਲਈ ਅੱਥਰੂ-ਗੈਸ ਦੇ ਗੋਲੇ ਛੱਡ ਕੇ ਸਵਰਨ ਮੰਦਰ ਸਮੂਹ ਦੇ ਕੇਂਦਰ ਵਿੱਚ ਸਰੋਵਰ ਦੇ ਉਦਾਲੇ ਸੰਗਮਰਮਰ ਦੀ ਪਰਿਕਰਮਾ ਨੂੰ ਅਪਵਿੱਤਰ ਕੀਤਾ ਸੀ। ਲਗਭਗ 20 ਸਾਲ ਮਗਰੋਂ ਜਦੋਂ ਭਿੰਡਰਾਂਵਾਲਾ ਤੇ ਉਸ ਦੇ ਪੈਰੋਕਾਰਾਂ ਨੇ ਸਰਾਂ ਸਮੂਹ ਵਿੱਚ ਆਪਣਾ ਮੁੱਖ ਦਫ਼ਤਰ ਕਾਇਮ ਕਰ ਲਿਆ ਤਾਂ ਉਸ ਵੇਲੇ ਸ੍ਰੀਮਤੀ ਗਾਂਧੀ ਦੀ ਸਰਕਾਰ ਨੇ ਉੱਥੇ ਪੁਲੀਸ ਭੇਜਣ ਤੋਂ ਇਸ ਕਾਰਨ ਇਨਕਾਰ ਕਰ ਦਿੱਤਾ ਸੀ ਕਿ ਇਸ ਨਾਲ ਸਿੱਖ ਸੰਵੇਦਨਾ ਨੂੰ ਠੇਸ ਪਹੁੰਚੇਗੀ। ਪ੍ਰੰਤੂ ਇਸ ਪਹਿਲੇ ਅੰਦੋਲਨ ਦਾ ਖ਼ਾਤਮਾ ਅਕਾਲੀਆਂ ਦੀ ਵੱਡੀ ਜਿੱਤ ਨਾਲ ਹੋਇਆ। ਉਹਨਾਂ ਉੱਪਰ ਪੰਜਾਬੀ ਸੂਬੇ ਦੇ ਹੱਕ ਵਿੱਚ ਨਾਅਰੇ ਲਾਉਣ ਦੀ ਪਾਬੰਦੀ ਸਮਾਪਤ ਹੋ ਗਈ। ਪ੍ਰੰਤੂ ਪਰਧਾਨ ਮੰਤਰੀ ਆਪਣੇ ਮੁੱਢਲੇ ਅਸੂਲ 'ਤੇ ਡਟਿਆ ਰਿਹਾ। ਉਹ ਇਸ ਗੱਲ 'ਤੇ ਡਟਿਆ ਰਿਹਾ ਕਿ ਪੰਜਾਬੀ ਸੂਬੇ ਦੀ ਮੰਗ ਫ਼ਿਰਕੂ ਸੀ।

1960 ਵਿੱਚ ਫਿਰ ਮਾਸਟਰ ਤਾਰਾ ਸਿੰਘ ਨੇ ਮਹਿਸੂਸ ਕੀਤਾ ਕਿ ਸਿੱਖ ਪੰਜਾਬੀ ਸੂਬੇ ਦੇ ਸਮਰਥਨ ਵਿੱਚ ਇਕ ਹੋਰ ਅੰਦੋਲਨ ਲਈ ਤਿਆਰ ਸਨ। ਇਸ ਲਈ 24 ਜਨਵਰੀ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੇ 132 ਮੈਂਬਰਾਂ ਨੇ ਅਕਾਲ ਤਖ਼ਤ 'ਤੇ ਸੁਗੰਧ ਲਈ। ਉਹਨਾਂ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਤਨ, ਮਨ ਤੇ ਧਨ ਕੁਰਬਾਨ ਕਰਨ ਦਾ ਵਚਨ ਦਿੱਤਾ। ਇਸ ਵਾਰ ਅੰਦੋਲਨ ਦੇ ਨੇਤਾ ਇਕ ਕਦਮ ਹੋਰ ਅੱਗੇ ਗਏ। ਉਹਨਾਂ ਨੇ ਇਸ ਵਾਰ ਆਪਣਾ ਮੁੱਖ ਦਫ਼ਤਰ ਸਵਰਨ ਮੰਦਰ ਸਮੂਹ ਦੇ ਕੇਂਦਰੀ ਹਿੱਸੇ ਦੇ ਬਾਹਰਵਾਰ ਨਹੀਂ ਸਗੋਂ ਅਕਾਲ ਤਖ਼ਤ 'ਤੇ ਕਾਇਮ ਕਰ ਲਿਆ।

ਇਸ ਬਾਰੇ ਇਕ ਉੱਘੇ ਅਕਾਲੀ ਨੇਤਾ ਅਜੀਤ ਸਿੰਘ ਸਰਹੱਦੀ ਨੇ ਇਸ ਤਰ੍ਹਾਂ ਲਿਖਿਆ :

ਸਰਕਾਰ ਦੇ ਦਮਨਕਾਰੀ ਢੰਗ ਐਸੇ ਸਨ ਕਿ ਪ੍ਰਬੰਧਕਾਂ ਨੂੰ ਲਹਿਰ ਚਲਾਉਣ ਲਈ ਦਰਬਾਰ ਸਾਹਿਬ (ਸਵਰਨ ਮੰਦਰ) ਦੇ ਕੇਂਦਰ ਦੀ ਚੋਣ ਕਰਨੀ ਪਈ ਜਿੱਥੋਂ ਸ੍ਵੈਮ-ਸੇਵਕ ਬਾਹਰ ਆਉਂਦੇ ਤੇ ਗਰਿਫ਼ਤਾਰੀਆਂ ਦਿੰਦੇ। ਨੇਤਾ ਅਕਾਲ ਤਖ਼ਤ ਵਿੱਚ ਸਨ। ਪ੍ਰਬੰਧਕਾਂ

ਦੇ ਇਸ ਫ਼ੈਸਲੇ ਦੀ, ਜਿਸ ਨਾਲ ਦਰਬਾਰ ਸਾਹਿਬ ਨੂੰ ਲੁਕਣਗਾਹ ਤੇ ਮੁਖ ਦਫ਼ਤਰ ਵਜੋਂ ਵਰਤਿਆ ਗਿਆ, ਨੇਕ ਨੀਅਤ ਮਿੱਤਰਾਂ ਨੇ ਵੀ ਗੁਰਦਵਾਰਿਆਂ ਦੀ ਧਾਰਮਕ-ਰਾਜਸੀ ਹੈਸੀਅਤ ਦੀ ਤੇ ਖ਼ਾਸ ਕਰਕੇ ਸਵਰਨ ਮੰਦਰ ਦੀ ਸਿੱਖ ਧਰਮ; ਇਤਿਹਾਸ ਤੇ ਰਵਾਇਤ ਵਿੱਚ ਮਹੱਤਤਾ ਦੇ ਅਨੁਭਵ ਦੇ ਬਾਵਜੂਦ, ਆਲੋਚਨਾ ਕੀਤੀ।

ਪੰਜਾਬੀ ਸੂਬਾ ਅੰਦੋਲਨ ਨੇ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਉੱਪਰ ਕਬਜ਼ਾ ਕਰਨ ਦੀ ਇਕ ਮਿਸਾਲ ਜਾਂ ਪ੍ਰੰਪਰਾ ਦੇ ਦਿੱਤੀ।

ਇਕ ਸਾਲ ਮਗਰੋਂ ਮਾਸਟਰ ਤਾਰਾ ਸਿੰਘ ਨੇ ਦਬਾ ਵਧਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਇਕ ਨਾਟਕੀ ਐਲਾਨ ਕੀਤਾ :

"ਮੈਂ ਮਰਨਾ ਨਹੀਂ ਚਾਹੁੰਦਾ ਪਰ ਮੈਂ ਜਿਉਂਦੇ ਜੀਅ ਸਿੱਖ ਪੰਥ ਨੂੰ ਅਪਮਾਨਤ ਤੇ ਦੂਸਰੇ ਫ਼ਿਰਕਿਆਂ ਵੱਲੋਂ ਭੈੜਾ ਸਲੂਕ ਹੁੰਦਾ ਸਹਿ ਨਹੀਂ ਸਕਦਾ। ਮੈਂ 15 ਅਗਸਤ ਤੋਂ ਮਰਨ ਵਰਤ ਸ਼ੁਰੂ ਕਰਾਂਗਾ ਤੇ ਤਦ ਤੱਕ ਇਹ ਜਾਰੀ ਰੱਖਾਂਗਾ ਜਦ ਤਕ ਪੰਜਾਬੀ ਸੂਬੇ ਦੀ ਮੰਗ ਮੰਨ ਨਹੀਂ ਲਈ ਜਾਂਦੀ।"

ਬਦਕਿਸਮਤੀ ਨਾਲ ਇਹ ਗੱਲ ਸਹੀ ਨਿਕਲੀ ਕਿ ਮਾਸਟਰ ਮਰਨਾ ਨਹੀਂ ਚਾਹੁੰਦਾ ਸੀ। ਨਹਿਰੂ ਉਸ ਦੀ ਧਮਕੀ ਸਾਮ੍ਹਣੇ ਅਡੋਲ ਤੇ ਦ੍ਰਿੜ੍ਹ ਰਿਹਾ ਤੇ 43 ਦਿਨਾਂ ਪਿੱਛੋਂ ਮਾਸਟਰ ਨੇ ਆਪਣਾ ਮਰਨ ਵਰਤ ਛੱਡ ਦਿੱਤਾ। ਅਕਾਲ ਤਖ਼ਤ ਉੱਪਰ ਉਸ ਨੂੰ ਬੁਲਾ ਕੇ ਦੋਸ਼ੀ ਕਰਾਰ ਦਿੱਤਾ ਗਿਆ ਤੇ ਪੰਜ ਦਿਨ ਦੇ ਪਸ਼ਚਾਤਾਪ ਤੇ ਤਪ ਕਰਨ ਦੀ ਤਨਖ਼ਾਹ ਲਾਈ ਗਈ। ਉਸ ਨੂੰ ਬੜੇ ਨੀਵੇਂ ਤੇ ਅਦਨਾ ਕੰਮ ਕਰਨ, ਜਿਵੇਂ ਯਾਤਰੀਆਂ ਦੇ ਜੋੜੇ ਸਾਫ਼ ਕਰਨ ਦੀ ਸਜ਼ਾ ਲਾਈ ਗਈ ਜੋ ਸਵਰਨ ਮੰਦਰ ਦੇ ਦਰਸ਼ਨਾਂ ਨੂੰ ਆਉਂਦੇ ਸਨ। ਰਾਵਲਪਿੰਡੀ ਜ਼ਿਲ੍ਹੇ ਦਾ ਇਹ ਸਕੂਲ ਮਾਸਟਰ, ਜਿਸ ਨੇ ਆਜ਼ਾਦੀ ਲਹਿਰ ਵਿੱਚ ਤੇ ਦੇਸ਼ ਦੀ ਸੁਤੰਤਰਤਾ ਦੇ ਪਹਿਲੇ ਚੌਦ੍ਹਾਂ ਸਾਲਾਂ ਵਿੱਚ ਅਕਾਲੀਆਂ ਦੀ ਅਗਵਾਈ ਕੀਤੀ, ਉਸ ਦਾ ਰਾਜਸੀ ਜੀਵਨ ਕਲੰਕਤ ਹੋ ਗਿਆ। ਆਪਣੇ ਜੀਵਨ ਦੇ ਆਖ਼ਰੀ ਛੇ ਸਾਲਾਂ ਵਿੱਚ ਉਸ ਦੀ ਹੈਸੀਅਤ ਅਕਾਲੀਆਂ ਨਾਲੋਂ ਅੱਡ ਹੋਏ ਇਕ ਛੋਟੇ ਧੜੇ ਦੇ ਨੇਤਾ ਨਾਲੋਂ ਵੱਧ ਨਹੀਂ ਸੀ।

ਅਕਾਲੀ ਦਲ ਦੀ ਅਗਵਾਈ ਮਾਸਟਰ ਤਾਰਾ ਸਿੰਘ ਦੇ ਨਾਇਬ ਸੰਤ ਫ਼ਤਿਹ ਸਿੰਘ ਦੇ ਹੱਥ ਵਿੱਚ ਚਲੀ ਗਈ। ਇਹ ਇਕ ਮਹੱਤਵਪੂਰਨ [illegible] ਸੀ ਕਿਉਂਕਿ ਫ਼ਤਿਹ ਸਿੰਘ ਜੱਟ ਸੀ ਤੇ ਕਿਸਾਨਾਂ ਦੀ ਇਹ ਜੱਟ ਜ਼ਾਤੀ ਪੂਰਬੀ ਪੰਜਾਬ ਵਿੱਚ ਸ਼ਕਤੀਸ਼ਾਲੀ ਸੀ। ਉਸ ਦੀ ਜਾਨਸ਼ੀਨੀ ਨੇ ਉਸ ਪ੍ਰਕਿਰਿਆ 'ਤੇ ਮੁਹਰ ਲਾ ਦਿੱਤੀ ਜਿਹੜਾ ਸੁਤੰਤਰਤਾ ਨਾਲ ਸ਼ੁਰੂ ਹੋਇਆ ਸੀ, ਜਿਸ ਨਾਲ ਹੌਲੀ-ਹੌਲੀ ਜੱਟ ਅਕਾਲੀ ਅਗਵਾਨੀ ਵਿੱਚ ਹਾਵੀ ਹੋ ਗਏ। ਗੁਰੂ ਸਾਹਿਬਾਨ ਦੇ ਸਮਿਆਂ ਵਿੱਚ ਭਾਰੀ ਗਿਣਤੀ ਵਿੱਚ ਜੱਟ ਧਰਮ ਬਦਲ ਕੇ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ ਸਨ। ਉਹ ਰਣਜੀਤ ਸਿੰਘ ਦੀ ਫ਼ੌਜ ਦੀ ਤੇ ਮਗਰੋਂ ਬਰਤਾਨਵੀ ਭਾਰਤੀ ਫ਼ੌਜ ਵਿੱਚ ਸਿੱਖ ਫ਼ੌਜਾਂ ਦੀ ਰੀੜ੍ਹ ਦੀ ਹੱਡੀ ਸਨ, ਪ੍ਰੰਤੂ ਆਜ਼ਾਦੀ ਤੱਕ ਉਹ ਉਹਨਾਂ ਵਪਾਰੀ ਸਿੱਖਾਂ ਦੇ ਸਹਿਯੋਗੀ ਤੇ ਉਪਯੋਗੀ ਹੀ ਬਣੇ ਰਹੇ ਜਿਹਨਾਂ ਵਿੱਚੋਂ ਵਧੇਰੇ ਪੱਛਮੀ ਪੰਜਾਬ ਤੋਂ ਸਨ। ਸੰਤ ਫਤਿਹ ਸਿੰਘ ਦੀ ਅਗਵਾਈ ਵਿੱਚ ਜੱਟ ਸਿੱਖ ਆਪ ਸ਼ਕਤੀ ਦੇ ਮਾਲਕ ਬਣੇ ਤੇ ਅਕਾਲੀ ਦਲ ਮੁੱਖ ਤੌਰ

'ਤੇ ਪੰਜਾਬ ਦੇ ਕਿਸਾਨਾਂ ਭਾਵ ਜੱਟਾਂ ਦੇ ਹਿੱਤਾਂ ਦੀ ਪ੍ਰਤੀਨਿੱਧ ਰਖਵਾਲੀ ਪਾਰਟੀ ਬਣ ਗਿਆ।

ਨਹਿਰੂ ਆਪਣੀ ਮੌਤ ਤੱਕ ਭਾਵ 1964 ਤੱਕ ਪੰਜਾਬੀ ਸੂਬੇ ਦਾ ਦ੍ਰਿੜਤਾ ਨਾਲ ਵਿਰੋਧ ਕਰਦਾ ਰਿਹਾ ਪਰ 1966 ਈਸਵੀ ਵਿੱਚ ਉਸ ਦੀ ਬੇਟੀ ਇੰਦਰਾ ਗਾਂਧੀ ਪੰਜਾਬੀ ਬੋਲਦੇ ਰਾਜ ਦੀ ਸਥਾਪਨਾ ਲਈ ਸਹਿਮਤ ਹੋ ਗਈ। ਫ਼ਤਿਹ ਸਿੰਘ ਨੇ ਇਹ ਸਪੱਸ਼ਟ ਕਰਕੇ ਉਹਦੀ ਸਹਾਇਤਾ ਕੀਤੀ ਕਿ ਉਹ ਸਿੱਖ ਰਾਜ ਦਾ ਨਹੀਂ ਸਗੋਂ ਭਾਸ਼ਾਈ ਆਧਾਰ 'ਤੇ ਸੂਬੇ ਦਾ ਹਿਮਾਇਤੀ ਹੈ। ਨਿਰਸੰਦੇਹ ਸ੍ਰੀਮਤੀ ਗਾਂਧੀ ਪਾਕਿਸਤਾਨ ਵਿਰੁੱਧ 1965 ਦੀ ਲੜਾਈ ਵਿੱਚ ਸਿੱਖ ਫ਼ੌਜਾਂ ਦੀ ਅਤੇ ਪੰਜਾਬ ਦੇ ਸਰਹੱਦੀ ਇਲਾਕੇ ਦੀ ਪੇਂਡੂ ਸਿੱਖ ਵੱਸੋਂ ਦੀ ਬੀਰਤਾ ਤੋਂ ਬਹੁਤ ਪ੍ਰਭਾਵਿਤ ਸੀ। 1965 ਦੀ ਜੰਗ-ਬੰਦੀ ਪਿੱਛੋਂ ਪੰਜਾਬ ਦੇ ਰਾਜਪਾਲ ਨੇ ਜੋ ਕਿ ਕੇਂਦਰੀ ਸਰਕਾਰ ਦਾ ਪ੍ਰਤਿਨਿਧ ਸੀ, ਪੰਜਾਬ ਵਿਧਾਨ ਸਭਾ ਵਿੱਚ ਸੰਬੋਧਨ ਕਰਦਿਆਂ ਕਿਹਾ : "ਜਦਕਿ ਸਾਡੀ ਰੱਖਿਆ ਸੈਨਾ ਨੇ ਬਹਾਦਰੀ, ਹੌਸਲੇ ਤੇ ਕੁਰਬਾਨੀ ਦੇ ਅਨੇਕ ਕਾਰਨਾਮਿਆਂ ਨਾਲ ਫ਼ੌਜ ਦਾ ਗੌਰਵ ਵਧਾਇਆ ਹੈ, ਉੱਥੇ ਪੰਜਾਬੀ ਕਾਸ਼ਤਕਾਰਾਂ, ਵਪਾਰੀਆਂ, ਕਾਮਿਆਂ ਤੇ ਏਥੋਂ ਤੱਕ ਕਿ ਇਸਤਰੀਆਂ ਨੇ ਵੀ ਆਪਣੀ ਸੂਝ-ਬੂਝ, ਧੀਰਜ, ਉੱਦਮ ਦੇ ਅਦੁੱਤੀ ਗੁਣਾਂ ਦਾ ਪਰਦਰਸ਼ਨ ਕੀਤਾ ਤੇ ਅਨੇਕ ਤਰ੍ਹਾਂ ਨਾਲ ਪੁਲਸ ਤੇ ਫ਼ੌਜ ਨੂੰ ਬਹੁ-ਮੁੱਲੀ ਸਹਾਇਤਾ ਦਿੱਤੀ ਤੇ ਹਰ ਵਰਗ ਦੇ ਸਰਕਾਰੀ ਕਰਮਚਾਰੀਆਂ ਨੇ ਆਪਣੀ ਸ਼ਾਨਦਾਰ ਭੂਮਿਕਾ ਨਿਭਾਈ। ਜੋ ਭੂਮਿਕਾ, ਜੋਸ਼, ਉੱਦਮ ਤੇ ਹੌਸਲਾ ਸਾਡੇ ਟਰੱਕ ਚਾਲਕਾਂ, ਕੰਡੱਕਟਰਾਂ ਨੇ ਹਰ ਮੁਸ਼ਕਲ ਵਿੱਚ ਫ਼ੌਜ, ਪੁਲਸ ਤੇ ਹੋਮ ਗਾਰਡਾਂ ਨੂੰ ਦੁਸ਼ਮਣ ਨਾਲ ਲੜਾਈ ਵਿੱਚ ਤੇ ਛਾਤਾਮਾਰਾਂ ਨੂੰ ਪਕੜਨ ਵਿੱਚ ਸਹਾਇਤਾ ਦੇ ਕੇ ਨਿਭਾਹੀ, ਉਹ ਸੱਚਮੁੱਚ ਹੀ ਪ੍ਰਸ਼ੰਸਾਯੋਗ ਸੀ।" ਲਗਭਗ ਸਾਰੇ ਹੀ ਟਰੱਕ ਡਰਾਈਵਰ ਸਿੱਖ ਹੀ ਸਨ।

ਸ਼੍ਰੀਮਤੀ ਗਾਂਧੀ ਇਕ ਚਤਰ ਤੇ ਸੂਝਵਾਨ ਸਿਆਸਤਦਾਨ ਸੀ ਤੇ ਉਸ ਨੇ ਅਕਾਲੀਆਂ ਨੂੰ ਨਿਰਸੰਦੇਹ ਉਸ ਲੜਾਈ ਵਿੱਚ ਸ਼ਕਤੀਸ਼ਾਲੀ ਹਿਮਾਇਤੀਆਂ ਵਜੋਂ ਵਰਤਿਆ ਜਿਹੜੀ ਉਹ ਕਾਂਗਰਸ ਪਾਰਟੀ ਦੇ ਮੁਖੀਆਂ ਨਾਲ ਲੜ ਰਹੀ ਸੀ ਤੇ ਜਿਹੜੀ ਉਸ ਨੂੰ ਪਿਤਾ ਵੱਲੋਂ ਵਿਰਸੇ ਵਿੱਚ ਮਿਲੀ ਸੀ। ਸ੍ਰੀਮਤੀ ਗਾਂਧੀ ਨੇ ਆਪਣੇ ਪਿਤਾ ਦੀ ਮੌਤ ਤੋਂ ਸਿਰਫ਼ 20 ਮਹੀਨੇ ਮਗਰੋਂ ਹੀ ਹਕੂਮਤ ਦੀ ਵਾਗਡੋਰ ਸੰਭਾਲੀ। ਉਹ ਤਾਕਤ ਵਿੱਚ ਆਮ ਲੋਕਾਂ ਦੀ ਇੱਛਾ ਨਾਲ ਨਹੀਂ ਸਗੋਂ 'ਸਿੰਡੀਕੇਟ' ਵਜੋਂ ਜਾਣੇ ਜਾਂਦੇ ਸਿਆਸਤਦਾਨਾਂ ਤੇ ਬਜ਼ੁਰਗ ਨੇਤਾਵਾਂ ਦੇ ਦਲ ਦੀ ਇੱਛਾ ਕਾਰਨ ਆਈ ਸੀ ਜੋ ਉਸ ਦੇ ਪਿਤਾ ਦੇ ਪ੍ਰਧਾਨ ਮੰਤਰੀ ਵੇਲੇ ਦੇ ਦਿਨਾਂ ਤੋਂ ਹੀ ਆਪਣੇ-ਆਪਣੇ ਰਾਜਾਂ ਦੀ ਰਾਜਨੀਤੀ ਵਿੱਚ ਹਾਵੀ ਸਨ। ਜਦੋਂ ਨਹਿਰੂ ਦਾ ਉੱਤਰਾਧਿਕਾਰੀ, ਲਾਲ ਬਹਾਦਰ ਸ਼ਾਸਤਰੀ ਤਾਸ਼ਕੰਦ ਵਿੱਚ ਮਰ ਗਿਆ ਜਿੱਥੇ ਸੋਵੀਅਤ ਸੰਘ ਨੇ ਭਾਰਤ ਤੇ ਪਾਕਿਸਤਾਨ ਵਿੱਚ ਸਫਲਤਾਪੂਰਵਕ ਸਮਝੌਤਾ ਕਰਵਾਇਆ ਤੇ 1965 ਦੀ ਜੰਗ ਨੂੰ ਰਸਮੀ ਤੌਰ 'ਤੇ ਖ਼ਤਮ ਕਰਾਉਣ ਲਈ ਉਹਨਾਂ ਨੂੰ ਮਨਾਇਆ ਤਾਂ ਉਸ ਵੇਲੇ 'ਸਿੰਡੀਕੇਟ' ਇਸ ਲਈ ਸਹਿਮਤ ਨਾ ਹੋ ਸਕਿਆ ਕਿ ਉਹਨਾਂ ਵਿੱਚੋਂ ਕੌਣ ਪਰਧਾਨ ਮੰਤਰੀ ਬਣੇ ? ਉਹ ਸਾਰੇ ਨਹਿਰੂ ਦੀ ਬੇਟੀ ਬਾਰੇ ਸਹਿਮਤ ਹੋ ਗਏ ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਉਹ ਅਨੁਭਵਹੀਣ ਤੇ ਅਨਾੜੀ ਹੋਣ ਕਾਰਨ ਉਹਨਾਂ ਦੇ ਹੱਥਾਂ ਵਿੱਚ ਕਠਪੁਤਲੀ ਬਣ ਕੇ ਨੱਚੇਗੀ, ਪ੍ਰੰਤੂ ਉਹ

ਇੰਦਰਾ ਗਾਂਧੀ ਨੂੰ ਸਮਝਣ ਵਿੱਚ ਭੁਲੇਖਾ ਖਾ ਗਏ। ਉਸ ਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਜੇ ਉਸ ਨੇ ਆਪਣੀ ਪਦਵੀ 'ਤੇ ਟਿਕੇ ਰਹਿਣਾ ਹੈ ਤਾਂ ਉਸ ਨੂੰ ਰਾਜਾਂ ਵਿੱਚੋਂ ਪਾਰਟੀ ਦੀ ਵਾਗਡੋਰ ਸਿੰਡੀਕੇਟ ਦੇ ਮੈਂਬਰਾਂ ਹੱਥੋਂ ਖੋਹਣੀ ਪਵੇਗੀ। ਇਸ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਉਸ ਨੂੰ ਹਰ ਪਾਸੇ ਤੋਂ ਮਿੱਤਰਾਂ ਦੀ ਜ਼ਰੂਰਤ ਸੀ।

ਪੰਜਾਬ ਸਮਝੌਤੇ ਅਨੁਸਾਰ, ਪੰਜਾਬ ਦੇ ਹਿੰਦੀ ਬੋਲਦੇ ਇਲਾਕੇ ਜੋ ਦਿੱਲੀ ਦੀ ਹੱਦ ਤੱਕ ਫੈਲੇ ਹੋਏ ਸਨ, ਹਰਿਆਣਾ ਦੇ ਨਵੇਂ ਰਾਜ ਵਿੱਚ ਸ਼ਾਮਲ ਹੋ ਗਏ। ਹਿਮਾਲਾ ਦੇ ਪਰਬਤੀ ਇਲਾਕਿਆਂ ਨੂੰ ਹਿਮਾਚਲ ਪਰਦੇਸ਼ ਦੇ ਨਵੇਂ ਰਾਜ ਦਾ ਰੂਪ ਦੇ ਦਿੱਤਾ ਗਿਆ ਤੇ ਬਾਕੀ ਦੇ ਹਿੱਸੇ ਨੂੰ 'ਪੰਜਾਬ' ਦਾ ਨਾਮ ਦੇ ਦਿੱਤਾ ਗਿਆ। ਪੰਜਾਬ ਵਿੱਚ ਸਿੱਖਾਂ ਦੀ ਥੋੜ੍ਹੀ ਜਿਹੀ, ਲਗਭਗ 56%, ਬਹੁਗਿਣਤੀ ਸੀ ਪ੍ਰੰਤੂ ਇਸ ਵੰਡ ਦਾ ਆਧਾਰ ਧਰਮ ਨਹੀਂ, ਭਾਸ਼ਾ ਸੀ। ਸੰਤ ਫ਼ਤਿਹ ਸਿੰਘ ਖ਼ੁਸ਼ੀ ਵਿੱਚ ਫੁੱਲਿਆ ਨਹੀਂ ਸਮਾਉਂਦਾ ਸੀ। ਉਹ ਇਕ ਛੜਾ ਵਿਅਕਤੀ ਸੀ ਤੇ ਉਸ ਨੇ ਆਪਣੇ ਪੇਂਡੂ ਮਜ਼ਾਕ ਵਿੱਚ ਐਲਾਨ ਕੀਤਾ, "ਮੇਰੇ ਘਰ ਇਕ ਸੁੰਦਰ ਬਾਲਕ ਜੰਮ ਪਿਆ ਹੈ।"

ਪ੍ਰੰਤੂ ਪੰਜਾਬੀ ਸੂਬਾ ਅਕਾਲੀਆਂ ਲਈ ਖੋਖਲੀ ਜਿੱਤ ਸਿੱਧ ਹੋਇਆ। ਕਿਉਂਕਿ ਸਿੱਖ ਵੋਟਾਂ ਵੰਡੀਆਂ ਜਾਂਦੀਆਂ ਸਨ, ਉਹ ਇਸ ਕਾਰਨ ਵੀ ਪੰਜਾਬ ਵਿੱਚ ਸੁਭਾਵਕ ਹੀ ਹਾਕਮ ਪਾਰਟੀ ਬਣਨ ਦੀ ਉਮੀਦ ਨਹੀਂ ਕਰ ਸਕਦੇ ਸਨ। ਉਹਨਾਂ ਦੇ ਸਰਕਾਰ ਬਣਾ ਸਕਣ ਦਾ ਇਕੋ ਇਕ ਰਸਤਾ ਇਹੋ ਸੀ ਕਿ ਹਿੰਦੂਆਂ ਦੀ ਪਾਰਟੀ ਜਨ ਸੰਘ ਨਾਲ ਗਠਜੋੜ ਕਰਨ। 1967 ਤੇ 1969 ਦੀਆਂ ਚੋਣਾਂ ਪਿੱਛੋਂ ਇਸ ਤਰ੍ਹਾਂ ਕਰਨ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਗਠਜੋੜ ਸਰਕਾਰਾਂ ਬੁਰੀ ਤਰ੍ਹਾਂ ਅਸਥਿਰ ਸਿੱਧ ਹੋਈਆਂ। ਇਸ ਤਰ੍ਹਾਂ ਅਕਾਲੀਆਂ ਨੂੰ ਭਾਵੇਂ ਆਪਣੀ "ਮਾਤ-ਭੂਮੀ" ਤਾਂ ਮਿਲ ਗਈ, ਪਰ ਉਹ ਇਸ 'ਤੇ ਰਾਜ ਨਾ ਕਰ ਸਕੇ। ਆਪਣੀ ਸ਼ਕਤੀ ਨੂੰ, ਸਰਕਾਰ ਤੋਂ ਬਾਹਰ ਰਹਿਣ ਸਮੇਂ, ਕਾਇਮ ਤੇ ਇਕ ਜੁੱਟ ਰੱਖਣ ਲਈ ਉਹਨਾਂ ਨੇ ਅੰਦੋਲਨਕਾਰੀ ਸਿਆਸਤ ਰਾਹੀਂ ਸਿੱਖਾਂ ਵਿੱਚ ਔਕੜਾਂ ਤੇ ਗਿਲਿਆਂ ਸ਼ਿਕਵਿਆਂ ਦਾ ਜਜ਼ਬਾ ਮੁੜ ਸੁਰਜੀਤ ਕਰ ਦਿੱਤਾ। ਪੰਜਾਬੀ ਸੂਬੇ ਦੇ ਮਾਮਲੇ 'ਤੇ ਜਿੱਤ ਪ੍ਰਾਪਤ ਕਰਨ ਮਗਰੋਂ ਵੀ ਅਕਾਲੀਆਂ ਨੇ ਸਦਾ ਹੀ ਆਪਣੇ ਲਈ ਰਾਹ ਖੁੱਲ੍ਹਾ ਰੱਖਿਆ। ਪੰਜਾਬ ਸਮਝੌਤੇ ਦੇ ਕੁਝ ਮਹੀਨਿਆਂ ਵਿੱਚ ਹੀ ਸੰਤ ਫ਼ਤਿਹ ਸਿੰਘ ਨੇ ਸ੍ਰੀਮਤੀ ਗਾਂਧੀ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਦੀ ਮੰਗ ਮਨਾਉਣ ਲਈ ਮਜਬੂਰ ਕਰਨ ਵਾਸਤੇ ਮਰਨ ਵਰਤ ਸ਼ੁਰੂ ਕਰ ਦਿੱਤਾ।

ਵੰਡ ਪਿੱਛੋਂ ਨਹਿਰੂ ਨੇ ਅਣਵੰਡੇ ਪੰਜਾਬ ਦੇ ਸਭ ਤੋਂ ਦੂਸਰੇ ਵੱਡੇ ਸ਼ਹਿਰ ਅੰਮ੍ਰਿਤਸਰ ਨੂੰ ਇਹ ਕਹਿ ਕੇ ਭਾਰਤੀ ਰਿਆਸਤ ਦੀ ਰਾਜਧਾਨੀ ਨਾ ਬਣਾਇਆ ਕਿਉਂਕਿ ਇਹ ਪਾਕਿਸਤਾਨ ਦੀ ਸਰਹੱਦ ਦੇ ਬਹੁਤ ਨੇੜੇ ਸੀ, ਇਸ ਨਾਲ ਸਿੱਖਾਂ ਵਿੱਚ ਨਿਰਾਸਤਾ ਤੇ ਖਿੱਝ ਆ ਗਈ। ਪਾਕਿਸਤਾਨ ਨੂੰ ਲਾਹੌਰ ਬਾਰੇ ਅਜਿਹਾ ਕੋਈ ਡਰ ਨਹੀਂ ਸੀ ਜੋ ਸਰਹੱਦ ਦੇ ਅੰਮ੍ਰਿਤਸਰ ਦੇ ਮੁਕਾਬਲੇ ਜ਼ਿਆਦਾ ਨੇੜੇ ਸੀ ਤੇ ਉਹ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ ਬਣਿਆ ਰਿਹਾ। ਨਹਿਰੂ ਨੇ ਫ਼ੈਸਲਾ ਕੀਤਾ ਕਿ ਸੀਮਾ ਤੋਂ ਕਾਫ਼ੀ ਦੂਰ ਪੰਜਾਬ ਦੀ ਰਾਜਧਾਨੀ ਵਜੋਂ ਇਕ ਨਵਾਂ ਸ਼ਹਿਰ ਚੰਡੀਗੜ੍ਹ ਬਣਾਇਆ ਜਾਵੇ। ਨਵਾਂ ਸ਼ਹਿਰ ਇਕ ਬਣਾਵਟੀ ਝੀਲ ਦੇ ਕਿਨਾਰੇ ਉੱਪਰ ਸ਼ਿਮਲੇ ਦੀਆਂ ਪਹਾੜੀਆਂ ਦੇ ਨਜ਼ਾਰੇ ਦੇ ਨਜ਼ਦੀਕ ਵਸਾਇਆ ਜਾਵੇ। ਇਸ ਦਾ ਰਚਣਹਾਰਾ ਲਾ ਕਾਰਬੂਜ਼ੇ ਸੀ ਤੇ ਉਸ ਨੇ ਨਵਾਂ

ਸ਼ਹਿਰ ਕਾਟਵੇਂ ਝਾਰਨੀਦਾਰ ਸਾਂਚੇ ਅਨੁਸਾਰ ਨਿਰਮਤ ਕੀਤਾ। ਇਸ ਦੇ ਪਰਬੰਧਕੀ ਭਵਨ ਅਮਰੀਕਨ ਨੌਰਮਾ ਐਵਨਸਨ ਦੇ ਸ਼ਬਦਾਂ ਵਿੱਚ ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਵਿੱਚ ਲਾ ਕਾਰਬੂਜ਼ੇ ਦੇ ਸਰਵੋਤਮ ਕਾਰਜਾਂ ਵਿੱਚੋਂ ਇਕ ਹਨ :—

"ਸ਼ਹਿਰ ਦਾ ਸਭ ਤੋਂ ਸਫਲ ਪੱਖ ਲਾ ਕਾਰਬੂਜ਼ੇ ਵੱਲੋਂ ਬਣਾਏ ਗਏ ਅਸਚਰਜ ਕਰਨ ਵਾਲੇ ਸਰਕਾਰੀ ਭਵਨ ਸਮੂਹ ਵਿੱਚ ਵੇਖਿਆ ਜਾ ਸਕਦਾ ਹੈ, ਕਿਉਂਕਿ ਇਸ ਨਾਲ ਚੰਡੀਗੜ੍ਹ ਬਾਵਜੂਦ ਔਗੁਣਾਂ ਦੇ, ਆਧੁਨਕ ਯੁੱਗ ਨੂੰ ਭਵਨ ਨਿਰਮਾਣ ਕਲਾ ਦੀ ਰਚਨਾ ਵਿੱਚ ਸ਼ਕਤੀਸ਼ਾਲੀ ਸੰਕਲਪ ਦਿੰਦਾ ਪ੍ਰਤੀਤ ਹੁੰਦਾ ਹੈ। ਸ਼ਾਇਦ ਇਸ ਨੇ ਹੀ ਚੰਡੀਗੜ੍ਹ ਨੂੰ ਅੰਤਰ ਰਾਸ਼ਟਰੀ ਪ੍ਰਸਿੱਧੀ ਦਿੱਤੀ ਹੈ ਤੇ ਇਹ ਲਾ ਕਾਰਬੂਜ਼ੇ ਦੇ ਪ੍ਰਸ਼ੰਸਕਾਂ ਲਈ ਸੱਚਮੁੱਚ ਹੀ ਯਾਤਰਾ ਅਸਥਾਨ ਜਾਂ ਤੀਰਥ ਬਣ ਗਿਆ ਹੈ।

ਇਸ ਤਰ੍ਹਾਂ ਚੰਡੀਗੜ੍ਹ ਇਕ ਅਮੋਲਕ ਵਸਤੂ ਸੀ ਤੇ ਸ੍ਰੀਮਤੀ ਗਾਂਧੀ ਇਸ ਨੂੰ ਹਰਿਆਣਾ ਜਾਂ ਪੰਜਾਬ ਨੂੰ ਸੌਂਪਣ ਦੇ ਔਖੇ ਫ਼ੈਸਲੇ ਤੋਂ ਕੰਨੀ ਕਤਰਾਉਂਦੀ ਰਹੀ। ਇਹ ਕਿਹਾ ਗਿਆ ਕਿ ਆਰਜ਼ੀ ਤੌਰ 'ਤੇ ਇਸ ਦਾ ਪ੍ਰਬੰਧ ਕੇਂਦਰੀ ਸਰਕਾਰ ਵੱਲੋਂ ਕੀਤਾ ਜਾਵੇਗਾ ਪਰ ਨਾਲ ਹੀ ਏਥੇ ਪੰਜਾਬ ਤੇ ਹਰਿਆਣਾ ਸਰਕਾਰਾਂ ਦੇ ਸਕੱਤਰੇਤ ਤੇ ਵਿਧਾਨ ਸਭਾਵਾਂ ਵੀ ਟਿਕੀਆਂ ਰਹਿਣਗੀਆਂ। ਇਹ ਇਕ ਗੜਬੜੀ ਵਾਲਾ ਭੈੜਾ ਸਮਾਧਾਨ ਸੀ, ਜੇਕਰ ਇਹ ਸਮਾਧਾਨ ਵੀ ਮੰਨਿਆ ਜਾਵੇ।

ਸੰਤ ਫ਼ਤਿਹ ਸਿੰਘ ਨੇ ਆਪਣਾ ਪਹਿਲਾ ਮਰਨ ਵਰਤ ਬਿਨਾਂ ਕੁਝ ਪ੍ਰਾਪਤ ਕੀਤੇ ਹੀ ਤੋੜ ਦਿੱਤਾ। ਫਿਰ 1969 ਵਿੱਚ ਸੰਤ ਨੂੰ ਸੱਚਮੁੱਚ ਹੀ ਇਕ ਉੱਘੇ ਗ਼ੈਰ ਅਕਾਲੀ ਸਿਆਸਤਦਾਨ ਦਰਸ਼ਨ ਸਿੰਘ ਫੇਰੂਮਾਨ ਨੇ ਆਪਣੇ ਜਿਗਰੇ ਨਾਲ ਵੰਗਾਰ ਪਾ ਦਿੱਤੀ। ਉਸ ਨੇ ਚੰਡੀਗੜ੍ਹ ਲਈ ਸੱਚਮੁੱਚ ਹੀ ਮਰਨ ਵਰਤ ਰੱਖ ਕੇ ਜਾਨ ਦੇ ਦਿੱਤੀ। ਮਾਤ ਖਾਣ ਤੋਂ ਬਚਣ ਲਈ ਸੰਤ ਨੇ ਵੀ ਐਲਾਨ ਕਰ ਦਿੱਤਾ ਕਿ ਜੇ ਸ੍ਰੀਮਤੀ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫ਼ੈਸਲਾ ਨਾ ਕੀਤਾ ਤਾਂ ਉਹ ਅਗਨ-ਦਾਹ ਕਰ ਲਏਗਾ। ਅਕਾਲ ਤਖ਼ਤ ਦੇ ਨੇੜਲੀ ਇਕ ਇਮਾਰਤ ਵਿੱਚ ਪੰਜ ਫੁੱਟ ਵਿਆਸ ਦੀ ਭੱਠੀ ਬਣਾਈ ਗਈ। ਅਕਾਲੀ ਦਲ ਦੇ ਨੇਤਾ ਨੂੰ ਬੰਨ੍ਹ ਕੇ ਰੱਖਣ ਲਈ ਲੋਹੇ ਦੇ ਸੰਗਲ ਮੰਗਵਾ ਕੇ ਰੱਖੇ ਗਏ ਤਾਂ ਜੋ ਅੱਗ ਦੇ ਭਾਂਬੜਾਂ ਤੋਂ ਡਰ ਕੇ ਉਹ ਨੱਠ ਨਾ ਜਾਏ ਤੇ ਉਹਨਾਂ ਭਾਂਬੜਾਂ ਨੂੰ ਪਰਚੰਡ ਕਰਨ ਲਈ ਮਿੱਟੀ ਦੇ ਤੇਲ ਤੇ ਪੈਟਰੋਲ ਦੇ ਪੀਪੇ (ਕਨਸਤਰ) ਜਮ੍ਹਾਂ ਕਰਕੇ ਰੱਖੇ ਗਏ, ਪ੍ਰੰਤੂ ਸੰਤ ਦੇ ਆਖ਼ਰੀ ਕਦਮ ਉਠਾਉਣ ਤੋਂ ਪਹਿਲਾਂ ਹੀ ਸ੍ਰੀਮਤੀ ਗਾਂਧੀ ਨੇ ਦਖ਼ਲ ਦਿੱਤਾ ਤੇ ਐਲਾਨ ਕਰ ਦਿੱਤਾ ਕਿ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇਗਾ। ਉਸ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਜਾਬ ਹਰਿਆਣੇ ਨੂੰ ਅਬੋਹਰ ਤੇ ਫ਼ਾਜ਼ਲਕਾ ਦੀਆਂ ਦੋ ਤਹਿਸੀਲਾਂ ਦੇਵੇਗਾ। ਇਹ ਨਿਰਣਾ ਵੀ ਮੰਦਭਾਗਾ ਤੇ ਗੜਬੜੀ ਵਾਲਾ ਸੀ। ਹਰਿਆਣੇ ਨੂੰ ਇਹ ਦੋ ਤਹਿਸੀਲਾਂ—ਮਾਲ ਵਿਭਾਗ ਦੀ ਭਾਰਤ ਵਿੱਚ ਸਭ ਤੋਂ ਛੋਟੀ ਇਕਾਈ ਦੇਣ ਦੀ ਉਚਿਤਤਾ ਇਹੋ ਸੀ ਕਿ ਉਹ ਹਿੰਦੂ ਬਹੁ-ਗਿਣਤੀ ਖੇਤਰ ਸਨ। ਉਹ ਹਿੰਦੀ ਬੋਲਦੇ ਨਹੀਂ ਸਗੋਂ ਪੰਜਾਬੀ ਬੋਲਦੇ ਇਲਾਕੇ ਸਨ।

ਇਸ ਤਰ੍ਹਾਂ ਇਹ ਫ਼ੈਸਲਾ ਪੰਡਤ ਨਹਿਰੂ ਦੇ ਉਸ ਆਧਾਰ ਦੀ ਭਾਵਨਾ ਦੇ ਵਿਰੁੱਧ ਸੀ ਕਿ ਰਾਜ ਦੀਆਂ ਹੱਦਾਂ ਵਿੱਚ ਧਾਰਮਕ ਆਧਾਰ 'ਤੇ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਇਹ ਨਿਰਣਾ ਕਦੇ ਲਾਗੂ ਨਾ ਕੀਤਾ ਗਿਆ ਤੇ ਚੰਡੀਗੜ੍ਹ ਦੇ ਸੁਆਲ 'ਤੇ ਹੀ

ਨੀਲਾ ਤਾਰਾ ਸਾਕਾ ਤੋਂ ਕੁਝ ਚਿਰ ਪਹਿਲਾਂ ਹੀ ਆਖ਼ਰਕਾਰ ਸਮਝੌਤੇ ਲਈ ਗੱਲਬਾਤ ਅਸਫਲ ਹੋ ਗਈ।

ਚੰਡੀਗੜ੍ਹ ਸਮਝੌਤੇ ਦੇ ਅਮਲ-ਰਹਿਤ ਸਾਲ ਅਕਾਲੀ ਦਲ ਲਈ ਬੜੀ ਨਿਰਾਸਤਾ ਭਰੇ ਸਨ। ਸ੍ਰੀਮਤੀ ਗਾਂਧੀ ਦੀ ਸਰਵ-ਪ੍ਰੀਅਤਾ ਤੇ ਸ਼ਕਤੀ 1971 ਦੀ ਬੰਗਲਾ ਦੇਸ਼ ਦੀ ਸੁਤੰਤਰਤਾ ਤੇ ਪਾਕਿਸਤਾਨੀ ਫ਼ੌਜ ਦੀ ਹਾਰ ਪਿੱਛੋਂ ਸਿਖਰ 'ਤੇ ਸੀ। 1972 ਵਿੱਚ ਉਹ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ ਵੀ ਜੇਤੂ ਰਹੀ। ਉਸ ਦੇ ਪਿਤਾ ਦੇ ਰਾਜ ਵੇਲੇ ਦੇ ਪਾਰਟੀ ਮੁਖੀ ਜ਼ਲੀਲ ਕੀਤੇ ਜਾ ਚੁੱਕੇ ਸਨ ਤੇ ਵਿਰੋਧੀ ਦਲ, ਸਮੇਤ ਅਕਾਲੀ ਦਲ ਦੇ, ਖਦੇੜ ਦਿੱਤੇ ਗਏ ਸਨ। ਅਕਾਲੀਆਂ ਲਈ ਹਾਲਾਤ ਹੋਰ ਵਿਗਾੜਨ ਲਈ ਸ਼੍ਰੀਮਤੀ ਗਾਂਧੀ ਦੀ ਪਾਰਟੀ ਦੇ ਪੰਜਾਬ ਵਿੱਚ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ (ਜਿਸ ਨੇ ਮਗਰੋਂ ਭਿੰਡਰਾਂਵਾਲਾ ਕਾਂਡ ਵਿੱਚ ਉੱਘੀ ਭੂਮਿਕਾ ਨਿਭਾਹੀ ਤੇ ਜੋ ਭਾਰਤ ਦਾ ਪਹਿਲਾ ਸਿੱਖ ਰਾਸ਼ਟਰਪਤੀ ਬਣਿਆ) ਸਿੱਖਾਂ ਦੇ ਧਾਰਮਕ ਜਜ਼ਬਾਤ ਨੂੰ ਸੰਤੁਸ਼ਟ ਕਰਕੇ ਅਕਾਲੀਆਂ ਦੀ ਹਵਾ ਕੱਢ ਦਿੱਤੀ। ਉਹ ਇਸ ਹੱਦ ਤੱਕ ਚਲਾ ਗਿਆ ਕਿ ਉਸ ਦੀ ਪਾਰਟੀ ਦੇ ਕਈ ਨੇਤਾਵਾਂ ਨੇ ਪੰਜਾਬ ਸਰਕਾਰ ਨੂੰ ਫ਼ਿਰਕੂ ਕਹਿ ਕੇ ਸ੍ਰੀਮਤੀ ਗਾਂਧੀ ਕੋਲ ਸ਼ਕਾਇਤਾਂ ਕੀਤੀਆਂ।

ਆਪਣੀ ਸਥਿਤੀ ਦੀ ਸੁਰੱਖਿਆ ਲਈ ਅਕਾਲੀ ਦਲ ਨੇ ਆਪਣੀਆਂ ਸ਼ਕਾਇਤਾਂ ਦੀ ਸੂਚੀ ਤਿਆਰ ਕਰਨ ਦਾ ਫ਼ੈਸਲਾ ਕੀਤਾ ਜਿਸ ਨਾਲ ਉਹਨਾਂ ਨੂੰ ਉਮੀਦ ਸੀ ਕਿ ਸਿੱਖਾਂ ਨੂੰ ਇਹ ਵਿਸ਼ਵਾਸ ਹੋ ਜਾਵੇਗਾ ਕਿ ਜ਼ੈਲ ਸਿੰਘ ਵੀ ਉਹਨਾਂ ਦੀਆਂ ਸਹੀ ਤੇ ਉੱਚਿਤ ਮੰਗਾਂ ਮੰਨਣ ਲਈ ਤਿਆਰ ਨਹੀਂ ਸੀ। ਅਕਾਲੀ ਨੇਤਾਵਾਂ ਨੇ ਉੱਘੇ ਸਿੱਖਾਂ ਦੀ ਇਕ ਕਮੇਟੀ ਨਿਯੁਕਤ ਕੀਤੀ ਤੇ ਉਹਨਾਂ ਨੂੰ ਸਿੱਖ ਪੰਥ ਦੇ ਨਿਸ਼ਾਨੇ ਤੇ ਮਨੋਰਥਾਂ ਦੀ ਪੂਰਤੀ ਲਈ ਪੱਤਰ ਤਿਆਰ ਕਰਨ ਦਾ ਕਾਰਜ ਸੌਂਪਿਆ, ਜਿਸ ਨਾਲ ਸਿੱਖ ਪੰਥ ਨੂੰ ਕਾਂਗਰਸ ਸਰਕਾਰ ਦੀਆਂ ਸਿੱਖ ਵਿਰੋਧੀ ਨੀਤੀਆਂ ਕਾਰਨ, ਆਪਣੇ ਹੱਕ ਪ੍ਰਾਪਤ ਕਰਨ ਲਈ ਠੋਸ ਸੇਧ ਮਿਲੇ।"

1973 ਵਿੱਚ ਅਕਾਲੀ ਦਲ ਵਰਕਿੰਗ ਕਮੇਟੀ ਨੇ ਅਨੰਦਪੁਰ ਸਾਹਿਬ ਵਿੱਚ, ਜਿੱਥੇ ਦਸਵੇਂ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ, ਉੱਥੇ ਸਿੱਖਾਂ ਦੀਆਂ ਤਜਵੀਜ਼ਾਂ ਪਰਵਾਨ ਕੀਤੀਆਂ ਜਿਹਨਾਂ ਨੂੰ 'ਆਨੰਦਪੁਰ ਸਾਹਿਬ ਦਾ ਮਤਾ' ਕਿਹਾ ਗਿਆ। ਇਹ ਮਤਾ ਅਕਾਲੀਆਂ ਦੀਆਂ ਉਹਨਾਂ ਮੰਗਾਂ ਦਾ ਆਧਾਰ ਬਣਿਆ ਜਿਹਨਾਂ ਕਾਰਨ ਅਕਾਲੀਆਂ ਨੇ ਉਹ ਅੰਦੋਲਨ ਛੇੜਿਆ ਜੋ ਭਾਰਤੀ ਫ਼ੌਜ ਵੱਲੋਂ ਸਵਰਨ ਮੰਦਰ ਉੱਪਰ ਧਾਵਾ ਬੋਲਣ ਨਾਲ ਹੀ ਖ਼ਤਮ ਹੋਇਆ। ਆਨੰਦਪੁਰ ਸਾਹਿਬ ਦੇ ਮਤੇ ਨੇ ਭਿੰਡਰਾਂਵਾਲੇ ਨੂੰ ਉਹ ਹਥਿਆਰ ਵੀ ਦੇ ਦਿੱਤਾ ਜਿਸ ਨਾਲ ਉਸ ਨੇ ਅਕਾਲੀ ਦਲ ਦੇ ਨੇਤਾਵਾਂ ਤੋਂ ਅੰਦੋਲਨ ਦੀ ਅਗਵਾਈ ਆਪਣੇ ਹੱਥ ਵਿੱਚ ਲੈ ਲਈ।

ਅਕਾਲੀ ਦਲ ਦੀ ਬਦਕਿਸਮਤੀ ਸੀ ਕਿ ਜਿਹੜੀ ਕਮੇਟੀ ਉਸ ਨੇ ਮਤਾ ਲਿਖਣ ਲਈ ਸਥਾਪਿਤ ਕੀਤੀ, ਉਸ ਵਿੱਚ ਸਿਆਸਤਦਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਵਕੀਲਾਂ ਦੀ ਬਹੁਤ ਘੱਟ। ਇਸ ਲਈ ਉਹਨਾਂ ਨੇ ਵੱਡੀ ਗ਼ਲਤੀ ਇਹ ਕੀਤੀ ਕਿ ਜਦੋਂ ਉਹਨਾਂ ਨੇ ਆਪਣੀ ਖ਼ੁਦਮੁਖ਼ਤਾਰੀ ਦੀ ਮੰਗ ਰੱਖੀ ਤਾਂ ਉਹ ਵਧੇਰੇ ਹੀ ਸਪੱਸ਼ਟ ਤੇ

ਨਿਸਚਿਤ ਹੋ ਗਏ। ਉਹਨਾਂ ਨੇ ਮਤੇ ਦੇ ਅੰਗਰੇਜ਼ੀ ਅਨੁਵਾਦ ਵਿੱਚ ਇਹ ਤਜਵੀਜ਼ ਕੀਤਾ ਕਿ ਕੇਂਦਰੀ ਸਰਕਾਰ ਦਾ ਦਖ਼ਲ ਸਿਰਫ਼ 'ਰੱਖਿਆ, ਵਿਦੇਸ਼ੀ ਮਾਮਲਿਆਂ, ਸਿੱਕੇ ਤੇ ਆਮ ਸੰਚਾਰ ਤੱਕ ਹੀ ਸੀਮਤ ਰਹੇ।' ਕੋਈ ਵੀ ਪਰਧਾਨ ਮੰਤਰੀ ਇਹ ਸ਼ਰਤਾਂ ਨਹੀਂ ਮੰਨ ਸਕਦਾ ਸੀ ਪ੍ਰੰਤੂ ਸ੍ਰੀਮਤੀ ਗਾਂਧੀ ਵਰਗੀ ਦ੍ਰਿੜ੍ਹ ਤੇ ਅਟੱਲ ਇਰਾਦੇ ਦੀ ਪਰਧਾਨ ਮੰਤਰੀ ਤੋਂ ਇਹ ਉਮੀਦ ਰੱਖਣੀ ਉੱਕਾ ਹੀ ਸੰਭਵ ਨਹੀਂ ਸੀ, ਜਿਸ ਦਾ ਵਿਸ਼ਵਾਸ ਸੀ ਕਿ ਭਾਰਤ ਨੂੰ ਇਕ ਸ਼ਕਤੀਸ਼ਾਲੀ ਕੇਂਦਰੀ ਸਰਕਾਰ ਦੀ ਜ਼ਰੂਰਤ ਹੈ। ਉਸ ਮੰਗ ਨੂੰ ਪਰਵਾਨ ਕਰਕੇ ਭਾਰਤ ਦੀ ਏਕਤਾ ਲਈ ਖ਼ਤਰਾ ਸਹੇੜਨ ਵਾਲੀ ਗੱਲ ਹੋਣੀ ਸੀ। ਇਸ ਨਾਲ ਸਮੁੱਚਾ ਆਰਥਕ ਢਾਂਚਾ ਨਸ਼ਟ ਹੋ ਜਾਣਾ ਸੀ ਕਿਉਂਕਿ ਇਸ ਤਰ੍ਹਾਂ ਹਰ ਰਾਜ ਸਰਕਾਰ, ਮੁਲਕ ਵਿਚਲੀਆਂ ਵਸਤੂਆਂ ਦੀ ਆਵਾਜਾਈ ਤੇ ਨਕਲੋ-ਹਰਕਤ ਉੱਪਰ ਟੈਕਸ ਤੇ ਚੁੰਗੀ ਆਦਿ ਲਗਾ ਕੇ ਰੋਕਾਂ ਪੈਦਾ ਕਰ ਸਕਦੀ ਸੀ।

ਉੱਤਰ ਸੁਤੰਤਰਤਾ ਕਾਲ ਵਿੱਚ ਘੱਟ ਤੋਂ ਘੱਟ ਆਯਾਤ ਕਰਕੇ ਆਰਥਕ ਢਾਂਚੇ ਨੂੰ ਬੜੇ ਧਿਆਨ ਨਾਲ ਵਿਚਾਰ ਕੇ ਆਤਮ-ਨਿਰਭਰ ਬਣਾਇਆ ਗਿਆ ਸੀ। ਇਸ ਨਾਲ ਕਈ ਉਦਯੋਗਾਂ ਦਾ ਵਿਕਾਸ ਹੋਇਆ ਜੋ ਕੇਵਲ ਵਿਕਸਿਤ ਤੇ ਸੁਰੱਖਿਅਤ ਭਾਰਤੀ ਅਰਥਚਾਰੇ ਵਿੱਚ ਹੀ ਮੁਕਾਬਲੇ ਤੇ ਆ ਸਕਦੇ ਸਨ। ਇਸ ਪਰਗਟ ਤੇ ਸਪੱਸ਼ਟ ਸੰਰਖਸ਼ਣ ਨੀਤੀ ਨੇ ਭਾਰਤ ਨੂੰ ਉਹਨਾਂ ਤੂਫ਼ਾਨਾਂ ਤੋਂ ਬਚਾਈ ਰੱਖਿਆ ਜਿਹਨਾਂ ਨੇ ਵਿਕਾਸ ਕਰ ਰਹੇ ਮੁਲਕਾਂ ਨੂੰ ਰਾਹੋਂ ਭਟਕਾ ਦਿੱਤਾ ਹੈ ਤੇ ਉਹਨਾਂ ਦੇ ਪੈਰ ਉਖਾੜ ਦਿੱਤੇ ਹਨ। ਭਾਰਤ ਨੇ ਕਈ ਸਾਲ ਜੇ ਮਹੱਤਵਪੂਰਨ ਵਿਕਾਸ ਨਹੀਂ ਕੀਤਾ ਤਾਂ ਨਿਰੰਤਰ ਤੇ ਨਿਸਚਿਤ ਵਿਕਾਸ ਦਾ ਆਨੰਦ ਜ਼ਰੂਰ ਮਾਣਿਆ ਹੈ।

ਭਾਰਤੀ ਅਰਥਚਾਰੇ ਨੇ ਪੰਜਾਬ ਦੀ ਖੇਤੀ ਉਪਜ ਲਈ ਪੱਕੀ ਮੰਡੀ ਵੀ ਦਿੱਤੀ ਹੈ। ਭਾਰਤ ਦੀ ਜਨਤਕ ਵੰਡ ਲਈ ਅੱਧੇ ਤੋਂ ਵੱਧ ਅਨਾਜ ਪੰਜਾਬ 'ਚੋਂ ਹੀ ਆਉਂਦਾ ਹੈ। ਅਕਾਲੀ ਸੰਵਿਧਾਨ ਅਨੁਸਾਰ ਕੇਂਦਰੀ ਸਰਕਾਰ ਜਨਤਕ ਵੰਡ-ਪ੍ਰਣਾਲੀ ਦੀ ਵਿਵਸਥਾ ਕਾਇਮ ਕਰਨ ਤੇ ਨਿਯੰਤ੍ਰਿਤ ਕਰਨ ਦੀ ਅਧਿਕਾਰੀ ਨਾ ਹੁੰਦੀ। ਭਾਰਤ ਦੇ ਬਹੁਤੇ ਪੱਛੜੇ ਹੋਏ ਰਾਜਾਂ ਕੋਲ ਕਣਕ ਤੇ ਚਾਵਲ ਖ਼ਰੀਦਣ ਲਈ ਸਾਧਨ ਨਾ ਹੁੰਦੇ ਤੇ ਦੂਸਰੇ ਰਾਜ ਸ਼ਾਇਦ ਅਨਾਜ ਕਿਸੇ ਹੋਰ ਥਾਵਾਂ ਤੋਂ ਖ਼ਰੀਦ ਲੈਂਦੇ। ਸਿੱਖ ਕਿਸਾਨ ਆਪਣੀ ਉਪਜ ਦੀ ਕੀਮਤ ਬਾਰੇ ਸ਼ਿਕਾਇਤਾਂ ਕਰਦੇ ਸਨ ਤੇ ਹੁਣ ਵੀ ਕਰਦੇ ਹਨ। ਪ੍ਰੰਤੂ ਵਿਸ਼ਵ ਦੇ ਹਾਲਾਤ 1970 ਤੇ 80ਵੇਂ ਦੇ ਸ਼ੁਰੂ ਵਿੱਚ ਐਸੇ ਸਨ ਕਿ ਉਹਨਾਂ ਨੂੰ ਆਪਣਾ ਅਨਾਜ ਅੰਤਰ ਰਾਸ਼ਟਰੀ ਮੰਡੀ ਵਿੱਚ ਵੇਚਣਾ ਮੁਸ਼ਕਲ ਹੁੰਦਾ। 1982 ਤੇ 1984 ਵਿੱਚ ਸ੍ਰੀਮਤੀ ਗਾਂਧੀ ਨਾਲ ਸਮਝੌਤੇ ਦੀ ਗੱਲਬਾਤ ਕਰਦਿਆਂ ਅਕਾਲੀ ਦਲ ਨੇ ਅਪਰੋਖ ਤੇ ਗੁਝੇ ਰੂਪ ਵਿੱਚ ਇਹ ਗੱਲ ਪਰਵਾਨ ਕਰ ਲਈ ਸੀ ਕਿ ਉਹ ਰੱਖਿਆ, ਵਿਦੇਸ਼ ਨੀਤੀ, ਸਿੱਕੇ ਤੇ ਆਮ ਸੰਚਾਰ ਦੀ ਮੰਗ 'ਤੇ ਜ਼ੋਰ ਨਹੀਂ ਦੇਵੇਗਾ। ਪ੍ਰੰਤੂ ਭਿੰਡਰਾਂਵਾਲਾ ਆਨੰਦਪੁਰ ਸਾਹਿਬ ਦੇ ਮਤੇ ਨੂੰ ਪੂਰੀ ਤਰ੍ਹਾਂ ਮਨਵਾਉਣ ਤੇ ਬਜ਼ਿੱਦ ਰਿਹਾ, ਜਿਸ ਨਾਲ ਸਾਧਾਰਨ ਲੋਕਾਂ ਵਿੱਚ ਅਕਾਲੀ ਦਲ ਦੇ ਨੇਤਾਵਾਂ ਦੇ ਸਮਰਥਨ ਨੂੰ ਢਾਹ ਲੱਗੀ ਜੋ ਇਹ ਸਮਝ ਨਹੀਂ ਸਕਦੇ ਸਨ ਕਿ ਅਕਾਲੀ ਨੇਤਾ ਆਪਣੀਆਂ ਮੰਗਾਂ ਤੋਂ ਕਿਉਂ ਪਿੱਛੇ ਹਟ ਰਹੇ ਸਨ?

ਆਨੰਦਪੁਰ ਮਤੇ ਵਿੱਚ ਅਕਾਲੀ ਦਲ ਨੇ ਖੁੱਲ੍ਹਮ-ਖੁੱਲ੍ਹਾ ਇਸ ਕਥਨ ਦਾ ਦਾਅਵਾ

ਕੀਤਾ ਕਿ ਉਹ ਸਾਰੇ ਸਿੱਖਾਂ ਦੀ ਪਾਰਟੀ ਹੈ। ਇਸ ਵਿੱਚ ਵਰਣਨ ਕੀਤਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਦੀਆਂ ਅਭਿਲਾਸ਼ਾਵਾਂ ਤੇ ਉਮੀਦਾਂ ਦਾ ਪਰਤੱਖ ਸਰੂਪ ਹੈ ਤੇ ਇਸ ਤਰ੍ਹਾਂ ਉਹ ਉਹਨਾਂ ਦੀ ਪ੍ਰਤਿਨਿਧਤਾ ਦਾ ਹੱਕਦਾਰ ਹੈ।" ਇਹ ਦਾਅਵਾ ਅਲੋਕਤੰਤਰਿਕ ਸੀ। ਭਾਰਤੀ ਲੋਕ-ਰਾਜ ਨੇ ਸਿੱਖਾਂ ਨੂੰ ਇਹ ਦਾਅਵਾ ਰੱਦ ਕਰਨ ਦਾ ਹੱਕ ਦਿੱਤਾ ਹੋਇਆ ਹੈ ਤੇ ਬਹੁਤਿਆਂ ਨੇ ਇਸ ਹੱਕ ਦੀ ਵਰਤੋਂ ਵੀ ਕੀਤੀ ਹੈ। ਹੁਣ ਤੱਕ ਦੀ ਕਿਸੇ ਵੀ ਚੋਣ ਵਿੱਚ ਅਕਾਲੀ ਦਲ ਨੇ ਸਿੱਖਾਂ ਦੀਆਂ ਕੁੱਲ ਵੋਟਾਂ ਦਾ 50% ਪ੍ਰਾਪਤ ਨਹੀਂ ਕੀਤਾ। ਸਿੱਖ ਭਾਈਚਾਰੇ ਦੇ ਸਿਰਫ਼ ਇਕ ਵਰਗ, ਭਾਵ ਕਾਸ਼ਤਕਾਰਾਂ ਤੇ ਕਿਸਾਨਾਂ ਦੇ ਜੱਟ ਵਰਗ, ਨੇ ਹੀ ਨਿਰੰਤਰ ਅਕਾਲੀ ਦਲ ਦਾ ਸਮਰਥਨ ਕੀਤਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਅਕਾਲੀ ਦਲ ਦੇ ਇਸ ਦਾਅਵੇ ਦੇ ਬਾਵਜੂਦ ਕਿ ਇਹ ਸਾਰੇ ਪੇਂਡੂ ਤੇ ਸ਼ਹਿਰੀ ਸਿੱਖਾਂ ਦੀ ਹੀ ਪਾਰਟੀ ਹੈ, ਆਨੰਦਪੁਰ ਦਾ ਮਤਾ ਪੂਰੀ ਤਰ੍ਹਾਂ ਕਿਸਾਨਾਂ ਦੇ ਹੱਕ ਵਿੱਚ ਹੈ ਤੇ ਵਪਾਰੀਆਂ ਤੇ ਉਦਯੋਗਪਤੀਆਂ ਦੇ ਹਿੱਤਾਂ ਦੇ ਵਿਰੁੱਧ ਹੈ। ਇਸ ਵਿੱਚ ਕਿਹਾ ਗਿਆ ਹੈ ਕਿ 'ਅਕਾਲੀ ਦਲ ਸਭ ਪੇਂਡੂ ਸ਼੍ਰੇਣੀਆਂ, ਖ਼ਾਸ ਕਰਕੇ ਗ਼ਰੀਬ ਤੇ ਮੱਧਵਰਗੀ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਪਰਤੱਖ ਸੁਧਾਰ ਤੇ ਪ੍ਰਗਤੀ ਯਕੀਨੀ ਬਣਾਏਗਾ।' ਮਤੇ ਵਿੱਚ ਜ਼ਮੀਨੀ ਸੁਧਾਰਾਂ ਤੇ ਮੱਧਵਰਗੀ ਤੇ ਗ਼ਰੀਬ ਕਿਸਾਨਾਂ ਨੂੰ ਕਰਜ਼ੇ ਦੇਣ ਦੀ ਗੱਲ ਵੀ ਜ਼ੋਰ ਨਾਲ ਕੀਤੀ ਗਈ ਹੈ। ਇਸ ਵਿੱਚ ਇਹ ਇੱਛਾ ਵੀ ਪਰਗਟ ਕੀਤੀ ਗਈ ਹੈ ਕਿ ਖੇਤੀ ਉਪਜ ਦੀ ਕੀਮਤ ਮੱਧਵਰਗੀ "ਕਿਸਾਨ ਦੀ ਆਮਦਨ ਦੇ ਹਿਸਾਬ ਨਾਲ ਨਿਸਚਿਤ ਕੀਤੀ ਜਾਵੇ।"

ਆਨੰਦਪੁਰ ਸਾਹਿਬ ਦੇ ਮਤੇ ਵਿੱਚ ਖਾਦ-ਪਦਾਰਥਾਂ ਦੇ ਵਪਾਰ ਦੀ ਪੂਰੀ ਤਰ੍ਹਾਂ ਰਾਸ਼ਟਰੀਕਰਨ ਦੀ ਮੰਗ ਕਰਕੇ ਵਪਾਰੀਆਂ ਪ੍ਰਤੀ ਰੁਅੱਸਬ ਵਰਤਿਆ ਗਿਆ ਹੈ। ਸ੍ਰੀਮਤੀ ਗਾਂਧੀ ਨੇ ਥੋੜ੍ਹੇ ਜਿਹੇ ਸਮੇਂ ਲਈ ਖਾਧ ਅਨਾਜਾਂ ਦਾ ਸਮੁੱਚਾ ਰਾਸ਼ਟਰੀਕਰਨ ਕੀਤਾ ਸੀ ਜਿਸ ਦੇ ਸਿੱਟੇ ਕਿਸਾਨਾਂ ਤੇ ਉਪਭੋਗਤਾਵਾਂ ਲਈ ਬੜੇ ਖ਼ਤਰਨਾਕ ਹੋਏ। ਉਦਯੋਗਪਤੀਆਂ ਵਿਰੁੱਧ ਪੱਖਪਾਤੀ ਨੀਤੀ ਦੀ ਮਿਸਾਲ ਉਸ ਮੱਦ ਵਿੱਚ ਮਿਲਦੀ ਹੈ ਜਿੱਥੇ ਕਿਹਾ ਗਿਆ ਸੀ : "ਸ਼੍ਰੋਮਣੀ ਅਕਾਲੀ ਦਲ ਇਸ ਗੱਲ ਦੀ ਦ੍ਰਿੜ੍ਹਤਾ ਨਾਲ ਹਿਮਾਇਤ ਕਰਦਾ ਹੈ ਕਿ ਮੂਲ ਉਦਯੋਗਾਂ ਨੂੰ ਰਾਸ਼ਟਰੀ ਪ੍ਰਬੰਧ ਹੇਠ ਲਿਆਂਦਾ ਜਾਵੇ।" ਪੰਜ ਸਾਲ ਮਗਰੋਂ ਪਾਸ ਕੀਤੇ ਗਏ ਮਤਿਆਂ ਵਿੱਚ ਪਾਰਟੀ ਨੇ ਕਿਹਾ : "ਆਨੰਦਪੁਰ ਸਾਹਿਬ ਦੇ ਇਤਿਹਾਸਕ ਮਤੇ ਵਿੱਚ ਪਾਰਟੀ ਨੇ ਕਾਂਗਰਸ ਦੇ ਤੀਹ ਸਾਲਾ ਰਾਜ ਵਿੱਚ ਅਰਥਚਾਰੇ ਉੱਪਰ ਠੋਸੀ ਗਈ ਸਰਮਾਏਦਾਰੀ ਦੀ ਅਜਾਰੇਦਾਰੀ ਦੀ ਗਰਿਫ਼ਤ ਨੂੰ ਖ਼ਤਮ ਕਰਨ ਉੱਤੇ ਵਿਸ਼ੇਸ਼ ਜ਼ੋਰ ਦਿੱਤਾ ਸੀ।" ਇਸ ਦੇ ਨਾਲ ਹੀ ਮਤਿਆਂ ਵਿੱਚ ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ ਵਿੱਚ ਸਟੋਕ ਐਕਸਚੇਂਜ (ਸਰਾਫ਼ਾ ਬਾਜ਼ਾਰ) ਕਾਇਮ ਕਰਨ ਲਈ ਕਿਹਾ ਗਿਆ। ਇਸ ਦੀ ਸੰਭਾਵਨਾ ਘੱਟ ਹੀ ਸੀ ਕਿਉਂਕਿ ਅਕਾਲੀਆਂ ਦੀ ਵਿਉਂਤ ਵਾਲੇ ਮਾਹੌਲ ਵਿੱਚ ਸਟਾਕ ਐਕਸਚੇਂਜ ਵਿੱਚ ਪੂੰਜੀ ਲਾਉਣ ਲਈ ਪੂੰਜੀਪਤੀ ਵਧੇਰੇ ਆਕ੍ਰਸ਼ਿਤ ਨਾ ਹੁੰਦੇ।

ਖੇਤੀ ਪ੍ਰਤੀ ਆਪਣੇ ਪੱਖਪਾਤ ਦੇ ਬਾਵਜੂਦ ਜੋ ਉਹਨਾਂ ਦੀ ਜੱਟ ਕਿਸਾਨਾਂ ਉੱਪਰ ਵਧੇਰੇ ਨਿਰਭਰਤਾ ਕਰਕੇ ਸੀ, ਅਕਾਲੀ ਲਗਾਤਾਰ ਇਹ ਕਹਿੰਦੇ ਰਹੇ ਕਿ ਕੇਂਦਰ ਸਰਕਾਰ ਨੇ ਉਦਯੋਗਿਕ ਵਿਕਾਸ ਦੇ ਖੇਤਰ ਵਿੱਚ ਪੰਜਾਬ ਨਾਲ ਵਿਤਕਰਾ ਕੀਤਾ ਹੈ।

ਇਹ ਸਹੀ ਹੈ ਕਿ ਪੰਜਾਬ ਨੂੰ ਭਾਰੀ ਉਦਯੋਗਾਂ ਜਿਵੇਂ ਲੋਹਾ ਤੇ ਅਸਪਾਤ ਅਤੇ ਭਾਰੀ ਬਿਜਲਈ ਕਾਰਖ਼ਾਨਿਆਂ ਦੇ ਸਬੰਧ ਵਿੱਚ ਕੇਂਦਰੀ ਸਰਕਾਰ ਵੱਲੋਂ ਲਾਏ ਗਏ ਭਾਰੀ ਨਿਵੇਸ਼ ਵਿੱਚੋਂ ਬਹੁਤ ਥੋੜ੍ਹਾ ਹਿੱਸਾ ਮਿਲਿਆ ਹੈ।

ਪ੍ਰੰਤੂ ਜਦੋਂ ਆਨੰਦਪੁਰ ਸਾਹਿਬ ਦਾ ਮਤਾ ਪਾਸ ਕੀਤਾ ਗਿਆ ਸੀ ਤਾਂ ਪੰਜਾਬ ਵਿੱਚ ਉਦਯੋਗਿਕ ਨਿਵੇਸ਼ ਦੀ ਚੜ੍ਹਤ ਸੀ ਤੇ ਜਿਸ ਸਮੇਂ ਫ਼ੌਜ ਸਵਰਨ ਮੰਦਰ ਵਿੱਚ ਦਾਖ਼ਲ ਹੋਈ ਤਾਂ ਉਸ ਸਮੇਂ ਰਾਜ ਦੀ ਉਦਯੋਗਿਕ ਉਪਜ 8.4% ਦੇ ਹਿਸਾਬ ਨਾਲ ਵਿਕਾਸ ਕਰ ਰਹੀ ਸੀ ਜਿਹੜੀ ਰਾਸ਼ਟਰੀ ਔਸਤ ਨਾਲੋਂ ਦੁੱਗਣੀ ਸੀ। ਪੰਜਾਬ ਪਿੰਡਾਂ ਦੀ ਭੂਮੀ ਦੀ ਥਾਂ 'ਤੇ ਆਧੁਨਿਕ ਸ਼ਹਿਰੀ ਰਾਜ ਦਾ ਰੂਪ ਧਾਰ ਰਿਹਾ ਸੀ। ਇਹ ਭਾਰਤ ਦੇ 5 ਅਧਿਕ ਸ਼ਹਿਰੀਕ੍ਰਿਤ ਰਾਜਾਂ ਵਿੱਚੋਂ ਇਕ ਸੀ ਤੇ ਇਹ ਪੱਛਮੀ ਬੰਗਾਲ ਨਾਲੋਂ ਵੀ ਅੱਗੇ ਲੰਘ ਰਿਹਾ ਸੀ ਜਿਸ ਵਿੱਚ ਕਲਕੱਤਾ ਜਿਹਾ ਮਹਾਂਨਗਰ ਸੀ। ਇਹ ਵੀ ਠੀਕ ਸੀ ਕਿ ਨਵੇਂ ਉਦਯੋਗਾਂ ਵਿੱਚ ਵਧੇਰੇ ਮਜ਼ਦੂਰ ਰਾਜ ਤੋਂ ਬਾਹਰ ਦੇ ਸਨ ਤੇ ਇਸ ਨਾਲ ਰਾਜ ਦੀ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਨਹੀਂ ਹੁੰਦੀ ਸੀ। ਇਸ ਕਾਰਨ ਅਕਾਲੀਆਂ ਦੇ ਇਸ ਦਾਅਵੇ ਨੂੰ ਬਲ ਮਿਲਿਆ ਕਿ ਪੰਜਾਬ ਦਾ ਉਦਯੋਗੀਕਰਨ ਘੱਟ ਹੋਇਆ ਹੈ। ਅਕਾਲੀਆਂ ਦੀ ਦ੍ਰਿਸ਼ਟੀ ਤੋਂ ਸ਼ਾਇਦ ਇਹ ਗੱਲ ਹੋਰ ਵੀ ਮਹੱਤਵਪੂਰਨ ਸੀ ਕਿ ਬਹੁਤੇ ਉਦਯੋਗਾਂ ਦੇ ਮਾਲਕ ਹਿੰਦੂ ਸਨ।

ਪੰਜਾਬ ਦੇ ਕਿਸਾਨਾਂ ਦੀ ਉੱਨਤੀ ਦੇ ਬਾਵਜੂਦ, ਸਿੱਖਾਂ ਦੀਆਂ ਸ਼ਕਾਇਤਾਂ ਨੂੰ ਜਨਮ ਦੇਣ ਤੇ ਵਧਾਉਣ ਲਈ ਖੇਤੀਬਾੜੀ ਬੜੀ ਜ਼ਰਖ਼ੇਜ਼ ਭੂਮੀ ਸਿੱਧ ਹੋਈ। ਜਦੋਂ ਆਨੰਦਪੁਰ ਸਾਹਿਬ ਦਾ ਮਤਾ ਤਿਆਰ ਕੀਤਾ ਗਿਆ ਸੀ ਤਾਂ ਪੰਜਾਬ ਦੀ ਖੇਤੀ ਉਪਜ ਹਰੀ ਕ੍ਰਾਂਤੀ ਕਾਰਨ ਅਜੇ ਵੀ ਵਧ ਰਹੀ ਸੀ ਜਿਸ ਨਾਲ ਰਾਜ ਆਤਮ ਨਿਰਭਰ ਭਾਰਤ ਦਾ ਗੋਦਾਮ (ਭੰਡਾਰ) ਬਣ ਗਿਆ। 9 ਸਾਲ ਮਗਰੋਂ ਜਦੋਂ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਾਉਣ ਲਈ ਆਪਣਾ ਲੰਮਾ ਅੰਦੋਲਨ ਛੇੜਿਆ ਤਾਂ ਹਰੀ ਕ੍ਰਾਂਤੀ ਦਾ ਨਿਘਾਰ ਹੋਣਾ ਸ਼ੁਰੂ ਹੋ ਗਿਆ ਸੀ। ਉਸ ਸਮੇਂ ਤੱਕ ਪੰਜਾਬ ਦਾ 85% ਖੇਤਰ ਫਲ ਸਿੰਚਾਈ ਅਧੀਨ ਸੀ ਤੇ ਹੋਰ ਵਧੇਰੇ ਜ਼ਮੀਨ ਕਾਸ਼ਤ ਹੇਠ ਲਿਆਉਣ ਦੀ ਸੰਭਾਵਨਾ ਬੜੀ ਘੱਟ ਸੀ। 65% ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਸੀ ਤੇ ਖਾਦਾਂ ਤੇ ਨਿਵੇਸ਼ ਦੀਆਂ ਹੋਰ ਵਸਤੂਆਂ ਦੀਆਂ ਵਧ ਰਹੀਆਂ ਕੀਮਤਾਂ ਕਾਰਨ ਉਹ ਇਸ ਯੋਗ ਨਹੀਂ ਸਨ ਕਿ ਮੰਡੀ ਵਿੱਚ ਵੇਚਣ ਲਈ ਵਾਧੂ ਉਪਜ ਪੈਦਾ ਕਰ ਸਕਦੇ। ਸਾਲ ਦੇ ਆਖ਼ਰ ਵਿੱਚ ਉਹਦੀ ਬੁਚਕੀ ਵਿੱਚ ਇਤਨਾ ਪੈਸਾ ਵੀ ਨਹੀਂ ਹੁੰਦਾ ਸੀ ਕਿ ਉਹ ਇਕ ਤੋਂ ਵਧੇਰੇ ਪੁੱਤਰਾਂ ਨੂੰ ਆਪਣੇ ਖੇਤ ਵਿੱਚ ਠੀਕ ਨਿਰਬਾਹ ਕਰਨ ਦੇ ਯੋਗ ਬਣਾ ਸਕੇ। ਇਸ ਲਈ ਛੋਟੇ ਪੁੱਤਰਾਂ ਨੂੰ ਨੌਕਰੀ ਦੀ ਭਾਲ ਵਿੱਚ ਨਵੇਂ ਸ਼ਹਿਰਾਂ 'ਚ ਜਾਣਾ ਪੈਂਦਾ ਤੇ ਉੱਥੇ ਉਹਨਾਂ ਦਾ ਭਾਰਤ ਦੇ ਦੂਸਰੇ ਭਾਗਾਂ ਵਿੱਚ ਆਏ ਹੋਏ ਲੋਕਾਂ ਨਾਲ ਨੌਕਰੀ ਲਈ ਮੁਕਾਬਲਾ ਹੁੰਦਾ। ਬਦਕਿਸਮਤੀ ਨਾਲ ਗੱਲ ਵਧੇਰੇ ਇਸ ਕਾਰਨ ਵੀ ਵਿਗੜੀ ਕਿ ਬਹੁਤ ਸਾਰੇ ਪੇਂਡੂ ਨੌਜੁਆਨ ਜੋ ਆਪਣੇ ਪਰਿਵਾਰਕ ਖੇਤਾਂ ਵਿੱਚੋਂ ਆ ਗਏ ਸਨ, ਉਹ ਪੜ੍ਹੇ ਲਿਖੇ ਸਨ ਤੇ ਬੇਰੁਜ਼ਗਾਰ ਪੜ੍ਹਿਆ ਲੋਕਾਂ ਨਾਲੋਂ ਕ੍ਰਾਂਤੀ ਲਈ ਵਧੇਰੇ ਖ਼ਤਰਨਾਕ ਹੋਰ ਕੋਈ ਚੀਜ਼ ਨਹੀਂ ਹੁੰਦੀ।

ਅਕਾਲੀ ਦਲ ਦਾ ਇਹ ਵੀ ਵਿਚਾਰ ਸੀ ਕਿ ਸਰਕਾਰ ਸਿੱਖਾਂ ਨੂੰ ਜਾਣ ਬੁੱਝ ਕੇ ਆਪਣੇ ਪਰੰਪਰਾਗਤ ਕਿੱਤੇ, ਸਿਪਾਹਗਿਰੀ (ਫ਼ੌਜ) ਤੋਂ ਲਾਂਭੇ ਰੱਖ ਰਹੀ ਹੈ। ਸਰਕਾਰ ਨੇ ਫ਼ੌਜੀ ਭਰਤੀ ਦੀ ਨਵੀਂ ਨੀਤੀ ਅਪਣਾ ਲਈ ਸੀ ਜਿਸ ਅਨੁਸਾਰ ਉਹਨਾਂ ਜ਼ਾਤੀਆਂ ਤੇ ਖੇਤਰਾਂ ਦੇ ਲੋਕਾਂ ਨੂੰ ਫ਼ੌਜ ਵਿੱਚ ਭਰਤੀ ਹੋਣ ਦੇ ਮੌਕੇ ਦੇਣੇ ਸਨ ਜਿੱਥੇ ਪਹਿਲਾਂ ਫ਼ੌਜ ਵਿੱਚ ਭਰਤੀ ਹੋਣ ਦੀ ਕੋਈ ਪਰੰਪਰਾ ਨਹੀਂ ਸੀ। ਜੇ ਪੂਰੀ ਕਰੜਾਈ ਨਾਲ ਇਹ ਨੀਤੀ ਲਾਗੂ ਕੀਤੀ ਜਾਂਦੀ ਤਾਂ ਇਸ ਨਾਲ ਸਿੱਖਾਂ ਦਾ 2% ਹੀ ਫ਼ੌਜ ਵਿੱਚ ਭਰਤੀ ਹੋ ਸਕਦਾ ਸੀ ਕਿਉਂਕਿ ਸਿੱਖ ਭਾਰਤੀ ਵੱਸੋਂ ਦਾ ਕੁੱਲ ਦੋ ਪ੍ਰਤੀਸ਼ਤ ਹੀ ਹਨ। ਪਰੰਤੂ ਇਹ ਨੀਤੀ ਕਦੇ ਵੀ ਕਰੜਾਈ ਨਾਲ ਲਾਗੂ ਨਾ ਕੀਤੀ ਗਈ ਤੇ ਜਦੋਂ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਨ ਲਈ ਅੰਦੋਲਨ ਸ਼ੁਰੂ ਕੀਤਾ ਤਾਂ ਫ਼ੌਜ ਵਿੱਚ ਸਿੱਖਾਂ ਦੀ ਗਿਣਤੀ 10% ਸੀ। ਇਸ ਗੱਲ ਦਾ ਵੀ ਸਬੂਤ ਸੀ ਕਿ ਸਿੱਖ ਖ਼ੁਦ ਵੀ ਫ਼ੌਜ ਵਿੱਚ ਭਰਤੀ ਹੋਣ ਦੇ ਬਹੁਤੇ ਉਤਾਵਲੇ ਨਹੀਂ ਸਨ। ਭਾਰਤੀ ਰੱਖਿਆ ਮੰਤਰਾਲਾ ਆਪਣੀ ਭਰਤੀ ਦੇ ਅੰਕੜੇ ਦੇਣ ਵਿੱਚ ਬਹੁਤ ਰਹੱਸਪੂਰਨ ਤੇ ਮੌਨ ਹੈ, ਪਰ ਫ਼ੌਜ ਦੇ ਉਪ ਮੁਖੀ ਲੈਫ. ਜਨਰਲ ਸਿਨਹਾ ਨੇ ਅੰਦੋਲਨ ਸਮੇਂ ਕਿਹਾ ਕਿ ਸਿੱਖ ਜਵਾਨ ਆਪਣੇ ਹਿੱਸੇ ਅਨੁਸਾਰ ਵੀ ਭਰਤੀ ਲਈ ਅੱਗੇ ਨਹੀਂ ਆ ਰਹੇ ਸਨ। ਭਾਰਤੀ ਫ਼ੌਜ ਦੇ ਜਵਾਨਾਂ ਦੇ ਜੀਵਨ ਢੰਗ ਵਿੱਚ ਬਹੁਤੀ ਤਬਦੀਲੀ ਨਹੀਂ ਆਈ। ਜਵਾਨ ਨੂੰ ਬਹੁਤ ਹੀ ਸਖ਼ਤ ਅਨੁਸ਼ਾਸਨ ਤੇ ਪਾਬੰਦੀ ਵਿੱਚ ਰਹਿਣਾ ਪੈਂਦਾ ਹੈ। ਇਹ ਗੱਲ ਵਧੇਰੇ ਕਰਕੇ ਉਹਨਾਂ "ਲੜਾਕੂ ਪਲਟਨਾਂ" ਬਾਰੇ ਸਹੀ ਹੈ ਜਿਹੜੀਆਂ ਸਿੱਖ ਜਵਾਨਾਂ ਦੀਆਂ ਪਰੰਪਰਾਗਤ ਪਲਟਣਾਂ ਹਨ। ਪ੍ਰੰਤੂ ਪੰਜਾਬ ਵਿੱਚ ਕਾਫ਼ੀ ਤਬਦੀਲੀ ਆ ਗਈ ਹੈ ਤੇ ਹੁਣ ਛਾਉਣੀ ਸਿੱਖ ਜੁਆਨਾਂ ਲਈ ਘੱਟ ਆਕਰਸ਼ਣ ਰੱਖਦੀ ਹੈ। ਇਸ ਦੇ ਬਾਵਜੂਦ ਵੀ ਫ਼ੌਜ ਵਿੱਚ ਭਰਤੀ ਦੀ ਨੀਤੀ ਵਿੱਚ ਤਬਦੀਲੀ ਸਿੱਖਾਂ ਲਈ ਇਕ ਜਜ਼ਬਾਤੀ ਮਸਲਾ ਬਣ ਗਈ। ਇਹ ਜੱਟ ਸਿੱਖਾਂ ਲਈ ਵਿਸ਼ੇਸ਼ ਮਸਲਾ ਸੀ ਜੋ ਅਕਾਲੀ ਦਲ ਦੇ ਹਿਮਾਇਤੀ ਹਨ ਤੇ ਜਿਹਨਾਂ ਦੀ 100 ਸਾਲਾ ਤੋਂ ਵਧੀਕ ਸਮੇਂ ਵਿੱਚ ਫ਼ੌਜੀ ਸੇਵਾ ਦੀ ਪਰੰਪਰਾ ਹੈ ਤੇ ਉਹ ਫ਼ੌਜ ਵਿੱਚ ਭਰਤੀ ਹੋਣਾ ਆਪਣਾ ਹੱਕ ਸਮਝਦੇ ਹਨ। ਆਨੰਦਪੁਰ ਸਾਹਿਬ ਦੇ ਮਤੇ ਵਿੱਚ ਸਭ ਤੋਂ ਵਧੇਰੇ ਭਾਵਾਤਮਕ ਤੇ ਗ਼ਲਤ ਫ਼ਹਿਮੀ ਵਾਲਾ ਮਸਲਾ 'ਪਾਣੀਆਂ' ਦਾ ਸੀ। ਆਜ਼ਾਦੀ ਉਪ੍ਰੰਤ ਪਾਕਿਸਤਾਨ ਨਾਲ ਹੋਏ ਦਰਿਆ ਸਿੰਧ ਦੇ ਪਾਣੀਆਂ ਦੇ ਸਮਝੌਤੇ ਅਨੁਸਾਰ ਪੰਜਾਬ ਦੇ ਪੰਜਾਂ ਦਰਿਆਵਾਂ 'ਚੋਂ ਸਾਂਝੇ ਪੰਜਾਬ ਦੇ ਤਿੰਨ ਦਰਿਆਵਾਂ ਦੇ ਪਾਣੀ ਭਾਰਤ ਨੂੰ ਨਿਸ਼ਚਤ ਕਰ ਦਿੱਤੇ ਗਏ ਸਨ। ਇਹ ਦਰਿਆ ਹਨ–ਸਤਲੁਜ, ਰਾਵੀ ਤੇ ਬਿਆਸ। ਸਿੱਖ ਕਿਸਾਨ ਇਹਨਾਂ ਦਰਿਆਵਾਂ ਦੇ ਪਾਣੀਆਂ 'ਤੇ ਅਧਿਕਾਰਤ ਤੌਰ 'ਤੇ ਆਪਣਾ ਹੱਕ ਸਮਝਦੇ ਹਨ। ਉਸ ਧਰਤੀ 'ਤੇ ਜਿਹੜੀ ਜੋ ਪਹਿਲਾਂ ਲਗਭਗ ਇਕ ਮਾਰੂਥਲ ਸੀ, ਸ਼ਾਇਦ ਇਸ ਹੱਕ ਦਾ ਦਾਅਵਾ ਹੈਰਾਨੀ ਵਾਲਾ ਵੀ ਨਹੀਂ ਸੀ, ਪਰ ਪਾਣੀ ਵਰਗੀ ਮਹੱਤਵਪੂਰਨ ਵਸਤੂ ਦੀ ਵੰਡ ਦਾ ਆਧਾਰ ਕੇਵਲ ਇਸ ਗੱਲ ਨੂੰ ਹੀ ਬਣਾਇਆ ਜਾਣਾ ਵਰਤਮਾਨ ਜ਼ਮਾਨੇ ਦੇ ਲੋਕ-ਰਾਜ ਵਿੱਚ ਸੰਤੋਸ਼ਜਨਕ ਆਧਾਰ ਨਹੀਂ ਹੋ ਸਕਦਾ ਸੀ। ਬਦਕਿਸਮਤੀ ਨਾਲ, ਬੜੀ ਲੰਮੀ ਤੇ ਪੇਚਦਾਰ ਗੱਲਬਾਤ ਇਸੇ ਆਧਾਰ 'ਤੇ ਕੀਤੀ ਗਈ ਸੀ। ਜਿਵੇਂ "ਪੰਜਾਬ ਸੰਕਟ" ਨਾਮ ਦੀ ਪੁਸਤਕ ਵਿੱਚ ਪੇਂਡੂ ਤੇ ਉਦਯੋਗਿਕ ਵਿਕਾਸ ਦੇ ਚੰਡੀਗੜ੍ਹ ਖੋਜ ਕੇਂਦਰ ਨੇ ਸੰਕੇਤ ਦਿੱਤਾ ਹੈ ਕਿ "ਇਹ ਝਗੜਾ ਪਾਣੀ ਨੂੰ ਨਿੱਜੀ ਜਾਇਦਾਦ ਸਮਝਣ ਤੋਂ ਪੈਦਾ ਹੋਇਆ......... ਪ੍ਰੰਤੂ ਇਸ

ਮਸਲੇ ਨੂੰ ਉਪਲੱਬਧ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਦੇ ਆਧਾਰ 'ਤੇ ਨਜਿੱਠਿਆ ਜਾਣਾ ਚਾਹੀਦਾ ਸੀ।" ਪਰੰਤੂ ਪੰਜਾਬ ਦੇ ਸਿੱਖ ਕਿਸਾਨ ਲਈ ਤਿੰਨਾਂ ਦਰਿਆਵਾਂ ਦੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਦਾ ਭਾਵ ਉਹਦੇ ਪਾਣੀ ਨੂੰ "ਹਰਿਆਣਾ ਦੇ ਨਵੇਂ ਹਿੰਦੂ ਰਾਜ" ਤੇ ਰਾਜਸਥਾਨ ਦੇ ਰਾਜ ਨੂੰ ਦੇਣਾ ਹੀ ਸੀ। ਤੁਰਤ ਤਾਂ ਪਾਣੀ ਦੀ ਕੋਈ ਘਾਟ ਨਹੀਂ ਸੀ। ਅਸਲੀਅਤ ਇਹ ਸੀ ਕਿ ਜਦ ਤਕ ਭਾਰਤੀ ਪਾਣੀ ਬਾਰੇ ਬਹਿਸ ਚਲਦੀ ਰਹੀ, ਭਾਰਤ ਦਾ ਅਣਵਰਤਿਆ ਪਾਣੀ ਪਾਕਿਸਤਾਨ ਵੱਲ ਵਗਦਾ ਰਿਹਾ, ਕਿਉਂਕਿ ਸਰਕਾਰ ਆਪਣੀਆਂ ਵਿਉਂਤੀਆਂ ਹੋਈਆਂ ਸਿਚਾਈ ਯੋਜਨਾਵਾਂ ਨੂੰ ਮੁਕੰਮਲ ਨਾ ਕਰ ਸਕੀ। ਸਿੱਖ ਕਿਸਾਨ ਇਹਨਾਂ ਨਵੀਆਂ ਯੋਜਨਾਵਾਂ ਦੇ ਦੂਰ ਰਸ ਪ੍ਰਭਾਵਾਂ ਤੋਂ ਚਿੰਤਤ ਸਨ ਤੇ ਕੇਂਦਰੀ ਸਰਕਾਰ ਨੇ ਸਿੱਖਾਂ ਨੂੰ ਇਹ ਕਹਿ ਕੇ ਮਨਾਉਣ ਦੀ ਥਾਂ ਕਿ ਪਾਣੀ ਸਭ ਲਈ ਕਾਫ਼ੀ ਹੈ, ਸਮੱਸਿਆ ਨੂੰ ਦੂਸਰੇ ਰਾਜਾਂ ਦਾ ਕਾਨੂੰਨੀ ਹੱਕ ਦਰਸਾ ਕੇ ਹੋਰ ਵਿਗਾੜ ਦਿੱਤਾ।

ਇਹ ਉਹ ਸ਼ਿਕਾਇਤਾਂ ਸਨ ਜਿਹਨਾਂ ਨੂੰ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦੇ ਮਤੇ ਰਾਹੀਂ ਸਾਮ੍ਹਣੇ ਲਿਆਂਦਾ ਤੇ ਸਿੱਖਾਂ ਨੂੰ ਯਕੀਨ ਕਰਵਾ ਦਿੱਤਾ ਕਿ ਉਹ ਭਾਰਤ ਵਿੱਚ ਵੰਚਿਤ ਤੇ ਲਿਤਾੜੀ ਹੋਈ ਘੱਟ ਗਿਣਤੀ ਹੈ ਤੇ ਇਸ ਘੱਟ ਗਿਣਤੀ ਨੂੰ ਜਾਂ ਤਾਂ ਟੱਕਰ ਲੈਣੀ ਪਵੇਗੀ ਜਾਂ ਹਿੰਦੂ ਦਲਦਲ ਵਿੱਚ ਖਪ ਜਾਣਾ ਪਵੇਗਾ।

ਕਈ ਵਾਰ ਸਰਕਾਰ ਆਨੰਦਪੁਰ ਸਾਹਿਬ ਦੇ ਮਤੇ 'ਤੇ ਇਹ ਕਹਿ ਕੇ ਗੱਲਬਾਤ ਕਰਨ ਤੋਂ ਨਾਂਹ ਕਰਦੀ ਰਹੀ ਕਿ ਇਹ ਇਕ ਵੱਖਵਾਦੀ ਦਸਤਾਵੇਜ਼ ਹੈ। ਮੂਲ ਮਤੇ ਵਿੱਚ ਇਹ ਸਪੱਸ਼ਟ ਹੈ ਕਿ ਅਕਾਲੀ ਸਿਰਫ਼ ਵਧੇਰੇ ਸਵਾਧੀਨਤਾ ਦੀ ਹੀ ਮੰਗ ਕਰ ਰਹੇ ਸਨ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪ ਕਿਹਾ ਸੀ, "ਅਸੀਂ ਇਕ ਵਾਰ ਹੀ ਇਹ ਸਪੱਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸਿੱਖਾਂ ਦੀ ਭਾਰਤ ਤੋਂ ਵੱਖ ਹੋਣ ਦੀ ਕੋਈ ਵਿਉਂਤ ਨਹੀਂ ਹੈ। ਉਹਨਾਂ ਦੀ ਤਾਂ ਸਿਰਫ਼ ਇਹੋ ਮੰਗ ਹੈ ਕਿ ਉਹਨਾਂ ਨੂੰ ਭਾਰਤ ਵਿੱਚ ਸਿੱਖਾਂ ਦੇ ਰੂਪ ਵਿੱਚ ਹੀ ਪਰੋਖ ਤੇ ਅਪਰੋਖ ਰੂਪ ਵਿੱਚ ਬਿਨਾਂ ਕਿਸੇ ਮਦਾਖ਼ਲਤ ਦੇ ਤੇ ਉਹਨਾਂ ਦੇ ਧਾਰਮਿਕ ਜੀਵਨ ਵਿੱਚ ਛੇੜ-ਛਾੜ ਬਿਨਾਂ ਰਹਿਣ ਦੀ ਖੁੱਲ੍ਹ ਹੋਵੇ। ਨਿਰਸੰਦੇਹ ਸਿੱਖ ਵੀ ਦੂਸਰੇ ਭਾਰਤੀਆਂ ਵਾਂਗ ਉਸੇ ਹੀ ਰਾਸ਼ਟਰ ਦੇ ਤੇ ਰਾਸ਼ਟਰੀ ਭਾਵਨਾ ਦੇ ਹਨ।" ਜਦੋਂ ਫ਼ੌਜ ਨੇ ਸਵਰਨ ਮੰਦਰ ਸਮੂਹ 'ਤੇ ਹਮਲਾ ਕੀਤਾ ਸੀ ਤਾਂ ਉਸ ਵੇਲੇ ਹੀ ਲੌਂਗੋਵਾਲ ਨੇ ਕਿਹਾ ਸੀ ਕਿ ਅਕਾਲੀ ਦਲ ਨੇ ਕਦੇ ਵੱਖ ਹੋਣ ਦੀ ਮੰਗ ਨਹੀਂ ਕੀਤੀ ਸੀ ਤੇ ਨਾ ਹੀ ਹੁਣ ਇਹ ਮੰਗ ਕਰ ਰਿਹਾ ਸੀ। ਅਕਾਲੀ ਦਲ ਦਾ ਇਕੋ ਇਕ ਮਨੋਰਥ ਭਾਰਤ ਵਿੱਚ ਤਾਕਤ ਉੱਪਰ ਅਧਿਕਾਰ ਸੀ ਤੇ ਇਹ ਉਦੋਂ ਸਪੱਸ਼ਟ ਹੋ ਗਿਆ ਸੀ ਜਦੋਂ 1977 ਤੋਂ 1979 ਵਿੱਚ ਅਕਾਲੀ ਦਲ ਪੰਜਾਬ ਸਰਕਾਰ ਵਿੱਚ ਭਾਈਵਾਲ ਸੀ। ਉਸ ਸਮੇਂ ਅਕਾਲੀ ਦਲ ਨੇ ਆਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਨ ਲਈ ਕੇਂਦਰ ਵਿੱਚ ਜਨਤਾ ਸਰਕਾਰ, ਜਿਸ ਵਿੱਚ ਉਹ ਭਾਈਵਾਲ ਸਨ, 'ਤੇ ਇਹ ਜ਼ੋਰ ਪਾਉਣ ਤੋਂ ਵੱਧ ਕੁਝ ਨਾ ਕੀਤਾ ਕਿ ਉਹ ਮੁਲਕ ਦੇ ਸੰਵਿਧਾਨਕ ਢਾਂਚੇ ਨੂੰ, ਮੁੜ ਅਸਲੀ, ਭਾਵਪੂਰਨ ਸੰਘੀ ਸਿਧਾਂਤਾਂ ਉੱਪਰ ਢਾਲ ਕੇ ਨਵਾਂ ਰੂਪ ਦੇਵੇ।" ਜਦੋਂ ਇਕ ਵਾਰ ਫਿਰ ਉਹ ਤਾਕਤ ਤੋਂ ਵੰਚਿਤ ਹੋਏ ਤੇ ਸਰਕਾਰ ਤੋਂ ਬਾਹਰ ਹੋ ਗਏ ਤਾਂ ਉਹਨਾਂ ਨੇ ਸ੍ਰੀਮਤੀ ਗਾਂਧੀ ਦੀ ਸਰਕਾਰ ਦੇ ਵਿਰੁੱਧ ਪੂਰੇ ਜ਼ੋਰ ਸ਼ੋਰ ਨਾਲ ਅੰਦੋਲਨ ਛੇੜ ਦਿੱਤਾ ਤੇ ਆਨੰਦਪੁਰ ਵਾਲੇ ਮਤੇ ਵਿੱਚ ਦਰਜ ਸ਼ਕਾਇਤਾਂ ਦੀ ਲੰਬੀ ਸੂਚੀ ਪੇਸ਼ ਕਰ ਦਿੱਤੀ। ਬਹੁਤ ਸਾਰੇ ਸਿੱਖ ਵਿਸ਼ੇਸ਼ ਕਰਕੇ

ਯੂਨੀਵਰਸਿਟੀਆਂ ਦੇ ਪੜ੍ਹੇ ਬੇਰੁਜ਼ਗਾਰ ਸਨਾਤਕ ਅਨੁਭਵ ਕਰਦੇ ਸਨ ਕਿ ਬਾਕੀ ਦੇ ਭਾਰਤ ਦੇ ਮੁਕਾਬਲੇ ਉਹਨਾਂ ਦੀਆਂ ਆਰਥਿਕ ਸ਼ਕਾਇਤਾਂ ਵਾਜਬ ਸਨ। ਅਕਾਲੀ ਦਲ ਨੇ ਉਹਨਾਂ ਆਰਥਿਕ ਸ਼ਿਕਾਇਤਾਂ ਨੂੰ ਧਾਰਮਿਕ ਸ਼ਿਕਾਇਤਾਂ ਨਾਲ ਰਲਗੱਡ ਕਰਕੇ ਅਜਿਹੇ ਖ਼ਤਰਨਾਕ ਢੰਗ ਦੀ ਕੱਟੜਤਾ ਤੇ ਮੂਲਵਾਦ ਨੂੰ ਜਨਮ ਦੇ ਦਿੱਤਾ ਜਿਸ ਉੱਪਰ ਉਹ ਮਗਰੋਂ ਆਪਣਾ ਕਾਬੂ ਨਾ ਰੱਖ ਸਕੇ। ਹਰਚੰਦ ਸਿੰਘ ਲੌਂਗੋਵਾਲ ਨੇ, ਜੋ ਸ੍ਰੀਮਤੀ ਗਾਂਧੀ ਵਿਰੁੱਧ ਆਖ਼ਰੀ ਅੰਦੋਲਨ ਦੇ ਨੇਤਾ ਸਨ, ਪਾਰਲੀਮੈਂਟ ਦੇ ਸਭ ਮੈਂਬਰਾਂ ਨੂੰ ਭੇਜੀ ਦੁਵਰਕੀ ਵਿੱਚ ਅਕਾਲੀਆਂ ਦਾ ਪੱਖ ਸਪੱਸ਼ਟ ਕਰਦਿਆਂ, ਇੰਝ ਲਿਖਿਆ :

"ਭਾਰਤ ਬਹੁ-ਭਾਸ਼ਾਈ, ਬਹੁ-ਧਰਮੀ ਤੇ ਬਹੁ-ਜ਼ਾਤੀ ਦੇਸ਼ ਹੈ। ਅਜਿਹੇ ਮੁਲਕ ਵਿੱਚ ਸਿੱਖਾਂ ਵਰਗੇ ਬਹੁਤ ਹੀ ਘੱਟ ਗਿਣਤੀ ਵਾਲੇ ਫ਼ਿਰਕੇ ਦਾ ਇਹ ਡਰ ਉੱਚਿਤ ਹੀ ਹੈ ਕਿ ਉਹ ਵੀ ਪਹਿਲਾਂ ਹੋਏ ਬੁੱਧ ਧਰਮ ਤੇ ਜੈਨ-ਧਰਮ ਵਾਂਗ ਹਿੰਦੂ ਬਹੁ-ਗਿਣਤੀ ਦੇ ਵਿਸ਼ਾਲ ਸਾਗਰ ਵਿੱਚ ਖਪ ਕੇ ਆਪਣੀ ਵੱਖਰੀ ਪਛਾਣ ਗੁਆ ਨਾ ਲੈਣ।"

ਭਿੰਡਰਾਂਵਾਲੇ ਨੇ ਇਸ ਕੁਸ਼ਗਨੀ ਦੇ ਸੰਕੇਤ ਵਿਰੁੱਧ ਪੰਜਾਬ ਵਿੱਚ ਵਿਦਰੋਹ ਦੇ ਸ਼ੁਅਲਿਆਂ ਨੂੰ ਹਵਾ ਦਿੱਤੀ ਪਰ ਤੀਲੀ ਲਾਉਣ ਵਾਲਾ ਤਾਂ ਅਕਾਲੀ ਦਲ ਹੀ ਸੀ।

4

ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਉਭਾਰ

ਭਾਰਤ ਦੀ ਸੁਤੰਤਰਤਾ ਵਾਲੇ ਸਾਲ 1947 ਵਿੱਚ ਹੀ ਜਰਨੈਲ ਸਿੰਘ ਦਾ ਜਨਮ ਇਕ ਗਰੀਬ ਕਿਸਾਨ ਜੋਗਿੰਦਰ ਸਿੰਘ ਦੇ ਘਰ ਹੋਇਆ, ਪਰੰਤੂ ਇਹ ਸੰਭਾਵੀ ਸੰਤ ਲਈ ਕੋਈ ਰੁਕਾਵਟ ਵਾਲੀ ਗੱਲ ਨਹੀਂ ਸੀ। ਅਸਲੀਅਤ ਇਹ ਹੈ ਕਿ ਭਿੰਡਰਾਂਵਾਲਾ ਜੇ ਉਹ ਚਾਹੁੰਦਾ ਵੀ ਤਾਂ ਇਸ ਤੋਂ ਵਧੀਆ ਪਰਿਵਾਰ ਜਾਂ ਕੁਲ ਦੀ ਚੋਣ ਨਹੀਂ ਕਰ ਸਕਦਾ ਸੀ। ਉਸ ਦਾ ਪਿਤਾ ਜ਼ਾਤ ਪੱਖੋਂ ਜੱਟ ਸੀ ਤੇ ਇਹ ਉਹੋ ਜ਼ਾਤੀ ਸੀ ਜੋ ਸਿੱਖ ਫ਼ਿਰਕੇ 'ਤੇ ਹਾਵੀ ਹੈ ਤੇ ਉਹਦਾ ਕਿਰਸਾਣੀ ਕਿੱਤਾ, ਫ਼ੌਜੀ ਨੌਕਰੀ ਤੋਂ ਬਿਨਾਂ ਇਕੋ ਹੀ ਐਸਾ ਪੇਸ਼ਾ ਹੈ ਜੋ ਜੱਟਾਂ ਲਈ ਇੱਜ਼ਤ ਮਾਨ ਵਾਲਾ ਸਮਝਿਆ ਜਾਂਦਾ ਹੈ। ਉਸ ਦਾ ਫ਼ੌਜ ਨਾਲ ਵੀ ਸੰਬੰਧ ਸੀ। ਉਸ ਦਾ ਇਕ ਮਤਰੇਆ ਭਰਾ ਫ਼ੌਜ ਵਿੱਚ ਸੀ ਤੇ ਨੀਲਾ ਤਾਰਾ ਸਾਕਾ ਸਮੇਂ ਉਹ ਸੂਬੇਦਾਰ ਮੇਜਰ ਸੀ ਤੇ ਇਹ ਪਦਵੀ ਬਰਤਾਨਵੀ ਫ਼ੌਜ ਦੇ ਸਾਰਜੈਂਟ ਮੇਜਰ ਦੀ ਪਦਵੀ ਦੇ ਬਰਾਬਰ ਹੈ। ਭਿੰਡਰਾਂਵਾਲੇ ਦਾ ਆਪਣਾ ਨਾਮ ਜਰਨੈਲ ਸੀ ਜੋ ਅੰਗਰੇਜ਼ੀ ਸ਼ਬਦ ਜਨਰਲ ਦਾ ਲਿਪੀ ਅੰਤਰ ਹੀ ਹੈ। ਸਿੱਖ ਪਿਉ ਆਮ ਹੀ ਆਪਣੇ ਪੁੱਤਰਾਂ ਦੇ ਨਾਮ ਫ਼ੌਜ ਦੇ ਪਦਾਂ ਅਨੁਸਾਰ ਰੱਖਦੇ ਹਨ।

ਭਿੰਡਰਾਂਵਾਲੇ ਦੇ ਪਰਿਵਾਰ ਦਾ ਪਿੰਡ ਰੋਡੇ, ਮੋਗਾ ਸ਼ਹਿਰ ਦੇ ਨੇੜੇ ਹੈ ਜੋ ਜੱਟ ਸਿੱਖ ਇਲਾਕੇ ਦੇ ਗੜ੍ਹ ਵਿੱਚ ਹੈ ਤੇ ਭਿੰਡਰਾਂ ਪਿੰਡ ਵੀ ਏਸੇ ਖੇਤਰ ਵਿੱਚ ਸੀ, ਜਿੱਥੇ ਜਾ ਕੇ ਸਿੱਖ ਪ੍ਰਚਾਰਕ ਲਹਿਰ ਵਿੱਚ, ਇਸ ਨੌਜਵਾਨ ਵਿਦਿਆਰਥੀ ਨੇ ਸ਼ਾਮਿਲ ਹੋਣਾ ਸੀ। ਜਰਨੈਲ ਸਿੰਘ ਦੀ ਆਪਣਾ ਮਾਰਗ ਤੈਅ ਕਰਨ ਲਈ ਉਸ ਦੇ ਪਿਤਾ ਦੀ ਨਿਰਮਲਤਾ ਤੇ ਭਗਤੀ ਭਾਵਨਾ ਨੇ ਸਹਾਇਤਾ ਕੀਤੀ ਜਿਸ ਕਾਰਨ ਉਹ ਪ੍ਰਚਾਰਕ ਬਣਿਆ। ਜੋਗਿੰਦਰ ਸਿੰਘ ਰੋਜ਼ ਹੀ ਗੁਰਦੁਆਰੇ ਜਾ ਕੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਿਆ ਕਰਦਾ ਸੀ ਤੇ ਉਹ ਇਸ ਪੱਖੋਂ ਵੀ ਦ੍ਰਿੜ੍ਹ ਸੀ ਕਿ ਉਸ ਦਾ ਪੁੱਤਰ ਪਵਿੱਤਰ ਸਿੱਖ 'ਧਰਮ ਗ੍ਰੰਥ' ਦੇ ਪਠਣ-ਪਾਠ ਵਿੱਚ ਪਰਵਾਨ ਚੜ੍ਹੇ ਤੇ ਸਿੱਖਿਆ ਲੈ ਕੇ ਯੋਗ ਬਣੇ। ਜੋਗਿੰਦਰ ਸਿੰਘ ਵਰਣਨ ਕਰਦੇ ਸਨ ਕਿ ਛੋਟੇ ਹੁੰਦਿਆਂ ਤੋਂ ਹੀ ਜਰਨੈਲ ਸਿੰਘ ਅਜਿਹਾ ਸੀ ਕਿ ਉਹ ਇਕੋ ਵਾਰ ਨਾਲ ਦਰੱਖ਼ਤ ਡੇਗ ਦਿੰਦਾ ਸੀ। ਉਹ ਉਸ ਵੇਲੇ ਹੀ ਗ੍ਰੰਥ ਦੇ ਭਾਗ ਯਾਦ ਕਰ ਲੈਂਦਾ ਸੀ, ਤੇ 100 ਵਾਰ ਦਿਨ ਵਿੱਚ ਉਹਨਾਂ ਦਾ ਪਾਠ ਕਰ ਸਕਦਾ ਸੀ।

ਜਰਨੈਲ ਸਿੰਘ ਇਸ ਗੱਲੋਂ ਵੀ ਖ਼ੁਸ਼ਕਿਸਮਤ ਸੀ ਕਿ ਉਹ ਆਪਣੇ ਪਿਤਾ ਦੇ ਸੱਤਾਂ ਪੁੱਤਰਾਂ 'ਚੋਂ ਸਭ ਤੋਂ ਛੋਟਾ ਸੀ। ਇਸ ਦਾ ਭਾਵ ਸਾਫ਼ ਸੀ ਕਿ ਉਸ ਦੇ ਪਿਤਾ ਦੇ ਖੇਤੀ 'ਤੇ ਕੰਮ ਕਰਨ ਵਾਲੇ ਕਾਫ਼ੀ ਪੁੱਤਰ ਸਨ ਜੋ ਉਸ ਦੇ ਬੁਢਾਪੇ ਦਾ ਸਹਾਰਾ ਬਣ ਸਕਦੇ ਸਨ। ਉਹ ਕਿਸਾਨ ਸੱਚਮੁੱਚ ਹੀ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦੇ ਪ੍ਰਚਾਰ ਕੇਂਦਰ ਵਿੱਚ ਭੇਜ ਕੇ ਤੇ ਪ੍ਰਚਾਰਕ ਬਣਾ ਕੇ ਖ਼ੁਸ਼ ਸੀ, ਕਿਉਂਕਿ ਉਸ ਦੀ ਜ਼ਮੀਨ ਉਸ ਦੇ ਸੱਤਵੇਂ ਪੁੱਤਰ ਦੇ ਗੁਜ਼ਾਰੇ ਲਈ ਕਾਫ਼ੀ ਨਹੀਂ ਸੀ।

ਸ਼ਬਦ ਟਕਸਾਲ ਸਿੱਕੇ ਬਣਾਉਣ ਦਾ ਕਾਰਖ਼ਾਨਾ ਹੈ ਤੇ ਇਸ ਦੀ ਵਰਤੋਂ ਸਿੱਖ ਧਰਮ ਦੇ ਉਹਨਾਂ ਸਕੂਲਾਂ ਜਾਂ ਅਧਿਐਨ ਕੇਂਦਰਾਂ ਲਈ ਕੀਤੀ ਜਾਂਦੀ ਹੈ ਜੋ ਗੁਰੂ ਸਾਹਿਬਾਨ ਦੇ ਸ਼ਬਦ ਤੇ ਸੰਦੇਸ਼ ਦਾ ਸ਼ੁੱਧ, ਅਸਲੀ ਤੇ ਟਕਸਾਲੀ ਰੂਪ ਵਿੱਚ ਪ੍ਰਚਾਰ ਕਰਦੇ ਹਨ। ਦਮਦਮੀ ਟਕਸਾਲ ਇਕ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਕੇਂਦਰ ਸੀ, ਜਿਸ ਦੀ ਨੀਂਹ ਸਿੱਖ ਧਰਮ ਦੇ ਮਹਾਨ ਨਾਇਕਾਂ ਤੇ ਸੂਰਬੀਰਾਂ ਵਿੱਚੋਂ, ਇਕ ਉੱਘੇ ਸਿੱਖ ਬਾਬਾ ਦੀਪ ਸਿੰਘ ਨੇ ਰੱਖੀ ਸੀ। ਉਹ ਉਹਨਾਂ ਬੀਰ ਯੋਧਿਆਂ ਦੇ ਦਲ ਦਾ ਨੇਤਾ ਸੀ ਜਿਹਨਾਂ ਨੇ ਉਸ ਸਮੇਂ ਸਵਰਨ ਮੰਦਰ ਦੀ ਰੱਖਿਆ ਕਰਨ ਦੀ ਪ੍ਰਤਿੱਗਿਆ ਕੀਤੀ ਸੀ ਜਦੋਂ ਅਹਿਮਦ ਸ਼ਾਹ ਅਬਦਾਲੀ ਪੰਜਾਬ 'ਤੇ ਰਾਜ ਕਰਦਾ ਸੀ। ਉਸ ਨੇ 5000 ਪੇਂਡੂ ਜਵਾਨਾਂ ਨੂੰ ਇਕੱਠਾ ਕੀਤਾ, ਜਿਹਨਾਂ ਕੋਲ ਆਮ ਪੇਂਡੂ ਹਥਿਆਰ ਸਨ। ਉਸ ਦੀ ਕਿਸਾਨੀ ਫ਼ੌਜ ਨੂੰ ਸਵਰਨ ਮੰਦਰ ਵੱਲ ਜਾਂਦਿਆਂ ਰਾਹ ਵਿੱਚ ਹੀ ਕਾਹਲੀ ਨਾਲ ਇਕੱਠੀ ਕੀਤੀ ਅਫ਼ਗ਼ਾਨ ਫ਼ੌਜ ਨੇ ਘੇਰ ਲਿਆ। ਸਿੱਖ ਇਤਨੀ ਬਹਾਦਰੀ ਨਾਲ ਲੜੇ ਕਿ ਅਫ਼ਗ਼ਾਨ ਜਰਨੈਲ ਨੂੰ ਆਪਣੀ ਸਹਾਇਤਾ ਲਈ ਹੋਰ ਫ਼ੌਜ (ਕੁਮਕ) ਮੰਗਵਾਉਣੀ ਪਈ, ਭਾਵੇਂ ਉਹ ਬਾਬਾ ਦੀਪ ਸਿੰਘ ਦੀ ਫ਼ੌਜ ਨੂੰ ਸਵਰਨ ਮੰਦਰ ਵਿੱਚ ਪਹੁੰਚਣ ਤੋਂ ਰੋਕਣ ਵਿੱਚ ਸਫਲ ਰਿਹਾ। ਜਨਰਲ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਇਕ ਵਾਰ ਫਿਰ ਮੰਦਰ ਅਪਵਿੱਤਰ ਕਰ ਦਿੱਤਾ। ਰਿਵਾਇਤ ਹੈ ਕਿ ਭਾਵੇਂ ਬਾਬਾ ਦੀਪ ਸਿੰਘ ਦਾ ਸਿਰ ਵੱਢਿਆ ਜਾ ਚੁੱਕਾ ਸੀ ਉਹ ਫਿਰ ਵੀ ਇਕ ਹੱਥ 'ਤੇ ਆਪਣਾ ਸੀਸ ਤਲੀ 'ਤੇ ਟਿਕਾ ਕੇ ਦੂਸਰੇ ਹੱਥ ਤਲਵਾਰ ਲੈ ਕੇ ਸਵਰਨ ਮੰਦਰ ਤੱਕ ਲੜਦਾ ਗਿਆ।

ਬਾਬਾ ਦੀਪ ਸਿੰਘ ਦੇ ਕੱਟੇ ਹੋਏ ਸਿਰ ਦੇ ਚਿੱਤਰ, ਗੁਰੂ ਸਾਹਿਬਾਨ ਦੇ ਚਿੱਤਰਾਂ ਵਾਂਗ ਹੀ ਸਿੱਖ ਘਰਾਂ ਵਿੱਚ ਆਮ ਹੀ ਦੇਖੇ ਜਾ ਸਕਦੇ ਹਨ। ਉਸ ਵੱਲੋਂ ਕਾਇਮ ਕੀਤੀ ਦਮਦਮੀ ਟਕਸਾਲ ਪਿਛਲੇ 200 ਸਾਲ ਤੋਂ ਸਿੱਖ ਪਤਿਤਪੁਣੇ ਵਿਰੁੱਧ, ਜਰਨੈਲ ਸਿੰਘ ਦੇ ਇਕ ਬਾਲਕ ਵਜੋਂ ਸ਼ਾਮਲ ਹੋਣ ਤੱਕ, ਮੁਹਰੈਲ ਵਜੋਂ ਲੜਦੀ ਆ ਰਹੀ ਸੀ।

ਬਹੁਤ ਸਾਰੇ ਸਿੱਖ ਬੱਚੇ ਜੋ ਧਾਰਮਿਕ ਸਕੂਲਾਂ ਵਿੱਚ ਜਾਂਦੇ ਹਨ, ਆਮ ਕਰਕੇ ਗੁਰਦਵਾਰਿਆਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਜਾਂ ਪਿੰਡਾਂ ਵਿੱਚ ਧਰਮ ਪ੍ਰਚਾਰ ਕਰਦੇ-ਕਰਦੇ ਆਪਣਾ ਜੀਵਨ ਗੁਮਨਾਮੀ ਵਿੱਚ ਗੁਜ਼ਾਰ ਦਿੰਦੇ ਹਨ, ਪਰੰਤੂ ਭਿੰਡਰਾਂਵਾਲਾ ਛੇਤੀ ਹੀ ਦਮਦਮੀ ਟਕਸਾਲ ਵਿੱਚ ਪ੍ਰਭਾਵੀ ਸ਼ਖ਼ਸੀਅਤ ਬਣ ਗਿਆ। ਉਹ ਛੇ ਫ਼ੁੱਟ ਉੱਚਾ ਲੰਮਾ ਪਤਲਾ ਵਿਅਕਤੀ ਸੀ ਜਿਸ ਦੀਆਂ ਅੱਖਾਂ ਵਿੱਚੋਂ ਇਕ ਪੈਗ਼ੰਬਰੀ ਝਲਕ ਦਿਖਾਈ ਦਿੰਦੀ ਸੀ। ਉਸ ਦਾ ਮੋਟਾ ਨੱਕ ਤੇ ਡੂੰਘੀਆਂ ਨਿੱਕੀਆਂ ਅੱਖਾਂ ਉਸ ਸਮੇਂ ਲੁਪਤ ਹੋ ਜਾਂਦੀਆਂ ਸਨ ਜਦੋਂ ਉਹ ਵਿਅੰਗਮੀ ਅੰਦਾਜ਼ ਵਿੱਚ ਖੁੱਲ੍ਹ ਕੇ ਹੱਸਦਾ ਸੀ ਤੇ ਫਿਰ ਵੀ ਉਹਦੇ ਵਿੱਚ ਇਕ ਖ਼ਾਸ ਵਿਸ਼ੇਸ਼ਤਾ ਤੇ ਗੁਣ ਇਹ ਸੀ ਕਿ ਉਹਦੇ ਸਰੋਤੇ ਸੰਤ ਦੇ ਪਹਿਲਾਂ ਮੁਸਕਰਾਉਣ ਦੀ ਉਡੀਕ ਕਰਦੇ ਰਹਿੰਦੇ ਸਨ। ਉਸ ਦੀ ਜ਼ਿੰਦਗੀ ਦੇ ਆਖ਼ਰੀ ਵਰ੍ਹਿਆਂ ਵਿੱਚ ਉਸ ਦੀ ਕਾਲੀ ਭਰਵੀਂ ਦਾੜ੍ਹੀ ਵਿੱਚ ਕੁੱਝ ਚਿੱਟੇ ਵਾਲ ਆ ਗਏ ਸਨ। ਭਿੰਡਰਾਂਵਾਲਾ ਸਦਾ ਹੀ ਨੀਲੀ ਜਾਂ ਕੇਸਰੀ ਦਸਤਾਰ ਸਜਾਉਂਦਾ ਸੀ, ਜਿਸ ਦਾ ਅੰਦਾਜ਼ ਟੌਹਰੀ ਸਾਧਾਰਨ ਸਿੱਖ ਵਰਗਾ ਨਹੀਂ ਸੀ। ਉਹ ਰਿਵਾਇਤਾਂ ਸਿੱਖ ਤਰਜ਼ ਦਾ ਖੁੱਲ੍ਹਾ ਚੋਲਾ ਪਹਿਨਦਾ ਸੀ, ਜਿਸ ਦੇ ਹੇਠ ਗੁਰੂ ਗੋਬਿੰਦ ਸਿੰਘ ਦੇ ਹੁਕਮ ਅਨੁਸਾਰ ਗੋਡਿਆਂ ਤੱਕ

ਲੰਮਾ ਕਛਹਿਰਾ ਹੁੰਦਾ ਸੀ। ਗੁਰੂ ਦੀ ਹਿਦਾਇਤ ਤੇ ਆਗਿਆ ਅਨੁਸਾਰ ਹੀ ਆਪਣੇ ਮੋਢੇ 'ਤੇ ਲਟਕਾ ਕੇ ਉਹ ਕਿਰਪਾਨ ਪਹਿਨਦਾ ਸੀ। ਜਦੋਂ ਵੀ ਮੈਂ ਉਸ ਨੂੰ ਮਿਲਿਆ, ਮੈਂ ਉਸ ਕੋਲ ਆਧੁਨਿਕ ਹਥਿਆਰ ਪਸਤੌਲ ਵੇਖਦਾ ਹੁੰਦਾ ਸੀ ਤੇ ਉਸ ਦੀ ਪੇਟੀ ਵਿੱਚ ਕਾਰਤੂਸ ਭਰੇ ਹੁੰਦੇ ਸਨ।

ਜਰਨੈਲ ਸਿੰਘ ਟਕਸਾਲ ਦੇ ਮੁਖੀ ਕਰਤਾਰ ਸਿੰਘ ਦਾ ਚਹੇਤਾ ਬਣ ਗਿਆ। ਉਸ ਦੀ ਵਾਰੀ ਉਸ ਸਮੇਂ ਆ ਗਈ ਜਦੋਂ ਕਰਤਾਰ ਸਿੰਘ ਇਕ ਘਾਤਕ ਸੜਕ-ਦੁਰਘਟਨਾ ਦਾ ਸ਼ਿਕਾਰ ਹੋ ਗਿਆ। ਭਿੰਡਰਾਂਵਾਲੇ ਦਾ ਗੁਰੂ ਅਜਿਹਾ ਕੱਟੜ ਸਿੱਖ ਸੀ ਕਿ ਉਸ ਨੇ ਡਾਕਟਰਾਂ ਨੂੰ ਦੁਰਘਟਨਾ ਪਿੱਛੋਂ ਉਸ ਦਾ ਉਪਰੇਸ਼ਨ ਕਰਨ ਲਈ ਵਾਲ ਕੱਟਣ ਤੋਂ ਰੋਕ ਦਿੱਤਾ, ਇਸ ਲਈ ਉਹ ਉਸ ਦਾ ਉਪਰੇਸ਼ਨ ਨਾ ਕਰ ਸਕੇ। ਉਸ ਨੇ ਆਪਣੀ ਮੌਤ ਤੋਂ ਪਹਿਲਾਂ ਸਪੱਸ਼ਟ ਕਹਿ ਦਿੱਤਾ ਕਿ ਉਸ ਦੀ ਇੱਛਾ ਹੈ ਕਿ ਉਸ ਦਾ ਉੱਤਰਾਧਿਕਾਰੀ ਉਸ ਦਾ ਪੁੱਤਰ ਅਮਰੀਕ ਸਿੰਘ ਨਹੀਂ ਸਗੋਂ ਜਰਨੈਲ ਸਿੰਘ ਨੂੰ ਬਣਾਇਆ ਜਾਵੇ। ਇਸ ਤਰ੍ਹਾਂ ਜਰਨੈਲ ਸਿੰਘ ਦਮਦਮੀ ਟਕਸਾਲ ਦਾ ਮੁਖੀ ਭਾਵ ਸੰਤ ਬਣ ਗਿਆ।

ਉਸ ਨੇ ਆਪਣੇ ਤੋਂ ਪਹਿਲੇ ਕਈ ਗੱਦੀ ਨਸ਼ੀਨਾਂ ਵਾਂਗ ਪਿੰਡ ਭਿੰਡਰਾਂ ਨੂੰ ਆਪਣੇ ਨਾਮ ਨਾਲ ਲਗਾ ਲਿਆ। ਅਮਰੀਕ ਸਿੰਘ ਉਸ ਸਮੇਂ ਯੂਨੀਵਰਸਿਟੀ ਵਿੱਚ ਪੜ੍ਹਦਾ ਸੀ ਤੇ ਉਹ ਉੱਥੇ ਹੀ ਪੜ੍ਹਨ ਲਈ ਰਹਿਣਾ ਚਾਹੁੰਦਾ ਸੀ। ਮਗਰੋਂ ਉਹ ਭਿੰਡਰਾਂਵਾਲੇ ਦਾ ਸੱਜਾ ਹੱਥ ਭਾਵ ਖ਼ਾਸ ਵਿਸ਼ਵਾਸ ਪਾਤਰ ਤੇ ਸਰਵਭਾਰਤੀ ਸਿੱਖ ਵਿਦਿਆਰਥੀ ਸੰਗਠਨ ਦਾ ਪ੍ਰਧਾਨ ਬਣ ਗਿਆ, ਜਿਸ ਦੇ ਕਈ ਮੈਂਬਰਾਂ ਨੇ ਭਿੰਡਰਾਂਵਾਲੇ ਦੇ ਨਾਮ 'ਤੇ ਅਨੇਕਾਂ ਜ਼ੁਲਮ ਤੇ ਜ਼ਿਆਦਤੀਆਂ ਕੀਤੀਆਂ।

ਦਮਦਮੀ ਟਕਸਾਲ ਦਾ ਮੁੱਖ ਦਫ਼ਤਰ ਅੰਮ੍ਰਿਤਸਰ ਤੋਂ 35 ਮੀਲ ਦੂਰ ਚੌਕ ਮਹਿਤਾ ਪਿੰਡ ਦੇ ਮੁਕਾਬਲਤਨ ਇਕ ਨਵੇਂ ਬਣੇ ਗੁਰਦੁਆਰੇ ਵਿੱਚ ਸੀ। ਗੁਰਦਵਾਰਾ ਇਕ ਧਾਰਮਕ ਕਿਲ੍ਹੇ ਵਾਂਗ ਪਿੰਡ ਤੋਂ ਇਕ ਪਾਸੇ ਹੈ। ਇਸ ਦੀਆਂ ਉੱਚੀਆਂ ਕੰਧਾਂ ਦੇ ਉਹਲੇ 7 ਸਾਲ ਤੋਂ ਉੱਪਰ ਦੀ ਉਮਰ ਦੇ ਸਿੱਖ ਲੜਕਿਆਂ ਨੂੰ ਸ਼ਸਤਰਾਂ ਤੇ ਤਲਵਾਰਾਂ ਨਾਲ ਆਪਣੇ ਧਰਮ ਦੀ ਰਾਖੀ ਕਰਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬਹੁਤ ਸਾਰੇ ਲੋਕ ਸਿੱਖ ਮਿਸ਼ਨਰੀ ਸਕੂਲਾਂ ਦੀ ਸਿੱਖਿਆ ਨੂੰ ਪ੍ਰਾਚੀਨ ਅੰਧ ਪੰਥ ਜਾਂ ਰੂੜ੍ਹੀਵਾਦੀ ਕਹਿ ਕੇ ਵਿਅੰਗ ਕੱਸਦੇ ਹਨ, ਤੁੱਛ ਸਮਝਦੇ ਹਨ। ਯਕੀਨਨ ਇੱਥੇ ਬਹੁਤ ਜ਼ਿਆਦਾ ਸਮਾਂ ਧਰਮ ਗ੍ਰੰਥ ਨੂੰ ਜ਼ਬਾਨੀ ਯਾਦ ਕਰਨ ਲਈ ਲਗਾਇਆ ਜਾਂਦਾ ਹੈ। ਪਰ ਜਦੋਂ ਮੈਂ ਚੌਕ ਮਹਿਤਾ ਦੀ ਯਾਤਰਾ 'ਤੇ ਗਿਆ ਤਾਂ ਮੈਂ ਇਕ ਨੌਜਵਾਨ ਅਧਿਆਪਕ ਨਾਲ, ਜਿਸ ਨੇ ਯੂਨੀਵਰਸਿਟੀ ਵਿੱਚ ਧਰਮ ਸ਼ਾਸਤਰ ਦਾ ਅਧਿਐਨ ਕੀਤਾ ਸੀ, ਬਹਿਸ ਵਿੱਚ ਉਲਝ ਗਿਆ। ਉਸ ਨੇ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਬਾਈਬਲ ਤੇ ਕੁਰਾਨ ਦਾ ਅਧਿਐਨ ਕੀਤਾ ਸੀ, ਕੰਠ ਕੀਤਾ ਸੀ ਤੇ ਪੂਰੀ ਤਰ੍ਹਾਂ ਉਸ ਗਿਆਨ ਨੂੰ ਜੀਰਿਆ ਤੇ ਕਮਾਇਆ ਹੋਇਆ ਸੀ। ਮੈਂ ਉਸ ਦੀ ਇਸ ਦਲੀਲ ਦਾ ਕੋਈ ਉੱਤਰ ਨਾ ਦੇ ਸਕਿਆ ਕਿ ਈਸਾਈ ਧਰਮ ਦਾ ਈਸਾ ਦੇ ਪੁਨਰ-ਅਵਤਰਨ ਦਾ ਤੇ ਤ੍ਰੈਮੂਰਤੀ ਦਾ ਸਿਧਾਂਤ (ਪ੍ਰਮਾਤਮਾ ਦੇ ਸਰੂਪ ਦੇ ਤਿੰਨ ਪੱਖ) ਪੂਰਨ ਰੂਪ ਵਿੱਚ ਇਕ ਅਕਾਲ ਪੁਰਖ ਦਾ ਸਿਧਾਂਤ ਹੈ ਜਿਸ ਅਨੁਸਾਰ ਪ੍ਰਮਾਤਮਾ, ਕਿਸੇ ਵੀ ਸ਼ਕਲ ਵਿੱਚ, ਜਨਮ ਨਹੀਂ ਲੈ ਸਕਦਾ।

ਦਮਦਮੀ ਟਕਸਾਲ ਦੇ ਮੁਖੀ ਵਜੋਂ ਭਿੰਡਰਾਂਵਾਲੇ ਦੀ ਨਿਯੁਕਤੀ ਅਤੇ ਪੰਜਾਬ ਦੇ ਰਾਜਸੀ ਦ੍ਰਿਸ਼ ਵਿੱਚ ਤਬਦੀਲੀ ਇਕੋ ਸਮੇਂ ਵਾਪਰੀਆਂ। 1977 ਵਿੱਚ ਸ੍ਰੀਮਤੀ ਗਾਂਧੀ ਨੇ ਭਾਰਤ ਤੇ ਵਿਸ਼ਵ ਨੂੰ ਆਮ ਚੋਣਾਂ ਦਾ ਐਲਾਨ ਕਰਕੇ ਤੇ ਮੱਤਦਾਤਾਵਾਂ ਦਾ ਐਮਰਜੈਂਸੀ ਵਿਰੁੱਧ ਫ਼ੈਸਲਾ ਪਰਵਾਨ ਕਰਕੇ ਹੈਰਾਨ ਕਰ ਦਿੱਤਾ। ਜਦੋਂ 18 ਮਹੀਨੇ ਪਹਿਲਾਂ ਸ੍ਰੀਮਤੀ ਗਾਂਧੀ ਨੇ ਆਪਾਤਕਾਲੀਨ ਸ਼ਕਤੀਆਂ ਆਪਣੇ ਹੱਥ ਵਿੱਚ ਲੈ ਕੇ, ਵਿਰੋਧੀ ਨੇਤਾਵਾਂ ਨੂੰ ਗਰਿਫ਼ਤਾਰ ਕਰਕੇ ਤੇ ਪ੍ਰੈਸ 'ਤੇ ਸੈਂਸਰ ਲਾਗੂ ਕਰ ਦਿੱਤਾ ਸੀ ਤਾਂ ਜਾਪਦਾ ਸੀ ਕਿ ਵਿਕਾਸਸ਼ੀਲ ਦੇਸ਼ਾਂ ਦੇ ਆਖ਼ਰੀ ਲੋਕ-ਰਾਜ ਦਾ ਵੀ ਅੰਤ ਹੋ ਗਿਆ ਸੀ। ਨਿਰਸੰਦੇਹ ਸ੍ਰੀਮਤੀ ਗਾਂਧੀ ਦਾ ਸੰਕਟਕਾਲ ਸਥਿਤੀ ਘੋਸ਼ਿਤ ਕਰਨ ਦਾ ਮਨੋਰਥ ਆਪਣੇ ਹਿੱਤਾਂ ਤੇ ਸਥਿਤੀ ਦੀ ਰੱਖਿਆ ਕਰਨਾ ਸੀ। ਅਲਾਹਾਬਾਦ ਹਾਈ ਕੋਰਟ ਨੇ ਉਸ ਨੂੰ ਭ੍ਰਿਸ਼ਟ ਚੋਣ ਜ਼ਾਬਤੇ ਤੇ ਪ੍ਰਕ੍ਰਿਆ ਦਾ ਦੋਸ਼ੀ ਪਾਇਆ। ਭਾਵੇਂ ਇਹ ਸਭ ਮੰਨਦੇ ਸਨ ਕਿ ਉਹਦੇ ਵਿਰੁੱਧ ਦੋਸ਼, ਤਕਨੀਕੀ ਹੀ ਸੀ, ਪਰੰਤੂ ਉਸ ਦੇ ਬਹੁਤ ਸਾਰੇ ਸਲਾਹਕਾਰਾਂ ਨੇ ਉਸ ਨੂੰ ਸਲਾਹ ਦਿੱਤੀ ਸੀ ਕਿ ਉੱਚਤਮ ਅਦਾਲਤ ਵਿੱਚ ਅਪੀਲ ਦਾ ਫ਼ੈਸਲਾ ਹੋਣ ਤੱਕ ਉਸ ਨੂੰ ਤਿਆਗ ਪੱਤਰ ਦੇ ਦੇਣਾ ਚਾਹੀਦਾ ਸੀ। ਵਿਰੋਧੀ ਪਾਰਟੀਆਂ ਨੇ ਜੈ ਪ੍ਰਕਾਸ਼ ਨਾਰਾਇਣ (ਜਿਸਨੂੰ ਬਹੁਤ ਸਾਰੇ ਭਾਰਤੀ ਮਹਾਤਮਾ ਗਾਂਧੀ ਦੀ ਨੈਤਿਕਤਾ ਦਾ ਵਾਰਿਸ ਮੰਨਦੇ ਸਨ) ਦੀ ਅਗਵਾਈ ਵਿੱਚ ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਉਜਾਗਰ ਕਰਨ ਲਈ ਮੁਹਿਮ ਛੇੜ ਦਿੱਤੀ। ਇਸ ਮੁਹਿਮ ਨੇ ਸ਼੍ਰੀਮਤੀ ਗਾਂਧੀ ਤੇ ਕਾਂਗਰਸ ਪਾਰਟੀ ਦੇ ਅਕਸ ਨੂੰ ਭਾਰੀ ਢਾਹ ਲਾਈ। ਸ਼੍ਰੀਮਤੀ ਗਾਂਧੀ ਦੇ ਸਹਿਯੋਗੀਆਂ ਨੇ, ਇਹ ਦਲੀਲ ਦਿੱਤੀ ਕਿ ਉਹ ਵਕਤੀ ਤੌਰ 'ਤੇ ਤਿਆਗ ਪੱਤਰ ਦੇ ਦੇਵੇ, ਕਿਉਂਕਿ ਇਸ ਤੋਂ ਘੱਟ ਕੋਈ ਵੀ ਕਦਮ ਉਠਾਉਣਾ ਜੈ ਪ੍ਰਕਾਸ਼ ਨਾਰਾਇਣ ਵੱਲੋਂ ਚਲਾਈ ਲਹਿਰ ਦੇ ਇਸ਼ਾਰੇ 'ਤੇ ਉਹਦੇ ਹੱਥਾਂ ਵਿੱਚ ਖੇਡਣ ਵਾਲੀ ਗੱਲ ਹੋਵੇਗੀ। ਇਕ ਸਮੇਂ ਉਹ ਇਸ ਦਲੀਲ ਦੇ ਪ੍ਰਭਾਵ ਹੇਠ ਵੀ ਆ ਗਈ ਸੀ, ਪਰ ਉਹਦੇ ਛੋਟੇ ਪੁੱਤਰ ਸੰਜੇ ਨੇ ਉਸ ਨੂੰ ਤਿਆਗ ਪੱਤਰ ਦੇਣ ਤੋਂ ਰੋਕ ਦਿੱਤਾ। ਉਸ ਨੇ ਆਪਣੀ ਮਾਂ ਨੂੰ ਕਿਹਾ ਕਿ ਉਹ ਆਪਣੇ ਕਿਸੇ ਵੀ ਸਹਿਯੋਗੀ ਉੱਪਰ ਰਾਜ ਭਾਗ ਵਾਪਸ ਕਰਨ ਲਈ ਭਰੋਸਾ ਨਹੀਂ ਕਰ ਸਕਦੀ, ਜੇਕਰ ਉੱਚਤਮ ਅਦਾਲਤ ਨੇ ਉਸ ਨੂੰ ਦੋਸ਼ ਮੁਕਤ ਕਰ ਦਿੱਤਾ ਜਿਵੇਂ ਕਿ ਅੰਤ੍ਰਿਮ ਨਿਰਣੇ ਤੋਂ ਪ੍ਰਤੀਤ ਹੁੰਦਾ ਸੀ।

ਸੰਜੇ ਰੋਲਸ ਰਾਇਸ ਕੋਲ ਸ਼ਾਗਿਰਦੀ ਕਰਨ ਵਿੱਚ ਅਸਫਲ ਰਿਹਾ ਤੇ ਹੁਣ ਉਹ ਇਕ ਕਾਰਾਂ ਦਾ ਕਾਰਖ਼ਾਨਾ ਲਾਉਣ ਦੀ ਪ੍ਰਕਿਰਿਆ ਵਿੱਚ ਸੀ ਜੋ ਕਦੇ ਵੀ ਅਸਲੀ ਰੂਪ ਧਾਰ ਨਾ ਸਕਿਆ। ਜਦੋਂ ਐਮਰਜੈਂਸੀ ਲਾਗੂ ਕੀਤੀ ਗਈ ਸੀ, ਉਸ ਵੇਲੇ ਉਸ ਦੀ ਉਮਰ 28 ਸਾਲ ਸੀ ਤੇ ਉਸ ਨੂੰ ਕੋਈ ਰਾਜਸੀ ਅਨੁਭਵ ਨਹੀਂ ਸੀ ਤੇ ਨਾ ਉਹ ਪਾਰਟੀ ਦਾ ਪਦ-ਅਧਿਕਾਰੀ ਸੀ, ਪਰੰਤੂ ਤਜਰਬੇ ਦੀ ਘਾਟ ਤੇ ਅਨਾੜੀਪਣ ਨੇ ਉਸ ਨੂੰ ਉਹ ਅੱਤਿਆਚਾਰੀ ਸ਼ਕਤੀਆਂ ਦੀ ਵਰਤੋਂ ਕਰਨ ਵਿੱਚ ਕੋਈ ਰੁਕਾਵਟ ਨਾ ਪਾਈ ਜੋ ਉਸ ਦੀ ਮਾਂ ਨੇ ਵਿਵਸਥਾ ਨੂੰ ਡਰਾਉਣ ਲਈ ਹਥਿਆ ਲਈਆਂ ਸਨ ਤੇ ਇਕ ਤਰ੍ਹਾਂ ਨਾਲ ਪੁਲੀਸ ਰਾਜ ਕਾਇਮ ਕਰ ਦਿੱਤਾ ਸੀ। ਭਾਰਤੀ ਪੁਲੀਸ ਨੂੰ ਸਿਵਲ ਪ੍ਰਸ਼ਾਸਕਾਂ, ਅਦਾਲਤਾਂ ਤੇ ਪਾਰਲੀਮੈਂਟ ਵੱਲੋਂ ਉਹਦੀਆਂ ਸ਼ਕਤੀਆਂ 'ਤੇ ਰੋਕ ਦੀ ਜ਼ਰੂਰਤ ਸੀ। ਰੋਕ 'ਤੇ ਨਿਯੰਤਰਨ ਤੋਂ ਬਿਨਾਂ ਪੁਲੀਸ ਪਾਗਲਾਂ ਵਾਂਗ ਅੰਨ੍ਹਾ ਤਸ਼ੱਦਦ ਕਰਨ ਦੀ ਦੋਸ਼ੀ ਹੁੰਦੀ ਹੈ।

ਬਹੁਤ ਹੀ ਭਿਆਨਕ ਜ਼ਿਆਦਤੀਆਂ ਪਰਿਵਾਰ ਨਿਯੋਜਨ ਮੁਹਿਮ ਵਿੱਚ ਹੋਈਆਂ, ਜੋ ਸੰਜੇ ਗਾਂਧੀ ਨੇ ਚਲਾਈ। ਉੱਤਰੀ ਭਾਰਤ ਦੇ ਬਹੁਤ ਸਾਰੇ ਖੇਤਰਾਂ ਵਿੱਚ ਸਰਕਾਰੀ ਕਰਮਚਾਰੀਆਂ ਨੂੰ, ਸਣੇ ਸਕੂਲ ਅਧਿਆਪਕਾਂ ਦੇ, ਜ਼ਬਰਦਸਤੀ ਜਰਮ ਰਹਿਤ ਕਰਨ ਜਾਂ ਖੱਸੀ ਕਰਨ ਦੇ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਲਈ ਮਜਬੂਰ ਕੀਤਾ ਗਿਆ।

ਇਸ ਗੱਲ ਵਿੱਚ ਸੰਦੇਹ ਹੈ ਕਿ ਕੀ ਪ੍ਰੈਸ ਦੇ ਸੈਂਸਰ (ਨਿਰਖ ਹੜਤਾਲ) ਤੇ ਸੰਜੇ ਤੋਂ ਡਰ ਕੇ ਚੁੱਪ ਕੀਤੀ ਹੋਈ ਪਾਰਟੀ ਦੇ ਕਾਰਨ ਸ਼੍ਰੀਮਤੀ ਗਾਂਧੀ ਨੂੰ ਸੰਕਟ ਕਾਲ ਦੀਆਂ ਜ਼ਿਆਦਤੀਆਂ ਤੇ ਉਹਨਾਂ ਦੇ ਸ਼੍ਰੀਮਤੀ ਗਾਂਧੀ ਦੇ ਸਮਰਥਨ ਵਿੱਚ ਮੱਤਦਾਤਾਵਾਂ ਉੱਪਰ ਪਏ ਪ੍ਰਭਾਵ ਦਾ ਪੂਰਾ ਗਿਆਨ ਸੀ ? ਸੂਹੀਆ ਏਜੰਸੀਆਂ ਵੀ ਪ੍ਰਧਾਨ ਮੰਤਰੀ ਲਈ ਸਹਾਈ ਤੇ ਲਾਭਕਾਰੀ ਸਿੱਧ ਨਾ ਹੋਈਆਂ। ਕਾਂਗਰਸ ਪਾਰਟੀ ਵਾਂਗ ਉਹ ਵੀ ਕਾਇਰ ਸਨ ਤੇ ਸ਼੍ਰੀਮਤੀ ਗਾਂਧੀ ਨੂੰ ਇਹੋ ਸੂਚਨਾਵਾਂ ਦਿੰਦੀਆਂ ਰਹੀਆਂ ਕਿ ਜ਼ਿਆਦਤੀਆਂ ਦੇ ਇਲਜ਼ਾਮ ਕੇਵਲ ਅਫ਼ਵਾਹਾਂ ਸਨ ਜੋ ਵਿਰੋਧੀ ਪਾਰਟੀਆਂ ਦੇ ਕਾਰਕੁਨਾਂ ਤੇ ਵਿਦੇਸ਼ੀ ਪ੍ਰੈਸ ਤੇ ਬੀ.ਬੀ.ਸੀ. ਨੇ ਫੈਲਾਈਆਂ ਸਨ ਜਿਹਨਾਂ ਦੀ ਅੰਗਰੇਜ਼ੀ ਤੇ ਭਾਰਤੀ ਭਾਸ਼ਾਵਾਂ ਵਿੱਚ ਇਸ ਮਹਾਂਦੀਪ ਵਿੱਚ ਵੱਡੀ ਗਿਣਤੀ ਵਿੱਚ ਸਰੋਤੇ ਸਨ। ਜੇ ਸ਼੍ਰੀਮਤੀ ਗਾਂਧੀ ਨੂੰ ਜਨਤਕ ਭਾਵਨਾ ਤੇ ਰਾਏ ਦੀ ਸਹੀ ਸਥਿਤੀ ਦਾ ਗਿਆਨ ਹੁੰਦਾ ਤਾਂ ਉਹ ਸ਼ਾਇਦ ਆਮ ਚੋਣਾਂ ਦਾ ਐਲਾਨ ਨਾ ਕਰਦੀ, ਜਿਹੜੀਆਂ ਉਹ ਪਹਿਲਾਂ ਹੀ ਇਕ ਸਾਲ ਲਈ ਮਥਗਤ ਕਰ ਚੁੱਕੀ ਸੀ। ਅਸਲ ਵਿੱਚ ਸੰਜੇ ਨੇ ਇਸ ਦੇ ਉਲਟ ਸਲਾਹ ਦਿੱਤੀ ਸੀ ਕਿਉਂਕਿ ਜੋ ਕੁੱਝ ਆਪਾਤਕਾਲ ਸਥਿਤੀ ਵਿੱਚ ਹੋਇਆ ਸੀ, ਉਸ ਬਾਰੇ ਉਸ ਨੂੰ ਆਪਣੀ ਮਾਂ ਨਾਲੋਂ ਜ਼ਿਆਦਾ ਪਤਾ ਸੀ ਕਿਉਂਕਿ ਉਹਦਾ ਐਮਰਜੈਂਸੀ ਦੇ ਸਮੇਂ ਦੀਆਂ ਘਟਨਾਵਾਂ ਨਾਲ ਸਿੱਧਾ ਸੰਬੰਧ ਸੀ। ਪਰੰਤੂ ਸ਼੍ਰੀਮਤੀ ਗਾਂਧੀ ਲੋਕ-ਰਾਜ ਬਹਾਲ ਕਰਨਾ ਚਾਹੁੰਦੀ ਸੀ। ਉਹ ਵਿਸ਼ਵ ਵਿੱਚ ਆਪਣੇ ਰੁਤਬੇ ਬਾਰੇ ਸਦਾ ਹੀ ਸੁਚੇਤ ਸੀ ਤੇ ਇਸ ਨੂੰ ਅਲੋਕਤਾਂਤਰਕ ਐਮਰਜੈਂਸੀ ਕਾਰਨ ਭਾਰੀ ਠੇਸ ਪਹੁੰਚੀ ਸੀ। ਉਹ ਕਹਿੰਦੀ ਸੀ ਕਿ ਲੋਕ-ਰਾਜ ਸਮਾਪਤ ਨਹੀਂ ਕੀਤਾ ਗਿਆ ਸਿਰਫ਼ ਉਸ 'ਤੇ ਰੋਕ ਲਾਈ ਹੋਈ ਹੈ ਤੇ ਉਹ ਇਸ ਦੋਸ਼ ਨੂੰ ਗ਼ਲਤ ਸਿੱਧ ਕਰਨ 'ਤੇ ਤੁਲੀ ਹੋਈ ਸੀ ਕਿ ਉਹ ਤਾਨਾਸ਼ਾਹ ਸੀ।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਸ਼੍ਰੀਮਤੀ ਗਾਂਧੀ ਭਾਰਤ ਉੱਪਰ ਸਖ਼ਤੀ ਨਾਲ ਰਾਜ ਕਰਨ ਕਰਕੇ ਵੀ ਨਾਖ਼ੁਸ਼ ਸੀ। ਉਹ ਲੋਕਾਂ ਵਿੱਚ ਪ੍ਰਸ਼ਾਸਨ ਵਿਰੁੱਧ ਜਮ੍ਹਾਂ ਹੋ ਰਹੇ ਗੁੱਸੇ ਦੀ ਹਵਾੜ ਨੂੰ ਕੱਢਣ ਲਈ ਚੋਣਾਂ ਦੀ ਮਹੱਤਤਾ ਤੋਂ ਭਲੀ-ਭਾਂਤ ਜਾਣੂ ਸੀ।

ਐਮਰਜੈਂਸੀ ਮਗਰੋਂ ਚੋਣਾਂ ਕਾਂਗਰਸ ਤੇ ਸ਼੍ਰੀਮਤੀ ਗਾਂਧੀ ਲਈ ਬੇਨਜ਼ੀਰ ਬਿਪਤਾ ਸੀ। ਉਸ ਨੂੰ ਆਪਣੇ ਰਾਏ ਬਰੇਲੀ ਦੇ ਹਲਕੇ ਤੋਂ ਵੱਡੀ ਹਾਰ ਹੋਈ ਤੇ ਉਹਦੀ ਪਾਰਟੀ ਨੂੰ ਉੱਤਰੀ ਭਾਰਤ ਵਿੱਚ ਇਕ ਵੀ ਸੀਟ ਨਾ ਮਿਲੀ ਤੇ ਇਹ ਉਹ ਖੇਤਰ ਸੀ ਜੋ ਸੰਜੇ ਦੇ ਸੰਕਟ-ਕਾਲੀਨ ਪ੍ਰੋਗਰਾਮਾਂ ਤੋਂ ਪ੍ਰਭਾਵਿਤ ਸੀ। ਪੰਜਾਬ ਵਿੱਚ ਅਕਾਲੀ ਦਲ ਨੇ ਨਵੀਂ ਜਨਤਾ ਪਾਰਟੀ ਨਾਲ ਗਠਬੰਧਨ ਸਰਕਾਰ ਬਣਾਈ, ਜੋ ਦਿੱਲੀ ਵਿੱਚ ਤਾਕਤ ਵਿੱਚ ਆ ਗਿਆ ਸੀ। ਇਹ ਇਕੱਠ ਸੀ ਜੋ ਮਗਰੋਂ ਤਿੰਨ ਬਜ਼ੁਰਗ ਸਿਆਸਤਦਾਨਾਂ ਦੇ ਆਪਸੀ ਸ਼ਰੀਕੇ ਤੇ ਵਿਰੋਧ ਕਾਰਨ ਬਿਖਰ ਗਿਆ ਜੋ ਪ੍ਰਧਾਨ ਮੰਤਰੀ ਦੀ ਪਦਵੀ ਲਈ ਆਪਸੀ ਟਕਰਾਓ ਵਿੱਚ ਸਨ। ਪੰਜਾਬ ਵਿੱਚ ਜਨਤਾ ਪਾਰਟੀ ਨੂੰ ਸ਼ਕਤੀ ਸਾਬਕਾ ਜਨਸੰਘ ਤੋਂ ਹੀ

ਮਿਲੀ। ਭਾਵੇਂ ਅਕਾਲੀ ਦਲ ਨੂੰ ਪਹਿਲਾਂ ਹੀ ਹਿੰਦੂ ਪੱਖੀ ਪਾਰਟੀ ਨਾਲ ਗੱਠਬੰਧਨ ਦੀਆਂ ਔਕੜਾਂ ਦਾ ਅਨੁਭਵ ਸੀ ਪਰੰਤੂ ਉਹਨਾਂ ਨੇ ਜਨਸੰਘ ਦੇ ਸਿਆਸਤਦਾਨਾਂ ਨਾਲ ਗੱਠਬੰਧਨ ਸਰਕਾਰ ਬਣਾਉਣ ਵਿੱਚ ਕੋਈ ਹਿਚਕਚਾਹਟ ਨਾ ਵਿਖਾਈ।

ਪਹਿਲਾਂ ਤਾਂ ਸ਼੍ਰੀਮਤੀ ਗਾਂਧੀ ਨੇ ਆਪਣੀ ਇਸ ਹਾਰ ਨੂੰ ਆਪਣੀ ਸਿਆਸੀ ਜ਼ਿੰਦਗੀ ਦਾ ਅੰਤ ਸਮਝਿਆ। ਸੰਜੇ ਯਕੀਨਨ ਅਜਿਹਾ ਨਹੀਂ ਸਮਝਦਾ ਸੀ। ਉਸ ਨੇ ਮਹਿਸੂਸ ਕਰ ਲਿਆ ਸੀ ਕਿ ਨਵੀਂ ਜਨਤਾ ਪਾਰਟੀ ਦੀ ਏਕਤਾ ਕਿਤਨੀ ਪਤਲੀ ਸੀ ਤੇ ਉਹ ਭਿੰਨ-ਭਿੰਨ ਪਾਰਟੀਆਂ ਦੇ ਨੇਤਾਵਾਂ ਦੀ ਸ਼ਰੀਕੇਬਾਜ਼ੀ ਨੂੰ ਉਭਾਰ ਕੇ ਉਹਨਾਂ ਦੀ ਉਹ ਏਕਤਾ ਖ਼ਤਮ ਕਰਨ 'ਤੇ ਤੁਲਿਆ ਹੋਇਆ ਸੀ ਜੋ ਹੁਣੇ-ਹੁਣੇ ਕਾਹਲੀ ਵਿੱਚ ਵਿਲੀਨ ਹੋਈਆਂ ਸਨ। ਉਸ ਨੂੰ ਜਨਤਾ ਸਰਕਾਰ ਨੂੰ ਡੇਗਣ ਤੇ ਆਪਣੀ ਮਾਂ ਨੂੰ ਗੱਦੀ 'ਤੇ ਬਹਾਲ ਕਰਨ ਲਈ ਤਿੰਨਾਂ ਸਾਲਾਂ ਤੋਂ ਵੀ ਘੱਟ ਸਮਾਂ ਲੱਗਾ।

ਪੰਜਾਬ ਦੀ ਗੱਠਜੋੜ ਸਰਕਾਰ ਤੋੜਨ ਲਈ ਸੰਜੇ ਨੇ ਅਨੁਭਵੀ ਸਿੱਖ ਸਿਆਸਤਦਾਨ ਗਿਆਨੀ ਜ਼ੈਲ ਸਿੰਘ ਦੀ ਸਲਾਹ ਲਈ ਜੋ 1972 ਤੋਂ ਲੈ ਕੇ ਕਾਂਗਰਸ ਪਾਰਟੀ ਦੀ 1977 ਵਿੱਚ ਹੋਈਆਂ ਚੋਣਾਂ ਵਿੱਚ ਹਾਰ ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ। ਜ਼ੈਲ ਸਿੰਘ ਨੇ ਸੰਜੇ ਨੂੰ ਸਲਾਹ ਦਿੱਤੀ ਕਿ ਜਨ ਸੰਘ ਨੂੰ ਤੋੜਨ ਦੀ ਥਾਂ ਅਕਾਲੀ ਦਲ 'ਚ ਫੁੱਟ ਪਾਈ ਜਾਵੇ। ਅਕਾਲੀ ਦਲ ਵਿੱਚ ਤਿੰਨ ਵਿਅਕਤੀਆਂ ਦਾ ਬੋਲਬਾਲਾ ਸੀ। ਇਕ ਸੀ ਪਰਕਾਸ਼ ਸਿੰਘ ਬਾਦਲ ਜੋ ਅਮੀਰ ਕਿਸਾਨ ਸੀ, ਅਨੁਭਵੀ ਸਿਆਸਤਦਾਨ ਸੀ ਤੇ ਜ਼ੈਲ ਸਿੰਘ ਮਗਰੋਂ ਉਹ ਪੰਜਾਬ ਦਾ ਮੁੱਖ ਮੰਤਰੀ ਬਣਿਆ ਸੀ। ਦੂਸਰਾ ਹਰਚੰਦ ਸਿੰਘ ਲੌਂਗੋਵਾਲ ਸੀ, ਜੋ ਭਿੰਡਰਾਂਵਾਲੇ ਵਾਂਗ ਧਰਮ ਪ੍ਰਚਾਰਕ ਸੀ ਤੇ ਉਸ ਨੇ ਐਮਰਜੈਂਸੀ ਵਿਰੁੱਧ ਅੰਦੋਲਨ ਵਿੱਚ ਅਗਵਾਈ ਕੀਤੀ ਸੀ। ਤੀਸਰਾ ਵਿਅਕਤੀ ਸੀ, ਘੱਟ ਪਰ ਸਿੱਧਾ ਸਾਦਾ ਗੁਰਚਰਨ ਸਿੰਘ ਟੌਹੜਾ ਜਿਸ ਦੇ ਕਮਿਊਨਿਸਟਾਂ ਨਾਲ ਸੰਬੰਧ ਸਨ। ਉਹ ਸ਼੍ਰੋ: ਗੁ: ਪ੍ਰ: ਕਮੇਟੀ ਦਾ ਮੁਖੀ ਸੀ। ਪਹਿਲਾਂ ਤਾਂ ਸੰਜੇਂ ਨੇ ਤਿੰਨਾਂ ਨੂੰ ਇਕ ਦੂਸਰੇ ਵਿਰੁੱਧ ਉਕਸਾਉਣ ਦੀ ਵਿਉਂਤ ਬਣਾਈ, ਪਰੰਤੂ ਫਿਰ ਜ਼ੈਲ ਸਿੰਘ, ਜਿਸ ਨੂੰ ਅਕਾਲੀ ਸਿਆਸਤ ਦੀਆਂ ਬਾਰੀਕੀਆਂ ਤੇ ਗੁੰਝਲਾਂ ਦਾ ਡੂੰਘਾ ਅਨੁਭਵ ਸੀ, ਨੇ ਮਹਿਸੂਸ ਕੀਤਾ ਕਿ ਤਿੰਨਾਂ ਵਿੱਚੋਂ ਇਕ ਨੂੰ ਲਾਂਭੇ ਕਰਨ ਨਾਲ ਦੂਸਰੇ ਦੋਹਾਂ ਵਿੱਚ ਨੇੜਤਾ ਹੋਰ ਵਧੇਰੇ ਹੋ ਜਾਵੇਗੀ। ਉਸ ਨੇ ਸੰਜੇ ਨੂੰ ਨਵੇਂ ਧਾਰਮਕ ਨੇਤਾ ਦੀ ਖੋਜ ਕਰਨ ਲਈ ਕਿਹਾ ਜੋ ਅਕਾਲੀ ਦਲ ਦੀ ਪਰੰਪਰਾਗਤ ਲੀਡਰਸ਼ਿਪ ਬਾਰੇ ਲੋਕਾਂ ਵਿੱਚ ਬੇਪਰਤੀਤੀ ਪੈਦਾ ਕਰ ਸਕੇ। ਸੰਜੇ ਨੇ ਉਹਨਾਂ ਨੌਜਵਾਨਾਂ ਨੂੰ ਜੋ ਐਮਰਜੈਂਸੀ ਦੌਰਾਨ ਉਹਦੇ ਸਹਾਇਕ ਰਹੇ ਸਨ, ਕਿਸੇ ਸੰਤ ਦੀ ਖੋਜ ਕਰਨ ਤੇ ਲਾਇਆ। ਪੰਜਾਬ ਵਿੱਚ ਸੰਤਾਂ ਦੀ ਘਾਟ ਨਹੀਂ ਤੇ ਉਹ ਨੌਜਵਾਨ 20 ਸੰਤਾਂ ਦੀ ਸੂਚੀ ਬਣਾ ਕੇ ਲਿਆਏ। ਕਈ ਤਾਂ ਇਸ ਲਈ ਰਜ਼ਾਮੰਦ ਹੀ ਨਹੀਂ ਸੀ ਤੇ ਕਈ ਇਸ ਕਾਰਜ ਲਈ ਅਯੋਗ ਤੇ ਅਢੁੱਕਵੇਂ। ਆਖ਼ਰ ਭਿੰਡਰਾਂਵਾਲੇ ਦਾ ਗੁਣਾ ਪਿਆ ਭਾਵ ਉਸ ਨੂੰ ਇਸ ਕੰਮ ਲਈ ਚੁਣਿਆ ਗਿਆ। ਇਤਿਹਾਸਕ ਤੇ ਬਹੁਤ ਪ੍ਰਤਿਸ਼ਠਾ ਵਾਲੀ ਦਮਦਮੀ ਟਕਸਾਲ ਦਾ ਮੁਖੀ ਹੋਣ ਕਾਰਨ ਉਸ ਦਾ ਸਿੱਖ ਸਮਾਜ ਵਿੱਚ ਪਹਿਲਾਂ ਹੀ ਚੰਗਾ ਆਦਰ ਮਾਨ ਵਾਲਾ ਰੁਤਬਾ ਸੀ। ਕਿਉਂਕਿ ਉਹ ਇਕ ਕੱਟੜ ਮੂਲਵਾਦੀ ਸੀ, ਉਹ ਅਕਾਲੀ ਨੇਤਾਵਾਂ ਦੀ ਧਾਰਮਿਕ ਹਿੱਤਾਂ ਪ੍ਰਤੀ ਸਮਝੌਤਿਆਂ ਵਾਲੀ ਨੀਤੀ ਦਾ ਲਾਭ ਉਠਾ ਸਕਦਾ ਸੀ ਜੋ

ਅਕਾਲੀ ਦਲ ਦੇ ਨੇਤਾ ਗੱਦੀ 'ਤੇ ਬਣੇ ਰਹਿਣ ਲਈ ਅਪਣਾਉਣ ਲਈ ਮਜਬੂਰ ਸਨ। ਪਰੰਤੂ ਇਕ ਮੁਸ਼ਕਲ ਸੀ, ਭਿੰਡਰਾਂਵਾਲੇ ਨੂੰ ਕੋਈ ਬਹਾਨਾ ਚਾਹੀਦਾ ਸੀ। ਜਦੋਂ ਸੰਜੇ ਯੁਵਕਾਂ ਨੂੰ ਉਹ ਮਿਲਿਆ ਤਾਂ ਉਹ ਉਸ ਸਮੇਂ ਆਪਣੇ ਪੈਰੋਕਾਰਾਂ ਨਾਲ ਸਿੱਖ ਧਰਮ ਨੂੰ ਦਰ ਪੇਸ਼ ਖ਼ਤਰਿਆਂ ਵਿਰੁੱਧ ਪ੍ਰਚਾਰ ਕਰ ਰਿਹਾ ਸੀ। ਪਰੰਤੂ ਦਾੜ੍ਹੀ ਕੇਸ ਕਟਾਉਣ ਦੀ ਲਾਅਨਤ, ਸ਼ਰਾਬ ਤੇ ਹੋਰ ਨਸ਼ੇ ਕੋਈ ਰਾਜਸੀ ਸਮੱਸਿਆਵਾਂ ਨਹੀਂ ਸਨ, ਇਸ ਲਈ ਸੰਜੇ ਤੇ ਜ਼ੈਲ ਸਿੰਘ ਉਸ ਮਸਲੇ ਦੀ ਖੋਜ ਵਿੱਚ ਲੱਗ ਗਏ ਜੋ ਰਾਜਸੀ ਵੀ ਹੋਵੇ ਤੇ ਧਾਰਮਿਕ ਵੀ।

ਉਹਨਾਂ ਨੂੰ ਇਹ ਵਿਸ਼ਾ ਨਿਰੰਕਾਰੀਆਂ ਤੋਂ ਲੱਭ ਪਿਆ। ਨਿਰੰਕਾਰੀ ਸਿੱਖਾਂ ਦਾ ਇਕ ਕਾਫ਼ਰ ਤੇ ਧਰਮ ਵਿਰੋਧੀ ਮੱਤ ਹੈ ਜਿਹਨਾਂ ਦਾ ਪ੍ਰਭਾਵ ਪੰਜਾਬੀਆਂ ਦੇ ਵਪਾਰੀ ਵਰਗ ਵਿੱਚ ਕਾਫ਼ੀ ਹੈ। ਨਿਰੰਕਾਰੀਆਂ ਦਾ ਜਨਮ ਪਿਛਲੀ ਸਦੀ (19ਵੀਂ ਸਦੀ ਅਨੁਵਾਦਕ) ਵਿੱਚ ਧਾਰਮਿਕ ਪੁਨਰ ਜਾਗਰਨਵਾਦੀ ਮੱਤ ਵਜੋਂ ਹੋਇਆ। ਉਹਨਾਂ ਦੇ ਬਾਨੀ ਬਾਬਾ ਦਿਆਲ ਦਾਸ ਨੇ ਸਿੱਖਾਂ ਵਿੱਚ ਹਿੰਦੂਆਂ ਦੀਆਂ ਰਸਮਾਂ ਰੀਤਾਂ ਜਿਵੇਂ ਬੁੱਤ ਪੂਜਾ, ਬ੍ਰਾਹਮਣੀ ਕਰਮ ਕਾਂਡਾਂ ਤੇ ਗੰਗਾ ਇਸ਼ਨਾਨ ਵੱਲ ਵੱਧ ਰਹੇ ਝੁਕਾਵਾਂ ਦੇ ਵਿਰੁੱਧ ਪ੍ਰਚਾਰ ਕੀਤਾ। ਬਾਬਾ ਦਿਆਲ ਦਾਸ ਨੇ ਇਸ ਸਿੱਖ ਸਿਧਾਂਤ 'ਤੇ ਜ਼ੋਰ ਦਿੱਤਾ ਕਿ ਪ੍ਰਮਾਤਮਾ ਦਾ ਵਰਨਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਨਿਰਾਕਾਰ (ਨਿਰੰਕਾਰ) ਹੈ। ਨਿਰੰਕਾਰੀ ਦਾ ਭਾਵ ਹੈ ਸ਼ਕਲ ਸੂਰਤ ਤੋਂ ਬਿਨਾਂ ਜਾਂ ਆਕਾਰ-ਰਹਿਤ। ਮਗਰੋਂ ਲਹਿਰ ਦੁਫਾੜ ਹੋ ਗਈ ਤੇ ਇਸ ਵਿੱਚ ਕੁਫਰ, ਕੁਰੀਤੀਆਂ ਤੇ ਧਰਮ ਵਿਰੋਧੀ ਗੱਲਾਂ ਆ ਗਈਆਂ। ਨਿਰੰਕਾਰੀਆਂ ਦੇ ਵੱਡੇ ਧੜੇ ਨੇ ਸਿੱਖਾਂ ਦੇ ਆਖ਼ਰੀ ਗੁਰੂ, ਗੁਰੂ ਗੋਬਿੰਦ ਸਿੰਘ ਦੇ ਇਸ ਆਦੇਸ਼ ਦੇ ਬਾਵਜੂਦ ਕਿ ਉਹ ਆਖ਼ਰੀ ਦੇਹਧਾਰੀ ਗੁਰੂ ਸੀ, ਮੋਢੀ ਤੇ ਉਹਦੇ ਉੱਤਰਾਧਿਕਾਰੀਆਂ ਪ੍ਰਤੀ ਗੁਰੂ ਸਾਹਿਬਾਨ ਵਾਂਗ ਹੀ ਸ਼ਰਧਾ ਭਾਵ ਤੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਉਹ ਆਪਣੇ ਮੋਢੀ ਵੱਲੋਂ ਮੂਰਤੀ ਪੂਜਾ ਦੀ ਨੁਕਤਾਚੀਨੀ ਭੁੱਲ ਕੇ, ਉਹਦੇ ਸੈਂਡਲਾਂ ਦੀ ਪੂਜਾ ਕਰਨ ਲੱਗੇ, ਪਰੰਤੂ ਸਭ ਤੋਂ ਵਧੀਕ ਘਿਰਨਾਜਨਕ ਗੱਲ ਜੋ ਸਨਾਤਨੀ ਸਿੱਖਾਂ ਨੂੰ ਲੱਗੀ, ਉਹ ਨਿਰੰਕਾਰੀਆਂ ਵੱਲੋਂ ਆਪਣਾ ਧਰਮ ਗ੍ਰੰਥ ਰਚਣ ਦੀ ਸੀ, ਜਿਸ ਨੂੰ ਉਹਨਾਂ ਨੇ ਆਪਣੇ ਧਰਮ ਸਿਧਾਂਤਾਂ ਵਿੱਚ ਸ਼ਾਮਲ ਕਰ ਲਿਆ ਹੈ। ਉਹਨਾਂ ਵਿੱਚ ਕੁਝ ਪੈਰ੍ਹੇ ਗੁਰੂ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਵਿਰੁੱਧ ਬੇਅਦਬੀ ਵਾਲੇ ਵੀ ਹਨ। ਇਸ ਮੱਤ ਦੀ ਵਧਦੀ ਲੋਕ-ਪ੍ਰਿਅਤਾ ਕਾਰਨ ਸਿੱਖ ਜੱਥੇਦਾਰਾਂ ਨੇ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਕਰ ਦਿੱਤਾ ਜਿਸ ਵਿੱਚ ਉਹਨਾਂ ਨੂੰ ਕਾਫਰ ਤੇ ਸਿੱਖ ਧਰਮ ਦੇ ਵਿਰੋਧੀ ਕਿਹਾ ਗਿਆ। ਸਿੱਖਾਂ ਨੂੰ ਕਿਹਾ ਗਿਆ ਕਿ ਉਹ ਨਿਰੰਕਾਰੀਆਂ ਦੇ ਵੱਧ ਰਹੇ ਪ੍ਰਚਾਰ ਨੂੰ ਰੋਕਣ ਤੇ ਉਹਨਾਂ ਨੂੰ ਆਪਣੇ ਸਮਾਜ ਵਿੱਚੋਂ ਛੇਕ ਦੇਣ। ਸਨਾਤਨੀ ਸਿੱਖਾਂ ਤੇ ਨਿਰੰਕਾਰੀਆਂ ਵਿੱਚ ਤਨਾਅ ਵੱਧ ਗਿਆ ਤੇ ਕਈ ਥਾਂਈਂ ਲੜਾਈਆਂ ਤੇ ਖਲਬਲੀ ਅਤੇ ਦੰਗੇ ਹੋਏ।

ਫਿਰ 1978 ਵਿੱਚ ਅਕਾਲੀ ਦਲ ਸਰਕਾਰ ਸੰਜੇ ਗਾਂਧੀ ਤੇ ਜ਼ੈਲ ਸਿੰਘ ਦੇ ਹੱਥਾਂ ਵਿੱਚ ਖੇਡਣ ਲੱਗੀ। ਉਹਨਾਂ ਨੇ ਐਲਾਨ ਕੀਤਾ ਕਿ ਨਿਰੰਕਾਰੀਆਂ ਨੂੰ ਪਵਿੱਤਰ ਧਾਰਮਿਕ ਨਗਰ ਵਿੱਚ ਆਪਣਾ ਸਮਾਗਮ ਕਰਨ ਦੀ ਆਗਿਆ ਦਿੱਤੀ ਜਾਵੇਗੀ। ਸਮਾਗਮ ਵਾਲੇ ਦਿਨ ਭਾਵ 13 ਅਪ੍ਰੈਲ 1978 ਨੂੰ ਇਕ ਧਨੀ ਸਿੱਖ ਵਪਾਰੀ ਰਾਜਾ ਹਰਮੀਤ ਸਿੰਘ

ਬੱਤਰਾ ਸਵਰਨ ਮੰਦਰ ਵਿੱਚ ਸੀ। ਉਸ ਨੇ ਅਕਾਲੀ ਦਲ ਦੀ ਸਰਕਾਰ ਵਿੱਚ ਜੀਵਨ ਸਿੰਘ ਉਮਰਾਨੰਗਲ ਨੂੰ ਰੋਹ ਵਿੱਚ ਆਈ ਤੇ ਭੜਕੀ ਹੋਈ ਸਿੱਖ ਸੰਗਤ ਨੂੰ ਇਹ ਸਮਝਾਉਣ ਦਾ ਯਤਨ ਕਰਦਿਆਂ ਸੁਣਿਆ ਕਿ ਉਹਨਾਂ ਦੀ ਸਰਕਾਰ ਨਿਰੰਕਾਰੀ ਸਮਾਗਮ 'ਤੇ ਰੋਕ ਨਹੀਂ ਲਾ ਸਕਦੀ। ਇਸ ਦਾ ਕਾਰਨ ਇਹ ਸੀ ਕਿ ਨਿਰੰਕਾਰੀ ਉਹਨਾਂ ਹਿੰਦੂ ਵਪਾਰੀਆਂ ਨਾਲ ਸੰਬੰਧਿਤ ਸਨ ਜੋ ਜਨ ਸੰਘ ਦੇ ਸਮਰੱਥਕ ਸਨ ਜਿਹੜੀ ਅਕਾਲੀ ਜਨਸੰਘ ਗਠਜੋੜ ਵਾਲੀ ਸਰਕਾਰ ਦੇ ਭਾਈਵਾਲ ਸਨ। ਪਰੰਤੂ ਮਾਲ ਮੰਤਰੀ ਦੀ ਵਿਆਖਿਆ ਉਸ ਇਕੱਠ ਨੂੰ ਸੰਤੁਸ਼ਟ ਨਾ ਕਰ ਸਕੀ ਜੋ ਵਧੇਰੇ ਕਰਕੇ ਸਿੱਖ ਕਿਸਾਨਾਂ 'ਤੇ ਆਧਾਰਿਤ ਸੀ, ਜਿਹੜੇ ਵਪਾਰੀਆਂ ਨੂੰ ਵਿਸ਼ਵ ਭਰ ਦੇ ਕਿਸਾਨਾਂ ਦੇ ਲੁਟੇਰੇ ਤੇ ਸ਼ੋਸ਼ਣਕਾਰੀ ਸਮਝਦੇ ਹਨ। ਭਿੰਡਰਾਂਵਾਲਾ ਨੇ ਉਸ ਸਮੇਂ ਖੜੇ ਹੋ ਕੇ ਉੱਚੀ ਆਵਾਜ਼ ਵਿੱਚ ਲਲਕਾਰਿਆ, "ਅਸੀਂ ਨਿਰੰਕਾਰੀਆਂ ਦਾ ਸਮਾਗਮ ਨਹੀਂ ਹੋਣ ਦੇਵਾਂਗੇ। ਅਸੀਂ ਉਹਨਾਂ ਵੱਲ ਕੂਚ ਕਰਨ ਲੱਗੇ ਹਾਂ ਤੇ ਉਹਨਾਂ ਦੇ ਟੁਕੜੇ-ਟੁਕੜੇ ਕਰ ਦੇਵਾਂਗੇ।" ਇਹ ਪਹਿਲੀ ਵਾਰ ਸੀ ਜਦੋਂ ਬੱਤਰਾ ਤੇ ਸ਼ਾਇਦ ਹੋਰ ਬਹੁਤ ਸਾਰਿਆਂ ਨੇ ਭਿੰਡਰਾਂਵਾਲੇ ਨੂੰ ਵੇਖਿਆ ਸੀ। ਬੱਤਰਾ ਉੱਪਰ ਉਸ ਦਾ ਚੰਗਾ ਪ੍ਰਭਾਵ ਨਾ ਪਿਆ। ਉਸ ਨੇ ਕਿਹਾ, "ਮੈਨੂੰ ਉਸ ਵਿਅਕਤੀ ਦੇ ਸ਼ਿਸ਼ਟਾਚਾਰ ਤੇ ਵਤੀਰੇ ਤੋਂ ਨਫ਼ਰਤ ਹੋ ਗਈ।"

ਭਿੰਡਰਾਂਵਾਲਾ ਅਤੇ ਫੌਜਾ ਸਿੰਘ ਨਾਮ ਦਾ ਪੰਜਾਬ ਦਾ ਖੇਤੀ ਬਾੜੀ ਇਨਸਪੈਕਟਰ ਇਕ ਜਲੂਸ ਦੀ ਅਗਵਾਈ ਕਰਦੇ ਸਵਰਨ ਮੰਦਰ ਤੋਂ ਬਾਹਰ ਨਿਰੰਕਾਰੀਆਂ ਵਿਰੁੱਧ ਨਾਅਰੇ ਲਾਉਂਦੇ ਤੁਰ ਪਏ। ਨਿਹੰਗਾਂ ਦੇ ਬੁੰਗੇ ਤੱਕ ਦੋ ਮੀਲ ਲੰਮੀ ਯਾਤਰਾ ਦੇ ਦੌਰਾਨ ਇਕ ਉਤੇਜਿਤ ਸਿੱਖ ਨੇ ਇਕ ਹਿੰਦੂ ਹਲਵਾਈ ਦੀ ਬਾਂਹ ਵੱਢ ਦਿੱਤੀ। ਫਿਰ ਵੀ ਪੁਲਸ ਨੇ ਜਲੂਸ ਨੂੰ ਰੋਕਣ ਦਾ ਕੋਈ ਯਤਨ ਨਾ ਕੀਤਾ। ਜਦੋਂ ਸਿੱਖ ਸਮਾਗਮ ਵਾਲੀ ਥਾਂ 'ਤੇ ਪਹੁੰਚੇ, ਫੌਜਾ ਸਿੰਘ ਨੇ ਆਪਣੀ ਕਿਰਪਾਨ ਮਿਆਨ 'ਚੋਂ ਕੱਢੀ ਤੇ ਨਿਰੰਕਾਰੀ ਗੁਰੂ, ਬਾਬਾ ਗੁਰਬਚਨ ਸਿੰਘ ਦੀ ਧੌਣ ਤੇ ਮਾਰੀ। ਗੁਰੂ ਦੇ ਇਕ ਅੰਗ ਰੱਖਿਅਕ ਨੇ ਫੌਜਾ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤੇ ਫਿਰ ਲੜਾਈ ਸ਼ੁਰੂ ਹੋ ਗਈ ਜਿਸ ਵਿੱਚ 12 ਸਿੱਖ ਤੇ ਤਿੰਨ ਨਿਰੰਕਾਰੀ ਮਾਰੇ ਗਏ। 12 ਸਿੱਖ ਸ਼ਹੀਦ ਬਣ ਗਏ ਤੇ ਸੰਜੇ ਗਾਂਧੀ ਤੇ ਜ਼ੈਲ ਸਿੰਘ ਨੂੰ ਉਹ ਮਸਲਾ ਮਿਲ ਗਿਆ ਜਿਸ ਦੀ ਉਹਨਾਂ ਨੂੰ ਜ਼ਰੂਰਤ ਸੀ।

ਸੰਜੇ ਗਾਂਧੀ ਤੇ ਕਾਂਗਰਸ ਪਾਰਟੀ ਨੇ 12 ਸਿੱਖਾਂ ਦੀ ਸ਼ਹਾਦਤ ਨੂੰ ਨਿਰੰਕਾਰੀਆਂ ਵਿਰੁੱਧ ਅੰਦੋਲਨ ਲਈ ਚਾਬੁਕ ਵਜੋਂ ਵਰਤਿਆ। ਅਕਾਲੀ ਦਲ ਦੁਬਿਧਾ ਵਿੱਚ ਪੈ ਗਿਆ ਤੇ ਜਦ ਤੱਕ ਉਹ ਤਾਕਤ ਵਿੱਚ ਰਿਹਾ ਉਹ ਦੁਬਿਧਾ 'ਚੋਂ ਨਾ ਨਿਕਲ ਸਕਿਆ। ਸਿੱਖ ਪਰੰਪਰਾ ਦੇ ਰੱਖਿਅਕ ਹੋਣ ਦੇ ਨਾਤੇ ਉਹ ਧਰਮ ਦੇ ਵਿਰੁੱਧ ਚੱਲਣ ਵਾਲੇ ਕਾਫ਼ਰਾਂ ਦੇ ਵਿਰੋਧ ਵਿੱਚ ਚਲਾਈ ਲਹਿਰ ਤੋਂ ਉਹ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਦੇ ਸਨ। ਜਦ ਤੱਕ ਅਕਾਲੀ ਗੱਦੀ 'ਤੇ ਰਹੇ ਭਾਵ ਤਾਕਤ ਵਿੱਚ ਰਹੇ, ਉਹਨਾਂ ਨੇ ਨਿਰੰਕਾਰੀਆਂ ਵਿਰੁੱਧ ਚਲ ਰਹੇ ਅੰਦੋਲਨ ਨੂੰ ਕੋਈ ਉਤਸ਼ਾਹ ਜਾਂ ਥਾਪੜਾ ਨਾ ਦਿੱਤਾ। ਜ਼ਿਆਦਾ ਵਿਖਾਵੇ ਤੇ ਮੁਜ਼ਾਹਰੇ ਦਿੱਲੀ ਵਿੱਚ ਹੀ ਹੋਏ ਤੇ ਉਹਨਾਂ ਦਾ ਪ੍ਰਬੰਧ ਵੀ ਕਾਂਗਰਸ ਦੇ ਨਿਯੰਤਰਨ ਵਾਲੀਆਂ ਸਥਾਨਕ ਗੁਰਦੁਆਰਾ ਕਮੇਟੀਆਂ ਨੇ ਹੀ ਕੀਤਾ।

ਕਾਂਗਰਸ ਪ੍ਰਚਾਰ ਸੰਗਠਨ ਨੇ ਭਿੰਡਰਾਂਵਾਲੇ ਨੂੰ ਨਿਰੰਕਾਰੀ ਸਮਾਗਮ ਉੱਪਰ

ਹਮਲਾ ਕਰਨ ਵਾਲਾ ਨਾਇਕ ਬਣਾ ਕੇ ਪੇਸ਼ ਕੀਤਾ, ਪਰੰਤੂ ਇਸ ਸਬੰਧੀ ਅਨੇਕ ਸ਼ੰਕੇ ਸਨ। ਫੌਜਾ ਸਿੰਘ ਦੀ ਵਿਧਵਾ ਬੀਬੀ ਅਮਰਜੀਤ ਕੌਰ ਨੇ ਦਾਅਵਾ ਕੀਤਾ ਕਿ ਸਮਾਗਮ ਵਿੱਚ ਜਲੂਸ ਦੇ ਪਹੁੰਚਣ ਤੋਂ ਪਹਿਲਾਂ ਹੀ ਭਿੰਡਰਾਂਵਾਲਾ ਖਿਸਕ ਗਿਆ ਸੀ। ਆਪਣੇ ਪਤੀ ਦੀ ਮੌਤ ਪਿੱਛੋਂ ਉਹ ਸਵਰਨ ਮੰਦਰ ਵਿੱਚ ਚਲੀ ਗਈ ਜਿੱਥੇ ਉਹ ਅੱਤਵਾਦੀਆਂ ਦੇ ਛੋਟੇ ਜਿਹੇ ਦਲ "ਅਖੰਡ ਕੀਰਤਨੀ ਜੱਥੇ" ਦੀ ਅਗਵਾਈ ਕਰਦੀ ਰਹੀ। ਉਹ ਭਿੰਡਰਾਂਵਾਲੇ ਦੀ ਮੌਤ ਤੱਕ ਉਹਦੇ ਸਰੀਰ ਵਿੱਚ ਕੰਡੇ ਵਾਂਗ ਰੜਕਦੀ ਰਹੀ। ਉਹ ਹਰਿਮੰਦਰ ਦੇ ਅੰਦਰ ਰਹਿਣ ਵਾਲੇ ਕੁਝ ਕੁ ਲੋਕਾਂ ਵਿੱਚੋਂ ਸੀ ਜੋ ਉਸ ਨੂੰ ਖੁਲ੍ਹਮ ਖੁਲ੍ਹਾ ਨਿੰਦਦੀ ਸੀ ਤੇ ਉਸ ਦੀ ਬੁਜ਼ਦਿਲੀ ਲਈ ਉਸ ਨੂੰ ਆਪਣੇ ਪਤੀ ਦੀ ਮੌਤ ਦਾ ਦੋਸ਼ ਦਿੰਦੀ ਸੀ।

ਸੰਜੇ ਗਾਂਧੀ ਤੇ ਜ਼ੈਲ ਸਿੰਘ ਨੂੰ ਵੀ ਇਕ ਪਾਰਟੀ ਦੀ ਜ਼ਰੂਰਤ ਸੀ, ਜੋ ਭਿੰਡਰਾਂਵਾਲੇ ਦਾ ਸਮਰਥਨ ਕਰੇ ਤੇ ਅਕਾਲੀਆਂ ਨੂੰ ਤੰਗ ਪਰੇਸ਼ਾਨ ਕਰੇ। ਇਸ ਲਈ 13 ਅਪ੍ਰੈਲ 1978 ਤੋਂ ਤੇ ਨਿਰੰਕਾਰੀ ਸਮਾਗਮ ਤੋਂ ਇਕ ਹਫ਼ਤਾ ਪਹਿਲਾਂ ਇਕ ਨਵਾਂ ਦਲ ਬਣਾਇਆ ਗਿਆ। ਇਸ ਪਾਰਟੀ ਨੂੰ ਦਲ ਖ਼ਾਲਸਾ ਭਾਵ ਸ਼ੁੱਧ ਸਿੱਖਾਂ ਦੀ ਪਾਰਟੀ ਕਿਹਾ ਗਿਆ। ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਸਿੱਖ ਫ਼ੌਜ ਦਾ ਇਹੋ ਨਾਮ ਸੀ। ਇਸ ਦੀ ਪਹਿਲੀ ਮੀਟਿੰਗ ਅਰੋਮਾ ਹੋਟਲ ਵਿੱਚ ਹੋਈ ਤੇ ਹੋਟਲ ਦੇ ਕਰਮਚਾਰੀਆਂ ਅਨੁਸਾਰ ਉਸ ਪਾਰਟੀ ਦਾ 600 ਰੁਪਏ ਦਾ ਬਿੱਲ ਗਿਆਨੀ ਜ਼ੈਲ ਸਿੰਘ ਨੇ ਅਦਾ ਕੀਤਾ। ਇਕ ਸਟੈਨੋਗਰਾਫ਼ਰ ਜੋ ਹੁਣੇ-ਹੁਣੇ ਖ਼ਾਲਿਸਤਾਨ ਦੀ ਹਿਮਾਇਤ ਕਰਨ ਵਾਲੀ ਦੁਵਰਕੀ ਦੇ ਛਾਪਣ ਨਾਲ ਸਬੰਧਿਤ ਹੈ, ਇਸ ਦਾ ਪ੍ਰਧਾਨ ਚੁਣਿਆ ਗਿਆ ਸੀ।

ਇਸ ਥਾਂ 'ਤੇ ਖ਼ਾਲਿਸਤਾਨ ਦੀ ਸਥਾਪਨਾ ਤੇ ਵਿਚਾਰ ਕੀਤੀ ਗਈ। ਖ਼ਾਲਿਸਤਾਨ ਦਾ ਭਾਵ ਹੈ "ਖ਼ਾਲਸੇ ਦਾ ਦੇਸ਼" ਤੇ ਇਹੋ ਨਾਮ ਵੱਖਵਾਦੀਆਂ ਨੇ ਉਸ ਸੁਤੰਤਰ ਮੁਲਕ ਦਾ ਰੱਖਿਆ ਹੈ ਜਿਸ ਖ਼ਾਤਰ ਉਹ ਲੜ ਰਹੇ ਹਨ। ਫ਼ੌਜੀ ਕਾਰਵਾਈ ਜੋ ਸਵਰਨ ਮੰਦਰ ਬਾਰੇ ਕੀਤੀ ਗਈ ਹੈ, ਉਸ ਬਾਰੇ ਸਰਕਾਰੀ ਸਫ਼ੇਦ ਪੱਤਰ ਵਿੱਚ ਇਹ ਗੱਲ ਮੰਨੀ ਗਈ ਹੈ ਕਿ ਮੁੱਢ ਵਿੱਚ "ਦਲ ਖਾਲਸਾ" ਦੀ ਸਥਾਪਨਾ ਨਿਸ਼ਚਿਤ ਰੂਪ ਵਿੱਚ ਆਜ਼ਾਦ ਪ੍ਰਭੂਤਵ ਸੰਪੰਨ ਸਿੱਖ ਰਾਜ ਦੇ ਮਨੋਰਥ ਨਾਲ ਕੀਤੀ ਗਈ ਸੀ। ਪਰੰਤੂ ਫਿਰ ਵੀ, ਜ਼ੈਲ ਸਿੰਘ ਜੋ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ ਤੇ ਛੇਤੀ ਹੀ ਕੇਂਦਰੀ ਮੰਤਰੀ ਮੰਡਲ ਵਿੱਚ ਗ੍ਰਹਿ ਮੰਤਰੀ ਬਣ ਕੇ ਜਾ ਰਿਹਾ ਸੀ ਤੇ ਮਗਰੋਂ ਭਾਰਤ ਦਾ ਰਾਸ਼ਟਰਪਤੀ ਬਣਿਆ, ਦਲ ਖ਼ਾਲਸਾ ਦੇ ਹਿੱਤਾਂ ਨੂੰ ਸਮਰਥਨ ਦਿੰਦਾ ਰਿਹਾ। ਚੰਡੀਗੜ੍ਹ ਦੇ ਪੱਤਰਕਾਰਾਂ ਨੂੰ ਯਾਦ ਹੈ ਕਿ ਕਿਵੇਂ ਉਹ ਉਹਨਾਂ ਨੂੰ ਫ਼ੋਨ ਕਰਕੇ "ਦਲ ਖ਼ਾਲਸਾ" ਦੀਆਂ ਖ਼ਬਰਾਂ ਉਹਨਾਂ ਦੇ ਅਖ਼ਬਾਰਾਂ ਦੇ ਮੁੱਖ ਪੰਨਿਆਂ 'ਤੇ ਛਾਪਣ ਨੂੰ ਕਿਹਾ ਕਰਦਾ ਸੀ। ਭਿੰਡਰਾਂਵਾਲੇ ਦਾ ਕਦੇ ਵੀ ਦਲ ਖ਼ਾਲਸਾ ਨਾਲ ਖੁਲ੍ਹਮ-ਖੁਲ੍ਹਾ ਸੰਬੰਧ ਜਾਂ ਸੰਪਰਕ ਨਹੀਂ ਰਿਹਾ ਸੀ। ਉਸ ਨੇ ਆਪਣੀ ਮੌਤ ਤੱਕ ਇਹੋ ਕਿਹਾ ਕਿ ਉਹ ਧਰਮ ਨਾਲ ਸੰਬੰਧਿਤ ਵਿਅਕਤੀ ਹੈ ਤੇ ਉਹ ਰਾਜਸੀ ਆਗੂ ਨਹੀਂ ਹੈ, ਪਰ "ਦਲ ਖ਼ਾਲਸਾ" ਨੂੰ ਸਦਾ ਹੀ ਭਿੰਡਰਾਂਵਾਲੇ ਦੀ ਪਾਰਟੀ ਕਿਹਾ ਜਾਂਦਾ ਰਿਹਾ ਸੀ।

ਇਕ ਸਾਲ ਮਗਰੋਂ ਭਿੰਡਰਾਂਵਾਲਾ ਤੇ ਦਲ ਖ਼ਾਲਸਾ ਆਪਣੀ ਪਹਿਲੀ ਚੋਣ ਵਿੱਚ ਉਲਝ ਗਏ। ਇਹ ਚੋਣਾਂ ਪ੍ਰਭਾਵਸ਼ਾਲੀ ਸ਼੍ਰੋ: ਗੁ: ਪ੍ਰ: ਕਮੇਟੀ ਦੀਆਂ ਸਨ। ਅਕਾਲੀ ਦਲ

ਨੇਤਾਵਾਂ ਲਈ ਸ਼੍ਰੋ: ਗੁ: ਪ੍ਰ: ਕਮੇਟੀ 'ਤੇ ਮੁੜ ਕਬਜ਼ਾ ਕਰਨ ਲਈ ਇਹ ਬਹੁਤ ਮਹੱਤਵਪੂਰਨ ਸਨ ਕਿਉਂਕਿ ਇਹੋ ਕਮੇਟੀ ਪਾਰਟੀ ਨੂੰ ਆਰਥਿਕ ਸਹਾਇਤਾ ਦਿੰਦੀ ਸੀ ਤੇ ਪੰਜਾਬ ਭਰ ਦੇ ਗੁਰਦਵਾਰਿਆਂ ਦਾ ਪ੍ਰਬੰਧ ਕਰਦੀ ਸੀ ਜਿਥੋਂ ਪਾਰਟੀ ਦਾ ਸੰਦੇਸ਼ ਮੁਲਕ ਭਰ ਲਈ ਦਿੱਤਾ ਜਾਂਦਾ ਹੈ। ਸੰਜੇ ਗਾਂਧੀ ਤੇ ਜ਼ੈਲ ਸਿੰਘ ਨੂੰ ਭਿੰਡਰਾਂਵਾਲੇ ਤੋਂ ਬਹੁਤ ਆਸਾਂ ਸਨ। ਉਹ ਨਿਰੰਕਾਰੀਆਂ ਦੇ ਵਿਰੁੱਧ ਅੰਦੋਲਨ ਦਾ ਸਭ ਤੋਂ ਪ੍ਰਮੁੱਖ ਨੇਤਾ ਬਣ ਗਿਆ ਸੀ ਤੇ ਉਹਦਾ ਇਕ ਧਰਮ ਪ੍ਰਚਾਰਕ ਵਜੋਂ ਬਠਿੰਡਾ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿੱਚ ਨਾਮ ਕਾਫ਼ੀ ਪ੍ਰਸਿੱਧ ਹੋ ਗਿਆ ਸੀ ਤੇ ਇਹੋ ਜ਼ਿਲ੍ਹੇ ਅਕਾਲੀ ਦਲ ਦਾ ਗੜ੍ਹ ਸਨ। ਪਰ ਉਹਨਾਂ ਨੂੰ ਨਿਰਾਸਤਾ ਹੋਈ ਕਿਉਂਕਿ ਭਿੰਡਰਾਂਵਾਲੇ ਵੱਲੋਂ ਖੜੇ ਕੀਤੇ ਉਮੀਦਵਾਰਾਂ ਨੂੰ ਸ਼੍ਰੋ: ਗੁ: ਪ੍ਰ: ਕਮੇਟੀ ਦੀਆਂ ਚੋਣਾਂ ਵਿੱਚ 140 'ਚੋਂ ਕੇਵਲ 4 ਸੀਟਾਂ ਹੀ ਮਿਲੀਆਂ। ਅਕਾਲੀ ਦਲ ਨੇਤਾਵਾਂ ਦੀ ਨਿਯੰਤਰਨਸ਼ਾਲੀ ਤੇ ਪ੍ਰਭਾਵਸ਼ਾਲੀ ਜਿੱਤ ਹੋਈ। ਸੰਜੇ ਗਾਂਧੀ ਤੇ ਜ਼ੈਲ ਸਿੰਘ ਨਿਰੰਕਾਰੀਆਂ ਵਿਰੁੱਧ ਲਹਿਰ ਵਿੱਚ ਭਿੰਡਰਾਂਵਾਲੇ ਤੇ ਦਲ ਖ਼ਾਲਸਾ ਨੂੰ ਬੜੇ ਸਬਰ ਨਾਲ ਉਤਸ਼ਾਹਿਤ ਕਰਦੇ ਰਹੇ। ਦੋਹਾਂ ਕਾਂਗਰਸੀਆਂ ਦੀ ਖ਼ੁਸ਼ਕਿਸਮਤੀ ਸੀ ਕਿ ਅਕਾਲੀ ਦਲ ਦੇ ਨੇਤਾਵਾਂ ਵਿੱਚ ਸਖ਼ਤ ਬਿਖੇੜਾ ਛਿੜ ਗਿਆ ਜਿਸ ਨਾਲ ਉਹਨਾਂ ਨੂੰ ਦਖ਼ਲ-ਅੰਦਾਜ਼ੀ ਕਰਨ ਲਈ ਇਕ ਹੋਰ ਖੇਤਰ ਮਿਲ ਗਿਆ। 1979 ਵਿੱਚ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਜਨਤਾ ਪਾਰਟੀ ਦਾ ਵਿਰੋਧ ਕੀਤਾ; ਇਸ ਨਾਲ 80 ਸਾਲਾ ਪ੍ਰਧਾਨ ਮੰਤਰੀ ਮੁਰਾਰਜੀ ਡਿਸਾਈ ਦੀ ਜਨਤਾ ਸਰਕਾਰ ਦਾ ਪਤਨ ਹੋ ਗਿਆ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ, ਟੌਹੜਾ ਨੇ ਜਨਤਾ ਪਾਰਟੀ ਦੇ ਅੱਡ ਹੋਏ ਧੜੇ ਦਾ ਸਾਥ ਦਿੱਤਾ।

ਭਾਵੇਂ ਅਕਾਲੀ ਦਲ ਦੀ ਫੁੱਟ ਤੇ ਜਨਤਾ ਪਾਰਟੀ ਦੀ ਸਰਕਾਰ ਡਿੱਗਣ ਨਾਲ ਸਿੱਖਾਂ ਦੀ ਧਾਰਮਕ ਪਾਰਟੀ ਬੁਰੀ ਤਰ੍ਹਾਂ ਕਮਜ਼ੋਰ ਹੋ ਗਈ ਸੀ, ਫਿਰ ਵੀ 1980 ਦੀਆਂ ਆਮ ਚੋਣਾਂ ਵੇਲੇ ਜ਼ੈਲ ਸਿੰਘ ਨੇ ਅਜੇ ਵੀ ਭਿੰਡਰਾਂਵਾਲੇ ਨੂੰ ਕਾਂਗਰਸ ਦੇ ਪੱਖ ਵਿੱਚ ਰੱਖਣਾ ਬਿਹਤਰ ਸਮਝਿਆ। ਭਿੰਡਰਾਂਵਾਲੇ ਦੇ ਦਾਅਵੇ ਤੇ ਪੱਕੀ ਘੋਸ਼ਣਾ ਦੇ ਬਾਵਜੂਦ ਕਿ ਉਹ ਸਿਆਸਤਦਾਨ ਨਹੀਂ ਸੀ, ਉਸ ਨੇ ਤਿੰਨ ਹਲਕਿਆਂ ਵਿੱਚ ਖੁੱਲ੍ਹ ਕੇ ਕਾਂਗਰਸ ਦੇ ਹੱਕ ਵਿੱਚ ਪ੍ਰਚਾਰ ਕੀਤਾ। ਉਸ ਦਾ ਨਾਮ ਇਤਨਾ ਪ੍ਰਭਾਵਸ਼ਾਲੀ ਸੀ ਕਿ ਕੁਝ ਉਮੀਦਵਾਰਾਂ ਨੇ ਤਾਂ ਆਪਣੇ ਇਸ਼ਤਿਹਾਰਾਂ ਵਿੱਚ ਕਿਹਾ ਕਿ "ਭਿੰਡਰਾਂਵਾਲਾ ਸਾਡਾ ਸਮਰਥਨ ਕਰਦਾ ਹੈ।" ਇਕ ਉਮੀਦਵਾਰ ਜਿਸ ਦੀ ਭਿੰਡਰਾਂਵਾਲਾ ਹਿਮਾਇਤ ਕਰਦਾ ਸੀ, ਉਹ ਇਕ ਹਿੰਦੂ ਆਰ. ਐਲ. ਭਾਟੀਆ ਸੀ ਜੋ ਪੰਜਾਬ ਕਾਂਗਰਸ ਦਾ ਪ੍ਰਧਾਨ ਸੀ। ਦੂਸਰਾ ਉਮੀਦਵਾਰ ਐਮਰਜੈਨਸੀ ਵਿੱਚ ਉੱਘੀ ਭੂਮਿਕਾ ਨਿਭਾਹੁਣ ਵਾਲੇ ਪੁਲਸ ਦੇ ਸੀਨੀਅਰ ਵਿਵਾਦਗ੍ਰਸਤ ਅਧਿਕਾਰੀ ਪ੍ਰੀਤਮ ਸਿੰਘ ਭਿੰਡਰ ਦੀ ਪਤਨੀ ਸੀ। ਮਗਰੋਂ ਸ੍ਰੀਮਤੀ ਗਾਂਧੀ ਨੇ ਪ੍ਰੀਤਮ ਸਿੰਘ ਭਿੰਡਰ ਨੂੰ ਪੰਜਾਬ ਦਾ ਪੁਲੀਸ ਮੁਖੀ ਬਣਾਇਆ ਤੇ ਉਸ ਨੂੰ ਭਿੰਡਰਾਂਵਾਲੇ ਦੇ ਆਤੰਕਵਾਦੀਆਂ ਨੂੰ ਖ਼ਤਮ ਕਰਨ ਦਾ ਕੰਮ ਸੌਂਪਿਆ।

ਸ਼੍ਰੀਮਤੀ ਭਿੰਡਰ ਦੇ ਹਲਕੇ ਗੁਰਦਾਸਪੁਰ ਤੋਂ ਜਨਤਾ ਉਮੀਦਵਾਰ ਪ੍ਰਾਨ ਨਾਥ ਲੇਖੀ ਨੇ ਦੋਸ਼ ਲਾਇਆ ਕਿ ਚੋਣ ਮੁਹਿਮ ਵਿੱਚ ਸ੍ਰੀਮਤੀ ਗਾਂਧੀ ਭਿੰਡਰਾਂਵਾਲੇ ਨਾਲ ਇਕੋ ਪਲੇਟਫ਼ਾਰਮ 'ਤੇ ਹਾਜ਼ਰ ਹੋਈ। ਭਿੰਡਰਾਂਵਾਲੇ ਦੀ ਮੌਤ ਮਗਰੋਂ ਵੀ ਇਸ ਦੀ ਤਰਦੀਦ ਨਾ ਕੀਤੀ ਗਈ ਕਿ ਸ਼੍ਰੀਮਤੀ ਗਾਂਧੀ ਜਾਂ ਕਾਂਗਰਸ ਪਾਰਟੀ ਦਾ ਭਿੰਡਰਾਂਵਾਲੇ ਨਾਲ ਕੋਈ

ਸੰਬੰਧ ਨਹੀਂ ਸੀ, ਤਾਂ ਜਨਤਾ ਉਮੀਦਵਾਰ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਜਿਸ ਵਿੱਚ ਕਿਹਾ ਗਿਆ : "ਗੁਰਦਾਸਪੁਰ ਦੀ ਚੋਣ ਮੁਹਿਮ ਵਿੱਚ ਸੱਤਵੀਂ ਲੋਕ ਸਭਾ ਚੋਣਾਂ ਸਮੇਂ ਜਨਵਰੀ 1980 ਵਿੱਚ ਭਿੰਡਰਾਂਵਾਲਾ ਤੁਹਾਡੇ ਨਾਲ ਸੀ।" ਸ੍ਰੀਮਤੀ ਗਾਂਧੀ ਨੇ ਭਿੰਡਰਾਂਵਾਲੇ ਨਾਲ ਆਪਣੇ ਸੰਬੰਧਾਂ ਨੂੰ ਬੀ.ਬੀ.ਸੀ. ਟੈਲੀਵਿਜ਼ਨ ਦੇ ਚਲੰਤ ਮਾਮਲਿਆਂ ਦੇ ਪਰੋਗਰਾਮ "ਵਿਸ਼ਾਲ ਦ੍ਰਿਸ਼" (ਪੈਨਾਰਮਾ) ਵਿੱਚ ਕੁਝ ਹੱਦ ਤੱਕ ਮੰਨਿਆ ਹੈ। ਉਸ ਨੂੰ ਉਸ ਮੁਲਾਕਾਤ ਵਿੱਚ ਪੁੱਛਿਆ ਗਿਆ ਕਿ ਕੀ ਉਹਨਾਂ ਦੀ ਪਾਰਟੀ ਨੇ ਭਿੰਡਰਾਂਵਾਲੇ ਨੂੰ ਪ੍ਰਸਿੱਧਤਾ ਦੁਆਉਣ ਵਿੱਚ ਸਹਾਇਤਾ ਕੀਤੀ ਸੀ? ਉਸ ਨੇ ਉੱਤਰ ਵਿੱਚ ਕਿਹਾ, "ਬਿਲਕੁਲ ਨਹੀਂ। ਮੈਂ ਉਸ ਨੂੰ ਨਹੀਂ ਜਾਣਦੀ।" ਪਰ ਉਸ ਨੇ ਕਿਹਾ, "ਭਿੰਡਰਾਂਵਾਲਾ ਜ਼ਰੂਰ ਸਾਡੇ ਉਮੀਦਵਾਰਾਂ ਦੀ ਹਿਮਾਇਤ ਵਿੱਚ ਗਿਆ ਸੀ ਤੇ ਉਸ ਨੇ ਉਹਨਾਂ ਦੇ ਹੱਕ ਵਿੱਚ ਬੋਲਿਆ ਸੀ। ਮੈਂ ਇਹ ਨਹੀਂ ਜਾਣਦੀ ਕਿ ਉਮੀਦਵਾਰ ਕਿਹੜਾ ਸੀ। ਮੈਂ ਇਹ ਵੀ ਨਹੀਂ ਜਾਣਦੀ ਕਿ ਉਹ ਉਸ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ ਜਾਂ ਉਹ ਸਥਾਨਕ ਅਕਾਲੀਆਂ ਨਾਲ ਨਾਰਾਜ਼ ਸੀ।"

5

ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ

ਜਦੋਂ ਸ਼੍ਰੀਮਤੀ ਗਾਂਧੀ ਮੁੜ ਤਾਕਤ ਵਿੱਚ ਆਈ ਤਾਂ ਜ਼ੈਲ ਸਿੰਘ ਨੂੰ ਗ੍ਰਹਿ-ਮੰਤਰੀ ਦੀ ਪਦਵੀ ਦੇ ਕੇ ਉਹਦੀ ਸੇਵਾ ਦਾ ਇਨਾਮ ਦਿੱਤਾ ਗਿਆ। ਉਹ ਵਿਅਕਤੀ ਜਿਸ ਨੇ ਭਿੰਡਰਾਂਵਾਲੇ ਵਾਂਗ ਹੀ ਇਕ ਅਣਜਾਣੇ ਤੇ ਅਣਗੌਲੇ ਪ੍ਰਚਾਰਕ ਵਾਂਗ ਆਪਣਾ ਜੀਵਨ ਸ਼ੁਰੂ ਕੀਤਾ ਸੀ ਪਰ ਭਿੰਡਰਾਂਵਾਲੇ ਦੇ ਵਿਪਰੀਤ ਆਪਣੇ ਕਿੱਤੇ ਦੀ ਸਿਖ਼ਰ 'ਤੇ ਨਹੀਂ ਪਹੁੰਚਿਆ ਸੀ, ਹੁਣ ਭਾਰਤੀ ਮੰਤਰੀ ਮੰਡਲ ਵਿੱਚ ਸਭ ਤੋਂ ਮਹੱਤਵਪੂਰਨ ਦੂਸਰੇ ਪਦ 'ਤੇ ਪਹੁੰਚ ਗਿਆ ਸੀ, ਪਰੰਤੂ ਜ਼ੈਲ ਸਿੰਘ ਦੀ ਇਹ ਖ਼ੁਸ਼ੀ ਥੋੜ-ਚਿਰੀ ਸੀ। ਉਸੇ ਸਾਲ ਦੇ ਅੰਤ ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਵੀ ਕਾਂਗਰਸ ਤਾਕਤ ਵਿੱਚ ਆ ਗਈ ਤੇ ਸ਼੍ਰੀਮਤੀ ਗਾਂਧੀ ਨੇ ਜ਼ੈਲ ਸਿੰਘ ਦੇ ਕੱਟੜ ਵਿਰੋਧੀ ਦਰਬਾਰਾ ਸਿੰਘ ਨੂੰ ਨਵੇਂ ਮੁੱਖ ਮੰਤਰੀ ਵਜੋਂ ਚੁਣਿਆ। ਭਾਰਤ ਵਿੱਚ ਸ਼੍ਰੀਮਤੀ ਗਾਂਧੀ ਦੇ ਪਰਿਵਾਰਕ ਮੈਂਬਰਾਂ ਤੋਂ ਬਿਨਾਂ ਸਾਰੇ ਹੀ ਸਿਆਸਤਦਾਨਾਂ ਨੂੰ ਆਪਣੇ ਆਧਾਰ ਦੀ ਰੱਖਿਆ ਕਰਨੀ ਪੈਂਦੀ ਹੈ। ਆਪਣੇ ਰਾਜ ਵਿੱਚ ਮਜ਼ਬੂਤ ਆਧਾਰ ਕਾਰਨ ਹੀ ਸਿਆਸਤਦਾਨ ਦਿੱਲੀ ਵਿੱਚ ਆਪਣਾ ਆਜ਼ਾਦਾਨਾ ਪ੍ਰਭਾਵ ਕਾਇਮ ਰੱਖ ਸਕਦੇ ਹਨ। ਸ਼ਾਇਦ ਸ੍ਰੀਮਤੀ ਗਾਂਧੀ ਨਹੀਂ ਚਾਹੁੰਦੀ ਸੀ ਕਿ ਸਿਆਸਤਦਾਨ ਆਪਣਾ ਆਜ਼ਾਦਾਨਾ ਪ੍ਰਭਾਵ ਕਾਇਮ ਕਰ ਲੈਣ, ਇਸੇ ਕਾਰਨ ਉਹ ਆਪਣੇ ਸਹਿਯੋਗੀਆਂ ਨੂੰ ਆਪਣੇ ਘਰੇਲੂ ਰਾਜਾਂ ਵਿੱਚ ਬਹੁਤ ਜ਼ਿਆਦਾ ਤਾਕਤਵਰ ਬਣ ਜਾਣ ਤੋਂ ਰੋਕਣ ਲਈ ਪੂਰੀ ਵਾਹ ਲਾਉਂਦੀ। ਜੇ ਗ੍ਰਹਿ-ਮੰਤਰੀ ਦੀ ਪਸੰਦ ਦਾ ਵਿਅਕਤੀ ਪੰਜਾਬ ਦਾ ਮੁੱਖ ਮੰਤਰੀ ਮਨੋਨੀਤ ਹੁੰਦਾ ਤਾਂ ਜ਼ੈਲ ਸਿੰਘ, ਨਾਮ ਤੋਂ ਬਿਨਾਂ, ਹਰ ਪੱਖੋਂ ਹੀ ਪੰਜਾਬ ਦਾ ਬਾਦਸ਼ਾਹ ਹੁੰਦਾ ਤੇ ਇਹੋ ਚੀਜ਼ ਸ਼੍ਰੀਮਤੀ ਗਾਂਧੀ ਹੋਣ ਨਹੀਂ ਸੀ ਦੇਣਾ ਚਾਹੁੰਦੀ। ਇਸੇ ਲਈ ਉਸ ਨੇ ਉਸ ਦੇ ਵਿਰੋਧੀ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਨਿਯੁਕਤ ਕੀਤਾ।

ਰਾਜਸੀ ਤੌਰ 'ਤੇ ਦੋਵੇਂ ਵਿਅਕਤੀ ਇਕ ਦੂਸਰੇ ਦੇ ਵਿਪਰੀਤ ਸਨ। ਜ਼ੈਲ ਸਿੰਘ1972 ਤੋਂ 1977 ਤੱਕ ਪੰਜਾਬ ਦਾ ਮੁੱਖ ਮੰਤਰੀ ਰਿਹਾ ਸੀ। ਉਸ ਨੇ ਅਕਾਲੀ ਦਲ ਨਾਲ ਲੜਾਈ ਉਸ ਦੇ ਆਪਣੇ ਹਥਿਆਰ-ਧਰਮ-ਨਾਲ ਲੜਨ ਦਾ ਯਤਨ ਕੀਤਾ। ਉਹ ਆਪਣੇ ਨਿਸ਼ਚਿਤ ਮਾਰਗ ਤੋਂ ਲਾਂਭੇ ਜਾਕੇ ਵੀ ਸਿੱਖਾਂ ਨੂੰ ਇਹ ਦਰਸਾਉਣ ਦਾ ਯਤਨ ਕਰਦਾ ਰਿਹਾ ਕਿ ਉਹ ਅਕਾਲੀ ਨੇਤਾਵਾਂ ਵਾਂਗ ਹੀ ਸਿੱਖ ਧਰਮ ਦਾ ਸਿੱਦਕੀ ਸ਼ਰਧਾਲੂ ਸੀ। ਉਸ ਨੇ ਸਭ ਸਿੱਖ ਧਾਰਮਿਕ ਉਤਸਵ ਆਪ ਮਨਾਏ ਤੇ ਉੱਥੇ ਭਾਸ਼ਣ ਦਿੱਤੇ ਤੇ ਪ੍ਰਚਾਰ ਕੀਤਾ। ਉਸ ਵਿੱਚ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਸਮੇਂ ਹੀ ਇਕ ਪ੍ਰਚਾਰਕ ਵਜੋਂ ਮੁਬਾਰਕ ਯੋਗਤਾ ਵਿਕਸਿਤ ਹੋ ਗਈ ਸੀ, ਜਿੱਥੇ ਉਸ ਨੇ ਧਰਮ ਪ੍ਰਚਾਰ ਕਰਨ ਦੀ ਦੀਖਸ਼ਾ ਲਈ ਸੀ। ਜ਼ੈਲ ਸਿੰਘ ਦੀ ਕਥਨੀ ਕਰਨੀ ਇਕ ਸੀ। ਉਸ ਨੇ ਆਖ਼ਰੀ ਗੁਰੂ ਨਾਲ ਸੰਬੰਧਿਤ ਸਭ ਥਾਂਵਾਂ ਨੂੰ ਇਕ ਸੜਕ ਰਾਹੀਂ ਮਿਲਾ ਦਿੱਤਾ ਜਿਸ ਨੂੰ "ਗੁਰੂ

ਗੋਬਿੰਦ ਸਿੰਘ ਮਾਰਗ'' ਕਿਹਾ ਗਿਆ। ਫਿਰ ਮੁੱਖ ਮੰਤਰੀ ਨੇ 400 ਮੀਲ ਪੂਰਬ ਵਿੱਚ ਆਨੰਦਪੁਰ ਤੋਂ ਸਫ਼ਰ ਸ਼ੁਰੂ ਕੀਤਾ (ਜਿਸ ਥਾਂ ਤੋਂ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਆਪਣੇ ਧਰਮ ਦੀ ਰੱਖਿਆ ਕਰਨ ਲਈ ਸ਼ਸਤਰ ਤੇ ਪੰਜ ਕਕਾਰ ਧਾਰਨ ਦਾ ਇਤਿਹਾਸਕ ਕਾਰਜ ਸੌਂਪਿਆ ਸੀ) ਤੇ ਪੰਜਾਬ ਦੀ ਪੱਛਮੀ ਸੀਮਾ ਲਈ ਯਾਤਰਾ ਸ਼ੁਰੂ ਕੀਤੀ। ਟਰਾਲੀਆਂ, ਟਰੈਕਟਰਾਂ, ਟਰੱਕਾਂ, ਬੱਸਾਂ ਤੇ ਕਾਰਾਂ ਦੇ ਕਾਫ਼ਲੇ ਨੂੰ ਮੰਜ਼ਿਲ 'ਤੇ ਪਹੁੰਚਣ ਲਈ ਚਾਰ ਦਿਨ ਲੱਗੇ ਤੇ ਰਸਤੇ 'ਤੇ ਆਉਂਦੇ ਉਹਨਾਂ ਸਾਰੇ ਗੁਰਦਵਾਰਿਆਂ ਵਿੱਚ ਕਾਫ਼ਲਾ ਰੁਕਦਾ ਰਿਹਾ ਜਿੱਥੇ-ਜਿੱਥੇ ਗੁਰੂ ਸਾਹਿਬ ਆਪ ਠਹਿਰਦੇ ਰਹੇ ਸਨ। ਅਕਾਲੀ ਦਲ ਨੇਤਾਵਾਂ ਨੂੰ ਸਵੀਕਾਰ ਕਰਨਾ ਪਿਆ ਕਿ ਗੁਰੂ ਗੋਬਿੰਦ ਸਿੰਘ ਮਾਰਗ ਮੁੱਖ ਮੰਤਰੀ ਦੀ ਪ੍ਰਤਿਭਾ ਦਾ ਮਾਅਰਕਾ ਸੀ।

ਪਰ ਦਰਬਾਰਾ ਸਿੰਘ ਸ੍ਰੀਮਤੀ ਗਾਂਧੀ ਕੋਲ ਇਹ ਸ਼ਿਕਾਇਤ ਲੈ ਕੇ ਪਹੁੰਚਿਆ ਕਿ ਜ਼ੈਲ ਸਿੰਘ "ਫ਼ਿਰਕੂ ਰਾਜਨੀਤੀ ਵਿੱਚ ਉਲਝ ਕੇ" ਕਾਂਗਰਸ ਪਾਰਟੀ ਦੀ ਧਰਮ-ਨਿਰਪੇਖਤਾ ਦੀ ਸਾਖ ਨੂੰ ਖ਼ਤਰੇ ਵਿੱਚ ਪਾ ਰਿਹਾ ਸੀ। ਸ੍ਰੀਮਤੀ ਗਾਂਧੀ ਨੇ, ਜੋ ਆਪਣੇ ਪਿਤਾ ਪੰਡਤ ਨਹਿਰੂ ਨਾਲੋਂ ਧਰਮ ਦੇ ਘੱਟ ਵਿਰੁੱਧ ਸੀ, ਜ਼ੈਲ ਸਿੰਘ ਦੀ ਸਿੱਖ ਛਾਪ ਦੀ ਸਿਆਸਤ ਨੂੰ ਦਰਬਾਰਾ ਸਿੰਘ ਦੀ ਧਰਮ ਨਿਰਪੇਖਤਾ ਦੇ ਟਾਕਰੇ 'ਤੇ ਉਤਸ਼ਾਹਿਤ ਕੀਤਾ। ਜ਼ੈਲ ਸਿੰਘ ਨੇ ਧਾਰਮਿਕ ਸਮਾਗਮ ਕਰਾਉਣੇ ਜਾਰੀ ਰੱਖੇ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰ ਸਰਕਾਰੀ ਸਮਾਗਮ ਸਿੱਖ ਅਰਦਾਸ ਨਾਲ ਸ਼ੁਰੂ ਹੋਵੇ। ਉਸ ਨੇ ਗੁਰੂ ਸਾਹਿਬ ਦੇ ਸ਼ਹੀਦ ਹੋਏ ਪੁੱਤਰਾਂ ਦੇ ਨਾਮ 'ਤੇ ਇਕ ਨਵੇਂ ਸ਼ਹਿਰ ਦਾ ਨਾਮ ਰੱਖਿਆ ਤੇ ਉਸ ਨੇ ਗੁਰੂ ਗੋਬਿੰਦ ਸਿੰਘ ਦੇ ਇਕ ਘੋੜੇ ਨਾਲ ਹੀ ਕਥਿਤ ਨਸਲ ਦੇ ਘੋੜਿਆਂ ਨੂੰ ਨਵੀਂ ਸੜਕ ਭਾਵ ਗੁਰੂ ਗੋਬਿੰਦ ਸਿੰਘ ਮਾਰਗ ਦੀ ਯਾਤਰਾ 'ਤੇ ਵੀ ਭੇਜਿਆ। ਇਕ ਸੂਚਨਾ ਅਨੁਸਾਰ, "ਪੇਂਡੂ ਲੋਕ ਉਹਨਾਂ ਘੋੜਿਆਂ ਦੀ ਲਿੱਦ ਸਤਿਕਾਰ ਨਾਲ ਚੁੱਕ ਕੇ ਆਪਣੇ ਘਰੀਂ ਲੈ ਗਏ।"[1] ਜ਼ੈਲ ਸਿੰਘ ਦੀ ਧਾਰਮਕ ਸਿਆਸਤ ਨੇ ਅਕਾਲੀਆਂ ਦੀ ਹਵਾ ਕੱਢ ਦਿੱਤੀ। ਅਕਾਲੀਆਂ ਵੱਲੋਂ ਬਿਨਾਂ ਕਿਸੇ ਚੁਣੌਤੀ ਦੇ ਉਹ ਐਮਰਜੈਂਸੀ ਦੇ ਅੰਤ ਤੱਕ ਮੁੱਖ ਮੰਤਰੀ ਵਜੋਂ ਟਿਕਿਆ ਰਿਹਾ।

ਜਦੋਂ 1980 ਵਿੱਚ ਦਰਬਾਰਾ ਸਿੰਘ ਮੁੱਖ ਮੰਤਰੀ ਬਣਿਆ ਤਾਂ ਉਸ ਨੇ ਜ਼ੈਲ ਸਿੰਘ ਦੀਆਂ ਨੀਤੀਆਂ ਬਦਲ ਦੇਣ ਤੇ ਕਾਂਗਰਸ ਦੀ ਪੁਰਾਣੀ ਧਰਮ-ਨਿਰਪੇਖਤਾ ਵੱਲ ਮੁੜਨ ਦਾ ਫ਼ੈਸਲਾ ਕੀਤਾ। ਦਰਬਾਰਾ ਸਿੰਘ, ਜ਼ੈਲ ਸਿੰਘ ਤੇ ਹੋਰ ਬਹੁਤੇ ਕਾਂਗਰਸੀ ਸਿਆਸਤਦਾਨਾਂ ਵਾਂਗ ਕਦੇ ਅਕਾਲੀ ਪਾਰਟੀ ਦਾ ਮੈਂਬਰ ਨਹੀਂ ਰਿਹਾ ਸੀ। ਉਹ ਸੰਪਰਦਾਇਕਤਾ ਨਾਲ ਕਿਸੇ ਕਿਸਮ ਦੇ ਸਮਝੌਤੇ ਦਾ ਸਖ਼ਤ ਵਿਰੋਧੀ ਸੀ। ਉਸ ਨੇ ਇਕ ਵਾਰ ਕਿਹਾ ਸੀ, "ਤੁਸੀਂ ਕਿਸੇ ਆਦਮੀ ਵਿਰੁੱਧ ਉਸ ਦੇ ਹਥਿਆਰ ਨਾਲ ਹੀ ਲੜ ਸਕਦੇ ਹੋ।" ਭਾਵੇਂ ਉਹ ਆਪ ਸਿੱਖ ਸੀ ਤਾਂ ਵੀ ਉਸ ਨੇ, ਜਦੋਂ ਉਹ ਮੁੱਖ ਮੰਤਰੀ ਸੀ, ਇਕ ਭੇਂਟ ਵਾਰਤਾ ਵਿੱਚ ਆਪਣਾ ਵਿਚਾਰ ਸਪੱਸ਼ਟ ਪ੍ਰਗਟ ਕੀਤਾ ਕਿ ਸਿੱਖ ਸੱਭਿਆਚਾਰ ਵਰਗੀ ਕੋਈ ਚੀਜ਼ ਨਹੀਂ ਹੈ। "ਪਹਿਲਾਂ ਸਿੱਖ ਸਭਿਆਚਾਰ ਹੁੰਦਾ ਸੀ। ਹੁਣ ਉਸ ਸਿੱਖ ਸਭਿਆਚਾਰ ਦੀ ਸੀਮਾ ਮੁੱਕ ਗਈ ਹੈ। ਸਿੱਖ ਸਭਿਆਚਾਰ ਮਰ ਚੁੱਕਾ ਹੈ। ਹੁਣ ਸਿੱਖ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਬਣ ਗਿਆ ਹੈ। ਮੈਂ ਇਹੋ ਕੁਝ ਕਰ ਰਿਹਾ ਹਾਂ।"[2]

ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪਰੰਪਰਾਗਤ ਤੇ ਸਨਾਤਨੀ ਸਿੱਖਾਂ ਨੂੰ

ਇਹਨਾਂ ਟਿੱਪਣੀਆਂ ਨਾਲ ਆਪਣੇ ਉਸ ਤੌਖ਼ਲੇ ਦਾ ਸਬੂਤ ਮਿਲ ਗਿਆ ਕਿ ਕਾਂਗਰਸ ਪਾਰਟੀ ਦਾ ਮਨੋਰਥ ਉਹਨਾਂ ਦੇ ਧਰਮ ਨੂੰ ਬਹੁ-ਗਿਣਤੀ ਭਾਰਤੀਆਂ ਦੇ ਹਿੰਦੂ ਸੱਭਿਆਚਾਰ ਵਿੱਚ ਵਿਲੀਨ (ਜਜ਼ਬ) ਕਰਨਾ ਹੈ, ਹੜੱਪ ਕਰਨਾ ਹੈ।

ਦਰਬਾਰਾ ਸਿੰਘ ਨੇ ਆਪਣੇ ਮੰਤਰੀਆਂ, ਉੱਚੇ ਅਧਿਕਾਰੀਆਂ ਤੇ ਸੀਨੀਅਰ ਪੁਲਸ ਅਫ਼ਸਰਾਂ ਵਜੋਂ ਅਜਿਹੇ ਵਿਅਕਤੀਆਂ ਦੀ ਚੋਣ ਕੀਤੀ ਜੋ ਧਰਮ ਨਿਰਪੇਖ ਸਨ ਤੇ ਉਸ ਨੇ ਸਿੱਖ ਤੇ ਹਿੰਦੂ ਕੱਟੜ ਅੱਤਵਾਦੀਆਂ ਪ੍ਰਤੀ ਸਖ਼ਤ ਨੀਤੀ ਅਪਣਾਈ। ਪੇਂਡੂ ਤੇ ਉਦਯੋਗਿਕ ਵਿਕਾਸ ਦੀ ਖੋਜ ਲਈ ਚੰਡੀਗੜ੍ਹ ਵਿਚਲੇ ਕੇਂਦਰ ਦੇ ਇਕ ਅਧਿਐਨ ਵਿੱਚ ਮੈਂਬਰਾਂ ਨੇ ਕਿਹਾ, "ਕਾਂਗਰਸ ਦਾ ਇਕ ਧੜਾ ਜੋ ਭਾਵੇਂ ਘੱਟ ਗਿਣਤੀ ਸੀ ਤੇ ਜ਼ੈਲ ਸਿੰਘ ਪ੍ਰਤੀ ਵਫ਼ਾਦਾਰ ਸੀ, ਉਹ ਧਾਰਮਕ ਕੱਟੜਤਾ ਨਾਲ ਟਕਰਾਓ ਦੀ ਥਾਂ ਸਮਝੌਤੇ ਤੇ ਸਮਾਈ ਦੀ ਨੀਤੀ ਦਾ ਸਮਰਥਕ ਰਿਹਾ ਹੈ।"[3] ਇਹੋ ਹੀ ਪੰਜਾਬ ਸਰਕਾਰ ਦੇ ਮੁਖੀ ਦਰਬਾਰਾ ਸਿੰਘ ਤੇ ਦਿੱਲੀ ਵਿੱਚ ਗ੍ਰਹਿ-ਮੰਤਰੀ ਜ਼ੈਲ ਸਿੰਘ ਵਿਚਕਾਰ ਯੁੱਧ-ਰੇਖਾ ਸੀ।

ਸ਼੍ਰੀਮਤੀ ਗਾਂਧੀ ਦੇ ਮੁੜ ਆਪਣੇ ਪਦ ਦੇ ਪਹਿਲੇ ਸਾਲ ਵਿੱਚ ਹੀ ਤਿੰਨ ਕਤਲਾਂ ਨੇ ਉਸ ਦੀ ਪਾਰਟੀ ਅੰਦਰ ਤਨਾਅ ਪੈਦਾ ਕਰ ਦਿੱਤਾ ਤੇ ਪੰਜਾਬ ਦੀ ਸਿਆਸਤ ਵਿੱਚ ਪ੍ਰਚਾਰਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮੂਹਰੇ ਲਿਆ ਖੜਾ ਕੀਤਾ। 24 ਅਪ੍ਰੈਲ 1980 ਨੂੰ ਨਿਰੰਕਾਰੀ ਮੱਤ ਦੇ ਗੁਰੂ ਬਾਬਾ ਗੁਰਬਚਨ ਸਿੰਘ ਨੂੰ ਦਿੱਲੀ ਵਿੱਚ ਉਸ ਦੇ ਘਰ ਵਿੱਚ ਹੀ ਗੋਲੀ ਨਾਲ ਉਡਾ ਦਿੱਤਾ ਗਿਆ। ਅੰਮ੍ਰਿਤਸਰ ਵਿੱਚ ਨਿਰੰਕਾਰੀ ਸਮਾਗਮ ਦੇ ਦਿਨਾਂ ਤੋਂ ਹੀ ਭਿੰਡਰਾਂਵਾਲੇ ਨੇ ਇਸ ਮੱਤ ਦੇ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖੀ ਹੋਈ ਸੀ। ਉਹ ਉਸ ਵੇਲੇ ਹੀ ਗ਼ੁਸੇ ਨਾਲ ਅੱਗ ਬਗੋਲਾ ਹੋ ਗਿਆ ਸੀ ਜਦੋਂ ਅਕਾਲੀ ਸਰਕਾਰ ਨੇ, ਨਿਰੰਕਾਰੀਆਂ ਵਿਰੁੱਧ ਜੋ ਸਿੱਖਾਂ ਨੂੰ ਕਤਲ ਕਰਨ ਦੇ ਦੋਸ਼ੀ ਸਨ—ਚਲ ਰਹੇ ਮੁਕੱਦਮੇ ਨੂੰ ਗੁਆਂਢੀ ਰਾਜ ਹਰਿਆਣਾ ਵਿੱਚ ਤਬਦੀਲ ਕੀਤੇ ਜਾਣ ਦੀ ਆਗਿਆ ਦੇ ਦਿੱਤੀ ਸੀ। ਉਹ ਉਸ ਸਮੇਂ ਹੋਰ ਵੀ ਗ਼ੁਸੇ ਨਾਲ ਭੜਕਿਆ ਜਦੋਂ ਹਰਿਆਣਾ ਵਿੱਚ ਅਦਾਲਤ ਨੇ ਉਹਨਾਂ ਨੂੰ ਨਿਰਦੋਸ਼ ਕਰਾਰ ਦੇ ਕੇ ਬਰੀ ਕਰ ਦਿੱਤਾ। ਨਿਰੰਕਾਰੀਆਂ ਨੇ ਇਹ ਦਲੀਲ ਦਿੱਤੀ ਸੀ ਕਿ ਉਹਨਾਂ ਨੂੰ ਪੰਜਾਬ ਦੀ ਅਦਾਲਤ ਵਿੱਚੋਂ ਨਿਆਂ ਨਹੀਂ ਮਿਲੇਗਾ। ਇਸ ਕਰਕੇ ਇਸ ਵਿੱਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਬਾਬਾ ਗੁਰਬਚਨ ਸਿੰਘ ਦੇ ਕਤਲ ਦੀ ਰਪਟ ਵਿੱਚ ਭਿੰਡਰਾਂਵਾਲੇ ਦਾ ਨਾਮ ਵੀ ਸ਼ਾਮਲ ਕੀਤਾ ਗਿਆ ਸੀ।

ਜਦੋਂ ਭਿੰਡਰਾਂਵਾਲੇ ਨੂੰ ਇਸ ਦੀ ਸੂਚਨਾ ਮਿਲੀ ਤਾਂ ਉਹ ਸਵਰਨ ਮੰਦਰ ਦੇ ਧਰਮ ਸਥਾਨ ਦੀ ਸਰਾਂ ਵਿੱਚ ਜਾ ਕੇ ਰਹਿਣ ਲੱਗਾ। ਉਹ ਉੱਥੇ ਉਸ ਸਮੇਂ ਤੱਕ ਟਿਕਿਆ ਰਿਹਾ ਜਦ ਤੱਕ ਜ਼ੈਲ ਸਿੰਘ ਨੇ ਲੋਕ ਸਭਾ ਵਿੱਚ ਇਹ ਐਲਾਨ ਨਾ ਕਰ ਦਿੱਤਾ ਕਿ ਸੰਤ ਦਾ ਇਸ ਕਤਲ ਨਾਲ ਕੋਈ ਸੰਬੰਧ ਨਹੀਂ ਸੀ। ਭਿੰਡਰਾਂਵਾਲੇ ਨੇ ਇਹ ਐਲਾਨ ਵੀ ਕਰ ਦਿੱਤਾ ਕਿ ਨਿਰੰਕਾਰੀਆਂ ਦੇ ਗੁਰੂ ਦੇ ਕਾਤਲ ਦਾ ਅਕਾਲ ਤਖ਼ਤ ਦੇ ਜੱਥੇਦਾਰ ਵੱਲੋਂ ਸਨਮਾਨ ਕੀਤੇ ਜਾਣ ਦਾ ਹੱਕ ਬਣਦਾ ਹੈ। ਭਿੰਡਰਾਂਵਾਲੇ ਨੇ ਇਹ ਵੀ ਕਿਹਾ ਕਿ ਜੇ ਕਾਤਲ ਉਸ ਕੋਲ ਆ ਜਾਣ ਤਾਂ ਉਹ ਉਹਨਾਂ ਨੂੰ ਸੋਨੇ ਨਾਲ ਤੋਲੇਗਾ। ਇਹਨਾਂ ਟਿੱਪਣੀਆਂ ਨਾਲ ਜ਼ੈਲ ਸਿੰਘ ਨੂੰ ਪਰੇਸ਼ਾਨੀ ਹੋਈ, ਪਰੰਤੂ ਉਸ ਨੇ ਇਹਨਾਂ ਨੂੰ ਅਣਗੌਲਿਆਂ ਕਰ ਦਿੱਤਾ ਕਿਉਂਕਿ ਦਰਬਾਰਾ ਸਿੰਘ ਵਿਰੁੱਧ ਸੰਘਰਸ਼ ਵਿੱਚ ਉਹ ਉਹਦੇ ਲਈ ਬਹੁਤ ਲਾਭਕਾਰੀ ਸੀ।

ਦੂਸਰੇ ਕਤਲ ਦੇ ਸਿੱਟੇ, ਭਿੰਡਰਾਂਵਾਲੇ ਲਈ ਜ਼ਿਆਦਾ ਗੰਭੀਰ ਸਨ। ਨੌਂ ਸਤੰਬਰ

1981 ਨੂੰ ਪੰਜਾਬ ਦੇ ਸ਼ਹਿਰ ਜਲੰਧਰ ਤੋਂ ਛਪਦੇ ਇਕ ਰੋਜ਼ਾਨਾ ਅਖ਼ਬਾਰ ਸਮੂਹ ਦੇ ਮਾਲਕ ਲਾਲਾ ਜਗਤ ਨਾਰਾਇਣ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਉਸ ਦਾ ਪ੍ਰਭਾਵਸ਼ਾਲੀ ਰੋਜ਼ਾਨਾ ਪੰਜਾਬ ਕੇਸਰੀ ਭਿੰਡਰਾਂਵਾਲੇ ਦਾ ਕੱਟੜ ਆਲੋਚਕ ਸੀ ਤੇ ਨਿਰੰਕਾਰੀਆਂ ਦਾ ਸਮਰਥਕ ਸੀ। ਲਾਲਾ ਜਗਤ ਨਾਰਾਇਣ ਨੇ ਆਪ ਬੜੇ ਸਖ਼ਤ ਸੰਪਾਦਕੀ ਲੇਖਾਂ ਵਿੱਚ ਦਲੀਲ ਦਿੰਦਿਆਂ ਲਿਖਿਆ ਕਿ ਪੰਜਾਬ ਵਿੱਚ ਘੱਟ ਗਿਣਤੀਆਂ, (ਪੰਜਾਬ ਦੇ ਸੰਦਰਭ ਵਿੱਚ ਇਹ ਸੰਗਿਆ ਹਿੰਦੂਆਂ ਲਈ ਵਰਤੀ ਜਾਂਦੀ ਹੈ) ਨੂੰ ਸਦਾ ਇਹ ਡਰ ਰਹਿੰਦਾ ਹੈ ਕਿ ਉਹਨਾਂ ਨੂੰ ਸਰਕਾਰ ਤੇ ਪੁਲੀਸ ਕੋਲੋਂ ਇਨਸਾਫ਼ ਨਹੀਂ ਮਿਲੇਗਾ। ਉਹਦਾ ਇਹ ਦਾਅਵਾ ਸੀ ਕਿ ਪੁਲਸ ਤੇ ਸਰਕਾਰ ਨਿਰੰਕਾਰੀਆਂ ਦੇ ਸਮਾਗਮ 'ਤੇ ਹਮਲੇ ਬਾਰੇ ਨਿਰੰਕਾਰੀਆਂ ਵਿਰੁੱਧ ਪੜਤਾਲ ਵਿੱਚ ਭਿੰਡਰਾਂਵਾਲੇ ਦਾ ਸਾਥ ਦੇ ਰਹੀ ਸੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਲਾਲਾ ਜਗਤ ਨਾਰਾਇਣ ਦੇ ਅਖ਼ਬਾਰ ਹਿੰਦੂਆਂ ਤੇ ਸਿੱਖਾਂ ਵਿੱਚ ਫ਼ਿਰਕਾਪ੍ਰਸਤੀ ਦੀ ਨਫ਼ਰਤ ਦੀ ਅੱਗ ਭੜਕਾ ਰਹੇ ਸਨ। ਉਸ ਦੇ ਸੰਪਾਦਕੀਆਂ ਵਿੱਚ ਆਮ ਹੀ ਇਹ ਵਿਸ਼ਾ ਹੁੰਦਾ ਸੀ ਕਿ ਸਿੱਖ ਖ਼ਾਲਿਸਤਾਨ ਦੇ ਹਮਾਇਤੀ ਸਨ। ਉਹ ਇਹ ਪ੍ਰਭਾਵ ਪਾਉਂਦਾ ਸੀ ਕਿ ਜਿਵੇਂ ਦਿਖਾਈ ਦਿੰਦਾ ਹੈ, ਸਿੱਖਾਂ ਵਿੱਚ ਖ਼ਾਲਿਸਤਾਨ ਦਾ ਉਸ ਨਾਲੋਂ ਕਿਤੇ ਵਧੇਰੇ ਸਮਰਥਨ ਹੈ। ਇਸ ਕਾਰਨ ਹਿੰਦੂਆਂ ਵਿੱਚ ਸਿੱਖਾਂ ਬਾਰੇ ਸ਼ੱਕ-ਸੰਦੇਹ ਹੋਰ ਜ਼ਿਆਦਾ ਹੋ ਰਿਹਾ ਸੀ। ਉਸ ਨੇ ਇਹ ਤਾੜਨਾ ਕੀਤੀ ਕਿ ਖ਼ਾਲਿਸਤਾਨ ਦੀ ਮੰਗ ਨੂੰ ਮਜ਼ਾਕ ਨਾ ਸਮਝਿਆ ਜਾਵੇ ਤੇ ਉਸ ਨੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਦੇ ਸਮਰਥਕਾਂ ਵਿਰੁੱਧ ਸਖ਼ਤ ਕਾਰਵਾਈ ਕਰੇ। ਜਗਤ ਨਾਰਾਇਣ ਦਾ ਵਿਸ਼ਵਾਸ ਸੀ ਕਿ ਅਕਾਲੀਆਂ ਦਾ ਆਨੰਦਪੁਰ ਸਾਹਿਬ ਦਾ ਮਤਾ ਉਸੇ ਲਹਿਰ ਦਾ ਹਿੱਸਾ ਸੀ। ਜਿਵੇਂ ਉਸ ਨੇ ਇਕ ਵਾਰ ਲਿਖਿਆ : "ਕਿ ਖਾਲਿਸਤਾਨੀ ਸਮਰਥਕ ਸਰਦਾਰ ਸੁਖਜਿੰਦਰ ਸਿੰਘ ਨੇ ਖ਼ਾਲਿਸਤਾਨ ਦਾ ਨਾਅਰਾ ਚਾਹੇ ਅਣਚਾਹੇ (ਐਵੇਂ ਹੀ) ਨਹੀਂ ਲਾਇਆ। ਉਹ ਭਲੀ ਭਾਂਤ ਜਾਣਦਾ ਹੈ ਕਿ ਆਨੰਦਪੁਰ ਸਾਹਿਬ ਦਾ ਮਤਾ ਵੀ ਸਿੱਖਾਂ ਲਈ ਵਧੇਰੇ ਰਾਜ ਦੀ ਉਹੋ ਹੀ ਮੰਗ ਕਰਦਾ ਹੈ।" ਲਾਲਾ ਜਗਤ ਨਾਰਾਇਣ ਦਾ ਦ੍ਰਿਸ਼ਟੀਕੋਣ ਵਿਸ਼ੇਸ਼ ਤੌਰ 'ਤੇ ਪੱਖਪਾਤੀ ਸੀ। ਅਸਲੀਅਤ ਤਾਂ ਇਹ ਹੈ ਕਿ ਸਾਰਾ ਪੰਜਾਬ ਪ੍ਰੈੱਸ ਹੀ ਫ਼ਿਰਕਾਪ੍ਰਸਤੀ ਲੀਹਾਂ 'ਤੇ ਵੰਡਿਆ ਹੋਇਆ ਸੀ।

ਇਹ ਕਹਿਣ ਦੀ ਲੋੜ ਨਹੀਂ ਕਿ ਭਿੰਡਰਾਂਵਾਲਾ ਲਾਲਾ ਜਗਤ ਨਾਰਾਇਣ ਦਾ ਬੇਝਿਜਕ ਤੇ ਮੂੰਹ ਫੱਟ ਆਲੋਚਕ ਤੇ ਨਿੰਦਕ ਸੀ। ਇਕ ਵਾਰ ਪੁਲੀਸ ਨੇ ਜਾਣਕਾਰੀ ਦਿੱਤੀ ਕਿ ਕਤਲ ਦੀ ਸਾਜ਼ਸ਼ ਵਿੱਚ ਉਹ ਵੀ ਸ਼ਾਮਿਲ ਸੀ। ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਸੰਪਰਦਾਇਕਤਾ ਵਿਰੁੱਧ ਆਪਣੀ ਸਖ਼ਤ ਨੀਤੀ ਅਨੁਸਾਰ, ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਦਾ ਐਲਾਨ ਕਰ ਦਿੱਤਾ। ਇਹ ਕਹਿਣਾ ਤਾਂ ਸੌਖਾ ਸੀ ਪਰ ਕਰਨਾ ਬਹੁਤ ਔਖਾ ਸੀ।

ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਚਾਰ ਦਿਨ ਬਾਅਦ ਆਕਾਸ਼ਵਾਣੀ ਤੋਂ ਇਹ ਐਲਾਨ ਕੀਤਾ ਗਿਆ ਕਿ ਭਿੰਡਰਾਂਵਾਲੇ ਦੀ ਗਰਿਫ਼ਤਾਰੀ ਲਈ ਵਾਰੰਟ ਜਾਰੀ ਹੋ ਗਏ ਹਨ। ਜਦੋਂ ਪੁਲੀਸ ਚੰਦੋ ਕਲਾਂ ਪਹੁੰਚੀ ਜਿੱਥੇ ਭਿੰਡਰਾਂਵਾਲਾ ਧਰਮ ਪ੍ਰਚਾਰ ਕਰ ਰਿਹਾ ਸੀ ਤਾਂ ਪੁਲਸ ਨੂੰ ਪਤਾ ਲੱਗਾ ਕਿ ਉਹ ਤਾਂ ਉਥੋਂ ਪਹਿਲਾਂ ਹੀ ਜਾ ਚੁੱਕਾ ਸੀ। ਇਸ ਤੱਥ ਦੇ ਬਾਵਜੂਦ ਕਿ ਸਰਕਾਰੀ ਕੰਟਰੋਲ ਅਧੀਨ ਰੇਡੀਓ ਨੇ ਭਿੰਡਰਾਂਵਾਲੇ ਨੂੰ ਭਗੌੜਾ ਤੇ

ਮੁਲਜ਼ਮ ਐਲਾਨ ਕਰ ਦਿੱਤਾ ਹੋਇਆ ਸੀ, ਪੁਲਸ ਫਿਰ ਵੀ ਉਸ ਨੂੰ 200 ਮੀਲ ਤੋਂ ਦੂਰ ਆਪਣੇ ਗੁਰਦੁਆਰੇ ਵਿੱਚ ਸੁਰੱਖਿਅਤ ਥਾਂ 'ਤੇ ਪਹੁੰਚਣ ਤੋਂ ਰੋਕ ਨਾ ਸਕੀ।

ਚੰਦੋ ਕਲਾਂ ਹਰਿਆਣਾ ਵਿੱਚ ਹੈ। ਉਸ ਰਾਜ ਦਾ ਮੁੱਖ ਮੰਤਰੀ ਭਜਨ ਲਾਲ ਸੀ ਤੇ ਉਸ ਸਮੇਂ ਕਾਂਗਰਸ ਪਾਰਟੀ ਦੇ ਨੇਤਾਵਾਂ ਦਾ ਮਨਜ਼ੂਰਿ ਨਜ਼ਰ ਹੋਣਾ ਚਾਹੁੰਦਾ ਸੀ। ਜਦੋਂ ਸ਼੍ਰੀਮਤੀ ਗਾਂਧੀ ਤਾਕਤ ਵਿੱਚ ਆਈ ਤਾਂ ਉਹ ਜਨਤਾ ਪਾਰਟੀ ਦੀ ਸਰਕਾਰ ਦਾ ਮੁੱਖ-ਮੰਤਰੀ ਸੀ। ਉਸ ਨੇ ਜਨਤਾ ਪਾਰਟੀ ਦੇ ਕਬਜ਼ੇ ਅਧੀਨ ਸਰਕਾਰਾਂ ਬਰਤਰਫ਼ ਕਰ ਦਿੱਤੀਆਂ, ਪਰੰਤੂ ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੀ ਗਰਦਨ ਚੁੱਪ ਚੁਪੀਤੇ ਹੀ ਦਿੱਲੀ ਵਿੱਚ ਤਾਕਤ ਵਿੱਚ ਆਈ ਕਾਂਗਰਸ ਸਰਕਾਰ ਨਾਲ ਵਫ਼ਾਦਾਰੀ ਪ੍ਰਗਟ ਕਰਕੇ ਬਚਾ ਲਈ। ਕਾਂਗਰਸ ਨੇਤਾ ਉਹਦੇ ਪ੍ਰਤੀ ਸ਼ੱਕੀ ਸਨ। ਉਹ ਉੱਚਿਤ ਤੌਰ 'ਤੇ ਇਹ ਸਮਝਦੇ ਸਨ ਕਿ ਜਿਹੜਾ ਆਦਮੀ ਇਤਨਾ ਅਸਥਿਰ ਤੇ ਦਲਬਦਲੂ ਹੈ, ਉਹ ਉਹਨਾਂ ਨੂੰ ਔਕੜ ਵੇਲੇ ਧੋਖਾ ਦੇਵੇਗਾ। ਕਾਂਗਰਸ ਪਾਰਟੀ ਪ੍ਰਤੀ ਵਫ਼ਾਦਾਰੀ ਵਿਖਾਉਣ ਕਾਰਨ ਲਾਭ ਮਿਲਦਾ ਸੀ; ਇਸ ਲਈ ਜਿਹੜੇ ਸਿਆਸਤਦਾਨ ਸ੍ਰੀਮਤੀ ਗਾਂਧੀ ਦੀ ਔਕੜ ਸਮੇਂ, ਜਦੋਂ ਜਨਤਾ ਸਰਕਾਰ ਨੇ ਉਸ ਵਿਰੁੱਧ ਸੰਕਟ ਕਾਲ ਦੀਆਂ ਜ਼ਿਆਦਤੀਆਂ ਕਰਕੇ ਪੜਤਾਲੀਆ ਕਮਿਸ਼ਨ ਬਿਠਾਇਆ ਸੀ, ਹੁਣ ਫਿਰ ਸ਼੍ਰੀਮਤੀ ਗਾਂਧੀ ਦੇ ਗੱਡੇ 'ਤੇ ਸਵਾਰ ਹੋਣ ਲਈ ਉਤਾਵਲੇ ਸਨ। ਜਿਹੜੇ ਸ਼੍ਰੀਮਤੀ ਗਾਂਧੀ ਦੇ ਵਫ਼ਾਦਾਰ ਰਹੇ ਸਨ, ਉਹਨਾਂ ਨੇ ਇਸ ਦਾ ਵਿਰੋਧ ਕੀਤਾ ਤੇ ਜਿਹਨਾਂ ਨੂੰ ਸ਼੍ਰੀਮਤੀ ਗਾਂਧੀ ਨੇ ਪਾਰਟੀ ਵਿੱਚ ਆਉਣ ਦੀ ਆਗਿਆ ਦੇ ਦਿੱਤੀ, ਉਹਨਾਂ ਨੂੰ ਔਹਦਿਆਂ ਤੋਂ ਲਾਂਭੇ ਰੱਖਣ ਦੀ ਪੂਰੀ ਵਾਹ ਲਾਈ। ਇਸ ਲਈ ਭਜਨ ਲਾਲ ਨੇ ਕੇਂਦਰੀ ਸਰਕਾਰ ਦੇ ਮੰਤਰੀਆਂ ਉੱਪਰ ਅਹਿਸਾਨ ਕਰਨ ਦਾ ਕੋਈ ਮੌਕਾ ਨਾ ਗੁਆਇਆ। ਇਸ ਲਈ ਇਸ ਗੱਲ ਦੀ ਕੋਈ ਵੀ ਸੰਭਾਵਨਾ ਨਹੀਂ ਸੀ ਕਿ ਉਹ ਭਿੰਡਰਾਂਵਾਲੇ ਨੂੰ ਨੱਠ ਜਾਣ ਦਿੰਦਾ ਜੇਕਰ ਉਸ ਨੂੰ ਕੇਂਦਰੀ ਸਰਕਾਰ ਤੋਂ ਅਜਿਹਾ ਕਰਨ ਦੀ ਹਿਦਾਇਤ ਨਾ ਹੋਈ ਹੁੰਦੀ।

ਉੱਘੇ ਪੱਤਰਕਾਰ ਕੁਲਦੀਪ ਨੱਯਰ ਨੇ ਜਾਣਕਾਰੀ ਦਿੱਤੀ ਸੀ ਕਿ ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਭਜਨ ਲਾਲ ਨੂੰ ਫ਼ੋਨ ਕੀਤਾ ਕਿ ਉਹ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਨਾ ਕਰੇ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਹਰਿਆਣੇ ਦੇ ਮੁੱਖ ਮੰਤਰੀ ਨੇ ਆਪਣੀ ਸਰਕਾਰੀ ਕਾਰ ਭਿੰਡਰਾਂਵਾਲੇ ਨੂੰ ਉਸ ਦੇ ਗੁਰਦੁਆਰੇ ਪਹੁੰਚਾਉਣ ਲਈ ਭੇਜੀ। ਉਹ ਸੱਚਮੁੱਚ ਹੀ ਉੱਥੋਂ ਬੜੀ ਫੁਰਤੀ ਨਾਲ ਨਿਕਲਿਆ ਤੇ ਆਪਣੇ ਨਾਲ ਉਹ ਧਾਰਮਕ ਪਰਵਚਨਾਂ ਵਾਲੇ ਗ੍ਰੰਥਾਂ ਵਾਲੀਆਂ ਗੱਡੀਆਂ ਵੀ ਨਾ ਲਿਜਾ ਸਕਿਆ।

ਜਦੋਂ ਆਖ਼ਰ ਪੰਜਾਬ ਪੁਲੀਸ ਚੰਦੋ ਕਲਾਂ ਪਹੁੰਚੀ ਤੇ ਉਹਨਾਂ ਵੇਖਿਆ ਕਿ ਹਰਿਆਣਾ ਪੁਲੀਸ ਨੇ ਭਿੰਡਰਾਂਵਾਲੇ ਨੂੰ ਬਚ ਕੇ ਨਿਕਲ ਜਾਣ ਦੀ ਆਗਿਆ ਦੇ ਦਿੱਤੀ ਸੀ ਤਾਂ ਉਹ ਬਹੁਤ ਕਰੋਧਤ ਹੋਈ। ਪੈੜੂਆਂ ਅਨੁਸਾਰ ਉਹਨਾਂ ਨੇ ਗਿਣ ਮਿਥ ਕੇ ਗੱਡੀਆਂ ਨੂੰ ਅੱਗ ਲਾਈ। ਸਰਕਾਰੀ ਵਰਨਣ ਅਨੁਸਾਰ, "ਪੁਲੀਸ ਚੰਦੋ ਕਲਾਂ ਸ੍ਰੀ ਭਿੰਡਰਾਂਵਾਲੇ ਨੂੰ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਸੰਬੰਧ ਵਿੱਚ ਫੜਨ ਗਈ ਸੀ, ਪਰ ਭਿੰਡਰਾਂਵਾਲਾ ਉੱਥੋਂ ਪਹਿਲਾਂ ਹੀ ਚਲਾ ਗਿਆ ਸੀ। ਜਦੋਂ ਭਿੰਡਰਾਂਵਾਲੇ ਦੇ ਕੁਝ ਚੇਲਿਆਂ ਨੇ ਪੁਲੀਸ 'ਤੇ ਗੋਲੀ ਚਲਾਈ ਤਾਂ ਉੱਥੇ ਹਿੰਸਾ ਭੜਕੀ। ਦੁਵੱਲੀ ਗੋਲੀਬਾਰੀ ਨਾਲ ਸਾੜ-ਫੂਕ ਦੀ ਘਟਨਾ ਵਾਪਰੀ।" ਉਹ ਸਾੜ-ਫੂਕ ਦੀ ਘਟਨਾ ਸਰਕਾਰ ਲਈ ਭਾਰੂ ਸਿੱਧ ਹੋਈ।

ਭਿੰਡਰਾਂਵਾਲੇ ਦੇ ਨਾਲ ਇਕ ਸਕੱਤਰ ਹੁੰਦਾ ਸੀ ਜੋ ਉਹਦੇ ਹਰ ਸ਼ਬਦ ਦਾ ਉਤਾਰਾ ਕਰਦਾ ਸੀ ਜਦੋਂ ਉਹ ਭਾਸ਼ਨ ਦਿੰਦਾ ਸੀ ਤਾਂ ਜੋ ਇਹ ਆਉਣ ਵਾਲੀਆਂ ਨਸਲਾਂ ਲਈ ਲਿਖਤੀ ਦਸਤਾਵੇਜ਼ ਬਣ ਜਾਵੇ। ਇਹ ਭਿੰਡਰਾਂਵਾਲੇ ਦੇ ਅਮਰ ਸ਼ਬਦ ਸਨ ਜੋ ਚੰਦੋ ਕਲਾਂ ਵਿੱਚ ਸਾੜੇ ਗਏ ਤੇ ਉਸ ਪ੍ਰਚਾਰਕ ਨੇ ਸਰਕਾਰ ਨੂੰ ਕਦੇ ਵੀ ਉਸ ਕਾਰੇ ਲਈ ਮੁਆਫ਼ ਨਾ ਕੀਤਾ। ਅਸਲੀਅਤ ਇਹ ਹੈ ਕਿ ਉਹ ਆਪਣੀ ਗ੍ਰਿਫ਼ਤਾਰੀ ਕਰਕੇ ਨਹੀਂ ਸਗੋਂ ਆਪਣੇ ਉਪਦੇਸ਼ਾਂ ਵਾਲੇ ਗ੍ਰੰਥ ਸਾੜੇ ਜਾਣ ਕਾਰਨ ਹੀ ਆਪਣੇ ਸਿਆਸੀ ਸਰਪਰਸਤ ਜ਼ੈਲ ਸਿੰਘ ਤੇ ਸ਼੍ਰੀਮਤੀ ਗਾਂਧੀ ਦੇ ਵਿਰੁੱਧ ਹੋਇਆ। ਸਰਕਾਰ ਵਿਰੁੱਧ ਕਰੜੀ ਨੁਕਤਾਚੀਨੀ ਵਿੱਚ ਉਹ ਇਸ ਘਟਨਾ ਦਾ ਸਦਾ ਹੀ ਹਵਾਲਾ ਦਿੰਦਾ ਸੀ। ਉਹ ਆਪਣੇ ਸਰੋਤਿਆਂ ਤੋਂ ਪੁੱਛਦਾ ਹੈ : "ਜੇ ਕੋਈ ਤੁਹਾਡੇ ਪਿਆਰੇ ਨੂੰ ਮਾਰ ਦੇਵੇ ਤਾਂ ਤੁਸੀਂ ਕੀ ਕਰੋਗੇ ? ਉਹਨਾਂ ਨੇ ਮੇਰੇ ਗ੍ਰੰਥ ਸਾੜ ਕੇ ਮੇਰੇ ਗੁਰੂ ਦਾ ਅਪਮਾਨ ਕੀਤਾ ਹੈ।"

ਜਦੋਂ ਇਸ ਗੱਲ ਦਾ ਸਭ ਨੂੰ ਪਤਾ ਲੱਗ ਗਿਆ ਕਿ ਭਿੰਡਰਾਂਵਾਲਾ ਬਚ ਕੇ ਮਹਿਤਾ ਚੌਕ ਗੁਰਦੁਆਰੇ ਪਹੁੰਚ ਗਿਆ ਹੈ ਤਾਂ ਪੁਲੀਸ ਤੇ ਅਰਧ ਸੈਨਿਕ ਬਲਾਂ ਨੇ ਮਹਿਤਾ ਚੌਕ ਨੂੰ ਘੇਰਾ ਪਾ ਲਿਆ।

ਦਰਬਾਰਾ ਸਿੰਘ ਇਸ ਗੱਲ 'ਤੇ ਅੜਿਆ ਹੋਇਆ ਸੀ ਕਿ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ ਭਾਵੇਂ ਕੇਂਦਰੀ ਸਰਕਾਰ ਡਰਦੀ ਸੀ ਕਿ ਇਸ ਨਾਲ ਹਿੰਸਾ ਹੋਵੇਗੀ ਕਿਉਂਕਿ ਉਸ ਦੀ ਰੱਖਿਆ ਲਈ ਗੁਰਦਵਾਰੇ ਵਿੱਚ ਬਹੁਤ ਸਾਰੇ ਸਿੱਖ ਇਕੱਠੇ ਹੋ ਗਏ ਸਨ। ਤਿੰਨ ਸ੍ਰੇਸ਼ਠ ਪੁਲਸ ਅਧਿਕਾਰੀਆਂ ਨੂੰ ਉਸ ਕੋਲ ਸਮਰਪਣ ਕਰਨ ਲਈ ਗੱਲਬਾਤ ਕਰਨ ਲਈ ਭੇਜਿਆ ਗਿਆ ਤੇ ਪੁਲਸ ਦੇ ਹੱਥੋਂ ਚੰਦੋ ਕਲਾਂ ਤੋਂ ਬਚ ਕੇ ਨਿਕਲ ਆਉਣ ਦੇ ਪੰਜਵੇਂ ਦਿਨ ਉਸ ਨੇ ਗ੍ਰਿਫ਼ਤਾਰ ਹੋਣ ਦੀ ਸਹਿਮਤੀ ਦਿੱਤੀ। ਉਸ ਨੇ ਕਿਹਾ ਕਿ ਉਹ 20 ਸਤੰਬਰ ਐਤਵਾਰ ਵਾਲੇ ਦਿਨ ਦੁਪਹਿਰ ਪਿੱਛੋਂ ਇਕ ਵਜੇ ਪੁਲੀਸ ਅੱਗੇ ਆਤਮ-ਸਮਰਪਣ ਕਰੇਗਾ। ਉਸ ਨੇ ਪੁਲੀਸ ਨੂੰ ਕਿਹਾ ਕਿ ਉਹ ਅਤੇ ਹੋਰ ਦੂਸਰੇ ਸਿੱਖ ਨੇਤਾ ਪਹਿਲਾਂ ਸੰਗਤ ਨੂੰ ਸੰਬੋਧਨ ਕਰਨਗੇ। ਪੁਲੀਸ ਨੇ ਕਾਇਰਤਾ ਨਾਲ ਉਹਦੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ। ਇਸ ਲਈ ਭਿੰਡਰਾਂਵਾਲੇ ਨੇ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਪੰਜਾਬ ਸਰਕਾਰ ਵਿਰੁੱਧ ਜੋਸ਼ੀਲਾ ਭਾਸ਼ਣ ਦਿੱਤਾ ਤੇ ਜਦੋਂ ਪੁਲੀਸ ਉਸ ਨੂੰ ਗ੍ਰਿਫ਼ਤਾਰ ਕਰਕੇ ਲੈ ਗਈ ਤਾਂ ਉਸ ਨੇ ਆਪਣੇ ਪੈਰੋਕਾਰਾਂ ਨੂੰ ਭੜਕਾ ਕੇ ਕਿਹਾ ਕਿ ਉਹ ਹਿੰਸਕ ਨਾ ਹੋਣ। ਜਦੋਂ ਹੀ ਭਿੰਡਰਾਂਵਾਲਾ ਗਿਆ ਤਾਂ ਉਹਦੇ ਸਮਰਥਕਾਂ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ ਤੇ ਇਕ ਕਿਸਮ ਦੀ ਲੜਾਈ ਛਿੜ ਗਈ ਜਿਸ ਵਿੱਚ ਘੱਟੋ ਘੱਟ ਗਿਆਰਾਂ ਲੋਕ ਮਾਰੇ ਗਏ।

ਜਿਸ ਦਿਨ ਭਿੰਡਰਾਂਵਾਲਾ ਗ੍ਰਿਫ਼ਤਾਰ ਕੀਤਾ ਗਿਆ, ਉਸ ਦਿਨ ਹੀ ਹਿੰਸਾ ਸ਼ੁਰੂ ਹੋ ਗਈ। ਉਸ ਦਿਨ ਹੀ ਪੰਜਾਬ ਵਿੱਚ ਹਿੰਸਾ ਭੜਕ ਉੱਠੀ ਜਿਸ ਕਾਰਨ ਆਖ਼ਰਕਾਰ ਸਵਰਨ ਮੰਦਰ ਵਿੱਚ ਫ਼ੌਜੀ ਕਾਰਵਾਈ ਹੋਈ। ਮੋਟਰ ਸਾਈਕਲ ਸਵਾਰ ਤਿੰਨ ਸਿੱਖਾਂ ਨੇ ਜਲੰਧਰ ਦੀ ਮੰਡੀ ਵਿੱਚ ਹਿੰਦੂਆਂ 'ਤੇ ਗੋਲੀ ਚਲਾ ਕੇ 4 ਆਦਮੀਆਂ ਨੂੰ ਮਾਰ ਦਿੱਤਾ ਤੇ 12 ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ। ਅਗਲੇ ਦਿਨ ਉਹੋ ਜਿਹੀ ਹੀ ਇਕ ਘਟਨਾ ਵਿੱਚ ਅੰਮ੍ਰਿਤਸਰ ਨੇੜੇ ਤਰਨਤਾਰਨ ਸ਼ਹਿਰ ਵਿੱਚ ਇਕ ਹਿੰਦੂ ਮਾਰ ਦਿੱਤਾ ਗਿਆ ਤੇ 13 ਵਿਅਕਤੀ ਜ਼ਖ਼ਮੀ ਹੋ ਗਏ। ਪੰਜ ਦਿਨ ਮਗਰੋਂ ਰੇਲ ਪਟੜੀ ਉਖਾੜ ਕੇ ਦੋ ਰੇਲ

ਗੱਡੀਆਂ ਲੀਹਾਂ ਤੋਂ ਲਾਹੁਣ ਦੇ ਯਤਨ ਕੀਤੇ ਗਏ। ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਤੋਂ 9 ਦਿਨ ਮਗਰੋਂ 29 ਸਤੰਬਰ ਨੂੰ ਇੰਡੀਅਨ ਏਅਰਲਾਈਨਜ਼ ਦਾ ਜਹਾਜ਼ ਪਾਕਿਸਤਾਨ ਦੀ ਸੀਮਾ ਤੋਂ ਪਾਰ ਲਾਹੌਰ ਲਿਜਾਇਆ ਗਿਆ। ਇਸ ਤੋਂ ਸੰਕੇਤ ਮਿਲਦਾ ਹੈ ਕਿ ਭਿੰਡਰਾਂਵਾਲੇ ਦੇ ਮਗਰ ਪਹਿਲਾਂ ਹੀ ਮਜ਼ਬੂਤ ਜੱਥੇਬੰਦੀ ਸੀ। ਸਭ ਤੋਂ ਮਹੱਤਵਪੂਰਨ ਘਟਨਾ ਪਟਿਆਲਾ ਡੀ.ਆਈ.ਜੀ. ਦੇ ਦਫ਼ਤਰ ਵਿੱਚ ਬੰਬ ਧਮਾਕਾ ਸੀ। ਉਹ ਡੀ.ਆਈ.ਜੀ. ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਲਈ ਚੰਦੋ ਕਲਾਂ ਭੇਜੇ ਗਏ ਅਫ਼ਸਰਾਂ ਵਿੱਚੋਂ ਇਕ ਸੀ। ਇਸ ਬੰਬ ਧਮਾਕੇ 'ਚੋਂ ਤਾਂ ਉਹ ਬਾਲ ਬਾਲ ਬਚ ਗਿਆ ਪਰ ਹੁਣ ਭਿੰਡਰਾਂਵਾਲੇ ਨੇ ਉਹਨਾਂ ਪੁਲਸੀਆਂ ਵਿਰੁੱਧ ਬਦਲਾ ਲੈਣ ਦੀ ਮੁਹਿਮ ਛੇੜ ਦਿੱਤੀ ਜਿਹਨਾਂ ਨੇ ਉਸ ਦੇ ਸਮਰਥਕਾਂ ਜਾਂ ਉਸ ਵਿਰੁੱਧ ਕੋਈ ਵੀ ਕਾਰਵਾਈ ਕੀਤੀ ਸੀ। ਇਹ ਮੁਹਿਮ ਅਤਿਅੰਤ ਬੇਰਹਿਮੀ ਨਾਲ ਚਲਾਈ ਗਈ।

ਫ਼ਿਰੋਜ਼ਪੁਰ ਜੇਲ੍ਹ ਵਿੱਚ ਸੰਖੇਪ ਜਿਹੇ ਸਮੇਂ ਦੀ ਗ੍ਰਿਫ਼ਤਾਰੀ ਸਮੇਂ ਭਿੰਡਰਾਂਵਾਲਾ ਇਸ ਗੱਲ 'ਤੇ ਅੜ ਗਿਆ ਕਿ ਉਸ ਦੇ ਪਹਿਰੇਦਾਰ ਖੁੱਲ੍ਹੀ ਦਾੜ੍ਹੀ ਵਾਲੇ ਸਿੱਖ ਸਿਪਾਹੀ ਹੀ ਹੋਣ। ਉਹ ਸਦਾ ਹੀ ਦਾੜ੍ਹੀ ਬਾਰੇ ਖਬਤੀ ਸੀ ਤੇ ਕੁਝ ਸਿੱਖਾਂ ਵੱਲੋਂ ਦਾੜ੍ਹੀਆਂ ਬੰਨ੍ਹਣ, ਗੁੱਟੀ ਕਰਨ ਜਾਂ ਜਾਲੀ ਨਾਲ ਬੰਨ੍ਹਣ ਦਾ ਵਿਰੋਧ ਕਰਦਾ ਸੀ। ਸਰਕਾਰ ਭਿੰਡਰਾਂਵਾਲੇ ਦੀ ਮੰਗ ਅੱਗੇ ਝੁਕ ਗਈ, ਭਾਵੇਂ ਧਰਮ ਨਿਰਪੇਖ ਭਾਰਤ ਵਿੱਚ ਅਜਿਹੇ ਕੋਈ ਕਾਨੂੰਨੀ ਆਦੇਸ਼ ਨਹੀਂ ਸਨ ਕਿਉਂਕਿ ਇੱਥੇ ਤਾਂ ਸਾਰੇ ਧਰਮਾਂ ਦੇ ਹੀ ਲੋਕ ਪੁਲੀਸ-ਸੇਵਾ ਤੇ ਜੇਲ੍ਹ-ਸੇਵਾ ਵਿੱਚ ਭਰਤੀ ਕੀਤੇ ਜਾਂਦੇ ਹਨ।

ਪੰਜਾਬ ਸਰਕਾਰ ਵੱਲੋਂ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਲਈ ਸਾਰੇ ਕਸ਼ਟ ਭਰੇ ਯਤਨ ਕਰਨ ਦੇ ਇਕ ਮਹੀਨੇ ਤੋਂ ਘੱਟ ਸਮੇਂ ਅੰਦਰ ਹੀ, 14 ਅਕਤੂਬਰ ਨੂੰ ਜ਼ੈਲ ਸਿੰਘ ਨੇ ਦਿੱਲੀ ਵਿੱਚ ਲੋਕ ਸਭਾ ਵਿੱਚ ਬਿਆਨ ਦਿੱਤਾ ਕਿ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਹੈ ਕਿ ਅਖ਼ਬਾਰ ਸਮੂਹ ਮਾਲਕ ਲਾਲਾ ਜਗਤ ਨਾਰਾਇਣ ਦੇ ਕਤਲ ਵਿੱਚ ਭਿੰਡਰਾਂਵਾਲੇ ਦਾ ਹੱਥ ਸੀ। ਸਰਕਾਰ ਨੇ ਭਿੰਡਰਾਂਵਾਲੇ ਨੂੰ ਰਿਹਾਅ ਕਰਨ ਦਾ ਫ਼ੈਸਲਾ ਲੈ ਲਿਆ ਸੀ। ਇਹ ਕੋਈ ਅਦਾਲਤੀ ਫ਼ੈਸਲਾ ਨਹੀਂ ਸੀ। ਕਈਆਂ ਨੇ ਇਹ ਦਲੀਲ ਦਿੱਤੀ ਕਿ ਜ਼ੈਲ ਸਿੰਘ ਨੇ ਭਿੰਡਰਾਂਵਾਲੇ ਨੂੰ ਇਸ ਉਮੀਦ ਨਾਲ ਰਿਹਾਅ ਕੀਤਾ ਸੀ ਕਿ, ਉਸ ਦੀ ਰਿਹਾਈ ਨਾਲ ਉਹ ਹਿੰਸਾ ਰੁੱਕ ਜਾਏਗੀ ਜੋ ਉਸ ਦੀ ਗ੍ਰਿਫ਼ਤਾਰੀ ਨਾਲ ਭੜਕੀ ਸੀ। ਜੇ ਇਸ ਤਰ੍ਹਾਂ ਦੀ ਉਮੀਦ ਸੀ ਤਾਂ ਗ੍ਰਹਿ ਮੰਤਰੀ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਉਸ ਦੀ ਰਿਹਾਈ ਤੋਂ ਇਕ ਦਿਨ ਮਗਰੋਂ ਹੀ ਚੰਡੀਗੜ੍ਹ ਵਿੱਚ ਪੰਜਾਬ ਸਕੱਤਰੇਤ ਦੇ ਇਕ ਸ੍ਰੇਸ਼ਠ ਪ੍ਰਸ਼ਾਸਨਕ ਅਧਿਕਾਰੀ ਉੱਪਰ ਗੋਲੀ ਚਲਾਈ ਗਈ ਜਿਹੜਾ ਕਿ ਨਿਰੰਕਾਰੀ ਸੀ। ਇਸ ਘਟਨਾ ਵਿੱਚ ਉਸ ਦਾ ਭਰਾ ਮਾਰਿਆ ਗਿਆ। ਇਸ ਘਟਨਾ ਪਿੱਛੋਂ ਪੁਲਸ ਉੱਪਰ ਹਮਲੇ ਰੋਜ਼ ਕੀਤੇ ਗਏ ਤੇ ਕਈ ਥਾਂਈਂ ਬੰਬ ਧਮਾਕੇ ਹੋਏ।

ਜਦੋਂ ਮੈਂ ਦਰਬਾਰਾ ਸਿੰਘ ਨੂੰ, ਉਹਦੀ ਸਰਕਾਰ, ਸ੍ਰੀਮਤੀ ਗਾਂਧੀ ਵੱਲੋਂ ਬਰਤਰਫ਼ ਕੀਤੇ ਜਾਣ ਮਗਰੋਂ, ਮਿਲਿਆ ਤਾਂ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਸਮੇਂ ਦੇ ਅਜੀਬ ਹਾਲਾਤ ਬਾਰੇ ਉਸ ਦੀ ਵਿਆਖਿਆ ਵਧੇਰੇ ਮੰਨਣਯੋਗ ਸੀ। ਬੜਾ ਚਾਲਬਾਜ਼ ਤੇ ਸ਼ਾਤਰ ਸਿਆਸਤਦਾਨ ਹੋਣ ਕਾਰਨ ਉਸ ਨੇ ਆਪਣੇ ਸ਼ਰੀਕ ਜ਼ੈਲ ਸਿੰਘ ਦਾ ਨਾਮ ਨਾ ਲਿਆ, ਪਰੰਤੂ ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਸੀ ਕਿ ਉਹ ਗੱਲਬਾਤ ਵਿੱਚ ਕਿਸ ਵੱਲ

ਸੰਕੇਤ ਕਰ ਰਿਹਾ ਸੀ। ਪਹਿਲਾਂ ਮੈਂ ਪੰਜਾਬ ਦੇ ਭੂਤਪੂਰਵ ਮੁੱਖ ਮੰਤਰੀ ਨੂੰ ਪੁੱਛਿਆ ਕਿ ਗ੍ਰਿਫ਼ਤਾਰੀ ਦੇ ਹੁਕਮ ਕਿਸ ਨੇ ਦਿੱਤੇ ਸਨ। ਉਸ ਨੇ ਉੱਤਰ ਦਿੱਤਾ, "ਮੈਂ ਉਸ ਨੂੰ ਚੰਦੋ ਕਲਾਂ ਵਿੱਚ ਹੀ ਗ੍ਰਿਫ਼ਤਾਰ ਕਰ ਲੈਣਾ ਚਾਹੁੰਦਾ ਸੀ।"

"ਕੀ ਇਹ ਸੱਚ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਨੇ ਆਪਣੀ ਸਰਕਾਰੀ ਕਾਰ ਪੁਲੀਸ ਦੇ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਭਿੰਡਰਾਂਵਾਲੇ ਨੂੰ ਚੰਦੋ ਕਲਾਂ ਤੋਂ ਲਿਜਾਣ ਲਈ ਭੇਜੀ ਸੀ ?"

"ਜੇ ਤੁਸੀਂ ਜਾਣਦੇ ਹੋ ਕਿ ਇਹ ਸਹੀ ਹੈ ਤਾਂ ਤੁਸੀਂ ਮੈਨੂੰ ਕਿਉਂ ਪੁੱਛਦੇ ਹੋ ?"

"ਉਸ ਨੂੰ ਗ੍ਰਿਫ਼ਤਾਰੀ ਮਗਰੋਂ ਕਿਉਂ ਰਿਹਾ ਕੀਤਾ ਗਿਆ ?"

"ਮੈਨੂੰ ਨਾ ਪੁੱਛੋ। ਤੁਸੀਂ ਜਾਣਦੇ ਹੋ। ਉਸ ਨੂੰ ਬੰਦੂਕਾਂ ਸਮੇਤ ਦਿੱਲੀ ਹੀ ਕਿਉਂ ਜਾਣ ਦਿੱਤਾ ਗਿਆ ? ਉਸ ਨੂੰ ਉਸ ਸਮੇਂ ਕਿਉਂ ਗ੍ਰਿਫ਼ਤਾਰ ਨਾ ਕੀਤਾ ਗਿਆ ?"

ਜਦੋਂ ਭਿੰਡਰਾਂਵਾਲਾ ਦਿੱਲੀ ਆਪਣੀ ਰਿਹਾਈ ਦਾ ਜਸ਼ਨ ਮਨਾਉਣ ਗਿਆ ਤਾਂ ਉਸ ਨੇ ਖੁਲ੍ਹਮ-ਖੁਲ੍ਹਾ ਕਾਨੂੰਨ ਦੀਆਂ ਧੱਜੀਆਂ ਉਡਾਈਆਂ। ਉਹ ਰਾਜਧਾਨੀ ਵਿੱਚ ਆਪਣੇ 80 ਸਮਰਥਕਾਂ ਨਾਲ ਘੁੰਮਿਆ, ਜਿਹਨਾਂ ਵਿੱਚੋਂ ਬਹੁਤ ਸਾਰੇ ਨਾਜਾਇਜ਼ ਅਸਲਾ ਲੈ ਕੇ ਬੱਸਾਂ ਦੀਆਂ ਛੱਤਾਂ 'ਤੇ ਲਹਿਰਾਉਂਦੇ ਰਹੇ। ਉਸ ਨੂੰ ਗ੍ਰਿਫ਼ਤਾਰ ਕਰਨ ਦੀ ਜ਼ਿੰਮੇਂਵਾਰੀ ਦਿੱਲੀ ਪੁਲੀਸ ਦੀ ਸੀ ਕਿਉਂਕਿ ਦਿੱਲੀ ਪੁਲੀਸ ਗ੍ਰਹਿ ਮੰਤ੍ਰਾਲੇ ਦੇ ਨਿਯੰਤਰਨ ਵਿੱਚ ਹੀ ਸੀ। ਉਸ ਯਾਤਰਾ ਸਮੇਂ ਭਿੰਡਰਾਂਵਾਲਾ ਤੇ ਉਹਦੇ ਸਾਥੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਢੋਲ ਵਜਾ ਕੇ ਇਕੱਠੇ ਕੀਤੇ ਹਜ਼ਾਰਾਂ ਸਿੱਖਾਂ ਨਾਲ ਇਕ ਜੇਤੂ ਜਲੂਸ ਵਿੱਚ ਰਾਜਧਾਨੀ ਦੇ ਉੱਤਰੀ ਪਾਸੇ ਦੇ ਇਕ ਗੁਰਦੁਆਰੇ ਤੋਂ ਪਾਰਲੀਮੈਂਟ ਦੇ ਬਿਲਕੁਲ ਪਿੱਛੇ ਦਿੱਲੀ ਦੇ ਵੱਡੇ ਗੁਰਦੁਆਰੇ ਬੰਗਲਾ ਸਾਹਿਬ ਪਹੁੰਚੇ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਂਗਰਸ ਪਾਰਟੀ ਦੇ ਨਿਯੰਤਰਨ ਅਧੀਨ ਸੀ। ਇਸ ਦੇ ਪ੍ਰਧਾਨ ਸੰਤੋਖ ਸਿੰਘ ਦੇ ਸ਼੍ਰੀਮਤੀ ਗਾਂਧੀ ਨਾਲ ਅਤਿਅੰਤ ਨਜ਼ਦੀਕੀ ਨਿੱਜੀ ਸੰਬੰਧ ਸਨ। ਗ੍ਰਹਿ ਮੰਤਰੀ ਨੇ ਭਿੰਡਰਾਂਵਾਲੇ ਨੂੰ ਤਿਹਾੜ ਜੇਲ੍ਹ ਵਿੱਚ ਜਾ ਕੇ ਕੈਦ ਕੀਤੇ ਇਕ ਸਿੱਖ ਸਿਆਸਤਦਾਨ ਨਾਲ ਮੁਲਾਕਾਤ ਕਰਨ ਦੀ ਆਗਿਆ ਦਿੱਤੀ।

ਇਸ ਲਈ ਇਸ ਗੱਲ ਦੇ ਕਾਫ਼ੀ ਸਬੂਤ ਹਨ ਕਿ ਭਿੰਡਰਾਂਵਾਲੇ ਦੀ ਰਿਹਾਈ ਗ੍ਰਹਿ ਮੰਤਰੀ ਦੇ ਹੁਕਮਾਂ ਨਾਲ ਹੋਈ। ਉਸ ਨੂੰ ਨਿਰਸੰਦੇਹ ਜ਼ੈਲ ਸਿੰਘ ਦੀ ਸਰਪਰਸਤੀ ਪ੍ਰਾਪਤ ਸੀ। ਪ੍ਰੰਤੂ ਪੰਜਾਬ ਕਾਂਗਰਸ ਦੇ ਇਕ ਸੀਨੀਅਰ ਪਦਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਇਹ ਸ਼੍ਰੀਮਤੀ ਗਾਂਧੀ ਸੀ ਜਿਸ ਨੇ ਅਸਲ ਵਿੱਚ ਸੰਤ ਦੀ ਰਿਹਾਈ ਦਾ ਆਦੇਸ਼ ਦਿੱਤਾ ਸੀ। ਇਸ ਦੀ ਪ੍ਰੋੜ੍ਹਤਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸੰਤੋਖ ਸਿੰਘ ਦੇ ਪਰਿਵਾਰ ਦੇ ਇਕ ਵਿਅਕਤੀ ਨੇ ਵੀ ਕੀਤੀ ਹੈ। ਉਸ ਨੇ ਮੈਨੂੰ ਦੱਸਿਆ ਕਿ ਸੰਤੋਖ ਸਿੰਘ ਖ਼ੁਦ ਸ਼੍ਰੀਮਤੀ ਗਾਂਧੀ ਕੋਲ ਗਿਆ ਤੇ ਉਸ ਨੇ ਬੜੇ ਜ਼ੋਰ ਨਾਲ ਡਰਾਵਾ ਦਿੰਦਿਆਂ ਕਿਹਾ ਕਿ ਜੇ ਸੰਤ ਨੂੰ ਰਿਹਾ ਨਾ ਕੀਤਾ ਗਿਆ ਤਾਂ ਉਸ ਲਈ ਦਿੱਲੀ ਗੁ: ਪ੍ਰ: ਕਮੇਟੀ ਨੂੰ ਕਾਂਗਰਸ ਪ੍ਰਤੀ ਵਫ਼ਾਦਾਰ ਬਣਾਈ ਰੱਖਣਾ ਸੰਭਵ ਨਹੀਂ ਹੋਵੇਗਾ।

ਭਿੰਡਰਾਂਵਾਲੇ ਦੀ ਰਿਹਾਈ ਉਸ ਦੇ ਜੀਵਨ ਦੀ ਮਹੱਤਵਪੂਰਨ ਘਟਨਾ ਸੀ। ਉਸ ਨੂੰ ਇਕ ਨਾਇਕ ਵਜੋਂ ਜਾਣਿਆ ਜਾਣ ਲੱਗਾ ਜਿਸ ਨੇ ਕੇਂਦਰੀ ਸਰਕਾਰ ਨੂੰ ਲਲਕਾਰ ਕੇ ਪ੍ਰਾਜਿੱਤ ਕੀਤਾ। ਪਰਚਾਰਕ ਨੇ ਆਪਣੀ ਰਿਹਾਈ ਪਿੱਛੋਂ ਆਪ ਕਿਹਾ, "ਸਰਕਾਰ ਨੇ ਮੇਰੇ

ਲਈ ਇਕ ਹਫ਼ਤੇ ਵਿੱਚ ਉਹ ਕੁਝ ਕਰ ਦਿੱਤਾ ਹੈ ਜੋ ਮੈਂ ਕਈ ਸਾਲਾਂ ਵਿੱਚ ਪ੍ਰਾਪਤ ਨਾ ਕਰ ਸਕਦਾ।" ਜ਼ੈਲ ਸਿੰਘ ਭਿੰਡਰਾਂਵਾਲੇ ਦੀ ਰਿਹਾਈ ਇਸ ਕਰਕੇ ਚਾਹੁੰਦਾ ਸੀ ਕਿਉਂਕਿ ਉਸ ਨੂੰ ਯਕੀਨ ਸੀ ਕਿ ਉਹ ਆਪਣੇ ਵਿਰੋਧੀ ਪੰਜਾਬ ਦੇ ਮੁੱਖ ਮੰਤਰੀ ਦੇ ਪਤਨ ਲਈ ਭਿੰਡਰਾਂਵਾਲੇ ਨੂੰ ਵਰਤ ਸਕੇਗਾ। ਪ੍ਰਤੱਖ ਰੂਪ ਵਿੱਚ ਸ਼੍ਰੀਮਤੀ ਗਾਂਧੀ ਵੀ ਉਸ ਦੀ ਰਿਹਾਈ ਇਸ ਕਰਕੇ ਚਾਹੁੰਦੀ ਸੀ ਕਿਉਂਕਿ ਇਸ ਤਰ੍ਹਾਂ ਉਸ ਦੀ ਪਕੜ ਦਿੱਲੀ ਦੇ ਸਿੱਖਾਂ ਉੱਪਰ ਕਾਇਮ ਰਹਿ ਸਕੇਗੀ। ਛੋਟੇ-ਛੋਟੇ ਸਿਆਸੀ ਲਾਭਾਂ ਖ਼ਾਤਰ ਸਰਕਾਰ ਨੇ ਨਿਆਂ ਦੀ ਬਲੀ ਦੇ ਕੇ ਆਪਣੇ ਲਈ ਉਹ ਦੈਂਤ ਪੈਦਾ ਕਰ ਲਿਆ ਜੋ ਸ਼੍ਰੀਮਤੀ ਗਾਂਧੀ ਦੇ ਅੰਤਿਮ ਦਿਨਾਂ ਤਕ ਉਹਦੇ 'ਤੇ ਹਾਵੀ ਰਿਹਾ ਤੇ ਉਸ ਦੀ ਮੌਤ ਤਕ ਉਸ ਦੇ ਪਰਛਾਵੇਂ ਵਾਂਗ ਮਗਰ ਹੀ ਲੱਗਾ।

ਉਹਨਾਂ ਨੂੰ ਆਪਣੀ ਗ਼ਲਤੀ ਅਨੁਭਵ ਕਰਨ ਲਈ ਕੁਝ ਸਮਾਂ ਲੱਗਾ। ਉਹ ਅਜੇ ਵੀ ਇਹੋ ਸਮਝਦੇ ਸਨ ਕਿ ਉਹ ਭਿੰਡਰਾਂਵਾਲੇ ਨੂੰ ਆਪਣੇ ਲਾਭਾਂ ਹਿੱਤ ਵਰਤ ਸਕਣਗੇ। ਇਹ ਉਸ ਸਮੇਂ ਸਪੱਸ਼ਟ ਹੋ ਗਿਆ ਜਦੋਂ ਭਿੰਡਰਾਂਵਾਲੇ ਦੀ ਰਿਹਾਈ ਦੀ ਵਕਾਲਤ ਕਰਨ ਵਾਲੇ ਸੰਤੋਖ ਸਿੰਘ ਦਾ ਤੇ ਇਸ ਲੜੀ ਦਾ ਤੀਸਰਾ ਕਤਲ ਹੋਇਆ। ਉਸ ਨੂੰ 21 ਦਸੰਬਰ 1981 ਵਿੱਚ ਇਕ ਵਿਰੋਧੀ ਸਿੱਖ ਸਿਆਸਤਦਾਨ ਨੇ ਉਸ ਦੀ ਕਾਰ ਵਿੱਚ ਹੀ ਗੋਲੀ ਮਾਰ ਕੇ ਮਾਰ ਦਿੱਤਾ। ਜਦੋਂ ਉਸ ਦੇ ਕਤਲ ਦੀ ਖ਼ਬਰ ਸਰਕਾਰ ਤੱਕ ਪਹੁੰਚੀ ਤਾਂ ਸ਼੍ਰੀਮਤੀ ਗਾਂਧੀ, ਉਸ ਦਾ ਪੁੱਤਰ ਰਾਜੀਵ ਤੇ ਜ਼ੈਲ ਸਿੰਘ ਉਸ ਹਸਪਤਾਲ ਵੱਲ ਫ਼ੁਰਤੀ ਨਾਲ ਗਏ ਜਿੱਥੇ ਉਸ ਦੀ ਲਾਸ਼ ਲਿਜਾਈ ਗਈ ਸੀ। ਜ਼ੈਲ ਸਿੰਘ ਜ਼ੋਰ ਦੇ ਰਿਹਾ ਸੀ ਕਿ ਉਸ ਦੀ ਲਾਸ਼ ਉਸ ਦੇ ਘਰ ਲਿਜਾਈ ਜਾਵੇ। ਸੰਤੋਖ ਸਿੰਘ ਵੀ ਭਿੰਡਰਾਂਵਾਲੇ ਦਾ ਹੀ ਆਦਮੀ ਸੀ। ਭਿੰਡਰਾਂਵਾਲਾ ਆਮ ਹੀ ਕਿਹਾ ਕਰਦਾ ਸੀ ਕਿ ਸੰਤੋਖ ਸਿੰਘ ਨੇ ਉਸ ਦੇ ਵਕੀਲ ਦੀ ਫ਼ੀਸ ਅਦਾ ਕੀਤੀ ਸੀ ਜਦੋਂ ਭਿੰਡਰਾਂਵਾਲੇ ਉੱਤੇ ਨਿਰੰਕਾਰੀ ਮੱਤ ਦੇ ਗੁਰੂ ਦੇ ਕਤਲ ਦੀ ਸਾਜ਼ਿਸ਼ ਦਾ ਦੋਸ਼ ਲੱਗਾ ਸੀ। ਤੇ ਉਹ ਮੁਕੱਦਮੇ ਵਿੱਚ ਇਕ ਹੋਰ ਮੁਲਜ਼ਮ ਰਣਜੀਤ ਸਿੰਘ ਨੂੰ 2000 ਰੁਪੇ ਪ੍ਰਤੀ ਮਹੀਨਾ ਅਦਾ ਕਰਿਆ ਕਰਦਾ ਸੀ। ਸੰਤੋਖ ਸਿੰਘ ਉਸ ਐਤਵਾਰ ਖ਼ੁਦ ਉਸ ਸਮੇਂ ਹਾਜ਼ਰ ਸੀ ਜਦੋਂ ਭਿੰਡਰਾਂਵਾਲਾ ਗੁਰਦੁਆਰੇ ਦੇ ਬਾਹਰ ਆਤਮ-ਸਮਰਪਣ ਲਈ ਸਹਿਮਤ ਹੋਇਆ ਸੀ। ਉਸ ਨੇ ਭਾਸ਼ਣ ਦਿੰਦਿਆਂ ਕਿਹਾ ਸੀ, "ਜੇ ਸਰਕਾਰ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਦੀ ਹੈ ਤਾਂ ਉਹ ਸਿੱਖ ਦੇ ਦਿਲ ਨੂੰ ਹੱਥ ਪਾਉਂਦੀ ਹੈ। ਜੇ ਉਸ ਨੂੰ ਕਿਸੇ ਝੂਠੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਤਾਂ ਸਿੱਖ ਲਾਵੇ ਵਾਂਗ ਫੁੱਟ ਪੈਣਗੇ, ਜਿਸ ਲਾਵੇ ਵਿੱਚ ਮੁਲਕ ਰੁੜ੍ਹ ਜਾਵੇਗਾ।"

ਕਿਹਾ ਜਾਂਦਾ ਹੈ, ਸੰਤੋਖ ਸਿੰਘ ਦੀ ਮੌਤ ਵੇਲੇ ਤਕ ਭਿੰਡਰਾਂਵਾਲੇ ਦੇ ਆਦਮੀਆਂ ਨੇ ਦੋ ਪੁਲਸੀਏ ਤੇ 10 ਆਮ ਸ਼ਹਿਰੀ ਮਾਰ ਦਿੱਤੇ ਸਨ, ਇਕ ਸਿਵਲ ਅਧਿਕਾਰੀ ਨੂੰ ਮਾਰ ਦੇਣ ਦਾ ਯਤਨ ਕੀਤਾ ਸੀ ਤੇ ਡੀ.ਆਈ.ਜੀ. ਦੇ ਦਫ਼ਤਰ ਵਿੱਚ ਬੰਬ ਰੱਖਿਆ ਸੀ। ਹੋਰ ਵੀ ਕਈ ਬੰਬ ਧਮਾਕੇ ਕੀਤੇ ਗਏ ਸਨ, ਰੇਲ ਗੱਡੀਆਂ ਲੀਹੋਂ ਲਾਹੁਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਜਿਹਨਾਂ ਵਿੱਚ ਇਕ ਸਫਲ ਰਹੀ। ਇਕ ਹਵਾਈ ਜਹਾਜ਼ ਵੀ ਅਗਵਾ ਕੀਤਾ ਗਿਆ ਸੀ। ਫਿਰ ਵੀ ਭਾਰਤ ਦਾ ਗ੍ਰਹਿ ਮੰਤਰੀ ਜ਼ੈਲ ਸਿੰਘ ਤੇ ਪਰਧਾਨ ਮੰਤਰੀ ਦਾ ਲੜਕਾ ਰਾਜੀਵ ਗਾਂਧੀ, ਪੂਰਨ ਰੂਪ ਵਿੱਚ ਇਹ ਜਾਣਦਿਆਂ ਹੋਇਆਂ ਕਿ ਭਿੰਡਰਾਂਵਾਲਾ ਉੱਥੇ ਜ਼ਰੂਰ ਹੋਵੇਗਾ, ਸੰਤੋਖ ਸਿੰਘ ਦੇ ਭੋਗ ਦੀਆਂ ਰਸਮਾਂ ਵਿੱਚ ਸ਼ਾਮਿਲ

ਹੋਣ ਲਈ ਸਹਿਮਤ ਹੋ ਗਏ। ਰਾਜੀਵ ਗਾਂਧੀ ਨੂੰ ਪਹਿਲਾਂ ਹੀ ਨਹਿਰੂ ਗਾਂਧੀ ਵੰਸ਼ ਦਾ ਉੱਤਰਾਧਿਕਾਰੀ ਬਣਾਏ ਜਾਣ ਦੀਆਂ ਗੱਲਾਂ ਚਲ ਪਈਆਂ ਸਨ ਕਿਉਂਕਿ 1980 ਵਿੱਚ ਉਸ ਦੇ ਛੋਟੇ ਭਰਾ ਸੰਜੇ ਦੀ ਮੌਤ ਮਗਰੋਂ ਇਹ ਸਥਾਨ ਖ਼ਾਲੀ ਹੋ ਗਿਆ ਸੀ। ਸੰਜੇ ਦਾ ਜਹਾਜ਼ ਉਸ ਸਮੇਂ ਡਿੱਗ ਪਿਆ ਸੀ ਜਦੋਂ ਉਹ ਕੇਂਦਰੀ ਦਿੱਲੀ ਉੱਪਰ ਹਵਾਈ ਕਲਾਬਾਜ਼ੀਆਂ ਕਰ ਰਿਹਾ ਸੀ।

ਸੰਤੋਖ ਸਿੰਘ ਦੇ ਭੋਗ ਸਮੇਂ ਜ਼ੈਲ ਸਿੰਘ ਦੀ ਭਿੰਡਰਾਂਵਾਲੇ ਨਾਲ ਫ਼ੋਟੋ ਵੀ ਲਈ ਗਈ ਸੀ, ਪ੍ਰੰਤੂ ਭਿੰਡਰਾਂਵਾਲਾ ਗ੍ਰਹਿ-ਮੰਤਰੀ ਨੂੰ ਮਿਲ ਕੇ ਖ਼ੁਸ਼ ਨਹੀਂ ਸੀ। ਉਸ ਦੇ ਮਨ ਵਿੱਚ ਗ੍ਰੰਥਾਂ ਨੂੰ ਸਾੜੇ ਜਾਣ ਦਾ ਜ਼ਖ਼ਮ ਪੀੜ ਪਾ ਰਿਹਾ ਸੀ। ਜਦੋਂ ਉਹ ਉੱਥੇ ਵਿਖਿਆਨ ਦੇ ਰਿਹਾ ਸੀ ਤਾਂ ਉਸ ਨੇ ਸੰਗਤ ਵਿੱਚ ਇਹ ਇਸ਼ਾਰਾ ਕੀਤਾ ਸੀ ਕਿ ਜ਼ੈਲ ਸਿੰਘ ਦਾੜ੍ਹੀ ਨੂੰ ਕਲਫ ਲਾਉਂਦਾ ਹੈ ਜਿਹੜਾ ਇਕ ਸਨਾਤਨੀ ਸਿੱਖ ਭਾਵ ਕੱਟੜ ਸਿੱਖ ਲਈ ਇਕ ਗੁਨਾਹ ਹੈ। ਪਰਚਾਰਕ ਨੇ ਇਹ ਵੀ ਕਿਹਾ ਕਿ "ਪਿੰਡ ਵਿੱਚ ਉਸ ਆਦਮੀ ਦਾ ਮੂੰਹ ਕਾਲਾ ਕੀਤਾ ਜਾਂਦਾ ਹੈ ਤੇ ਉਸ ਦੇ ਗਲ ਵਿੱਚ ਛਿੱਤਰਾਂ ਦਾ ਹਾਰ ਪਾਇਆ ਜਾਂਦਾ ਹੈ ਤੇ ਉਸ ਨੂੰ ਗਧੇ 'ਤੇ ਬਿਠਾਇਆ ਜਾਂਦਾ ਹੈ ਜਿਸ ਨੇ ਕਿਸੇ ਦੀ ਮਾਂ ਭੈਣ ਨੂੰ ਛੇੜਿਆ ਹੋਵੇ। ਮੈਂ ਇੱਥੇ ਇਹ ਵੇਖ ਕੇ ਹੈਰਾਨ ਹਾਂ ਕਿ ਕਈ ਲੋਕ ਆਪਣਾ ਮੂੰਹ ਆਪ ਹੀ ਕਾਲਾ ਕਰੀ ਬੈਠੇ ਹਨ। ਮੈਨੂੰ ਨਹੀਂ ਪਤਾ ਉਹਨਾਂ ਨੇ ਕਿਸ ਦੀਆਂ ਭੈਣਾਂ ਨਾਲ ਛੇੜਖ਼ਾਨੀ ਕੀਤੀ ਹੈ।"

ਭਾਵੇਂ ਭਿੰਡਰਾਂਵਾਲਾ ਕਾਂਗਰਸ ਨਾਲ ਗੁੱਸੇ ਸੀ, ਪਰ ਜ਼ੈਲ ਸਿੰਘ ਅਜੇ ਵੀ ਉਸ ਨਾਲ ਨਾਰਾਜ਼ ਨਹੀਂ ਸੀ। ਬਾਵਜੂਦ ਇਸ ਦੇ ਕਿ ਭਿੰਡਰਾਂਵਾਲੇ ਨੇ ਉਹਦੀ ਕਲਫ ਵਾਲੀ ਦਾੜ੍ਹੀ ਬਾਰੇ ਬੇਇੱਜ਼ਤੀ ਭਰੀ ਟਿੱਪਣੀ ਕੀਤੀ ਸੀ, ਜ਼ੈਲ ਸਿੰਘ ਅਜੇ ਵੀ ਸੋਚਦਾ ਸੀ ਕਿ ਸ਼ਾਇਦ ਉਹ ਉਸ ਲਈ ਲਾਭਕਾਰੀ ਸਿੱਧ ਹੋਵੇ। ਪ੍ਰੰਤੂ ਸੰਤ ਦੇ ਸਮਰਥਨ ਵਿੱਚ ਹੁਣ ਇਕ ਨਵਾਂ ਸਮਰਥਕ ਅਕਾਲੀ ਦਲ ਮੈਦਾਨ ਵਿੱਚ ਆ ਗਿਆ ਸੀ।

6

ਸ਼੍ਰੀਮਤੀ ਗਾਂਧੀ ਦੇ ਸਿੱਖਾਂ ਨਾਲ ਸਮਝੌਤੇ ਦੇ ਯਤਨ

ਅਕਾਲੀ ਦਲ ਵਲੋਂ ਭਿੰਡਰਾਂਵਾਲੇ ਨੂੰ ਅਪਨਾਉਣਾ ਇਕ ਘਿਰਣਤ ਮੌਕਾਪ੍ਰਸਤੀ ਸੀ। ਪਾਰਟੀ ਨੇਤਾਵਾਂ ਨੂੰ ਇਸ ਦੀ ਭਾਰੀ ਕੀਮਤ ਅਦਾ ਕਰਨੀ ਪਈ। ਲੋਕ ਸਭਾ ਤੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਾਰ ਪਿੱਛੋਂ ਉਹਨਾਂ ਨੇ ਆਪਣੀ ਕਾਰਜਨੀਤੀ ਦੀ ਸਮੀਖਿਆ ਕੀਤੀ। ਕੁਲਦੀਪ ਨੱਯਰ ਜਿਹੜਾ ਆਪ ਵੀ ਇਕ ਪੰਜਾਬੀ ਹੈ, ਉਸ ਨੇ ਅਕਾਲੀ ਦਲ ਦੇ ਨਿਰਣਿਆਂ ਨੂੰ ਇਸ ਤਰ੍ਹਾਂ ਵਰਣਨ ਕੀਤਾ ਹੈ : "ਉਹਨਾਂ ਦਾ ਵਿਸ਼ਵਾਸ ਸੀ ਕਿ ਜਨਤਾ ਦਲ ਨਾਲ ਉਹਨਾਂ ਦੇ ਗੱਠਜੋੜ ਨਾਲ ਜੋ ਉਹਨਾਂ ਦਾ ਧਰਮ ਨਿਰਪੇਖ ਅਕਸ ਬਣਿਆ ਸੀ, ਉਸ ਨਾਲ ਸਿੱਖਾਂ ਵਿੱਚ ਉਹਨਾਂ ਦੇ ਸਮੀਕਰਨ ਨੂੰ ਢਾਹ ਲਾਈ ਸੀ ਜਿਹੜੇ ਇਹ ਸਮਝਦੇ ਸਨ ਕਿ ਉਹਨਾਂ ਦੀ ਆਪਣੀ ਅਕਾਲੀ ਦਲ ਦੀ ਸਰਕਾਰ ਨੇ ਉਹਨਾਂ ਲਈ ਕੁਝ ਨਹੀਂ ਕੀਤਾ। ਉਹ ਇਸ ਸਿੱਟੇ 'ਤੇ ਪੁੱਜੇ ਕਿ ਆਪਣਾ ਅਕਸ ਸੁਧਾਰਨ ਲਈ ਉਹਨਾਂ ਨੂੰ ਚਾਹੀਦਾ ਹੈ ਕਿ ਉਹ ਸਿੱਖਾਂ ਨਾਲ ਵਧੇਰੇ ਪ੍ਰੇਮ ਭਾਵਨਾ ਰੱਖਣ। ਉਹਨਾਂ ਨੂੰ ਆਪਣੇ ਪਰੰਪਰਾਗਤ ਸਹਾਰੇ ਭਾਵ ਧਰਮ ਤੇ ਰਾਜਨੀਤੀ ਨੂੰ ਇਕੱਠੇ ਇਕ ਰੂਪ ਕਰਕੇ ਅੱਗੇ ਵਧਣਾ ਚਾਹੀਦਾ ਹੈ।"[1] ਕੋਈ ਵੀ ਭਿੰਡਰਾਂਵਾਲੇ ਨਾਲੋਂ ਘੱਟ ਧਰਮ ਪੱਖੀ ਨਹੀਂ ਹੋ ਸਕਦਾ ਸੀ ਤੇ ਅਕਾਲੀ ਦਲ ਨੇਤਾਵਾਂ ਲਈ ਇਹ ਵੀ ਜ਼ਰੂਰੀ ਸੀ ਕਿ ਸਿੱਖਾਂ ਨੂੰ ਉਹ ਇਹ ਦਿਖਾਉਣ ਕਿ ਉਹਨਾਂ ਨੇ ਉਸ ਦਾ ਸਮਰਥਨ ਕਰਕੇ ਆਪਣੀ "ਧਰਮ-ਨਿਰਪੇਖਤਾ" ਦਾ ਪ੍ਰਤੀਬਿੰਬ ਛੱਡ ਦਿੱਤਾ ਸੀ। ਜਦੋਂ ਅਕਾਲੀ ਤਾਕਤ ਵਿੱਚ ਸਨ ਤਾਂ ਉਸ ਸਮੇਂ ਉਹਨਾਂ ਨੇ ਨਿਰੰਕਾਰੀਆਂ ਵਿਰੁੱਧ ਉਸ ਦੀ ਲਹਿਰ ਦਾ ਸਮਰਥਨ ਨਹੀਂ ਕੀਤਾ ਸੀ। ਇਹੋ ਲਹਿਰ ਅਕਾਲੀਆਂ ਵੱਲੋਂ ਆਪਣੀ ਕਾਰਜ ਨੀਤੀ ਦੀ ਸਮੀਖਿਆ ਸਮੇਂ ਸ਼ਕਤੀਸ਼ਾਲੀ ਹੋ ਗਈ ਸੀ ਤੇ ਭਿੰਡਰਾਂਵਾਲੇ ਨੇ ਦਰਸਾ ਦਿੱਤਾ ਸੀ ਕਿ ਉਹ ਸਿੱਖਾਂ ਵਿੱਚ ਚੰਗੀ ਸਥਿਤੀ ਦਾ ਮਾਲਕ ਸੀ। ਉਸ ਨੇ ਅੰਮ੍ਰਿਤਸਰ ਦੇ ਪਵਿੱਤਰ ਸ਼ਹਿਰ ਵਿੱਚ ਤੰਬਾਕੂ ਦੀ ਵਿਕਰੀ ਰੋਕਣ ਲਈ ਬੜਾ ਵਿਸ਼ਾਲ ਮੁਜ਼ਾਹਰਾ ਕੀਤਾ ਸੀ। ਭਾਵੇਂ ਗੁਰੂ ਸਾਹਿਬਾਨ ਨੇ ਹਰ ਪ੍ਰਕਾਰ ਦੇ ਨਸ਼ਿਆਂ ਦੀ ਮਨਾਹੀ ਕੀਤੀ ਸੀ ਪਰ ਸਿੱਖ ਸ਼ਰਾਬ ਤੇ ਅਫ਼ੀਮ ਵਰਗੇ ਦੂਸਰੇ ਨਸ਼ਿਆਂ ਨਾਲੋਂ ਤੰਬਾਕੂ ਬਾਰੇ ਆਪਣੇ ਮਨ 'ਤੇ ਵਧੇਰੇ ਬੋਝ ਮੰਨਦੇ ਸਨ ਤੇ ਇਸ ਪ੍ਰਤੀ ਉਹ ਖਬਤੀ ਸਨ। ਸਿੱਖ ਕਿਸਾਨਾਂ ਵਿੱਚ ਅਫ਼ੀਮ ਖਾਣ ਦਾ ਤਾਂ ਆਮ ਹੀ ਰਿਵਾਜ ਹੈ। ਜਿੱਥੋਂ ਤੱਕ ਸ਼ਰਾਬ ਦਾ ਸੰਬੰਧ ਹੈ ਉਸ ਬਾਰੇ ਤਾਂ 1978 ਵਿੱਚ ਅਕਾਲੀ ਦਲ ਦੇ ਮੁੱਖ ਮੰਤਰੀ ਬਾਦਲ ਨੇ ਮੁਰਾਰ ਜੀ ਦੇ ਸਤਿਕਾਰ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਪੰਜਾਬ ਵਿੱਚ ਹਫ਼ਤੇ 'ਚੋਂ ਇਕ ਦਿਨ ਸ਼ਰਾਬ ਦੇ ਠੇਕੇ ਬੰਦ ਰੱਖਣਗੇ। ਮੁਰਾਰ ਜੀ ਡਿਸਾਈ ਨੇ ਤੁਰਤ ਕਾਟਵਾਂ ਜੁਆਬ ਦਿੰਦਿਆਂ ਕਿਹਾ, "ਤੁਹਾਨੂੰ ਇਸ ਤਰ੍ਹਾਂ ਹੀ ਕਰਨ ਦੀ ਲੋੜ ਹੈ ਕਿਉਂਕਿ ਪੰਜਾਬ ਵਿੱਚ ਮੁਲਕ ਭਰ ਵਿੱਚੋਂ ਪ੍ਰਤੀ ਜੀਅ ਦੇ ਹਿਸਾਬ ਨਾਲ ਸ਼ਰਾਬ ਦੀ ਸਭ ਤੋਂ ਵੱਧ ਵਰਤੋਂ ਹੁੰਦੀ ਹੈ।"

ਅੰਦੋਲਨਕਾਰੀ ਰਾਜਨੀਤੀ ਦੀ ਗੱਲ ਕਰਦਿਆਂ ਤੇ ਸਿੱਖਾਂ ਦੀਆਂ ਸ਼ਕਾਇਤਾਂ ਦਾ ਸਮਰਥਕ ਹੋਣ ਦੇ ਰੂਪ ਵਿੱਚ ਅਕਾਲੀ ਦਲ ਦੇ ਨੇਤਾਵਾਂ ਨੇ ਆਪਣੀਆਂ ਸ਼ਕਾਇਤਾਂ ਨੂੰ ਸਪੱਸ਼ਟ ਰੂਪ ਵਿੱਚ ਪਰਿਭਾਸ਼ਿਤ ਕੀਤਾ। ਉਹਨਾਂ ਸਾਮ੍ਹਣੇ ਆਨੰਦਪੁਰ ਸਾਹਿਬ ਦਾ ਮਤਾ ਸੀ ਪ੍ਰੰਤੂ ਇਹ ਪ੍ਰਭਾਵਸ਼ਾਲੀ ਭਾਸ਼ਾ ਵਿੱਚ ਵਲ੍ਹੇਟਿਆ ਹੋਇਆ ਸੀ, ਇਸ ਲਈ ਉਹਨਾਂ ਨੇ ਮਤੇ ਬਾਰੇ ਸ਼੍ਰੀਮਤੀ ਗਾਂਧੀ ਨੂੰ 45 ਸਪੱਸ਼ਟ ਮੰਗਾਂ ਦੀ ਸੂਚੀ ਪੇਸ਼ ਕੀਤੀ।

ਇਹ ਸੂਚੀ ਸਤੰਬਰ 1981 ਵਿੱਚ ਤਿਆਰ ਕੀਤੀ ਗਈ। ਇਸ ਨੂੰ ਕਾਹਲੀ-ਕਾਹਲੀ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਸਮੇਂ ਸੋਧਿਆ ਗਿਆ ਤੇ ਫਿਰ ਅਕਤੂਬਰ 1981 ਵਿੱਚ ਸ਼੍ਰੀਮਤੀ ਗਾਂਧੀ ਨੂੰ 15 ਮੰਗਾਂ ਦੀ ਸੂਚੀ ਪੇਸ਼ ਕੀਤੀ ਗਈ। ਇਸ ਸੂਚੀ ਵਿੱਚ ਸਭ ਤੋਂ ਉੱਪਰ ਭਿੰਡਰਾਂਵਾਲੇ ਦੀ ਗ਼ੈਰ ਮਸ਼ਰੂਤ (ਬਿਨਾਂ ਸ਼ਰਤ) ਰਿਹਾਈ ਦੀ ਮੰਗ ਸੀ। ਇਹ ਅਕਾਲੀਆਂ ਵਲੋਂ ਭਿੰਡਰਾਂਵਾਲੇ ਦਾ ਸਮਰਥਨ ਪ੍ਰਾਪਤ ਕਰਨ ਦਾ ਪਹਿਲਾ ਯਤਨ ਸੀ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਭਿੰਡਰਾਂਵਾਲਾ ਕਿਸ ਕਿਸਮ ਦਾ ਵਿਅਕਤੀ ਸੀ ਪ੍ਰੰਤੂ ਉਹਨਾਂ ਨੇ ਭਿੰਡਰਾਂਵਾਲੇ ਨੂੰ ਆਪਣੇ ਨਾਲ ਲੈਣ ਵਿੱਚ ਕੋਈ ਝਿਜਕ ਨਾ ਵਿਖਾਈ।

ਸ਼੍ਰੀਮਤੀ ਗਾਂਧੀ ਅਕਾਲੀ ਦਲ ਵੱਲੋਂ ਉਹਦੀ ਸਰਕਾਰ ਵਿਰੁੱਧ ਅੰਦੋਲਨ ਦੀ ਧਮਕੀ ਤੋਂ ਚਿੰਤਾਤੁਰ ਸੀ। ਅਕਾਲੀ ਦਲ ਨੇ ਆਪਾਤਕਾਲ ਵਿੱਚ ਆਪਣੀ ਤਾਕਤ ਦਿਖਾ ਦਿੱਤੀ ਸੀ। ਇਹ ਇਕੋ ਇਕ ਵਿਰੋਧੀ ਪਾਰਟੀ ਸੀ ਜਿਸ ਨੇ ਅਤਿਆਚਾਰੀ ਤੇ ਦਮਨਕਾਰੀ "ਮੀਸਾ" ਨੂੰ ਵੰਗਾਰ ਪਾਈ ਸੀ ਜਿਸ ਕਾਰਨ ਪੁਲੀਸ ਨੂੰ ਅਥਾਹ ਇਖ਼ਤਿਆਰ ਮਿਲੇ ਸਨ ਤੇ ਉਹ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਸਕਦੀ ਸੀ। ਗੁਰਦਵਾਰਾ ਸੁਧਾਰ ਲਹਿਰ ਤੇ ਮਗਰੋਂ ਚਲੇ ਅੰਦੋਲਨਾਂ ਦੀ ਰਿਵਾਇਤ ਵਾਂਗ ਹੀ ਹਰ ਰੋਜ਼ ਸਿੱਖਾਂ ਦੇ ਜੱਥੇ, ਸਵਰਨ ਮੰਦਰ ਸਮੂਹ ਤੋਂ ਜੈਕਾਰੇ ਗਜਾਉਂਦੇ ਬਾਹਰ ਆਉਂਦੇ ਤੇ ਬਾਹਰ ਉਡੀਕ ਕਰ ਰਹੇ ਪੁਲਸੀਏ ਉਹਨਾਂ ਨੂੰ ਗ੍ਰਿਫ਼ਤਾਰ ਕਰ ਲੈਂਦੇ। ਸਵਰਨ ਮੰਦਰ ਵਿੱਚੋਂ ਉਹ 'ਰਾਜ ਕਰੇਗਾ ਖਾਲਸਾ' ਦੇ ਨਾਅਰੇ ਲਾਉਂਦੇ ਨਿਕਲਦੇ ਤੇ ਇਸ ਦੇ ਬਰਾਬਰ ਹੀ ਸਿੱਖ ਕਿਸਾਨ ਨਾਅਰੇ ਲਾਉਂਦੇ "ਤਾਨਾਸ਼ਾਹੀ ਨਹੀਂ ਚਲੇਗੀ।" ਸ਼੍ਰੀਮਤੀ ਗਾਂਧੀ ਅਕਾਲੀ ਦਲ ਦੇ ਅੰਦੋਲਨ ਨੂੰ ਐਮਰਜੈਂਸੀ ਲਈ ਗੰਭੀਰ ਧੌਂਸ ਤੇ ਧਮਕੀ ਸਮਝਦੀ ਸੀ। ਕਿਸੇ ਤਾਨਾਸ਼ਾਹ ਦੀ ਪਹਿਲੀ ਜ਼ਰੂਰਤ ਹੁੰਦੀ ਹੈ ਕਿ ਲੋਕ ਉਸ ਦੀ ਸਰਕਾਰ ਤੋਂ ਭੈਭੀਤ ਹੋਣ ਤੇ ਸ਼੍ਰੀਮਤੀ ਗਾਂਧੀ ਤਾਂ ਆਰਜ਼ੀ ਤੌਰ 'ਤੇ ਹੀ ਤਾਨਾਸ਼ਾਹੀ ਬਣੀ ਸੀ ਪਰ ਅਕਾਲੀ ਖੁਲ੍ਹਮ ਖੁਲ੍ਹਾ ਇਹ ਦਰਸਾ ਰਹੇ ਸਨ ਕਿ ਉਹਨਾਂ ਨੂੰ ਉਹਦੀ ਸਰਕਾਰ ਦਾ ਕੋਈ ਡਰ ਨਹੀਂ ਸੀ। ਸ਼੍ਰੀਮਤੀ ਗਾਂਧੀ ਅਕਾਲੀ ਦਲ ਦੀ ਮਿਸਾਲ ਤੋਂ ਬਹੁਤ ਡਰ ਗਈ ਸੀ ਕਿ ਕਿਤੇ ਦੂਸਰੀਆਂ ਪਾਰਟੀਆਂ ਵੀ ਐਮਰਜੈਂਸੀ ਦੇ ਅਨਿਸਚਤ ਢਾਂਚੇ ਨੂੰ ਤਹਿਸ-ਨਹਿਸ ਕਰਨ ਲਈ ਉਹਨਾਂ ਦੇ ਮਗਰ ਨਾ ਤੁਰ ਪੈਣ। ਉਸ ਨੇ ਪਟਿਆਲਾ ਦੇ ਮਹਾਰਾਜਿਆਂ ਦੇ ਪਰਿਵਾਰ ਦੇ ਅਮੀਰ ਤੇ ਪ੍ਰਭਾਵਸ਼ਾਲੀ ਮੁਖੀ ਅਮਰਿੰਦਰ ਸਿੰਘ ਤੇ ਸਿੱਖ ਪਰਚਾਰਕ ਘਰਾਣੇ ਦੇ ਭਾਈ ਅਸ਼ੋਕ ਸਿੰਘ ਨੂੰ ਉਹਨਾਂ ਨਾਲ ਗੱਲਬਾਤ ਕਰਨ ਲਈ ਭੇਜਿਆ। ਦੋਹਾਂ ਏਲਚੀਆਂ ਨੇ ਅਕਾਲੀ ਦਲ ਨੂੰ ਕਾਂਗਰਸ ਸਰਕਾਰ ਨਾਲ ਗੱਠਬੰਧਨ ਸਰਕਾਰ ਦੀ ਪੇਸ਼ਕਸ਼ ਕੀਤੀ ਪਰ ਅਕਾਲੀਆਂ ਨੇ ਇਹ ਤਜਵੀਜ਼ ਠੁਕਰਾ ਦਿੱਤੀ।

ਸੰਤ ਹਰਚੰਦ ਸਿੰਘ ਲੌਂਗੋਵਾਲ ਜਿਸ ਨੇ ਐਮਰਜੈਂਸੀ ਵਿਰੁੱਧ ਮੁਹਿੰਮ ਚਲਾਈ ਸੀ, ਹੁਣ ਅਕਾਲੀ ਦਲ ਦਾ ਪਰਧਾਨ ਸੀ। ਉਹ ਪਾਰਟੀ ਦੀ ਜਥੇਬੰਦੀ ਦਾ ਦਿਮਾਗ ਸੀ ਤੇ

ਸ਼੍ਰੀਮਤੀ ਗਾਂਧੀ ਦੀ ਸਰਕਾਰ ਵਿਰੁੱਧ ਮੁਹਿਮ ਦੀ ਰੂਹ ਸੀ। ਲੌਂਗੋਵਾਲ ਅੰਦੋਲਨ ਦੀ ਅਗਵਾਈ ਲਈ ਅਸੰਭਾਵੀ ਵਿਅਕਤੀ ਸੀ। ਉਹ ਦੂਸਰੇ ਅਕਾਲੀ ਨੇਤਾਵਾਂ ਦੇ ਟਾਕਰੇ ਛੋਟਾ ਨੇਤਾ ਸੀ। ਉਸ ਦਾ ਪੇਟ ਗੋਲ ਮਟੋਲ ਤੇ ਦਾੜ੍ਹੀ ਖੁਲ੍ਹੀ ਤੇ ਉਹ ਮਿੱਠਬੋਲੜਾ ਤੇ ਸੰਕੋਚਵਾਨ ਸੀ। ਉਹ ਧਾਰਮਕ ਤੰਤਰ ਰਾਹੀਂ ਰਾਜਨੀਤੀ ਵਿੱਚ ਆਇਆ ਸੀ। ਉਹ ਸ਼ੁਰੂ ਵਿੱਚ ਸੰਗਰੂਰ ਜ਼ਿਲ੍ਹੇ ਦੇ ਪਿੰਡ ਲੌਂਗੋਵਾਲ ਗੁਰਦਵਾਰੇ ਦਾ ਪ੍ਰਬੰਧਕ ਸੀ ਜਿੱਥੇ ਉਸ ਦਾ ਪਾਰਸਾਈ ਤੇ ਨੇਕੀ ਲਈ ਬੜਾ ਨਾਮ ਸੀ। ਉਸ ਦੀ ਪ੍ਰਸਿੱਧੀ ਤੇ ਅਕਾਲੀ ਦਲ ਦੇ ਖੱਬੇ ਧੜੇ ਨਾਲ ਸੰਬੰਧਾਂ ਕਾਰਨ ਉਸ ਨੂੰ 1969 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਟਿਕਟ ਮਿਲ ਗਈ, ਪ੍ਰੰਤੂ ਐਮਰਜੈਨਸੀ ਤਕ ਉਹ ਪਾਰਟੀ ਨੇਤਾਵਾਂ ਮਗਰ ਹੱਥ ਖੜਾ ਕਰਨ ਵਾਲਾ ਪਿਛਲਗ ਹੀ ਬਣਿਆ ਰਿਹਾ। ਸਥਾਪਿਤ ਨੇਤਾਵਾਂ ਦੀ ਗ੍ਰਿਫ਼ਤਾਰੀ ਕਾਰਨ ਐਮਰਜੈਨਸੀ ਸਮੇਂ ਜੋ ਖ਼ਲਾਅ ਪੈਦਾ ਹੋ ਗਿਆ, ਉਸ ਕਾਰਨ ਲੌਂਗੋਵਾਲ ਨੇਤਾਵਾਂ ਵਿੱਚ ਆ ਗਿਆ ਭਾਵ ਉਹ ਮੂਹਰੇ ਆ ਗਿਆ ਤੇ ਆਗੂ ਬਣ ਗਿਆ।

ਅਚੰਭਾ ਭਰਪੂਰ ਸ਼ਕਤੀਸ਼ਾਲੀ ਲੌਂਗੋਵਾਲ ਦੀ ਅਗਵਾਈ ਵਿੱਚ ਇਕ ਹੋਰ ਅੰਦੋਲਨ ਦੀ ਸੰਭਾਵਨਾ ਨੂੰ ਵੇਖ ਕੇ ਸ਼੍ਰੀਮਤੀ ਗਾਂਧੀ ਨੇ ਬੜੀ ਕਾਹਲੀ-ਕਾਹਲੀ ਅਕਾਲੀ ਦਲ ਦੀਆਂ ਮੰਗਾਂ 'ਤੇ ਗੱਲਬਾਤ ਸ਼ੁਰੂ ਕਰ ਦਿੱਤੀ। ਮੰਗਾਂ ਅਸਪੱਸ਼ਟ ਸਨ ਤੇ ਉਹਨਾਂ ਬਾਰੇ ਉੱਚਿਤ ਸੋਚ ਵਿਚਾਰ ਨਹੀਂ ਕੀਤੀ ਗਈ ਸੀ। ਅਕਾਲੀ ਦਲ ਦੀਆਂ ਮੰਗਾਂ ਦੀ ਪਹਿਲੀ ਸੂਚੀ, ਜੋ ਸਤੰਬਰ ਵਿੱਚ ਪੇਸ਼ ਕੀਤੀ ਗਈ ਸੀ, ਵਿੱਚ 45 ਮੰਗਾਂ ਸਨ। ਇਕ ਮਹੀਨਾ ਮਗਰੋਂ ਪੇਸ਼ ਕੀਤੀ ਸੂਚੀ ਵਿੱਚ ਕੁਲ 15 ਮੰਗਾਂ ਸਨ ਜਿਹਨਾਂ ਵਿੱਚ ਭਿੰਡਰਾਂਵਾਲੇ ਦੀ ਰਿਹਾਈ ਪਹਿਲੇ ਨੰਬਰ 'ਤੇ ਸਭ ਤੋਂ ਉੱਪਰ ਸੀ। ਉਹਨਾਂ ਮੰਗਾਂ ਨੂੰ ਸਿਆਸੀ ਤੇ ਧਾਰਮਕ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ।

ਧਾਰਮਕ ਮੰਗਾਂ ਵਿੱਚ ਹਿੰਦੂ ਤੀਰਥ ਅਸਥਾਨਾਂ ਹਰਦਵਾਰ, ਬਨਾਰਸ ਤੇ ਕੁਰੂਕਸ਼ੇਤਰ ਵਾਂਗ ਅੰਮ੍ਰਿਤਸਰ ਨੂੰ ਪਵਿੱਤਰ ਧਾਰਮਕ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਸ਼ਾਮਲ ਸੀ। ਅਕਾਲੀ ਦਲ ਨੇ ਇਸ ਬਾਰੇ ਕੋਈ ਤਿਆਰੀ ਨਹੀਂ ਕੀਤੀ ਸੀ। ਭਾਰਤ ਵਿੱਚ ਕਿਸੇ ਵੀ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਦਿੱਤਾ ਗਿਆ ਹੋਇਆ ਸੀ। ਸਿੱਖਾਂ ਦੀ ਇਹ ਵੀ ਮੰਗ ਸੀ ਕਿ ਸਵਰਨ ਮੰਦਰ 'ਚੋਂ ਗੁਰਬਾਣੀ ਦਾ ਪ੍ਰਸਾਰਨ ਕੀਤਾ ਜਾਵੇ ਪਰ ਉਹ ਕਦੇ ਇਹ ਫ਼ੈਸਲਾ ਨਾ ਕਰ ਸਕੇ ਕਿ ਉਹ ਪਰਸਾਰਨ ਸਰਕਾਰੀ ਪੱਧਰ 'ਤੇ ਆਕਾਸ਼ਵਾਣੀ ਵੱਲੋਂ ਚਾਹੁੰਦੇ ਸਨ ਜਾਂ ਉਹ ਆਪਣਾ ਰੇਡੀਓ ਸਟੇਸ਼ਨ ਚਾਹੁੰਦੇ ਸਨ। ਉਹਨਾਂ ਦੀ ਘਬਰਾਹਟ ਦੀ ਸਰਵੋਤਮ ਮਿਸਾਲ ਇਸ ਮੰਗ ਵਿੱਚ ਸੀ ਜਿਸ ਅਨੁਸਾਰ ਦਿੱਲੀ ਤੋਂ ਅੰਮ੍ਰਿਤਸਰ ਨੂੰ ਜਾਣ ਵਾਲੀ ਗੱਡੀ ਦਾ ਨਾਮ ਉਹ "ਫ਼ਲਾਇੰਗ ਮੇਲ" ਦੀ ਥਾਂ "ਗੋਲਡਨ ਟੈਂਪਲ ਐਕਸਪ੍ਰੈਸ" ਰੱਖਣਾ ਚਾਹੁੰਦੇ ਸਨ। ਬਾਵਜੂਦ ਇਸ ਦੇ ਨਾਮ ਦੇ ਤੇ ਇਹਦੇ ਚੱਲਣ ਦੇ ਤੇ ਉਦਾਰ ਸਮਾਂ ਸੂਚੀ ਨਿਰਧਾਰਤ ਕਰਨ ਦੇ, ਫ਼ਲਾਇੰਗ ਮੇਲ ਦਾ ਵਕਤ ਅਨੁਸਾਰ ਪਹੁੰਚਣ ਦਾ ਰਿਕਾਰਡ ਚੰਗਾ ਨਹੀਂ ਸੀ। ਇਹ ਮੰਗ ਰੱਖਣ ਪਿੱਛੋਂ ਸਿੱਖ ਨੇਤਾਵਾਂ ਨੇ ਅਨੁਭਵ ਕਰਨਾ ਸ਼ੁਰੂ ਕੀਤਾ ਕਿ ਗੱਡੀ ਦੇ ਸਦਾ ਹੀ ਪਛੜ ਕੇ ਚੱਲਣ ਕਰਕੇ ਗ਼ੁੱਸੇ 'ਚ ਆਏ ਮੁਸਾਫ਼ਰ ਹਰਿਮੰਦਰ ਨੂੰ ਹੀ ਮੰਦਾ ਬੋਲਿਆ ਕਰਨਗੇ, ਫਿਟਕਾਰਿਆ ਕਰਨਗੇ।

ਉਹਨਾਂ ਨੂੰ ਇਹ ਅਹਿਸਾਸ ਵੀ ਹੋਇਆ ਕਿ ਗ਼ੈਰ ਸਿੱਖ ਨਿਰਸੰਦੇਹ ਉਹਨਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਦੇ ਨਾਮ ਉੱਪਰ ਚੱਲਣ ਵਾਲੀ ਗੱਡੀ ਵਿੱਚ ਸਿਗਰਟ ਤੇ

ਸ਼ਰਾਬ ਪੀਣਗੇ ਜਦੋਂ ਕਿ ਇਸ ਨਾਮ ਦੇ ਧਰਮ ਅਸਥਾਨ ਵਿੱਚ ਤੰਬਾਕੂ ਲਿਜਾਣਾ ਵੀ ਬੇਹੁਰਮਤੀ ਵਾਲਾ ਕਰਮ ਹੈ। ਫਿਰ ਹਰਿਮੰਦਰ ਐਕਸਪ੍ਰੈਸ ਦੀ ਮੰਗ ਚੁੱਪਚਾਪ ਹੀ ਛੱਡ ਦਿੱਤੀ ਗਈ। ਫਿਰ ਘਰੇਲੂ ਤੇ ਅੰਤਰਰਾਸ਼ਟਰੀ ਉਡਾਣਾਂ ਵਿੱਚ ਧਾਰਮਕ ਕਕਾਰ ਕਿਰਪਾਨ ਲਿਜਾਣ ਦੀ ਆਗਿਆ ਦੀ ਮੰਗ ਵੀ ਪੇਸ਼ ਕੀਤੀ ਗਈ।

ਇਕੋ ਇਕ ਧਾਰਮਕ ਮੰਗ ਜਿਸ ਕਾਰਨ ਗੰਭੀਰ ਮੁਸ਼ਕਲ ਪੇਸ਼ ਆਈ, ਉਹ ਮੁਲਕ ਭਰ ਦੇ ਸਾਰੇ ਸਿੱਖ ਇਤਿਹਾਸਕ ਗੁਰਦੁਆਰਿਆਂ ਨੂੰ ਗੁਰਦਵਾਰਾ ਕਾਨੂੰਨ ਅਧੀਨ ਲਿਆਉਣ ਦੀ ਮੰਗ ਸੀ। ਬਰਤਾਨਵੀ ਸਰਕਾਰ ਵੱਲੋਂ ਪਾਸ ਕੀਤੇ ਗਏ ਕਾਨੂੰਨ ਅਨੁਸਾਰ ਸ਼੍ਰ: ਗੁ: ਪ੍ਰ: ਕਮੇਟੀ ਨੂੰ ਪੰਜਾਬ ਦੇ ਗੁਰਦਵਾਰਿਆਂ ਬਾਰੇ ਹੀ ਅਧਿਕਾਰ ਦਿੱਤਾ ਗਿਆ ਸੀ। ਸ਼੍ਰੀਮਤੀ ਗਾਂਧੀ ਸ਼੍ਰ: ਗੁ: ਪ੍ਰ: ਕਮੇਟੀ ਦਾ ਅਧਿਕਾਰ ਖੇਤਰ ਤੇ ਸ਼ਕਤੀ ਵਧਾਉਣ ਬਾਰੇ ਖ਼ੁਸ਼ ਨਹੀਂ ਸੀ ਕਿਉਂਕਿ ਇਸ ਨਾਲ ਵਧੇਰੇ ਪੈਸੇ ਦਾ ਸੰਬੰਧ ਵੀ ਸੀ। ਸ਼੍ਰ: ਗੁ: ਪ੍ਰ: ਕਮੇਟੀ ਦੀ ਆਮਦਨੀ ਅੱਗੇ ਹੀ ਸਾਲਾਨਾ 12 ਕਰੋੜ ਰੁਪੈ ਸੀ ਜੋ 80 ਲੱਖ ਪੌਂਡ ਬਰਾਬਰ ਸੀ ਤੇ ਸਾਰਾ ਪੈਸਾ ਅਕਾਲੀ ਦਲ ਦੀਆਂ ਗਤੀਵਿਧੀਆਂ ਲਈ ਉਪਲਬਧ ਸੀ।

ਧਾਰਮਕ ਮੰਗਾਂ ਨਾਲੋਂ ਅਕਾਲੀਆਂ ਦੀਆਂ ਸਿਆਸੀ ਮੰਗਾਂ ਵਧੇਰੇ ਮੁਸ਼ਕਲ ਪੈਦਾ ਕਰਨ ਵਾਲੀਆਂ ਸਨ। ਵਧੇਰੇ ਅੜਿਕੇ ਲਾਉਣ ਵਾਲੀਆਂ ਤਿੰਨ ਮੰਗਾਂ ਪੰਜਾਬ ਦੇ ਦਰਿਆਵਾਂ ਦੇ ਪਾਣੀ, ਚੰਡੀਗੜ੍ਹ ਤੇ ਵਧੇਰੇ ਖ਼ੁਦਮੁਖ਼ਤਾਰੀ ਦੇ ਮਸਲੇ ਸਨ। ਆਨੰਦਪੁਰ ਸਾਹਿਬ ਦੇ ਮਤੇ ਦੇ ਤਿੰਨ ਸਾਲ ਮਗਰੋਂ ਸ਼੍ਰੀਮਤੀ ਗਾਂਧੀ ਨੇ ਰਾਵੀ ਤੇ ਬਿਆਸ ਦੇ ਪਾਣੀਆਂ ਦੀ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਰਾਜਾਂ ਵਿਚਕਾਰ ਵੰਡ ਦਾ ਨਿਰਣਾ ਕਰ ਦਿੱਤਾ ਸੀ। ਜਦੋਂ ਅਕਾਲੀ ਦਲ ਤਾਕਤ ਵਿੱਚ ਆਇਆ ਤਾਂ ਉਸ ਨੇ ਕੇਂਦਰੀ ਸਰਕਾਰ ਦੇ ਫ਼ੈਸਲੇ ਕਰਨ ਦੇ ਹੱਕ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਇਹ ਮੁਕੱਦਮਾ ਸੁਪਰੀਮ ਕੋਰਟ ਵਿੱਚ ਚਲਦਾ ਰਿਹਾ ਜਿਸ ਨਾਲ ਨਿਰਣਾ ਲਾਗੂ ਨਾ ਹੋ ਸਕਿਆ। ਸ਼੍ਰੀਮਤੀ ਗਾਂਧੀ ਨੇ ਦੁਬਾਰਾ ਤਾਕਤ ਵਿੱਚ ਆਉਣ ਮਗਰੋਂ ਆਪਣੇ ਮੁੱਖ ਮੰਤਰੀ ਬਦਕਿਸਮਤ ਦਰਬਾਰਾ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਦਾਇਰ ਕੀਤਾ ਮੁਕੱਦਮਾ ਵਾਪਸ ਲੈਣ ਦਾ ਹੁਕਮ ਦੇ ਦਿੱਤਾ। ਨਾਲ ਇਹ ਵੀ ਐਲਾਨ ਕਰ ਦਿੱਤਾ ਗਿਆ ਕਿ ਪੰਜਾਬ ਦੇ ਦਰਿਆ ਸਤਲੁਜ ਦਾ ਪਾਣੀ ਹਰਿਆਣਾ ਦੇ ਦਰਿਆ ਜਮਨਾ ਨੂੰ ਲਿਜਾਣ ਵਾਲੀ ਨਹਿਰ 'ਤੇ ਕੰਮ ਸ਼ੁਰੂ ਕੀਤਾ ਜਾਵੇ। ਹੁਣ ਸ਼੍ਰੀਮਤੀ ਗਾਂਧੀ ਕੋਲ ਕੋਈ ਰਾਹ ਨਹੀਂ ਸੀ ਜਿਸ ਸਦਕਾ ਉਹ ਹਰਿਆਣੇ ਨੂੰ ਵਾਜਬ ਪਾਣੀ ਦੇਣ ਤੇ ਰਾਜਸਥਾਨ ਨਹਿਰ ਦੀ 4000 ਪੌਂਡ ਦੀ ਯੋਜਨਾ ਦੇ ਮੁੱਢਲੇ ਵਚਨ ਤੋਂ ਮੁੱਕਰਦੀ ਕਿਉਂਕਿ ਉਹ ਵਚਨਬੱਧ ਵੀ ਸੀ ਤੇ ਪ੍ਰਤਿਬੱਧ ਵੀ।

ਚੰਡੀਗੜ੍ਹ ਦੀ ਸਥਿਤੀ ਵੀ ਇਕ ਸਮੱਸਿਆ ਹੀ ਬਣੀ ਰਹੀ ਕਿਉਂਕਿ ਅਕਾਲੀ ਅਬੋਹਰ ਤੇ ਫ਼ਾਜ਼ਿਲਕਾ ਦੀਆਂ ਦੋ ਤਹਿਸੀਲਾਂ ਚੰਡੀਗੜ੍ਹ ਲੈਣ ਲਈ ਹਰਿਆਣੇ ਨੂੰ ਦੇਣ ਲਈ ਤਿਆਰ ਨਹੀਂ ਸਨ ਕਿਉਂਕਿ ਸ਼੍ਰੀਮਤੀ ਗਾਂਧੀ ਦੇ ਫ਼ੈਸਲੇ ਅਨੁਸਾਰ ਚੰਡੀਗੜ੍ਹ ਬਦਲੇ ਇਹਨਾਂ ਨੂੰ ਹਰਿਆਣੇ ਦੇ ਹਵਾਲੇ ਕਰਨ ਦੀ ਸ਼ਰਤ ਸੀ। ਸ਼੍ਰੀਮਤੀ ਗਾਂਧੀ ਇਸ ਗੱਲ 'ਤੇ ਅੜੀ ਰਹੀ ਕਿ ਪੰਜਾਬ ਆਪਣੀਆਂ ਦੋ ਖ਼ੁਸ਼ਹਾਲ ਤਹਿਸੀਲਾਂ ਹਰਿਆਣੇ ਦੀ ਇੱਛਾ ਪੂਰੀ ਕਰਨ ਲਈ ਸੌਂਪ ਦੇਵੇ ਭਾਵੇਂ ਇਹਨਾਂ ਵਿੱਚ ਕੋਈ ਵੀ ਹਰਿਆਣੇ ਦੇ ਨਾਲ ਲਗਵੀਂ ਨਹੀਂ ਸੀ ਤੇ ਦੋਹਾਂ ਦੀ ਬਹੁ ਗਿਣਤੀ ਵੀ ਪੰਜਾਬੀ ਬੋਲਣ ਵਾਲੇ ਸਨ ਨਾ ਕਿ ਹਿੰਦੀ ਬੋਲਣ

ਵਾਲੇ। ਜੇ ਉਹ ਇਸ ਸਮੱਸਿਆ 'ਤੇ ਆਪਣਾ ਵਿਚਾਰ ਬਦਲ ਲੈਂਦੀ ਤਾਂ ਇਹ ਮਸਲਾ ਨੀਲਾ ਤਾਰਾ ਸਾਕਾ ਤੋਂ ਇਕ ਸਾਲ ਪਹਿਲਾਂ ਹੱਲ ਹੋ ਜਾਂਦਾ। ਹਰਿਆਣੇ ਦਾ ਪੱਖ ਸ਼੍ਰੀਮਤੀ ਗਾਂਧੀ ਦੀ ਕਾਂਗਰਸ ਦੀ ਰਾਜ ਸਰਕਾਰ ਪੇਸ਼ ਕਰ ਰਹੀ ਸੀ ਜਦੋਂ ਕਿ ਪੰਜਾਬ ਦੀ ਮੰਗ ਦੀ ਪ੍ਰਤਿਨਿਧਤਾ ਇਕ ਵਿਰੋਧੀ ਪਾਰਟੀ ਅਕਾਲੀ ਦਲ ਕਰ ਰਿਹਾ ਸੀ। ਹਰਿਆਣਾ ਹਿੰਦੂ ਬਹੁ-ਗਿਣਤੀ ਰਾਜ ਸੀ ਤੇ ਅਕਾਲੀ ਦਲ ਦੇ ਅੰਦੋਲਨ ਦੇ ਦੌਰਾਨ ਸ਼੍ਰੀਮਤੀ ਗਾਂਧੀ ਦੀ ਹਿੰਦੂ ਵੋਟਾਂ 'ਤੇ ਨਿਸਚਿਤ ਹੀ ਅੱਖ ਸੀ।

ਖ਼ੁਦਮੁਖ਼ਤਾਰੀ ਦੀ ਮੰਗ ਤਾਂ ਆਨੰਦਪੁਰ ਸਾਹਿਬ ਦੇ ਮਤੇ ਦਾ ਦੁਹਰਾ ਹੀ ਸੀ ਜਿਸ ਵਿੱਚ ਕੇਂਦਰੀ ਸਰਕਾਰ ਦੀ ਜ਼ਿੰਮੇਵਾਰੀ ਨੂੰ ਵਿਦੇਸ਼ੀ ਮਾਮਲਿਆਂ, ਸੁਰੱਖਿਆ, ਟਕਸਾਲ ਤੇ ਸੰਚਾਰ ਸਾਧਨਾਂ ਤਕ ਸੀਮਤ ਰੱਖਣ ਦੀ ਮੰਗ ਕੀਤੀ ਗਈ ਸੀ। ਇਸ ਵਾਰ ਅਕਾਲੀ ਆਪਣੀ ਮੰਗ ਨੂੰ ਸਪੱਸ਼ਟ ਤੌਰ 'ਤੇ ਵਰਣਨ ਕਰਨ ਵਿੱਚ ਬੇਅਕਲ ਸਿੱਧ ਹੋਏ। ਉਹ ਕਦੇ ਵੀ ਇਸ ਨੂੰ ਮਨਾਉਣ ਦੇ ਨੇੜੇ ਨਾ ਪਹੁੰਚ ਸਕੇ ਤੇ ਭਿੰਡਰਾਂਵਾਲਾ ਉਹਨਾਂ ਦੀ ਅਸਫਲਤਾ ਕਾਰਨ ਉਹਨਾਂ ਦਾ ਮਖ਼ੌਲ ਉਡਾਉਂਦਾ ਰਿਹਾ। ਇਸ ਮੰਗ ਨੇ ਹਿੰਦੂ ਆਲੋਚਕਾਂ ਦੇ ਹੱਥ ਹੋਰ ਮਜ਼ਬੂਤ ਕਰ ਦਿੱਤੇ ਜੋ ਸਦਾ ਹੀ ਕਹਿੰਦੇ ਆ ਰਹੇ ਸਨ ਕਿ ਆਨੰਦਪੁਰ ਸਾਹਿਬ ਦਾ ਮਤਾ ਅਸਲ ਵਿੱਚ ਆਜ਼ਾਦ ਖ਼ਾਲਿਸਤਾਨ ਦੀ ਮੰਗ ਹੀ ਸੀ।

ਅਕਾਲੀਆਂ ਦੀ ਇਕ ਮੰਗ ਜੋ ਦੂਸਰੀ ਸੂਚੀ ਵਿੱਚੋਂ ਛੱਡ ਦਿੱਤੀ ਗਈ ਸੀ, ਉਹ ਸੀ ਕਿ ਸਿੱਖਾਂ ਨੂੰ ਫ਼ਿਲਮਾਂ ਤੇ ਟੀ.ਵੀ. 'ਤੇ ਅਯੋਗ ਢੰਗ ਨਾਲ ਨਾ ਪੇਸ਼ ਕੀਤਾ ਜਾਵੇ। ਇਹ ਉਸ ਸ਼ਿਕਾਇਤ ਪ੍ਰਤੀ ਸੰਕੇਤ ਸੀ ਜਿਸ ਅਨੁਸਾਰ ਸਿੱਖਾਂ ਨੂੰ ਬਾਕੀ ਦੇ ਹਿੰਦੁਸਤਾਨ ਵਿੱਚ ਵਿਅੰਗ ਜਾਂ ਹਾਸੇ ਠੱਠੇ ਦਾ ਵਿਸ਼ਾ ਬਣਾਇਆ ਜਾਂਦਾ ਸੀ। ਸਿੱਖਾਂ ਬਾਰੇ ਚੁਟਕਲੇ ਜਿਹਨਾਂ ਵਿੱਚ ਸਿੱਖਾਂ ਨੂੰ ਭਾਰਤ ਵਿੱਚ ਮੂਰਖ ਤੇ ਬੁੱਧੂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਵਧੇਰੇ ਕਰਕੇ ਸਿੱਖ ਆਪ ਹੀ ਸੁਣਾਉਂਦੇ ਹਨ। ਇਕ ਕਹਾਣੀ, ਉਦਾਹਰਣ ਦੇ ਤੌਰ 'ਤੇ ਨਹਿਰੂ ਮੰਤਰੀ ਮੰਡਲ ਵਿੱਚ ਇਕ ਸਿੱਖ ਮੰਤਰੀ ਬਾਰੇ ਹੈ ਜੋ ਪਰਧਾਨ ਮੰਤਰੀ ਨਾਲ ਹਵਾਈ ਜਹਾਜ਼ ਰਾਹੀਂ ਸਰਕਾਰੀ ਦੌਰੇ 'ਤੇ ਗਿਆ। ਜਹਾਜ਼ ਦਾ ਕੈਬਿਨ ਕਾਫ਼ੀ ਠੰਡਾ ਸੀ। ਮੰਤਰੀ ਨੇ ਨਹਿਰੂ ਨੂੰ ਪੁੱਛਿਆ ਕਿ ਜੇ ਚਾਲਕ ਪੱਖਾ ਬੰਦ ਕਰ ਦੇਵੇ ਤਾਂ ਉਸ ਨੂੰ ਬੁਰਾ ਤਾਂ ਨਹੀਂ ਲੱਗੇਗਾ। ਨਹਿਰੂ ਨੇ ਕਰੋਧਿਤ ਹੋ ਕੇ ਕਿਹਾ, "ਕਿਹੜਾ ਪੱਖਾ ?" ਸਿੱਖ ਮੰਤਰੀ ਨੇ ਖਿੜਕੀ ਰਾਹੀਂ ਝਾਕ ਕੇ ਜਹਾਜ਼ ਨੂੰ ਅੱਗੇ ਧੱਕਣ ਵਾਲੇ ਪੱਖੇ ਵੱਲ ਇਸ਼ਾਰਾ ਕਰਦਿਆਂ ਕਿਹਾ। ਦਿੱਲੀ ਵਿੱਚ ਅਜੇ ਵੀ "ਸਿੱਖਾਂ ਦੇ ਬਾਰਾਂ ਵਜ ਗਏ" ਕਹਿਣਾ ਆਮ ਜਿਹੀ ਗੱਲ ਹੈ। ਇਸ ਪਿੱਛੇ ਵਿਚਾਰ ਇਹੋ ਹੈ ਕਿ ਸਿੱਖ ਦੀ ਪਗੜੀ ਕਾਰਨ ਦੁਪਹਿਰ ਵੇਲੇ ਉਹਦੇ ਸਿਰ ਦਾ ਤਾਪਮਾਨ ਉਬਾਲੇ ਦੀ ਹੱਦ ਤੱਕ ਪਹੁੰਚ ਜਾਂਦਾ ਹੈ। ਭਿੰਡਰਾਂਵਾਲੇ ਦੀ ਚੜ੍ਹਤਲ ਦੇ ਦਿਨਾਂ ਵਿੱਚ ਮੈਨੂੰ ਆਮ ਹੀ ਪੁੱਛਿਆ ਜਾਂਦਾ ਸੀ, "ਭਾਰਤ ਨੂੰ ਸਿੱਖਾਂ ਦੇ ਸੁਤੰਤਰ ਰਾਜ ਜਾਂ ਖ਼ਾਲਿਸਤਾਨ ਦੀ ਮੰਗ ਕਿਉਂ ਮੰਨ ਲੈਣੀ ਚਾਹੀਦੀ ਹੈ ?" ਉੱਤਰ ਇਹੋ ਸੀ ਕਿ ਭਾਰਤ ਅਤੇ ਪਾਕਿਸਤਾਨ ਨੂੰ ਆਪਣੇ ਵਿਚਕਾਰ ਬੁੱਧੂਆਂ ਜਾਂ ਲੋਲ੍ਹਿਆਂ ਦਾ ਰਾਜ ਚਾਹੀਦਾ ਹੈ।" ਮਜ਼ਾਕ ਭਾਵੇਂ ਭੱਦਾ ਹੈ ਪਰ ਸਿੱਖਾਂ ਬਾਰੇ ਖ਼ਾਸ ਜਾਂ ਵਿਸ਼ੇਸ਼ ਜ਼ਰੂਰ ਹੈ।

ਪਹਿਲੀ ਵਾਰ ਸ਼੍ਰੀਮਤੀ ਗਾਂਧੀ ਅਕਾਲੀ ਦਲ ਦੇ ਨੇਤਾਵਾਂ ਨੂੰ ਪਾਰਲੀਮੈਂਟ ਹਾਊਸ ਵਿੱਚ 16 ਅਕਤੂਬਰ 1981 ਨੂੰ ਮਿਲੀ। ਇਹ ਭਿੰਡਰਾਂਵਾਲੇ ਦੀ ਰਿਹਾਈ ਮਗਰੋਂ ਪਹਿਲਾ ਦਿਨ ਸੀ ਤੇ ਇਸ ਤਰ੍ਹਾਂ ਅਕਾਲੀ ਦਲ ਦੇ ਨੇਤਾਵਾਂ ਦੀ ਪਹਿਲੀ ਮੰਗ ਪਹਿਲਾਂ ਹੀ ਮੰਨੀ

ਜਾ ਚੁੱਕੀ ਸੀ। ਵਿਚੋਲਿਆਂ ਵਿੱਚੋਂ ਇਕ ਅਕਾਲੀ ਦਲ ਸਰਕਾਰ ਵਿੱਚ ਰਹਿ ਚੁੱਕੇ ਭੂਤਪੂਰਵ ਵਿੱਤ ਮੰਤਰੀ ਬਲਵੰਤ ਸਿੰਘ ਅਨੁਸਾਰ ਸ਼੍ਰੀਮਤੀ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਉਹ ਮੁਕੱਦਮਾ ਵਾਪਸ ਲੈਣ ਦਾ ਹੁਕਮ ਦਿੱਤਾ ਜੋ ਅਕਾਲੀ ਦਲ ਨੇ ਸੁਪਰੀਮ ਕੋਰਟ ਵਿੱਚ ਦਾਇਰ ਕੀਤਾ ਸੀ।

ਸ਼੍ਰੀਮਤੀ ਗਾਂਧੀ ਨੇ ਅਕਾਲੀ ਦਲ ਦੇ ਨੇਤਾਵਾਂ ਨਾਲ ਆਪਣੀ ਗੱਲਬਾਤ ਅਪ੍ਰੈਲ 1982 ਵਿੱਚ ਮੁੜ ਸ਼ੁਰੂ ਕੀਤੀ। ਸਥਾਨ ਫਿਰ ਵੀ ਪਾਰਲੀਮੈਂਟ ਹਾਊਸ ਹੀ ਸੀ। ਪਰ ਇਸ ਵਾਰ ਸ਼੍ਰੀਮਤੀ ਗਾਂਧੀ ਬਹੁਤ ਰੁੱਖੀ ਸੀ। ਬਲਵੰਤ ਸਿੰਘ ਅਨੁਸਾਰ ਪਰਧਾਨ ਮੰਤਰੀ ਪਾਣੀ ਦੀ ਘਾਟ ਪੂਰੀ ਕਰਨ ਲਈ ਅਨਿਸਚਿਤ ਬਦਲਵੇਂ ਉਪਾਵਾਂ ਦੀ ਪੇਸ਼ਕਸ਼ ਕਰਦੀ ਰਹੀ। ਇਹ ਆਖ਼ਰੀ ਵਾਰ ਸੀ ਜਦੋਂ ਪਰਧਾਨ ਮੰਤਰੀ ਨੇ ਅਕਾਲੀ ਦਲ ਦੇ ਨੇਤਾਵਾਂ ਨਾਲ ਆਪ ਸਿੱਧੀ ਗੱਲਬਾਤ ਕੀਤੀ ਸੀ। ਕੁਲਦੀਪ ਨੱਯਰ ਅਨੁਸਾਰ ਗੱਲਬਾਤ ਦਾ ਟੁੱਟਣਾ ਇਕ ਵੱਡਾ ਮੋੜ ਸੀ। ਉਸ ਨੇ ਲਿਖਿਆ, "ਉਸ ਦਿਨ ਤੋਂ ਹੀ ਅਕਾਲੀ ਦਲ ਤੇ ਸਰਕਾਰ ਦਾ ਪਾੜਾ ਵਧਣਾ ਸ਼ੁਰੂ ਹੋ ਗਿਆ ਅਤੇ ਯੂਨਾਨੀ ਦੁਖਾਂਤ ਵਾਂਗ ਦੋਵੇਂ ਧਿਰਾਂ ਇਸ ਤਰ੍ਹਾਂ ਪਿੱਛੇ ਹਟਦੀਆਂ ਗਈਆਂ ਕਿ ਤਬਾਹੀ ਦੀ ਖੱਡ ਵਿੱਚ ਜਾ ਡਿੱਗੀਆਂ।"[3]

ਸ਼੍ਰੀਮਤੀ ਗਾਂਧੀ ਦੇ ਵਤੀਰੇ ਵਿੱਚ ਤਬਦੀਲੀ ਦੀ ਸਪੱਸ਼ਟ ਵਿਆਖਿਆ ਜਾਂ ਕਾਰਨ ਇਹੋ ਸੀ ਕਿ ਰਾਜਨੀਤੀ ਦੀ ਥਾਂ ਮੌਕਾ ਸ਼ਨਾਸੀ ਤੇ ਕੂਟਨੀਤੀ ਭਾਰੂ ਹੋ ਗਈ। ਅਗਲੇ ਮਹੀਨੇ ਪੰਜਾਬ ਦੀ ਸੀਮਾ ਉੱਪਰ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਦੀ ਹਿਮਾਲਾ ਦੀ ਪਹਾੜੀ ਰਿਆਸਤ ਵਿੱਚ ਚੋਣਾਂ ਹੋਣ ਵਾਲੀਆਂ ਸਨ। ਦੋਹਾਂ ਰਾਜਾਂ ਵਿੱਚ ਪੰਜਾਬੀ ਬੋਲਦੇ ਹਿੰਦੂਆਂ ਦੀ ਕਾਫ਼ੀ ਵੱਸੋਂ ਸੀ ਜੋ ਨਿਰਸੰਦੇਹ ਸਿੱਖਾਂ ਦੇ ਦਲ ਨੂੰ ਰਿਆਇਤਾਂ ਦੇਣ ਦੇ ਹੱਕ ਵਿੱਚ ਨਹੀਂ ਸਨ। ਹਰਿਆਣਾ ਵੀ ਪਾਣੀਆਂ ਦੇ ਝਗੜੇ ਵਿੱਚ ਇਕ ਧਿਰ ਸੀ ਤੇ ਹਰਿਆਣੇ ਦਾ ਮੁੱਖ ਮੰਤਰੀ ਭਜਨ ਲਾਲ ਜੋ ਰਾਜਸੀ ਜੋੜ ਤੋੜ ਦਾ ਮਾਹਿਰ ਕਲਾਕਾਰ ਸੀ, ਉਸ ਨੇ ਸ਼੍ਰੀਮਤੀ ਗਾਂਧੀ ਨੂੰ ਸੁਚੇਤ ਕਰ ਦਿੱਤਾ ਸੀ ਕਿ ਉਸ ਨੂੰ ਪਹਿਲਾਂ ਹੀ ਉਸ ਦੇ ਪਾਣੀ ਬਾਰੇ ਨਵੇਂ ਫ਼ੈਸਲੇ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਸੀ ਜਿਸ ਅਨੁਸਾਰ ਪਾਣੀ ਵਿੱਚ ਹਰਿਆਣੇ ਦਾ ਹਿੱਸਾ ਘੱਟ ਕਰ ਦਿੱਤਾ ਗਿਆ ਸੀ।

ਲੌਂਗੋਵਾਲ ਨੇ ਵੀ ਦਬਾ ਬਣਾਈ ਰੱਖਣ ਲਈ ਸਤਲੁਜ ਦਾ ਪਾਣੀ ਜਮਨਾ ਦੇ ਪਾਣੀ ਨਾਲ ਮਿਲਾਉਣ ਲਈ ਪੁੱਟੀ ਜਾ ਰਹੀ ਨਹਿਰ ਵਿਰੁੱਧ ਮੋਰਚੇ ਦਾ ਐਲਾਨ ਕਰ ਦਿੱਤਾ। ਉਸ ਨੇ ਆਪਣੇ ਸਮਰਥਕਾਂ ਤੇ ਪੈਰੋਕਾਰਾਂ ਨੂੰ ਇਹ ਚੇਤੇ ਨਾ ਕਰਵਾਇਆ ਕਿ ਜਦੋਂ ਅਕਾਲੀ ਸਰਕਾਰ ਤਾਕਤ ਵਿੱਚ ਸੀ, ਉਸ ਸਮੇਂ ਨਹਿਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਨ ਦੀ ਯੋਜਨਾ ਬਣ ਚੁੱਕੀ ਸੀ, ਪਰ ਮੋਰਚਿਆਂ ਦੇ ਇਸ ਆਗੂ ਨੇਤਾ ਨੇ ਇਸ ਵਾਰ ਹਾਲਾਤ ਦਾ ਗ਼ਲਤ ਅੰਦਾਜ਼ਾ ਲਗਾਇਆ। "ਨਹਿਰ ਰੋਕੋ ਅੰਦੋਲਨ" ਅਸਫਲ ਹੋ ਗਿਆ ਕਿਉਂਕਿ ਅਕਾਲੀ ਪੰਜਾਬ ਦੀ ਪੂਰਬੀ ਸੀਮਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਨਹੀਂ ਸਨ ਤੇ ਅਕਾਲੀਆਂ ਵੱਲੋਂ ਦੂਸਰੇ ਅੰਦੋਲਨਾਂ ਵਾਂਗ ਇਹ ਮੋਰਚਾ ਧਾਰਮਕ ਸੁਰ ਜਾਂ ਪੈਂਤੜੇ ਵਾਲਾ ਨਹੀਂ ਸੀ।

ਇਸ ਦੌਰਾਨ ਭਿੰਡਰਾਂਵਾਲੇ ਦੀ ਹਿੰਸਕ ਮੁਹਿੰਮ ਜਾਰੀ ਰਹੀ ਤੇ ਅਕਾਲੀਆਂ ਨੇ ਉਸ ਦੇ ਅੱਤਵਾਦ ਦਾ ਟਾਕਰਾ ਕਰਨ ਲਈ ਇੰਤਹਾਪਸੰਦੀ ਦੀ ਤੇਜ਼ ਤਰਾਰ ਸੁਰ ਅਪਣਾਉਣ ਦੀ ਲੋੜ ਮਹਿਸੂਸ ਕੀਤੀ। ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਨਾਲ ਸੰਬੰਧਿਤ ਹਿੰਸਾ ਦੇ ਛੇ

ਮਹੀਨੇ ਮਗਰੋਂ ਹੀ, ਅਪ੍ਰੈਲ 1982 ਦੇ ਅੰਤ ਤੱਕ ਹਾਲਾਤ ਇਤਨੇ ਵਿਗੜ ਗਏ ਸਨ ਕਿ ਪੰਜਾਬ ਦੇ ਹਾਲਾਤ ਉੱਪਰ ਲੋਕ ਸਭਾ ਨੇ ਡੂੰਘਾ ਦੁੱਖ, ਸੰਤਾਪ ਅਤੇ ਚਿੰਤਾ ਵਿਅਕਤ ਕਰਨ ਲਈ ਮਤਾ ਪਾਸ ਕੀਤਾ। ਮਤੇ ਵਿੱਚ ਕਿਹਾ ਗਿਆ : "ਇਹ ਸਦਨ ਇਸ ਗੱਲ ਬਾਰੇ ਦੁਬਾਰਾ ਵਚਨ ਦੁਹਰਾਉਂਦਾ ਹੈ ਕਿ ਕਾਨੂੰਨ ਮੁਲਜ਼ਮਾਂ ਨੂੰ ਛੇਤੀ ਹੀ ਕਟਹਿਰੇ ਵਿੱਚ ਖੜਾ ਕਰੇਗਾ।" ਪੰਜਾਬ ਦਾ ਦੁਖਾਂਤ ਇਹੋ ਸੀ ਕਿ ਕਾਨੂੰਨ ਸਹੀ ਰਾਹ ਜਾਂ ਢੰਗ ਨਹੀਂ ਅਪਣਾ ਰਿਹਾ ਸੀ ਤੇ ਮੁਲਜ਼ਮ ਨੂੰ ਤੁਰੰਤ ਸਜ਼ਾ ਨਹੀਂ ਦਿੱਤੀ ਜਾ ਰਹੀ ਸੀ।

ਜਿਸ ਮਹੀਨੇ ਲੋਕ ਸਭਾ ਨੇ ਮਤਾ ਪਾਸ ਕੀਤਾ ਸੀ, ਉਸੇ ਮਹੀਨੇ ਭਿੰਡਰਾਂਵਾਲੇ ਨੂੰ ਸ੍ਵੈ-ਚਾਲਕ ਹਥਿਆਰਾਂ ਨਾਲ ਲੈਸ ਆਪਣੇ ਸਮਰਥਕਾਂ ਨਾਲ ਦਿੱਲੀ ਉਦਾਲੇ ਗੱਡੀਆਂ ਚਲਾ ਕੇ ਖੁੱਲ੍ਹੇ ਤੌਰ 'ਤੇ ਘੁੰਮਣ ਫਿਰਨ ਦੀ ਆਗਿਆ ਦਿੱਤੀ ਗਈ ਸੀ। ਰਾਜ ਸਭਾ ਦੇ ਇਕ ਸਿੱਖ ਮੈਂਬਰ ਹਰਕਿਸ਼ਨ ਸਿੰਘ ਸੁਰਜੀਤ ਜਿਸ ਦਾ ਸੰਬੰਧ ਕਮਿਊਨਿਸਟ ਪਾਰਟੀ (ਮਾਰਕਸੀ) ਨਾਲ ਸੀ, ਉਸ ਨੇ ਦੋਸ਼ ਲਾਇਆ ਸੀ ਕਿ ਕਾਂਗਰਸ ਪਾਰਟੀ ਹੀ ਭਿੰਡਰਾਂਵਾਲੇ ਦੀ ਦਿੱਲੀ ਯਾਤਰਾ ਦਾ ਪਰਬੰਧ ਕਰ ਰਹੀ ਸੀ। ਉਸ ਨੇ ਲੋਕ ਸਭਾ ਵਿੱਚ ਕਿਹਾ, "ਮੈਂ ਇਸ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਭਿੰਡਰਾਂਵਾਲੇ ਨੂੰ ਅਕਾਲੀ ਦਲ ਤੇ ਕਾਂਗਰਸ ਦੋਹਾਂ ਵੱਲੋਂ ਸੁਰੱਖਿਆ ਮਿਲਦੀ ਹੈ। ਇਹ ਬੜੇ ਦੁਖਾਂਤ ਦੀ ਗੱਲ ਹੈ ਕਿ ਉਹ ਪਿਛਲੇ ਮਹੀਨੇ ਦਸਾਂ ਦਿਨਾਂ ਲਈ ਦਿੱਲੀ ਵਿੱਚ ਰਿਹਾ ਸੀ। ਉਸ ਨੂੰ ਕਿਸ ਨੇ ਸੱਦਿਆ ਸੀ ? ਉਸ ਦੇ ਸਮਾਗਮਾਂ ਦਾ ਪਰਬੰਧ 'ਕਿਸ ਨੇ ਕੀਤਾ ? ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜੇ ਰਾਜਸੀ ਪਾਰਟੀਆਂ ਆਪਣੇ ਸੌੜੇ ਹਿੱਤਾਂ ਲਈ ਅਜਿਹੇ ਵਿਅਕਤੀਆਂ ਨੂੰ ਮਾਹੌਲ ਖ਼ਰਾਬ ਕਰਨ ਦੀ ਆਗਿਆ ਦੇਣਗੀਆਂ ਤਾਂ ਤੁਹਾਡੇ ਲਈ ਰਾਜ ਵਿੱਚ ਸੰਪਰਦਾਇਕ ਸ਼ਾਂਤੀ ਜਾਂ ਸਦਭਾਵਨਾ ਬਣਾਈ ਰੱਖਣੀ ਮੁਸ਼ਕਲ ਹੋਵੇਗੀ।" ਭਾਵੇਂ ਕਾਂਗਰਸ ਪਾਰਟੀ ਇਸ ਸਾਰੇ ਸਿਲਸਿਲੇ ਵਿੱਚ ਸ਼ਾਮਲ ਸੀ ਜਾਂ ਨਹੀਂ, ਪਰ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਸਰਕਾਰ ਦਾ ਗ੍ਰਹਿ-ਮੰਤਰੀ ਜ਼ੈਲ ਸਿੰਘ, ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰ ਸਕਦਾ ਸੀ। ਗ੍ਰਹਿ ਮੰਤਰਾਲਯ ਇਹ ਦਾਅਵਾ ਕਰਦਾ ਹੈ ਕਿ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਲਈ ਵਾਰੰਟ ਉਦੋਂ ਜਾਰੀ ਕੀਤਾ ਗਿਆ ਸੀ ਜਦੋਂ ਉਹ ਬੰਬਈ ਗਿਆ ਸੀ ਪਰ ਪੁਲਸ ਦੇ ਉਸ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਹ ਬਚ ਕੇ ਨਿਕਲ ਗਿਆ ਸੀ। ਸ਼੍ਰੀਮਤੀ ਅਮਰਜੀਤ ਕੌਰ ਨੇ, ਜੋ ਪੰਜਾਬ ਤੋਂ ਕਾਂਗਰਸ ਦੀ ਲੋਕ ਸਭਾ ਮੈਂਬਰ ਸੀ, ਦਾਅਵਾ ਕੀਤਾ ਸੀ ਕਿ ਭਿੰਡਰਾਂਵਾਲੇ ਨੂੰ ਪਹਿਲਾਂ ਹੀ ਇਸ ਬਾਰੇ ਸੂਹ ਦੇ ਦਿੱਤੀ ਗਈ ਸੀ। ਉਸ ਨੇ ਕਿਹਾ, "ਭਿੰਡਰਾਂਵਾਲੇ ਨੇ ਆਪਣੇ ਆਦਮੀ ਸਰਕਾਰੀ ਦਫ਼ਤਰਾਂ, ਪੁਲਸ ਤੇ ਸੂਹੀਆਂ ਏਜੰਸੀਆਂ ਵਿੱਚ ਦਾਖ਼ਲ ਕਰਵਾਏ ਹੋਏ ਹਨ।"[3] ਜੇ ਇਸ ਤਰ੍ਹਾਂ ਸੀ ਤਾਂ ਗ੍ਰਹਿ ਮੰਤਰੀ ਨੂੰ ਹੋਰ ਵੀ ਤੇਜ਼ੀ ਨਾਲ ਕਾਰਜ ਕਰਨਾ ਚਾਹੀਦਾ ਸੀ ਪਰ ਉਸ ਨੇ ਅਜਿਹਾ ਨਾ ਕੀਤਾ।

ਸਰਕਾਰ ਨੂੰ ਇਸ ਗੱਲ ਦੀ ਵਿਸ਼ੇਸ਼ ਚਿੰਤਾ ਹੋਣੀ ਚਾਹੀਦੀ ਸੀ ਕਿ ਭਿੰਡਰਾਂਵਾਲੇ ਵੱਲੋਂ ਹਿੰਦੂਆਂ ਤੇ ਸਿੱਖਾਂ ਵਿੱਚ ਨਫ਼ਰਤ ਫੈਲਾਉਣ ਦੀ ਮੁਹਿੰਮ ਚਲਾਈ ਗਈ ਸੀ। ਹਿੰਦੂਆਂ ਨੂੰ ਭੜਕਾਉਣ ਲਈ ਗਊਆਂ ਦੇ ਸਿਰ ਤੇ ਸਰੀਰ ਦੇ ਹੋਰ ਭਾਗਾਂ ਨੂੰ ਮੰਦਰਾਂ ਵਿੱਚ ਸੁਟਵਾਇਆ ਜਾਂਦਾ ਸੀ। ਗਊ ਹਿੰਦੂਆਂ ਲਈ ਪਵਿੱਤਰ ਤੇ ਪੂਜਣ ਯੋਗ ਸੀ ਤੇ ਦਲ ਖ਼ਾਲਸਾ ਅਜਿਹੇ ਕੰਮਾਂ ਦੀ ਜ਼ੁੰਮੇਵਾਰੀ ਲੈਂਦਾ ਸੀ ਜਾਂ ਦਾਅਵਾ ਕਰਦਾ ਸੀ। ਭਿੰਡਰਾਂਵਾਲੇ ਦੀ ਰਣਨੀਤੀ ਦਾ ਘਿਨਾਉਣਾ ਪਹਿਲੂ ਉਸ ਦੀ ਇਹ ਕੋਸ਼ਿਸ਼ ਸੀ ਕਿ

ਐਸਾ ਫ਼ਿਰਕੂ ਤਨਾਅ ਪੈਦਾ ਕਰ ਦਿੱਤਾ ਜਾਵੇ ਜਿਸ ਕਾਰਨ ਹਿਦੂ ਡਰ ਕੇ ਪੰਜਾਬ ਛੱਡ ਜਾਣ। ਉਸ ਨੂੰ ਉਮੀਦ ਸੀ ਕਿ ਇਸ ਦੀ ਹੋਰਨਾਂ ਥਾਵਾਂ 'ਤੇ ਤਿੱਖੀ ਪ੍ਰਤਿਕਿਰਿਆ ਹੋਵੇਗੀ ਜਿਸ ਨਾਲ ਸਿੱਖਾਂ ਨੂੰ ਵੀ ਯਕੀਨ ਹੋ ਜਾਵੇਗਾ ਕਿ ਉਹ ਵੀ ਪੰਜਾਬ ਵਿੱਚ ਹੀ ਸੁਰੱਖਿਅਤ ਰਹਿ ਸਕਣਗੇ। ਸਿੱਖਾਂ ਦੀ 20% ਵੱਸੋਂ ਪੰਜਾਬ ਤੋਂ ਬਾਹਰ ਰਹਿੰਦੀ ਸੀ। ਭਿੰਡਰਾਂਵਾਲਾ ਚਾਹੁੰਦਾ ਸੀ ਕਿ ਸਿੱਖ ਭਾਈਚਾਰੇ ਦੇ ਵੱਧ ਤੋਂ ਵੱਧ ਲੋਕ ਪੰਜਾਬ ਆ ਜਾਣ ਤਾਂ ਜੋ ਇਸ ਫ਼ਿਰਕੇ ਦੇ ਬਾਕੀ ਭਾਰਤ ਨਾਲ ਸੰਬੰਧ ਕਮਜ਼ੋਰ ਹੋ ਜਾਣ ਤੇ ਪੰਜਾਬ ਵਿੱਚ ਉਹਨਾਂ ਦੀ ਵਸੋਂ ਦਾ ਅਨੁਪਾਤ (ਤਨਾਸਬ) ਵੱਧ ਜਾਵੇ। ਇਹ ਹਿਦੂ ਨੇਤਾਵਾਂ ਦੀ ਵਡਿਆਈ ਹੈ ਕਿ ਭਿੰਡਰਾਂਵਾਲੇ ਦੇ ਜਿਉਂਦੇ ਜੀਅ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਨੂੰ ਕੋਈ ਸਥਾਈ ਖ਼ਤਰਾ ਨਾ ਹੋਇਆ।

ਭਾਵੇਂ ਸਰਕਾਰ ਨੇ ਭਿੰਡਰਾਂਵਾਲੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਪਰ ਉਹਦੇ ਵਿਸ਼ਵਾਸ ਪਾਤਰ ਤੇ ਉਹਦੇ ਗੁਰੂ ਦੇ ਪੁੱਤਰ ਨੂੰ 19 ਜੁਲਾਈ 1982 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੰਡੀਅਨ ਐਕਸਪ੍ਰੈਸ ਦੇ ਸੰਜੀਵ ਗੌੜ ਅਨੁਸਾਰ, ਜੋ ਅੰਮ੍ਰਿਤਸਰ ਵਿੱਚ ਪੱਤਰ ਪ੍ਰੇਰਕ ਨਿਯੁਕਤ ਸੀ, ਗਵਰਨਰ ਨੇ ਅਮਰੀਕ ਸਿੰਘ ਦੀ ਗ੍ਰਿਫ਼ਤਾਰੀ ਦੇ ਨਿਜੀ ਤੌਰ 'ਤੇ ਹੁਕਮ ਦਿੱਤੇ ਸਨ ਕਿਉਂਕਿ ਉਸ ਨੇ ਸਰਵ ਭਾਰਤੀ ਸਿੱਖ ਵਿਦਿਆਰਥੀ ਸੰਘ ਦੇ ਮੈਂਬਰਾਂ ਨੂੰ ਛੁਡਾਉਣ ਦੀ ਮੰਗ ਲੈ ਕੇ, ਗਵਰਨਰ ਦਾ ਅਪਮਾਨ ਕੀਤਾ ਸੀ।

ਅਮਰੀਕ ਸਿੰਘ ਸੰਗਠਨ ਦਾ ਪਰਧਾਨ ਸੀ। ਭਾਵੇਂ ਸੰਗਠਨ ਨਾਮ ਮਾਤਰ ਤਾਂ ਅਕਾਲੀ ਦਲ ਦੀ ਸੰਸਥਾ ਸੀ, ਪਰ ਹੁਣ ਇਸ ਉੱਪਰ ਭਿੰਡਰਾਂਵਾਲੇ ਦਾ ਕਬਜ਼ਾ ਸੀ। ਪਹਿਲਾਂ ਹੀ ਅਮਰੀਕ ਸਿੰਘ ਵਿਰੁੱਧ ਕਈ ਇਲਜ਼ਾਮ ਸਨ ਜਿਹਨਾਂ ਵਿੱਚ ਅੰਮ੍ਰਿਤਸਰ ਦੇ ਨੇੜੇ ਇਕ ਨਿਰੰਕਾਰੀ ਆਗੂ ਨੂੰ ਕਤਲ ਕਰਨ ਦੀ ਕੋਸ਼ਿਸ਼ ਦਾ ਇਲਜ਼ਾਮ ਵੀ ਸੀ, ਪਰ ਉਸ ਵੇਲੇ ਪੰਜਾਬ ਵਿੱਚ ਪੁਲੀਸ ਨੂੰ ਭਿੰਡਰਾਂਵਾਲੇ ਦੇ ਉੱਘੇ ਸਮਰਥਕ ਨੂੰ ਗ੍ਰਿਫ਼ਤਾਰ ਕਰਨ ਲਈ ਮੁਕੱਦਮੇ ਦਰਜ ਕਰਨ ਨਾਲੋਂ ਕਾਫ਼ੀ ਵੱਧ ਕਦਮ ਉਠਾਉਣ ਦੀ ਲੋੜ ਸੀ। ਭਿੰਡਰਾਂਵਾਲਾ ਆਪਣੇ ਨਾਇਬ ਦੀ ਗ੍ਰਿਫ਼ਤਾਰੀ ਕਾਰਨ ਗੁੱਸੇ ਨਾਲ ਭਰ ਗਿਆ, ਪ੍ਰੰਤੂ ਸਰਕਾਰ ਨੂੰ ਚੁਨੌਤੀ ਦੇਣ ਤੋਂ ਪਹਿਲਾਂ ਉਸ ਨੇ ਸਵਰਨ ਮੰਦਰ ਦੇ ਰਿਹਾਇਸ਼ੀ ਸਮੂਹ ਭਾਵ ਸਰਾਂ ਵਿੱਚ ਰਿਹਾਇਸ਼ ਕਰਨ ਦਾ ਸੂਝ ਭਰਿਆ ਕਦਮ ਉਠਾਇਆ। ਉਹ ਗੁਰੂ ਨਾਨਕ ਨਿਵਾਸ ਦੇ 47 ਨੰਬਰ ਕਮਰੇ ਵਿੱਚ ਚਲਾ ਗਿਆ। ਗੁਰੂ ਨਾਨਕ ਨਿਵਾਸ ਅਨੇਕਾਂ ਦਫ਼ਤਰਾਂ ਤੇ ਰਿਹਾਇਸ਼ੀ ਭਵਨਾਂ ਵਿੱਚੋਂ ਇਕ ਹੈ ਜਿਹਨਾਂ ਨੂੰ ਇਕ ਆਮ ਸੜਕ ਮੁੱਖ ਸਵਰਨ ਮੰਦਰ ਨਾਲੋਂ ਵੱਖ ਕਰਦੀ ਹੈ। ਪੰਜਾਬ ਦੇ ਮੁੱਖ ਮੰਤਰੀ ਦਾ ਦਾਅਵਾ ਸੀ ਕਿ ਨਿਵਾਸ ਘਰ ਸਵਰਨ ਮੰਦਰ ਦਾ ਹਿੱਸਾ ਨਹੀਂ ਤੇ ਇਸ ਲਈ ਪੁਲੀਸ ਨੂੰ ਉੱਥੇ ਦਾਖ਼ਲ ਹੋਣ ਵਿੱਚ ਕੋਈ ਰੋਕ ਨਹੀਂ ਸੀ। ਪਰੰਤੂ ਪੁਲੀਸ ਨੇ ਅਜਿਹਾ ਇਸ ਲਈ ਨਾ ਕੀਤਾ ਕਿਉਂਕਿ ਦਿੱਲੀ ਦੀ ਸਰਕਾਰ ਇਸ ਦੇ ਵਿਰੁੱਧ ਸੀ। ਇਸ ਗੱਲ ਦਾ ਕੋਈ ਦਸਤਾਵੇਜ਼ੀ ਪ੍ਰਮਾਣ ਨਹੀਂ ਹੈ ਕਿ ਭਿੰਡਰਾਂਵਾਲੇ ਨੇ ਆਪਣੀ ਮੌਤ ਤਕ ਸਵਰਨ ਮੰਦਰ ਸਮੂਹ ਛੱਡਿਆ ਹੋਵੇ।

ਗੁਰੂ ਨਾਨਕ ਨਿਵਾਸ ਵਿੱਚ ਸੁਰੱਖਿਅਤ ਟਿਕਾਣਾ ਮੱਲ ਲੈਣ ਪਿੱਛੋਂ ਭਿੰਡਰਾਂਵਾਲੇ ਨੇ ਭਾਈ ਅਮਰੀਕ ਸਿੰਘ ਦੀ ਰਿਹਾਈ ਲਈ ਮੋਰਚੇ ਦਾ ਐਲਾਨ ਕਰ ਦਿੱਤਾ, ਪ੍ਰੰਤੂ ਭਿੰਡਰਾਂਵਾਲੇ ਨੂੰ ਇਹ ਵੇਖ ਕੇ ਨਿਰਾਸ਼ਾ ਹੋਈ ਕਿ ਮੋਰਚੇ ਨੂੰ ਕੋਈ ਵੱਡੀ ਸਫਲਤਾ ਨਾ

ਮਿਲੀ। ਇਸ ਹੁੰਗਾਰੇ ਤੋਂ ਇਹ ਪ੍ਰਤੱਖ ਹੋ ਗਿਆ ਕਿ ਪਿੰਡਾਂ ਵਿੱਚ ਭਿੰਡਰਾਂਵਾਲੇ ਦੇ ਸਮਰਥਕਾਂ ਦੀ ਗਿਣਤੀ ਇਤਨੀ ਨਹੀਂ ਜਿਤਨੀ ਅਖ਼ਬਾਰਾਂ ਨੇ ਉਸ ਨੂੰ ਵਿਸ਼ਵਾਸ ਦੁਆਇਆ ਸੀ।

ਜੇ ਭਿੰਡਰਾਂਵਾਲੇ ਦਾ ਮੋਰਚਾ ਠੁੱਸ ਹੋ ਜਾਂਦਾ ਤਾਂ ਇਹ ਉਹਦੀ ਪ੍ਰਤਿਸ਼ਠਾ 'ਤੇ ਭਾਰੀ ਸੱਟ ਹੁੰਦੀ, ਪ੍ਰੰਤੂ ਅਕਾਲੀ ਦਲ ਜੋ ਸਦਾ ਵਾਂਗ ਹੀ ਨਿਘੋਚੀ ਸੀ, ਉਸ ਦੇ ਆਪਣੇ ਵੱਖਰੇ ਵਿਚਾਰ ਸਨ। ਉਹ ਆਪਣਾ ਮੋਰਚਾ ਦੋਬਾਰਾ ਸ਼ੁਰੂ ਕਰਨਾ ਚਾਹੁੰਦਾ ਸੀ, ਜੋ ਪੂਰਬ ਵਿੱਚ ਬੁਰੀ ਤਰ੍ਹਾਂ ਅਸਫਲ ਹੋ ਗਿਆ ਸੀ। ਉਹਨਾਂ ਦਾ ਵਿਸ਼ਵਾਸ ਸੀ ਕਿ ਜੇ ਇਹ ਮੋਰਚਾ ਅੰਮ੍ਰਿਤਸਰ ਤੋਂ ਦੁਬਾਰਾ ਸ਼ੁਰੂ ਕੀਤਾ ਜਾਵੇ ਜਿੱਥੇ ਅਕਾਲੀਆਂ ਦਾ ਸਮਰਥਨ ਸ਼ਕਤੀਸ਼ਾਲੀ ਤੇ ਭਰਵਾਂ ਸੀ ਤੇ ਜਿੱਥੇ ਲੋੜੀਂਦੀ ਧਾਰਮਕ ਸੁਰ ਵੀ ਸੀ ਤਾਂ ਉਹਨਾਂ ਦਾ ਮੋਰਚਾ ਸਫਲ ਹੋ ਜਾਵੇਗਾ। ਲੌਂਗੋਵਾਲ ਨੇ ਸੋਚਿਆ ਕਿ ਇਸ ਦੀ ਸਫਲਤਾ ਦੀ ਗਰੰਟੀ ਹੋਰ ਵੀ ਪੱਕੀ ਤੇ ਨਿਸ਼ਚਿਤ ਹੋ ਜਾਵੇਗੀ ਜੇ ਉਹ ਭਿੰਡਰਾਂਵਾਲੇ ਦਾ ਉਦੇਸ਼ ਵੀ ਅਪਨਾ ਲੈਣ। ਇਸ ਲਈ ਲੌਂਗੋਵਾਲ ਨੇ 4 ਅਗਸਤ 1982 ਨੂੰ ਸਵਰਨ ਮੰਦਰ ਅੰਮ੍ਰਿਤਸਰ ਵਿੱਚ "ਅਨੰਦਪੁਰ ਸਾਹਿਬ ਦੇ ਮਤੇ" ਦੀ ਪ੍ਰਾਪਤੀ ਲਈ "ਧਰਮ-ਯੁੱਧ" ਦਾ ਐਲਾਨ ਕਰ ਦਿੱਤਾ। ਭਿੰਡਰਾਂਵਾਲੇ ਨੇ ਵੀ ਐਲਾਨ ਕਰ ਦਿੱਤਾ ਕਿ ਉਸ ਦਾ ਅਮਰੀਕ ਸਿੰਘ ਦੀ ਰਿਹਾਈ ਲਈ ਮੋਰਚਾ ਅਕਾਲੀ ਮੋਰਚੇ ਵਿੱਚ ਵਿਲੀਨ ਕੀਤਾ ਜਾਂਦਾ ਹੈ।

ਨਵਾਂ ਮੋਰਚਾ ਬਹੁਤ ਸਫ਼ਲ ਰਿਹਾ। ਇਕ ਵਾਰ ਫਿਰ ਸੈਂਕੜੇ ਸਿੱਖ ਸਵਰਨ ਮੰਦਰ ਵਿੱਚ ਇਕੱਠੇ ਹੋ ਕੇ ਅਕਾਲੀ ਮੰਗਾਂ ਬਾਰੇ ਆਪਣੇ ਧਾਰਮਕ ਕਰਤੱਵ ਪ੍ਰਤੀ ਯੁੱਧ ਲੜਨ ਬਾਰੇ ਉਪਦੇਸ਼ ਸੁਣਨ ਲੱਗੇ। ਲੌਂਗੋਵਾਲ ਲਗਭਗ ਰੋਜ਼ ਹੀ ਭਾਸ਼ਣ ਦਿੰਦਾ ਤੇ ਭਿੰਡਰਾਂਵਾਲਾ ਕਦੇ ਕਦੇ। ਜੱਥੇ ਆਪਣੀਆਂ ਦਸਤਾਰਾਂ 'ਤੇ ਕੇਸਰੀ ਪੱਟੀਆਂ ਬੰਨ੍ਹ ਕੇ ਸਵਰਨ ਮੰਦਰ ਤੋਂ ਬਾਹਰ ਨਿਕਲ ਕੇ ਪੁਲੀਸ ਥਾਣੇ ਵੱਲ ਜਾਂਦੇ ਤੇ ਫਿਰ ਉਹ ਪਰੰਪਰਾਗਤ ਨਾਅਰਾ "ਰਾਜ ਕਰੇਗਾ ਖਾਲਸਾ" ਲਾਉਂਦੇ। ਬਹੁਤ ਸਾਰੀਆਂ ਅੰਮ੍ਰਿਤਧਾਰੀ ਇਸਤਰੀਆਂ ਵੀ ਕਿਰਪਾਨਾਂ ਸਜਾ ਕੇ ਇਹਨਾਂ ਵਿਖਾਵਿਆਂ ਵਿੱਚ ਹਿੱਸਾ ਲੈਂਦੀਆਂ। ਸਾਰਾ ਮੋਰਚੇ ਦਾ ਪ੍ਰਬੰਧ ਲੌਂਗੋਵਾਲ ਦੇ ਹੱਥਾਂ ਵਿੱਚ ਸੀ ਜਿਸ ਨੂੰ ਮੋਰਚਾ ਡਿਕਟੇਟਰ ਕਿਹਾ ਜਾਂਦਾ ਸੀ। ਉਹ ਇਹ ਨਿਸਚਿਤ ਕਰਦਾ ਸੀ ਕਿ ਪੰਜਾਬ ਦੇ ਕਿਸੇ ਨਾ ਕਿਸੇ ਭਾਗ ਵਿੱਚੋਂ ਹਰ ਰੋਜ਼ ਜੱਥਾ ਸਵਰਨ ਮੰਦਰ ਆਵੇ। ਦੋ ਮਹੀਨਿਆਂ ਵਿੱਚ ਹੀ ਜੇਲ੍ਹਾਂ ਭਰ ਗਈਆਂ ਤੇ ਫਿਰ ਸਰਕਾਰੀ ਇਮਾਰਤਾਂ ਤੇ ਸਕੂਲਾਂ ਵਿੱਚ ਵਿਸ਼ੇਸ਼ ਜੇਲ੍ਹਾਂ ਬਣਾਉਣ ਦੇ ਪਰਬੰਧ ਕਰਨੇ ਪਏ। ਇਕ ਵਾਰ ਇਕ ਹਜ਼ਾਰ ਅਕਾਲੀ ਕੈਦੀਆਂ ਨੇ ਇਕ ਪੁਰਾਣੇ ਕਿਲ੍ਹੇ ਵਿੱਚ ਰਹਿਣ ਤੋਂ ਇਨਕਾਰ ਕਰ ਦਿੱਤਾ ਜਿੱਥੇ ਸਰਕਾਰ ਨੇ ਆਰਜ਼ੀ ਜੇਲ੍ਹ ਕਾਇਮ ਕੀਤੀ ਸੀ। ਉਹਨਾਂ ਨੇ ਕਿਹਾ ਕਿ ਜੇਲ੍ਹ ਸੱਪਾਂ ਨਾਲ ਭਰੀ ਹੋਈ ਸੀ। ਜਦੋਂ ਅਕਾਲੀਆਂ ਨੂੰ ਪਤਾ ਲੱਗਾ ਕਿ ਹੁਣ ਜੇਲ੍ਹਾਂ ਵਿੱਚ ਕੋਈ ਥਾਂ ਹੀ ਨਹੀਂ ਸੀ ਤਾਂ ਸਰਕਾਰ ਨੇ ਉਹਨਾਂ ਦੇ ਘਰ ਹੀ ਜੇਲ੍ਹਾਂ ਬਣਾ ਦਿੱਤੇ। ਪੁਲਸ ਨੂੰ ਉਹਨਾਂ ਦੀ ਰੱਖਿਆ ਕਰਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਅਕਾਲੀ ਉੱਥੋਂ ਨੱਠ ਕੇ ਸਰਕਾਰ ਨੂੰ ਪ੍ਰੇਸ਼ਾਨੀ ਤੋਂ ਬਚਾਉਣ ਦੇ ਇੱਛੁਕ ਨਹੀਂ ਸਨ।

11 ਸਤੰਬਰ ਨੂੰ ਇਕ ਜੱਥੇ ਦੇ 34 ਗ੍ਰਿਫ਼ਤਾਰ ਵਿਅਕਤੀ ਉਸ ਸਮੇਂ ਮਾਰੇ ਗਏ ਜਦੋਂ ਉਹਨਾਂ ਨੂੰ ਲਿਜਾ ਰਹੀ ਬੱਸ ਦੀ ਟੱਕਰ ਅੰਮ੍ਰਿਤਸਰ ਨੇੜੇ ਵਿਅਕਤੀ ਰਹਿਤ ਫਾਟਕ ਨੂੰ ਪਾਰ ਕਰਦਿਆਂ ਰੇਲ ਨਾਲ ਹੋ ਗਈ। ਭਿੰਡਰਾਂਵਾਲੇ ਤੇ ਲੌਂਗੋਵਾਲ ਦੋਹਾਂ ਨੇ ਦੋਸ਼

ਲਾਇਆ ਕਿ ਉਹ ਪੁਲੀਸ ਵੱਲੋਂ ਮਾਰੇ ਗਏ ਹਨ। ਉਹਨਾਂ ਨੇ ਮਾਰੇ ਗਏ ਵਿਅਕਤੀਆਂ ਨੂੰ ਸ਼ਹੀਦ ਐਲਾਨ ਕਰ ਦਿੱਤਾ। ਸਿੱਖ ਹਰ ਇਤਿਹਾਸਕ ਮੌਕੇ ਅਤੇ ਘਟਨਾ ਅਸਥਾਨ 'ਤੇ ਗੁਰਦੁਆਰਾ ਬਣਾਉਣਾ ਪਸੰਦ ਕਰਦੇ ਹਨ; ਇਸ ਲਈ ਉਹ ਹੁਣ ਦੁਰਘਟਨਾ ਵਾਲੇ ਸਥਾਨ 'ਤੇ ਗੁਰਦੁਆਰਾ ਬਣਾ ਰਹੇ ਹਨ। ਉਹਨਾਂ ਨੇ ਇਸ ਨੂੰ "ਟੱਕਰ ਸਾਹਿਬ" ਗੁਰਦੁਆਰਾ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਦੁਰਘਟਨਾ ਕਰਕੇ ਦਿੱਲੀ ਵਿੱਚ ਵੀ ਬੜਾ ਭਾਰੀ ਮੁਜ਼ਾਹਿਰਾ ਹੋਇਆ।

10 ਅਕਤੂਬਰ ਨੂੰ "ਸ਼ਹੀਦਾਂ ਦੀ ਰਾਖ" ਲੈ ਕੇ ਦਿੱਲੀ ਦੀਆਂ ਗਲੀਆਂ ਤੇ ਬਾਜ਼ਾਰਾਂ ਵਿੱਚ ਭਾਰੀ ਜਲੂਸ ਗੁਜ਼ਰਿਆ। ਜਲੂਸ ਸ਼ਾਂਤੀ ਨਾਲ ਲੰਘ ਗਿਆ ਪਰ ਅਗਲੇ ਦਿਨ ਹਜ਼ਾਰਾਂ ਸਿੱਖਾਂ ਨੇ ਆਪਣੇ ਪਾਰਲੀਮੈਂਟ ਦੇ ਮੈਂਬਰਾਂ ਸਾਮ੍ਹਣੇ ਦੁਰਘਟਨਾ ਬਾਰੇ ਰੋਸ ਪਰਗਟ ਕਰਨ ਲਈ ਲੋਕ ਸਭਾ 'ਤੇ ਧਾਵਾ ਬੋਲ ਦਿੱਤਾ। ਉਹਨਾਂ ਨੇ ਬੱਸਾਂ ਨੂੰ ਅੱਗਾਂ ਲਾਈਆਂ, ਗਲੀਆਂ, ਬਾਜ਼ਾਰਾਂ ਵਿੱਚ ਰੋਸ਼ਨੀ ਦੇ ਖੰਭੇ ਤੋੜ ਦਿੱਤੇ ਤੇ ਸੜਕਾਂ 'ਤੇ ਲੱਗੇ ਸੰਕੇਤ ਉਖਾੜ ਦਿੱਤੇ।

ਸ਼੍ਰੀਮਤੀ ਗਾਂਧੀ ਘਬਰਾ ਗਈ। ਇਸ ਤਰ੍ਹਾਂ ਜਾਪ ਰਿਹਾ ਸੀ ਜਿਵੇਂ ਅਕਾਲੀਆਂ ਨੇ ਆਪਣਾ ਮੋਰਚਾ ਦਿੱਲੀ ਵਿੱਚ ਲਾ ਦਿੱਤਾ ਸੀ ਤੇ ਜਿਹੜੀ ਇਕ ਚੀਜ਼ ਤੋਂ ਭਾਰਤੀ ਸਰਕਾਰ ਘਬਰਾਉਂਦੀ ਹੈ, ਉਹ ਰਾਜਧਾਨੀ ਵਿੱਚ ਲੰਬੇ ਸਮੇਂ ਲਈ ਹਿੰਸਾ ਤੇ ਗੜਬੜੀ ਹੈ।

ਹੈਰਾਨੀ ਦੀ ਗੱਲ ਨਹੀਂ ਕਿ ਲੋਕ ਸਭਾ ਦੇ ਬਾਹਰ ਮੁਜ਼ਾਹਿਰੇ ਵਾਲੇ ਦਿਨ ਤੋਂ ਹੀ ਸ਼੍ਰੀਮਤੀ ਗਾਂਧੀ ਨੇ ਸਭ ਪਰਦਰਸ਼ਨਕਾਰੀ ਅਕਾਲੀਆਂ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ ਤੇ ਸਿੱਖਾਂ ਦੀ ਧਾਰਮਕ ਪਾਰਟੀ ਦੇ ਨੇਤਾਵਾਂ ਨਾਲ ਸਮਝੌਤੇ ਦੀ ਗੱਲਬਾਤ ਕਰਨ ਲਈ ਆਪਣਾ ਵਿਸ਼ੇਸ਼ ਦੂਤ ਅੰਮ੍ਰਿਤਸਰ ਭੇਜ ਦਿੱਤਾ।

ਉਹਦਾ ਦੂਤ ਸਵਰਨ ਸਿੰਘ ਸੀ ਜੋ ਪਹਿਲਾਂ ਕਈ ਸਾਲ ਉਹਦੇ ਮੰਤਰੀ-ਮੰਡਲ ਵਿੱਚ ਰਿਹਾ ਸੀ। ਉਹ ਇਕ ਅਜਿਹਾ ਫ਼ਾਰਮੂਲਾ ਲੈ ਕੇ ਆਇਆ ਜਿਸ ਨਾਲ ਸ਼੍ਰੀਮਤੀ ਗਾਂਧੀ ਦੇ ਸਹਿਯੋਗੀ ਤੇ ਅਕਾਲੀ ਦਲ ਦੇ ਨੇਤਾ ਸੰਤੁਸ਼ਟ ਸਨ। ਸਵਰਨ ਸਿੰਘ ਦਾ ਵਿਚਾਰ ਸੀ ਕਿ ਉਸ ਫ਼ਾਰਮੂਲੇ ਤੋਂ ਸ਼੍ਰੀਮਤੀ ਗਾਂਧੀ ਵੀ ਸੰਤੁਸ਼ਟ ਸੀ, ਪਰ ਉਸ ਨੇ ਇਸ ਫ਼ਾਰਮੂਲੇ ਨੂੰ ਆਖ਼ਰੀ ਮੌਕੇ ਰੱਦ ਕਰ ਦਿੱਤਾ। ਭੂਤਪੂਰਵ ਮੰਤਰੀ ਬਹੁਤ ਨਿਰਾਸ਼ ਹੋਇਆ ਤੇ ਫਿਰ ਉਹ ਸਮਝੌਤੇ ਦੀ ਗੱਲਬਾਤ ਵਿੱਚ ਕਦੇ ਵੀ ਨਾ ਉਲਝਿਆ। ਪਰੰਤੂ ਥੋੜ੍ਹੇ ਸਮੇਂ ਮਗਰੋਂ ਫਿਰ ਗੱਲਬਾਤ ਸ਼ੁਰੂ ਹੋ ਗਈ। ਇਹ ਗੱਲਬਾਤ ਇਸ ਕਾਰਨ ਸ਼ੁਰੂ ਹੋ ਗਈ ਕਿਉਂਕਿ ਅਕਾਲੀ ਦਲ ਨੇਤਾਵਾਂ ਨੇ ਸ਼੍ਰੀਮਤੀ ਗਾਂਧੀ ਉੱਪਰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਦਬਾਅ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

7

ਏਸ਼ਿਆਈ ਖੇਡਾਂ ਤੇ ਉਹਨਾਂ ਦਾ ਸਿੱਟਾ

6 ਨਵੰਬਰ ਵਾਲੇ ਦਿਨ, ਜਦੋਂ ਸਵਰਨ ਸਿੰਘ ਰਾਹੀਂ ਗੱਲਬਾਤ ਟੁੱਟ ਗਈ, ਮੋਰਚਾ ਡਿਕਟੇਟਰ ਲੌਂਗੋਵਾਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਏਸ਼ੀਆਈ ਖੇਡਾਂ ਸਮੇਂ ਦਿੱਲੀ ਵਿੱਚ ਮੁਜ਼ਾਹਰੇ ਕਰੇਗਾ, ਜਿਹੜੀਆਂ ਤਿੰਨ ਹਫ਼ਤਿਆਂ ਤੋਂ ਘੱਟ ਸਮੇਂ ਅੰਦਰ ਸ਼ੁਰੂ ਹੋਣ ਵਾਲੀਆਂ ਸਨ। ਸ਼੍ਰੀਮਤੀ ਗਾਂਧੀ ਦੇ ਸਹਿਯੋਗੀ ਭੈਭੀਤ ਹੋ ਗਏ ਕਿਉਂਕਿ ਰਾਜੀਵ ਗਾਂਧੀ ਦੀ ਪ੍ਰਤਿਸ਼ਠਾ ਦਾਅ 'ਤੇ ਲੱਗੀ ਹੋਈ ਸੀ। ਪ੍ਰਧਾਨ ਮੰਤਰੀ ਦਾ ਵੱਡਾ ਲੜਕਾ, ਸੰਜੇ ਦੀ ਮੌਤ ਪਿੱਛੋਂ ਰਾਜਨੀਤੀ ਵਿੱਚ ਪਰਵੇਸ਼ ਕਰ ਚੁੱਕਾ ਸੀ ਤੇ ਇਹ ਸਪੱਸ਼ਟ ਸੀ ਕਿ ਸ਼੍ਰੀਮਤੀ ਗਾਂਧੀ ਆਪਣੇ ਪਿਤਾ ਵੱਲੋਂ ਸਥਾਪਿਤ ਕੀਤੀ ਵੰਸ਼ ਦੀ ਉੱਤਰਾਧਿਕਾਰਤਾ ਨਿਸਚਿਤ ਕਰਨਾ ਚਾਹੁੰਦੀ ਸੀ। ਸ਼ੁਰੂ ਵਿੱਚ ਲੱਗਦਾ ਸੀ ਕਿ ਰਾਜਨੀਤੀ ਤੇ ਰਾਜੀਵ ਇਕ ਦੂਸਰੇ ਦੇ ਅਨੁਕੂਲ ਨਹੀਂ ਸਨ। ਸਿਆਸਤਦਾਨ ਤੇ ਪੱਤਰਕਾਰ ਕਹਿ ਰਹੇ ਸਨ ਕਿ ਰਾਜੀਵ ਇਤਨਾ ਸਾਊ ਹੈ ਕਿ ਉਹ ਪ੍ਰਭਾਵਸ਼ਾਲੀ ਸਿਆਸਤਦਾਨ ਨਹੀਂ ਬਣ ਸਕਦਾ। ਉਸ ਨੇ ਜਿਹੜਾ ਕੰਮ ਨਹੀਂ ਕੀਤਾ ਸੀ, ਉਸ ਬਦਲੇ ਉਹਦੀ ਪ੍ਰਸ਼ੰਸਾ ਹੋਈ; ਅੰਤਰਰਾਸ਼ਟਰੀ ਪ੍ਰੈੱਸ ਵਿੱਚ ਉਸ ਨੂੰ "ਨਿਰਛਲ", "ਸਾਫ਼ ਸਾਊ" ਕਿਹਾ ਗਿਆ; ਪ੍ਰੰਤੂ ਜੋ ਕੰਮ ਉਸ ਨੇ ਕੀਤਾ ਉਸ ਦੀ ਉਸ ਨੂੰ ਕੋਈ ਪ੍ਰਸ਼ੰਸਾ ਨਾ ਪ੍ਰਾਪਤ ਹੋਈ। ਰਾਜੀਵ ਗਾਂਧੀ ਨੂੰ ਆਪਣੇ ਨਾਮ 'ਤੇ ਪ੍ਰਾਪਤ ਕੀਤੀ ਸਫਲਤਾ ਜਾਂ ਪ੍ਰਾਪਤੀ ਦੀ ਜ਼ਰੂਰਤ ਸੀ। ਇਸ ਲਈ ਸ਼੍ਰੀਮਤੀ ਗਾਂਧੀ ਨੇ ਫ਼ੈਸਲਾ ਕੀਤਾ ਕਿ ਉਹ ਏਸ਼ਿਆਈ ਖੇਡਾਂ ਦਾ ਸਮੁੱਚਾ ਪ੍ਰਬੰਧ ਸੰਭਾਲੇ।

ਉਸ ਵੇਲੇ ਤੱਕ ਰਾਜੀਵ ਗਾਂਧੀ ਵਿੱਚ ਸਿਆਸਤ ਨਾਲੋਂ ਖੇਡਾਂ ਵਿੱਚ ਵਧੇਰੇ ਸੁਭਾਵਕ ਯੋਗਤਾ ਸੀ ਤੇ ਖੇਡਾਂ ਉਹਦੀ ਪਹਿਲੀ ਵੱਡੀ ਪਰਖ ਸਨ। ਇਹਨਾਂ ਦੀ ਸਫਲਤਾ ਲਈ ਹਰ ਸੰਭਵ ਯਤਨ ਕੀਤਾ ਗਿਆ। ਇਰਦ ਗਿਰਦ ਦਿਆਂ ਰਾਜਾਂ ਵਿੱਚੋਂ ਉਲਿੰਪਕ ਪਿੰਡ ਬਣਾਉਣ ਤੇ ਉਸ ਵਿੱਚ 7 ਖੇਡ ਮੈਦਾਨ ਤੇ ਪੰਜ-ਤਾਰਾ ਹੋਟਲਾਂ ਦਾ ਇਕ ਪੂਰਾ ਤਾਣਾ-ਬਾਣਾ ਉਸਾਰਨ ਲਈ ਮਜ਼ਦੂਰ ਲਿਆਂਦੇ ਗਏ। ਨਵੀਂ ਦਿੱਲੀ ਦੇ ਚਿਹਰੇ ਦੀ ਪੋਚਾ ਪਾਚੀ ਕਰਕੇ ਉਸ ਨੂੰ ਸੁੰਦਰ ਬਣਾਇਆ ਗਿਆ। ਸੱਤ 'ਫਲਾਈ-ਓਵਰ' (ਉੱਪਰਲੀ ਸਤਹ 'ਤੇ ਉਸਰੇ ਪੁਲ) ਬਣਾਏ ਗਏ। ਨਿੰਮ, ਜਾਮੁਨ ਤੇ ਬੋਹੜ ਦੇ ਦਰੱਖਤਾਂ ਦੀ, ਸ਼ਹਿਰ ਦੇ ਪਰਵੇਸ਼ ਮਾਰਗਾਂ (ਜਿਹਨਾਂ ਲਈ ਸ਼ਹਿਰ ਪ੍ਰਸਿੱਧ ਹੈ) ਨੂੰ ਪੱਤਿਆਂ ਤੋਂ ਸਾਫ਼ ਰੱਖਣ ਤੇ ਚੌੜਾ ਕਰਨ ਲਈ ਅੰਧਾ ਧੁੰਦ ਕਟਾਈ ਕੀਤੀ ਗਈ ਤੇ ਇਕ ਗੋਲ ਰੇਲ ਮਾਰਗ ਵੀ ਤਿਆਰ ਕੀਤਾ ਗਿਆ।

ਅਥਲੀਟਾਂ ਤੇ ਦਰਸ਼ਕਾਂ ਦੀ ਦੇਖਭਾਲ ਤੇ ਬਹਿਬੂਦੀ ਲਈ ਬਹੁਤ ਧਿਆਨ ਦਿੱਤਾ ਗਿਆ, ਪਰ ਉਹਨਾਂ ਲਈ ਸਹੂਲਤਾਂ ਦਾ ਪਰਬੰਧ ਕਰਨ ਵਾਲੇ ਮਜ਼ਦੂਰਾਂ ਦਾ ਕੋਈ ਧਿਆਨ ਨਾ ਰੱਖਿਆ ਗਿਆ। ਉਹਨਾਂ ਨੂੰ ਮੁਨਾਸਬ ਪਾਣੀ ਦੇ ਪ੍ਰਬੰਧ ਬਿਨਾਂ ਹੀ ਝੁੱਗੀਆਂ

ਵਿੱਚ ਰੱਖਿਆ ਗਿਆ। ਠੇਕੇਦਾਰ ਉਹਨਾਂ ਦੀ ਘੱਟ ਮਜ਼ਦੂਰੀ ਨੂੰ ਵੀ ਠੂੰਗਾ ਮਾਰ ਲੈਂਦੇ ਸਨ ਤੇ ਉਹਨਾਂ ਨੂੰ, ਉਹਨਾਂ ਦੀ ਸਰੀਰਕ ਸੁਰੱਖਿਆ ਲਈ ਕੱਪੜੇ ਦੇਣ ਦਾ ਵੀ ਪਰਬੰਧ ਨਹੀਂ ਕਰਦੇ ਸਨ। ਜਦੋਂ ਗੁਆਂਢੀ ਰਾਜਾਂ ਦੇ ਮਜ਼ਦੂਰਾਂ ਨੇ, ਜਿਹਨਾਂ ਨੂੰ ਭਾਰਤ ਦੇ ਵਿਸਤਰਤ ਤੇ ਜਟਲ ਪਰ ਘੱਟ ਹੀ ਲਾਗੂ ਕੀਤੇ ਜਾਂਦੇ ਮਜ਼ਦੂਰਾਂ ਬਾਰੇ ਕਾਨੂੰਨਾਂ ਦੀ ਜਾਣਕਾਰੀ ਸੀ, ਆਪਣੇ ਹੱਕ ਮੰਗਣੇ ਸ਼ੁਰੂ ਕੀਤੇ ਤਾਂ ਠੇਕੇਦਾਰ ਹੋਰ ਦੂਰ ਥਾਵਾਂ 'ਚੋਂ ਮਜ਼ਦੂਰ ਲਿਆਉਣ ਲੱਗੇ। ਉਹਨਾਂ ਨੇ ਪੂਰਬੀ ਤੱਟ ਵਿੱਚ ਉੜੀਸਾ ਵਰਗੇ ਦੁਰੇਡੇ ਰਾਜਾਂ ਤੋਂ ਅਨੁਭਵਹੀਣ ਮਜ਼ਦੂਰ ਲੱਭ ਲਿਆਂਦੇ ਜਿਹਨਾਂ ਬਾਰੇ ਉਹਨਾਂ ਨੂੰ ਉਮੀਦ ਸੀ ਕਿ ਉਹ ਆਪਣੇ ਹੱਕਾਂ ਤੋਂ ਬੇਖ਼ਬਰ ਸਨ। ਉਹਨਾਂ ਨੇ ਰਾਜਧਾਨੀ ਦੇ ਅਤਿਅੰਤ ਚੇਤੰਨ ਤੇ ਕਾਰਜਸ਼ੀਲ ਸਮਾਜ ਸੇਵੀ ਕਾਰਜਕਰਮੀਆਂ ਨੂੰ ਕੈਂਪ ਤੋਂ ਬਾਹਰ ਰੱਖਣ ਦਾ ਯਤਨ ਕੀਤਾ ਪ੍ਰੰਤੂ ਸੁਪਰੀਮ ਕੋਰਟ ਨੇ ਸਰਕਾਰ ਨੂੰ ਏਸ਼ਿਆਈ ਖੇਡਾਂ ਦੇ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਲਈ ਤਿੰਨ ਲੋਕਪਾਲ ਨਿਯੁਕਤ ਕਰਨ ਦਾ ਹੁਕਮ ਦਿੱਤਾ। ਅਖ਼ਬਾਰਾਂ ਨੇ ਵੀ ਮਜ਼ਦੂਰਾਂ ਦੀ ਦਸ਼ਾ ਨੂੰ ਆਮ ਲੋਕਾਂ ਦੇ ਸਾਮ੍ਹਣੇ ਲਿਆਂਦਾ। ਕਾਫ਼ੀ ਗਰਮਾ ਗਰਮੀ ਪੈਦਾ ਹੋਈ, ਪਰ ਹੋਰ ਕੁਝ ਸਿੱਟਾ ਨਾ ਨਿਕਲਿਆ। ਖੇਡਾਂ ਦੇ ਸ਼ੁਰੂ ਹੋਣ ਦੇ ਐਨ ਪਹਿਲਾਂ ਸਭ ਤੋਂ ਸਰਗਰਮ ਸਮਾਜ ਸੇਵਕਾਂ ਵਿੱਚੋਂ ਇਕ ਇੰਦਰ ਮੋਹਨ ਨੇ ਲਿਖਿਆ: "ਏਸ਼ੀਆਈ ਖੇਡਾਂ ਦੇ ਪਿੰਡ ਦੀ ਉਸਾਰੀ ਕਰ ਰਹੇ ਮਜ਼ਦੂਰਾਂ ਦੀ ਹਾਲਤ ਸੁਣ ਕੇ ਵਿਸ਼ਵਾਸ ਕਰਨ ਨਾਲੋਂ ਵੇਖਣੀ ਜ਼ਿਆਦਾ ਬਿਹਤਰ ਹੈ। ਸ਼ਾਨਦਾਰ ਭਵਨ ਜਿਹਨਾਂ ਨੂੰ ਆਨੰਦ ਤੇ ਮੌਜ ਮੇਲੇ ਦੇ ਦਰਸ਼ਨੀ ਅਸਥਾਨ ਬਿਆਨ ਕੀਤਾ ਜਾਂਦਾ ਹੈ, ਉਹਨਾਂ ਦੇ ਨਾਲ-ਨਾਲ ਹੀ ਕਾਮਿਆਂ ਦੇ ਕੈਂਪ ਹਨ ਜਿਥੇ ਉਹ ਛੱਪਰਾਂ ਵਿੱਚ ਰਹਿ ਰਹੇ ਹਨ ਤੇ ਜਿਥੇ ਸਫ਼ਾਈ ਦਾ ਕੋਈ ਪ੍ਰਬੰਧ ਨਹੀਂ। ਇਸਤਰੀਆਂ ਲਈ ਕੋਈ ਓਹਲਾ ਜਾਂ ਪਰਦਾ ਨਹੀਂ। ਆਪਣੇ ਪਿੰਡਾਂ ਦੇ ਉਲਟ ਉਹਨਾਂ ਨੂੰ ਏਥੇ ਆਦਮੀਆਂ ਦੇ ਬਰਾਬਰ ਹੀ ਪਥੱਲਾ ਮਾਰ ਕੇ ਬੈਠਣਾ ਪੈਂਦਾ ਹੈ। ਬੱਚੇ ਵੀ ਝੁੱਗੀਆਂ ਉਦਾਲੇ ਚੌਕੜੀਆਂ ਮਾਰੀ ਬੈਠੇ ਰਹਿੰਦੇ ਹਨ। ਦੁਰਗੰਧ ਦੂਰੋਂ ਹੀ ਮਹਿਸੂਸ ਕੀਤੀ ਜਾ ਸਕਦੀ ਹੈ।" ਇੰਦਰ ਮੋਹਨ ਦਾ ਖ਼ਿਆਲ ਸੀ ਕਿ ਇਹਨਾਂ ਦੀ ਹਾਲਤ ਬਾਰੇ ਵਾਵੇਲਾ ਤੇ ਰੌਲਾ ਰੱਪਾ ਲਾਭਕਾਰੀ ਸਿੱਧ ਹੋਇਆ ਸੀ : "ਕੁਝ ਸਵੈਮ-ਸੇਵਕਾਂ ਤੇ ਸੰਸਥਾਵਾਂ ਨੇ ਕਾਮਿਆਂ ਨੂੰ ਜੱਥੇਬੰਦ ਕਰਨ ਦੀ ਜ਼ੁੰਮੇਵਾਰੀ ਆਪਣੇ ਸਿਰ ਲੈ ਲਈ ਸੀ। ਪਰਿਵਰਤਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਸੀ। ਠੋਸ ਨਤੀਜੇ ਪ੍ਰਾਪਤ ਕਰਨ ਲਈ ਸ਼ਾਇਦ ਕਈ ਸਾਲ ਲੱਗਣ, ਪ੍ਰੰਤੂ ਉਹ ਇਕ ਅਜਿਹੀ ਸ਼ਕਤੀ ਬਣ ਜਾਣਗੇ ਜਿਹਨਾਂ ਬਾਰੇ ਵਿਚਾਰ ਕਰਨੀ ਪਵੇਗੀ।"[1]

ਰਾਜੀਵ ਗਾਂਧੀ ਤੇ ਉਹਦੀ ਟੋਲੀ ਨੂੰ ਨਿਰਮਾਤਾਵਾਂ ਨਾਲ ਵੀ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ। ਬੈਡਮਿੰਟਨ ਤੇ ਵਾਲੀਬਾਲ ਦੇ ਖੇਡ-ਮੈਦਾਨਾਂ ਉੱਪਰ ਛੱਤਾਂ ਨਹੀਂ ਸਨ, ਕਿਉਂਕਿ ਨਿਰਮਾਤਾਵਾਂ ਅਨੁਸਾਰ ਉਹਨਾਂ ਦੀ ਰੂਪਰੇਖਾ ਜਾਂ ਖਾਕਾ ਨੁਕਸਦਾਰ ਸੀ। ਇਕ ਬਰਤਾਨਵੀ ਇੰਜੀਨੀਅਰ ਨੂੰ ਬੁਲਾਇਆ ਗਿਆ ਤੇ ਆਖ਼ਰਕਾਰ ਖੇਡ-ਮੈਦਾਨ ਉੱਪਰ ਛੱਤ ਪਾਈ ਗਈ। ਪ੍ਰੰਤੂ ਤੈਰਾਕੀ ਲਈ ਤਾਲਾਬ ਦੀ ਐਸੀ ਕਿਸਮਤ ਨਹੀਂ ਸੀ। ਇਸ ਦੇ ਛੱਤੇ ਭਾਗਾਂ ਨੂੰ ਅਣਛੱਤਾ ਤੇ ਖੁੱਲ੍ਹਾ ਬਣਾ ਦਿੱਤਾ ਗਿਆ ਸੀ ਕਿਉਂਕਿ ਨਿਰਮਾਤਾ ਤੇ ਕਾਰੀਗਰ ਇਸ ਗੱਲ ਬਾਰੇ ਸਹਿਮਤ ਨਹੀਂ ਸਨ ਕਿ ਢਾਂਚਾ ਛੱਤ ਨੂੰ ਸਹਾਰਾ ਦੇ ਸਕੇਗਾ ਜਾਂ ਨਹੀਂ। "ਫ਼ਲਾਈ ਓਵਰ" ਦਾ ਇਕ ਭਾਗ ਬਣਾਉਣ ਸਮੇਂ ਹੀ

ਡਿੱਗ ਪਿਆ ਸੀ। ਲੇਖਾਕਾਰਾਂ ਨਾਲ ਵੀ ਕੁਝ ਸਮੱਸਿਆਵਾਂ ਸਨ। ਸਰਕਾਰ ਕਹਿੰਦੀ ਸੀ ਕਿ ਉਹ ਸਿਰਫ਼ 70 ਕਰੋੜ ਰੁਪੈ ਜੋ 4.6 ਕਰੋੜ ਪੌਂਡ ਦੇ ਬਰਾਬਰ ਸਨ, ਏਸ਼ੀਆਈ ਖੇਡਾਂ ਲਈ ਖ਼ਰਚ ਕਰ ਰਹੀ ਸੀ, ਜਦੋਂ ਕਿ ਸੁਤੰਤਰ ਤੇ ਨਿਰਪੱਖ ਅਨੁਮਾਨ ਕਰਤਾਵਾਂ ਅਨੁਸਾਰ ਖ਼ਰਚਾ ਉਸ ਤੋਂ ਦਸ ਗੁਣਾ ਸੀ। ਇਕ ਵਿਸ਼ੇਸ਼ ਗੱਡੀ ਚਲਾ ਕੇ ਸਟਾਫ਼, ਖਾਧ ਖ਼ੁਰਾਕ ਤੇ 34 ਹਾਥੀਆਂ ਨੂੰ ਸਾਰੇ ਮੁਲਕ ਵਿੱਚੋਂ ਲਿਆ ਕੇ ਇਸ ਸਮਾਗਮ ਦੇ ਉਦਘਾਟਨੀ ਸਮਾਰੋਹ ਦੇ ਧੂਮ ਧੜਾਕੇ 'ਤੇ ਹੀ ਕੁਲ ਖ਼ਰਚਾ 230000 ਰੁਪੈ ਭਾਵ 15000 ਹਜ਼ਾਰ ਪੌਂਡ ਆਇਆ ਸੀ। ਇਹ ਅਟੱਲ ਸੀ ਕਿ ਵਿਰੋਧੀ ਪਾਰਟੀਆਂ ਭਾਰਤੀ ਅਥਲੀਟਾਂ ਦੀ ਚੋਣ ਉੱਪਰ ਆਲੋਚਨਾ ਕਰਦੀਆਂ ਕਿਉਂਕਿ ਉਹਨਾਂ ਅਨੁਸਾਰ ਇਹ ਚੋਣ ਖਿਲਾੜੀਆਂ ਦੀ ਮੁਹਾਰਤ ਤੇ ਬਹਾਦਰੀ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਸਗੋਂ ਰਾਜਨੀਤੀ ਤੋਂ ਪਰਭਾਵਿਤ ਹੋ ਕੇ ਕੀਤੀ ਗਈ ਸੀ। ਇਹ ਨਿਰਸੰਦੇਹ ਇਕ ਸਿੱਖ ਵਪਾਰੀ ਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਚਰਨਜੀਤ ਸਿੰਘ ਦੀ ਸਿਆਸਤ ਸੀ ਜੋ ਏਸ਼ੀਆਈ ਖੇਡਾਂ ਲਈ ਨਵੀਂ ਦਿੱਲੀ ਦੇ ਵਿਚਕਾਰ ਇਕ ਮਹੱਤਵਪੂਰਨ ਟਿਕਾਣਾ ਦੇਣ ਤੇ ਏਸ਼ੀਆਈ ਖੇਡਾਂ ਲਈ ਪੰਜ ਤਾਰਾ ਹੋਟਲ ਬਣਾਉਣ ਵਿੱਚ ਅਸਰ ਅੰਦਾਜ਼ ਸੀ।

ਉਹ ਹੋਟਲ ਖੇਡਾਂ ਲਈ ਸਮੇਂ ਸਿਰ ਮੁਕੰਮਲ ਤਾਂ ਨਾ ਕੀਤਾ ਗਿਆ ਪ੍ਰੰਤੂ ਸਾਰੀਆਂ ਜ਼ਰੂਰੀ ਸੁਵਿਧਾਵਾਂ ਮਿਲਦੀਆਂ ਰਹੀਆਂ ਸਨ।

ਸਭ ਔਕੜਾਂ ਦੇ ਬਾਵਜੂਦ ਦਿੱਲੀ 9ਵੀਆਂ ਏਸ਼ੀਆਈ ਖੇਡਾਂ ਲਈ ਤਿਆਰ ਸੀ। ਰਾਜੀਵ ਗਾਂਧੀ ਨੇ ਭਾਰਤੀ ਨੌਕਰ ਸ਼ਾਹੀ ਨੂੰ ਸਿੱਧੇ ਰਾਹ ਪਾ ਕੇ ਉਹ ਕੁਝ ਪ੍ਰਾਪਤ ਕਰ ਲਿਆ ਸੀ ਜੋ ਕਿਸੇ ਵੀ ਮੁਲਕ ਦੇ ਮਿਆਰ ਅਨੁਸਾਰ ਇਕ ਕਰਾਮਾਤ ਸੀ। ਉਸ ਨੇ ਦੋ ਸਾਲਾਂ ਦੇ ਅੰਦਰ ਹੀ ਸਿਫ਼ਰ ਤੋਂ ਸ਼ੁਰੂ ਕਰਕੇ ਏਸ਼ੀਆਈ ਖੇਡਾਂ ਲਈ ਸਭ ਤੋਂ ਅਧਿਕ ਸੁਵਿਧਾਵਾਂ ਦਾ ਪਰਬੰਧ ਕਰ ਵਿਖਾਇਆ ਸੀ।

ਜਦੋਂ ਲੌਂਗੋਵਾਲ ਨੇ ਧਮਾਕਾ ਕੀਤਾ ਤਾਂ ਭਾਰਤੀ ਸਰਕਾਰ ਦੇ ਸਰਵੋਤਮ ਹਲਕਿਆਂ ਵਿੱਚ ਡਰ ਫੈਲ ਗਿਆ ਤੇ ਉਹਨਾਂ ਦਾ ਤਰਾਹ ਨਿਕਲ ਗਿਆ। ਹਿੰਦੂਆਂ ਵਿੱਚ ਵੀ ਭਾਰਤ ਵਿੱਚ ਇਸ ਮਸਾਂ-ਮਸਾਂ ਹੋਣ ਵਾਲੇ ਖੇਡ ਤਮਾਸ਼ੇ ਵਿੱਚ ਖ਼ਲਲ ਪਾਉਣ ਦੀ ਧਮਕੀ ਕਾਰਨ ਵਿਆਪਕ ਰੋਸ ਤੇ ਕਰੋਧ ਫੈਲ ਗਿਆ। ਪੁਲੀਸ ਨੂੰ ਹੁਕਮ ਦੇ ਦਿੱਤਾ ਗਿਆ ਕਿ ਉਹ ਦਿੱਲੀ ਉਦਾਲੇ ਘੇਰਾ ਪਾ ਲਵੇ ਤਾਂ ਜੋ ਅਕਾਲੀ ਮੁਜ਼ਾਹਰਾਕਾਰੀ ਦਿੱਲੀ ਨਾ ਪਹੁੰਚ ਸਕਣ। ਰਾਜਧਾਨੀ ਨੂੰ ਜਾਣ ਵਾਲੀਆਂ ਬਹੁਤੀਆਂ ਸੜਕਾਂ ਹਰਿਆਣੇ ਵਿੱਚੋਂ ਲੰਘਦੀਆਂ ਹਨ ਤੇ ਇਕ ਵਾਰ ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਸ਼੍ਰੀਮਤੀ ਗਾਂਧੀ ਪ੍ਰਤੀ ਆਪਣੀ ਵਫ਼ਾਦਾਰੀ ਵਿਖਾਉਣ ਦਾ ਮੌਕਾ ਹੱਥੋਂ ਨਾ ਜਾਣ ਦਿੱਤਾ। ਹਰਿਆਣਾ ਪੁਲੀਸ ਨੇ ਕਿਸੇ ਨੂੰ ਵੀ ਨਾ ਬਖ਼ਸ਼ਿਆ। ਭਾਰਤੀ ਹਵਾਈ ਸੈਨਾ ਦੇ ਭੂਤਪੂਰਵ ਮੁਖੀ ਏਅਰ ਮਾਰਸ਼ਲ ਅਰਜਨ ਸਿੰਘ ਨੇ ਇਹ ਸਾਬਤ ਕਰਨ ਲਈ ਕਿਹਾ ਕਿ ਉਹ ਖੇਡਾਂ ਵਿਰੁੱਧ ਮੁਜ਼ਾਹਰਾ ਕਰਨ ਨਹੀਂ ਜਾ ਰਿਹਾ ਸੀ। ਬੰਗਲਾਦੇਸ਼ ਦੀ ਜੰਗ ਪਿੱਛੋਂ ਪਾਕਿਸਤਾਨੀ ਫ਼ੌਜ ਨੇ ਜਿਸ ਭਾਰਤੀ ਜਰਨੈਲ ਲੈਫ. ਜ. ਜਗਜੀਤ ਸਿੰਘ ਅਰੋੜਾ ਅੱਗੇ ਆਤਮ-ਸਮਰਪਣ ਕੀਤਾ ਸੀ, ਉਸ ਨਾਲ ਵੀ ਅਨਾਦਰ ਭਰਿਆ ਸਲੂਕ ਕੀਤਾ ਗਿਆ। ਹਾਈਕੋਰਟ ਦੇ ਇਕ ਜੱਜ ਦੀ ਇਤਨੀ ਵਾਰ ਤਲਾਸ਼ੀ ਲਈ ਗਈ ਕਿ ਉਸ ਨੂੰ ਚੰਡੀਗੜ੍ਹ ਤੋਂ ਦਿੱਲੀ ਜਾਣ ਲਈ 4 ਘੰਟਿਆਂ ਦੀ ਥਾਂ 8 ਘੰਟੇ ਲੱਗੇ। ਇਕ ਵਪਾਰੀ ਨੇ ਮੈਨੂੰ ਦੱਸਿਆ ਕਿ ਪੁਲੀਸ ਨੇ ਉਸ ਦੀ

ਪੱਗ ਇਹ ਵੇਖਣ ਲਈ ਲੁਹਾਈ ਤਾਂ ਕਿ ਉਹ ਉਸ ਦੀ ਤਲਾਸ਼ੀ ਲੈ ਸਕੇ। ਏਥੋਂ ਤੱਕ ਕਿ ਸ਼੍ਰੀਮਤੀ ਗਾਂਧੀ ਦੇ ਸਮਰਥਕਾਂ ਦਾ ਵੀ ਕੋਈ ਲਿਹਾਜ਼ ਨਾ ਕੀਤਾ ਗਿਆ। ਕੁਲਦੀਪ ਨੱਯਰ ਅਨੁਸਾਰ ਪਾਰਲੀਮੈਂਟ ਦੀ ਮੈਂਬਰ ਸ਼੍ਰੀਮਤੀ ਅਮਰਜੀਤ ਕੌਰ ਦੀਆਂ ਅੱਖਾਂ ਵਿੱਚ ਉਸ ਸਮੇਂ ਹੰਝੂ ਆ ਗਏ ਸਨ, ਜਦ ਉਸ ਨੇ ਪੱਤਰਕਾਰਾਂ ਤੇ ਸਾਥੀ ਰਾਜਨੇਤਾਵਾਂ ਨੂੰ ਉਸ ਦੇ ਪਤੀ ਤੇ ਉਸ ਨਾਲ ਭਜਨ ਲਾਲ ਦੀ ਪੁਲੀਸ ਵੱਲੋਂ ਕੀਤੇ ਸਲੂਕ ਦਾ ਬਿਰਤਾਂਤ ਸੁਣਾਇਆ।

ਦਿੱਲੀ ਦੀ ਨਾਕਾ ਬੰਦੀ ਤੇ ਏਸ਼ੀਆਈ ਖੇਡਾਂ ਵਿੱਚ ਮੁਜ਼ਾਹਰਾ ਕਰਨ ਲਈ ਜਾ ਰਹੇ ਸ਼ੱਕੀ 1500 ਸਿੱਖਾਂ ਦੀ ਗ੍ਰਿਫ਼ਤਾਰੀ ਭਿੰਡਰਾਂ ਵਾਲੇ ਦੀ ਚੱਕੀ ਦੇ ਆਟੇ ਦੀ ਪੀਹਾਈ ਹੀ ਸੀ। ਉਸ ਦਿਨ ਦੇ ਮਗਰੋਂ ਜੋ ਕੋਈ ਵੀ ਉਹਦੇ ਦਰਸ਼ਨਾਂ ਲਈ ਆਉਂਦਾ, ਉਹ ਪੁੱਛਿਆ ਕਰਦਾ ਸੀ, "ਕੀ ਤੁਸੀਂ ਜਾਨਣਾ ਚਾਹੁੰਦੇ ਕਿ ਉਹ ਕਿਹੜੀਆਂ ਨਿਸ਼ਾਨੀਆਂ ਹਨ ਜਿਹਨਾਂ ਤੋਂ ਪਤਾ ਲੱਗੇ ਕਿ ਸਿੱਖ ਹਿੰਦੂਆਂ ਦੇ ਗ਼ੁਲਾਮ ਹਨ ?" "ਪਹਿਲੀ ਨਿਸ਼ਾਨੀ ਇਹ ਹੈ ਕਿ ਸਿੱਖਾਂ ਨੂੰ ਏਸ਼ੀਆਈ ਖੇਡਾਂ ਵਿੱਚ ਜਾਣੋਂ ਰੋਕਿਆ ਗਿਆ ਹੈ।" ਪੰਜਾਬ ਸੰਕਟ ਵਿੱਚ ਭਜਨ ਲਾਲ ਦੀ ਇਹ ਆਖ਼ਰੀ ਮੰਦਭਾਗੀ ਦਖ਼ਲ ਅੰਦਾਜ਼ੀ ਨਹੀਂ ਸੀ।

ਸ਼੍ਰੀਮਤੀ ਗਾਂਧੀ ਦਾ ਗਾਜਰ ਤੇ ਸੋਟੀ ਭਾਵ ਮਾਰਨ ਤੇ ਪਲੋਸਣ ਦੀ ਨੀਤੀ ਵਿੱਚ ਵਿਸ਼ਵਾਸ ਸੀ। ਇਸ ਲਈ ਉਸ ਨੇ ਭਜਨ ਲਾਲ ਦੇ ਡੰਡੇ ਤੇ ਮਰਹੱਮ ਲਾਉਣ ਲਈ ਸਮਝੌਤੇ ਦਾ ਇਕ ਹੋਰ ਯਤਨ ਕੀਤਾ। ਇਸ ਵਾਰ ਉਸ ਨੇ ਪਟਿਆਲੇ ਰਾਜ ਘਰਾਣੇ ਦੇ ਮੁਖੀ ਨੂੰ ਅਕਾਲੀਆਂ ਨੂੰ ਮਨਾਉਣ ਲਈ ਸਾਮ੍ਹਣੇ ਲਿਆਂਦਾ। ਭਾਰਤੀ ਮਹਾਰਾਜਿਆਂ ਦੇ ਸਾਰੇ ਵਿਸ਼ੇਸ਼ ਅਧਿਕਾਰ ਸ਼੍ਰੀਮਤੀ ਗਾਂਧੀ ਦੀ ਪਹਿਲੀ ਸਰਕਾਰ ਸਮੇਂ ਖ਼ਤਮ ਕਰ ਦਿੱਤੇ ਗਏ ਸਨ ਪਰ ਵੱਡੇ ਰਾਜ ਘਰਾਣਿਆਂ ਨੇ ਆਪਣੇ ਅਧਿਕਾਰ ਤੇ ਪ੍ਰਭਾਵ ਕਾਇਮ ਰੱਖੇ ਹੋਏ ਸਨ ਤੇ ਪਟਿਆਲਾ ਪੰਜਾਬ ਦੀਆਂ ਰਿਆਸਤਾਂ ਵਿੱਚੋਂ ਸਭ ਤੋਂ ਵੱਡੀ ਰਿਆਸਤ ਸੀ। ਅਮਰਿੰਦਰ ਸਿੰਘ ਦੀ ਉਮਰ 42 ਸਾਲ ਸੀ। ਉਸ ਨੇ ਸਿੱਖ ਪਲਟਣ ਵਿੱਚ ਕਪਤਾਨ ਦੀ ਪਦਵੀ ਤੱਕ ਸੇਵਾ ਕੀਤੀ ਸੀ। ਜਦੋਂ ਉਸ ਦੇ ਪਿਤਾ ਦਾ ਅਕਾਲ ਚਲਾਣਾ ਹੋ ਗਿਆ ਤਾਂ ਉਸ ਨੇ ਪਰਿਵਾਰ ਦੀਆਂ ਜ਼ਮੀਨਾਂ ਤੇ ਵਪਾਰ ਦੀ ਦੇਖਭਾਲ ਕਰਨ ਲਈ ਫ਼ੌਜ ਤੋਂ ਅਵਿਕਾਸ਼ ਲੈ ਲਿਆ। ਭੂਤਪੂਰਵ ਫ਼ੌਜੀ ਕਪਤਾਨ ਸ਼੍ਰੀਮਤੀ ਗਾਂਧੀ ਦੀ ਪਾਰਟੀ ਵਿੱਚ ਸ਼ਾਮਲ ਹੋ ਗਿਆ। ਉਹ ਰਾਜੀਵ ਗਾਂਧੀ ਦਾ ਸਕੂਲ ਸਮੇਂ ਦਾ ਪੁਰਾਣਾ ਮਿੱਤਰ ਸੀ। ਇਹ ਰਾਜੀਵ ਹੀ ਸੀ ਜਿਸ ਨੇ ਸੁਝਾਅ ਦਿੱਤਾ ਸੀ ਕਿ ਅਮਰਿੰਦਰ ਸਿੰਘ ਨੂੰ ਸਮਝੌਤੇ ਲਈ ਗੱਲਬਾਤ ਵਿੱਚ ਸ਼ਾਮਿਲ ਕੀਤਾ ਜਾਵੇ।

ਅਮਰਿੰਦਰ ਸਿੰਘ ਅਨੁਸਾਰ ਅਕਾਲੀ ਦਲ ਦੇ ਨੇਤਾਵਾਂ ਅਤੇ ਸ਼੍ਰੀਮਤੀ ਗਾਂਧੀ ਵੱਲੋਂ ਗੱਲਬਾਤ ਕਰਨ ਲਈ ਨਿਯੁਕਤ ਦਲ ਵਿਚਕਾਰ ਦਿੱਲੀ ਵਿੱਚ 18 ਨਵੰਬਰ 1982 ਨੂੰ ਸਮਝੌਤਾ ਨੇਪਰੇ ਚੜ੍ਹ ਗਿਆ ਸੀ। ਅਕਾਲੀ ਦਲ ਦੇ ਨੇਤਾ ਹਵਾਈ ਜਹਾਜ਼ ਰਾਹੀਂ ਚੰਡੀਗੜ੍ਹ ਜਾਣਾ ਚਾਹੁੰਦੇ ਸਨ ਪਰ ਉਹਨਾਂ ਨੂੰ ਸਲਾਹ ਦਿੱਤੀ ਗਈ ਕਿ ਉਹ ਉਸ ਸਮੇਂ ਤੱਕ ਉਡੀਕ ਕਰਨ ਜਦ ਤਕ ਸ਼੍ਰੀਮਤੀ ਗਾਂਧੀ ਵਲੋਂ ਸਮਝੌਤੇ ਨੂੰ ਪਰਵਾਨ ਕਰਨ ਦੀ ਤਸਦੀਕ ਜਾਂ ਪੁਸ਼ਟੀ ਨਹੀਂ ਹੋ ਜਾਂਦੀ।

ਬਦਕਿਸਮਤੀ ਨਾਲ, ਅਮਰਿੰਦਰ ਦੇ ਕਹਿਣ ਅਨੁਸਾਰ ਸਮਝੌਤੇ ਦਾ ਭਜਨ ਲਾਲ ਨੂੰ ਪਤਾ ਲੱਗ ਗਿਆ। ਉਸ ਨੇ ਪ੍ਰਧਾਨ ਮੰਤਰੀ ਨੂੰ ਪਰੇਰਿਆ ਕਿ ਪਾਣੀ ਤੇ ਚੰਡੀਗੜ੍ਹ ਦੇ

ਝਗੜਿਆਂ ਬਾਰੇ ਪਹਿਲਾਂ ਹਰਿਆਣੇ ਨਾਲ ਸਲਾਹ ਮਸ਼ਵਰਾ ਨਾ ਕਰਨਾ ਉਹਦੇ ਰਾਜ ਲਈ ਘਾਤਕ ਹੋਵੇਗਾ। ਉਸ ਰਾਤ ਪਾਣੀ ਦੇ ਝਗੜੇ ਤੋਂ ਪ੍ਰਭਾਵਿਤ ਹੋਣ ਵਾਲਾ ਇਕ ਹੋਰ ਰਾਜਸਥਾਨ ਦਾ ਮੁੱਖ ਮੰਤਰੀ ਵੀ ਦਿੱਲੀ ਵਿੱਚ ਹੀ ਸੀ। ਉਸ ਨੂੰ ਵੀ ਭਜਨ ਲਾਲ ਦੇ ਪੱਖ ਦੀ ਪਰੋੜ੍ਹਤਾ ਕਰਨ ਲਈ ਪਰੇਰ ਲਿਆ ਗਿਆ ਤੇ ਸ਼੍ਰੀਮਤੀ ਗਾਂਧੀ ਉਹਨਾਂ ਦੇ ਵਿਚਾਰ ਨਾਲ ਸਹਿਮਤ ਹੋ ਗਈ। ਉਸ ਮਹੀਨੇ ਦੂਸਰੀ ਵਾਰ ਅਕਾਲੀ ਦਲ ਦੇ ਨੇਤਾਵਾਂ ਨੂੰ ਨੀਵਾਂ ਦਿਖਾਇਆ ਗਿਆ ਤੇ ਨਿਰਾਸ ਕੀਤਾ ਗਿਆ।

ਭਿੰਡਰਾਂਵਾਲਾ ਬਹੁਤ ਖ਼ੁਸ਼ ਹੋਇਆ ਕਿਉਂਕਿ ਉਹ ਕਿਸੇ ਵੀ ਹਾਲਤ ਵਿੱਚ ਸਮਝੌਤੇ ਦਾ ਚਾਹਵਾਨ ਨਹੀਂ ਸੀ। ਉਹ ਕਈ ਵਾਰ ਕਹਿ ਚੁੱਕਾ ਸੀ ਕਿ ਉਸ ਬਾਹਮਣੀ (ਜਾਂ ਬਾਹਮਣਾਂ ਦੀ ਕੁੜੀ) ਨਾਲ ਗੱਲਬਾਤ ਕਰਨ ਦਾ ਕੋਈ ਲਾਭ ਨਹੀਂ; ਉਹ ਸ਼੍ਰੀਮਤੀ ਗਾਂਧੀ ਲਈ ਇਸ ਤਰ੍ਹਾਂ ਹੀ ਨਿਰਾਦਰੀ ਭਰੇ ਸ਼ਬਦਾਂ ਦੀ ਵਰਤੋਂ ਕਰਿਆ ਕਰਦਾ ਸੀ। ਜਦੋਂ ਉਹ ਇਕ ਮਹੀਨੇ ਵਿੱਚ ਹੀ ਦੋ ਵਾਰ ਸਹੀ ਸਿੱਧ ਹੋਇਆ ਤਾਂ ਉਸ ਦਾ ਪਰਭਾਵ ਵੱਧ ਗਿਆ ਅਤੇ ਲੌਂਗੋਵਾਲ ਤੇ ਅਕਾਲੀ ਦਲ ਦੇ ਨੇਤਾਵਾਂ ਦੀ ਸਾਖ 'ਤੇ ਪਰਭਾਵ ਘੱਟ ਗਿਆ। ਏਸ਼ੀਆਈ ਖੇਡਾਂ ਵੇਲੇ ਗੱਲਬਾਤ ਦੀ ਅਸਫਲਤਾ ਸਮੇਂ ਹੀ ਭਿੰਡਰਾਂਵਾਲੇ ਤੇ ਅਕਾਲੀ ਦਲ ਨੇਤਾਵਾਂ ਵਿੱਚ ਦਰਾੜ ਵਧੀ ਤੇ ਇਸ ਦੁਫੇੜ ਨੇ ਲੌਂਗੋਵਾਲ ਤੇ ਉਹਦੇ ਸਹਿਯੋਗੀਆਂ ਨੂੰ ਅਲੱਗ ਥਲੱਗ ਕਰ ਦਿੱਤਾ। ਹੁਣ ਸ੍ਰੀਮਤੀ ਗਾਂਧੀ ਸਾਮ੍ਹਣੇ ਦੋ ਹੀ ਰਸਤੇ ਸਨ—ਇਕ ਤਾਂ ਸਵਰਨ ਮੰਦਰ ਜਾ ਕੇ ਭਿੰਡਰਾਂਵਾਲੇ ਨੂੰ ਕਬਜ਼ੇ ਵਿੱਚ ਲੈਣਾ ਜਾਂ ਉਸ ਨਾਲ ਸਮਝੌਤੇ ਲਈ ਗੱਲਬਾਤ ਕਰਨਾ। ਪ੍ਰੰਤੂ ਸਰਕਾਰ ਦੀ ਫੌਰੀ ਸਮੱਸਿਆ ਹੱਲ ਹੋ ਗਈ। ਡੰਡੇ ਨੇ ਕੰਮ ਕੀਤਾ ਤੇ ਗਾਜਰ ਦੀ ਵਰਤੋਂ ਕੰਮ ਨਾ ਆਈ ਤੇ ਏਸ਼ੀਆਈ ਖੇਡਾਂ ਸ਼ਾਂਤੀ ਨਾਲ ਸੰਪੂਰਨ ਹੋ ਗਈਆਂ। ਰਾਜੀਵ ਗਾਂਧੀ ਪਹਿਲੀ ਪਰਖ ਵਿੱਚੋਂ ਸਫਲ ਹੋ ਗਿਆ ਸੀ।

ਪ੍ਰੰਤੂ ਸਮਝੌਤੇ ਲਈ ਗੱਲਬਾਤ ਦੀ ਅਸਫਲਤਾ ਦੇ ਗੰਭੀਰ ਸਿੱਟੇ ਛੇਤੀ ਹੀ ਸਪੱਸ਼ਟ ਹੋ ਗਏ। ਏਸ਼ੀਆਈ ਖੇਡਾਂ ਦੇ ਇਕ ਮਹੀਨੇ ਮਗਰੋਂ ਹੀ ਲੌਂਗੋਵਾਲ ਨੇ ਹਰਿਮੰਦਰ ਵਿਖੇ ਭੂਤਪੂਰਵ ਸਿੱਖ ਸੈਨਕਾਂ ਦੀ ਇਕ ਮੀਟਿੰਗ ਬੁਲਾਈ। ਸਿੱਖਾਂ ਦੀ ਭਾਰਤੀ ਸੈਨਾ ਵਿੱਚ 10% ਗਿਣਤੀ ਹੈ, ਜਿਸ ਵਿੱਚ ਕਾਫ਼ੀ ਜ਼ਿਆਦਾ ਅਫ਼ਸਰ ਹਨ। ਇਸ ਤੋਂ ਬਿਨਾਂ ਨੇਵੀ, ਹਵਾਈ ਫ਼ੌਜ ਤੇ ਅਰਧ ਸੈਨਿਕ ਬਲਾਂ ਤੇ ਪੁਲੀਸ ਵਿੱਚ ਵੀ ਬਹੁਤ ਸਿੱਖ ਹਨ। ਸਿੱਖ ਪੱਖ ਦੀ ਹਿਮਾਇਤ ਵਿੱਚ ਲੌਂਗੋਵਾਲ ਦੇ ਸੱਦੇ 'ਤੇ ਇਕੱਠੇ ਸਿੱਖ ਅਫ਼ਸਰਾਂ ਵਿੱਚ ਕਰਨਲ ਦੀ ਪਦਵੀ ਤੋਂ ਉੱਚੇ ਪਦਾਂ ਵਾਲੇ 170 ਰਿਟਾਇਰ ਹੋਏ ਅਫ਼ਸਰ ਸਨ। ਸਵਰਨ ਮੰਦਰ ਦੀ ਉਸ ਸਭਾ ਵਿੱਚ ਬਹੁਤ ਸਾਰੇ ਅਫ਼ਸਰਾਂ 'ਤੇ ਭਿੰਡਰਾਂਵਾਲੇ ਦਾ ਜਾਦੂ ਅਸਰ ਕਰ ਗਿਆ। ਢਾਕਾ ਦੇ ਨਾਇਕ, ਲੈਫ. ਜਨਰਲ ਅਰੋੜਾ ਨੇ ਭੀੜ ਇਕੱਠੀ ਕਰਨ ਵਾਲੇ ਪ੍ਰਚਾਰਕ ਸੰਤ ਦੇ ਪ੍ਰਭਾਵ ਹੇਠ ਅਨੁਸ਼ਾਸਿਤ ਸੈਨਿਕਾਂ ਦੇ ਆ ਜਾਣ ਦੀ ਘਟਨਾ ਨੂੰ ਇਸ ਤਰ੍ਹਾਂ ਸਪੱਸ਼ਟ ਕੀਤਾ ਹੈ :

"ਫ਼ੌਜ ਛੱਡਣ ਉਪਰੰਤ ਜਦੋਂ ਉਹ ਪੰਜਾਬ ਆਏ ਤਾਂ ਉਹਨਾਂ ਵੇਖਿਆ ਕਿ ਉਹਨਾਂ ਦਾ ਮਹੱਤਵ ਕਿਤਨਾ ਘੱਟ ਗਿਆ ਸੀ। ਉਹਨਾਂ ਦੇ ਅਸੰਤੋਸ਼ ਦਾ ਕਾਰਨ ਇਹ ਸੀ ਕਿ ਸਿਵਲ ਪਰਸ਼ਾਸਨ ਉਹਨਾਂ ਨੂੰ ਉਹਨਾਂ ਦਾ ਬਣਦਾ ਸਤਿਕਾਰ ਨਹੀਂ ਦਿੰਦਾ ਸੀ। 1982 ਵਿੱਚ ਏਸ਼ੀਆਈ ਖੇਡਾਂ ਸਮੇਂ ਜਦੋਂ ਦਿੱਲੀ ਵੱਲ ਪੰਜਾਬ ਤੋਂ ਜਾਣ ਵਾਲੇ ਸਾਰੇ ਸਿੱਖ ਯਾਤਰੀਆਂ ਨੂੰ ਰੋਕਿਆ ਗਿਆ ਤੇ ਉਹਨਾਂ ਦੀ ਬਿਨਾਂ ਕਿਸੇ ਦੋਸ਼ ਦੇ ਤਲਾਸ਼ੀ ਲਈ

ਗਈ ਤਾਂ ਉਹ ਬਹੁਤ ਦੁਖੀ ਹੋਏ ਤੇ ਉਹਨਾਂ ਵਿੱਚੋਂ ਕੁਝ ਸੰਤ ਭਿੰਡਰਾਂਵਾਲੇ ਦੇ ਪਰਭਾਵ ਹੇਠ ਆ ਗਏ।"[2]

ਇਕ ਹੋਰ ਰਿਟਾਇਰ ਸਿੱਖ ਜਰਨੈਲ ਜਸਵੰਤ ਸਿੰਘ ਭੁੱਲਰ ਨੇ ਏਸ਼ਿਆਈ ਖੇਡਾਂ ਨੂੰ ਇਕ ਕਾਰਨ ਮੰਨਿਆ ਹੈ ਜਿਸ ਕਾਰਨ ਲੌਂਗੋਵਾਲ ਦੀ ਪ੍ਰਾਰਥਨਾ ਨੂੰ ਭੂਤਪੂਰਵ ਫ਼ੌਜੀਆਂ ਵਿੱਚ ਸਫਲਤਾ ਮਿਲੀ। ਉਸ ਨੇ ਲਿਖਿਆ : "ਏਸ਼ੀਆਈ ਖੇਡਾਂ ਦੌਰਾਨ ਹਰਿਆਣਾ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਗਏ ਸਲੂਕ ਨੇ ਸਿੱਖ ਮਾਨਸਿਕਤਾ ਨੂੰ ਬਹੁਤ ਭਾਰੀ ਝਟਕਾ ਦਿੱਤਾ।"[3] ਭੁੱਲਰ, ਨੀਲਾ ਤਾਰਾ ਸਾਕਾ ਤੋਂ ਪਹਿਲਾਂ ਸਵਰਨ ਮੰਦਰ ਛੱਡ ਕੇ ਭਿੰਡਰਾਂਵਾਲੇ ਨਾਲ ਜਾ ਮਿਲਿਆ।

ਉੱਚੀਆਂ ਪਦਵੀਆਂ ਤੋਂ ਰਿਟਾਇਰ ਹੋਏ ਫ਼ੌਜੀ ਅਫ਼ਸਰਾਂ ਵਿੱਚ ਮੇਜਰ ਜਨਰਲ ਸ਼ਾਹਬੇਗ ਸਿੰਘ ਵੀ ਸੀ ਜਿਸ ਨੇ ਲੌਂਗੋਵਾਲ ਵੱਲੋਂ ਬੁਲਾਏ ਗਏ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਸੀ ਤੇ ਉਹ ਵੀ ਬੰਗਲਾਦੇਸ਼ ਯੁੱਧ ਦਾ ਨਾਇਕ ਸੀ ਜਿਸ ਨੂੰ ਫ਼ੌਜ ਵਿੱਚੋਂ ਐਨ ਰਿਟਾਇਰ ਹੋਣ ਵੇਲੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਬਰਖ਼ਾਸਤ ਕਰ ਦਿੱਤਾ ਗਿਆ ਸੀ ਤੇ ਉਸ ਨੂੰ ਉਸ ਸਮੇਂ ਤੋਂ ਹੀ ਸਰਕਾਰ ਵਿਰੁੱਧ ਸ਼ਿਕਵੇ ਸ਼ਿਕਾਇਤਾਂ ਸਨ। ਉਹੋ ਭਿੰਡਰਾਂਵਾਲੇ ਦਾ ਸੈਨਿਕ ਸਲਾਹਕਾਰ ਬਣਿਆ ਤੇ ਉਸ ਨੇ ਹੀ ਸਵਰਨ ਮੰਦਰ ਦੀ ਸੁਰੱਖਿਆ ਦੀ ਵਿਉਂਤ ਬਣਾਈ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਲੋਕ ਸੰਪਰਕ ਅਧਿਕਾਰੀ ਜੋ ਸਾਊ ਤੇ ਵਿਦਵਾਨ ਪੁਰਸ਼ ਸੀ, ਉਹ ਵੀ ਉਸ ਸਮਾਗਮ ਵਿਚ ਹਾਜ਼ਰ ਸੀ। ਉਸ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਲੌਂਗੋਵਾਲ ਖ਼ੁਦ ਫ਼ੌਜੀ ਅਫ਼ਸਰਾਂ ਤੇ ਜਵਾਨਾਂ ਦੀ ਭਾਰੀ ਗਿਣਤੀ ਵਿਚ ਸ਼ਮੂਲੀਅਤ ਕਾਰਨ ਹੈਰਾਨ ਸੀ। ਪੱਤਰਕਾਰਾਂ ਨੇ ਉਹ ਗਿਣਤੀ 5000 ਲਿਖੀ ਸੀ ਪਰ ਨੰਦਾ ਅਨੁਸਾਰ ਇਹ 30000 ਦੇ ਨੇੜੇ ਤੇੜੇ ਸੀ। ਭਿੰਡਰਾਂਵਾਲੇ ਤੇ ਸ਼ਾਹਬੇਗ ਸਿੰਘ ਨੇ ਸਰਕਾਰ ਵਿਰੁੱਧ ਖੁਲ੍ਹੀ ਬਗ਼ਾਵਤ ਦੀ ਵਕਾਲਤ ਕੀਤੀ ਤਾਂ ਜੋ ਸਰਕਾਰ ਨੂੰ ਮਜਬੂਰ ਕੀਤਾ ਜਾਵੇ ਤੇ ਉਹ ਸਿੱਖਾਂ ਨੂੰ ਉਹਨਾਂ ਦੇ ਹੱਕ ਦੇ ਦੇਵੇ। ਪ੍ਰੰਤੂ ਦੂਸਰੇ ਰਿਟਾਇਰ ਫ਼ੌਜੀ ਅਫ਼ਸਰਾਂ ਨੇ ਕਿਹਾ ਕਿ ਪੰਜਾਬ ਦੇ ਮੈਦਾਨ ਵਿਚ ਬਗ਼ਾਵਤ ਕਦੇ ਸਫਲ ਨਹੀਂ ਹੋ ਸਕਦੀ। ਨੰਦੇ ਨੇ ਸੁਝਾਅ ਦਿੱਤਾ ਕਿ ਉਹ ਸਰਕਾਰ ਨਾਲ (ਉਸ ਦੇ ਸ਼ਬਦਾਂ ਵਿਚ) ਟੱਕਰ ਲੈਣ ਲਈ ਅਖ਼ਬਾਰ ਕੱਢ ਕੇ ਕਲਮ ਦੀ ਸ਼ਕਤੀ ਵਰਤ ਕੇ ਲੜਨ। ਬਹੁਤ ਸਾਰੇ ਉੱਚ ਅਧਿਕਾਰੀਆਂ ਨੇ ਉਹਦੇ ਸੁਝਾਅ ਨੂੰ ਪਰਵਾਨ ਕੀਤਾ ਪ੍ਰੰਤੂ ਭਿੰਡਰਾਂਵਾਲੇ ਨੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ। ਉਸ ਨੇ ਝੱਈਆਂ ਲੈਂਦਿਆਂ ਹੋਇਆਂ ਕਿਹਾ, "ਐ ਪੜ੍ਹੇ ਲਿਖੇ ਮੂਰਖ, ਕੀ ਤੇਰਾ ਖ਼ਿਆਲ ਹੈ ਕਿ ਸਰਕਾਰ ਤੈਨੂੰ ਖੋਹੇ ਬਿਨਾਂ ਹੀ ਕੁਝ ਦੇ ਦੇਵੇਗੀ ?"

ਉਸ ਸਮੇਂ ਸਰਕਾਰ ਪੂਰੀ ਤਰ੍ਹਾਂ ਭੈਭੀਤ ਹੋ ਗ੍ਰਈ ਜਦੋਂ ਉਸ ਨੂੰ ਸਮਾਗਮ ਦੀਆਂ ਸੂਹੀਆ ਵਿਭਾਗ ਤੋਂ ਰਿਪੋਰਟਾਂ ਪ੍ਰਾਪਤ ਹੋਈਆਂ ਕਿਉਂਕਿ ਬਹੁਤ ਸਾਰੇ ਰਿਟਾਇਰ ਹੋਏ ਫ਼ੌਜੀਆਂ ਦੇ ਪੁੱਤਰ ਫ਼ੌਜ ਦੀ ਨੌਕਰੀ ਕਰ ਰਹੇ ਸਨ। ਇਸ ਦੇ ਸਿੱਟੇ ਵਜੋਂ 24 ਜਨਵਰੀ 1983 ਨੂੰ ਫਿਰ ਇਕ ਵਾਰ ਅਕਾਲੀ ਦਲ ਨਾਲ ਕਾਹਲੀ-ਕਾਹਲੀ ਸਮਝੌਤੇ ਲਈ ਗੱਲਬਾਤ ਸ਼ੁਰੂ ਕੀਤੀ ਗਈ। ਇਸ ਪੜਾਅ 'ਤੇ ਰਾਜੀਵ ਗਾਂਧੀ ਉਸ "ਵਿਚਾਰ ਮੰਚ" ਦਾ ਮੈਂਬਰ ਬਣਿਆ ਜਿਸ ਨੇ ਹੀ ਅਸਲ ਵਿਚ ਪੰਜਾਬ-ਸਮੱਸਿਆ ਨਾਲ ਨਜਿੱਠਣਾ ਸੀ। ਵਿਡੰਬਣਾ ਇਹ ਸੀ ਕਿ ਇਸ "ਵਿਚਾਰ ਮੰਚ" ਵਿੱਚ ਇਕ ਵੀ ਸਿੱਖ ਨਹੀਂ ਸੀ। 1983 ਦੇ ਸ਼ੁਰੂ ਵਿਚ ਗੱਲਬਾਤ ਵਿਚ ਸ਼ਾਮਲ ਤਿੰਨ ਮਹੱਤਵਪੂਰਨ ਮੈਂਬਰ ਸਿਵਲ ਪ੍ਰਸ਼ਾਸਕ

(ਸਰਕਾਰੀ ਅਧਿਕਾਰੀ) ਹੀ ਸਨ। ਉਹਨਾਂ ਵਿਚੋਂ ਦੋ ਭਾਰਤ ਦੇ ਦੂਸਰੇ ਸਿਰੇ ਭਾਵ ਦੱਖਣ ਤੋਂ ਪੰਜਾਬ ਵਿਚ ਆਏ। ਉਹਨਾਂ ਵਿੱਚ ਕੇਰਲਾ ਤੋਂ ਇਕ ਈਸਾਈ ਸ਼੍ਰੀਮਤੀ ਗਾਂਧੀ ਦਾ ਮੁੱਖ ਸਕੱਤਰ ਪੀ.ਸੀ. ਅਲੈਗਜ਼ੈਂਡਰ ਸੀ ਜੋ ਦੱਖਣੀ ਪੱਛਮੀ ਭਾਰਤ ਦੇ ਸਿਰੇ ਕੇਰਲ ਤੋਂ ਸੀ। ਕੈਬਨਿਟ ਸਕੱਤਰ ਕ੍ਰਿਸ਼ਨਾ ਸਵਾਮੀ ਰਾਓ ਸਾਹਿਬ ਦੱਖਣ ਪੂਰਬ ਵਿੱਚ ਆਂਧਰਾ ਪਰਦੇਸ਼ ਵਿੱਚੋਂ ਇਕ ਹਿੰਦੂ ਸੀ। ਤੀਸਰਾ ਸਰਕਾਰੀ ਪਰਬੰਧਕ ਸੇਵਾ ਦਾ ਅਧਿਕਾਰੀ ਗ੍ਰਹਿ ਮੰਤਰਾਲੇ ਦਾ ਸਕੱਤਰ, ਟੀ. ਐਨ. ਚਤੁਰਵੇਦੀ ਸੀ। ਉਹ ਉੱਤਰ ਪ੍ਰਦੇਸ਼ ਵਿੱਚੋਂ ਇਕ ਬ੍ਰਾਹਮਣ ਸੀ। ਸਿੱਖਾਂ ਨੂੰ ਬ੍ਰਾਹਮਣਾਂ ਪ੍ਰਤੀ ਬਹੁਤ ਸੰਦੇਹ ਹੈ ਜਿਹਨਾਂ ਨੂੰ ਉਹ ਆਪਣੇ ਧਰਮ ਦੇ ਬੋਧਕ ਵੈਰੀ ਸਮਝਦੇ ਹਨ। ਉਸ ਦੀ ਥਾਂ ਇਕ ਹੋਰ ਬ੍ਰਾਹਮਣ ਐਮ.ਐਮ. ਕੇ. ਵਲੀ ਨੂੰ ਮਾਰਚ ਵਿਚ ਸਥਾਨ ਅੰਤਰ ਕਰ ਦਿੱਤਾ ਗਿਆ ਜੋ ਕਸ਼ਮੀਰ ਤੋਂ ਸੀ। ਲੌਂਗੋਵਾਲ ਤੇ ਭਿੰਡਰਾਂਵਾਲੇ ਦੋਵੇਂ ਕਿਹਾ ਕਰਦੇ ਸਨ ਕਿ ਵਲੀ ਨੂੰ ਤਾਂ ਲਿਆਂਦਾ ਗਿਆ ਹੈ ਕਿਉਂਕਿ ਸ਼੍ਰੀਮਤੀ ਗਾਂਧੀ ਆਪ ਵੀ ਕਸ਼ਮੀਰੀ ਬ੍ਰਾਹਮਣ ਹੈ।

ਗੱਲਬਾਤ ਦੇ ਇਸ ਦੌਰ ਵਿੱਚ ਵਿਰੋਧੀ ਪਾਰਟੀਆਂ ਨੂੰ ਵੀ ਸ਼ਾਮਲ ਕੀਤਾ ਗਿਆ। ਪੰਜਾਬ ਦੀ ਕਮਿਊਨਸਟ ਪਾਰਟੀ ਦੇ ਪਾਰਲੀਮੈਂਟ ਮੈਂਬਰ ਹਰਕਿਸ਼ਨ ਸਿੰਘ ਸੁਰਜੀਤ ਨੇ ਮੈਨੂੰ ਦੱਸਿਆ ਕਿ ਇਸ ਵਾਰ ਗੱਲਬਾਤ ਵਿੱਚ ਕਾਫ਼ੀ ਪਰਗਤੀ ਹੋਈ ਸੀ। ਉਸ ਨੇ ਆਰੋਪ ਲਾਉਂਦਿਆਂ ਕਿਹਾ ਕਿ ਗੱਲਬਾਤ ਸਫਲ ਹੋ ਜਾਂਦੀ ਜੇਕਰ ਸਰਕਾਰ ਅਦਾਲਤੀ ਫ਼ੈਸਲੇ ਦੇ ਆਉਣ ਤਕ ਪੰਜਾਬ ਨੂੰ ਉਤਨਾ ਹੀ ਪਾਣੀ ਵਰਤਣ ਦੀ ਆਗਿਆ ਦੇ ਦਿੰਦੀ ਜਿਤਨਾ ਪਾਣੀ ਉਸ ਵੇਲੇ ਪੰਜਾਬ ਵਰਤ ਰਿਹਾ ਸੀ। ਸਰਕਾਰ ਉਸ ਸਥਿਤੀ ਨੂੰ ਜੁਲਾਈ ਵਿੱਚ ਮੰਨ ਗਈ, ਪਰ ਉਸ ਸਮੇਂ ਤੱਕ ਬਹੁਤ ਦੇਰ ਹੋ ਚੁੱਕੀ ਸੀ। ਜਿਸ ਗੱਲਬਾਤ ਵਿੱਚ ਵਿਰੋਧੀ ਪਾਰਟੀਆਂ ਸ਼ਾਮਲ ਸਨ, ਉਹ ਫਰਵਰੀ ਵਿੱਚ ਟੁੱਟ ਗਈ ਤੇ ਸ਼੍ਰੀਮਤੀ ਗਾਂਧੀ ਨੇ ਇਕ ਪਾਸੜ ਦੋ ਫ਼ੈਸਲੇ ਸੁਣਾ ਦਿੱਤੇ। ਉਹ ਦਿੱਲੀ ਦੇ ਮੁੱਖ ਗੁਰਦਵਾਰਾ ਬੰਗਲਾ ਸਾਹਿਬ ਵਿੱਚ ਗਈ ਤੇ ਜਾ ਕੇ ਐਲਾਨ ਕਰ ਦਿੱਤਾ ਕਿ ਉਸ ਨੇ ਅਕਾਲੀ ਦਲ ਦੀਆਂ ਧਾਰਮਕ ਮੰਗਾਂ ਪਰਵਾਨ ਕਰ ਲਈਆਂ ਸਨ। ਅਗਲੇ ਮਹੀਨੇ ਉਸ ਨੇ ਇਕ ਵਿਅਕਤੀ 'ਤੇ ਆਧਾਰਿਤ ਕਮਿਸ਼ਨ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਜਿਸ ਨੇ ਕੇਂਦਰ ਤੇ ਰਾਜਾਂ ਵਿੱਚ ਸੰਵਿਧਾਨਕ ਪਰਬੰਧਾਂ ਬਾਰੇ ਅਧਿਐਨ ਕਰਨਾ ਸੀ। ਨਿਸਚੇ ਹੀ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਅਕਾਲੀ ਦਲ ਦੀ ਮੁੱਖ ਸਿਆਸੀ ਮੰਗ ਸੀ। ਕਮਿਸ਼ਨ ਦਾ ਇਕੋ ਇਕ ਮੈਂਬਰ ਸੁਪਰੀਮ ਕੋਰਟ ਦਾ ਰਿਟਾਇਰਡ ਜੱਜ ਰਣਜੀਤ ਸਿੰਘ ਸਰਕਾਰੀਆ ਸੀ। ਪ੍ਰੰਤੂ ਇਹ ਦੋ ਕਦਮ ਲੌਂਗੋਵਾਲ ਲਈ ਕਿਸੇ ਤਰ੍ਹਾਂ ਵੀ ਸਹਾਈ ਸਿੱਧ ਨਾ ਹੋਏ। ਜੇ ਇਹ ਰਿਆਇਤਾਂ ਸਰਕਾਰ ਨਾਲ ਗੱਲਬਾਤ ਦੌਰਾਨ ਮਿਲੀਆਂ ਹੁੰਦੀਆਂ ਤਾਂ ਲੌਂਗੋਵਾਲ ਇਹਨਾਂ ਨੂੰ ਮੋਰਚੇ ਲਈ ਮਿਲੀ ਜਿੱਤ ਦਾ ਦਾਅਵਾ ਕਰ ਸਕਦਾ ਸੀ ਤੇ ਇਸ ਨਾਲ ਭਿੰਡਰਾਂਵਾਲੇ ਨਾਲੋਂ ਉਹਦੇ ਹੱਥ ਜ਼ਿਆਦਾ ਮਜ਼ਬੂਤ ਹੋ ਜਾਂਦੇ ਜੋ ਇਕ ਸਿਰੇ ਤੋਂ ਅਕਾਲੀ ਦਲ ਦੇ ਨੇਤਾਵਾਂ ਵੱਲੋਂ ਗੱਲਬਾਤ ਦੀ ਸਖ਼ਤ ਨਿੰਦਿਆ ਜਾਂ ਆਲੋਚਨਾ ਕਰਦਾ ਸੀ।

ਸਿੱਖ ਮੈਂਬਰ ਪਾਰਲੀਮੈਂਟ ਹਰਕਿਸ਼ਨ ਸਿੰਘ ਸੁਰਜੀਤ ਨੇ ਪੁਸ਼ਟੀ ਕੀਤੀ ਸੀ ਕਿ 1983 ਦੇ ਸ਼ੁਰੂ ਵਿੱਚ ਗੱਲਬਾਤ ਵਿੱਚ ਇਕ ਹੋਰ ਸਮਝੌਤਾ ਹੋ ਗਿਆ ਸੀ ਪ੍ਰੰਤੂ ਸ਼੍ਰੀਮਤੀ ਗਾਂਧੀ ਫਿਰ ਇਸ ਤੋਂ ਭੱਜ ਗਈ। ਹਰਕਿਸ਼ਨ ਸਿੰਘ ਨੇ ਮੈਨੂੰ ਕਿਹਾ, "ਛੇ ਮਹੀਨਿਆਂ ਵਿੱਚ ਤਿੰਨ ਵਾਰ ਸਮਝੌਤੇ ਹੋਏ ਤੇ ਤਿੰਨੋਂ ਵਾਰ ਹੀ ਪਰਧਾਨ ਮੰਤਰੀ ਮੁੱਕਰ ਗਈ। ਹਰ

ਵਾਰ ਉਹਦੇ ਲਈ ਸਿੱਖਾਂ ਨਾਲ ਸਮਝੌਤੇ ਨਾਲੋਂ ਹਰਿਆਣੇ ਦੇ ਹਿੰਦੂਆਂ ਦੇ ਹਿਤ ਭਾਰੂ ਰਹੇ।" ਹਰਕਿਸ਼ਨ ਸਿੰਘ ਸੁਰਜੀਤ ਭਾਵੇਂ ਕਮਿਊਨਿਸਟ ਸੀ ਪਰ ਉਹ ਨਿਸਚੇ ਹੀ ਅਕਾਲੀ ਤ੍ਰੈਮੂਰਤੀ ਦੇ ਇਕ ਵਿਅਕਤੀ ਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਗੁਰਚਰਨ ਸਿੰਘ ਟੌਹੜਾ ਦਾ ਬਹੁਤ ਭਰੋਸੇਯੋਗ ਸਲਾਹਕਾਰ ਸੀ। ਇਸ ਪੜਾਅ 'ਤੇ ਟੌਹੜਾ ਵੀ ਆਪਣੀ ਚਾਲ ਚੱਲ ਰਿਹਾ ਸੀ। ਉਹ ਅਜੇ ਵੀ ਅਕਾਲੀ ਤ੍ਰੈਮੂਰਤੀ ਦੇ ਦੂਸਰੇ ਵਿਅਕਤੀ ਤੇ ਪੰਜਾਬ ਦੇ ਭੂਤਪੂਰਵ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੂੰ ਬਦਨਾਮ ਕਰਕੇ ਤੇ ਉਸ ਉੱਪਰ ਬੇਇਤਬਾਰੀ ਕਰਕੇ ਅਕਾਲੀ ਦਲ ਦੇ ਸਿਆਸੀ ਧੜੇ ਦੀ ਕਮਾਨ ਸੰਭਾਲ ਕੇ ਪਾਰਟੀ ਵੱਲੋਂ ਮੁੱਖ ਮੰਤਰੀ ਦੀ ਪਦਵੀ ਲਈ ਉਮੀਦਵਾਰ ਬਣ ਰਿਹਾ ਸੀ।

ਸਮਝੌਤੇ ਲਈ ਗੱਲਬਾਤ ਨਾਲ ਅਕਾਲੀ ਦਲ ਦੀ ਤ੍ਰੈਮੂਰਤੀ ਦੇ ਤੀਸਰੇ ਮੈਂਬਰ ਲੌਂਗੋਵਾਲ ਤੇ ਭਿੰਡਰਾਂਵਾਲੇ ਵਿਚਕਾਰ ਤਨਾਅ ਹੋਰ ਵਧੇਰੇ ਸਪੱਸ਼ਟ ਹੋ ਗਿਆ। ਭਿੰਡਰਾਂਵਾਲਾ ਲੌਂਗੋਵਾਲ ਦੇ ਪੈਂਤੜੇ ਦਾ ਕੱਟੜ ਆਲੋਚਕ ਸੀ ਤੇ ਉਹ ਲੌਂਗੋਵਾਲ ਵੱਲੋਂ "ਅਹਿੰਸਾ" ਦੇ ਪਰਚਾਰ ਨਾਲ ਘਿਰਨਾ ਕਰਦਾ ਸੀ। ਉਹ ਮੰਦਰ ਸਮੂਹ ਵਿੱਚ ਲੌਂਗੋਵਾਲ ਦੇ ਦਫ਼ਤਰ ਨੂੰ ਨਿਰਾਦਰ ਕਰਨ ਲਈ, "ਗਾਂਧੀ ਨਿਵਾਸ" ਕਿਹਾ ਕਰਦਾ ਸੀ। ਪਰ ਜਦੋਂ ਭਿੰਡਰਾਂਵਾਲੇ ਨੂੰ ਜ਼ੋਰ ਦੇ ਕੇ ਪੁੱਛਿਆ ਜਾਂਦਾ ਕਿ ਉਹਦੀ ਕੀ ਇੱਛਾ ਸੀ ਤਾਂ ਉਹ ਆਪਣੀ ਮੰਗ ਬਾਰੇ ਸਹੀ ਸਹੀ ਕੁਝ ਨਾ ਕਹਿੰਦਾ।

1983 ਦੇ ਸ਼ੁਰੂ ਵਿੱਚ ਮੈਂ ਸੰਤ ਨੂੰ ਪਹਿਲੀ ਵਾਰ ਮਿਲਿਆ। ਉਹ ਵਾਣ ਦੇ ਮੰਜੇ 'ਤੇ ਗੁਰੂ ਨਾਨਕ ਨਿਵਾਸ ਵਿੱਚ ਆਪਣੇ ਕਮਰੇ ਵਿੱਚ ਬੈਠਾ ਹੋਇਆ ਸੀ ਤੇ ਉਸ ਦੇ ਉਦਾਲੇ ਨੌਜਵਾਨ ਬੈਠੇ ਹੋਏ ਸਨ ਜਿਹਨਾਂ ਵਿੱਚੋਂ ਕੁਝ ਸ੍ਵੈ-ਚਾਲਕ ਹਥਿਆਰਾਂ ਨਾਲ ਲੈਸ ਸਨ ਤੇ ਕੁਝ ਪੁਰਾਣੇ ਢੰਗ ਦੀਆਂ ਲੀ ਐਨਫ਼ੀਲਡ ਰਫ਼ਲਾਂ ਨਾਲ, ਜੋ ਭਾਰਤੀ ਪੁਲੀਸ ਅਜੇ ਵੀ ਵਰਤਦੀ ਹੈ, ਤੇ ਕੁਝ ਪਰੰਪਰਾਗਤ ਨੇਜ਼ਿਆਂ ਨਾਲ ਲੈਸ ਸਨ। ਮੇਰੇ ਸੁਆਲਾਂ ਦੇ ਉਸ ਵੱਲੋਂ ਦਿੱਤੇ ਗਏ ਉੱਤਰਾਂ ਨੂੰ ਵੱਧ ਤੋਂ ਵੱਧ ਪੇਚੀਦਾ ਤੇ ਭੇਦ ਭਰੇ ਹੀ ਕਿਹਾ ਜਾ ਸਕਦਾ ਹੈ। ਮਿਸਾਲ ਵਜੋਂ ਮੈਂ ਉਸ ਨੂੰ ਇਸ ਆਰੋਪ ਬਾਰੇ ਪੁੱਛਿਆ ਕਿ ਉਹ ਪੰਜਾਬ ਵਿੱਚ ਜਾਰੀ "ਹਿੰਸਾ" ਲਈ ਜ਼ੁੰਮੇਂਵਾਰ ਸੀ। ਉਸ ਨੇ ਉੱਤਰ ਦਿੱਤਾ, "ਇਹ ਸਭ ਕਤਲ ਸਰਕਾਰ ਹੀ ਕਰਵਾ ਰਹੀ ਹੈ। ਕੀ ਬੱਸ ਵਿੱਚ ਸ਼ਹੀਦਾਂ ਨੂੰ ਮਰਵਾਉਣ ਲਈ ਸਰਕਾਰ ਹੀ ਜ਼ੁੰਮੇਂਵਾਰ ਨਹੀਂ ਹੈ ?" ਜਿਹੜੇ ਸ਼ਹੀਦਾਂ ਵੱਲ ਉਹ ਇਸ਼ਾਰਾ ਕਰ ਰਿਹਾ ਸੀ; ਉਹ ਨਿਸਚਿਤ ਤੌਰ 'ਤੇ ਅਕਾਲੀ ਮੁਜ਼ਾਹਰਾਕਾਰ ਸਨ ਜੋ ਉਸ ਸਮੇਂ ਮਾਰੇ ਗਏ ਸਨ ਜਦੋਂ ਇਕ ਗੱਡੀ ਫਾਟਕ ਪਾਰ ਕਰ ਰਹੀ ਬੱਸ ਨਾਲ ਟਕਰਾ ਗਈ। ਇਹ ਸੋਚ ਕੇ ਸ਼ਾਇਦ ਮੈਂ ਭਿੰਡਰਾਂਵਾਲੇ ਨੂੰ ਦਾਰਸ਼ਨਿਕ ਪੱਧਰ 'ਤੇ ਉਸ ਨਾਲ ਵਧੇਰੇ ਚੰਗੀ ਤਰ੍ਹਾਂ ਤਰਕ-ਵਿਤਰਕ ਕਰਕੇ ਨਜਿੱਠ ਲਵਾਂ, ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਇਕ ਚੰਗੇ ਕਾਰਜ ਲਈ ਹਿੰਸਾ ਨੂੰ ਉੱਚਿਤ ਸਮਝਦਾ ਹੈ? ਉਸ ਨੇ ਉੱਤਰ ਦਿੱਤਾ, "ਹਾਂ, ਜੇਕਰ ਸਿੱਖ ਧਰਮ ਦਾ ਪਰਚਾਰ ਕਰਨਾ ਤੇ ਜਵਾਨ ਲੜਕਿਆਂ ਨੂੰ ਕੇਸ ਕਤਲ ਕਰਨੋਂ ਰੋਕਣਾ ਹਿੰਸਾ ਕਰਨਾ ਹੈ ਤਾਂ ਮੈਂ ਇਸ ਵਿੱਚ ਵਿਸ਼ਵਾਸ ਕਰਦਾ ਹਾਂ।" ਫਿਰ ਮੈਂ ਉਸ ਨੂੰ ਸਪੱਸ਼ਟ ਸੁਆਲ ਕਰਨ ਬਾਰੇ ਸੋਚਿਆ ਤੇ ਪੁੱਛਿਆ, "ਕੀ ਤੁਸੀਂ ਖ਼ਾਲਿਸਤਾਨ ਦੀ ਮੰਗ ਦੇ ਸਮਰਥਕ ਹੋ ਜਾਂ ਨਹੀਂ ?" ਸੰਤ ਨੇ ਉੱਤਰ ਦਿੱਤਾ, "ਨਾ ਮੈਂ ਇਸ ਦੇ ਹੱਕ ਵਿੱਚ ਹਾਂ, ਨਾ ਵਿਰੁੱਧ। ਜੇ ਉਹ ਸਾਨੂੰ ਖ਼ਾਲਿਸਤਾਨ ਦੇ ਦੇਣਗੇ ਤਾਂ ਅਸੀਂ ਅਸਵੀਕਾਰ ਨਹੀਂ ਕਰਾਂਗੇ।"

ਉਸ ਵੇਲੇ ਭਿੰਡਰਾਂਵਾਲਾ ਆਪਣੇ ਉਦਾਲੇ ਇਕ ਮਜ਼ਬੂਤ ਸੰਸਥਾ ਕਾਇਮ ਕਰ ਚੁੱਕਿਆ ਸੀ। ਇਸ ਸੰਸਥਾ ਦੇ ਉੱਘੇ ਵਿਅਕਤੀ ਬਹੁਤੇ ਦਿਨਾਂ ਵਿੱਚ ਤਾਂ ਸਵਰਨ ਮੰਦਰ ਵਿੱਚ ਹੀ ਵੇਖੇ ਜਾ ਸਕਦੇ ਸਨ। ਉਹਨਾਂ ਵਿੱਚੋਂ ਇਕ ਹਰਮੰਦਰ ਸਿੰਘ ਸੰਧੂ ਸੀ। ਉਹ ਸਰਵ ਭਾਰਤੀ ਸਿੱਖ ਵਿਦਿਆਰਥੀ ਸੰਘ ਦਾ ਸਕੱਤਰ ਸੀ। ਉਹ ਭਿੰਡਰਾਂਵਾਲੇ ਦੇ ਕਾਫ਼ਲੇ ਦੇ ਕੁਝ ਕੁ ਅੰਗਰੇਜ਼ੀ ਬੋਲਣ ਵਾਲਿਆਂ ਵਿੱਚੋਂ ਇਕ ਸੀ ਤੇ ਉਹ ਉਸ ਦੇ ਦੁਭਾਸ਼ੀਏ ਵਜੋਂ ਵੀ ਕਾਰਜ ਨਿਭਾਹੁੰਦਾ ਸੀ। ਕਾਨੂੰਨ ਦੀ ਪੜ੍ਹਾਈ ਕੀਤੀ ਹੋਣ ਕਾਰਨ ਉਹ ਆਪਣੇ ਆਗੂ ਦੇ ਊਲ-ਜਲੂਲ ਤੇ ਅਸੰਗਤ ਉੱਤਰਾਂ ਨੂੰ ਵਿਆਖਿਆ ਕਰਨ ਸਮੇਂ ਤਰਤੀਬ ਦੇ ਕੇ ਸਪੱਸ਼ਟ ਕਰ ਦਿੰਦਾ ਸੀ। ਫਿਰ ਵੀ ਜਦੋਂ ਇਕ ਨੌਜਵਾਨ ਸਿੱਖ ਨੇ ਸੰਧੂ ਦੀ ਵਿਆਖਿਆ 'ਤੇ ਕਿੰਤੂ ਕੀਤਾ ਤਾਂ ਉਸ ਨੇ ਉਸ ਵੱਲ ਮੂੰਹ ਕਰਦਿਆਂ ਕਿਹਾ, "ਮੈਨੂੰ ਉਸ ਵਿੱਚ ਪੂਰਨ ਵਿਸ਼ਵਾਸ ਹੈ। ਉਹ ਜਿਸ ਤਰ੍ਹਾਂ ਚਾਹੇ ਵਿਆਖਿਆ ਕਰ ਸਕਦਾ ਹੈ। ਤੁਹਾਨੂੰ ਇਸ ਦਾ ਕੋਈ ਵੀ ਖ਼ਿਆਲ ਨਹੀਂ ਕਿ ਉਸ ਨੇ ਕੀ ਕੁਰਬਾਨੀ ਕੀਤੀ ਹੈ। ਉਸ ਨੂੰ ਪੁੱਠਾ ਲਟਕਾਇਆ ਗਿਆ ਸੀ ਤੇ ਉਸ ਨੇ ਮੂੰਹੋਂ ਇਕ ਸ਼ਬਦ ਵੀ ਨਹੀਂ ਬੋਲਿਆ ਸੀ।" ਅਸਲੀਅਤ ਇਹ ਸੀ ਕਿ ਸੰਧੂ ਦੀ ਵਫ਼ਾਦਾਰੀ ਸ਼ੱਕ ਦੇ ਘੇਰੇ ਵਿੱਚ ਸੀ। ਜਿਵੇਂ ਭਿੰਡਰਾਂਵਾਲੇ ਨੇ ਕਿਹਾ ਸੀ, ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪੁਲਿਸ ਵੱਲੋਂ ਉਸ ਨੂੰ ਤਸੀਹੇ ਵੀ ਦਿੱਤੇ ਗਏ ਸਨ ਪ੍ਰੰਤੂ ਉਸ ਨੂੰ ਤੁਰਤ ਹੀ ਕਿਉਂ ਰਿਹਾ ਕੀਤਾ ਗਿਆ ਸੀ, ਇਸ ਬਾਰੇ ਕਿਸੇ ਨੇ ਕਦੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਸੀ। ਭਿੰਡਰਾਂਵਾਲੇ ਦੇ ਅੰਤ ਵੇਲੇ ਭਾਰਤੀ ਜਾਸੂਸ ਵਿਭਾਗ ਵੱਲੋਂ ਮੋਟੀ ਮੋਟੀ ਜਾਣਕਾਰੀ ਅਖ਼ਬਾਰਾਂ ਵਿੱਚ ਇਕ "ਦੋਫਸਲੇ ਏਜੰਟ" ਬਾਰੇ ਆਉਣੀ ਸ਼ੁਰੂ ਹੋ ਗਈ ਸੀ ਜਿਸ ਨੂੰ "ਬਾਜ਼" ਕਿਹਾ ਜਾਂਦਾ ਸੀ ਜੋ ਸੀਮਾ ਪਾਰ ਕਰਕੇ ਪਾਕਿਸਤਾਨ ਵੀ ਜਾਇਆ ਕਰਦਾ ਸੀ। ਉਹ ਪਾਕਿਸਤਾਨੀ ਜਰਨੈਲ ਦੇ ਸੰਪਰਕ ਵਿੱਚ ਸੀ ਤੇ ਫਿਰ ਉਹ ਵਾਪਸ ਆ ਕੇ ਭਾਰਤੀ ਗੁਪਤਚਰ ਏਜੰਸੀਆਂ ਨੂੰ ਸੂਚਨਾ ਦਿਆ ਕਰਦਾ ਸੀ। ਇਸ ਬਾਜ਼ ਦੀਆਂ ਕਥਿਤ ਗਤੀਵਿਧੀਆਂ ਬਾਰੇ ਵਧੇਰੇ ਜਾਣਕਾਰੀ ਦਿੱਲੀ ਸਥਿਤ ਪੱਤਰਕਾਰ ਚਾਂਦ ਜੋਸ਼ੀ ਦੀ ਕਿਤਾਬ, "ਭਿੰਡਰਾਂਵਾਲੇ-ਕਲਪਨਾ ਤੇ ਅਸਲੀਅਤ" ਵਿੱਚ ਵੇਖੀ ਜਾ ਸਕਦੀ ਹੈ। ਕੋਈ ਬਾਜ਼ ਸੀ ਜਾਂ ਨਹੀਂ ਪਰ ਇਹ ਹਕੀਕਤ ਹੈ ਕਿ ਸੰਧੂ ਭਿੰਡਰਾਂਵਾਲੇ ਦੇ ਅੰਦਰੂਨੀ ਘੇਰੇ ਦਾ ਇਕੋ ਇਕ ਵਿਅਕਤੀ ਸੀ ਜਿਸ ਨੇ ਸਵਰਨ ਮੰਦਰ ਉੱਪਰ ਫ਼ੌਜੀ ਕਾਰਵਾਈ ਸਮੇਂ ਆਤਮ ਸਮਰਪਣ ਕੀਤਾ ਸੀ।

ਉਹਦਾ ਸਕੱਤਰ ਰਛਪਾਲ ਸਿੰਘ ਇਕੋ ਇਕ ਵਿਅਕਤੀ ਸੀ ਜਿਸ ਦੀ ਵਫ਼ਾਦਾਰੀ 'ਤੇ ਕਦੇ ਸ਼ੱਕ ਨਹੀਂ ਕੀਤਾ ਗਿਆ ਸੀ। ਸੰਧੂ ਵਾਂਗ ਉਸ ਦੀ ਉਮਰ ਵੀ 30 ਸਾਲ ਦੀ ਹੀ ਸੀ। ਰਛਪਾਲ ਸਿੰਘ ਪਤਲੇ ਬੁਲ੍ਹਾਂ ਵਾਲਾ ਤੇ ਚਿੰਤਾਗ੍ਰਸਤ ਵਿਅਕਤੀ ਜਾਪਦਾ ਸੀ। ਉਹ ਭਿੰਡਰਾਂਵਾਲੇ ਦੇ ਪਰਚਾਰਕ ਜੱਥੇ ਦਾ ਮੈਂਬਰ ਸੀ ਤੇ ਭਿੰਡਰਾਂਵਾਲੇ ਦਾ ਪਰਚਾਰ ਭਾਸ਼ਣਾਂ ਦਾ ਲੇਖਕ ਸੀ ਜਿਹਨਾਂ ਵਿੱਚ ਕੁਝ ਨੂੰ ਪੁਲੀਸ ਨੇ ਉਸ ਸਮੇਂ ਸਾੜ ਦਿੱਤਾ ਸੀ ਜਦੋਂ ਉਹ ਉਸ ਨੂੰ ਚੰਦੋ ਕਲਾਂ ਵਿੱਚ ਗ੍ਰਿਫ਼ਤਾਰ ਕਰਨ ਵਿੱਚ ਅਸਫਲ ਰਹੀ। ਸਵਰਨ ਮੰਦਰ ਵਿੱਚ ਉਹ ਭਿੰਡਰਾਂਵਾਲੇ ਦੀ ਡਾਕ ਦੀ ਦੇਖਭਾਲ ਤੇ ਸਾਂਭ ਸੰਭਾਲ ਕਰਦਾ ਸੀ ਤੇ ਸੰਤ ਦੇ ਮੁਲਾਕਾਤੀਆਂ ਦੀ ਡਾਇਰੀ ਤਿਆਰ ਕਰਿਆ ਕਰਦਾ ਸੀ।

ਭਿੰਡਰਾਂਵਾਲੇ ਦਾ ਸਿਆਸੀ ਸਲਾਹਕਾਰ ਭੂਤ-ਪੂਰਵ ਪੱਤਰਕਾਰ ਦਲਬੀਰ ਸਿੰਘ ਸੀ। ਉਹ ਬਹੁਤ ਸਾਲ ਕਮਿਊਨਿਸਟ ਪਾਰਟੀ ਦਾ ਮੈਂਬਰ ਰਿਹਾ ਸੀ। ਪ੍ਰੰਤੂ ਉਹ ਹੌਲੀ-

ਹੌਲੀ ਪ੍ਰੰਪਰਾਵਾਦੀ ਸਿੱਖ ਧਰਮ ਵੱਲ ਉਲਰਦਾ ਗਿਆ। ਉਹ ਉਸ ਦਿਨ ਸਵਰਨ ਮੰਦਰ ਵਿੱਚ ਸੀ ਜਿਸ ਦਿਨ, 1978 ਵਿੱਚ ਉਹਦੇ ਕਹਿਣ ਅਨੁਸਾਰ ਭਿੰਡਰਾਂਵਾਲੇ ਨੇ ਨਿਰੰਕਾਰੀਆਂ ਵਿਰੁੱਧ ਜਲੂਸ ਦੀ ਅਗਵਾਈ ਕੀਤੀ ਸੀ। ਉਹ ਕਿਹਾ ਕਰਦਾ ਸੀ ਕਿ ਇਹ ਟੱਕਰ ਉਹਦੇ ਜੀਵਨ ਨੂੰ ਨਵਾਂ ਮੋੜ ਦੇਣ ਵਾਲੀ ਘਟਨਾ ਸੀ।

ਉਸ ਦਿਨ ਤੋਂ ਉਹ 'ਸੰਤ ਜੀ' ਦਾ ਪੱਕਾ ਸ਼ਰਧਾਲੂ ਬਣ ਗਿਆ ਸੀ। ਦਲਬੀਰ ਸਿੰਘ ਨੇ ਭਿੰਡਰਾਂਵਾਲੇ ਦੇ ਪਰਚਾਰ ਨੂੰ ਫੈਲਾਉਣ ਲਈ ਅਖ਼ਬਾਰਾਂ ਨਾਲ ਆਪਣੇ ਸੰਪਰਕ ਤੇ ਸੰਬੰਧਾਂ ਦੀ ਵਰਤੋਂ ਕੀਤੀ। ਉਹ ਭਿੰਡਰਾਂਵਾਲੇ ਨੂੰ ਅਕਾਲੀ ਦਲ ਦੇ ਨੇਤਾਵਾਂ ਨਾਲ ਵਰਤਾਓ ਬਾਰੇ ਵੀ ਸਲਾਹ ਦਿਆ ਕਰਦਾ ਸੀ। ਉਹ ਇਕ ਗਰਮ ਖ਼ਿਆਲਾਂ ਦਾ ਵਿਅਕਤੀ ਸੀ, ਜਾਬਰ ਸੀ ਤੇ ਲੌਂਗੋਵਾਲ ਜਾਂ ਨਿਸਚਿਤ ਹੀ ਸਰਕਾਰ ਨਾਲ ਸਮਝੌਤਾ ਕਰਨ ਦੇ ਵਿਰੁੱਧ ਸੀ।

ਸਭ ਤੋਂ ਉੱਘਾ ਉਗਰਵਾਦੀ ਤੇ ਇੰਤਹਾਪਸੰਦ ਅਮਰੀਕ ਸਿੰਘ ਭਿੰਡਰਾਂਵਾਲੇ ਦੇ ਗੁਰੂ ਕਰਤਾਰ ਸਿੰਘ ਦਾ ਲੜਕਾ ਸੀ ਜਿਸ ਨੇ ਭਿੰਡਰਾਂਵਾਲਾ ਨੂੰ ਆਪਣੇ ਮਗਰੋਂ ਦਮਦਮੀ ਟਕਸਾਲ ਦੇ ਉੱਤਰਾਧਿਕਾਰੀ ਵਜੋਂ ਨਿਯੁਕਤ ਕੀਤਾ ਸੀ। ਅਮਰੀਕ ਸਿੰਘ ਚੁੱਪ ਰਹਿਣ ਦੇ ਸੁਭਾਅ ਦਾ ਸੁਆਮੀ ਸੀ। ਉਹ ਪੱਤਰਕਾਰਾਂ ਨਾਲ ਘੱਟ ਹੀ ਬੋਲਦਾ ਸੀ, ਪਰ ਜਦੋਂ ਇਹ ਫ਼ੈਸਲਾ ਕਰਨਾ ਹੁੰਦਾ ਸੀ ਕਿ ਭਿੰਡਰਾਂਵਾਲੇ ਨਾਲ ਕੌਣ ਮੁਲਾਕਾਤ ਕਰੇ, ਤੇ ਕੌਣ ਸੰਗਤ ਦੀ ਫ਼ਿਲਮ ਬਣਾਵੇ ਤਾਂ ਉਹਨਾਂ ਨੂੰ ਅਮਰੀਕ ਸਿੰਘ ਕੋਲ ਭੇਜਿਆ ਜਾਂਦਾ ਸੀ। ਸਰਵ ਭਾਰਤੀ ਸਿੱਖ ਵਿਦਿਆਰਥੀ ਸੰਘ ਦਾ ਪਰਧਾਨ ਹੋਣ ਦੇ ਨਾਤੇ ਉਹ ਹੀ ਕਈ ਕਤਲਾਂ, ਲੁੱਟਾਂ ਖੋਹਾਂ, ਡਾਕਿਆਂ ਤੇ ਸਰਕਾਰੀ ਜਾਇਦਾਦ ਉੱਪਰ ਹਮਲਿਆਂ ਨੂੰ ਜੱਥੇਬੰਦ ਕਰਨ ਦਾ ਜ਼ੁੰਮੇਂਵਾਰ ਸੀ ਜੋ ਪੰਜਾਬ ਵਿੱਚ ਰੋਜ਼ ਹੀ ਵਾਪਰਦੇ ਰਹਿੰਦੇ ਸਨ। ਪ੍ਰੰਤੂ ਇਸ ਸਮੇਂ 1983 ਵਿੱਚ ਉਹ ਜੇਲ੍ਹ ਅੰਦਰ ਸੀ।

ਨਿਰਸੰਦੇਹ ਉਹ ਸਾਰੇ ਨੌਜੁਆਨ ਜੋ ਭਿੰਡਰਾਂਵਾਲੇ ਦੇ ਉਦਾਲੇ ਆ ਜੁੜੇ ਸਨ, ਨਾ ਤਾਂ ਸੰਤ ਦੇ ਸਮਰਥਕ ਸਨ ਤੇ ਨਾ ਹੀ ਪੱਕੇ ਸ਼ਰਧਾਲੂ ਤੇ ਸਮਰਪਿਤ ਪੱਕੇ ਸਿੱਖ। ਉਹਨਾਂ ਵਿੱਚ ਬਹੁਤ ਸਾਰੇ ਪੁਲਸੀਏ ਤੇ ਫ਼ੌਜੀ ਭਗੌੜੇ ਸਨ, ਤਸਕਰ ਤੇ ਹੋਰ ਕਈ ਪਰਕਾਰ ਦੇ ਅਪਰਾਧੀ ਸਨ ਜਿਹਨਾਂ ਨੂੰ ਸੰਤ ਦੀ ਸੁਰੱਖਿਆ ਪ੍ਰਾਪਤ ਸੀ। ਉਹਨਾਂ ਵਿੱਚ ਕੁਝ ਨਕਸਲੀਏ, ਖੱਬੇ ਪੱਖੀ ਆਤੰਕਵਾਦੀ ਵੀ ਸਨ ਜਿਹਨਾਂ ਦਾ ਵਿਸ਼ਵਾਸ, ਅਧਰਮੀ ਤੇ ਨਾਸਤਕ ਸਾਮਵਾਦ ਤੇ ਹਿੰਸਕ ਕ੍ਰਾਂਤੀ ਵਿੱਚ ਸੀ। ਇਕ ਵਾਰ ਹਰਮੰਦਰ ਸਿੰਘ ਸੰਧੂ ਨੇ ਸਤੀਸ਼ ਜੇਕਬ ਨੂੰ "ਖ਼ੂਨੀ ਦਸਤੇ" ਦੇ ਮੈਂਬਰਾਂ ਦੇ ਨਾਮ ਵੀ ਦੱਸੇ ਸਨ। ਉਹਨਾਂ ਵਿੱਚ ਪੰਜਾਬ ਪੁਲੀਸ ਦੇ ਚਾਰ ਭਗੌੜੇ ਅਮਰੀਕ ਸਿੰਘ, ਸੇਵਾ ਸਿੰਘ, ਕਾਬਲ ਸਿੰਘ ਤੇ ਗੁਰਨਾਮ ਸਿੰਘ ਸਨ ਅਤੇ ਇਕ ਭੱਜਿਆ ਹੋਇਆ ਮੁਜਰਮ ਤਲਵਿੰਦਰ ਸਿੰਘ ਤੇ ਸੁਰਿੰਦਰ ਸਿੰਘ ਸੋਢੀ ਸਨ।

ਸੋਢੀ ਉਹਨਾਂ ਇੰਤਹਾਪਸੰਦਾਂ ਵਿੱਚੋਂ ਇਕ ਸੀ ਜੋ ਭਿੰਡਰਾਂਵਾਲੇ ਨਾਲ ਪੂਰਨ ਨਿਸਚੇ ਤੇ ਵਿਸ਼ਵਾਸ ਕਾਰਨ ਆ ਕੇ ਮਿਲੇ ਸਨ, ਉਹ ਕਾਨੂੰਨ ਦਾ ਮੁਜਰਮ ਭਗੌੜਾ ਨਹੀਂ ਸੀ। ਉਹ ਉਸ ਸਮੇਂ ਉਮਰ ਦੇ ਵੀਹਵਿਆਂ ਵਿੱਚ ਸੀ। ਜਦੋਂ ਭਿੰਡਰਾਂਵਾਲੇ ਤੇ ਲੌਂਗੋਵਾਲ ਨੇ ਮੋਰਚੇ ਲਾਏ, ਉਹ ਉਸ ਸਮੇਂ ਹੁਸ਼ਿਆਰਪੁਰ ਵਿੱਚ ਰੇਡੀਓ ਮਿਸਤਰੀ ਸੀ। ਉਹ ਪੱਕਾ ਨਿਸ਼ਾਨਚੀ ਸੀ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਹ ਕੁਝ ਕੁ ਅਤਿਅੰਤ ਸਾਹਸ

ਭਰੇ ਆਤੰਕਵਾਦੀ ਹਮਲਿਆਂ ਵਿੱਚ ਸ਼ਾਮਿਲ ਸੀ ਭਾਵੇਂ ਉਹ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਦਾ ਪਾਠ ਕਰਦਿਆਂ ਫੋਟੋ ਖਿਚਵਾਉਣ ਦਾ ਵਧੇਰੇ ਰੀਝਵਾਨ ਸੀ। ਸੋਢੀ ਭਿੰਡਰਾਂਵਾਲੇ ਦੇ ਟਰਾਂਸਪੋਰਟ (ਢੋਆ ਢੁਆਈ) ਮੰਤਰੀ ਵਜੋਂ ਵੀ ਮਸ਼ਹੂਰ ਸੀ ਕਿਉਂਕਿ ਉਹ ਦਾਅਵਾ ਕਰਦਾ ਸੀ ਕਿ ਉਹ ਸਕੂਟਰ ਤੋਂ ਲੈ ਕੇ ਹਵਾਈ ਜਹਾਜ਼ ਤਕ ਹਰ ਚੀਜ਼ ਚਲਾ ਸਕਦਾ ਸੀ।

ਸੁਰਿੰਦਰ ਸਿੰਘ ਗਿੱਲ ਇਕ ਹੋਰ ਸਮਰਪਿਤ ਤੇ ਸ਼ਰਧਾਲੂ ਸਿੱਖ ਸੀ ਜਿਸ ਨੇ ਆਤੰਕਵਾਦੀ ਕਾਰਵਾਈਆਂ ਵਿੱਚ ਭਾਗ ਲਿਆ ਸੀ। ਉਸ ਦੀ ਉਮਰ 25 ਸਾਲ ਸੀ, ਉਹ ਕਦੇ ਖੇਤੀਬਾੜੀ ਇਨਸਪੈਕਟਰ ਹੁੰਦਾ ਸੀ ਪ੍ਰੰਤੂ ਇਕ ਪੱਕਾ ਸਿੱਖ ਹੋਣ ਕਾਰਨ ਉਸ ਨੂੰ ਨਿਰੰਕਾਰੀਆਂ ਨਾਲ ਸਖ਼ਤ ਨਫ਼ਰਤ ਸੀ। ਉਹ ਅਤਿਅੰਤ ਵਧੀਆ ਤੇ ਸੁਰੱਖਿਅਤ ਸਰਕਾਰੀ ਨੌਕਰੀ ਛੱਡ ਕੇ ਨਿਰੰਕਾਰੀਆਂ ਦੇ ਨਾਸਤਕ ਤੇ ਕਾਫ਼ਰਾਂ ਦੇ ਮੱਤ ਦੇ ਵੈਰੀ ਭਿੰਡਰਾਂਵਾਲੇ ਨਾਲ ਆ ਰਲਿਆ। ਉਸ ਨੂੰ ਦਸਵੇਂ ਗੁਰੂ ਦੇ ਨਾਮ ਤੇ ਦਸਮੇਸ਼ ਪਲਟਨ ਦਾ ਮੁਖੀ ਨਿਯੁਕਤ ਕਰ ਦਿੱਤਾ ਗਿਆ। ਇਸ ਨੇ ਭਿੰਡਰਾਂਵਾਲੇ ਦੇ ਆਖ਼ਰੀ ਸਮੇਂ ਕਈ ਕਤਲਾਂ ਦੀ ਜ਼ੁੰਮੇਂਵਾਰੀ ਲਈ। ਇਕ ਹੋਰ ਵਿਅਕਤੀ ਜੋ ਨਿਰੰਕਾਰੀਆਂ ਪ੍ਰਤੀ ਨਫ਼ਰਤ ਕਾਰਨ ਪ੍ਰੇਰਿਤ ਹੋਇਆ ਸੀ, ਉਹ ਰਣਜੀਤ ਸਿੰਘ ਸੀ, ਜੋ ਉਮਰ ਦੇ ਤੀਹਵਿਆਂ ਵਿੱਚ ਸੀ। ਉਹ ਬਦਤਮੀਜ਼, ਗੁਸਤਾਖ਼ ਤੇ ਉਜੱਡ ਸੀ ਤੇ ਅਸਹਿਣਸ਼ੀਲਤਾ ਲਈ ਬਦਨਾਮ ਸੀ। ਉਹ ਇਕ ਪੜਾਅ ਤੇ ਭਿੰਡਰਾਂਵਾਲੇ ਨਾਲ ਲੜ ਕੇ ਉਸ ਦਾ ਸਾਥ ਛੱਡ ਗਿਆ। ਉਹ ਸਵਰਨ ਮੰਦਰ ਤੋਂ ਚਲਾ ਗਿਆ ਤੇ ਉਸ ਨੂੰ 1980 ਵਿੱਚ ਨਿਰੰਕਾਰੀਆਂ ਦੇ ਗੁਰੂ ਨੂੰ ਕਤਲ ਕਰਨ ਦੀ ਸਾਜ਼ਿਸ਼ ਦੇ ਅਪਰਾਧ ਵਿੱਚ ਰਹੱਸਮਈ ਹਾਲਾਤ ਵਿੱਚ ਦਿੱਲੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਭਿੰਡਰਾਂਵਾਲੇ ਨੇ ਲੌਂਗੋਵਾਲ ਅਤੇ ਉਸ ਦੇ ਸਹਿਯੋਗੀਆਂ ਉੱਪਰ ਰਣਜੀਤ ਸਿੰਘ ਨੂੰ ਹਰਿਮੰਦਰ ਵਿੱਚੋਂ ਚੋਰੀ ਛੁਪੇ ਬਾਹਰ ਲਿਜਾ ਕੇ ਪੁਲੀਸ ਕੋਲ ਆਤਮ-ਸਮਰਪਣ ਕਰਵਾ ਦੇਣ ਦਾ ਇਲਜ਼ਾਮ ਲਗਾਇਆ।

ਇਹਨਾਂ ਸਾਰੇ ਆਤੰਕਵਾਦੀਆਂ ਦੇ ਨਾਮ ਸਵਰਨ ਮੰਦਰ ਦੇ ਨਾਲ ਲਗਵੀਆਂ ਭੀੜੀਆਂ ਗਲੀਆਂ ਵਿੱਚ ਰਹਿੰਦੇ ਦੁਕਾਨਦਾਰ ਤੇ ਨਿਵਾਸੀ ਜਾਣਦੇ ਸਨ। ਉਹ ਚਾਹ ਦੇ ਖੋਖਿਆਂ 'ਤੇ ਗੱਲਬਾਤ ਕਰਿਆ ਕਰਦੇ ਸਨ ਤੇ ਦੁਕਾਨਾਂ ਦੇ ਅੰਦਰ ਬਾਹਰ ਘੁੰਮਦੇ ਰਹਿੰਦੇ ਸਨ। ਪੰਜਾਬ ਪੁਲੀਸ ਵੀ ਜ਼ਰੂਰ ਉਹਨਾਂ ਨੂੰ ਜਾਣਦੀ ਹੋਵੇਗੀ, ਪਰ ਉਸ ਨੇ ਕਦੇ ਵੀ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਨਾ ਕੀਤੀ। ਉਸ ਸਮੇਂ ਤਕ ਭਿੰਡਰਾਂਵਾਲਾ ਤੇ ਉਹਦੇ ਆਦਮੀ ਕਾਨੂੰਨ ਦੀ ਜ਼ੱਦ ਤੋਂ ਉੱਪਰ ਸਨ। ਉਹਨਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਪਰਧਾਨ ਮੰਤਰੀ ਦੇ "ਵਿਚਾਰ-ਕੁੰਡ" ਦੀ ਪਰਵਾਨਗੀ ਦੀ ਜ਼ਰੂਰਤ ਸੀ ਤੇ ਉਹ ਪਰਵਾਨਗੀ ਛੇਤੀ ਕਦੇ ਮਿਲਦੀ ਹੀ ਨਹੀਂ ਸੀ।

ਨਿਰੰਕਾਰੀ ਆਤੰਕਵਾਦੀਆਂ ਦਾ ਮੁੱਖ ਨਿਸ਼ਾਨਾ ਬਣਦੇ ਰਹੇ। ਕਾਂਗਰਸ ਪਾਰਟੀ ਪ੍ਰਤੀ ਭਿੰਡਰਾਂਵਾਲੇ ਦੇ ਦ੍ਰਿਸ਼ਟੀਕੋਣ ਵਿੱਚ ਤਬਦੀਲੀ ਕਾਰਨ ਸਰਕਾਰ ਦੇ ਮੰਤਰੀ ਤੇ ਸਮਰਥਕ ਵੀ ਆਤੰਕਵਾਦੀਆਂ ਦਾ ਨਿਸ਼ਾਨਾ ਬਣਨ ਲੱਗੇ। ਮੁੱਖ ਮੰਤਰੀ ਉੱਪਰ ਵੀ ਹਮਲਾ ਕੀਤਾ ਗਿਆ, ਤੇ ਪੰਜਾਬ ਦੇ ਸਿੱਖਿਆ ਮੰਤਰੀ ਦੇ ਘਰ 'ਤੇ ਬੰਬ ਸੁੱਟਿਆ ਗਿਆ ਤੇ ਇਕ ਹੋਰ ਬੰਬ ਪੰਜਾਬ ਵਿਧਾਨ ਸਭਾ ਦੇ ਕਾਂਗਰਸੀ ਮੈਂਬਰ ਦੇ ਘਰ 'ਤੇ ਵੀ ਸੁੱਟਿਆ ਗਿਆ। ਆਤੰਕਵਾਦੀਆਂ ਨੇ ਜਨਵਰੀ 1983 ਨੂੰ ਭਾਰਤ ਦੇ ਕੌਮੀ ਦਿਨ ਦੇ ਮੌਕੇ

ਅੰਮ੍ਰਿਤਸਰ ਦੇ ਸਮਾਗਮ ਦੇ ਜਸ਼ਨਾਂ ਵਿੱਚ ਬੰਬ ਚਲਾ ਕੇ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ। ਗਣਤੰਤਰ ਦਿਵਸ ਦੇ ਮਗਰੋਂ ਪਹਿਲੇ ਦਿਨ ਭਿੰਡਰਾਂਵਾਲੇ ਦੇ ਆਦਮੀਆਂ ਨੇ ਪਹਿਲਾ ਬੈਂਕ ਡਾਕਾ ਮਾਰਿਆ। ਇਹ ਅੰਮ੍ਰਿਤਸਰ ਵਿੱਚ ਸਿੰਡੀਕੇਟ ਬੈਂਕ ਦੀ ਸ਼ਾਖ ਸੀ। ਅਪ੍ਰੈਲ ਵਿੱਚ ਇਕ ਹੋਰ ਬੈਂਕ ਵਿੱਚ ਡਾਕਾ ਪਿਆ। ਪੁਲੀਸ ਦਾ ਵਿਸ਼ਵਾਸ ਸੀ ਕਿ ਇਹਨਾਂ ਬੈਂਕ ਡਾਕਿਆਂ ਤੋਂ ਪਤਾ ਲੱਗਦਾ ਹੈ ਕਿ ਭਿੰਡਰਾਂਵਾਲੇ ਨੂੰ ਰੁਪਿਆਂ ਦੀ ਲੋੜ ਸੀ। ਉਹਨਾਂ ਨੂੰ ਸ਼ੱਕ ਹੋਇਆ ਕਿ ਭਿੰਡਰਾਂਵਾਲੇ ਨੂੰ ਹਥਿਆਰ ਖ਼ਰੀਦਣ ਲਈ ਰੁਪਿਆਂ ਦੀ ਲੋੜ ਸੀ। ਭਾਵੇਂ ਇਹ ਹਿੰਸਕ ਕਾਰਵਾਈਆਂ ਬੜੀਆਂ ਭਿਆਨਕ ਸਨ ਪਰ ਇਸ ਗੱਲ ਦਾ ਕੋਈ ਪ੍ਰਮਾਣ ਨਹੀਂ ਸੀ ਕਿ ਉਹ ਆਪਣੇ ਨਿਸ਼ਾਨਿਆਂ ਦੀ ਸੋਚ ਸਮਝ ਕੇ ਚੋਣ ਕਰਦੇ ਸਨ ਜਿਸ ਕਾਰਨ ਪੁਲੀਸ ਤੇ ਸ਼ਾਸਨ ਦਾ ਮਗਰੋਂ ਮਨੋਬਲ ਬਿਲਕੁਲ ਹੀ ਡਿੱਗ ਪਿਆ।

ਸਮਝੌਤੇ ਲਈ ਗੱਲਬਾਤ ਦੀ ਅਸਫਲਤਾ ਮਗਰੋਂ ਪ੍ਰਤਿਸ਼ਠਾ ਤੇ ਪ੍ਰਤੀਤ ਡਿੱਗਣ ਪਿੱਛੋਂ 1983 ਦੇ ਸ਼ੁਰੂ ਵਿੱਚ ਅੰਦੋਲਨ ਉੱਪਰ ਲੌਂਗੋਵਾਲ ਨੇ ਆਪਣਾ ਨਿਯੰਤਰਨ ਕਾਇਮ ਕਰਨ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ ਜੋ ਭਿੰਡਰਾਂਵਾਲੇ ਦੇ ਹੱਥਾਂ ਵਿੱਚ ਜਾ ਰਹੀ ਸੀ। ਅਪ੍ਰੈਲ ਵਿੱਚ ਉਸ ਨੇ "ਰਸਤਾ ਰੋਕੋ" ਅੰਦੋਲਨ ਛੇੜ ਦਿੱਤਾ ਜਿਸ ਦਾ ਭਾਵ ਸੀ ਕਿ ਸੜਕਾਂ 'ਤੇ ਕੋਈ ਵਾਹਨ ਨਹੀਂ ਚੱਲਣ ਦਿੱਤਾ ਜਾਵੇਗਾ। ਸਿੱਖਾਂ ਦੇ ਦ੍ਰਿਸ਼ਟੀਕੋਣ ਤੋਂ ਇਹ ਪੂਰੀ ਤਰ੍ਹਾਂ ਕਾਮਯਾਬ ਰਿਹਾ। ਪੰਜਾਬ ਵਿੱਚ ਆਵਾਜਾਈ ਠੱਪ ਹੋ ਗਈ ਤੇ ਪੁਲੀਸ ਦੇ 175 ਵਿਅਕਤੀ ਮਾਰੇ ਗਏ। ਹਿੰਸਾ ਵਿੱਚ 21 ਵਿਅਕਤੀ ਮਾਰੇ ਗਏ। ਲੌਂਗੋਵਾਲ ਦੇ "ਰਸਤਾ ਰੋਕੋ" ਅੰਦੋਲਨ ਨੂੰ ਸਿੱਖਾਂ ਵੱਲੋਂ ਦਿੱਤੇ ਹੁੰਗਾਰੇ ਨੇ ਲੌਂਗੋਵਾਲ ਨੂੰ ਭਿੰਡਰਾਂਵਾਲੇ ਨੂੰ ਖੁਲ੍ਹਮ-ਖੁੱਲ੍ਹਾ ਵੰਗਾਰਨ ਲਈ ਹੌਸਲਾ ਦਿੱਤਾ ਤੇ ਉਤਸ਼ਾਹਿਤ ਕੀਤਾ। ਉਸ ਨੇ ਸੰਤ ਨੂੰ ਆਦੇਸ਼ ਦਿੱਤਾ ਕਿ ਮੋਰਚਾ (ਡਿਕਟੇਟਰ) ਦੇ ਕੁੱਲ ਮੁਖ਼ਤਿਆਰ ਪ੍ਰਤੀ ਵਫ਼ਾਦਾਰੀ ਦੀ ਪ੍ਰਤਿੱਗਿਆ ਲਵੇ। ਗੋਡਿਆਂ ਤੱਕ ਲੰਮਾ ਇਕ ਨਿਹੰਗ ਵਾਲਾ ਚੋਲਾ ਪਹਿਨ ਕੇ, ਇਕ ਸਿੱਖ ਸਿਪਾਹੀ ਵਾਂਗ ਭਿੰਡਰਾਂਵਾਲਾ ਮੋਰਚੇ ਦੇ ਉਹਨਾਂ ਸਮਰਥਕਾਂ ਨਾਲ ਗ੍ਰਿਫ਼ਤਾਰ ਹੋਣ ਲਈ ਖੜ੍ਹਾ ਹੋ ਗਿਆ ਤੇ ਉਸ ਨੇ ਲੌਂਗੋਵਾਲ ਪ੍ਰਤੀ ਆਗਿਆਕਾਰੀ ਤੇ ਵਫ਼ਾਦਾਰੀ ਦੀ ਸਹੁੰ ਚੁੱਕੀ, ਪ੍ਰੰਤੂ ਇਹ ਵਚਨ ਬਹੁਤ ਚਿਰ ਨਿਭ ਨਾ ਸਕਿਆ।

12 ਦਿਨ ਮਗਰੋਂ ਇਕ ਸ੍ਰੇਸ਼ਠ ਪੁਲੀਸ ਅਧਿਕਾਰੀ ਉਸ ਵੇਲੇ ਚਿੱਟੇ ਦਿਨ ਕਤਲ ਕਰ ਦਿੱਤਾ ਗਿਆ ਜਦੋਂ ਉਹ ਸਵਰਨ ਮੰਦਰ ਤੋਂ ਬਾਹਰ ਆ ਰਿਹਾ ਸੀ। ਸਾਰੇ ਭਾਰਤ ਨੇ ਬੜੀ ਹੱਤਕ ਤੇ ਅਪਮਾਨ ਮਹਿਸੂਸ ਕੀਤਾ। ਲੌਂਗੋਵਾਲ ਤੇ ਭਿੰਡਰਾਂਵਾਲੇ ਦਾ ਸਮਝੌਤਾ ਥੋੜ-ਚਿਰ ਤੇ ਅਸਥਿਰ ਸਿੱਧ ਹੋਇਆ।

8

ਦੋ ਕਰੂਰ ਹੱਤਿਆਵਾਂ—
ਤੇ ਆਖ਼ਰ ਸ਼੍ਰੀਮਤੀ ਗਾਂਧੀ ਨੇ ਕਾਰਵਾਈ ਕਰਨੀ

23 ਅਪ੍ਰੈਲ 1983 ਦੀ ਸਵੇਰ ਨੂੰ ਡੀ.ਆਈ. ਅਟਵਾਲ ਜੋ ਅੰਮ੍ਰਿਤਸਰ ਦੀ ਪੁਲੀਸ ਦਾ ਇਨਚਾਰਜ ਸੀ, ਉਹਨਾਂ ਸ਼ਰਧਾਲੂਆਂ ਦੀ ਭੀੜ ਵਿੱਚ ਸ਼ਾਮਿਲ ਸੀ ਜੋ ਸਵਰਨ ਮੰਦਰ ਵਿੱਚ ਗਈ ਸੀ। ਕਿਸੇ ਹੋਰ ਸ਼ਰਧਾਲੂ ਸਿੱਖ ਵਾਂਗ ਉਸ ਨੇ ਵੀ ਪਹਿਲਾਂ ਸਵਰਨ ਮੰਦਰ ਦੀ ਪਰਿਕ੍ਰਮਾ ਕੀਤੀ ਜੋ ਹਰਮੰਦਰ ਸਮੂਹ ਦੇ ਵਿੱਚ ਸਰੋਵਰ ਦੇ ਉਦਾਲੇ ਸੰਗਮਰਮਰ ਦੀ ਬਣੀ ਹੋਈ ਹੈ। ਉਸ ਨੇ ਅਕਾਲ ਤਖ਼ਤ ਦੇ ਸਾਮ੍ਹਣੇ ਖਲੋ ਕੇ ਨਮਸਕਾਰ ਕੀਤੀ ਜੋ ਪ੍ਰਮਾਤਮਾ ਦੀਆਂ ਲੌਕਿਕ ਸ਼ਕਤੀਆਂ ਦਾ ਚਿਨ੍ਹ ਹੈ। ਉਹ ਫਿਰ ਪਿੱਛੇ ਮੁੜਿਆ ਤੇ ਦਰਸ਼ਨੀ ਡਿਉਢੀ ਦੇ ਸਾਮ੍ਹਣੇ ਉਸ ਅਲੰਕ੍ਰਿਤ ਮਹਿਰਾਬਦਾਰ ਪੁਲਦਾਰ ਲਾਂਘੇ ਵਿੱਚ ਲੱਗੀ ਲੰਮੀ ਕਤਾਰ ਵਿੱਚ ਰਲ ਗਿਆ ਜੋ ਹਰਿਮੰਦਰ ਸਾਹਿਬ ਨੂੰ ਜਾਂਦੀ ਹੈ। ਉਸ ਨੇ ਭੇਟ ਦਿੱਤੀ ਤੇ ਪਰਸ਼ਾਦ ਲਿਆ ਤੇ ਫਿਰ ਪੁਲਦਾਰ ਲਾਂਘੇ ਰਾਹੀਂ ਅੱਗੇ ਤੁਰ ਪਿਆ। ਮੰਦਰ ਵਿੱਚ 39 ਸਾਲਾ ਪੁਲੀਸ ਅਫ਼ਸਰ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਡੰਡੌਤ ਕੀਤੀ, ਫਿਰ ਖੜਾ ਹੋ ਕੇ ਉਹ ਜੰਗਲੇ ਦੇ ਨਾਲ ਪਿੱਛੇ ਲੱਗ ਕੇ ਗ੍ਰੰਥੀਆਂ ਤੇ ਰਾਗੀਆਂ ਨੂੰ ਹਾਰਮੋਨੀਅਮ 'ਤੇ ਸ਼ਬਦ ਗਾਇਣ ਕਰਦਿਆਂ ਸੁਣਦਾ ਰਿਹਾ। ਕੁਝ ਮਿੰਟਾਂ ਪਿੱਛੋਂ ਅਟਵਾਲ ਹਰਿਮੰਦਰ ਵਿੱਚੋਂ ਪੱਤੇ ਉੱਪਰ ਪਰਸਾਦ ਲੈ ਕੇ ਚਲਾ ਗਿਆ ਤਾਂ ਜੋ ਉਹ ਆਪਣੇ ਪਰਿਵਾਰ ਵਿੱਚ ਵੰਡ ਸਕੇ ਤੇ ਇਸ ਤਰ੍ਹਾਂ ਡੀ.ਆਈ.ਜੀ. ਮੁੱਖ ਦਵਾਰ ਵੱਲ ਤੁਰ ਪਿਆ। ਜਿਉਂ ਹੀ ਉਹ ਅਲੰਕ੍ਰਿਤ ਘੰਟਾਘਰ ਵਾਲੇ ਪਾਸੇ ਦੀਆਂ ਸੰਗਮਰਮਰ ਦੀਆਂ ਪੌੜੀਆਂ 'ਤੇ ਚੜ੍ਹ ਰਿਹਾ ਸੀ, ਗੋਲੀਆਂ ਦੀ ਗੂੰਜ ਆਈ ਤੇ ਅਟਵਾਲ ਢੇਰ ਹੋ ਗਿਆ। ਉਸ ਦੇ ਪੁਲਸੀਏ ਅੰਗ-ਰਖਿਅੱਕ ਜੋ ਬਾਹਰ ਉਸ ਦੀ ਉਡੀਕ ਕਰ ਰਹੇ ਸਨ, ਦੌੜ ਗਏ। ਸੌ ਗਜ਼ ਦੂਰ ਪੁਲੀਸ ਚੌਕੀ ਤੋਂ ਜਵਾਬੀ ਗੋਲੀ ਨਾ ਚਲਾਈ ਗਈ। ਡੀ.ਆਈ.ਜੀ. ਦੀ ਗੋਲੀਆਂ ਨਾਲ ਛਲਣੀ ਹੋਈ ਲਾਸ਼, ਸਿੱਖਾਂ ਦੇ ਸਭ ਤੋਂ ਪਵਿੱਤਰ ਧਾਰਮਕ ਸਥਾਨ 'ਤੇ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਮੁੱਖ ਪਰਵੇਸ਼ ਦਵਾਰ 'ਤੇ ਉਦੋਂ ਤਕ ਪਈ ਰਹੀ ਜਦ ਤਕ ਡਿਪਟੀ ਕਮਿਸ਼ਨਰ ਨੇ ਮੰਦਰ ਅਧਿਕਾਰੀਆਂ ਨੂੰ ਇਹ ਲੋਥ ਹਵਾਲੇ ਕਰਨ ਲਈ ਨਾ ਮਨਾ ਲਿਆ।

ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਮਗਰੋਂ ਮੈਨੂੰ ਦੱਸਿਆ ਕਿ ਅਟਵਾਲ ਨੂੰ ਸਵਰਨ ਮੰਦਰ ਦੇ ਅੰਦਰ ਜਾਣ ਤੋਂ ਸਾਵਧਾਨ ਕੀਤਾ ਗਿਆ ਸੀ। ਸਰਕਾਰ ਨੂੰ ਸਪੱਸ਼ਟ ਰੂਪ ਵਿੱਚ ਇਹ ਜਾਣਕਾਰੀ ਮਿਲੀ ਸੀ ਕਿ ਉਹ ਵੈਰੀ ਦੇ ਨਿਸ਼ਾਨੇ 'ਤੇ ਸੀ ਕਿਉਂਕਿ ਉਸ ਨੇ ਐਸੀ ਕੁੜਿੱਕੀ ਲਾਈ ਸੀ ਜਿਸ ਵਿੱਚ ਭਿੰਡਰਾਂਵਾਲੇ ਦਾ ਚੋਟੀ ਦਾ ਆਦਮੀ ਮਾਰਿਆ ਗਿਆ ਸੀ ਤੇ ਤਿੰਨ ਹੋਰ ਜ਼ਖ਼ਮੀ ਹੋ ਗਏ ਸਨ। ਅੰਮ੍ਰਿਤਸਰ ਵਿੱਚ ਸੀ.ਆਈ.ਡੀ. ਦੇ ਇਨਚਾਰਜ ਅਫ਼ਸਰ ਨੇ ਮਗਰੋਂ ਸਤੀਸ਼ ਜੈਕਬ ਨੂੰ ਇਸ ਜਾਲ ਜਾਂ ਕੁੜਿੱਕੀ ਬਾਰੇ ਦੱਸਿਆ

ਸੀ। ਉਸ ਨੇ ਦੱਸਿਆ ਕਿ ਅਟਵਾਲ ਜੋ ਅਸਾਧਾਰਨ ਰੂਪ ਵਿੱਚ ਸਰਗਰਮ ਸੀ ਤੇ ਆਪਣੀ ਮਰਜ਼ੀ ਦਾ ਮਾਲਕ ਸੁਤੰਤਰ ਵਿਚਾਰਾਂ ਵਾਲਾ ਪੁਲਸ ਅਫ਼ਸਰ ਸੀ, ਉਸ ਨੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਵਿੱਚ ਆਪਣਾ ਇਕ ਏਜੰਟ ਛੱਡਿਆ ਹੋਇਆ ਸੀ। ਉਸ ਨੇ ਅਟਵਾਲ ਨੂੰ ਦੱਸਿਆ ਕਿ 15 ਮਾਰਚ ਦੀ ਰਾਤ ਨੂੰ ਭਿੰਡਰਾਂਵਾਲੇ ਦੇ ਦੋ ਬਹੁਤ ਹੀ ਖ਼ਤਰਨਾਕ ਹੱਤਿਆਰੇ ਕਿਸੇ ਵਿਸ਼ੇਸ਼ ਕੰਮ ਲਈ ਜਾ ਰਹੇ ਸਨ। ਅਟਵਾਲ ਨੇ ਇਕ ਐਸ.ਐਸ.ਪੀ. ਨੂੰ ਪੱਕੇ ਨਿਸ਼ਾਨਚੀਆਂ ਨਾਲ ਅੰਮ੍ਰਿਤਸਰ ਦੇ ਬਾਹਰਵਾਰ ਦਿੱਲੀ ਨੂੰ ਜਾਣ ਵਾਲੀ ਜਰਨੈਲੀ ਸੜਕ ਤੇ ਮਾਨਾਂਵਾਲੇ ਦੇ ਪੁਲ 'ਤੇ ਨਿਯੁਕਤ ਕੀਤਾ ਹੋਇਆ ਸੀ। ਸੀ.ਆਈ.ਡੀ. ਦੇ ਅਧਿਕਾਰੀ ਅਨੁਸਾਰ 4.30 ਵਜੇ ਸਵੇਰੇ ਇਕ ਜੀਪ ਪੂਰੀ ਰਫ਼ਤਾਰ ਨਾਲ ਪੁਲ 'ਤੇ ਪਹੁੰਚੀ। ਇਹ ਪੁਲਸ ਵੱਲੋਂ ਤੇਲ ਦੇ ਡਰੰਮਾਂ ਨਾਲ ਕੀਤੀ ਹੋਈ ਨਾਕਾਬੰਦੀ ਦੇ ਸਾਮ੍ਹਣੇ ਆ ਕੇ ਰੁਕੀ। ਜੀਪ ਵਿਚਲੇ ਸਿੱਖਾਂ ਨੇ ਪੁਲੀਸ 'ਤੇ ਹੱਥ-ਗੋਲਾ ਸੁੱਟਿਆ ਤੇ ਪੁਲੀਸ ਨੇ ਜਵਾਬ ਵਿੱਚ ਗੋਲੀ ਚਲਾਈ। ਐਸ.ਐਸ.ਪੀ. ਪਾਂਡੇ ਜ਼ਖ਼ਮੀ ਹੋ ਗਿਆ ਤੇ ਜੀਪ ਵਿੱਚ ਇਕ ਸਿੱਖ ਹਰਦੇਵ ਸਿੰਘ ਮਾਰਿਆ ਗਿਆ। ਜੀਪ ਦਾ ਡਰਾਈਵਰ ਗੁਰਸੰਤ ਸਿੰਘ ਜ਼ਖ਼ਮੀ ਹੋ ਗਿਆ ਪਰ ਉਹ ਹਰਦੇਵ ਸਿੰਘ ਦੀ ਲਾਸ਼ ਜੀਪ ਵਿੱਚ ਹੀ ਸਵਰਨ ਮੰਦਰ ਦੇ ਪਵਿੱਤਰ ਧਰਮ ਅਸਥਾਨ ਵਿੱਚ ਲਿਜਾਣ ਵਿੱਚ ਸਫਲ ਹੋ ਗਿਆ। ਉੱਥੇ ਗੁਰਸੰਤ ਸਿੰਘ ਨੇ ਪ੍ਰੈਸ ਨੂੰ ਵੱਖਰੀ ਹੀ ਕਹਾਣੀ ਸੁਣਾਈ। ਉਸ ਨੇ ਕਿਹਾ ਕਿ ਮਾਨਾਂਵਾਲੇ ਪੁਲ ਦੇ ਵਿਚਕਾਰ ਇਕ ਲਾਰੀ ਖੜੀ ਸੀ ਜਿਵੇਂ ਵਿਗੜੀ ਹੋਈ ਹੋਵੇ। ਜਦੋਂ ਹੀ ਉਸ ਨੇ ਲੰਘਣ ਲਈ ਗੱਡੀ ਹੌਲੀ ਕੀਤੀ ਤਦ ਪੁਲੀਸ ਨੇ, ਜੋ ਉੱਥੇ ਉਡੀਕ ਵਿੱਚ ਲੇਟੀ ਹੋਈ ਸੀ, ਗੋਲੀਬਾਰੀ ਸ਼ੁਰੂ ਕਰ ਦਿੱਤੀ। ਉਹਨਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਮਗਰੋਂ ਉਹਨਾਂ ਨੇ ਜੀਪ ਛੱਡ ਦਿੱਤੀ। ਗੁਰਸੰਤ ਸਿੰਘ ਨੇ ਇਹ ਨਾ ਦੱਸਿਆ ਕਿ ਉਹ ਹਰਦੇਵ ਸਿੰਘ ਦੀ ਲਾਸ਼ ਲੈ ਕੇ ਹਰਿਮੰਦਰ ਵਿੱਚ ਕਿਵੇਂ ਪਹੁੰਚਿਆ? ਘਟਨਾ ਤੋਂ 24 ਘੰਟੇ ਮਗਰੋਂ ਮੰਦਰ ਦੇ ਅਧਿਕਾਰੀਆਂ ਨੇ ਜ਼ਿਲ੍ਹਾ ਕਮਿਸ਼ਨਰ ਨੂੰ ਫ਼ੋਨ ਕੀਤਾ ਤੇ ਉਸ ਨੂੰ ਕਿਹਾ ਕਿ ਉਹ ਲਾਸ਼ ਮੰਦਰ ਵਿੱਚੋਂ ਲੈ ਲੈਣ। ਭਿੰਡਰਾਂਵਾਲੇ ਨੇ ਪੁਲੀਸ 'ਤੇ ਦੋਸ਼ ਲਾਉਂਦਿਆਂ ਬਿਆਨ ਜਾਰੀ ਕੀਤਾ ਕਿ ਉਹਨਾਂ ਨੇ ਉਹਦੇ ਇਕ ਪੈਰੋਕਾਰ ਨੂੰ ਬੇਦਰਦੀ ਨਾਲ ਕਤਲ ਕਰ ਦਿੱਤਾ ਸੀ।

ਸੀ.ਆਈ.ਡੀ. ਅਧਿਕਾਰੀ ਅਨੁਸਾਰ ਇਸ ਘਟਨਾ ਪਿੱਛੋਂ ਭਿੰਡਰਾਂਵਾਲੇ ਨੂੰ ਅਟਵਾਲ ਦੇ ਕਾਰਿੰਦੇ ਬਾਰੇ ਸ਼ੱਕ ਹੋ ਗਿਆ। ਉਸ ਨੇ ਕੁਝ ਸਮਾਂ ਇੰਤਜ਼ਾਰ ਕੀਤਾ ਤੇ ਫਿਰ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ। ਪੁਲੀਸ ਨੇ ਭਿੰਡਰਾਂਵਾਲੇ ਦੇ ਗੁਰੂ ਨਾਨਕ ਨਿਵਾਸ ਦੇ ਬਾਹਰ, ਜਿਹੜਾ ਕਿ ਭਿੰਡਰਾਂਵਾਲਾ ਦਾ ਹੈਡਕੁਆਰਟਰ ਸੀ, ਇਕ ਵੱਢੀ ਟੁੱਕੀ ਲਾਸ਼ ਵੇਖੀ। ਸੀ.ਆਈ.ਡੀ. ਅਧਿਕਾਰੀ ਨੂੰ ਸ਼ੱਕ ਹੈ ਕਿ ਕਾਰਿੰਦੇ (ਪ੍ਰਤਿਨਿਧ) ਨੇ ਉਸ ਸਾਧਨ ਨੂੰ ਜ਼ਰੂਰ ਪਰਗਟ ਕਰ ਦਿੱਤਾ ਹੋਵੇਗਾ ਜਿਸ ਰਾਹੀਂ ਉਹ ਅਟਵਾਲ ਨੂੰ ਸੂਚਿਤ ਕਰਦਾ ਰਿਹਾ ਹੋਵੇਗਾ ਤੇ ਭਿੰਡਰਾਂਵਾਲੇ ਨੇ ਉਸ ਸਾਧਨ ਰਾਹੀਂ ਅਟਵਾਲ ਨੂੰ ਹਰਿਮੰਦਰ ਵਿੱਚ ਫ਼ਾਂਸਾ ਦੇ ਕੇ ਲਿਆਂਦਾ ਹੋਵੇ। ਸੋ ਇਸ ਤਰ੍ਹਾਂ ਜ਼ਾਹਰ ਹੁੰਦਾ ਹੈ ਕਿ 25 ਅਪ੍ਰੈਲ ਦੀ ਸਵੇਰ ਨੂੰ ਡੀ.ਆਈ.ਜੀ. ਉੱਕਾ ਹੀ ਮਾਸੂਮ ਜਾਂ ਭੋਲਾ ਭਾਲਾ ਸ਼ਰਧਾਲੂ ਨਹੀਂ ਸੀ ਜਿਵੇਂ ਕਿ ਉਹ ਜਾਪਿਆ ਸੀ।

ਪੁਲਸ ਦੇ ਇਕ ਉੱਚ ਅਧਿਕਾਰੀ ਦੇ ਦਿਨ ਦਿਹਾੜੇ ਕਤਲ ਨਾਲ ਮੁਲਕ ਭਰ

ਵਿੱਚ ਹਾਹਾਕਾਰ ਮੱਚ ਗਈ। ਵਿਰੋਧੀ ਪਾਰਟੀਆਂ ਤੇ ਅਖ਼ਬਾਰਾਂ ਨੇ ਮੰਗ ਕੀਤੀ ਕਿ ਪੁਲੀਸ ਹਰਿਮੰਦਰ ਦੇ ਹੋਸਟਲ ਸਮੂਹ ਵਿੱਚ ਦਾਖ਼ਲ ਹੋਵੇ ਅਤੇ ਭਿੰਡਰਾਂਵਾਲਾ ਤੇ ਉਸ ਦੇ ਪੈਰੋਕਾਰਾਂ ਨੂੰ ਗ੍ਰਿਫ਼ਤਾਰ ਕਰੇ। ਸਭ ਤੋਂ ਪ੍ਰਭਾਵਸ਼ਾਲੀ ਅਖ਼ਬਾਰ "ਦੀ ਟਾਈਮਜ਼ ਔਫ ਇੰਡੀਆ" ਨੇ ਸਰਕਾਰ, ਭਿੰਡਰਾਂਵਾਲਾ ਤੇ ਅਕਾਲੀ ਨੇਤਾਵਾਂ 'ਤੇ ਸਖ਼ਤ ਹਮਲਾ ਕਰਦਿਆਂ ਸੰਪਾਦਕੀ ਲਿਖਿਆ। ਲੌਂਗੋਵਾਲ ਨੇ ਵਿਸ਼ਵ ਭਰ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਉਹ ਹੋਸਟਲ (ਸਰਾਂ) ਸਮੂਹ ਵਿੱਚ ਪੁਲਸ ਦੇ ਦਾਖਲੇ ਦਾ ਵਿਰੋਧ ਕਰਨ। "ਦੀ ਟਾਈਮਜ਼ ਔਫ ਇੰਡੀਆ" ਵਿੱਚ ਕਿਹਾ ਗਿਆ, "ਕਿ ਪਹਿਲਾਂ ਹੀ ਖ਼ਰਾਬ ਸਥਿਤੀ ਨੂੰ ਲੌਂਗੋਵਾਲ ਹੋਰ ਵਧੇਰੇ ਖ਼ਰਾਬ ਕਰਨ 'ਤੇ ਤੁਲਿਆ ਹੋਇਆ ਦਿਖਾਈ ਦਿੰਦਾ ਹੈ।" ਉਸ ਨੇ ਇਹ ਸੰਕੇਤ ਵੀ ਦਿੱਤਾ ਕਿ ਪੁਲਸ ਪਹਿਲਾਂ ਵੀ ਹੋਸਟਲ ਸਮੂਹ ਵਿੱਚ ਦਾਖ਼ਲ ਹੋਈ ਸੀ ਜਦੋਂ ਸ੍ਰੀਮਤੀ ਗਾਂਧੀ ਦੇ ਪਿਤਾ ਦਾ ਰਾਜ ਸੀ। ਅਖ਼ਬਾਰ ਵਿੱਚ ਇਹ ਮਹੱਤਵਪੂਰਨ ਨੁਕਤਾ ਵੀ ਉਠਾਇਆ ਗਿਆ ਕਿ ਭਿੰਡਰਾਂਵਾਲੇ ਦਾ ਮੁੱਖ ਦਫ਼ਤਰ ਜੋ ਸਰਾਂ ਵਿੱਚ ਹੈ, ਉਸ ਦੀਵਾਰ ਵਾਲੇ ਭਵਨ ਸਮੂਹ ਤੋਂ ਵੱਖ ਹੈ ਜਿਸ ਵਿੱਚ ਹਰਿਮੰਦਰ ਤੇ ਅਕਾਲ ਤਖ਼ਤ, ਵਾਸਤਵਿਕ ਰੂਪ ਵਿੱਚ, ਸਥਿਤ ਹਨ। ਸਰਕਾਰ ਦੀ ਸੂਚਨਾ ਪ੍ਰਣਾਲੀ ਦੀ ਅਜੀਬ ਸਥਿਤੀ ਇਹ ਸੀ ਕਿ ਉਸ ਨੇ ਇਸ ਪਹਿਲੂ ਬਾਰੇ ਸਿੱਖਾਂ ਨੂੰ ਜਾਣਕਾਰੀ ਦੇਣ ਦਾ ਕੋਈ ਯਤਨ ਨਾ ਕੀਤਾ। "ਦੀ ਟਾਈਮਜ਼ ਔਫ ਇੰਡੀਆ" ਨੇ ਆਪਣਾ ਸੰਪਾਦਕੀ ਇਹ ਕਹਿੰਦਿਆਂ ਸਮਾਪਤ ਕੀਤਾ, "ਇਸ ਸਭ ਕੁਝ ਦੇ ਕਾਰਨ ਨਵੀਂ ਦਿੱਲੀ ਤੇ ਚੰਡੀਗੜ੍ਹ ਦੀਆਂ ਸਰਕਾਰਾਂ ਉੱਤੇ ਭਿਆਨਕ ਜ਼ੁੰਮੇਂਵਾਰੀ ਆਉਂਦੀ ਹੈ ਕਿਉਂਕਿ ਪੂਜਾ ਸਥਾਨ ਬਾਰੇ ਸੁਭਾਵਕ ਸ਼ਰਧਾ ਤੇ ਧਰਮ ਦੀ ਆੜ ਵਿੱਚ ਮੁਲਕ ਦੇ ਕਾਨੂੰਨ ਦੀ ਖੁਲ੍ਹਮ-ਖੁਲ੍ਹੀ ਉਲੰਘਣਾ ਕਰਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।"

ਪੰਜਾਬ ਦੇ ਮੁੱਖ ਮੰਤਰੀ ਅਨੁਸਾਰ ਉਹਦੀ ਸਰਕਾਰ ਇਹ ਜ਼ੁੰਮੇਂਵਾਰੀ ਨਿਬਾਹੁਣ ਨੂੰ ਤਿਆਰ ਸੀ ਪਰ ਦਿੱਲੀ ਵਾਲੀਆਂ ਸ਼ਕਤੀਆਂ ਅਜਿਹਾ ਨਹੀਂ ਕਰਨ ਦਿੰਦੀਆਂ ਸਨ। ਦਰਬਾਰਾ ਸਿੰਘ ਨੇ ਮੈਨੂੰ ਦੱਸਿਆ, "ਮੈਂ ਲਗਾਤਾਰ ਕੇਂਦਰੀ ਸਰਕਾਰ ਨੂੰ ਦੱਸਦਾ ਰਿਹਾ ਹਾਂ ਕਿ ਗੁਰੂ ਨਾਨਕ ਨਿਵਾਸ ਹਰਿਮੰਦਰ ਸਮੂਹ ਦਾ ਹਿੱਸਾ ਨਹੀਂ ਸੀ, ਤੇ ਉੱਥੇ ਪੁਲਸ ਭੇਜ ਦਿੱਤੀ ਜਾਣੀ ਚਾਹੀਦੀ ਹੈ ਪਰ ਉਹ ਡਰਦੇ ਸਨ ਕਿ ਇਸ ਨਾਲ ਸਿੱਖ ਭਾਵਨਾਵਾਂ ਭੜਕਣਗੀਆਂ।" ਦਰਬਾਰਾ ਸਿੰਘ ਦਾ ਪੁਰਾਣਾ ਸ਼ਰੀਕ ਜ਼ੈਲ ਸਿੰਘ ਹੁਣ ਭਾਰਤ ਦਾ ਰਾਸ਼ਟਰਪਤੀ ਬਣ ਗਿਆ ਸੀ ਤੇ ਉਹ ਦੇਸ਼ ਦਾ ਸੰਵਿਧਾਨਕ ਮੁਖੀਆ ਸੀ ਤੇ ਹੁਣ ਉਸ ਦਾ ਸਰਕਾਰ ਦੇ ਕੰਮ ਵਿੱਚ ਸਿੱਧਾ ਦਖ਼ਲ ਨਹੀਂ ਸੀ। ਫਿਰ ਵੀ ਇਸ ਵਿੱਚ ਕੋਈ ਸੰਦੇਹ ਨਹੀਂ ਸੀ ਕਿ ਸ੍ਰੀਮਤੀ ਗਾਂਧੀ ਨੇ ਉਸ ਨਾਲ ਸਲਾਹ ਮਸ਼ਵਰਾ ਕਰਨਾ ਜਾਰੀ ਰੱਖਿਆ ਹੋਇਆ ਸੀ।

ਕੇਂਦਰੀ ਸਰਕਾਰ ਨੇ ਡੀ.ਆਈ.ਜੀ. ਅਟਵਾਲ ਦੇ ਕਤਲ ਪਿੱਛੋਂ ਗੁਰੂ ਨਾਨਕ ਨਿਵਾਸ ਵਿੱਚ ਦਾਖ਼ਲ ਨਾ ਹੋ ਕੇ ਤੇ ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਨਾ ਕਰਕੇ ਬੜੀ ਭਿਆਨਕ ਗ਼ਲਤੀ ਕੀਤੀ। ਉਸ ਕਤਲ ਮਗਰੋਂ ਰਾਸ਼ਟਰੀ ਪੱਧਰ 'ਤੇ ਹੋਈ ਹਾਹਾਕਾਰ ਪਿੱਛੋਂ ਭਿੰਡਰਾਂਵਾਲੇ ਨਾਲ ਪ੍ਰਤਿਬੱਧ ਸਿੱਖਾਂ ਤੋਂ ਬਿਨਾਂ ਬਹੁਤ ਘੱਟ ਸਿੱਖਾਂ ਨੇ ਕੋਈ ਇਤਰਾਜ਼ ਕਰਨਾ ਸੀ। ਅਸਲੀਅਤ ਇਹ ਸੀ ਕਿ ਬਹੁਤ ਸਾਰੇ ਸਿੱਖਾਂ ਨੇ, ਖ਼ਾਸ ਕਰਕੇ ਉਹਨਾਂ ਨੇ ਜੋ ਪੰਜਾਬ ਤੋਂ ਬਾਹਰ ਰਹਿੰਦੇ ਸਨ, ਇਸ ਕਦਮ ਦਾ ਸੁਆਗਤ ਕਰਨਾ ਸੀ।

ਰਾਜਧਾਨੀ ਦਿੱਲੀ ਤੇ ਮੁਲਕ ਦੇ ਦੂਸਰੇ ਭਾਗਾਂ ਦੇ ਸਿੱਖ ਇਸ ਗੱਲ ਤੋਂ ਚਿੰਤਤ ਹੋ ਰਹੇ ਸਨ ਕਿ ਹੁਣ ਹਰ ਕੋਈ ਉਸ ਵਿਅਕਤੀ ਨੂੰ ਜੋ ਸਿੱਖਾਂ ਵਾਂਗ ਦਸਤਾਰ ਸਜਾਉਂਦਾ ਸੀ ਤੇ ਦਾੜ੍ਹੀ ਕੇਸ ਰੱਖਦਾ ਸੀ, ਉਸ ਨੂੰ ਉਹ ਭਿੰਡਰਾਂਵਾਲੇ ਦਾ ਪੈਰੋਕਾਰ ਹੀ ਸਮਝਣ ਲੱਗ ਪਿਆ ਸੀ।

ਭਿੰਡਰਾਂਵਾਲੇ ਨੂੰ ਗ੍ਰਿਫ਼ਤਾਰ ਕਰਨ ਦੀ ਅਸਫਲਤਾ ਦੇ ਦੋਸ਼ ਤੋਂ ਲੌਂਗੋਵਾਲ ਤੇ ਅਕਾਲੀ ਦਲ ਦੀ ਤ੍ਰੀਮੂਰਤੀ ਵੀ ਬਚ ਨਹੀਂ ਸਕਦੀ। ਜੇ ਸੰਸਾਰ ਭਰ ਦੇ ਸਿੱਖਾਂ ਨੂੰ ਸਵਰਨ ਮੰਦਰ ਸਮੂਹ ਵਿੱਚ ਪੁਲਸ ਦਾਖ਼ਲੇ ਦੇ ਵਿਰੋਧ ਦੀ ਅਪੀਲ ਕਰਨ ਦੀ ਥਾਂ ਲੌਂਗੋਵਾਲ ਨੇ ਸਰਕਾਰ ਨੂੰ ਕਿਹਾ ਹੁੰਦਾ ਕਿ ਉਹ ਗੁਰੂ ਨਾਨਕ ਨਿਵਾਸ ਨੂੰ ਪਵਿੱਤਰ ਅਸਥਾਨ ਨਹੀਂ ਸਮਝਦਾ ਤਾਂ ਸਰਕਾਰ ਕੋਲ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਮਗਰੋਂ ਸਿੱਖਾਂ ਦੀ ਪ੍ਰਤਿਕਿਰਿਆ ਤੋਂ ਡਰਨ ਦਾ ਕੋਈ ਕਾਰਨ ਨਾ ਹੁੰਦਾ। ਪ੍ਰੰਤੂ ਲੌਂਗੋਵਾਲ ਨੂੰ ਮੰਦਰ ਸਮੂਹ ਉੱਪਰ ਨਿਯੰਤਰਨ ਰੱਖਣ ਵਾਲੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੁਖੀ ਤੇ ਅਕਾਲੀ ਤ੍ਰੈਮੂਰਤੀ ਦੇ ਮੈਂਬਰ ਗੁਰਚਰਨ ਸਿੰਘ ਟੌਹੜਾ ਤੋਂ ਸਮਰਥਨ ਨਾ ਮਿਲਿਆ। ਟੌਹੜੇ ਦੇ ਵਿਸ਼ਵਾਸ ਪਾਤਰ, ਹਰਕਿਸ਼ਨ ਸਿੰਘ ਸੁਰਜੀਤ ਅਨੁਸਾਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੂੰ ਇਹ ਡਰ ਸੀ ਕਿ ਅਕਾਲੀ ਦਲ ਤ੍ਰੈਮੂਰਤੀ ਦੇ ਦੂਸਰੇ ਦੋਵੇਂ ਮੈਂਬਰ ਉਸ ਨੂੰ ਪਰਧਾਨਗੀ ਤੋਂ ਹਟਾਉਣ ਲਈ ਇਕੱਠੇ ਹੋ ਰਹੇ ਹਨ, ਇਸ ਕਾਰਨ ਉਸ ਨੂੰ ਅਜੇ ਵੀ ਭਿੰਡਰਾਂਵਾਲੇ ਦੀ ਹਿਮਾਇਤ ਤੇ ਸਾਥ ਦੀ ਲੋੜ ਸੀ। ਉਸ ਸਮੇਂ ਸਰਕਾਰ ਨਾਲ ਪੰਜਾਬ ਸੰਕਟ ਨੂੰ ਹਲ ਕਰਨ ਲਈ ਬਾਦਲ ਨੂੰ ਮੁੱਖ ਮੰਤਰੀ ਬਣਾ ਕੇ ਕਾਂਗਰਸ ਤੇ ਅਕਾਲੀ ਦਲ ਦੀ ਗਠਬੰਧਨ ਸਰਕਾਰ ਕਾਇਮ ਕਰਨ ਲਈ ਸਮਝੌਤੇ ਲਈ ਗੁਪਤ ਗੱਲਬਾਤ ਚਲ ਰਹੀ ਸੀ। ਇਸ ਨਾਲ ਟੌਹੜੇ ਦੀਆਂ ਅਭਿਲਾਸ਼ਾਵਾਂ ਦਾ ਭੋਗ ਪੈ ਜਾਂਦਾ। ਇਸ ਲਈ ਉਸ ਨੇ ਗਠਬੰਧਨ ਸਰਕਾਰ ਦੀ ਯੋਜਨਾ ਨੂੰ ਠੁੱਸ ਕਰਨ ਲਈ ਲੌਂਗੋਵਾਲ ਤੇ ਭਿੰਡਰਾਂਵਾਲੇ ਦੀ ਆਪਣੇ ਦਫ਼ਤਰ ਵਿੱਚ ਮੁਲਾਕਾਤ ਕਰਵਾਈ। ਲੌਂਗੋਵਾਲ ਉਸ ਦੇ ਜਾਲ ਵਿੱਚ ਫਸ ਗਿਆ ਤੇ ਗਠਬੰਧਨ ਸਰਕਾਰ ਦੀ ਯੋਜਨਾ ਤਿਆਗ ਦਿੱਤੀ ਗਈ। ਜਦੋਂ ਇਹ ਉਦੇਸ਼ ਪੂਰਾ ਹੋ ਗਿਆ ਤਾਂ ਭਿੰਡਰਾਂਵਾਲੇ ਨੇ ਲੌਂਗੋਵਾਲ ਨੂੰ ਵੀ ਛੱਡ ਦਿੱਤਾ।

ਇਸ ਮੁਲਾਕਾਤ ਮਗਰੋਂ ਸੰਤ ਦਾ ਨਜ਼ਦੀਕੀ ਸਹਿਯੋਗੀ ਅਮਰੀਕ ਸਿੰਘ (ਸਰਕਾਰ ਅਨੁਸਾਰ, ਗਲਤੀ ਨਾਲ) ਜੇਲ੍ਹ ਵਿੱਚੋਂ ਰਿਹਾ ਕਰ ਦਿੱਤਾ ਗਿਆ ਸੀ। ਉਸ ਨੇ ਸਰਵ ਭਾਰਤੀ ਸਿੱਖ ਵਿਦਿਆਰਥੀ ਸੰਘ ਸਮਾਗਮ ਕੀਤਾ। ਭਾਵੇਂ ਅਮਰੀਕ ਸਿੰਘ ਸੰਘ ਦਾ ਪਰਧਾਨ ਤੇ ਭਿੰਡਰਾਂਵਾਲੇ ਦਾ ਵਿਆਖਿਆਕਾਰ ਤੇ ਦੋਭਾਸ਼ੀਆ ਸੀ ਤੇ ਹਰਿਮੰਦਰ ਸਿੰਘ ਸੰਧੂ ਜਨਰਲ ਸਕੱਤਰ ਸੀ, ਪਰ ਸੰਘ ਅਜੇ ਵੀ ਅਕਾਲੀ ਦਲ ਦੀ ਸਹਿਯੋਗੀ ਸੰਸਥਾ ਸੀ। ਫਿਰ ਵੀ, ਇਸ ਸਮਾਗਮ ਵਿੱਚ ਅਕਾਲੀ ਦਲ ਦੇ ਪਰਧਾਨ ਲੌਂਗੋਵਾਲ ਦੀ ਖੁਲ੍ਹਮ ਖੁੱਲ੍ਹਾ ਹੇਠੀ ਕੀਤੀ ਗਈ। ਉੱਥੇ ਪੱਤਰਕਾਰ ਤਵਲੀਨ ਸਿੰਘ ਹਾਜ਼ਰ ਸੀ। ਉਸ ਨੇ ਕਿਹਾ, "ਇਸ ਸਮਾਗਮ ਵਿੱਚ ਬੇਦਾਗ਼ ਸਫ਼ੈਦ ਲਿਬਾਸ ਵਿੱਚ ਹੱਥ ਵਿੱਚ ਲੰਬੀ ਕਿਰਪਾਨ ਜਿਸ ਦੇ ਮਿਆਨ ਉੱਪਰ ਜ਼ਰੀ ਦੇ ਧਾਗੇ ਦੀ ਕਢਾਈ ਕੀਤੀ ਹੋਈ ਸੀ, ਭਿੰਡਰਾਂਵਾਲਾ ਇਕ ਸਿਤਾਰਾ ਸੀ, ਸਰਵੋਤਮ ਤੇ ਉੱਘਾ ਨਾਇਕ ਸੀ। ਲੌਂਗੋਵਾਲ ਵੀ ਸਟੇਜ ਉੱਪਰ ਸੀ ਪਰ ਸਭ ਤੋਂ ਅੰਤ ਤੇ ਭਾਸ਼ਣ ਦੇਣ ਦਾ ਮਾਨ ਭਿੰਡਰਾਂਵਾਲੇ ਨੂੰ ਦਿੱਤਾ ਗਿਆ। ਸਰਕਾਰ ਉੱਪਰ ਹਮਲਾ ਕੀਤਾ ਗਿਆ, ਹਿੰਦੂਆਂ ਨੂੰ ਬੁਰਾ ਭਲਾ ਕਿਹਾ ਗਿਆ ਤੇ ਰਾਸ਼ਟਰ ਪਿਤਾ

ਮਹਾਤਮਾ ਗਾਂਧੀ ਦਾ ਮਜ਼ਾਕ ਉਡਾਇਆ ਗਿਆ।"[1] ਤਵਲੀਨ ਸਿੰਘ ਅਨੁਸਾਰ ਲਾਊਡ ਸਪੀਕਰ ਉੱਪਰ ਲਾਏ ਗਏ ਗਾਣਿਆਂ ਵਿੱਚ ਇਕ ਇਹ ਗੀਤ ਵੀ ਸੀ : "ਸਾਡੇ ਬਾਪੂ ਗੁਰੂ ਗੋਬਿੰਦ ਸਿੰਘ ਕੋਲ ਸ਼ਸਤਰ ਤੇ ਵਧੀਆ ਤੀਰ ਸਨ ਤੇ ਹਿੰਦੂਆਂ ਦੇ ਬਾਪੂ ਕੋਲ ਬੁੱਢਿਆਂ ਦੇ ਚੱਲਣ ਵਾਲੀ ਲਾਠੀ ਸੀ।" ਲੌਂਗੋਵਾਲ ਨੇ ਸਮਾਗਮ ਦਾ ਰਉਂ ਵੇਖਦਿਆਂ ਤੇ ਭਾਂਪਦਿਆਂ ਹੋਇਆਂ ਕਿਹਾ, "ਅਸੀਂ ਰਾਜ ਦੀ ਪ੍ਰਾਪਤੀ ਲਈ ਲੜ ਰਹੇ ਹਾਂ ਤੇ ਅਜਿਹਾ ਰਾਜ ਹੋਵੇਗਾ ਜੋ ਗੁਰੂ ਨਾਨਕ ਦਾ ਸੁਪਨਾ ਸੀ।" ਉਸ ਨੇ ਇਹ ਵੀ ਕਿਹਾ, "ਸਿੱਖ ਆਪਣੀ ਸੁਤੰਤਰਤਾ ਲਈ ਲੜਾਈ ਵਿੱਚ ਉਲਝੇ ਹੋਏ ਹਨ।"

ਭਾਵੇਂ ਲੌਂਗੋਵਾਲ ਨੇ ਚੁੱਪਚਾਪ ਭਿੰਡਰਾਂਵਾਲੇ ਦਾ ਰਾਹ ਅਪਣਾ ਲਿਆ, ਪਰ ਇਹ ਉਸ ਲਈ ਲਾਭਕਾਰੀ ਸਿੱਧ ਨਾ ਹੋਇਆ। ਭਿੰਡਰਾਂਵਾਲਾ ਹੁਣ ਸਿੱਖ ਯੁਵਕਾਂ ਦਾ ਨਾਇਕ ਬਣ ਗਿਆ ਤੇ ਲੌਂਗੋਵਾਲ ਨੂੰ ਉਹਦਾ ਕੈਦੀ ਬਣ ਜਾਣ ਦਾ ਖ਼ਤਰਾ ਸੀ। ਪ੍ਰੰਤੂ ਉਸ ਨੇ ਇਸ ਸਥਿਤੀ ਨੂੰ ਰੋਕਣ ਲਈ ਕੋਈ ਪਹਿਲ ਨਾ ਕੀਤੀ, ਕੋਈ ਕਦਮ ਨਾ ਉਠਾਇਆ। ਉਸ ਦਿਨ ਤੋਂ ਲੌਂਗੋਵਾਲ ਗੁਰੂ ਨਾਨਕ ਨਿਵਾਸ ਨਾਲ ਲੱਗਦੇ ਬਲਾਕ (ਹਿੱਸੇ) ਵਿੱਚ ਆਪਣੇ ਕਮਰੇ 'ਚੋਂ ਘੱਟ ਹੀ ਕਦੇ ਬਾਹਰ ਆਇਆ। ਉਸ ਨੇ ਬਾਦਲ ਤੇ ਟੌਹੜੇ ਨਾਲ ਮਿਲ ਕੇ ਗੋਂਦ ਗੁੰਦੀ ਪਰ ਉਸ ਵਿੱਚ ਸਰਕਾਰ ਨਾਲ ਸਹਿਯੋਗ ਕਰਨ ਲਈ ਉਸ ਹੌਸਲੇ ਦੀ ਘਾਟ ਸੀ ਜਿਸ ਨਾਲ ਸਥਿਤੀ ਨੂੰ ਕਾਬੂ ਕੀਤਾ ਜਾ ਸਕਦਾ ਸੀ। ਅੰਤ ਵਿੱਚ ਇਹ ਭਾਰਤੀ ਸੈਨਾ ਹੀ ਸੀ ਜਿਸ ਨੇ ਲੌਂਗੋਵਾਲ ਨੂੰ ਬਚਾ ਕੇ ਭਿੰਡਰਾਂਵਾਲੇ ਦੀ ਕੈਦ 'ਚੋਂ ਕੱਢ ਲਿਆਂਦਾ ਤੇ ਸ਼੍ਰੀਮਤੀ ਗਾਂਧੀ ਦਾ ਕੈਦੀ ਬਣਾ ਦਿੱਤਾ।

ਭਿੰਡਰਾਂਵਾਲੇ ਤੇ ਲੌਂਗੋਵਾਲ ਵਿੱਚ ਫ਼ਸਾਦ ਤੇ ਲੜਾਈ ਝਗੜੇ ਕਾਰਨ ਮੰਦਰ ਸਮੂਹ ਵਿੱਚ ਤਨਾਅ ਵੱਧ ਗਿਆ ਜਿੱਥੇ ਦੋਹਾਂ ਦੀ ਰਿਹਾਇਸ਼ ਸੀ। ਇਸ ਤਨਾਅ ਨੇ ਛੇਤੀ ਹੀ ਖੁਲ੍ਹਮ ਖੁਲ੍ਹੀ ਹਿੰਸਾ ਦਾ ਰੂਪ ਲੈ ਲਿਆ ਜਿਸ ਕਾਰਨ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਤੇ ਜਾ ਕੇ ਸ਼ਰਨ ਲੈਣੀ ਪਈ। ਉਸ ਸਮੇਂ ਮੰਦਰ ਸਮੂਹ ਵਿੱਚ ਵਧ ਰਹੇ ਝਗੜੇ ਤੇ ਗਰਮਾਗਰਮੀ ਦਾ ਪਤਾ ਬਾਹਰ ਵਗਦੇ ਗੰਦੇ ਨਾਲਿਆਂ ਵਿੱਚ ਮਿਲੀਆਂ ਲਾਸ਼ਾਂ ਤੋਂ ਲੱਗਦਾ ਸੀ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਸਤੰਬਰ ਅਤੇ ਅਗਸਤ 1983 ਵਿੱਚ ਗੰਦੇ ਨਾਲੇ 'ਚੋਂ ਘੱਟੋ ਘੱਟ ਪੰਜ ਲਾਸ਼ਾਂ ਮਿਲੀਆਂ। ਜਦੋਂ ਸਤੀਸ਼ ਜੈਕਬ ਨੇ ਉਸ ਨੂੰ ਪੁੱਛਿਆ ਕਿ ਉਹ ਮੌਤਾਂ ਕਿਵੇਂ ਹੋਈਆਂ ਤਾਂ ਉਸ ਨੇ ਉੱਤਰ ਦਿੱਤਾ, "ਮੈਨੂੰ ਨਾ ਪੁੱਛੋ। ਤੁਸੀਂ ਜਾਣਦੇ ਹੀ ਹੋ।" ਇਕ ਪੁਲੀਸ ਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਪੋਸਟ ਮਾਰਟਮ ਰਿਪੋਰਟਾਂ ਤੋਂ ਪਤਾ ਲੱਗਦਾ ਸੀ ਕਿ ਉਹਨਾਂ ਵਿਅਕਤੀਆਂ ਨੂੰ ਮਾਰਨ ਤੋਂ ਪਹਿਲਾਂ ਤਸੀਹੇ ਦਿੱਤੇ ਗਏ ਸਨ। ਭਾਵੇਂ ਉਹ ਲਾਸ਼ਾਂ ਸਾਫ਼ ਤੌਰ 'ਤੇ ਕਤਲਾਂ ਦਾ ਸਬੂਤ ਸਨ, ਪੁਲੀਸ ਨੇ ਆਪ ਤਸਲੀਮ ਕੀਤਾ ਕਿ ਉਹਨਾਂ ਵਲੋਂ ਮੌਤ ਦੇ ਕਾਰਨਾਂ ਦੀ ਪੜਤਾਲ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ ਗਈ।

ਭਿੰਡਰਾਂਵਾਲੇ ਦੀ ਬਾਕੀ ਪੰਜਾਬ 'ਤੇ ਵੀ ਪਕੜ ਮਜ਼ਬੂਤ ਹੋ ਰਹੀ ਸੀ। ਅਟਵਾਲ ਦੇ ਕਤਲ ਤੇ ਸਰਕਾਰ ਵੱਲੋਂ ਕੁਝ ਵੀ ਕਰਨ ਵਿੱਚ ਅਸਫਲ ਰਹਿਣ ਮਗਰੋਂ ਸਾਰੇ ਰਾਜ ਵਿੱਚ ਦਹਿਸ਼ਤ ਤੇ ਘਬਰਾਹਟ ਫੈਲ ਗਈ। ਨਿਰਸੰਦੇਹ ਜਨਤਾ ਨੇ ਮਹਿਸੂਸ ਕੀਤਾ ਕਿ ਸਰਕਾਰ ਇਤਨੀ ਕਮਜ਼ੋਰ ਸੀ ਕਿ ਉਹ ਇਕ ਸੀਨੀਅਰ ਪੁਲਸ ਅਧਿਕਾਰੀ ਦੇ ਕਾਤਲਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਸਕੀ ਤਾਂ ਉਹ ਉਹਨਾਂ ਨੂੰ ਸੁਰੱਖਿਆ ਵੀ ਨਹੀਂ ਦੇ

ਸਕੇਗੀ। ਇਹ ਉਹ ਸਮਾਂ ਸੀ ਜਦੋਂ ਭਿੰਡਰਾਂਵਾਲੇ ਦੇ ਨਿਸ਼ਾਨੇ 'ਤੇ ਰੱਖੇ ਲੋਕਾਂ ਦੀ ਸੂਚੀ ਜਾਰੀ ਕੀਤੀ ਗਈ। ਇਹ ਉਹਨਾਂ ਪੁਲੀਸ ਅਫ਼ਸਰਾਂ, ਕਰਮਚਾਰੀਆਂ, ਹਿੰਦੂਆਂ ਤੇ ਸਗੋਂ ਸਿੱਖਾਂ ਦੀ ਸੂਚੀ ਸੀ ਜਿਹਨਾਂ ਵਿਰੁੱਧ ਭਿੰਡਰਾਂਵਾਲੇ ਨੂੰ ਕੋਈ ਸ਼ਿਕਾਇਤ ਸੀ। ਨਿਸ਼ਾਨੇ ਦੀ ਸੂਚੀ ਦੀ ਕਹਾਣੀ ਕਾਫ਼ੀ ਵਧਾ ਚੜ੍ਹਾ ਕੇ ਕਹੀ ਗਈ ਸੀ। ਕਿਹਾ ਜਾਂਦਾ ਸੀ ਕਿ ਹਰ ਨਾਮ ਵੱਖਰੇ ਕਾਗ਼ਜ਼ ਦੇ ਟੁਕੜੇ 'ਤੇ ਲਿਖਿਆ ਜਾਂਦਾ ਸੀ ਤੇ ਮਿੱਟੀ ਦੇ ਘੜੇ ਵਿੱਚ ਭਿੰਡਰਾਂਵਾਲੇ ਦੇ ਕਮਰੇ ਵਿੱਚ ਰੱਖਿਆ ਜਾਂਦਾ ਸੀ। ਜਦੋਂ ਕੋਈ ਭਿੰਡਰਾਂਵਾਲੇ ਕੋਲ ਆਉਂਦਾ ਤੇ ਪੁੱਛਦਾ ਕਿ ਉਹ ਕੀ ਸੇਵਾ ਕਰ ਸਕਦਾ ਸੀ ਤਾਂ ਭਿੰਡਰਾਂਵਾਲਾ ਉਸ ਨੂੰ ਕਹਿੰਦਾ ਕਿ ਉਹ ਭਾਂਡੇ ਵਿੱਚ ਕਾਗ਼ਜ਼ ਦਾ ਟੁਕੜਾ ਕੱਢੇ ਤੇ ਜੋ ਉਸ ਉੱਪਰ ਲਿਖਿਆ ਹੈ, ਪੜ੍ਹੇ। ਸੰਭਾਵੀ ਨਵਾਂ ਭਰਤੀ ਹੋਇਆ ਜਵਾਨ ਕਾਗ਼ਜ਼ 'ਤੇ ਲਿਖਿਆ ਨਾਮ ਪਤਾ ਪੜ੍ਹਦਾ ਤੇ ਫਿਰ ਭਿੰਡਰਾਂਵਾਲਾ ਉਸ ਨੂੰ ਉਹਦੀ ਅਲਖ ਮੁਕਾਉਣ ਲਈ ਕਹਿੰਦਾ। ਇਹ ਸਭ ਇਕ ਕਪੋਲ ਕਲਪਨਾ ਜਾਪਦੀ ਹੈ। ਨਾ ਹੀ ਮੈਂ, ਨਾ ਹੀ ਸਤੀਸ਼ ਜੈਕਬ ਤੇ ਨਾ ਹੀ ਕਿਸੇ ਹੋਰ ਨੇ ਉਹ ਘੜਾ (ਭਾਂਡਾ) ਵੇਖਿਆ ਸੀ, ਹਰ ਨਿਸ਼ਾਨੇ ਲਈ ਮਿਥੇ ਹੋਏ ਵਿਅਕਤੀਆਂ ਦੀ ਸੂਚੀ ਜ਼ਰੂਰ ਸੀ। ਤਵਲੀਨ ਸਿੰਘ ਉਹਨਾਂ ਪੱਤਰਕਾਰਾਂ ਵਿੱਚੋਂ ਇਕ ਸੀ ਜਿਸ ਨੇ ਆਪ ਵੇਖਿਆ ਕਿ ਕਿਵੇਂ ਕਿਸੇ ਆਦਮੀ ਦਾ ਨਾਮ (ਹਿੱਟ ਲਿਸਟ) ਘਾਤ ਲਾ ਕੇ ਮਾਰਨ ਵਾਲੀ ਸੂਚੀ ਵਿੱਚ ਦਰਜ ਕੀਤਾ ਜਾਂਦਾ ਸੀ।

ਇਕ ਵਾਰ ਤਵਲੀਨ ਸਿੰਘ ਨੇ ਭਿੰਡਰਾਂਵਾਲੇ ਨੂੰ ਪੁੱਛਿਆ ਕਿ ਕੀ ਉਸ ਨੂੰ ਸੱਚਮੁੱਚ ਹੀ ਯਕੀਨ ਹੈ ਕਿ ਸਿੱਖਾਂ ਨਾਲ ਵਿਤਕਰਾ ਕੀਤਾ ਜਾ ਰਿਹਾ ਸੀ। ਭਿੰਡਰਾਂਵਾਲਾ ਗੁੱਸੇ ਵਿੱਚ ਆ ਗਿਆ ਤੇ ਉੱਚੀ ਆਵਾਜ਼ ਵਿੱਚ ਗਰਜਿਆ, "ਤੂੰ ਵੇਖਣਾ ਚਾਹੁੰਦਾ ਏਂ ਕਿ ਉਹ ਸਿੱਖਾਂ ਨਾਲ ਕਿਹੋ ਜਿਹਾ ਸਲੂਕ ਕਰਦੇ ਹਨ ? ਆ ਤੈਨੂੰ ਦਿਖਾਵਾਂ।" ਸੰਤ ਦੇ ਸਾਹਮਣੇ ਇਕ ਉੱਚਾ ਲੰਮਾ 30 ਸਾਲਾ ਸਿੱਖ ਲਿਆਂਦਾ ਗਿਆ। ਉਸ ਦਾ ਨਾਮ ਲਹਿਰ ਸਿੰਘ ਸੀ ਤੇ ਉਸ ਨੇ ਸਿੱਖਾਂ ਦਾ ਪਰੰਪਰਾਗਤ ਬਾਣਾ ਪਹਿਨਿਆ ਹੋਇਆ ਸੀ ਭਾਵੇਂ ਉਸ ਦੀ ਦਾੜ੍ਹੀ ਥਾਂ ਥਾਂ ਤੋਂ ਪੁੱਟੀ ਹੋਈ ਸੀ। ਲਹਿਰ ਸਿੰਘ ਨੇ ਕਿਹਾ ਕਿ ਇਕ ਪੁਲਸ ਅਫ਼ਸਰ ਬਿੱਛੂ ਰਾਮ ਨੇ ਉਸ ਦੀ ਦਾੜ੍ਹੀ ਮੁੰਨ ਕੇ ਉਸ ਨੂੰ ਕਿਹਾ ਸੀ 'ਜਾ, ਭਿੰਡਰਾਂਵਾਲੇ ਨੂੰ ਦੱਸ ਦੇਵੀਂ।" ਜਦੋਂ 6 ਮਹੀਨੇ ਮਗਰੋਂ ਤਵਲੀਨ ਸਿੰਘ ਨੇ ਬਿੱਛੂ ਰਾਮ ਦੇ ਕਤਲ ਦੀ ਖ਼ਬਰ ਪੜ੍ਹੀ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੇ ਤਾਂ ਖ਼ੁਦ ਬਿੱਛੂ ਰਾਮ ਦੀ ਮੌਤ ਦੇ ਹੁਕਮਾਂ 'ਤੇ ਦਸਤਖ਼ਤ ਹੁੰਦੇ ਆਪ ਵੇਖੇ ਸਨ।

ਇਕ ਹੋਰ ਬਹੁਤ ਚਰਚਾ 'ਚ ਰਹੀ ਡੀ.ਐਸ.ਪੀ. ਬਚਨ ਸਿੰਘ ਦੀ ਘਟਨਾ ਵੀ ਸੀ। ਸਰਵ ਭਾਰਤੀ ਸਿੱਖ ਵਿਦਿਆਰਥੀ ਸੰਘ ਦੇ ਪਰਧਾਨ ਅਮਰੀਕ ਸਿੰਘ ਨੇ ਐਲਾਨ ਕੀਤਾ ਕਿ ਜਦੋਂ ਉਹ ਗ੍ਰਿਫ਼ਤਾਰ ਸੀ ਤਾਂ ਬਚਨ ਸਿੰਘ ਨੇ ਉਸ ਨੂੰ ਬਹੁਤ ਤਸੀਹੇ ਦਿੱਤੇ ਸਨ। ਭਿੰਡਰਾਂਵਾਲੇ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਪੁਲਿਸ ਅਧਿਕਾਰੀ ਨੂੰ ਇਹਦਾ ਬਦਲਾ ਜਾਨ ਦੇ ਕੇ ਚੁਕਾਉਣਾ ਪਵੇਗਾ। ਉਸ ਨੇ ਤਾਂ ਇਹ ਸਜ਼ਾ ਭੁਗਤੀ ਹੀ, ਉਸ ਦੇ ਸਾਰੇ ਪਰਿਵਾਰ ਨੂੰ ਵੀ ਜਾਨ ਗੁਆਉਣੀ ਪਈ। ਭਿੰਡਰਾਂਵਾਲਾ ਤੇ ਉਹਦੇ ਆਦਮੀ ਆਪਣੇ ਵੈਰੀਆਂ ਨੂੰ ਧਮਕੀਆਂ ਭਰੇ ਖ਼ਤ ਭੇਜਦੇ ਰਹਿੰਦੇ, ਜਿਵੇਂ ਉਹਨਾਂ ਨੇ ਸਿੱਖ ਇਤਿਹਾਸ ਤੇ ਕਾਲਮ ਨਵੀਸ ਖ਼ੁਸ਼ਵੰਤ ਸਿੰਘ ਨੂੰ, ਅਤੇ ਪੰਜਾਬ ਅਤੇ ਹਰਿਆਣਾ ਦੇ ਦੈਨਿਕ ਅੰਗਰੇਜ਼ੀ "ਦੀ ਟ੍ਰਿਬਿਊਨ" ਦੇ ਸੰਪਾਦਕ ਪ੍ਰੇਮ ਭਾਟੀਆ ਨੂੰ ਧਮਕੀ ਪੱਤਰ ਵੀ

ਭੇਜੇ। ਭਾਟੀਆ ਨੂੰ ਇਤਨੇ ਧਮਕੀ ਪੱਤਰ ਮਿਲੇ ਕਿ ਪੁਲਸ ਨੂੰ ਚੰਡੀਗੜ੍ਹ ਵਿੱਚ ਉਹਦੇ ਘਰ ਦੇ ਬਾਹਰ ਡੇਰਾ ਲਾਉਣਾ ਪਿਆ। ਭਿੰਡਰਾਂਵਾਲੇ ਵੱਲੋਂ ਬਦਲੇ ਦੀ ਭਾਵਨਾ ਨਾਲ ਸਭ ਤੋਂ ਪਹਿਲਾਂ ਮਾਰੇ ਗਏ ਲਾਲਾ ਜਗਤ ਨਾਰਾਇਣ ਦੇ ਕਤਲ ਮਗਰੋਂ ਕੋਈ ਵੀ ਪੱਤਰਕਾਰ ਅਵੇਸਲਾ ਨਹੀਂ ਰਹਿ ਸਕਦਾ ਸੀ। ਭਿੰਡਰਾਂਵਾਲਾ ਆਮ ਹੀ ਕਿਹਾ ਕਰਦਾ ਸੀ ਕਿ ਉਸ ਨੂੰ ਸਿੱਖ ਪੰਥ ਦੇ ਦੁਸ਼ਮਣਾਂ ਨੂੰ ਮੌਤ ਦੇ ਘਾਟ ਉਤਾਰਨ ਵਿੱਚ ਕੋਈ ਗ਼ਲਤੀ ਨਹੀਂ ਲੱਗਦੀ ਤੇ ਹਰ ਕੱਟੜ ਤੇ ਧਾਰਮਕ ਜਨੂਨੀ ਵਾਂਗ ਉਹ ਆਪਣੇ ਵਿਰੋਧੀਆਂ ਨੂੰ ਆਪਣੇ ਧਰਮ ਦੇ ਵਿਰੋਧੀ ਹੀ ਸਮਝਦਾ ਸੀ।

ਜਿਉਂ-ਜਿਉਂ "ਹਿੱਟ ਲਿਸਟ" ਦੀ ਦੰਦ ਕਥਾ ਵਧਦੀ ਗਈ, ਉਸ ਤਰ੍ਹਾਂ ਹੀ ਭਿੰਡਰਾਂਵਾਲੇ ਦਾ ਪਰਭਾਵ ਪੰਜਾਬ ਦੇ ਲੋਕਾਂ ਵਿੱਚ ਵਧਦਾ ਗਿਆ। ਉਹ ਆਪਣੀਆਂ ਸਮੱਸਿਆਵਾਂ ਸੁਲਝਾਉਣ ਲਈ ਅਦਾਲਤਾਂ ਤੇ ਪਰਸ਼ਾਸਨ ਕੋਲ ਜਾਣ ਦੀ ਥਾਂ ਉਸ ਕੋਲ ਆਉਣ ਲੱਗੇ। ਇਕ ਵਾਰ ਸਤੀਸ਼ ਜੈਕਬ ਨੇ ਇਕ ਅੱਧਖੜ ਇਸਤਰੀ ਤੇ ਉਹਦੇ ਜਵਾਨ ਪੁੱਤਰ ਨੂੰ ਆਪਣਾ ਪੱਖ ਭਿੰਡਰਾਂਵਾਲੇ ਕੋਲ ਪੇਸ਼ ਕਰਦਿਆਂ ਵੇਖਿਆ। ਇਸਤਰੀ ਨੇ ਕਿਹਾ ਕਿ ਉਹਦੇ ਪਤੀ ਨੇ ਉਸ ਨੂੰ ਛੱਡ ਦਿੱਤਾ ਹੈ ਤੇ ਉਸ ਨੂੰ ਖ਼ਰਚ ਵੀ ਨਹੀਂ ਦੇ ਰਿਹਾ। ਉਸ ਨੇ ਭਿੰਡਰਾਂਵਾਲੇ ਨੂੰ ਕਿਹਾ ਕਿ ਉਸ ਨੂੰ 'ਮਰਵਾ' ਦਿੱਤਾ ਜਾਵੇ।

ਭਿੰਡਰਾਂਵਾਲੇ ਨੇ ਉੱਤਰ ਦਿੱਤਾ, "ਮੈਂ ਉਹਨਾਂ ਨੂੰ ਹੀ ਮਰਵਾਉਂਦਾ ਹਾਂ ਜੋ ਸਿੱਖ ਧਰਮ ਦੇ ਵੈਰੀ ਹਨ ਜਿਵੇਂ ਪੁਲਸੀਏ, ਸਰਕਾਰੀ ਕਰਮਚਾਰੀ ਤੇ ਹਿੰਦੂ।" ਤਾਂ ਪੁੱਤਰ ਨੇ ਫਿਰ ਕਿਹਾ, "ਕੀ ਤੁਸੀਂ ਮੈਨੂੰ ਇਕ ਹਥਿਆਰ ਦੇ ਸਕਦੇ ਹੋ ਤਾਂ ਜੋ ਮੈਂ ਆਪ ਜਾ ਕੇ ਇਹ ਕੰਮ ਕਰ ਸਕਾਂ।"

ਭਿੰਡਰਾਂਵਾਲੇ ਨੇ ਮੂੰਹ ਤੋੜ ਜਵਾਬ ਦਿੱਤਾ ਤੇ ਕਿਹਾ, "ਨਹੀਂ, ਜਾਓ ਤੇ ਬੰਦੂਕ ਆਪ ਜਾ ਕੇ ਖ਼ਰੀਦ ਲਵੋ।"

"ਜੇ ਮੈਂ ਇਹ ਕੰਮ ਕਰ ਦਿੱਤਾ ਤਾਂ ਮੈਂ ਤੁਹਾਡੀ ਸ਼ਰਨ ਵਿੱਚ ਆ ਸਕਦਾ ਹਾਂ ?"

"ਨਹੀਂ। ਅਸੀਂ ਉਹਨਾਂ ਲੋਕਾਂ ਨੂੰ ਹੀ ਸ਼ਰਨ ਦਿੰਦੇ ਹਾਂ, ਜੋ ਲਹਿਰ ਦੀ ਖ਼ਾਤਰ ਕੋਈ ਕੰਮ ਕਰਕੇ ਵਾਪਸ ਆਉਂਦੇ ਹਨ। ਜੇ ਤੂੰ ਜਾ ਕੇ ਕਿਸੇ ਪੁਲਸੀਏ ਦਾ ਖ਼ਾਤਮਾ ਕਰੇਂ ਜਿਸ ਨੇ ਮੇਰੇ ਆਦਮੀਆਂ ਨੂੰ ਤੰਗ ਪਰੇਸ਼ਾਨ ਕੀਤਾ ਹੋਵੇ ਜਾਂ ਉਸ ਸਰਕਾਰੀ ਅਧਿਕਾਰੀ ਨੂੰ ਜੋ ਸਾਡੇ ਵਿਰੁੱਧ ਹੈ ਤਾਂ ਹੀ ਮੈਂ ਤੈਨੂੰ ਸ਼ਰਨ ਦੇਵਾਂਗਾ ਤੇ ਮੈਂ ਤੇਰਾ ਹਾਰ ਪਾ ਕੇ ਸੁਆਗਤ ਕਰਾਂਗਾ।"

ਅੰਤ ਵਿੱਚ ਸੰਤ ਨੇ ਨੌਜਵਾਨ ਤੇ ਉਸ ਦੀ ਮਾਂ 'ਤੇ ਤਰਸ ਖਾਧਾ। ਉਸ ਨੇ ਉਸ ਦੇ ਪਿਤਾ ਦਾ ਤੇ ਉਸ ਦੇ ਪਿੰਡ ਦਾ ਨਾਮ ਪੁੱਛਿਆ ਤੇ ਕਿਹਾ : "ਅੱਛਾ! ਮੈਂ ਥਾਣੇਦਾਰ ਨੂੰ ਕਹਿ ਕੇ ਤੇਰੇ ਪਿਉ ਦੀਆਂ ਲੱਤਾਂ ਤੁੜਵਾ ਦਿਆਂਗਾ।"

ਜਦੋਂ ਸਤੀਸ਼ ਜੈਕਬ ਨੇ ਭਿੰਡਰਾਂਵਾਲੇ ਦੇ ਦੁਭਾਸ਼ੀਏ ਤੋਂ ਪੁੱਛਿਆ ਕਿ ਉਹ ਇੰਜ ਕਿਸ ਤਰ੍ਹਾਂ ਕਰੇਗਾ, ਤਾਂ ਦੁਭਾਸ਼ੀਏ ਨੇ ਉੱਤਰ ਦਿੱਤਾ, "ਕੋਈ ਵੀ ਸੰਤ ਦਾ ਹੁਕਮ ਮੰਨਣ ਤੋਂ ਇਨਕਾਰ ਨਹੀਂ ਕਰ ਸਕਦਾ।"

ਅਮੀਰ ਆਦਮੀ ਵੀ ਭਿੰਡਰਾਂਵਾਲੇ ਕੋਲ ਰਿਆਇਤਾਂ ਤੇ ਦਇਆ ਲਈ ਆਇਆ ਕਰਦੇ ਸਨ ਪਰ ਉਹਨਾਂ ਨੂੰ ਜਿਮਾਇਤ ਕਰਨ ਲਈ ਰਕਮ ਦੇਣੀ ਪੈਂਦੀ ਸੀ। ਸਵਰਨ ਮੰਦਰ ਦੇ ਇਕ ਗ੍ਰੰਥੀ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਇਕ ਵਾਰ ਇਕ ਅਮੀਰ ਸਿੱਖ

ਜ਼ਿਮੀਂਦਾਰ ਜਿਹੜਾ ਆਪਣੇ ਕਰਾਏਦਾਰ ਤੋਂ ਗੁਦਾਮ ਖ਼ਾਲੀ ਕਰਾਉਣਾ ਚਾਹੁੰਦਾ ਸੀ, ਭਿੰਡਰਾਂਵਾਲੇ ਕੋਲ ਆਇਆ। ਉਸ ਨੇ ਪੁੱਛਿਆ ਕਿ ਉਹ ਗੋਦਾਮ ਜਿਹੜਾ ਉਹ ਖ਼ਾਲੀ ਕਰਾਉਣਾ ਚਾਹੁੰਦਾ ਹੈ ਕਿਤਨੀ ਕੀਮਤ ਦਾ ਹੈ। ਉਸ ਨੇ ਉੱਤਰ ਵਿੱਚ ਕਿਹਾ, "10 (ਦਸ) ਲੱਖ ਦਾ।" ਭਿੰਡਰਾਂਵਾਲੇ ਨੇ ਉਸ ਨੂੰ ਕਿਹਾ ਕਿ ਉਹ ਦਸ ਹਜ਼ਾਰ ਮੱਥਾ ਟੇਕੇ। ਅਗਲੇ ਦਿਨ ਕਰਾਏਦਾਰ ਨੂੰ ਭਿੰਡਰਾਂਵਾਲੇ ਦੇ ਦਰਸ਼ਨ ਕਰਨ ਲਈ ਬੁਲਾਇਆ ਗਿਆ ਤੇ ਉਸ ਨੂੰ ਗੋਦਾਮ ਖ਼ਾਲੀ ਕਰਨ ਦਾ ਹੁਕਮ ਦਿੱਤਾ ਗਿਆ, ਜੋ ਉਸ ਨੇ ਤੁਰਤ ਹੀ ਖ਼ਾਲੀ ਕਰ ਦਿੱਤਾ। ਜਗਜੀਤ ਸਿੰਘ ਬਾਵਾ ਨਾਮ ਦੇ ਇਕ ਸਿੱਖ ਮਿਲਖ-ਵਪਾਰੀ ਨੇ ਕਿਹਾ ਕਿ ਭਿੰਡਰਾਂਵਾਲਾ ਆਪਣੇ ਭਾਈਚਾਰੇ ਤੋਂ ਵੀ ਡਰਾ ਧਮਕਾ ਕੇ ਪੈਸੇ ਜਬਰੀ ਉਗਰਾਹਿਆ ਕਰਦਾ ਸੀ।

ਬਾਵਾ ਨੂੰ ਇਕ ਵਾਰ 20 ਹਜ਼ਾਰ ਰੁਪੈ ਦੀ ਮੰਗ ਆਈ। ਉਸ ਨੇ ਤੁਰਤ ਹੀ ਰਕਮ ਅਦਾ ਕਰ ਦਿੱਤੀ। ਬਾਵਾ ਦੇ ਅਨੁਸਾਰ ਛੋਟੇ ਵਪਾਰੀਆਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਸੀ। ਮਿਸਾਲ ਦੇ ਤੌਰ 'ਤੇ ਜਵਾਨ ਸਿੱਖ, ਕੱਪੜਾ ਵਪਾਰੀਆਂ ਕੋਲ ਜਾਂਦੇ ਤੇ ਕਹਿੰਦੇ, "ਸੰਤ ਜੀ ਨੇ ਕੱਪੜੇ ਦੀਆਂ ਦੋ ਗੱਠਾਂ ਮੰਗਵਾਈਆਂ ਹਨ।" ਫਿਰ ਉਹ ਆਪਣੀ ਪਸੰਦ ਦਾ ਕੱਪੜਾ ਲੈ ਕੇ ਚਲੇ ਜਾਂਦੇ।

ਜਿਉਂ-ਜਿਉਂ ਭਿੰਡਰਾਂਵਾਲੇ ਦੀਆਂ ਗਤੀਵਿਧੀਆਂ ਵਧ ਗਈਆਂ, ਉਹਦੇ ਉਦਾਲੇ ਅਮਲਾ ਫੈਲਾ ਵੀ ਵਧਦਾ ਰਿਹਾ। ਸਭ ਤੋਂ ਸਪੱਸ਼ਟ ਤਬਦੀਲੀ ਅਮਰੀਕ ਸਿੰਘ ਦੀ ਵਾਪਸੀ ਸੀ। ਉਸ ਦੀ ਰਿਹਾਈ ਪਿੱਛੋਂ ਜੋ ਵੀ ਭਿੰਡਰਾਂਵਾਲੇ ਕੋਲ ਆਉਂਦਾ ਉਸ ਨੂੰ ਸਾਫ਼ ਪਤਾ ਲੱਗਦਾ ਸੀ ਕਿ ਦਰਜਾਬੰਦੀ ਅਨੁਸਾਰ ਅਮਰੀਕ ਸਿੰਘ ਦੂਸਰੇ ਨੰਬਰ 'ਤੇ ਹੈ ਭਾਵ ਭਿੰਡਰਾਂਵਾਲੇ ਮਗਰੋਂ ਉਸ ਦਾ ਸਥਾਨ ਹੈ। ਜਰਨੈਲ ਸ਼ਾਹਬੇਗ ਸਿੰਘ ਜਿਸ ਨੇ ਹਰਿਮੰਦਰ ਦੀ ਕਿਲ੍ਹਾਬੰਦੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਹੁਣੀ ਸੀ, ਉਹ ਵੀ ਭਿੰਡਰਾਂਵਾਲੇ ਨਾਲ ਆਮ ਹੀ ਵੇਖਿਆ ਜਾਂਦਾ ਸੀ। ਜਿਹੜੇ ਲੋਕ ਸਵਰਨ ਮੰਦਰ ਦੇ ਇਰਦ ਗਿਰਦ ਬਾਜ਼ਾਰਾਂ ਵਿੱਚ ਰਹਿੰਦੇ ਸਨ, ਉਹ ਮੰਦਰ ਸਮੂਹ 'ਚੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣਦੇ ਰਹਿੰਦੇ ਸਨ। ਉਹਨਾਂ ਨੂੰ ਦੱਸਿਆ ਜਾਂਦਾ ਸੀ ਕਿ ਸਾਬਕਾ ਫ਼ੌਜੀ ਸਿੱਖ ਯੁਵਕਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿਆ ਕਰਦੇ ਸਨ। ਜੂਨ 1983 ਵਿੱਚ ਸਰਕਾਰ ਨੂੰ ਵੀ ਇਹ ਸੂਚਨਾ ਮਿਲੀ ਕਿ ਸਿੱਖਾਂ ਨੂੰ ਕਸ਼ਮੀਰ ਦੇ ਕੈਂਪਾਂ ਵਿੱਚ ਹਥਿਆਰਾਂ ਦੀ ਸਿਖਲਾਈ ਦਿੱਤੀ ਜਾ ਰਹੀ ਸੀ। ਕਸ਼ਮੀਰ ਦੇ ਮੁੱਖ ਮੰਤਰੀ ਦਾ ਇਹ ਦਾਅਵਾ ਸੀ ਕਿ ਇਹ ਕੈਂਪ ਕੇਵਲ ਧਾਰਮਕ ਸੰਮੇਲਨ ਸਨ ਜਿੱਥੇ ਨੌਜਵਾਨ ਸਿੱਖਾਂ ਨੂੰ ਸ਼ਸਤਰਾਂ ਦੀ ਸਿਖਲਾਈ ਨਹੀਂ ਸਗੋਂ ਧਾਰਮਕ ਗਿਆਨ ਦਿੱਤਾ ਜਾਂਦਾ ਸੀ। ਸਿੱਖ ਆਪਣੀ ਚੜ੍ਹਤਲ ਸਮੇਂ ਵੀ ਜੰਗਜੂ ਪਰੰਪਰਾ ਵਾਲਾ ਹਿੰਸਕ ਭਾਈਚਾਰਾ ਰਿਹਾ ਹੈ। ਪੰਜਾਬ ਦਾ ਨੇਮ ਹੈ, "ਖ਼ੂਨ ਦਾ ਬਦਲਾ ਖ਼ੂਨ।" ਇਸ ਲਈ ਸੰਤ ਦੇ ਨੌਜਵਾਨ ਪੈਰੋਕਾਰਾਂ ਲਈ ਬੰਦੂਕਾਂ ਦੀ ਵਰਤੋਂ ਸੁਭਾਵਿਕ ਹੀ ਸੀ।

1983 ਦੇ ਮਗਰਲੇ ਅੱਧ ਵਿੱਚ ਗੁਰੂ ਨਾਨਕ ਨਿਵਾਸ ਵਿੱਚ ਆਉਣ ਵਾਲੀ ਇਕ ਸੂਰਤ ਗੁਰਤੇਜ ਸਿੰਘ ਦੀ ਸੀ। ਉਹ ਬਰਤਾਨਵੀ ਆਈ.ਸੀ.ਐਸ. ਦੀ ਥਾਂ 'ਤੇ ਆਉਣ ਵਾਲੀ ਪ੍ਰਤਿਸ਼ਠ ਤੇ ਸ੍ਰੇਸ਼ਟ ਵਰਗ ਆਈ.ਏ.ਐਸ. ਦਾ ਮੈਂਬਰ ਸੀ। ਗੁਰਤੇਜ ਸਿੰਘ ਨੇ ਸਿੱਖ ਰਾਸ਼ਟਰਵਾਦ ਬਾਰੇ ਆਪਣੇ ਇੰਤਹਾਪਸੰਦਾਂ ਵਿਚਾਰਾਂ ਕਾਰਨ 10 ਸਾਲ ਦੀ ਸੇਵਾ ਪਿੱਛੋਂ

ਆਈ. ਏ. ਐਸ ਦੀ ਪਦਵੀ ਦਾ ਤਿਆਗ ਕਰ ਦਿੱਤਾ ਸੀ। ਪੜ੍ਹਿਆ ਲਿਖਿਆ, ਸੂਝਵਾਨ ਤੇ ਵਿਵੇਕਪੂਰਨ ਹੋਣ ਕਾਰਨ ਉਹ ਭਿੰਡਰਾਂਵਾਲੇ ਦੇ ਉਦਾਲੇ ਇਕੱਠੇ ਹੋਏ ਅਪਰਾਧੀਆਂ, ਭਗੌੜਿਆਂ ਤੇ ਗੰਵਾਰ, ਉਜੱਡ ਧਾਰਮਕ ਜਨੂਨੀਆਂ ਦੇ ਬਿਲਕੁਲ ਹੀ ਵਿਪਰੀਤ ਸੀ। ਉਸ ਦੇ ਸ਼ਾਸਨ ਵਿਵਸਥਾ ਨਾਲ ਅਣਮੋਲ ਸੰਪਰਕ ਤੇ ਸੰਬੰਧ ਸਨ ਤੇ ਉਸ ਨੂੰ ਸਰਕਾਰ ਦੇ ਕੰਮ ਕਾਜ ਦੇ ਢੰਗ ਦੀ ਪੂਰੀ ਜਾਣਕਾਰੀ ਸੀ। ਤਵਲੀਨ ਸਿੰਘ ਦਾ ਵਿਸ਼ਵਾਸ ਹੈ ਕਿ ਗੁਰਤੇਜ ਸਿੰਘ ਭਿੰਡਰਾਂਵਾਲੇ ਦਾ 'ਸਿਧਾਂਤਕਾਰ' ਬਣ ਗਿਆ।

ਸਵਰਨ ਮੰਦਰ ਵਿੱਚ ਸਿੱਖ ਵਿਦਿਆਰਥੀ ਸਮਾਗਮ ਵਿੱਚ ਹਿੰਦੂ ਵਿਰੋਧੀ ਨਾਅਰਿਆਂ, ਭਾਸ਼ਣਾਂ ਤੇ ਗੀਤਾਂ ਮਗਰੋਂ ਭਿੰਡਰਾਂਵਾਲੇ ਨੇ ਆਪਣਾ ਧਿਆਨ ਉਸ ਧਰਮ ਵੱਲ ਕੇਂਦ੍ਰਿਤ ਕਰ ਲਿਆ। ਉਸ ਨੂੰ ਆਪਣੇ ਪੈਰੋਕਾਰਾਂ ਵਿੱਚ ਜੋਸ਼ ਭਰਨ ਲਈ ਵੈਰੀਆਂ ਤੇ ਨਿਸ਼ਾਨਾ ਸਾਧਣ ਦੀ ਲੋੜ ਸੀ ਤੇ ਹਿੰਦੂ ਹੀ ਸਪੱਸ਼ਟ ਰੂਪ ਵਿੱਚ ਉਹਦਾ ਨਿਸ਼ਾਨਾ ਸਨ। ਜਿਹੜੇ ਪੱਤਰਕਾਰਾਂ ਤੇ ਸਿਆਸਤਦਾਨਾਂ ਨੇ ਦੋਹਾਂ ਫਿਰਕਿਆਂ ਵਿੱਚ ਆਪਣੀਆਂ ਲਿਖਤਾਂ ਤੇ ਭਾਸ਼ਣਾਂ ਰਾਹੀਂ ਹਿੰਦੂਆਂ ਤੇ ਸਿੱਖਾਂ ਦੇ ਘਨਿਸ਼ਟ ਸੰਬੰਧਾਂ ਦੀ ਚਰਚਾ ਕਰਕੇ ਸੰਬੰਧਾਂ ਨੂੰ ਵਿਗੜਨੋਂ ਬਚਾਉਣ ਦੇ ਯਤਨ ਕੀਤੇ, ਉਹਨਾਂ ਦਾ ਅਸਰ ਉਲਟਾ ਹੀ ਹੋਇਆ। ਭਿੰਡਰਾਂਵਾਲੇ ਨੇ ਆਪਣੇ ਪੈਰੋਕਾਰਾਂ ਨੂੰ ਕਿਹਾ "ਇਹ ਐਲਾਨ ਦੱਸਦੇ ਹਨ ਕਿ ਹਿੰਦੂ ਸਾਡੀ ਕੌਮ ਤੇ ਧਰਮ ਨੂੰ ਦਬਾ ਕੇ ਰੱਖਣਾ ਚਾਹੁੰਦੇ ਹਨ ਤੇ ਢਾਹ ਲਾਉਣੀ ਚਾਹੁੰਦੇ ਹਨ।" ਪਹਿਲਾਂ ਵੀ ਹਿੰਦੂ ਮੰਦਰਾਂ ਵਿੱਚ ਗਊ ਦੇ ਸਿਰ ਤੇ ਪੂਛਾਂ ਤੇ ਸਰੀਰ ਦੇ ਹੋਰ ਅੰਗ ਰੱਖ ਕੇ ਅਪਵਿੱਤਰ ਕਰਨ ਦੀਆਂ ਘਟਨਾਵਾਂ ਹੋਈਆਂ ਸਨ, ਪ੍ਰੰਤੂ ਸਤੰਬਰ 1983 ਵਿੱਚ ਹਿੰਦੂ ਫਿਰਕੇ ਵਿਰੁੱਧ ਬਹੁਤ ਹੀ ਜ਼ਿਆਦਾ ਭੜਕਾਊ ਤੇ ਅਪਮਾਨਜਨਕ ਤੇ ਬਰਬਰਤਾ ਵਾਲੀਆਂ ਘਟਨਾਵਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਲੁਧਿਆਣੇ ਦੇ ਉਦਯੋਗਿਕ ਸ਼ਹਿਰ ਦੇ ਨੇੜੇ ਜਗਰਾਉਂ ਵਿੱਚ ਸੈਰ ਕਰ ਰਹੇ ਹਿੰਦੂਆਂ ਉੱਪਰ ਸਵੇਰੇ-ਸਵੇਰੇ 28 ਸਤੰਬਰ ਨੂੰ ਇਕ ਨੌਜਵਾਨ ਸਿੱਖ ਵੱਲੋਂ ਅੰਧਾਧੁੰਦ ਗੋਲੀ ਚਲਾਉਣ ਦੀ ਪਹਿਲੀ ਘਟਨਾ ਵਾਪਰੀ। ਇਕ ਹਫ਼ਤਾ ਮਗਰੋਂ ਇਕ ਹੋਰ ਹਮਲਾ ਹੋਇਆ ਜਿਸ ਨੇ ਸ੍ਰੀਮਤੀ ਗਾਂਧੀ ਨੂੰ ਕਾਰਵਾਈ ਕਰਨ ਲਈ ਮਜ਼ਬੂਰ ਕਰ ਦਿੱਤਾ। 5 ਅਕਤੂਬਰ ਦੀ ਰਾਤ ਨੂੰ ਕਪੂਰਥਲਾ ਜ਼ਿਲ੍ਹੇ ਵਿੱਚ ਸਿੱਖਾਂ ਨੇ ਇਕ ਬੱਸ ਅਗਵਾ ਕਰ ਲਈ ਤੇ ਹਿੰਦੂ ਮੁਸਾਫ਼ਰਾਂ ਨੂੰ ਸਿੱਖਾਂ ਨਾਲੋਂ ਅੱਡ ਕਰਕੇ ਹਿੰਦੂਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ। ਛੇ ਹਿੰਦੂ ਮਾਰੇ ਗਏ ਤੇ ਇਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਬੱਸ ਭਾਰਤ ਦੇ ਰਾਸ਼ਟਰੀ ਮਾਰਗ 1 ਉੱਪਰ ਜਰਨੈਲੀ ਸੜਕ ਤੇ ਅੰਮ੍ਰਿਤਸਰ ਤੋਂ ਦਿੱਲੀ ਨੂੰ ਜਾ ਰਹੀ ਸੀ।

ਅਗਲੇ ਦਿਨ ਸ੍ਰੀਮਤੀ ਗਾਂਧੀ ਨੇ ਸ੍ਰ: ਦਰਬਾਰਾ ਸਿੰਘ ਦੀ ਸਰਕਾਰ ਬਰਖ਼ਾਸਤ ਕਰ ਦਿੱਤੀ ਤੇ ਪੰਜਾਬ ਵਿੱਚ ਪਰਧਾਨਗੀ ਰਾਜ ਲਾਗੂ ਕਰ ਦਿੱਤਾ। ਇਹ ਫ਼ੈਸਲਾ ਲੈਣਾ ਬਹੁਤ ਕਠਨ ਸੀ ਕਿਉਂਕਿ ਇਸ ਤਰ੍ਹਾਂ ਇਹ ਮੰਨ ਲੈਣ ਵਾਲੀ ਗੱਲ ਸੀ ਕਿ ਉਹਦੀ ਆਪਣੀ ਪਾਰਟੀ ਪੰਜਾਬ ਉੱਪਰ ਰਾਜ ਕਰਨ ਵਿੱਚ ਅਸਫਲ ਰਹੀ ਹੈ।

1980 ਵਿੱਚ ਸ੍ਰੀਮਤੀ ਗਾਂਧੀ ਦੁਬਾਰਾ ਇਸ ਨਾਅਰੇ ਨਾਲ ਗੱਦੀ ਤੇ ਵਾਪਸ ਆਈ ਸੀ ਕਿ "ਉਹ ਸਰਕਾਰ ਚੁਣੋ ਜੋ ਕੰਮ ਕਰੇ।" ਪੰਜਾਬ ਵਿੱਚ ਹੁਣ ਇਹ ਸਪੱਸ਼ਟ ਸੀ ਕਿ ਉਸ ਦੀ ਸਰਕਾਰ ਕੰਮ ਨਹੀਂ ਕਰ ਸਕੀ ਸੀ।

ਮੁੱਖ ਮੰਤਰੀ ਦਰਬਾਰਾ ਸਿੰਘ ਦਾ ਕਾਫ਼ੀ ਉੱਚਿਤਤਾ ਨਾਲ ਇਹ ਸੋਚਣਾ ਸੁਭਾਵਿਕ

ਸੀ ਕਿ ਇਹ ਫ਼ੈਸਲਾ ਉਹਦੇ ਨਾਲ ਬੇਇਨਸਾਫ਼ੀ ਸੀ। ਮੈਂ ਉਸ ਨੂੰ ਰਾਸ਼ਟਰਪਤੀ ਰਾਜ ਦੇ ਐਲਾਨ ਤੋਂ ਥੋੜ੍ਹਾ ਚਿਰ ਮਗਰੋਂ ਮਿਲਿਆ। ਉਹ ਅਜੇ ਵੀ ਚੰਡੀਗੜ੍ਹ ਵਿੱਚ ਪੰਜਾਬ ਦੇ ਮੁੱਖ ਮੰਤਰੀ ਵਾਲੇ ਘਰ ਵਿੱਚ ਹੀ ਰਹਿ ਰਿਹਾ ਸੀ ਤੇ ਰਾਜ਼ੀ ਵੀ ਨਹੀਂ ਸੀ। ਉਸ ਨੂੰ ਬੋਲਣ ਵਿੱਚ ਕਾਫ਼ੀ ਔਕੜ ਆ ਰਹੀ ਸੀ ਤੇ ਉਸ ਦੇ ਅੱਧੇ ਚਿਹਰੇ ਤੇ ਪੱਟੀ ਬੱਧੀ ਹੋਈ ਸੀ। ਭੂਤਪੂਰਵ ਮੁੱਖ ਮੰਤਰੀ ਨੇ ਲਿਖਤੀ ਪਰਮਾਣ ਲਈ ਬੋਲਣ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਉਸ ਨੇ ਸਪੱਸ਼ਟ ਕਰ ਦਿੱਤਾ ਕਿ ਕੇਂਦਰੀ ਸਰਕਾਰ ਵਿੱਚ ਜ਼ੈਲ ਸਿੰਘ ਦਾ ਧੜਾ ਉਹਦੀ ਸਰਕਾਰ ਡੇਗਣ ਲਈ ਜ਼ੁੰਮੇਵਾਰ ਸੀ। ਦਰਬਾਬਾ ਸਿੰਘ ਦੇ ਇਕ ਸੀਨੀਅਰ ਸਹਿਯੋਗੀ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਰਾਸ਼ਟਰਪਤੀ ਜ਼ੈਲ ਸਿੰਘ ਅਜੇ ਵੀ ਭਿੰਡਰਾਂਵਾਲੇ ਦੇ ਸੰਪਰਕ ਵਿੱਚ ਸੀ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਦਰਬਾਰਾ ਸਿੰਘ ਭਿੰਡਰਾਂਵਾਲੇ ਵਿਰੁੱਧ ਕਾਰਵਾਈ ਕਰਨਾ ਚਾਹੁੰਦਾ ਸੀ ਤੇ ਇਹ ਕੇਂਦਰੀ ਸਰਕਾਰ ਹੀ ਸੀ ਜਿਸ ਨੇ ਮੰਦਰ ਦੇ ਉਸ ਨਿਵਾਸ ਵਿੱਚ ਜਿੱਥੇ ਭਿੰਡਰਾਂਵਾਲੇ ਦਾ ਮੁੱਖ ਟਿਕਾਣਾ ਸੀ, ਪੁਲੀਸ ਭੇਜਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਦਰਬਾਰਾ ਸਿੰਘ ਉਹਨਾਂ ਥੋੜ੍ਹੇ ਜਿਹੇ ਕਾਂਗਰਸੀ ਨੇਤਾਵਾਂ ਵਿੱਚੋਂ ਸੀ ਜਿਸ ਵਿੱਚ ਭਿੰਡਰਾਂਵਾਲੇ ਦਾ ਨਾਮ ਲੈ ਕੇ ਹਮਲਾ ਕਰਨ ਦਾ ਹੌਸਲਾ ਸੀ। ਮਾਰਚ ਵਿੱਚ ਦਰਬਾਰਾ ਸਿੰਘ ਨੇ ਪੰਜਾਬ ਅਸੈਂਬਲੀ ਨੂੰ ਡੀ.ਆਈ. ਜੀ ਅਟਵਾਲ ਵੱਲੋਂ ਲਾਏ ਨਾਕੇ 'ਚੋਂ ਬਚ ਕੇ ਨਿਕਲੇ ਆਤੰਕਵਾਦੀਆਂ ਦਾ ਸਵਰਨ ਮੰਦਰ ਦੀ ਸ਼ਰਣਗਾਹ ਵਿੱਚ ਜਾਣ ਬਾਰੇ ਦੱਸਿਆ : "ਇਹ ਵਾਰ ਵਾਰ ਲਾਏ ਦੋਸ਼ ਨੂੰ ਨਿਰਸੰਦੇਹ ਸਿੱਧ ਕਰਦਾ ਹੈ ਕਿ ਆਤੰਕਵਾਦੀਆਂ ਨੂੰ ਧਾਰਮਕ ਥਾਵਾਂ ਤੇ ਆਮ ਕਰਕੇ ਤੇ ਗੁਰੂ ਨਾਨਕ ਨਿਵਾਸ ਵਿੱਚ ਖ਼ਾਸ ਕਰਕੇ ਸ਼ਰਨ ਤੇ ਸਹਾਇਤਾ ਦਿੱਤੀ ਜਾਂਦੀ ਹੈ।" ਇਸ ਤੋਂ ਪਤਾ ਲੱਗਦਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਖੁਲ੍ਹਮ ਖੁਲ੍ਹਾ ਅਜਿਹੇ ਨਿਧੜਕਾਂ ਨੂੰ ਸਮਰਥਨ ਤੇ ਸ਼ਰਣ ਦਿੰਦਾ ਸੀ।

ਦਰਬਾਰਾ ਸਿੰਘ ਜਿੱਥੋਂ ਤੱਕ ਕੇਂਦਰੀ ਸਰਕਾਰ ਆਗਿਆ ਦਿੰਦੀ ਸੀ ਆਪਣੀ ਕਥਨੀ ਅਨੁਸਾਰ ਕਾਰਜ ਕਰਦਾ ਸੀ। ਉਸ ਨੇ ਪੁਲੀਸ ਨੂੰ ਹੁਕਮ ਦਿੱਤਾ ਕਿ ਜਿਤਨੇ ਅੱਤਵਾਦੀ ਉਹ ਗ੍ਰਿਫ਼ਤਾਰ ਕਰ ਸਕਦੇ ਹਨ, ਕਰ ਲੈਣ। ਤੇ ਫਿਰ ਇਸ ਮਗਰੋਂ ਕਈ ਨਿਰਦੋਸ਼ਾਂ ਦੇ ਕਤਲ ਹੋਏ ਜਿਸ ਨੂੰ ਭਾਰਤੀ ਪੁਲੀਸ ਦੀ ਭਾਸ਼ਾ ਵਿੱਚ ਪੁਲਸ ਮੁਕਾਬਲੇ ਕਿਹਾ ਗਿਆ। ਦਰਬਾਰਾ ਸਿੰਘ ਨੇ ਸਾਡੇ ਕੋਲ ਇਹ ਗੱਲ ਵੀ ਮੰਨੀ। ਇਕ ਹੋਰ ਮੌਕੇ ਜਦੋਂ ਮੈਂ ਤੇ ਸਤੀਸ਼ ਜੈਕਬ ਦੋਵੇਂ ਉਸ ਨੂੰ ਮਿਲੇ ਤਾਂ ਭੂਤਪੂਰਵ ਮੁੱਖ ਮੰਤਰੀ ਨੇ ਕਿਹਾ, "ਪੁਲਸ ਮੁਕਾਬਲੇ ਵੀ ਹੋਏ ਤੇ ਉਹ ਮਾਰੇ ਵੀ ਗਏ। ਮੈਂ ਆਪਣੇ ਸੀਨੀਅਰ ਪੁਲਸ ਅਫ਼ਸਰਾਂ ਨੂੰ ਕਿਹਾ, "ਤੁਸੀਂ ਕਾਤਲਾਂ ਨੂੰ ਕਤਲ ਕਰੋ, ਜ਼ੁੰਮੇਵਾਰੀ ਮੈਂ ਲਵਾਂਗਾ।" ਮੁਸੀਬਤ ਇਹ ਸੀ ਕਿ ਪੁਲੀਸ ਵੱਲੋਂ ਕੀਤੇ ਕਤਲਾਂ ਦੇ ਵਿਰੁੱਧ ਭਿੰਡਰਾਂਵਾਲੇ ਦੇ ਆਦਮੀ ਬਦਲੇ ਦੀ ਭਾਵਨਾ ਨਾਲ ਹਮਲੇ ਕਰਦੇ ਜਿਸ ਨਾਲ ਪੁਲੀਸ ਬਲ ਬੇਹੌਸਲਾ ਹੋ ਜਾਂਦਾ। ਦੂਸਰੀ ਬਿਪਤਾ ਇਹ ਸੀ ਕਿ ਦਰਬਾਰਾ ਸਿੰਘ ਦੀ ਪੁਲੀਸ ਨੂੰ ਸਮੱਸਿਆ ਦੀ ਜੜ੍ਹ "ਗੁਰੂ ਨਾਨਕ ਨਿਵਾਸ" ਵਿੱਚ ਦਾਖ਼ਲ ਹੋ ਕੇ ਸਮੱਸਿਆ ਨਾਲ ਨਜਿੱਠਣ ਦੀ ਆਗਿਆ ਨਹੀਂ ਸੀ।

9

ਰਾਸ਼ਟਰਪਤੀ ਰਾਜ ਦੀ ਅਸਫਲਤਾ

ਇਸ ਐਲਾਨ ਦੇ ਕੁਝ ਘੰਟਿਆਂ ਅੰਦਰ ਹੀ ਕਿ ਪੰਜਾਬ ਉੱਪਰ ਹੁਣ ਕੇਂਦਰ ਦਾ ਰਾਜ ਹੋਵੇਗਾ, ਸ਼੍ਰੀਮਤੀ ਗਾਂਧੀ ਦੇ ਸ਼ਕਤੀ-ਪਰਦਰਸ਼ਨ ਲਈ ਅਰਧ ਸੈਨਿਕ ਪੁਲੀਸ ਬਲ ਨੇ ਅੰਮ੍ਰਿਤਸਰ ਦੇ ਬਾਜ਼ਾਰਾਂ ਵਿੱਚ ਮਾਰਚ (ਕੂਚ) ਸ਼ੁਰੂ ਕਰ ਦਿੱਤਾ। ਉਸ ਨੇ ਇਕ ਨਵਾਂ ਫ਼ਰਮਾਨ ਜਾਰੀ ਕਰ ਦਿੱਤਾ ਜਿਸ ਨਾਲ ਪੰਜਾਬ ਦੇ ਕੁਝ ਭਾਗਾਂ ਨੂੰ ਗੜਬੜੀ ਵਾਲੇ ਇਲਾਕੇ ਹੋਣ ਦਾ ਐਲਾਨ ਕਰਕੇ ਪੁਲੀਸ ਨੂੰ ਉਹਨਾਂ ਖੇਤਰਾਂ ਵਿੱਚ ਅਦਾਲਤਾਂ ਦੇ ਦਖ਼ਲ ਤੋਂ ਪੂਰੀ ਤਰ੍ਹਾਂ ਸੁਤੰਤਰ ਕਰ ਦਿੱਤਾ। ਉਹ ਜਿਸ ਨੂੰ ਜਦੋਂ ਮਰਜ਼ੀ ਚਾਹੇ ਗੋਲੀ ਮਾਰ ਸਕਦੀ ਸੀ ਤੇ ਪੁਲੀਸ ਵਾਲੇ ਜਿਸ ਦੀ ਚਾਹੁਣ ਤਲਾਸ਼ੀ ਲੈ ਸਕਦੇ ਸਨ। ਸ਼੍ਰੀਮਤੀ ਗਾਂਧੀ ਦੀ ਸਰਕਾਰ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪੁਲਸ ਨੂੰ ਪੂਜਾ ਅਸਥਾਨਾਂ ਭਾਵ ਧਾਰਮਕ ਅਸਥਾਨਾਂ ਵਿੱਚ ਦਾਖ਼ਲ ਹੋਣ ਦਾ ਵੀ ਅਧਿਕਾਰ ਸੀ। ਪੰਜਾਬ ਸਰਕਾਰ ਦਾ ਕੰਮ-ਕਾਜ ਚਲਾਉਣ ਲਈ ਚਾਰ ਸੀਨੀਅਰ ਸਰਕਾਰੀ ਅਧਿਕਾਰੀ (ਸਿਵਲ ਅਧਿਕਾਰੀ) ਨਿਯੁਕਤ ਕੀਤੇ ਗਏ। ਸ਼੍ਰੀਮਤੀ ਗਾਂਧੀ ਨੇ ਇਕ ਅਤਿਅੰਤ ਅਨੁਭਵੀ ਅਵਿਕਾਸ ਪ੍ਰਾਪਤ ਗ਼ੈਰ-ਸੈਨਿਕ (ਸਿਵਲ) ਕਾਰਜ ਕਰਮੀ ਬੀ.ਡੀ. ਪਾਂਡੇ ਨੂੰ ਰਾਜ-ਪ੍ਰਬੰਧ ਚਲਾਉਣ ਲਈ ਗਵਰਨਰ ਬਣਾ ਕੇ ਭੇਜਿਆ। ਉਸ ਨੇ ਆਪਣੇ ਮਹੱਤਵਪੂਰਨ ਤੇ ਉੱਘੇ ਜੀਵਨ ਕਾਲ ਵਿੱਚ ਕਈ ਉਚੇਰੀਆਂ ਪਦਵੀਆਂ 'ਤੇ ਕੰਮ ਕੀਤਾ ਸੀ ਜਿਹਨਾਂ ਵਿੱਚ ਸਭ ਤੋਂ ਸ੍ਰੇਸ਼ਟ ਪਦਵੀ ਮੰਤਰੀ ਮੰਡਲ ਦੇ ਸਕੱਤਰ ਦੀ ਸੀ। ਪਾਂਡੇ ਆਪਣੀ ਕੁਸ਼ਲਤਾ ਤੇ ਨਿਹਕਲੰਕਤਾ ਕਾਰਨ ਇਕ ਬੇਦਾਗ਼ ਅਫ਼ਸਰ ਵਜੋਂ ਮਸ਼ਹੂਰ ਸੀ ਤੇ ਉਸ ਦੀ ਕੋਈ ਸਿਆਸੀ ਅਭਿਲਾਸ਼ਾ ਵੀ ਨਹੀਂ ਸੀ।

ਸ਼੍ਰੀਮਤੀ ਗਾਂਧੀ ਭਾਰਤਵਾਸੀਆਂ ਨੂੰ ਇਹ ਪਰਗਟ ਕਰਨਾ ਚਾਹੁੰਦੀ ਸੀ ਕਿ ਉਸ ਵਿੱਚ ਕਾਰਵਾਈ ਕਰਨ ਦੀ ਇੱਛਾ ਖ਼ਤਮ ਨਹੀਂ ਹੋਈ। ਇਸ ਦਾ ਭਾਰਤ ਉੱਪਰ ਤਾਂ ਪਰਭਾਵ ਪਿਆ, ਪਰ ਭਿੰਡਰਾਂਵਾਲੇ 'ਤੇ ਕੋਈ ਅਸਰ ਨਾ ਹੋਇਆ। ਪਰਧਾਨਗੀ ਰਾਜ ਲਾਏ ਜਾਣ ਦੇ ਦਿਨਾਂ ਅੰਦਰ ਸਵਰਨ ਮੰਦਰ ਦੇ ਅੰਦਰ ਹੀ ਇਕ ਸਹਾਇਕ ਜੇਲ੍ਹ ਸੰਚਾਲਕ ਨੇ ਭਿੰਡਰਾਂਵਾਲੇ ਦੇ ਜਵਾਨ ਮੁੰਡਿਆਂ ਨੂੰ ਕੁੱਟਿਆ ਮਾਰਿਆ; ਭਿੰਡਰਾਂਵਾਲੇ ਦੇ ਵਿਰੋਧੀ ਇਕ ਸਿੱਖ ਨੂੰ ਉਦਯੋਗਿਕ ਸ਼ਹਿਰ ਜਲੰਧਰ ਦੇ ਨੇੜੇ ਗੋਲੀ ਮਾਰ ਕੇ ਮਾਰ ਦਿੱਤਾ ਗਿਆ। ਇਕ ਹੋਰ ਥਾਂ ਵੀ ਇਕ ਆਦਮੀ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ ਤੇ ਚੌਥੀ ਘਟਨਾ ਵਿੱਚ ਇਕ ਹਿੰਦੂ ਦੀ ਦੁਕਾਨ ਲੁੱਟ ਲਈ ਗਈ। ਪਰਧਾਨਗੀ ਰਾਜ ਦੇ ਲਾਗੂ ਹੋਣ ਦੇ ਦੋ ਹਫ਼ਤਿਆਂ ਮਗਰੋਂ ਪੰਜਾਬ ਵਿੱਚੋਂ ਲੰਘਦੀ "ਕਲਕੱਤੇ ਤੋਂ ਕਸ਼ਮੀਰ ਐਕਸਪ੍ਰੈਸ" ਨੂੰ ਪਟੜੀ ਤੋਂ ਲਾਹ ਦਿੱਤਾ ਗਿਆ ਜਿਸ ਕਾਰਨ 19 ਲੋਕ ਮਾਰੇ ਗਏ ਤੇ 129 ਜ਼ਖ਼ਮੀ ਹੋ ਗਏ। ਅਗਲੇ ਮਹੀਨੇ ਭਿੰਡਰਾਂਵਾਲੇ ਨੇ ਉਹੋ ਜਿਹੀ ਘਟਨਾ ਫਿਰ ਦੁਹਰਾ

ਕੇ ਸ਼੍ਰੀਮਤੀ ਗਾਂਧੀ ਨੂੰ ਚੁਣੌਤੀ ਦਿੱਤੀ ਜਿਹੋ ਜਿਹੀ ਘਟਨਾ ਕਾਰਨ ਉਸ ਨੂੰ ਪਰਧਾਨਗੀ ਰਾਜ ਲਾਗੂ ਕਰਨਾ ਪਿਆ ਸੀ। 18 ਨਵੰਬਰ 1983 ਨੂੰ ਇਕ ਹੋਰ ਬੱਸ ਅਗਵਾ ਕਰ ਲਈ ਗਈ ਤੇ ਚਾਰ ਹਿੰਦੂ ਮੁਸਾਫ਼ਰ ਨਿਰਦੋਸ਼ ਤੇ ਅਕਾਰਨ ਹੀ ਗੋਲੀਆਂ ਨਾਲ ਮਾਰ ਦਿੱਤੇ ਗਏ।

ਇਸ ਸਮੇਂ ਸ਼੍ਰੀਮਤੀ ਗਾਂਧੀ ਨੇ ਆਪਣੇ ਭਰੋਸੇਯੋਗ ਪ੍ਰਤਿਨਿਧੀ ਪੀ. ਐਸ. ਭਿੰਡਰ ਨੂੰ ਪੰਜਾਬ ਪੁਲੀਸ ਦਾ ਮੁਖੀ ਨਿਯੁਕਤ ਕਰ ਦਿੱਤਾ। ਭਿੰਡਰ ਦੀ ਪਤਨੀ ਇੰਦਰਾ ਕਾਂਗਰਸ ਦੀ ਸਾਂਸਦ ਸੀ। ਭਿੰਡਰ ਆਪਣੀ ਲੰਬੀ ਤੇ ਵਿਵਾਦਗ੍ਰਸਤ ਪੁਲੀਸ ਸੇਵਾ ਵਿੱਚ ਸ਼੍ਰੀਮਤੀ ਗਾਂਧੀ ਪ੍ਰਤੀ ਵਫ਼ਾਦਾਰੀ ਤੋਂ ਕਦੇ ਨਹੀਂ ਥਿੜਕਿਆ ਸੀ ਤੇ ਪਰਧਾਨ ਮੰਤਰੀ ਇਸੇ ਗੁਣ ਦੀ ਸਭ ਤੋਂ ਵਧੇਰੇ ਕਦਰ ਕਰਦੀ ਸੀ। ਪ੍ਰੰਤੂ ਪੰਜਾਬ ਵਿੱਚ ਕੁਸ਼ਲਤਾ ਤੇ ਸੁਤੰਤਰ ਸੋਚ ਦੀ ਜ਼ਰੂਰਤ ਸੀ ਤੇ ਭਿੰਡਰ ਨੇ ਇਹ ਗੁਣ ਦਿੱਲੀ ਪੁਲੀਸ ਦੇ ਮੁਖੀ ਹੁੰਦਿਆਂ ਵੀ ਨਹੀਂ ਦਿਖਾਏ ਸਨ।

ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਤੋਂ ਥੋੜ੍ਹਾ ਚਿਰ ਮਗਰੋਂ ਮੈਂ ਭਿੰਡਰ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਮਿਲਿਆ। ਸ਼੍ਰੀਮਤੀ ਗਾਂਧੀ ਦੀ ਆਪਣੀ ਸਰਕਾਰ ਵਿੱਚ ਵਿਸ਼ਵਾਸ ਦੀ ਮੁਹਿਮ ਦੇ ਇਕ ਹਿੱਸੇ ਵਜੋਂ, ਅਖ਼ਬਾਰਾਂ ਵਿੱਚ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਆਤੰਕਵਾਦੀਆਂ ਦੀ ਸਫ਼ਾਈ ਕਰਨ ਦੀ ਮੁਹਿਮ ਬਾਰੇ ਖ਼ਬਰਾਂ ਛਪਵਾਈਆਂ ਗਈਆਂ। ਰੋਜ਼ਾਨਾ ਹੀ ਗ੍ਰਿਫ਼ਤਾਰੀਆਂ ਦੀਆਂ ਖ਼ਬਰਾਂ ਆਉਂਦੀਆਂ। ਭਿੰਡਰ ਨੇ ਮੈਨੂੰ ਦੱਸਿਆ ਕਿ ਭਿੰਡਰਾਂਵਾਲੇ ਦੇ ਦਸ "ਸਿਰਲੱਥ" ਵਿਅਕਤੀਆਂ ਨੂੰ ਪੁਲੀਸ ਨੇ ਮਾਰ ਦਿੱਤਾ ਸੀ ਤੇ 1600 ਵਧੀਕ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੈਂ ਭਿੰਡਰ ਨੂੰ ਪੁੱਛਿਆ ਕਿ ਮੈਂ ਪੁਲੀਸ ਨੂੰ ਇਹ ਕਾਰਵਾਈ ਕਰਦਿਆਂ ਵੇਖਣ ਲਈ ਕਿਹੜੇ ਅਸਥਾਨ 'ਤੇ ਜਾਵਾਂ ? ਉਸ ਨੇ ਸੁਝਾਅ ਦਿੱਤਾ ਕਿ ਮੈਂ "ਭਿੰਡਰਾਂਵਾਲੇ" ਦੇ ਆਪਣੇ ਪਿੰਡ 'ਰੋਡੇ' ਦੇ ਇਰਦ ਗਿਰਦ ਜਾਵਾਂ। ਪਰ ਜਦੋਂ ਮੈਂ ਭਿੰਡਰਾਂਵਾਲੇ ਦੇ ਪਿੰਡ ਪਹੁੰਚਿਆ ਤਾਂ ਮੈਨੂੰ ਉਸ ਦੇ ਭਰਾ ਨੇ ਦੱਸਿਆ ਕਿ ਉੱਥੇ ਤਾਂ ਕਦੇ ਕਿਸੇ ਨੇ ਪੁਲਸ ਨੂੰ ਵੇਖਿਆ ਹੀ ਨਹੀਂ ਸੀ। ਗੁਆਂਢ ਦੇ ਪਿੰਡਾਂ ਵਿੱਚ ਮੈਨੂੰ ਦੱਸਿਆ ਗਿਆ ਕਿ ਫੜੇ ਗਏ ਲੋਕਾਂ ਵਿੱਚ ਜ਼ਿਆਦਾ 'ਦਸ ਨੰਬਰੀਏ' ਬਦਮਾਸ਼ ਸਨ ਜੋ ਚੋਰੀ ਤੇ ਅਫ਼ੀਮ ਦੀ ਤਸਕਰੀ ਵਰਗੇ ਛੋਟੇ-ਛੋਟੇ ਜੁਰਮ ਕਰਦੇ ਸਨ ਜਿਹਨਾਂ ਨੂੰ ਸਦਾ ਹੀ ਉਸ ਸਮੇਂ ਫੜ ਲਿਆ ਜਾਂਦਾ ਸੀ ਜਦੋਂ ਪੁਲੀਸ ਕਿਸੇ ਅਪਰਾਧੀ ਦੀ ਪੜਤਾਲ ਕਰਦੀ ਸੀ। ਜਾਪਦਾ ਸੀ ਕਿ 'ਭਿੰਡਰ' ਦੀ ਸਫ਼ਾਈ ਮੁਹਿਮ ਉਤਨੀ ਪ੍ਰਭਾਵਸ਼ਾਲੀ ਨਹੀਂ ਸੀ ਜਿਤਨੀ ਉਸ ਨੇ ਅਖ਼ਬਾਰਾਂ ਵਿੱਚ ਖ਼ਬਰਾਂ ਛਪਵਾ ਕੇ ਦਰਸਾਉਣ ਦੀ ਕੋਸ਼ਿਸ਼ ਕੀਤੀ ਸੀ। ਪੰਜਾਬ ਪਰਸ਼ਾਸਨ ਦੇ ਇਕ ਸ੍ਰੇਸ਼ਠ ਅਧਿਕਾਰੀ ਨੇ ਇਹ ਗੱਲ ਮੇਰੇ ਕੋਲ ਵੀ ਮੰਨੀ। ਉਸ ਨੇ ਕਿਹਾ, "ਸਾਡੇ ਲਈ ਕੁਝ ਕਾਰਵਾਈ ਕਰਦੇ ਦਿਸਦੇ ਰਹਿਣਾ ਜ਼ਰੂਰੀ ਹੈ, ਪਰ ਮੁਸ਼ਕਲ ਇਹ ਹੈ ਕਿ ਪੰਜਾਬ ਪੁਲੀਸ ਦਾ ਮਨੋਬਲ ਡਿੱਗ ਚੁੱਕਾ ਹੈ ਤੇ ਉਹ ਹੌਸਲਾ ਹਾਰ ਚੁੱਕੀ ਹੈ। ਉਹਨਾਂ ਦੇ ਇਤਨੇ ਸਹਿਕਰਮੀ, ਭਿੰਡਰਾਂਵਾਲੇ ਦੇ ਆਦਮੀਆਂ ਨੇ ਮਾਰ ਦਿੱਤੇ ਹਨ ਕਿ ਉਹਨਾਂ ਦਾ, ਸਾਡੇ ਵੱਲੋਂ ਉਹਨਾਂ ਨੂੰ ਸੁਰੱਖਿਆ ਦੇਣ ਦੀ ਯੋਗਤਾ ਤੇ ਸਮੱਥਾ ਵਿੱਚ ਕੋਈ ਵਿਸ਼ਵਾਸ ਹੀ ਨਹੀਂ ਰਿਹਾ।" ਜਦੋਂ ਮੈਂ ਅਰਧ ਸੈਨਿਕ ਪੁਲੀਸ ਬਾਰੇ ਪੁੱਛਿਆ ਜਿਸ ਨੂੰ ਪੰਜਾਬ ਪੁਲੀਸ ਨੂੰ ਸ਼ਕਤੀਵਰ ਬਣਾਉਣ ਲਈ ਲਿਆਂਦਾ ਗਿਆ ਸੀ ਤਾਂ ਉਸ ਨੇ ਉੱਤਰ ਦਿੱਤਾ, "ਆਪਣੇ ਆਪ ਅਰਧ ਸੈਨਿਕ ਪੁਲਸ ਕੀ ਕਰ

ਸਕਦੀ ਹੈ ? ਉਹਨਾਂ ਨੂੰ ਰਾਜ ਬਾਰੇ ਕੋਈ ਜਾਣਕਾਰੀ ਨਹੀਂ ਤੇ ਉਹਨਾਂ ਨੂੰ ਸਥਾਨਕ ਜਾਣਕਾਰੀ ਲਈ ਪੰਜਾਬ ਪੁਲੀਸ 'ਤੇ ਵਿਸ਼ਵਾਸ ਕਰਨਾ ਪੈਂਦਾ ਹੈ।" ਇਹ ਪਹਿਲੀ ਵਾਰ ਸੀ ਜਦੋਂ ਮੈਨੂੰ ਪੁਲੀਸ ਬਲਾਂ ਬਾਰੇ ਟਕਰਾਓ ਦੀ ਜਾਣਕਾਰੀ ਮਿਲੀ ਜਿਸ ਦੇ ਮਗਰੋਂ ਭਿਆਨਕ ਸਿੱਟੇ ਨਿਕਲੇ।

ਅਰਧ ਸੈਨਿਕ ਬਲਾਂ ਨੇ ਕਦੇ ਵੀ ਇਹ ਭਰੋਸਾ ਨਹੀਂ ਕੀਤਾ ਕਿ ਪੰਜਾਬ ਪੁਲੀਸ ਆਤੰਕਵਾਦ ਦੇ ਖ਼ਾਤਮੇ ਲਈ ਗੰਭੀਰ ਸੀ। ਅਸਲੀਅਤ ਇਹ ਸੀ ਕਿ ਬਹੁਤ ਸਾਰੇ ਅਰਧ ਸੈਨਿਕ ਬਲ ਦੇ ਅਧਿਕਾਰੀਆਂ ਦਾ ਵਿਸ਼ਵਾਸ ਸੀ ਕਿ ਪੰਜਾਬ ਪੁਲੀਸ ਭਿੰਡਰਾਂਵਾਲੇ ਦੀ ਹਿਮਾਇਤੀ ਸੀ। ਜਿਉਂ-ਜਿਉਂ ਸਮਾਂ ਲੰਘਦਾ ਗਿਆ, ਪਰਮਾਣ ਮਿਲਦੇ ਗਏ ਤੇ ਇਹ ਸਿੱਧ ਹੋ ਗਿਆ ਕਿ ਉਹਨਾਂ ਦਾ ਕਥਨ ਠੀਕ ਸੀ।

ਮਗਰੋਂ ਭਿੰਡਰ ਨੇ ਮੇਰੇ ਕੋਲ ਇਹ ਗੱਲ ਮੰਨੀ ਕਿ ਉਸ ਦੀ ਪੁਲੀਸ ਭਿੰਡਰਾਂਵਾਲੇ ਨੂੰ ਪੁਲਸੀਏ ਮਾਰਨ ਦੀ ਮੁਹਿਮ ਵਿੱਚ ਖ਼ਾਸ ਕਰਕੇ ਉਹਨਾਂ ਆਦਮੀਆਂ ਨੂੰ ਮਾਰਨ ਦੀ ਮੁਹਿਮ ਵਿੱਚ ਮਿਲੀ ਸਫਲਤਾ ਕਾਰਨ ਹੌਸਲਾ ਹਾਰ ਬੈਠੀ ਸੀ ਜਿਹੜੇ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਛੇੜੀ "ਫ਼ਰਜ਼ੀ ਮੁਕਾਬਲਿਆਂ" ਦੀ ਮੁਹਿਮ ਵਿੱਚ ਸ਼ਾਮਲ ਸਨ। ਪਰੰਤੂ ਉਸ ਨੇ ਦਾਅਵਾ ਕੀਤਾ ਕਿ ਉਹ ਪੁਲਸ ਦਾ ਹੌਸਲਾ ਕਾਇਮ ਕਰਨ ਦਾ ਯਤਨ ਕਰ ਰਿਹਾ ਸੀ। ਇਹ ਉਪਾਅ ਇਤਨੇ ਪਰਭਾਵਹੀਣ ਸਨ ਕਿ ਰਾਸ਼ਟਰਪਤੀ ਰਾਜ ਲਾਉਣ ਦੇ ਦੋ ਮਹੀਨਿਆਂ ਅੰਦਰ ਹੀ ਸ਼੍ਰੀਮਤੀ ਗਾਂਧੀ ਦੀ ਪਾਰਟੀ ਦੇ ਸਾਂਸਦ ਪੰਜਾਬ ਵਿੱਚ ਸਰਕਾਰ ਦੀ "ਗੋਡੇ ਟੇਕਣ" ਦੀ ਨੀਤੀ ਦੀ ਸ਼ਕਾਇਤ ਕਰਨ ਲੱਗੇ। ਲੋਕ ਸਭਾ ਵਿੱਚ ਬਹਿਸ ਦੌਰਾਨ, ਦੋਹਾਂ ਧਿਰਾਂ ਦੇ (ਸਰਕਾਰ ਤੇ ਵਿਰੋਧੀ ਪਾਰਟੀ ਦੇ) ਸਾਂਸਦਾਂ ਨੇ ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਗ੍ਰਹਿ-ਮੰਤਰੀ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਕਿ ਪੁਲੀਸ ਨੇ ਭਿੰਡਰਾਂਵਾਲੇ ਵਿਰੁੱਧ ਮੁਕੱਦਮੇ ਦਰਜ ਕੀਤੇ ਸਨ ਪਰ ਉਸ ਨੇ ਕੋਈ ਭਰੋਸਾ ਨਾ ਦਿੱਤਾ ਕਿ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਇਕ ਵਾਰ ਫਿਰ ਭਿੰਡਰਾਂਵਾਲੇ ਨੇ ਗ੍ਰਿਫ਼ਤਾਰੀ ਦੇ ਖ਼ਤਰੇ ਤੋਂ ਬਚਣ ਲਈ ਧਰਮ ਅਸਥਾਨ 'ਚ ਪਨਾਹ ਲੈ ਲਈ। ਉਸ ਨੇ ਟੌਹੜੇ ਨੂੰ ਕਿਹਾ ਕਿ ਲੋਕ ਸਭਾ ਵਿੱਚ ਬਹਿਸ ਮਗਰੋਂ ਸਰਕਾਰ ਰਾਜਸੀ ਦਬਾਅ ਨੂੰ ਰੋਕ ਨਹੀਂ ਸਕੇਗੀ ਤੇ ਉਹ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਹੋਸਟਲ (ਨਿਵਾਸ) ਸਮੂਹ ਵਿੱਚ ਦਾਖ਼ਲ ਹੋਵੇਗੀ। ਉਸ ਨੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਮਨਾ ਲਿਆ ਕਿ ਗ੍ਰਿਫ਼ਤਾਰੀ ਤੋਂ ਬਚਣ ਲਈ ਸੁਰੱਖਿਅਤ ਥਾਂ ਸਿਰਫ਼ "ਅਕਾਲ ਤਖ਼ਤ" ਹੀ ਸੀ। ਇਹ ਧਰਮ ਅਸਥਾਨ ਜੋ ਪ੍ਰਮਾਤਮਾ ਦੀ ਲੌਕਿਕ ਸ਼ਕਤੀ (ਮੀਰੀ ਸ਼ਕਤੀ) ਦਾ ਪ੍ਰਤੀਕ ਹੈ, ਸਵਰਨ ਮੰਦਰ ਦੇ ਸਾਮ੍ਹਣੇ ਮੰਦਰ ਸਮੂਹ ਦੀ ਚਾਰਦੀਵਾਰੀ ਅੰਦਰ ਹੈ। ਟੌਹੜਾ ਨਹੀਂ ਚਾਹੁੰਦਾ ਸੀ ਕਿ ਭਿੰਡਰਾਂਵਾਲਾ ਗ੍ਰਿਫ਼ਤਾਰ ਕੀਤਾ ਜਾਵੇ, ਇਸ ਲਈ ਉਸ ਨੇ ਭਿੰਡਰਾਂਵਾਲੇ ਨੂੰ 'ਅਕਾਲ ਤਖ਼ਤ' ਉੱਪਰ ਆਪਣਾ ਟਿਕਾਣਾ ਬਣਾਉਣ ਲਈ ਸਹਿਮਤੀ ਦੇ ਦਿੱਤੀ, ਪ੍ਰੰਤੂ ਅਕਾਲ ਤਖ਼ਤ ਦੇ ਜੱਥੇਦਾਰ ਗਿਆਨੀ ਕਿਰਪਾਲ ਸਿੰਘ ਨੇ ਇਸ ਦਾ ਵਿਰੋਧ ਕੀਤਾ। ਉਸ ਨੇ ਸਪੱਸ਼ਟ ਕਰ ਦਿੱਤਾ ਕਿ ਕਿਸੇ ਵੀ ਗੁਰੂ ਜਾਂ ਮਗਰਲੇ ਸਮੇਂ ਦੇ ਸਿੱਖ ਨੇਤਾਵਾਂ ਨੇ ਅਕਾਲ ਤਖ਼ਤ ਉੱਪਰ ਆਪਣੀ ਰਿਹਾਇਸ਼ ਨਹੀਂ ਬਣਾਈ। ਜੱਥੇਦਾਰ ਨੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਕਰਕੇ ਭਿੰਡਰਾਂਵਾਲਾ ਮਰਯਾਦਾ ਭੰਗ ਕਰਕੇ ਬੇਗੁਰਮਤੀ ਕਰੇਗਾ ਕਿਉਂਕਿ ਉਸ ਦਾ ਵਾਸ ਗੁਰੂ ਗ੍ਰੰਥ ਸਾਹਿਬ ਤੋਂ ਉਪਰਲੀ ਮੰਜ਼ਲ 'ਤੇ ਹੋਵੇਗਾ।

ਕਿਸੇ ਵੀ ਸਿੱਖ ਨੂੰ ਪਵਿੱਤਰ ਧਰਮ ਗ੍ਰੰਥ ਤੋਂ ਉਚੇਰੀ ਥਾਂ 'ਤੇ ਖਲੋਣ ਜਾਂ ਬੈਠਣ ਦੀ ਆਗਿਆ ਨਹੀਂ ਹੈ। ਦਿਨ ਭਰ ਗ੍ਰੰਥੀ ਅਕਾਲ ਤਖ਼ਤ ਦੇ ਮੁੱਖ ਕਮਰੇ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ ਹਨ ਤੇ ਰਾਤ ਸਮੇਂ ਅਤਿਅੰਤ ਸਤਿਕਾਰਯੋਗ ਧਰਮ ਗ੍ਰੰਥ, ਜਿਸ ਦਾ ਸਵਰਨ ਮੰਦਰ ਵਿੱਚ ਪਰਕਾਸ਼ ਕਰਕੇ ਪਾਠ ਕੀਤਾ ਜਾਂਦਾ ਹੈ, ਉਸ ਕਮਰੇ ਵਿੱਚ ਰਾਤ ਨੂੰ "ਸੁਖ ਆਸਨ" ਕੀਤਾ ਜਾਂਦਾ ਹੈ ਜਿਸ ਉੱਪਰ ਭਿੰਡਰਾਂਵਾਲਾ ਨਿਵਾਸ ਕਰਨਾ ਚਾਹੁੰਦਾ ਸੀ। ਪ੍ਰੰਤੂ ਸੰਤ ਦੀ ਜ਼ਰੂਰਤ ਬਹੁਤ ਜ਼ਿਆਦਾ ਸੀ ਤੇ ਇਸ ਤਰ੍ਹਾਂ ਦੇ ਸੂਖਮ ਵਿਚਾਰ ਉਸ ਲਈ ਕੋਈ ਰੁਕਾਵਟ ਪੈਦਾ ਨਹੀਂ ਕਰ ਸਕਦੇ ਸਨ। ਇਹ ਗੱਲ ਹੁਣ ਜੱਥੇਦਾਰ ਦੇ ਹੱਥੋਂ ਨਿਕਲ ਚੁੱਕੀ ਸੀ ਕਿਉਂਕਿ ਹੋਸਟਲ ਸਮੂਹ ਦੇ ਨਿਵਾਸ ਅਸਥਾਨ ਵਿੱਚ ਗ੍ਰਹਿ-ਯੁੱਧ ਦੀ ਸਥਿਤੀ ਬਣੀ ਹੋਈ ਸੀ।

ਲੌਂਗੋਵਾਲ ਜੋ ਹੋਸਟਲ ਸਮੂਹ ਦੀ ਇਕ ਹੋਰ ਇਮਾਰਤ ਵਿੱਚ ਰਹਿ ਰਿਹਾ ਸੀ, ਉਸ ਨੇ ਆਪਣੇ ਆਪ ਨੂੰ ਭਿੰਡਰਾਂਵਾਲੇ ਤੋਂ ਰੱਖਿਆ ਕਰਨ ਲਈ ਇਕ ਨਿੱਜੀ ਸੈਨਾ ਰੱਖਣ ਦੀ ਜ਼ਰੂਰਤ ਅਨੁਭਵ ਕੀਤੀ। ਉਸ ਨੇ ਨਿਰੰਕਾਰੀ ਲਹਿਰ ਵਿਰੁੱਧ ਪੈਦਾ ਹੋਏ ਧੜਿਆਂ ਵਿੱਚੋਂ ਇਕ ਵੱਖ ਧੜੇ "ਬੱਬਰ ਖ਼ਾਲਸਾ" ਦੇ ਆਦਮੀਆਂ ਨੂੰ ਬੁਲਾਇਆ। ਉਹ ਕਾਫ਼ਰਾਂ ਵਿਰੁੱਧ ਇਤਨੇ ਹੀ ਹਿੰਸਕ ਤੇ ਮਾਰੋ ਮਾਰ ਕਰਨ ਵਾਲੇ ਸਨ ਜਿਤਨਾ ਭਿੰਡਰਾਂਵਾਲਾ। ਉਹਨਾਂ ਨੇ ਆਪਣਾ ਨਾਮ ਉਹਨਾਂ "ਬੱਬਰ ਅਕਾਲੀਆਂ" ਦੇ ਨਾਮ 'ਤੇ ਰੱਖਿਆ ਸੀ ਜਿਹਨਾਂ ਨੇ 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਸਮੇਂ ਅਕਾਲੀ ਦਲ ਦੀ "ਅਹਿੰਸਾ" ਦੀ ਨੀਤੀ ਤਿਆਗ ਕੇ ਕਈ ਪੁਲਸ ਮੁਖ਼ਬਰ ਮਾਰ ਦਿੱਤੇ ਸਨ ਜਿਹਨਾਂ ਨੂੰ ਉਹ ਦਲਾਲ ਜਾਂ ਅੰਗਰੇਜ਼ਾਂ ਦੇ ਟਾਊਟ ਸਮਝਦੇ ਸਨ। ਉਹਨਾਂ 'ਚੋਂ ਬਹੁਤ ਸਾਰਿਆਂ ਨੂੰ ਅੰਗਰੇਜ਼ਾਂ ਨੇ ਗ੍ਰਿਫ਼ਤਾਰ ਕਰ ਲਿਆ, ਕਈਆਂ ਨੂੰ ਮੌਤ ਦੀ ਸਜ਼ਾ ਹੋਈ ਤੇ ਕਈਆਂ ਨੂੰ ਲੰਮੇ ਸਮੇਂ ਲਈ ਕੈਦ ਦੀ ਸਜ਼ਾ ਹੋਈ। ਨਵੇਂ "ਬੱਬਰ ਖ਼ਾਲਸਾ" ਦਾ ਜੱਥੇਦਾਰ ਸੁਖਦੇਵ ਸਿੰਘ ਸੀ। ਉਸ ਦੇ ਧੜੇ ਨੇ ਦਾਅਵਾ ਕੀਤਾ ਕਿ ਉਸ ਦੇ ਧੜੇ ਨੇ 45 ਨਿਰੰਕਾਰੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ। ਪ੍ਰੰਤੂ ਸੁਖਦੇਵ ਸਿੰਘ ਹਿੰਦੂਆਂ ਦੇ ਕਤਲਾਂ ਅਤੇ ਪੰਜਾਬ ਵਿੱਚ ਭਿੰਡਰਾਂਵਾਲੇ ਵੱਲੋਂ ਚਲਾਈ ਗਈ "ਹਿੰਸਕ ਲਹਿਰ" ਦਾ ਸਖ਼ਤ ਵਿਰੋਧੀ ਸੀ। ਅਸਲੀਅਤ ਇਹ ਹੈ ਕਿ ਉਹ ਭਿੰਡਰਾਂਵਾਲੇ ਨੂੰ ਕਈ ਵਾਰ "ਕਾਇਰ" ਕਿਹਾ ਕਰਦਾ ਸੀ। ਉਹ ਲੌਂਗੋਵਾਲ ਦੀ ਸੁਰੱਖਿਆ ਲਈ ਹੋਸਟਲ ਸਮੂਹ ਵਿੱਚ ਹੀ ਰਿਹਾ, ਪਰ ਫ਼ੌਜੀ ਕਾਰਵਾਈ ਸਮੇਂ ਉਹ ਇੰਗਲੈਂਡ ਦੌੜ ਗਿਆ।

ਜਿਹਨਾਂ ਦਿਨਾਂ ਵਿੱਚ ਟੌਹੜਾ ਅਕਾਲ ਤਖ਼ਤ ਦੇ ਜੱਥੇਦਾਰ ਨਾਲ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ 'ਤੇ ਟਿਕਾਣਾ ਦੇਣ ਲਈ ਜੱਥੇਦਾਰਾਂ ਨਾਲ ਗੱਲਬਾਤ ਕਰ ਰਿਹਾ ਸੀ, ਉਸ ਵੇਲੇ ਬੱਬਰ ਖ਼ਾਲਸਾ ਨੇ ਆਪਣੇ ਦੁਸ਼ਮਣ ਨੂੰ ਖੁਲ੍ਹਮ-ਖੁੱਲ੍ਹੀ ਵੰਗਾਰ ਪਾਉਣ ਦਾ ਫ਼ੈਸਲਾ ਕੀਤਾ। ਉਹ ਭਿੰਡਰਾਂਵਾਲੇ ਦੇ ਨਿਵਾਸ ਅਸਥਾਨ ਗੁਰੂ ਨਾਨਕ ਨਿਵਾਸ ਵਿੱਚ ਗਏ ਤੇ ਉਹਨਾਂ ਨੇ ਭਿੰਡਰਾਂਵਾਲੇ ਦੇ ਆਦਮੀਆਂ ਨੂੰ ਬਾਹਰ ਨਿਕਲ ਜਾਣ ਦਾ ਹੁਕਮ ਦੇ ਦਿੱਤਾ। ਭਿੰਡਰਾਂਵਾਲੇ ਦੇ ਆਦਮੀਆਂ ਅਨੁਸਾਰ ਉਹ ਉਥੋਂ ਆਪਣੀ ਮਰਜ਼ੀ ਨਾਲ "ਟਕਰਾਅ ਟਾਲਣ" ਲਈ ਨਿਕਲ ਕੇ ਚਲੇ ਗਏ ਸਨ। ਹੁਣ ਸੰਤ ਅਕਾਲ ਤਖ਼ਤ ਤੋਂ ਬਿਨਾਂ ਕਿੱਥੇ ਜਾ ਸਕਦਾ ਸੀ ? ਇਸ ਦੇ ਹੱਕ ਵਿੱਚ ਟੌਹੜੇ ਨੇ ਦਲੀਲ ਦਿੱਤੀ ਤੇ ਉਹਦੀ

ਦਲੀਲ ਮੰਨ ਲਈ ਗਈ। ਭਿੰਡਰਾਂਵਾਲੇ ਨੇ ਦਾਅਵਾ ਕੀਤਾ ਕਿ ਉਹ ਅਕਾਲ ਤਖ਼ਤ 'ਤੇ ਤਾਂ ਗਿਆ ਸੀ ਕਿਉਂਕਿ ਮੋਰਚੇ ਦਾ ਡਿਕਟੇਟਰ ਸਰਕਾਰ ਨਾਲ ਉਹਦੀ ਗ੍ਰਿਫ਼ਤਾਰੀ ਲਈ ਸਾਜ਼-ਬਾਜ਼ ਕਰ ਰਿਹਾ ਸੀ।

ਜਿਸ ਦਿਨ ਤੋਂ ਸੰਤ ਨੇ ਆਪਣਾ ਟਿਕਾਣਾ ਅਕਾਲ ਤਖ਼ਤ 'ਤੇ ਬਣਾ ਲਿਆ, ਉਸ ਦਿਨ ਤੋਂ ਹੀ ਭਿੰਡਰਾਂਵਾਲੇ ਤੇ ਲੌਂਗੋਵਾਲ ਵਿਚਕਾਰ ਖੁਲ੍ਹੀ ਜੰਗ ਛਿੜ ਗਈ। ਲੌਂਗੋਵਾਲ ਵਿੱਚ ਨਾ ਤਾਂ ਹੌਸਲਾ ਸੀ ਤੇ ਨਾ ਹੀ ਉਸ ਨੂੰ, ਸਰਕਾਰ ਨੂੰ ਆਪਣੀ ਸਹਾਇਤਾ ਲਈ ਸੱਦ ਲੈਣ ਦੀ ਅਕਲ ਹੀ ਆਈ, ਪ੍ਰੰਤੂ ਸਾਰਾ ਕਸੂਰ ਉਸ ਦਾ ਹੀ ਨਹੀਂ ਸੀ। ਟੌਹੜਾ ਜੋ ਸ਼੍ਰੋ: ਗੁ: ਪ੍ਰ: ਕਮੇਟੀ ਦਾ ਪਰਧਾਨ ਹੋਣ ਦੇ ਨਾਤੇ ਤਕਨੀਕੀ ਤੌਰ ਤੇ ਮੰਦਰ ਸਮੂਹ ਦੇ ਪਰਬੰਧ ਦਾ ਜ਼ੁੰਮੇਂਵਾਰ ਸੀ, ਉਸ ਨੇ ਲੌਂਗੋਵਾਲ ਨੂੰ ਆਪਣਾ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਦਾ ਭਾਵ ਸੀ ਕਿ ਉਹ ਭਿੰਡਰਾਂਵਾਲੇ ਵਿਰੁੱਧ ਅਕਾਲੀ ਦਲ ਦੇ ਪੂਰਨ ਸਮਰਥਨ ਦੀ ਜ਼ੁੰਮੇਂਵਾਰੀ ਲੈਣ ਲਈ ਤਿਆਰ ਨਹੀਂ ਸੀ। ਟੌਹੜੇ ਦੀ ਅੱਖ ਅਜੇ ਵੀ ਮੁੱਖ ਮੰਤਰੀ ਦੀ ਗੱਦੀ ਉੱਪਰ ਸੀ ਜਿਹੜਾ ਮੋਰਚੇ ਦਾ ਆਖ਼ਰੀ ਉਦੇਸ਼ ਸੀ।

ਭਿੰਡਰਾਂਵਾਲੇ ਦੇ ਨਵੇਂ ਬਣੇ ਤੀਸਰੀ ਛੱਤ 'ਤੇ ਟਿਕਾਣੇ ਲਈ ਇਕੋ ਇਕ ਪਰਵੇਸ਼ ਮਾਰਗ ਉਹ ਤੰਗ ਪੌੜੀਆਂ ਸਨ ਜੋ ਕੰਧ ਵਿੱਚ ਦੀ ਬਣਾਈਆਂ ਗਈਆਂ ਸਨ। ਰਾਤ ਦਿਨ ਸ਼ਸਤਰਧਾਰੀ ਪਹਿਰੇਦਾਰ ਉਸ ਦੀ ਰਾਖੀ ਕਰਦੇ ਸਨ। ਕਮਰਾ ਹਨੇਰਾ ਸੀ ਤੇ ਛੱਤ ਵੀ ਨੀਵੀਂ ਸੀ। ਸੰਤ ਇਕ ਪਾਸੇ ਚਟਾਈ 'ਤੇ ਲੱਤਾਂ ਫੈਲਾ ਕੇ ਬੈਠਿਆ ਕਰਦਾ ਸੀ ਤੇ ਉਹਦੇ ਸਾਮ੍ਹਣੇ ਉਸ ਦੇ ਪੈਰੋਕਾਰ ਉਹਦੇ ਉਦਾਲੇ ਬੈਠੇ ਹੁੰਦੇ ਸਨ। ਦਿਨ ਵੇਲੇ ਉਹ ਆਮ ਤੌਰ 'ਤੇ ਲੰਗਰ ਵਾਲੀ ਇਮਾਰਤ ਦੀ ਛੱਤ 'ਤੇ ਚਲਾ ਜਾਂਦਾ, ਜਿਸ ਥਾਂ 'ਤੇ ਸਭ ਆਉਣ ਵਾਲਿਆਂ ਨੂੰ ਭਾਵੇਂ ਉਹ ਸਿੱਖ ਹੋਵੇ ਜਾਂ ਗ਼ੈਰ-ਸਿੱਖ, ਮੁਫ਼ਤ ਲੰਗਰ ਛਕਾਇਆ ਜਾਂਦਾ ਸੀ। ਭਿੰਡਰਾਂਵਾਲਾ ਲੰਗਰ ਦੀ ਛੱਤ 'ਤੇ ਆਪਣਾ ਦਰਬਾਰ ਲਗਾਇਆ ਕਰਦਾ ਸੀ। ਏਥੇ ਵੀ ਉਹ ਆਪਣੇ ਸ਼ਸਤਰਧਾਰੀ ਸਮਰਥਕਾਂ ਵਿੱਚ ਘਿਰਿਆ ਹੁੰਦਾ ਸੀ ਜੋ ਬਿਲਕੁਲ ਗ਼ੈਰ-ਪੇਸ਼ਾਵਰਾਨਾ ਢੰਗ ਨਾਲ ਟਹਿਲਦੇ ਰਹਿੰਦੇ। ਸ਼ਾਇਦ ਉਹ ਗ਼ੈਰ-ਪੇਸ਼ਾਵਰ ਸਨ ਜਾਂ ਉਹਨਾਂ ਨੂੰ ਸੰਤ ਉੱਪਰ ਹਮਲੇ ਦਾ ਕੋਈ ਭੈਅ ਨਹੀਂ ਸੀ, ਭਾਵੇਂ ਉਹ ਲੰਗਰ ਦੇ ਉਦਾਲੇ ਅਨੇਕਾਂ ਇਮਾਰਤਾਂ ਤੋਂ ਗੋਲੀ ਮਾਰਨ ਵਾਲੇ ਨਿਸ਼ਾਨੇ ਲਈ ਬੜਾ ਵਧੀਆ ਟੀਚਾ ਜਾਂ ਸ਼ਿਕਾਰ ਹੋ ਸਕਦਾ ਸੀ। ਲੰਗਰ ਦੀ ਛੱਤ ਉੱਪਰ ਸਵੇਰ ਵੇਲੇ ਦੇ ਸਮਾਗਮ ਜਾਂ ਦਰਬਾਰ ਵਿੱਚ ਉਹ ਭਾਰਤ ਅਤੇ ਹਿੰਦੂਆਂ ਵਿਰੁੱਧ ਨਫ਼ਰਤ ਭਰਿਆ ਪਰਚਾਰ ਕਰਿਆ ਕਰਦਾ ਸੀ। ਇਸ ਵੇਲੇ ਤੱਕ ਉਹਦਾ ਨਫ਼ਰਤ ਭਰਿਆ ਪਰਚਾਰ ਭਿੰਡਰਾਂਵਾਲੇ ਦੇ ਪੈਰੋਕਾਰਾਂ ਵਲੋਂ ਪਹੁੰਚਾਈਆਂ ਗਈਆਂ ਟੇਪਾਂ ਰਾਹੀਂ ਪਿੰਡਾਂ ਵਿੱਚ ਵੀ ਪਹੁੰਚ ਗਿਆ ਸੀ। ਇਹ ਟੇਪਾਂ ਸਵਰਨ ਮੰਦਰ ਦੀਆਂ ਦੁਕਾਨਾਂ ਵਿੱਚ ਬਿਨਾਂ ਰੋਕ-ਟੋਕ ਵਿਕ ਰਹੀਆਂ ਸਨ। ਪੁਲਸ ਨੇ ਕਦੇ ਉਹਨਾਂ ਦੀ ਵਿਕਰੀ ਨੂੰ ਰੋਕਣ ਦਾ ਯਤਨ ਨਾ ਕੀਤਾ।

ਭਿੰਡਰਾਂਵਾਲੇ ਦੇ ਇਕ ਉਪਦੇਸ਼ ਦੀ ਇਕ ਟੇਪ (ਭਾਸ਼ਣ) ਰਿਕਾਰਡ ਕਰਕੇ ਪਰਮਾਣ ਵਜੋਂ ਦੂਰ-ਦੂਰ ਪਰਚਾਰ ਲਈ ਪਹੁੰਚਾਈ ਗਈ ਸੀ ਜੋ ਪੁਲਸ ਵਿਰੁੱਧ ਇਲਜ਼ਾਮਾਂ ਨਾਲ ਹੀ ਸ਼ੁਰੂ ਹੁੰਦੀ ਸੀ : "ਪੁਲਸ ਨੇ ਬਾੜਾ ਸਿੰਘ ਦੇ ਪੁੱਤਰ ਜਗਦੀਪ ਸਿੰਘ ਨੂੰ ਪਕੜ ਲਿਆ ਤੇ ਉਹਦੇ ਪੱਟ ਨੂੰ ਕੱਟਿਆ ਤੇ ਉਸ ਥਾਂ ਨੂੰ ਲੂਣ ਨਾਲ ਭਰ ਦਿੱਤਾ।"

ਫਿਰ ਭਿੰਡਰਾਂਵਾਲੇ ਨੇ ਆਪਣੇ ਮਨਭਾਉਂਦੇ ਵਿਸ਼ੇ ਸਿੱਖਾਂ ਦੀ ਗ਼ੁਲਾਮੀ ਬਾਰੇ

ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ। "ਮੈਂ ਤੁਹਾਨੂੰ ਦੱਸਦਾ ਹਾਂ ਕਿ ਅਸੀਂ ਆਪਣੇ ਹੀ ਮੁਲਕ ਵਿੱਚ ਕਿਵੇਂ ਗ਼ੁਲਾਮ ਹਾਂ? ਜੇ ਹਿਦੂ ਮਰ ਜਾਂਦਾ ਹੈ ਤਾਂ ਉਹਦੀ ਪੜਤਾਲ ਕੀਤੀ ਜਾਂਦੀ ਹੈ। ਜੇ ਕੋਈ ਸਿੱਖ ਮਰ ਜਾਂਦਾ ਹੈ ਤਾਂ ਉਸ ਬਾਰੇ ਕੋਈ ਪੁੱਛ ਪੜਤਾਲ ਨਹੀਂ ਹੁੰਦੀ। ਜੇ ਕੋਈ ਹਿਦੂ ਮਾਰਿਆ ਜਾਂਦਾ ਹੈ ਤਾਂ ਉਹਦੀ ਲਾਸ਼ ਉਹਦੇ ਸਕੇ ਸੰਬੰਧੀਆਂ ਨੂੰ ਸੌਂਪ ਦਿੱਤੀ ਜਾਂਦੀ ਹੈ, ਜੇ ਕੋਈ ਸਿੱਖ ਮਰ ਜਾਂਦਾ ਹੈ ਤਾਂ ਉਹਦੀ ਲਾਸ਼ ਉਹਦੇ ਵਾਰਸਾਂ ਨੂੰ ਸੌਂਪੀ ਨਹੀਂ ਜਾਂਦੀ। ਜੇ ਹਿਦੂ ਮਾਰਿਆ ਜਾਂਦਾ ਹੈ ਤਾਂ ਇਹ ਬੱਜਰ ਪਾਪ ਹੈ, ਜੋ ਮੁਆਫ਼ੀ ਦੇ ਯੋਗ ਨਹੀਂ; ਜੇ ਕੋਈ ਸਿੱਖ ਮਾਰਿਆ ਜਾਂਦਾ ਹੈ ਤਾਂ ਉਹਦੀ ਪੜਤਾਲ ਹੀ ਰੋਕ ਦਿੱਤੀ ਜਾਂਦੀ ਹੈ ਜਾਂ ਠੱਪ ਦਿੱਤੀ ਜਾਂਦੀ ਹੈ।" ਇਹ ਬੱਸ ਵਿੱਚ ਮਾਰੇ ਗਏ ਹਿਦੂ ਮੁਸਾਫ਼ਰਾਂ ਦੀ ਮੌਤ 'ਤੇ ਮੱਚੇ ਵਾਵੇਲਾ ਬਾਰੇ ਗੁੱਝਾ ਤੇ ਅਸਿੱਧਾ ਸੰਕੇਤ ਸੀ।

ਫਿਰ ਸੰਤ ਨੇ ਸ਼੍ਰੀਮਤੀ ਗਾਂਧੀ ਨੂੰ "ਬ੍ਰਾਹਮਣਾਂ ਦੀ ਕੁੜੀ" ਕਹਿ ਕੇ ਅਪਮਾਨਜਨਕ ਭਾਸ਼ਾ ਵਰਤ ਕੇ ਹਮਲਾ ਕੀਤਾ। ਜਦੋਂ ਜਨਤਾ ਸਰਕਾਰ ਨੇ ਪਰਧਾਨ ਮੰਤਰੀ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਦੋ ਨੌਜੁਆਨਾਂ ਨੇ ਭਾਰਤੀ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕੀਤਾ ਸੀ, ਤਾਂ ਭਾਰਤੀ ਪਰਧਾਨ ਮੰਤਰੀ ਦੇ ਉਸ ਘਟਨਾ ਪ੍ਰਤੀ ਰਵੱਈਏ ਦੀ ਤੁਲਨਾ ਉਸ ਨੇ ਆਪਣੀ (ਭਿੰਡਰਾਂਵਾਲੇ ਦੀ) ਗ੍ਰਿਫ਼ਤਾਰੀ ਪਿੱਛੋਂ ਦੋ ਸਿੱਖਾਂ ਵੱਲੋਂ ਹਵਾਈ ਜਹਾਜ਼ ਅਗਵਾ ਕਰਨ ਵੇਲੇ ਦੀ ਘਟਨਾ ਨਾਲ ਕੀਤੀ। ਉਸ ਨੇ ਕਿਹਾ, "ਜੇ ਬ੍ਰਾਹਮਣਾਂ ਦੀ ਕੁੜੀ ਲਈ ਜਹਾਜ਼ ਅਗਵਾ ਕੀਤਾ ਜਾ ਸਕਦਾ ਹੈ ਤਾਂ ਸਿੱਖ ਜਜ਼ਬਾਤ, ਸਿੱਖ ਚਿੰਨ੍ਹਾਂ, ਸਿੱਖਾਂ ਦੇ ਦਾੜ੍ਹੇ ਤੇ ਹਰਿਮੰਦਰ ਸਾਹਿਬ ਲਈ ਕਿਉਂ ਨਹੀਂ।" ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਧਰਮ ਵਿਖਿਆਨ ਉਹਦੇ ਮਨ ਭਾਉਂਦੇ ਧਾਰਮਕ ਚਿੰਨ੍ਹ ਦਾੜ੍ਹੀ ਬਾਰੇ ਸੰਕੇਤਾਂ ਤੇ ਹਵਾਲਿਆਂ ਨਾਲ ਭਰਪੂਰ ਸੀ।

ਸੰਤ ਨੇ ਸੰਗਤ ਨੂੰ ਕਿਹਾ ਕਿ ਉਹ ਲੋਕ ਹੱਥ ਖੜੇ ਕਰਨ ਜਿਹੜੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਪੂਰਨ ਤੌਰ 'ਤੇ ਲਾਗੂ ਕਰਵਾਉਣਾ ਚਾਹੁੰਦੇ ਹਨ। ਜਦੋਂ ਸੰਗਤ ਨੇ ਹੱਥ ਖੜੇ ਕੀਤੇ ਤਾਂ ਭਿੰਡਰਾਂਵਾਲੇ ਨੇ ਕਿਹਾ, "ਤੁਹਾਨੂੰ ਹੁਣ ਹੋਰ ਕੁਝ ਕਹਿਣ ਦੀ ਲੋੜ ਨਹੀਂ। ਮੈਂ ਤੁਹਾਡੇ ਹੱਥ ਖੜੇ ਕਰਨ 'ਤੇ ਹੀ ਸੰਤੁਸ਼ਟ ਹਾਂ।"

ਫਿਰ ਉਸ ਨੇ ਯੁਵਕਾਂ ਨੂੰ ਕਿਹਾ ਕਿ ਉਹ ਆਨੰਦਪੁਰ ਸਾਹਿਬ ਜਾ ਕੇ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ ਲਈ ਪ੍ਰਣ ਲੈਣਗੇ ਜਿਸ ਅਸਥਾਨ 'ਤੇ ਦਸਵੇਂ ਗੁਰੂ ਨੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਭਿੰਡਰਾਂਵਾਲਾ ਲੌਂਗੋਵਾਲ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਰਿਹਾ ਸੀ ਤੇ ਉਹਦਾ ਆਧਾਰ ਖੋਖਲਾ ਕਰ ਰਿਹਾ ਸੀ ਜੋ ਸਰਕਾਰ ਨਾਲ ਗੱਲਬਾਤ ਰਾਹੀਂ ਸਮਝੌਤੇ ਦਾ ਇਛੁੱਕ ਸੀ ਤੇ ਜੋ ਨਿਰਸੰਦੇਹ ਆਨੰਦਪੁਰ ਸਾਹਿਬ ਦੇ ਮਤੇ ਤੋਂ ਕਾਫ਼ੀ ਘੱਟ ਹੋਣਾ ਸੀ।

ਉਸ ਨੇ ਸੰਗਤ ਨੂੰ ਸੁਚੇਤ ਕੀਤਾ ਕਿ ਉਹ ਅਖ਼ਬਾਰਾਂ ਵਿੱਚ ਲਗਾਤਾਰ ਸਿੱਖ ਮੋਰਚੇ ਤੇ ਖ਼ਾਸ ਕਰਕੇ ਉਸ ਵਿਰੁੱਧ ਕੀਤੇ ਜਾ ਰਹੇ ਪਰਚਾਰ ਕਾਰਨ ਗੁੰਮਰਾਹ ਨਾ ਹੋ ਜਾਣ। ਉਸ ਨੇ ਦਲੀਲ ਪੇਸ਼ ਕਰਦਿਆਂ ਕਿਹਾ, "ਉਹ ਮੇਰੀ ਟਕਸਾਲ ਦੀ ਬਦਨਾਮੀ ਕਰਨ ਦੇ ਯਤਨਾਂ ਤੋਂ ਵੀ ਸਾਵਧਾਨ ਰਹਿਣ। ਸਿੱਖਾਂ ਨੂੰ ਮੇਰੇ ਵਿਰੁੱਧ ਕਰਨ ਲਈ ਅਖ਼ਬਾਰ ਤੁਲੇ ਹੋਏ ਹਨ।"

ਸੰਤ ਨੇ ਸਰਕਾਰ 'ਤੇ ਵੀ ਦੋਸ਼ ਲਾਇਆ ਕਿ ਉਹ ਉਹਦੇ ਵਿਰੁੱਧ ਪਰਚਾਰ ਕਰ

ਰਹੀ ਸੀ। ਉਸ ਨੇ ਕਿਹਾ, "ਸਰਕਾਰ ਮੈਨੂੰ ਕਾਂਗਰਸੀ ਹੱਥਠੋਕਾ ਬਣਾ ਕੇ ਪੇਸ਼ ਕਰ ਰਹੀ ਹੈ—ਉਹ ਮੈਨੂੰ ਪੰਥ ਨੂੰ ਵੰਡਣ, ਮੋਰਚਾ ਕਮਜ਼ੋਰ ਕਰਨ ਤੇ ਕੌਮ ਦੇ ਹਿੱਤਾਂ ਦਾ ਗ਼ੱਦਾਰ ਬਣਾ ਕੇ ਪੇਸ਼ ਕਰ ਰਹੀ ਹੈ ਤਾਂ ਜੋ ਸਰਕਾਰ ਦੀ ਕੁਰਸੀ ਕਾਇਮ ਰਹੇ।" ਭਾਰਤ ਵਿੱਚ ਕੁਰਸੀ ਰਾਜਸੀ ਸ਼ਕਤੀ ਦਾ ਚਿੰਨ੍ਹ ਹੈ।

ਸੰਤ ਨੇ ਆਪਣੇ ਵਿਖਿਆਨ ਦਾ ਇਹ ਹਿੱਸਾ ਇਹਨਾਂ ਸ਼ਬਦਾਂ ਨਾਲ ਖ਼ਤਮ ਕੀਤਾ, "ਉਹਨਾਂ ਦੇ ਪਰਚਾਰ ਤੋਂ ਬਚੋ। ਉਹ ਚਾਹੁੰਦੇ ਹਨ ਕਿ ਅਸੀਂ ਆਪਸ ਵਿੱਚ ਚਕਚੂੰਧਰਾਂ ਵਾਂਗ ਲੜੀਏ। ਸੁਚੇਤ ਰਹੋ।"

ਇਹ ਸੰਕੇਤ ਸਿੱਖਾਂ ਵਿੱਚ ਭਿੰਡਰਾਂਵਾਲੇ ਦੇ ਵਿਰੋਧੀਆਂ ਵੱਲ ਸੀ ਜਿਹੜੇ ਉਸ ਨੂੰ ਮੂਲ ਰੂਪ ਵਿੱਚ ਕਾਂਗਰਸ ਦੀ ਉਪਜ ਦੱਸ ਕੇ ਸੰਦੇਹ ਪੈਦਾ ਕਰਕੇ ਬੇਇੱਜ਼ਤ ਕਰਨਾ ਚਾਹੁੰਦੇ ਸਨ। ਭਿੰਡਰਾਂਵਾਲੇ ਨੇ ਸਭ ਰਾਜਸੀ ਅਭਿਲਾਸ਼ਾਵਾਂ ਤੋਂ ਕਿਨਾਰਾ ਕਰਕੇ ਲੌਂਗੋਵਾਲ ਤੇ ਅਕਾਲੀ ਦਲ ਦੇ ਸਿਆਸੀ ਨੇਤਾਵਾਂ ਤੋਂ ਦੂਰੀ ਇਖ਼ਤਿਆਰ ਕਰ ਲਈ। ਉਸ ਨੇ ਕਿਹਾ, "ਮੈਂ ਅਕਾਲ ਤਖ਼ਤ 'ਤੇ ਪ੍ਰਣ ਲਿਆ ਹੈ ਤੇ ਤੁਹਾਡੀ ਇੱਛਾ 'ਤੇ ਇਸ ਨੂੰ ਫਿਰ ਦੁਹਰਾਉਂਦਾ ਹਾਂ। ਮੈਂ ਕਦੇ ਵੀ ਅਕਾਲੀ ਦਲ ਦਾ ਪਰਧਾਨ, ਸ਼੍ਰੋ: ਗੁ: ਪ੍ਰ: ਕਮੇਟੀ ਦਾ ਮੁਖੀ, ਮੰਤਰੀ ਜਾਂ ਐਮ.ਐਲ.ਏ. ਨਹੀਂ ਬਣਾਂਗਾ। ਮੈਂ ਵਚਨ ਦਿੰਦਾ ਹਾਂ ਕਿ ਮੈਂ ਸੰਗਤ ਤੋਂ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ ਜੇ ਮੈਂ ਝੂਠ ਬੋਲਾਂ। ਮੈਂ ਸਿੱਖ ਧਰਮ ਦੇ ਹਿੱਤਾਂ ਲਈ ਪ੍ਰਤਿਬੱਧ ਹਾਂ ਤੇ ਸਿੱਖ ਧ਼ਰਮ ਦੇ ਚਿੰਨ੍ਹਾਂ ਦਾ ਪ੍ਰਚਾਰ ਕਰਾਂਗਾ। ਮੇਰੀ ਜ਼ੁੰਮੇਵਾਰੀ ਇਹ ਵੇਖਣਾ ਹੈ ਕਿ ਤੁਹਾਡੇ ਦਾੜ੍ਹੇ ਸਾਬਤ ਰਹਿਣ, ਤੁਹਾਡੇ ਕੇਸ ਕੱਟੇ ਨਾ ਹੋਣ ਤੇ ਤੁਸੀਂ ਜੀਵਨ ਵਿੱਚ ਨਸ਼ਿਆਂ ਦੀਆਂ ਭੈੜੀਆਂ ਆਦਤਾਂ ਤੋਂ ਬਚੋ।"

ਭਾਰਤੀ ਲੋਕ ਆਪਣੇ ਸਿਆਸਤਦਾਨਾਂ ਵੱਲੋਂ ਆਪਣੇ ਸਰਕਾਰੀ ਪਦਾਂ ਦੀ ਦੁਰਵਰਤੋਂ ਕਰਨ ਕਰਕੇ ਬਹੁਤ ਨਿਰਾਸ਼ ਹਨ ਤੇ ਉਹ ਉਸ ਵਿਅਕਤੀ ਲਈ ਵਿਸ਼ੇਸ਼ ਸਤਿਕਾਰ ਰੱਖਦੇ ਹਨ ਜਿਹੜਾ ਇਹਨਾਂ ਦਾ ਤਿਆਗ ਕਰਦਾ ਹੈ। ਮਹਾਤਮਾ ਗਾਂਧੀ ਨੇ ਇਸ ਤਰ੍ਹਾਂ ਹੀ ਕੀਤਾ ਸੀ ਤੇ ਜੈ ਪ੍ਰਕਾਸ਼ ਨਾਰਾਇਣ ਨੇ ਵੀ, ਜਿਸ ਨੇ ਸ਼੍ਰੀਮਤੀ ਗਾਂਧੀ ਵੱਲੋਂ ਲਾਈ ਐਮਰਜੈਨਸੀ ਵਿਰੁੱਧ ਲਹਿਰ ਦੀ ਅਗਵਾਈ ਕੀਤੀ ਸੀ।

ਫਿਰ ਭਿੰਡਰਾਂਵਾਲੇ ਨੇ ਆਨੰਦਪੁਰ ਸਾਹਿਬ ਦੇ ਮਤੇ ਬਾਰੇ ਗੱਲਬਾਤ ਸ਼ੁਰੂ ਕਰ ਦਿੱਤੀ। ਉਸ ਨੇ ਸੰਗਤ ਨੂੰ ਇਹ ਯਾਦ ਕਰਾਉਂਦਿਆਂ ਕਿਹਾ ਕਿ ਲੌਂਗੋਵਾਲ ਨੇ ਵੀ ਸਾਰੀਆਂ ਮੰਗਾਂ ਦੀ ਪੂਰਤੀ ਲਈ ਪ੍ਰਣ ਕੀਤਾ ਹੈ, ਕਿਹਾ, "ਜੇ ਸਾਡਾ ਕੋਈ ਨੇਤਾ ਆਨੰਦਪੁਰ ਸਾਹਿਬ ਦੇ ਮਤੇ ਤੋਂ ਕੁਝ ਘੱਟ ਪਰਵਾਨ ਕਰਦਾ ਹੈ ਤਾਂ ਮੈਂ ਉਸ ਦਾ ਪਾਜ ਸੰਗਤ ਵਿੱਚ ਉਘਾੜਾਂਗਾ।"

ਭਿੰਡਰਾਂਵਾਲੇ ਨੇ ਫਿਰ ਪੇਂਡੂਆਂ ਨੂੰ ਅਪੀਲ ਕੀਤੀ ਕਿ ਉਹ ਜੱਥੇਬੰਦ ਹੋਣ ਤੇ ਆਤੰਕਵਾਦ ਦਾ ਸਮਰਥਨ ਕਰਨ। ਉਸ ਨੇ ਕਿਹਾ, "ਹਰ ਪਿੰਡ ਲਈ ਤੁਸੀਂ ਇਕ ਮੋਟਰ ਸਾਈਕਲ ਰੱਖੋ ਜਿਸ ਉੱਪਰ ਤਿੰਨ ਅੰਮ੍ਰਿਤਧਾਰੀ ਸਿੱਖ 3 ਰੀਵਾਲਵਰਾਂ ਨਾਲ ਲੈਸ ਹੋਣ। ਇਹ ਸ਼ਸਤਰ ਨਿਰਦੋਸ਼ ਲੋਕਾਂ ਨੂੰ ਮਾਰਨ ਲਈ ਨਹੀਂ ਹਨ। ਇਕ ਸਿੱਖ ਲਈ ਹਥਿਆਰ ਰੱਖ ਕੇ ਨਿਰਦੋਸ਼ਾਂ ਨੂੰ ਮਾਰਨਾ ਬੱਜਰ ਪਾਪ ਹੈ, ਪਰ ਖ਼ਾਲਸਾ ਜੀ! ਸ਼ਸਤਰਧਾਰੀ ਹੋ ਕੇ ਆਪਣੀਆਂ ਹੱਕੀ ਮੰਗਾਂ ਤੇ ਆਪਣੇ ਹੱਕ ਨਾ ਪ੍ਰਾਪਤ ਕਰਨੇ ਹੋਰ ਵੀ ਵੱਡਾ ਪਾਪ ਹੈ। ਇਹ ਤੁਹਾਡੇ ਹੱਥ ਹੈ ਕਿ ਤੁਸੀਂ ਹਥਿਆਰ ਕਿਵੇਂ ਵਰਤਣੇ ਹਨ। ਜੇ ਤੁਸੀਂ ਗ਼ੁਲਾਮੀ ਦਾ

ਜੂਲਾ (ਜ਼ੰਜੀਰਾਂ) ਲਾਹੁਣਾ ਹੈ ਤਾਂ ਤੁਹਾਡੀ ਕੋਈ ਯੋਜਨਾ ਹੋਣੀ ਚਾਹੀਦੀ ਹੈ।"

ਭਿੰਡਰਾਂਵਾਲੇ ਨੇ ਦਲੀਲ ਦਿੰਦਿਆਂ ਇਹ ਵੀ ਕਿਹਾ ਕਿ, "ਮੈਂ ਇਕ ਵਾਰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਜੇ ਤੁਸੀਂ ਆਨੰਦਪੁਰ ਸਾਹਿਬ 'ਚ ਨਹੀਂ ਗਏ, ਤੁਸੀਂ ਪੰਜ ਕਕਾਰ ਧਾਰਨ ਨਹੀਂ ਕੀਤੇ ਜਿਹੜੇ ਸਿੱਖ ਧਰਮ ਦਾ ਚਿੰਨ੍ਹ ਹਨ, ਜੇ ਤੁਹਾਡੇ ਕੋਲ ਰਫ਼ਲ ਤੇ ਨੇਜ਼ਾ ਨਹੀਂ ਤਾਂ ਹਿੰਦੂਆਂ ਤੋਂ ਜ਼ਿੰਦਗੀ ਭਰ ਮਾਰ ਖਾਂਦੇ ਰਹੋਗੇ।"

ਇਹ ਵਿਖਿਆਨ ਸੰਗਤ ਵੱਲੋਂ "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ" ਦੇ ਜੈਕਾਰੇ ਨਾਲ ਸਮਾਪਤ ਹੋ ਗਿਆ।

ਭਿੰਡਰਾਂਵਾਲੇ ਵੱਲੋਂ ਹਿੰਸਾ ਦੀ ਖੁਲ੍ਹੀ ਹਿਮਾਇਤ ਵਿਰੁੱਧ ਲੌਂਗੋਵਾਲ ਨੇ ਆਖ਼ਰ ਵਿਰੋਧ ਕੀਤਾ ਕਿਉਂਕਿ ਲੌਂਗੋਵਾਲ ਤਾਂ ਅਜੇ ਵੀ ਅਹਿੰਸਕ ਲਹਿਰ ਦੀ ਅਗਵਾਈ ਕਰਨ ਦਾ ਇਛੁੱਕ ਸੀ। ਉਸ ਨੇ ਅਖ਼ਬਾਰਾਂ ਲਈ ਭਿੰਡਰਾਂਵਾਲੇ ਵੱਲੋਂ ਨੌਜਵਾਨ ਮੋਟਰ ਸਾਈਕਲ ਸਵਾਰਾਂ ਨੂੰ ਸ਼ਸਤਰ ਉਠਾਉਣ ਦੀ ਵੰਗਾਰ ਦੀ ਆਲੋਚਨਾ ਕੀਤੀ। ਪ੍ਰੰਤੂ ਅਗਲੇ ਦਿਨ ਇਕ ਕੌਮੀ ਖ਼ਬਰ ਏਜੰਸੀ ਨੇ ਲੌਂਗੋਵਾਲ ਦੇ ਬਿਆਨ ਦਾ ਖੰਡਨ ਵੀ ਜਾਰੀ ਕਰ ਦਿੱਤਾ। ਸਥਿਤੀ ਸਪੱਸ਼ਟ ਕਰਨ ਲਈ ਮੈਂ ਅੰਮ੍ਰਿਤਸਰ ਸਥਿਤ ਪੱਤਰਕਾਰ ਸੰਜੀਵ ਗੌੜ ਨੂੰ ਕਿਹਾ ਕਿ ਉਹ ਮੋਰਚਾ ਦੇ ਡਿਕਟੇਟਰ ਨੂੰ ਜਾ ਕੇ ਸਾਫ਼-ਸਾਫ਼ ਪੁੱਛੇ ਕਿ ਉਸ ਨੇ ਕੀ ਕਿਹਾ ਸੀ ? ਲੌਂਗੋਵਾਲ ਟਾਲਮਟੋਲ ਕਰਦਾ ਰਿਹਾ ਪਰ ਆਖ਼ਰਕਾਰ ਉਸ ਨੇ ਇਹ ਸਵੀਕਾਰ ਕੀਤਾ ਕਿ ਉਸਨੇ ਸਿੱਖਾਂ ਨੂੰ ਆਤੰਕਵਾਦ ਦਾ ਸਮਰਥਨ ਕਰਨ ਕਰਕੇ ਭਿੰਡਰਾਂਵਾਲੇ ਦੀ ਆਲੋਚਨਾ ਕੀਤੀ ਸੀ। ਅਕਾਲੀ ਦਲ ਵਿੱਚ ਬੈਠੇ ਭਿੰਡਰਾਂਵਾਲੇ ਦੇ ਇਕ ਜਾਸੂਸ ਨੇ ਤੁਰਤ ਹੀ ਇਹ ਗੱਲਬਾਤ ਭਿੰਡਰਾਂਵਾਲੇ ਨੂੰ ਜਾ ਦੱਸੀ। ਸੰਜੀਵ ਗੌਰਵ ਜਿਉਂ ਹੀ ਮੰਦਰ ਸਮੂਹ ਵਿੱਚੋਂ ਬਾਹਰ ਨਿਕਲਿਆ, ਤਾਂ ਉਸ ਨੂੰ ਛੁਰਾ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ। ਤੇ ਉਸ ਮਗਰੋਂ ਲੌਂਗੋਵਾਲ ਨੇ ਆਪਣੇ ਵਿਰੋਧੀ ਦੀ ਖੁਲ੍ਹੇ ਤੌਰ 'ਤੇ ਕਦੇ ਨੁਕਤਾਚੀਨੀ ਨਾ ਕੀਤੀ।

ਇਕ ਹੋਰ ਘਟਨਾ ਜਿਸ ਵਿੱਚ ਲੌਂਗੋਵਾਲ ਨੇ ਆਪਣੀ ਸ਼ਕਤੀ ਤੇ ਅਧਿਕਾਰਾਂ ਦੀ ਵਰਤੋਂ ਕਰਨ ਵਿੱਚ ਅਸਹਿਮਤੀ ਪ੍ਰਗਟ ਕੀਤੀ, ਉਹ ਜਨਵਰੀ 1984 ਦੇ ਗਣਤੰਤਰ ਦਿਵਸ ਬਾਰੇ ਸੀ। ਸਵਰਨ ਮੰਦਰ ਦੇ ਨੇੜੇ ਕਿਸੇ ਇਮਾਰਤ ਤੋਂ ਖ਼ਾਲਿਸਤਾਨ ਦਾ ਝੰਡਾ ਝੁਲਾਇਆ ਗਿਆ। ਆਖ਼ਰ ਤਕ ਲੌਂਗੋਵਾਲ ਇਹ ਦਾਅਵਾ ਕਰਦਾ ਰਿਹਾ ਕਿ ਉਸ ਦੇ ਮੋਰਚੇ ਦਾ, ਸੁਤੰਤਰਤਾ ਦੀ ਲਹਿਰ ਨਾਲ ਤੇ ਆਨੰਦਪੁਰ ਸਾਹਿਬ ਦਾ ਮਤਾ ਆਜ਼ਾਦੀ ਦੀ ਮੰਗ ਨਾਲ, ਕੋਈ ਸੰਬੰਧ ਨਹੀਂ ਹੈ, ਪ੍ਰੰਤੂ ਖ਼ਾਲਿਸਤਾਨੀ ਝੰਡੇ ਬਾਰੇ ਕੋਈ ਕਾਰਵਾਈ ਨਾ ਕੀਤੀ ਗਈ।

ਅਸਲੀਅਤ ਇਹ ਸੀ ਕਿ ਜਿਸ ਦਿਨ ਖਾਲਿਸਤਾਨੀ ਝੰਡਾ ਝੁਲਾਇਆ ਗਿਆ ਸੀ, ਅਕਾਲੀ ਦਲ ਦੇ ਨੇਤਾਵਾਂ ਨੇ ਨਵੀਂ ਮੰਗ ਪੇਸ਼ ਕਰ ਦਿੱਤੀ ਸੀ। ਉਹਨਾਂ ਨੇ ਸਰਕਾਰ ਨੂੰ ਕਿਹਾ ਕਿ ਸੰਵਿਧਾਨ ਦੀ ਧਾਰਾ 21 ਜਿਸ ਦਾ ਅਕਾਲੀਆਂ ਅਨੁਸਾਰ ਇਹ ਭਾਵ ਸੀ ਕਿ ਹਿੰਦੂ ਤੇ ਸਿੱਖ ਇਕ ਹਨ, ਉਸ ਵਿੱਚ ਸੋਧ ਕੀਤੀ ਜਾਵੇ। ਇਹ ਧਾਰਾ ਧਾਰਮਕ ਆਜ਼ਾਦੀ ਦੀ ਜ਼ਾਮਨ ਸੀ। ਜ਼ਾਤ ਪਾਤ ਦੀ ਰੋਕ ਦੂਰ ਕਰਨ ਲਈ, (ਜਿਸ ਨੇ ਅਛੂਤਾਂ ਉੱਪਰ ਹਿੰਦੂ ਮੰਦਰਾਂ ਵਿੱਚ ਜਾਣ 'ਤੇ ਰੋਕ ਲਾਈ ਸੀ) ਇਸ ਧਾਰਾ ਵਿੱਚ ਕਿਹਾ ਗਿਆ ਸੀ ਹਿੰਦੂ ਧਰਮ ਸੰਸਥਾਵਾਂ ਦੇ ਜਨਤਕ ਸਰੂਪ ਨੂੰ ਧਿਆਨ 'ਚ ਰੱਖ ਕੇ ਮੰਦਰਾਂ ਵਿੱਚ ਹਿੰਦੂਆਂ ਦੀ ਹਰ ਜਮਾਤ ਤੇ ਵਰਗ ਦੇ ਜਾਣ ਲਈ ਖੁੱਲ੍ਹ ਹੋਣੀ ਚਾਹੀਦੀ ਹੈ। ਇਸ ਧਾਰਾ

ਵਿੱਚ ਸਪੱਸ਼ਟ ਕੀਤਾ ਗਿਆ ਸੀ ਕਿ ਹਿੰਦੂ ਸ਼ਬਦ ਵਿੱਚ ਜੈਨ, ਬੁੱਧ ਤੇ ਸਿੱਖ ਧਰਮ ਮੰਨਣ ਵਾਲੇ ਸਾਰੇ ਲੋਕ ਆਉਂਦੇ ਹਨ। ਸੰਵਿਧਾਨਕ ਵਿਸ਼ੇਸ਼ਗਾਂ ਦੀ ਇਸ ਵਿਆਖਿਆ, ਸਪੱਸ਼ਟੀਕਰਨ ਬਾਰੇ ਮੱਤਭੇਦ ਹਨ ਪਰ ਅਕਾਲੀ ਦਲ ਦੇ ਨੇਤਾਵਾਂ ਨੇ ਇਕ ਜਜ਼ਬਾਤੀ ਤੇ ਭਾਵਨਾਤਮਕ ਮਸਲਾ ਲੱਭ ਲਿਆ ਸੀ ਕਿਉਂਕਿ ਕੱਟੜਪੰਥੀਆਂ ਨੂੰ ਇਹ ਡਰ ਸੀ ਕਿ ਸਿੱਖ ਧਰਮ ਨਾਲ ਵੀ ਉਹੋ ਕੁਝ ਵਾਪਰੇਗਾ ਜੋ ਕੁਝ ਜੈਨ ਤੇ ਬੁੱਧ ਧਰਮ ਨਾਲ ਭਾਰਤ ਵਿੱਚ ਹੋਇਆ ਸੀ, ਤੇ ਉਹਨਾਂ ਵਾਂਗ ਹੀ ਹਿੰਦੂ ਧਰਮ ਸਿੱਖ ਧਰਮ ਨੂੰ ਵੀ ਹੜੱਪ ਕਰ ਲਵੇਗਾ।

ਨਿਰਸੰਦੇਹ ਇਹ ਮੰਗ ਅਕਾਲੀਆਂ ਦੀਆਂ ਮੁੱਢਲੀਆਂ ਮੰਗਾਂ ਵਿੱਚ ਸ਼ਾਮਲ ਨਹੀਂ ਕੀਤੀ ਗਈ ਸੀ ਤੇ ਨਾ ਹੀ ਇਹ ਵਿਵਾਦਪੂਰਨ ਆਨੰਦਪੁਰ ਸਾਹਿਬ ਦੇ ਮਤੇ ਵਿੱਚ ਸ਼ਾਮਿਲ ਸੀ। ਇਸ ਨੇ ਸ੍ਰੀਮਤੀ ਗਾਂਧੀ ਦੀ ਸ਼ਕਤੀ ਨੂੰ ਮਜ਼ਬੂਤ ਕਰ ਦਿੱਤਾ। ਪਰਧਾਨ ਮੰਤਰੀ ਸਦਾ ਇਹ ਦਲੀਲ ਦਿੰਦੀ ਰਹੀ ਸੀ ਕਿ ਉਸ ਨੇ ਅਕਾਲੀਆਂ ਨਾਲ ਹੋਏ ਪਹਿਲੇ ਸਮਝੌਤੇ ਸਮਾਪਤ ਨਹੀਂ ਕੀਤੇ ਸਨ ਸਗੋਂ ਇਹ ਅਕਾਲੀ ਨੇਤਾ ਖੁਦ ਹੀ ਸਨ ਜੋ ਸਦਾ ਹੀ ਆਪਣਾ ਮਨ ਤੇ ਮੰਗਾਂ ਬਦਲਦੇ ਰਹੇ ਸਨ। ਐਮ.ਜੇ. ਅਕਬਰ ਨੇ ਆਪਣੀ ਪੁਸਤਕ "ਇੰਡੀਆ—ਦੀ ਸੀਜ਼ ਵਿਦ ਇਨ" ਵਿੱਚ ਕਿਹਾ ਹੈ ਕਿ ਹਰ ਹਾਲਤ ਵਿੱਚ ਨਵੀਂ ਮੰਗ ਸੱਚਮੁੱਚ ਹੀ ਜਿੱਤ ਦੀ ਪ੍ਰਾਪਤੀ ਲਈ ਉਹਨਾਂ ਦਾ ਨਿਧੜਕਤਾ ਵਾਲਾ ਤੇ ਨਿਰਾਸਤਾ ਤੋਂ ਉਤਪੰਨ ਯਤਨ ਸੀ ਜਿਸ ਨਾਲ ਅਕਾਲੀ ਦਲ ਨੇਤਾਵਾਂ ਦੀ ਪ੍ਰਤਿਸ਼ਠਾ ਮੁੜ ਕਾਇਮ ਹੋਣੀ ਸੀ ਤੇ ਇਸ ਨਾਲ ਉਹਨਾਂ ਨੇ ਭਿੰਡਰਾਂਵਾਲੇ ਹੱਥੋਂ ਲਹਿਰ ਦੀ ਵਾਗਡੋਰ ਖੋਹ ਲੈਣੀ ਸੀ। ਜਿਵੇਂ ਅਕਬਰ ਨੇ ਕਿਹਾ ਸੀ "ਕਿ ਨਰਮ ਧੜੇ ਦੇ ਅਕਾਲੀ ਦਿੱਲੀ ਉੱਪਰ ਇਸ ਲਈ ਜਿੱਤ ਪ੍ਰਾਪਤ ਕਰਨੀ ਚਾਹੁੰਦੇ ਸਨ ਤਾਂ ਜੋ ਉਹ ਗਰਮ ਖ਼ਿਆਲੀਆਂ ਤੋਂ ਅੱਗੇ ਚਲ ਕੇ ਪੈਹਲ ਪ੍ਰਾਪਤ ਕਰ ਲੈਣ ਤੇ "ਸਿੱਖ ਧਰਮ ਦੇ ਨਾਇਕ ਤੇ ਹਿਮਾਇਤੀ ਬਣ ਕੇ ਆਪਣੀ ਪਰਤੀਤ ਤੇ ਵਿਸ਼ਵਾਸ ਮੁੜ ਸਥਾਪਿਤ ਕਰ ਲੈਣ।" ਉਹ ਅੱਗੇ ਲਿਖਦਾ ਹੈ, "ਦਿੱਲੀ ਵਿੱਚ ਕੋਈ ਵੀ ਮੂੜ੍ਹ ਤੇ ਅੰਨ੍ਹੀ ਸਰਕਾਰ ਇਹ ਸਮਝ ਕੇ ਅਕਾਲੀਆਂ ਨੂੰ ਸਥਿਤੀ 'ਚ ਨਿਕਲਣ ਲਈ ਇਹ ਪੇਸ਼ਕਸ਼ ਕਰਕੇ ਸਹਾਇਤਾ ਦੇ ਦਿੰਦੀ।"[1]

ਬਲਵੰਤ ਸਿੰਘ ਜੋ ਪੰਜਾਬ ਦਾ ਭੂਤਪੂਰਵ ਵਿੱਤ ਮੰਤਰੀ ਸੀ ਤੇ ਅਕਾਲੀ ਦਲ ਦੇ ਨਰਮ ਖ਼ਿਆਲੀ ਨੇਤਾਵਾਂ ਵਿੱਚੋਂ ਇਕ ਸੀ, ਉਹ ਉਸ ਸਮੇਂ ਮੀਟਿੰਗ ਵਿੱਚ ਹਾਜ਼ਰ ਸੀ, ਜਦੋਂ ਇਹ ਮੰਗ ਪੇਸ਼ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਉਸ ਨੇ ਤੇ ਕੁਝ ਹੋਰਨਾਂ ਨੇ ਇਸ ਮੰਗ ਦੀ ਇਹ ਕਹਿ ਕੇ ਵਿਰੋਧਤਾ ਕੀਤੀ ਸੀ ਕਿ ਇਸ ਤਰ੍ਹਾਂ ਕਰਨਾ ਸ਼੍ਰੀਮਤੀ ਗਾਂਧੀ ਦੇ ਹੱਥਾਂ ਵਿੱਚ ਖੇਡਣ ਵਾਲੀ ਗੱਲ ਹੋਵੇਗੀ ਕਿਉਂਕਿ ਉਸ ਨੂੰ ਇਹ ਕਹਿਣ ਦਾ ਇਕ ਹੋਰ ਸਬੂਤ ਜਾਂ ਬਹਾਨਾ ਮਿਲ ਜਾਏਗਾ ਕਿ ਅਕਾਲੀਆਂ ਨੂੰ ਇਹ ਵੀ ਜਾਣਕਾਰੀ ਨਹੀਂ ਕਿ ਉਹ ਕੀ ਚਾਹੁੰਦੇ ਸਨ। ਪਰ ਬਲਵੰਤ ਸਿੰਘ ਦੀ ਗੱਲ ਨਾ ਮੰਨੀ ਗਈ ਕਿਉਂਕਿ ਬਹੁਤ ਸਾਰੇ ਅਕਾਲੀ ਦਲ ਦੇ ਨੇਤਾ ਇਸ ਨਵੀਂ ਮੰਗ ਦੀ ਜ਼ਰੂਰਤ ਭਿੰਡਰਾਂਵਾਲੇ ਤੋਂ ਅਗਵਾਈ ਖੋਹਣ ਲਈ ਨਹੀਂ ਸਗੋਂ ਇਹ ਸਿੱਧ ਕਰਨ ਲਈ ਕਰ ਰਹੇ ਸਨ ਕਿ ਉਹ ਅਜੇ ਵੀ ਭਿੰਡਰਾਂਵਾਲੇ ਨਾਲ ਸਨ। ਦੂਸਰੇ ਸ਼ਬਦਾਂ ਵਿੱਚ ਉਹ ਆਤੰਕਵਾਦ ਨੂੰ ਖ਼ਤਮ ਕਰਨ ਲਈ ਤੇ ਸਹਾਰਾ ਦੇਣ ਲਈ ਇਹ ਮੰਗ ਪੇਸ਼ ਕਰ ਰਹੇ ਸਨ।

ਇਹ ਗੱਲ ਮਗਰੋਂ ਵਾਪਰਨ ਵਾਲੀਆਂ ਘਟਨਾਵਾਂ ਨੇ ਸਾਬਤ ਕਰ ਦਿੱਤੀ। ਸਰਕਾਰ

ਨੇ ਗ਼ੈਰ-ਜ਼ਰੂਰੀ ਪ੍ਰਤੀਕਿਰਿਆ ਦਿਖਾ ਕੇ ਮੂਰਖਤਾ ਕੀਤੀ ਜਦੋਂ ਅਕਾਲੀਆਂ ਨੇ ਸੰਵਿਧਾਨ ਦੀਆਂ ਪ੍ਰਤੀਆਂ ਸਾੜੀਆਂ ਤੇ ਸਰਕਾਰ ਨੇ ਉਹਨਾਂ ਉੱਪਰ ਦੇਸ਼-ਧਰੋਹ ਦਾ ਦੋਸ਼ ਲਾਉਣ ਦੀ ਧਮਕੀ ਦਿੱਤੀ। ਬਾਦਲ ਤੇ ਹੋਰ ਅਕਾਲੀ ਨੇਤਾ ਖ਼ੁਸ਼ੀ-ਖ਼ੁਸ਼ੀ ਵਿਰੋਧ ਪਰਗਟ ਕਰਨ ਲਈ ਮੈਦਾਨ ਵਿੱਚ ਆਏ ਤੇ ਉਹਨਾਂ ਨੂੰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਤੇ ਉਹ ਇਹੋ ਕੁਝ ਚਾਹੁੰਦੇ ਸਨ। ਉਹਨਾਂ ਲਈ ਇਹ ਦੱਸਣ ਦਾ ਇਸ ਤੋਂ ਵਧੀਆ ਢੰਗ ਹੋਰ ਕੀ ਹੋ ਸਕਦਾ ਸੀ ਕਿ ਉਹ ਵੀ ਆਪਣੀਆਂ ਮੰਗਾਂ ਵਿੱਚ ਉਤਨੇ ਹੀ ਇੰਤਹਾਪਸੰਦ ਸਨ ਜਿਵੇਂ ਭਿੰਡਰਾਂਵਾਲਾ ਸੀ ਤੇ ਜਿਹੜਾ ਅਜੇ ਵੀ ਸਵਰਨ ਮੰਦਰ ਵਿੱਚ ਖੁੱਲ੍ਹਾ ਫਿਰ ਰਿਹਾ ਸੀ। ਉਹ ਲੌਂਗੋਵਾਲ ਨੂੰ ਲੜਾਈ ਦਾ ਜੋਖ਼ਮ ਉਠਾਉਣ ਲਈ ਪਿੱਛੇ ਛੱਡ ਗਏ।

ਜੇਲ੍ਹ ਜਾਣ ਤੋਂ ਪਹਿਲਾਂ ਅਕਾਲੀ ਲੀਡਰਾਂ ਨੇ ਭਿੰਡਰਾਂਵਾਲੇ ਨੂੰ ਟੱਕਰ ਦੇਣ ਤੇ ਪਿਛਾੜਨ ਲਈ ਆਪਣੀਆਂ ਪ੍ਰਾਰੰਭਕ ਮੰਗਾਂ ਵਾਸਤੇ ਅੰਦੋਲਨ ਨੂੰ ਮੁੜ ਤੋਂ ਸੁਰਜੀਤ ਕਰਨ ਦਾ ਫ਼ੈਸਲਾ ਕੀਤਾ। ਉਹਨਾਂ ਨੇ 8 ਫਰਵਰੀ ਨੂੰ ਪੰਜਾਬ ਵਿੱਚ ਆਮ ਹੜਤਾਲ ਕਰਨ ਦਾ ਐਲਾਨ ਕਰ ਦਿੱਤਾ। ਪਿਛਲੀ ਵਾਰ ਸਿੱਖਾਂ ਵੱਲੋਂ "ਰਾਸਤਾ ਰੋਕੋ" ਅੰਦੋਲਨ ਵੇਲੇ ਹੋਈ ਹਿੰਸਾ ਦੇ ਤਜਰਬੇ ਨੂੰ ਧਿਆਨ 'ਚ ਰੱਖ ਕੇ ਸਰਕਾਰ ਨੇ ਨੁਕਸਾਨ ਨੂੰ ਸੀਮਤ ਕਰਨ ਲਈ ਰੇਲ ਤੇ ਹਵਾਈ ਸੇਵਾਵਾਂ ਰੱਦ ਕਰ ਦਿੱਤੀਆਂ ਪਰ ਸਿੱਖ ਆਪਣੇ ਪਰੰਪਰਾਗਤ ਹਥਿਆਰ ਲਹਿਰਾਉਂਦੇ ਹੋਏ ਬਹੁਤ ਥਾਵਾਂ 'ਤੇ ਸਰਕਾਰੀ ਦਫ਼ਤਰਾਂ ਵਿੱਚ ਗਏ ਤੇ ਉਹਨਾਂ ਨੂੰ ਜ਼ਬਰਦਸਤੀ ਬੰਦ ਕਰਵਾ ਦਿੱਤਾ। ਪੰਜਾਬ ਪੁਲੀਸ ਵੀ ਇਕ ਪਾਸੇ ਹੋ ਕੇ ਖੜ੍ਹੀ ਰਹੀ ਤੇ ਸਿੱਖਾਂ ਵੱਲੋਂ ਹਿੰਦੂਆਂ ਦੀਆਂ ਦੁਕਾਨਾਂ ਬੰਦ ਕਰਾਉਣ ਦੀ ਕਾਰਵਾਈ ਵੇਖਦੀ ਰਹੀ। ਸਰਕਾਰ ਵੱਲੋਂ ਇਸ ਚੁਣੌਤੀ ਨੂੰ ਨਾ ਲਲਕਾਰਨ ਕਰਕੇ ਦਿਨ ਲਗਭਗ ਸ਼ਾਂਤੀ ਨਾਲ ਲੰਘ ਗਿਆ, ਬੱਸ ਇਕ ਥਾਂ ਬੰਬ ਫਟਿਆ ਜਿਸ ਨਾਲ 10 ਆਦਮੀ ਜ਼ਖ਼ਮੀ ਹੋ ਗਏ। ਪ੍ਰੰਤੂ ਇਸ ਹੜਤਾਲ ਦੇ ਗੰਭੀਰ ਪਰਿਣਾਮ ਨਿਕਲੇ। ਇਸ ਨੇ ਹਿੰਦੂਆਂ ਨੂੰ ਖ਼ਾਸ ਕਰਕੇ ਹਰਿਆਣਾ ਦੇ ਹਿੰਦੂ ਮੁੱਖ ਮੰਤਰੀ ਨੂੰ ਅਗਲੇ ਮਹੀਨੇ ਹੋਣ ਵਾਲੀ ਗੱਲਬਾਤ ਦੇ ਅਗਲੇ ਗੇੜ ਨੂੰ ਰੋਕਣ ਦਾ ਬਹਾਨਾ ਦੇ ਦਿੱਤਾ। ਹਰਭਜਨ ਲਾਲ ਗੱਲਬਾਤ ਨੂੰ ਰੋਕਣਾ ਚਾਹੁੰਦਾ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਸਿੱਖਾਂ ਨਾਲ ਹੋਏ ਸਮਝੌਤੇ ਨੂੰ ਹਰਿਆਣੇ ਦੇ ਹਿੱਤਾਂ ਨਾਲ ਸੌਦਾ ਸਮਝਿਆ ਜਾਵੇਗਾ। ਇਹ ਗੱਲਬਾਤ ਪਿਛਲੇ ਗੇੜ ਦੀ ਗੱਲਬਾਤ ਤੋਂ ਐਨ ਇਕ ਸਾਲ ਮਗਰੋਂ ਸ਼ੁਰੂ ਹੋਈ। ਇਸ ਵਾਰ ਸ੍ਰੀਮਤੀ ਗਾਂਧੀ ਨੇ ਸਭ ਵਿਰੋਧੀ ਪਾਰਟੀਆਂ ਨੂੰ ਗੱਲਬਾਤ ਵਿੱਚ ਸ਼ਾਮਿਲ ਕੀਤਾ। ਉਸੇ ਦਿਨ ਹਿੰਦੂ ਸੁਰੱਖਿਆ ਸਮਿਤੀ ਨੇ ਪੰਜਾਬ ਵਿੱਚ ਆਮ ਹੜਤਾਲ ਦਾ ਐਲਾਨ ਕਰ ਦਿੱਤਾ। ਇਸ ਦਾ ਨੇਤਾ ਪਵਨ ਕੁਮਾਰ ਨਾਮ ਦਾ ਨੌਜੁਆਨ ਹਿੰਦੂ ਸੀ ਜਿਸ ਦਾ ਅਪਰਾਧੀ ਪਿਛੋਕੜ ਸੀ ਤੇ ਜਿਸ ਨੂੰ ਰਾਜਨੀਤੀ ਵਿੱਚ ਇੰਦਰਾ ਕਾਂਗਰਸ ਦਾ ਸਾਂਸਦ ਲਿਆਇਆ ਸੀ। ਪਵਨ ਕੁਮਾਰ ਦੇ ਹਰਿਆਣਾ ਦੇ ਮੁੱਖ ਮੰਤਰੀ ਨਾਲ ਵੀ ਸੰਬੰਧ ਸਨ। ਹਿੰਦੂਆਂ ਦੀ ਹੜਤਾਲ ਵਿੱਚ 14 ਲੋਕ ਮਾਰੇ ਗਏ ਸਨ ਤੇ ਇਸ ਨੂੰ "ਟਾਈਮਜ਼ ਔਫ਼ ਇੰਡੀਆ" ਨੇ "ਵੰਡ ਪਿੱਛੋਂ ਸਭ ਤੋਂ ਭੈੜੀ ਹੜਤਾਲ ਕਿਹਾ ਸੀ ਜਿਸ ਵਿੱਚ ਦਲਾਂ ਦੇ ਆਪਸੀ ਝਗੜੇ ਤੇ ਲੁੱਟ ਮਾਰ ਹੋਈ।" ਅਗਲੇ ਦਿਨ ਅਕਾਲੀ ਦਲ ਨੇ ਗੱਲਬਾਤ ਇਹ ਕਹਿ ਕੇ ਤੋੜ ਦਿੱਤੀ ਕਿ ਗੱਲਬਾਤ ਦੁਬਾਰਾ ਉਸ ਸਮੇਂ ਹੀ ਸ਼ੁਰੂ ਕਰਨਗੇ ਜਦੋਂ ਪੰਜਾਬ ਵਿੱਚ ਸ਼ਾਂਤੀ ਸਥਾਪਿਤ ਹੋਵੇਗੀ। ਉਹ ਜਾਣਦੇ ਸਨ ਕਿ ਜੇ ਉਹਨਾਂ ਨੇ ਹਿੰਸਾ ਪਿੱਛੋਂ ਵੀ ਗੱਲ ਜਾਰੀ ਰੱਖੀ ਤਾਂ ਭਿੰਡਰਾਂਵਾਲਾ ਉਹਨਾਂ ਨੂੰ ਬਦਨਾਮ ਕਰੇਗਾ

ਜਿਸ ਨੇ ਫ਼ੁਰਤ ਇਸ ਘਟਨਾ ਨੂੰ "ਸਿੱਖਾਂ ਦੀ ਗੁਲਾਮੀ" ਦਾ ਇਕ ਹੋਰ ਸਬੂਤ ਕਿਹਾ।

ਪੰਜਾਬ ਵਿੱਚ ਹੜਤਾਲ ਮਗਰੋਂ ਫ਼ੁਰਤ ਹੀ ਹਰਿਆਣਾ ਵਿੱਚ ਸਿੱਖਾਂ ਵਿਰੁੱਧ ਪਹਿਲੇ ਭਿਆਨਕ ਫ਼ਸਾਦ ਹੋਏ। ਇਹ ਦੰਗੇ ਹਰਿਆਣਾ ਦੇ ਮੁੱਖ ਮੰਤਰੀ ਦੇ ਉਸ ਭਾਸ਼ਣ ਪਿੱਛੋਂ ਭੜਕੇ ਜੋ ਉਸ ਨੇ ਫ਼ਰੀਦਾਬਾਦ ਦੇ ਉਦਯੋਗਿਕ ਸ਼ਹਿਰ ਵਿੱਚ ਦਿੱਤਾ ਸੀ ਜਿਸ ਵਿੱਚ ਉਸ ਨੇ ਸਿੱਖਾਂ ਨੂੰ ਤਾੜਨਾ ਕੀਤੀ ਸੀ ਕਿ ਹਿੰਦੂਆਂ ਦਾ ਸਬਰ ਖ਼ਤਮ ਹੋ ਰਿਹਾ ਹੈ ਤੇ ਉਹ ਛੇਤੀ ਹੀ ਭਾਜੀ ਮੋੜਨਗੇ ਭਾਵ ਮੋੜਵਾਂ ਹਮਲਾ ਕਰਨਗੇ। ਸਤੀਸ਼ ਜੈਕਬ ਨੇ ਵੇਖਿਆ ਕਿ ਪੁਲੀਸ ਉਸ ਵੇਲੇ ਚੁੱਪ ਚਾਪ ਖੜੀ ਰਹੀ ਜਦੋਂ ਹਿੰਦੂਆਂ ਦੇ ਹਜੂਮ ਨੇ ਪਾਣੀਪਤ ਵਿੱਚ ਗੁਰਦਵਾਰੇ ਨੂੰ ਅੱਗ ਲਾਈ। ਉਸ ਨੇ ਇਹ ਵੀ ਵੇਖਿਆ ਕਿ ਸਿੱਖਾਂ ਨੂੰ ਜ਼ਬਰਦਸਤੀ ਬੱਸਾਂ 'ਚੋਂ ਉਤਾਰ ਕੇ ਉਹਨਾਂ ਦੀ ਹਜਾਮਤ ਬਣਾਈ ਜਾ ਰਹੀ ਸੀ (ਦਾੜ੍ਹੀ-ਕੇਸ ਕੱਟੇ ਜਾ ਰਹੇ ਸਨ) ਤੇ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ। 8 ਸਿੱਖਾਂ ਨੂੰ ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਸਥਿਤੀ ਇਤਨੀ ਗੰਭੀਰ ਸੀ ਕਿ ਪੁਲਸ ਨੂੰ ਜਰਨੈਲੀ ਸੜਕ 'ਤੇ ਸਾਰੀ ਆਵਾਜਾਈ ਰੋਕਣੀ ਪਈ।

ਬਹੁਤ ਸਾਰੇ ਰਾਸ਼ਟਰੀ ਅਖ਼ਬਾਰਾਂ ਨੇ ਡਰ ਜ਼ਾਹਿਰ ਕੀਤਾ ਕਿ ਇਹ ਹਿੰਦੂਆਂ ਦੇ ਲੰਬੇ ਸਮੇਂ ਦੇ ਸਬਰ ਪਿੱਛੋਂ ਦੀ ਤਿੱਖੀ ਪ੍ਰਤੀਕਿਰਿਆ ਸੀ। "ਹਿੰਦੁਸਤਾਨ ਟਾਈਮਜ਼" ਨੇ ਜੋ ਸਰਕਾਰ ਦਾ ਸਮਰਥਕ ਸੀ, ਆਪਣੇ ਮੁੱਖ ਸੰਪਾਦਕੀ ਦਾ ਸਿਰਲੇਖ ਦਿੱਤਾ, "ਦੇਗਚਾ ਉਬਲ ਪਿਆ।" ਫਿਰ ਇਸ ਨੇ ਲਿਖਿਆ, "ਪੰਜਾਬ ਤੇ ਹਰਿਆਣਾ ਵਿੱਚ ਬੇਮਿਸਾਲ ਪੈਮਾਨੇ 'ਤੇ ਭੜਕੀ ਹਿੰਸਾ ਅਕਾਲੀ ਸੰਕਟ ਨੂੰ ਹੋਰ ਡੂੰਘਾ ਕਰਨ ਵਾਲਾ ਬੜਾ ਦੁਖਦਾਈ ਪੜਾਅ ਹੈ।" ਇਸ ਅੰਦੋਲਨ ਦੇ ਪਰਭਾਵ ਹੁਣ ਇਕ ਫ਼ਿਰਕੇ ਜਾਂ ਰਾਜ ਤਕ ਹੀ ਸੀਮਤ ਨਹੀਂ ਰਹੇ। ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਤੋਂ ਛਪਦੇ "ਦੀ ਟ੍ਰਿਬਿਊਨ" ਨੇ ਲਿਖਿਆ, "ਇਸ ਵਿਆਖਿਆ ਵਿੱਚ ਕੁਝ ਸੱਚਾਈ ਹੈ ਕਿ ਹਰਿਆਣਾ ਵਿੱਚ ਹੋਈ ਹਿੰਸਾ ਪੰਜਾਬ ਵਿੱਚ ਆਤੰਕਵਾਦੀਆਂ ਵੱਲੋਂ ਕੀਤੀਆਂ ਜ਼ਿਆਦਤੀਆਂ ਦੀ ਹੀ ਪ੍ਰਤਿਕਿਰਿਆ ਹੈ।" ਪ੍ਰੰਤੂ ਇਹ ਹਿੰਸਾ ਅਚਾਨਕ ਹੀ ਉਸੇ ਤਰ੍ਹਾਂ ਹੀ ਸਮਾਪਤ ਹੋ ਗਈ ਜਿਵੇਂ ਇਹ ਉਭਰੀ ਸੀ ਤੇ ਹੁਣ ਪ੍ਰਤੀਕਿਰਿਆ ਦਾ ਕੋਈ ਚਿੰਨ੍ਹ ਨਹੀਂ ਸੀ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਹ ਜਿਸ ਤਰ੍ਹਾਂ ਵੇਖਣ ਨੂੰ ਲੱਗਦੀ ਸੀ, ਇਹ ਸੁਭਾਵਕ ਤੇ ਆਪਮੁਹਾਰੀ ਨਹੀਂ ਸੀ। ਭਜਨ ਲਾਲ ਨੇ ਆਪਣੀ ਤਾਕਤ ਵਿਖਾ ਦਿੱਤੀ ਸੀ ਤੇ ਹਰਿਆਣਾ ਦੀ ਸਥਿਤੀ ਨੂੰ ਫਿਰ ਅਣਗੌਲਿਆਂ ਨਾ ਕੀਤਾ ਗਿਆ।

ਸ਼੍ਰੀਮਤੀ ਗਾਂਧੀ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਪੰਜਾਬ ਦੇ ਮਸਲੇ ਦੇ ਹੱਲ ਦੀ ਕੀਮਤ 'ਤੇ ਆਪਣੀ ਮਰਜ਼ੀ ਕਰਨ ਦੀ ਆਗਿਆ ਕਿਉਂ ਦਿੱਤੀ ਜਿਸ ਕਾਰਨ ਉਹਦੀ ਸਰਕਾਰ ਦੀ ਪਰਤੀਤ ਨੂੰ ਗੰਭੀਰ ਹਾਨੀ ਪਹੁੰਚ ਰਹੀ ਸੀ ? ਇਸ ਤੇ ਕਈ ਸਪੱਸ਼ਟੀਕਰਨ ਦਿੱਤੇ ਗਏ ਹਨ। ਸਭ ਤੋਂ ਵਧੇਰੇ ਤਲਖ ਵਿਆਖਿਆ ਇਹ ਦਿੱਤੀ ਜਾਂਦੀ ਹੈ ਕਿ ਉਸ ਨੇ ਜਾਣ ਬੁਝ ਕੇ ਦਖ਼ਲ ਨਹੀਂ ਦਿੱਤਾ ਕਿਉਂਕਿ ਉਸ ਦੀ ਹਿੰਦੂ ਵੋਟਾਂ 'ਤੇ ਅੱਖ ਸੀ। ਇਕ ਹੋਰ ਇਹ ਵਿਆਖਿਆ ਦਿੱਤੀ ਜਾਂਦੀ ਹੈ ਕਿ ਉਹ ਪੰਜਾਬ ਸੰਕਟ ਦੇ ਫ਼ੌਜੀ ਹਲ 'ਤੇ ਤੁਲੀ ਹੋਈ ਸੀ ਤੇ ਉਹ ਮਹਿਸੂਸ ਕਰਦੀ ਸੀ ਕਿ ਸਥਿਤੀ ਹੋਰ ਜ਼ਿਆਦਾ ਵਿਗੜ ਜਾਵੇ ਤਾਂ ਜੋ ਉਹਦੇ ਦਖ਼ਲ ਨੂੰ ਸਹੀ ਮੰਨਿਆ ਜਾ ਸਕੇ। ਇਹ ਬਿਲਕੁਲ ਸਹੀ ਹੈ ਕਿ ਹਿੰਦੂਆਂ ਵੱਲੋਂ ਕੀਤੀ ਹਿੰਸਾ ਸਮੇਂ ਦਰਬਾਰ ਸਾਹਿਬ ਵਿੱਚ ਦਾਖ਼ਲੇ ਦੀ ਜਾਂ ਫ਼ੌਜ ਭੇਜਣ ਦੀ ਗੱਲ ਮੁੜ ਸ਼ੁਰੂ ਹੋ ਚੁੱਕੀ ਸੀ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਟੋਹੜਾ ਨੇ ਕਿਹਾ ਕਿ ਉਸ ਨੂੰ

ਜਾਣਕਾਰੀ ਮਿਲੀ ਹੈ ਕਿ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਲਈ ਕਮਾਂਡੋ (ਛਾਪਾ ਮਾਰ ਸੈਨਕ) ਅੰਮ੍ਰਿਤਸਰ ਪਹੁੰਚ ਚੁੱਕੇ ਸਨ। ਲੌਂਗੋਵਾਲ ਨੇ ਸਰਕਾਰ ਨੂੰ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਤੋਂ ਵਰਜਿਆ। ਰਾਜੀਵ ਗਾਂਧੀ ਜੋ ਪੰਜਾਬ ਸਮਝੌਤੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਸੀ, ਉਹ ਸਰਕਾਰ ਦੀ ਪੰਜਾਬ ਨੀਤੀ ਬਾਰੇ ਸਹਿਮਤ ਨਹੀਂ ਸੀ। ਉਸ ਨੇ ਸੰਕੇਤ ਦਿੱਤਾ ਕਿ ਉਹ ਪੁਲੀਸ ਨੂੰ ਮੰਦਰ ਵਿੱਚ ਭੇਜਣ ਦੇ ਹੱਕ ਵਿੱਚ ਸੀ।

ਜਨਰਲ ਤੌਰ ਤੇ ਸਰਕਾਰ ਕਹਿੰਦੀ ਸੀ ਕਿ ਉਹ ਸਵਰਨ ਮੰਦਰ ਵਿੱਚ ਪੁਲੀਸ ਨਹੀਂ ਭੇਜੇਗੀ ਪ੍ਰੰਤੂ ਅੰਮ੍ਰਿਤਸਰ ਵਿੱਚ ਅਰਧ ਸੈਨਕ ਪੁਲਸ ਅਧਿਕਾਰੀਆਂ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਇਸ ਮੰਤਵ ਲਈ ਛਾਪਾ ਮਾਰ ਦਸਤਿਆਂ ਨੂੰ ਸਿਖਲਾਈ ਦਿੱਤੀ ਜਾ ਰਹੀ ਸੀ। ਉਹਨਾਂ ਨੇ ਕਿਹਾ ਕਿ ਮੰਦਰ ਸਮੂਹ ਦਾ ਇਕ ਵੱਡਾ ਨਮੂਨਾ (ਢਾਂਚਾ) ਹਿਮਾਲਾ ਦੀ ਪੱਬੀ 'ਚ ਚਕਰਾਤਾ ਦੀ ਵਿਸ਼ੇਸ਼ ਸੀਮਾ ਬਲ ਦੇ ਕੈਂਪ ਵਿੱਚ ਬਣਾਇਆ ਗਿਆ ਸੀ। ਸਰਕਾਰ ਨੇ ਫ਼ੌਜੀ ਹਲ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਹੋਈਆਂ ਸਨ ਪਰ ਇਸ ਦਾ ਇਹ ਭਾਵ ਨਹੀਂ ਕਿ ਸਮਝੌਤੇ ਬਾਰੇ ਗੱਲਬਾਤ ਖ਼ਤਮ ਕਰ ਦਿੱਤੀ ਗਈ ਸੀ। ਵਾਸਤਵ ਵਿੱਚ ਸਰਕਾਰ ਆਖ਼ਰੀ ਦਮ ਤਕ ਗੱਲਬਾਤ ਕਰਦੀ ਰਹੀ ਸੀ।

ਸਰਕਾਰ ਵੱਲੋਂ ਫ਼ੌਜੀ ਹਲ ਵਿਚਾਰਨ ਦਾ ਇਕ ਕਾਰਨ ਇਹ ਸੀ ਕਿ ਪੁਲਸ ਵਿੱਚ ਨਿਘਾਰ ਆ ਗਿਆ ਸੀ। ਪਰਧਾਨਗੀ ਰਾਜ ਤੇ ਭਿੰਡਰ ਦੀ ਪਰੇਰਕ ਮੁਹਿਮ ਨੇ ਆਤੰਕਵਾਦੀਆਂ 'ਤੇ ਕੋਈ ਪ੍ਰਭਾਵ ਨਾ ਪਾਇਆ। ਫਰਵਰੀ ਦੇ ਮਹੀਨੇ ਵਿੱਚ ਲਗਭਗ ਹਰ ਰੋਜ਼ ਘਟਨਾਵਾਂ ਵਾਪਰਦੀਆਂ ਰਹੀਆਂ। ਹਿੰਦੂਆਂ ਦੇ ਮੰਦਰਾਂ 'ਤੇ ਹਮਲੇ ਹੋਏ, ਸਰਕਾਰੀ ਦਫ਼ਤਰਾਂ 'ਤੇ ਹਮਲੇ ਹੋਏ; ਜਲੰਧਰ ਦੂਰਦਰਸ਼ਨ ਕੇਂਦਰ 'ਤੇ ਬੰਬ ਸੁੱਟਿਆ ਗਿਆ; ਬੈਂਕਾਂ 'ਚ ਡਾਕੇ ਪਏ, ਪੁਲੀਸ 'ਤੇ ਗੋਲੀ ਚਲੀ ਤੇ ਹਿੰਦੂਆਂ 'ਤੇ ਵੀ। ਸਰਕਾਰ ਸਫ਼ੇਦ ਪੱਤਰ ਵਿੱਚ ਇਕ ਘਟਨਾ ਜੋ ਦਰਜ ਨਾ ਕੀਤੀ ਗਈ, ਸੰਕੇਤ ਦਿੰਦੀ ਹੈ ਕਿ ਪੁਲੀਸ ਦਾ ਮਨੋਬਲ ਕਿਤਨਾ ਡਿੱਗ ਚੁੱਕਾ ਸੀ। ਹਿੰਦੂਆਂ ਵਲੋਂ ਹੜਤਾਲ ਵਾਲੇ ਦਿਨ ਸਵਰਨ ਮੰਦਰ ਵਿੱਚੋਂ ਕੁਝ ਜਵਾਨਾਂ ਨੇ, ਮੰਦਰ ਦੇ ਪਰਵੇਸ਼ ਨੇੜੇ ਪੁਲੀਸ ਚੌਕੀ 'ਤੇ ਹਮਲਾ ਕਰ ਦਿੱਤਾ। ਉਹ, ਛੇ ਪੁਲਸੀਆਂ ਨੂੰ ਉਹਨਾਂ ਦੇ ਹਥਿਆਰਾਂ ਸਮੇਤ ਜਿਹਨਾਂ ਵਿੱਚ ਤਿੰਨ ਸਟੇਨਗੰਨਾਂ ਤੇ ਵਾਕੀ ਟਾਕੀ ਸ਼ਾਮਿਲ ਸੀ, ਅੰਦਰ ਧੂਹ ਕੇ ਲੈ ਗਏ। ਅਗਲੇ ਦਿਨ ਅੰਮ੍ਰਿਤਸਰ ਵਿੱਚ ਅਕਾਲ ਤਖ਼ਤ 'ਤੇ, ਸਭ ਤੋਂ ਸੀਨੀਅਰ ਪੁਲੀਸ ਅਧਿਕਾਰੀ ਭਿੰਡਰਾਂਵਾਲੇ ਦੇ ਕਮਰੇ ਵਿੱਚ ਗਿਆ ਤੇ ਪੁਲਸੀਆਂ ਤੇ ਉਹਨਾਂ ਦੇ ਹਥਿਆਰ ਨੂੰ ਦੇ ਦੇਣ ਲਈ ਬੇਨਤੀ ਕੀਤੀ। ਭਿੰਡਰਾਂਵਾਲਾ ਇਕ ਪੁਲਸੀਏ ਦੀ ਲਾਸ਼ ਦੇਣ ਲਈ ਸਹਿਮਤ ਹੋ ਗਿਆ ਜੋ ਮਾਰ ਦਿੱਤਾ ਗਿਆ ਸੀ। ਉਸ ਨੇ ਮਗਰੋਂ ਦੂਸਰਿਆਂ ਨੂੰ ਵੀ ਰਿਹਾ ਕਰ ਦਿੱਤਾ ਜੋ ਅਜੇ ਜਿਉਂਦੇ ਸਨ ਪਰ ਉਸ ਨੇ ਸਟੇਨ-ਗੰਨਾਂ ਤੇ "ਵਾਕੀ ਟਾਕੀ" ਆਪਣੇ ਕੋਲ ਹੀ ਰੱਖੀਆਂ।

ਸ਼੍ਰੀਮਤੀ ਗਾਂਧੀ ਦੀਆਂ ਸਮੱਸਿਆਵਾਂ, ਪੰਜਾਬ ਪੁਲੀਸ, ਅਰਧ ਸੈਨਿਕ ਕੇਂਦਰੀ ਰੀਜ਼ਰਵ ਪੁਲੀਸ ਵਿਚਕਾਰ ਝਗੜੇ ਨਾਲ ਵੱਧ ਗਈਆਂ। ਸੀ.ਆਰ.ਪੀ. ਸਵਰਨ ਮੰਦਰ ਵਿੱਚ ਜਾ ਰਹੇ ਆਦਮੀਆਂ ਤੇ ਗੱਡੀਆਂ ਦੀ ਤਲਾਸ਼ੀ ਲੈਣੀ ਚਾਹੁੰਦੀ ਸੀ, ਪ੍ਰੰਤੂ ਉਹਨਾਂ ਨੂੰ ਤਾਂ ਸਵਰਨ ਮੰਦਰ ਤੋਂ ਦੋ ਸੌ ਗਜ਼ ਦੇ ਅੰਦਰ ਵੀ ਚੌਕੀ ਸਥਾਪਿਤ ਕਰਨ ਦੀ ਆਗਿਆ ਨਹੀਂ ਸੀ। ਇਤਨੀ ਢਿੱਲੀ ਸੁਰੱਖਿਆ ਤਾਂ ਇਸ ਤਰ੍ਹਾਂ ਸੀ ਜਿਵੇਂ ਵੈਰੀ ਦੇ ਮੁੱਖ ਦਫ਼ਤਰ ਨੂੰ ਤੁਹਾਡੇ ਆਪਣੇ ਇਲਾਕੇ ਵਿੱਚ ਬੇਰੋਕ-ਟੋਕ ਕਾਰਵਾਈ ਕਰਨ ਦੀ ਆਗਿਆ ਦਿੱਤੀ ਗਈ ਹੋਵੇ। ਸ਼੍ਰੀਮਤੀ ਗਾਂਧੀ ਦੇ "ਵਿਚਾਰ-ਕੁੰਡ" ਨੂੰ ਜੱਟ ਸਿੱਖ ਕਿਸਾਨਾਂ ਦੀ

ਪਿੱਛੋਂ ਮੇਨਕਾ ਗਾਂਧੀ ਨੇ ਆਪਣੇ ਸਵਰਗਵਾਸੀ ਪਤੀ ਦੇ ਪਰਿਵਾਰ ਵਿਰੁੱਧ ਇਕ ਭੜਕੀਲਾ, ਸ਼ੋਖ਼ ਪਰ ਸਫਲ ਹਮਲਾ ਕਰ ਦਿੱਤਾ ਜਿਸ ਰਾਹੀਂ ਉਸ ਨੇ ਆਪਣੇ ਆਪ ਨੂੰ ਇਕ ਪੀੜਤ ਤੇ ਦੁਖੀ ਜਵਾਨ ਵਿਧਵਾ ਦੇ ਤੌਰ 'ਤੇ ਅਤੇ ਸ਼੍ਰੀਮਤੀ ਗਾਂਧੀ ਨੂੰ ਇਕ ਖੁਣਸੀ ਤੇ ਈਰਖਾਲੂ ਸੱਸ ਵਜੋਂ ਪੇਸ਼ ਕੀਤਾ। ਕੇਂਦਰੀ ਸਥਿਤੀ ਜਾਂ ਪਰਕਾਸ਼ ਵਿੱਚ ਰਹਿਣ ਲਈ ਮੇਨਕਾ ਨੇ ਐਲਾਨ ਕਰ ਦਿੱਤਾ ਕਿ ਉਹ ਅਗਲੀਆਂ ਆਮ ਚੋਣਾਂ ਅਮੇਠੀ 'ਚੋਂ ਲੜੇਗੀ ਜਿਹੜਾ ਸੰਜੇ ਦਾ ਸਾਂਸਦੀ ਹਲਕਾ ਸੀ ਤੇ ਹੁਣ ਰਾਜੀਵ ਦਾ ਸੀ। ਅਮੇਠੀ ਲਖਨਊ ਦੇ ਵੀ ਨੇੜੇ ਸੀ ਤੇ ਸ਼੍ਰੀਮਤੀ ਗਾਂਧੀ ਦੇ ਅਹੁਦੇ ਦੀ ਮਿਆਦ 8 ਮਹੀਨਿਆਂ ਤੱਕ ਖ਼ਤਮ ਹੋਣ ਵਾਲੀ ਸੀ। ਇਸ ਤਰ੍ਹਾਂ ਮਲੀਹਾਬਾਦ ਵਿੱਚ ਹੋਈ ਹਾਰ ਰਾਜੀਵ ਦੇ ਭਵਿੱਖ ਲਈ ਖ਼ਤਰੇ ਦੀ ਘੰਟੀ ਸੀ। ਉਸ ਦੇ ਰਾਜਸੀ ਜੀਵਨ ਦੀ ਸ਼ੁਰੂਆਤ ਬਹੁਤ ਸੁਸਤ ਸੀ ਤੇ ਆਮ ਹੀ ਖ਼ਿਆਲ ਕੀਤਾ ਜਾਂਦਾ ਸੀ ਕਿ ਅਮੇਠੀ ਵਿੱਚ ਹਾਰ ਪਿੱਛੋਂ ਉਹ ਰਾਜਸੀ ਤੌਰ 'ਤੇ ਟਿਕ ਨਹੀਂ ਸਕੇਗਾ। ਇਹ ਦਿਨੋ ਦਿਨ ਸਪੱਸ਼ਟ ਹੋ ਰਿਹਾ ਸੀ ਕਿ ਸ਼੍ਰੀਮਤੀ ਗਾਂਧੀ ਨੂੰ ਆਪਣਾ ਤੇ ਰਾਜੀਵ ਦਾ ਸਿਆਸੀ ਜੀਵਨ ਬਚਾਉਣ ਲਈ ਅਗਲੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਆਪਣੀ ਸਰਕਾਰ ਦੀ ਵਿਸ਼ਵਾਸਯੋਗਤਾ ਪੁਨਰ-ਸਥਾਪਿਤ ਕਰਨ ਲਈ ਪੰਜਾਬ ਸੰਕਟ ਛੇਤੀ ਨਾਲ ਹੱਲ ਕਰਨਾ ਪਵੇਗਾ।

ਪਰਧਾਨ ਮੰਤਰੀ ਨੂੰ ਇਸ ਦਾ ਅਹਿਸਾਸ ਸੀ ਪਰ ਉਹ ਅਜੇ ਵੀ ਇਸ ਦੇ ਛੇਤੀ ਹਲ ਤੋਂ ਝਿਜਕ ਵਿਖਾ ਰਹੀ ਸੀ। ਉਸ ਨੇ ਅਕਾਲੀ ਦਲ ਦੀ ਤ੍ਰੀਮੂਰਤੀ ਦੇ ਦੋ ਮੈਂਬਰਾਂ ਦੀ, ਜਿਹੜੇ ਸੰਵਿਧਾਨ ਦੀਆਂ ਪ੍ਰਤੀਆਂ ਸਾੜਨ ਕਰਕੇ ਜੇਲ੍ਹ ਵਿੱਚ ਸਨ, ਆਪਣੀ ਟੀਮ ਦੇ ਵਿਚੋਲਿਆਂ ਨਾਲ ਹੋਈ ਗੱਲਬਾਤ ਤੋਂ ਜਾਣ ਲਿਆ ਸੀ ਕਿ ਉਹ ਹੁਣ ਸਿਰਫ਼ ਚੰਡੀਗੜ੍ਹ ਦੀ ਮੰਗ ਹੀ ਕਰ ਰਹੇ ਸਨ। ਅਕਾਲੀ ਦਲ ਦੀ ਵਾਗਡੋਰ ਹੱਥ 'ਚ ਲੈਣ ਦੇ ਵਿਰੋਧੀ ਤੇ ਸ਼ਰੀਕ ਪਰਕਾਸ਼ ਸਿੰਘ ਬਾਦਲ ਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਜ਼ੋਰ ਨਾਲ ਕਹਿ ਰਹੇ ਸਨ ਕਿ ਜੇ ਉਹਨਾਂ ਨੇ ਭਿੰਡਰਾਂਵਾਲੇ ਤੋਂ ਮੋਰਚੇ ਦੀ ਵਾਗਡੋਰ ਖੋਹਣੀ ਹੈ ਤਾਂ ਉਹਨਾਂ ਦੀ ਇਹ ਮੰਗ ਤਾਂ ਮੰਨੀ ਹੀ ਜਾਣੀ ਚਾਹੀਦੀ ਸੀ।

ਸ਼੍ਰੀਮਤੀ ਗਾਂਧੀ ਇਸ ਗੱਲ 'ਤੇ ਅੜੀ ਹੋਈ ਸੀ ਕਿ ਪੰਜਾਬ ਨੂੰ ਤਾਂ ਹੀ ਚੰਡੀਗੜ੍ਹ ਮਿਲ ਸਕਦਾ ਸੀ ਜੇ ਉਹ ਫ਼ਾਜ਼ਿਲਕਾ ਤੇ ਅਬੋਹਰ ਦੀਆਂ ਦੋ ਤਹਿਸੀਲਾਂ ਇਸ ਦੇ ਬਦਲੇ ਹਰਿਆਣੇ ਨੂੰ ਦੇਣ ਲਈ ਤਿਆਰ ਹੋਣ। ਉਹ ਉਹਦੇ ਆਰੰਭਕ ਸਮਝੌਤੇ ਦੀਆਂ ਸ਼ਰਤਾਂ ਸਨ ਜੋ ਕਦੇ ਲਾਗੂ ਨਾ ਕੀਤੀਆਂ ਗਈਆਂ। ਹੁਣ ਉਹ ਇਸ ਗੱਲ ਲਈ ਸਹਿਮਤ ਹੋ ਗਈ ਕਿ ਅਬੋਹਰ ਦਾ ਇਕੋ ਸ਼ਹਿਰ ਹੀ ਦੇ ਦਿੱਤਾ ਜਾਵੇ, ਪਰ ਇਹ ਫ਼ੈਸਲਾ ਕਮਿਸ਼ਨ ਰਾਹੀਂ ਹੋਵੇ ਤਾਂ ਜੋ ਹਰਿਆਣੇ ਦੇ ਹਿੰਦੂ ਇਸ ਨੂੰ 'ਹਾਰ' ਨਾ ਕਹਿਣ। ਉਸ ਨੇ ਇਕਰਾਰ ਕੀਤਾ ਕਿ ਉਹ ਕਮਿਸ਼ਨ ਦੇ ਨਿਰਣੇ ਦੀ ਅਗਾਊਂ ਹੀ ਜ਼ਾਮਨੀ ਦਿੰਦੀ ਹੈ। ਅਕਾਲੀ ਨੇਤਾਵਾਂ ਲਈ ਇਹ ਕਾਫ਼ੀ ਨਹੀਂ ਸੀ। ਉਹਨਾਂ ਨੂੰ ਕਮਿਸ਼ਨ ਰਾਹੀਂ ਨਹੀਂ ਸਗੋਂ ਸਰਕਾਰ ਵਲੋਂ ਸਮਝੌਤੇ ਰਾਹੀਂ ਐਲਾਨ ਦੀ ਜ਼ਰੂਰਤ ਸੀ ਕਿਉਂਕਿ ਉਹ ਤਾਂ ਹੀ ਆਪਣੇ ਸਮਰਥਕਾਂ ਨੂੰ ਵਿਸ਼ਵਾਸ 'ਚ ਲੈ ਕੇ ਕਹਿ ਸਕਦੇ ਸਨ ਕਿ ਮੋਰਚਾ ਸਫਲ ਹੋ ਗਿਆ ਸੀ ਤੇ ਉਹ ਤਾਂ ਹੀ ਇਸ ਨੂੰ ਸਮਾਪਤ ਕਰ ਸਕਦੇ ਸਨ। ਅੰਤ ਵਿੱਚ ਟੌਹੜਾ ਜੋ ਭਾਵੇਂ ਗਰਮ ਖ਼ਿਆਲੀਆ ਸੀ, ਕਮਿਸ਼ਨ ਵਾਲੀ ਇਸ ਸ਼ਰਤ 'ਤੇ ਸਹਿਮਤ ਹੋ ਗਿਆ ਕਿ ਕਮਿਸ਼ਨ ਦੀਆਂ ਸ਼ਰਤਾਂ

ਵਿੱਚ ਸਾਫ਼ ਸੰਕੇਤ ਹੋਵੇ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਤੇ ਇਕੱਲਾ ਅਬੋਹਰ ਸ਼ਹਿਰ ਹੀ ਹਰਿਆਣੇ ਨੂੰ ਦਿੱਤਾ ਜਾਵੇਗਾ। ਉਹ ਸਹਿਮਤ ਹੋ ਗਿਆ ਸੀ ਕਿਉਂਕਿ ਭਾਰਤੀ ਪਰੰਪਰਾ ਅਨੁਸਾਰ ਦੋਹਾਂ ਧਿਰਾਂ ਲਈ ਸਮਝੌਤੇ ਕਾਰਨ ਆਪਣੀ ਇੱਜ਼ਤ ਬਚਾਉਣੀ ਜ਼ਰੂਰੀ ਸੀ।

ਸਮਝੌਤੇ ਲਈ ਆਖ਼ਰੀ ਗੇੜ ਦੀ ਗੱਲਬਾਤ ਦਾ ਸੰਚਾਲਨ ਸ਼੍ਰੀਮਤੀ ਗਾਂਧੀ ਵੱਲੋਂ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਨਰਸਿਮਹਾ ਰਾਓ ਤੇ ਪੰਜਾਬ ਵਿਚਾਰ ਕੁੰਡ ਦੀ ਟੋਲੀ ਦੇ ਤਿੰਨ ਮੈਂਬਰਾਂ ਤੇ ਪਰਬੰਧਕ ਵਿਵਸਥਾ ਦੇ ਤਿੰਨ ਅਧਿਕਾਰੀਆਂ, ਮੰਤਰੀ ਮੰਡਲ ਦੇ ਸਕੱਤਰ ਕ੍ਰਿਸ਼ਨਾ ਸਵਾਮੀ ਰਾਓ ਸਾਹਿਬ, ਪਰਧਾਨ ਮੰਤਰੀ ਦੇ ਮੁੱਖ ਸਕੱਤਰ ਪੀ.ਸੀ. ਅਲੈਗਜ਼ੈਂਡਰ ਤੇ ਗ੍ਰੇਹ ਸਕੱਤਰ ਐਮ.ਐਮ.ਕੇ. ਵਲੀ ਨੇ ਕੀਤਾ। ਮਹਾਰਾਜਾ ਪਟਿਆਲਾ ਫ਼ਰਵਰੀ ਵਿੱਚ ਹੀ ਚਿਤਰਪੱਟ ਤੋਂ ਬਾਹਰ ਹੋ ਗਿਆ ਸੀ ਕਿਉਂਕਿ ਉਸ ਨੂੰ ਯਕੀਨ ਹੋ ਗਿਆ ਸੀ ਕਿ ਸਮਝੌਤੇ ਦੀ ਕੋਈ ਸੰਭਾਵਨਾ ਨਹੀਂ ਸੀ। ਜਿਸ ਢੰਗ ਨਾਲ ਸਮਝੌਤੇ ਦੀ ਗੱਲਬਾਤ ਦਾ ਸੰਚਾਲਨ ਕੀਤਾ ਜਾ ਰਿਹਾ ਸੀ, ਅਮਰੇਂਦਰ ਸਿੰਘ ਉਸ ਦਾ ਕੱਟੜ ਆਲੋਚਕ ਸੀ। ਉਸ ਨੇ ਮੈਨੂੰ ਦੱਸਿਆ ਕਿ ਸ਼੍ਰੀਮਤੀ ਗਾਂਧੀ ਦਾ 'ਵਿਚਾਰ ਕੁੰਡ' ਦਰਿਆਈ ਪਾਣੀਆਂ ਤੇ ਚੰਡੀਗੜ੍ਹ ਬਾਰੇ ਆਪਣੇ ਦ੍ਰਿਸ਼ਟੀਕੋਣ ਵਿੱਚ ਬਹੁਤ ਜ਼ਿਆਦਾ ਦਫ਼ਤਰਸ਼ਾਹੀ ਦਿਖਾ ਰਿਹਾ ਸੀ ਤੇ ਉਹ ਅਕਾਲੀਆਂ ਉੱਪਰ ਸਿਆਸੀ ਦਬਾਅ ਪਾਏ ਜਾਣ ਨੂੰ ਸਮਝਣ ਤੋਂ ਅਸਮਰਥ ਸੀ। ਸ਼੍ਰੀਮਤੀ ਗਾਂਧੀ ਦੀ ਮੰਤਰੀ ਮੰਡਲ ਦੀ ਜ਼ਿੰਮੇਂਵਾਰੀ ਪ੍ਰਤੀ ਇਹ ਅਜੀਬ ਅਣਗਹਿਲੀ ਤੇ ਅਨਾਦਰ ਸੀ ਕਿ ਆਖ਼ਰੀ ਗੇੜ ਦੀ ਟੀਮ ਦੇ ਮਧਿਅਸਥਾਂ ਜਾਂ ਵਿਚੋਲਿਆਂ ਦੇ ਦਲ ਦੀ ਪੈਰਵੀ ਗ੍ਰੇਹ ਮੰਤਰੀ ਪੀ.ਸੀ. ਸੇਠੀ ਨਹੀਂ ਸਗੋਂ ਵਿਦੇਸ਼ੀ ਮਾਮਲਿਆਂ ਦਾ ਮੰਤਰੀ ਕਰ ਰਿਹਾ ਸੀ। ਨਿਰਸੰਦੇਹ ਪੀ.ਸੀ. ਸੇਠੀ ਵੱਲੋਂ ਪੰਜਾਬ ਸੰਕਟ ਦੇ ਲੋਕ ਸਭਾ ਵਿੱਚ ਸੰਚਾਲਨ ਨੇ ਦਰਸਾ ਦਿੱਤਾ ਸੀ ਕਿ ਉਹ ਇਸ ਮਾਮਲੇ ਨਾਲ ਨਜਿੱਠਣ ਲਈ ਸਭ ਤੋਂ ਵਧੀਆ ਵਿਅਕਤੀ ਨਹੀਂ ਸੀ ਪ੍ਰੰਤੂ ਸ਼੍ਰੀਮਤੀ ਗਾਂਧੀ ਨੇ ਫਿਰ ਵੀ ਉਸ ਨੂੰ ਫ਼ੌਜੀ ਕਾਰਵਾਈ ਹੋਣ ਤੱਕ ਨਾਮ-ਮਾਤ੍ਰ ਗ੍ਰੇਹ ਮੰਤਰੀ ਬਣਾਈ ਰੱਖਿਆ।

ਇਹ ਮਹੱਤਵਪੂਰਨ ਨਹੀਂ ਕਿ ਮੰਤਰੀ ਮੰਡਲ ਦੇ ਸਮਾਗਮ ਵਿੱਚ ਗ੍ਰੇਹ-ਮੰਤਰੀ ਦੀ ਕੁਰਸੀ 'ਤੇ ਕੌਣ ਬੈਠਦਾ ਸੀ; ਮਹੱਤਵਪੂਰਨ ਤਾਂ ਇਹ ਸੀ ਕਿ ਸ਼੍ਰੀਮਤੀ ਗਾਂਧੀ ਨੂੰ ਸਲਾਹ ਕੌਣ ਦਿੰਦਾ ਸੀ, ਤੇ ਇੱਥੇ ਵੀ ਆਮ ਵਾਂਗ ਉਹ ਸਿਆਸੀ ਨੇਤਾਵਾਂ ਨਹੀਂ ਸਗੋਂ ਵਿਸ਼ਵਾਸੀ ਨੌਕਰਸ਼ਾਹਾਂ 'ਤੇ ਭਰੋਸਾ ਕਰਦੀ ਸੀ। ਨਰਸਿਮਹਾ ਰਾਓ ਜ਼ਰੂਰ ਮੰਤਰੀ ਮੰਡਲ ਦੀ ਨੁਮਾਇੰਦਗੀ ਕਰਦਾ ਸੀ ਪਰ ਉਹ ਇਕ ਸਿਆਸਤਦਾਨ ਵਜੋਂ ਆਪਣੇ ਸੁਤੰਤਰ ਵਿਚਾਰਾਂ ਤੇ ਰੁਤਬੇ ਨਾਲੋਂ ਸ਼੍ਰੀਮਤੀ ਗਾਂਧੀ ਦੀ ਵਫ਼ਾਦਾਰੀ ਕਾਰਨ ਵਧੇਰੇ ਮਸ਼ਹੂਰ ਸੀ।

ਸਮਝੌਤੇ ਉੱਪਰ ਪਹੁੰਚਣ ਮਗਰੋਂ ਸਰਕਾਰ ਨੇ 11 ਮਈ ਨੂੰ ਐਲਾਨ ਕੀਤਾ ਕਿ ਅਕਾਲੀ ਦਲ ਦੇ ਨੇਤਾਵਾਂ ਉੱਪਰ ਸੰਵਿਧਾਨ ਦੀਆਂ ਕਾਪੀਆਂ ਸਾੜਨ ਕਰਕੇ ਦੇਸ਼ ਧ੍ਰੋਹ ਦੇ ਦੋਸ਼ ਵਾਪਸ ਲਏ ਜਾਂਦੇ ਹਨ ਤੇ ਉਹਨਾਂ ਨੂੰ ਰਿਹਾਅ ਕੀਤਾ ਜਾਂਦਾ ਹੈ। ਚਾਰ ਦਿਨ ਮਗਰੋਂ ਟੌਹੜਾ ਤੇ ਬਾਦਲ ਨੇ ਅਕਾਲੀ ਤ੍ਰੈਮੂਰਤੀ ਦੇ ਤੀਸਰੇ ਮੈਂਬਰ ਲੌਂਗੋਵਾਲ ਨੇ ਸਵਰਨ ਮੰਦਰ ਸਮੂਹ ਵਿੱਚ ਮੁਲਾਕਾਤ ਕੀਤੀ। ਹੁਣ ਭਿੰਡਰਾਂਵਾਲੇ ਕੋਲ ਸਮਝੌਤੇ ਦੀ ਕੁੰਜੀ ਸੀ। ਸਰਕਾਰ ਨੇ ਸ਼ਰਤ ਲਾਈ ਕਿ ਉਹਨਾਂ ਦੇ ਐਲਾਨ ਕਰਨ ਤੋਂ ਪਹਿਲਾਂ ਆਪਣੀ ਸਹਿਮਤੀ

ਦੋਵੇ ਤੇ ਟੋਹੜਾ ਹੀ ਅਜਿਹਾ ਇਕੋ ਇਕ ਵਿਅਕਤੀ ਸੀ ਜੋ ਸੰਤ ਨਾਲ ਇਸ ਬਾਰੇ ਸਾਂਢ-ਗਾਂਢ ਕਰ ਸਕਦਾ ਸੀ। ਸਮਝੌਤੇ ਲਈ ਗੱਲਬਾਤ ਦੇ ਪਹਿਲੇ ਗੇੜ ਵਿੱਚ ਟੋਹੜਾ ਹੀ ਇਕੋ ਇਕ ਵਿਅਕਤੀ ਸੀ ਜੋ ਭਿੰਡਰਾਂਵਾਲੇ ਦੀ ਸੋਚ ਦਾ ਹਾਮੀ ਹੁੰਦਾ ਸੀ ਕਿ ਆਨੰਦਪੁਰ ਸਾਹਿਬ ਦੇ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਏ ਬਗੈਰ ਉਹ ਸਹਿਮਤ ਨਹੀਂ ਹੋਣਗੇ। ਹੁਣ ਟੋਹੜਾ ਹੀ ਵਿਸ਼ੇਸ਼ ਤੌਰ 'ਤੇ ਸਮਝੌਤਾ ਕਰਾਉਣ ਲਈ ਉਤਾਵਲਾ ਸੀ। ਪਿਛਲੇ ਗੇੜ ਦੀ ਗੱਲਬਾਤ ਵਿੱਚ ਦੋਵੇਂ ਧਿਰਾਂ ਪੰਜਾਬ 'ਤੇ ਰਾਜ ਕਰਨ ਲਈ ਅਕਾਲੀ ਦਲ ਤੇ ਇੰਦਰਾ ਕਾਂਗਰਸ ਦੇ ਗੱਠਜੋੜ ਲਈ ਸਹਿਮਤ ਹੋ ਗਈਆਂ ਸਨ। ਟੋਹੜੇ ਨੂੰ ਭਰੋਸਾ ਸੀ ਕਿ ਗੱਠਬੰਧਨ ਸਰਕਾਰ ਦੇ ਮੁੱਖ ਮੰਤਰੀ ਦੀ ਪਦਵੀ ਲਈ ਭਿੰਡਰਾਂਵਾਲਾ ਉਹਦਾ ਸਮਰਥਨ ਕਰੇਗਾ। ਉਸ ਨੂੰ ਆਪਣੀ ਜ਼ਿੰਦਗੀ ਭਰ ਦੀ ਉਮੀਦ ਪਕੜ 'ਚ ਆਉਂਦੀ ਜਾਪ ਰਹੀ ਸੀ, ਜੇਕਰ ਉਹ ਸੰਤ ਨੂੰ ਸਮਝੌਤੇ ਨੂੰ ਪਰਵਾਨ ਕਰਨ ਲਈ ਮਨਾ ਸਕਦਾ।

ਅਕਾਲੀ ਤ੍ਰੀਮੂਰਤੀ ਦੀ ਮੰਦਰ ਸਮੂਹ ਵਿੱਚ ਹੋਈ ਮੁਲਾਕਾਤ ਦੌਰਾਨ ਟੋਹੜੇ ਨੂੰ ਸਹਿਮਤੀ ਪ੍ਰਾਪਤ ਹੋ ਗਈ ਕਿ ਉਹ ਭਿੰਡਰਾਂਵਾਲੇ ਨੂੰ ਮਿਲੇ। ਅਗਲੇ ਦਿਨ ਉਹ ਅਕਾਲ ਤਖ਼ਤ ਉੱਪਰ ਭਿੰਡਰਾਂਵਾਲੇ ਨਾਲ ਸਮਝੌਤੇ ਬਾਰੇ ਵਿਚਾਰ ਕਰਨ ਲਈ ਗਿਆ। ਟੋਹੜੇ ਨੇ ਕਿਹਾ ਕਿ ਸਿੱਖਾਂ ਲਈ ਮੁੱਖ ਮਾਮਲਾ ਚੰਡੀਗੜ੍ਹ ਹੀ ਸੀ ਤੇ ਬਾਕੀ ਸਮੱਸਿਆਵਾਂ ਬਾਰੇ ਨਿਪਟਾਰੇ ਸਰਕਾਰ ਕਮਿਸ਼ਨ ਨਿਯੁਕਤ ਕਰੇਗੀ ਜੋ ਬਾਕੀ ਵਿਸ਼ਿਆਂ ਦਾ ਫ਼ੈਸਲਾ ਸਿੱਖਾਂ ਦੇ ਹੱਕ ਵਿੱਚ ਕਰੇਗਾ। ਪ੍ਰੰਤੂ ਟੋਹੜਾ ਆਪਣੀ ਇੱਛਾ ਦੀ ਲੱਠ ਦੇ ਸਹਾਰੇ ਹੀ ਉੱਪਰ ਉੱਡ ਰਿਹਾ ਸੀ ਤੇ ਮੰਗਾਂ ਮੰਨਣ ਦੇ ਹੱਕ ਵਿੱਚ ਸੀ ਪਰ ਭਿੰਡਰਾਂਵਾਲਾ ਨਹੀਂ ਮੰਨ ਰਿਹਾ ਸੀ ਕਿ ਇਸ ਸਮਝੌਤੇ ਨਾਲ ਮੋਰਚੇ ਦੀਆਂ ਮੰਗਾਂ ਦੀ ਪੂਰਤੀ ਹੁੰਦੀ ਸੀ। ਉਹ ਟੋਹੜੇ ਦੀ ਚਾਲ ਭਾਂਪ ਗਿਆ ਤੇ ਉਸ ਨੇ ਉਸ ਨੂੰ ਦੱਸ ਦਿੱਤਾ ਕਿ ਉਹ ਮੁੱਖ ਮੰਤਰੀ ਬਣਨ ਦੀ ਉਮੀਦ ਕਾਰਨ ਅਨੰਦਪੁਰ ਸਾਹਿਬ ਦੇ ਮਤੇ ਨਾਲ ਧਰੋਹ ਕਰ ਰਿਹਾ ਸੀ। ਫਿਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੇ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਤੋਂ ਕੱਢ ਦੇਣ ਦੀ ਧਮਕੀ ਦੇਣ ਦੀ ਕੋਸ਼ਿਸ਼ ਕੀਤੀ। ਇਹ ਉਹੋ ਵਿਅਕਤੀ ਸੀ ਜਿਸ ਨੇ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਵਿੱਚ ਪਰਵੇਸ਼ ਕਰਨ ਦੀ ਆਗਿਆ ਦੇਣ ਲਈ ਮਨਾਇਆ ਸੀ। ਉਸ ਨੇ ਪੰਜ ਜੱਥੇਦਾਰ ਸਾਹਿਬਾਨ ਨੂੰ ਸੰਤ ਵਿਰੁੱਧ ਹੁਕਮਨਾਮਾ ਜਾਰੀ ਕਰਨ ਤੋਂ ਰੋਕਿਆ ਸੀ, ਪਰ ਭਿੰਡਰਾਂਵਾਲੇ 'ਤੇ ਇਹਨਾਂ ਧਮਕੀਆਂ ਦਾ ਕੋਈ ਅਸਰ ਨਾ ਹੋਇਆ। ਸੰਤ ਨੂੰ ਪਤਾ ਸੀ ਕਿ ਜੱਥੇਦਾਰ ਹੁਣ ਆਪਣੇ ਸਰਪਰਸਤ ਟੋਹੜਾ ਨਾਲੋਂ ਉਸ ਤੋਂ ਜ਼ਿਆਦਾ ਡਰਦੇ ਸਨ ਤੇ ਇਸ ਤਰ੍ਹਾਂ ਸਮਝੌਤਾ ਠੁੱਸ ਹੋ ਗਿਆ।

ਅਗਲੇ ਦਿਨ ਟੋਹੜਾ ਪੰਜਾਬ ਦੇ ਰਾਜਪਾਲ ਨੂੰ ਇਹ ਦੱਸਣ ਗਿਆ ਕਿ ਉਸ ਨੂੰ ਸਫਲਤਾ ਨਹੀਂ ਮਿਲੀ ਤੇ ਭਿੰਡਰਾਂਵਾਲੇ ਵੱਲੋਂ ਗੱਲਬਾਤ ਰਾਹੀਂ ਕੀਤੇ ਸਮਝੌਤੇ ਨਾਲ ਸਹਿਮਤ ਹੋਣ ਦੀ ਕੋਈ ਉਮੀਦ ਨਹੀਂ ਸੀ। ਇਕ ਹਫ਼ਤਾ ਮਗਰੋਂ ਲੌਂਗੋਵਾਲ ਨੇ ਐਲਾਨ ਕੀਤਾ ਕਿ ਮੋਰਚਾ ਮੁੜ ਸ਼ੁਰੂ ਕੀਤਾ ਜਾਵੇਗਾ ਜਿਸ ਨਾਲ ਰਾਜ ਵਿੱਚੋਂ ਅਨਾਜ ਬਾਹਰ ਜਾਣ ਤੋਂ ਰੋਕਿਆ ਜਾਵੇਗਾ। ਇਸ ਐਲਾਨ ਨੇ ਸਰਕਾਰ ਨੂੰ ਉਹ ਬਹਾਨਾ ਦੇ ਦਿੱਤਾ ਜਿਸ ਦੀ ਉਸ ਨੂੰ, ਫ਼ੌਜੀ ਕਾਰਵਾਈ ਤੋਂ ਪਹਿਲਾਂ ਸਵਰਨ ਮੰਦਰ ਉਦਾਲੇ ਸੁਰੱਖਿਆ ਸਖ਼ਤ ਕਰਨ ਲਈ, ਜ਼ਰੂਰਤ ਸੀ। ਬਹੁਤ ਸਾਰੇ ਸਿੱਖਾਂ ਦਾ ਯਕੀਨ ਹੈ ਕਿ ਲੌਂਗੋਵਾਲ ਵੱਲੋਂ ਮੋਰਚਾ

ਦੁਬਾਰਾ ਸ਼ੁਰੂ ਕਰਨ ਦਾ ਇਹੋ ਕਾਰਨ ਸੀ। ਉਹ ਦਾਅਵਾ ਕਰਦੇ ਸਨ ਕਿ ਲੌਂਗੋਵਾਲ ਨੇ ਮਹਿਸੂਸ ਕਰ ਲਿਆ ਸੀ ਕਿ ਭਿੰਡਰਾਂਵਾਲੇ ਦੀਆਂ ਕਾਰਵਾਈਆਂ ਦਾ ਹਲ ਫ਼ੌਜੀ ਕਾਰਵਾਈ ਹੀ ਸੀ। ਇਕ ਸਰੇਸ਼ਠ ਕਾਂਗਰਸੀ ਸਾਂਸਦ ਨੇ ਵੀ ਸਤੀਸ਼ ਜੈਕਬ ਨੂੰ ਦੱਸਿਆ ਸੀ ਕਿ ਭਿੰਡਰਾਂਵਾਲੇ ਵੱਲੋਂ ਸਮਝੌਤਾ ਰੱਦ ਕਰਨ ਪਿੱਛੋਂ ਲੌਂਗੋਵਾਲ ਨੇ ਸਰਕਾਰ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਨਿਰਸੰਦੇਹ ਸੰਜੋਗ ਹੀ ਸੀ ਕਿ ਅਕਾਲੀ ਦਲ ਵੱਲੋਂ ਪੰਜਾਬ ਤੋਂ ਬਾਹਰ ਅਨਾਜ ਜਾਣ ਤੋਂ ਰੋਕਣ ਦੇ ਐਲਾਨ ਤੋਂ ਇਕ ਦਿਨ ਬਾਅਦ ਸੀ.ਆਰ.ਪੀ. ਨੇ ਪਹਿਲੀ ਵਾਰ ਸਵਰਨ ਮੰਦਰ ਦੇ ਉਦਾਲੇ ਦੀਆਂ ਇਮਾਰਤਾਂ 'ਤੇ ਮੋਰਚੇ ਸੰਭਾਲ ਲਏ ਸਨ।

ਬਦਕਿਸਮਤੀ ਨਾਲ ਭਿੰਡਰਾਂਵਾਲੇ ਦੇ ਆਦਮੀਆਂ ਨੇ ਪਹਿਲਾਂ ਹੀ ਬੜੇ ਮਹੱਤਵਪੂਰਨ ਤੇ ਲਾਭਕਾਰੀ ਟਿਕਾਣੇ ਮੱਲੇ ਹੋਏ ਸਨ। ਸਰਕਾਰ ਨੂੰ ਪਤਾ ਸੀ ਕਿ ਉਹਨਾਂ ਨੇ ਦੋ ਮਹੀਨੇ ਪਹਿਲਾਂ ਹੀ ਮੰਦਰ ਦੇ ਉਦਾਲੇ ਘਰਾਂ ਵਿੱਚ ਮਹੱਤਵਪੂਰਨ ਤੇ ਯੁੱਧ ਨੀਤੀ ਪੱਖੋਂ ਕਾਰਆਮਦ ਟਿਕਾਣਿਆਂ 'ਤੇ ਕਬਜ਼ਾ ਕੀਤਾ ਹੋਇਆ ਸੀ।

ਪੁਲੀਸ ਦੇ ਆਈ. ਜੀ. ਭਿੰਡਰ ਨੇ ਸੀ.ਆਰ.ਪੀ. ਦੇ ਉੱਚ ਅਧਿਕਾਰੀਆਂ ਸਮੇਤ ਸਭ ਅਧਿਕਾਰੀਆਂ ਨੂੰ ਗਸ਼ਤੀ ਪੱਤਰ ਜਾਰੀ ਕਰਕੇ ਕਿਹਾ ਸੀ ਕਿ ਉਸ ਨੂੰ ਜਾਣਕਾਰੀ ਮਿਲੀ ਸੀ ਕਿ ਮੰਦਰ ਦੇ ਨੇੜਲੇ ਘਰਾਂ ਦੀ ਮੋਰਚਾ ਬੰਦੀ ਕੀਤੀ ਜਾ ਰਹੀ ਸੀ। ਉਸ ਨੇ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਉਹ ਸਤਰਕ ਰਹਿਣ ਤੇ ਜਾਣਕਾਰੀ ਦਿੰਦੇ ਰਹਿਣ। ਭਿੰਡਰ ਨੇ ਕਿਹਾ ਕਿ ਅਜਿਹਾ ਕੁਝ ਵੀ ਕਰਨ ਦੀ ਲੋੜ ਨਹੀਂ ਜਿਸ ਨਾਲ ਸਥਾਨਕ ਲੋਕਾਂ ਵਿੱਚ ਗੜਬੜੀ ਪੈਦਾ ਹੋਵੇ ਤੇ ਉਹਨਾਂ ਵਿੱਚ ਅਸ਼ਾਂਤੀ ਫੈਲੇ। ਭਿੰਡਰਾਂਵਾਲੇ ਵੱਲੋਂ ਕੀਤੀ ਗਈ ਕਿਲ੍ਹੇਬੰਦੀ ਨੂੰ ਪੰਜਾਬ ਪੁਲੀਸ ਵੱਲੋਂ ਰੋਕਣ ਦੀ ਅਸਫਲਤਾ ਕਾਰਨ ਫ਼ੌਜ ਨੂੰ ਭਾਰੀ ਕੀਮਤ ਦੇਣੀ ਪਈ। ਉਸ ਸਫ਼ੈਦ ਪੱਤਰ ਵਿੱਚ ਜੋ ਪੰਜਾਬ ਅੰਦੋਲਨ ਬਾਰੇ ਸਵਰਨ ਮੰਦਰ ਵਿੱਚ ਫ਼ੌਜੀ ਕਾਰਵਾਈ ਕਰਨ ਦੀ ਸਫ਼ਾਈ ਦੇਣ ਲਈ ਛਾਪਿਆ ਗਿਆ ਸੀ, ਕਿਹਾ ਗਿਆ ਸੀ : "ਆਤੰਕਵਾਦੀਆਂ ਵੱਲੋਂ ਸਵਰਨ ਮੰਦਰ ਸਮੂਹ ਦੀ ਬਾਹਰਲੀ ਫਿਰਨੀ ਤੋਂ 500 ਤੋਂ 800 ਮੀਟਰ ਦੀ ਦੂਰੀ 'ਤੇ, ਆਮ ਸ਼ਹਿਰੀਆਂ ਦੇ 17 ਘਰਾਂ ਦੀ ਚੋਣ ਕਰਕੇ, ਹਰ ਘਰ 'ਤੇ ਲਗਭਗ ਦਸ ਵਿਅਕਤੀ ਕਾਬਜ਼ ਹੋ ਚੁੱਕੇ ਸਨ। ਇਹ ਟਿਕਾਣੇ ਤੇ ਪਹਿਲਾਂ ਦੀਆਂ ਚੇਤਾਵਨੀ ਚੌਕੀਆਂ ਲਾਈਟ ਮਸ਼ੀਨਗੰਨਾਂ ਤੇ ਹੋਰ ਹਥਿਆਰਾਂ ਤੇ ਗੋਲੇ ਬਾਰੂਦ ਦੀਆਂ ਭਾਰੀ ਖੇਪਾਂ ਦੇ ਸੱਚਮੁੱਚ ਹੀ ਅਸਲਹਘਰ ਸਨ। ਇਹਨਾਂ ਚੌਕੀਆਂ ਵਿੱਚ ਉਹ ਆਮ ਸੰਚਾਰ ਸਾਧਨ ਵੀ ਮੁੱਖ ਚੌਕੀਆਂ ਨਾਲ ਸੰਪਰਕ ਰੱਖਣ ਲਈ ਦਿੱਤੇ ਗਏ ਸਨ।

ਨੀਲਾ ਤਾਰਾ ਸਾਕਾ ਦੀ ਕਾਰਵਾਈ ਦੀ ਭੂਮਿਕਾ ਵਜੋਂ ਇਕ ਮਹੀਨਾ ਪਹਿਲਾਂ ਹੀ ਜਦੋਂ ਸੀ.ਆਰ.ਪੀ. ਨੇ ਸਵਰਨ ਮੰਦਰ ਉਦਾਲੇ ਮੋਰਚੇ ਸੰਭਾਲੇ ਤਾਂ ਸਰਕਾਰ ਨੇ ਵੱਖ-ਵੱਖ ਕਿਸਮ ਦੀਆਂ ਨਾਕਾ ਬੰਦੀਆਂ ਦੇ ਤਜਰਬੇ ਕੀਤੇ। ਸੀਮਾ ਸੁਰੱਖਿਆ ਦੇ ਅਰਧ ਸੈਨਿਕ ਬਲ ਨੂੰ ਭਿੰਡਰਾਂਵਾਲੇ ਦੇ ਆਪਣੇ ਪਿੰਡ ਦੇ ਨੇੜਲੇ ਸ਼ਹਿਰ ਮੋਗਾ ਵਿੱਚ ਸਿੱਖਾਂ ਦੇ ਗੁਰਦੁਆਰਿਆਂ ਦੀ ਘੇਰਾਬੰਦੀ ਦੇ ਹੁਕਮ ਦਿੱਤੇ ਗਏ ਤੇ ਕਿਹਾ ਗਿਆ ਕਿ ਘੇਰਾ ਤਦ ਤੱਕ ਨਾ ਚੁੱਕਿਆ ਜਾਵੇ ਜਦ ਤੱਕ ਉੱਥੇ ਲੁਕੇ ਆਤੰਕਵਾਦੀ ਸ਼ਰਨਗਾਹਾਂ ਤੋਂ ਬਾਹਰ ਆ

ਕੇ ਆਤਮ ਸਮਰਪਣ ਨਹੀਂ ਕਰ ਦਿੰਦੇ। ਘੇਰਾ ਸ਼ੁਰੂ ਹੋਣ ਤੋਂ ਪੰਜ ਦਿਨ ਮਗਰੋਂ ਸਿੱਖ ਜੱਥੇਦਾਰਾਂ ਨੇ ਧਮਕੀ ਦਿੱਤੀ ਕਿ ਜੇ ਘੇਰਾਬੰਦੀ ਖ਼ਤਮ ਨਾ ਕੀਤੀ ਗਈ ਤਾਂ ਉਹ ਮੋਗੇ ਵੱਲ ਕੂਚ ਕਰਨਗੇ। ਗ੍ਰਹਿ-ਮੰਤਰੀ ਨੇ ਜੱਥੇਦਾਰਾਂ ਨੂੰ ਕਿਹਾ ਕਿ ਜੇ ਉਹ ਘੇਰਾਬੰਦੀ ਖ਼ਤਮ ਕਰਾਉਣੀ ਚਾਹੁੰਦੇ ਹਨ ਤਾਂ ਉਹ ਆਤੰਕਵਾਦੀਆਂ ਨੂੰ ਆਪ ਜਾ ਕੇ ਗੁਰਦੁਆਰਿਆਂ 'ਚੋਂ ਬਾਹਰ ਕੱਢ ਦੇਣ। ਸਰਕਾਰ ਤੇ ਜੱਥੇਦਾਰਾਂ ਵਿੱਚ ਪਹਿਲੀ ਅਸਲੀ ਟੱਕਰ ਹੋਣ ਹੀ ਵਾਲੀ ਸੀ, ਪਰ ਅਚਾਨਕ ਸਰਕਾਰ ਨੇ ਫਿਰ ਕਾਂਟਾ ਬਦਲਿਆ ਤੇ ਘੇਰਾਬੰਦੀ ਸਮਾਪਤ ਕਰ ਦਿੱਤੀ। ਪੰਜਾਬ ਪੁਲੀਸ ਦੇ ਮੁਖੀ ਪ੍ਰੀਤਮ ਸਿੰਘ ਭਿੰਡਰ ਨੇ ਅਗਲੇ ਦਿਨ ਮੋਗਾ ਵਿਖੇ ਪਹੁੰਚ ਕੇ ਪੱਤਰਕਾਰਾਂ ਨੂੰ ਦੱਸਿਆ ਕਿ 16 ਆਤੰਕਵਾਦੀਆਂ ਨੇ ਆਤਮ ਸਮਰਪਣ ਕਰ ਦਿੱਤਾ ਸੀ ਇਸ ਕਾਰਨ ਘੇਰਾਬੰਦੀ ਸਮਾਪਤ ਕਰ ਦਿੱਤੀ ਗਈ ਸੀ, ਪ੍ਰੰਤੂ ਮੈਨੂੰ ਕਿਸੇ ਵੱਲੋਂ ਆਤਮ ਸਮਰਪਣ ਦਾ ਕੋਈ ਸਬੂਤ ਨਾ ਮਿਲਿਆ। ਗ੍ਰਹਿ ਮੰਤਰੀ ਵੱਲੋਂ ਪਾਰਲੀਮੈਂਟ ਵਿੱਚ ਕੀਤੇ ਸੁਆਲਾਂ ਦੇ ਜੁਆਬਾਂ ਵਿੱਚ ਗੜਬੜੀ ਤੇ ਘਬਰਾਹਟ ਨੇ ਇਹ ਸ਼ੱਕ ਹੋਰ ਵੀ ਵਧਾ ਦਿੱਤਾ ਕਿ ਸਰਕਾਰ ਹੀ ਬਿਨਾਂ ਸ਼ਰਤ ਹਾਰ ਮੰਨ ਗਈ ਸੀ ਤੇ ਪਿੱਛੇ ਹਟ ਗਈ ਸੀ।

ਲੈਫ਼. ਜਨਰਲ ਸੁੰਦਰ ਜੀ ਨੇ, ਜਿਸ ਨੇ ਅੰਤਮ ਹਮਲੇ ਦੀ ਕਮਾਨ ਸੰਭਾਲੀ, ਨੇ ਮੰਨਿਆ ਕਿ ਉਸ ਨੇ ਸਵਰਨ ਮੰਦਰ ਉਦਾਲੇ ਲੰਮੇ ਸਮੇਂ ਦੀ ਘੇਰਾਬੰਦੀ 'ਤੇ ਵਿਚਾਰ ਕੀਤੀ ਸੀ ਤਾਂ ਜੋ ਭਿੰਡਰਾਂਵਾਲਾ ਤੇ ਉਹਦੇ ਪੈਰੋਕਾਰਾਂ ਨੂੰ ਭੁੱਖਿਆਂ ਮਾਰਿਆ ਜਾਵੇ ਪ੍ਰੰਤੂ ਉਸ ਨੇ ਇਸ ਵਿਰੁੱਧ ਇਸ ਕਰਕੇ ਫ਼ੈਸਲਾ ਨਾ ਲਿਆ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪਿੰਡਾਂ ਵਿੱਚ ਵਿਦਰੋਹ ਦਾ ਡਰ ਸੀ। ਇਹ ਸਬਕ ਮੋਗੇ ਦੀ ਕਿਲ੍ਹਾਬੰਦੀ ਤੋਂ ਹੀ ਸਿੱਖਿਆ ਗਿਆ ਸੀ। ਭਿੰਡਰਾਂਵਾਲੇ ਵੱਲੋਂ ਸਮਝੌਤਾ ਰੱਦ ਕਰਨ ਤੇ ਫ਼ੌਜ ਵੱਲੋਂ ਘੇਰਾਬੰਦੀ ਦੀ ਸੰਭਾਵਨਾ ਅਪਰਵਾਨ ਕਰਨ ਪਿੱਛੋਂ ਸ੍ਰੀਮਤੀ ਗਾਂਧੀ ਕੋਲ ਅਕਾਲ ਤਖ਼ਤ ਉੱਪਰ ਧਾਵਾ ਬੋਲਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ।

11

ਸ਼੍ਰੀਮਤੀ ਗਾਂਧੀ ਵੱਲੋਂ ਅੱਗੇ ਵਧਣ ਦਾ ਹੁਕਮ

ਅੰਤ ਦੋ ਜੂਨ ਨੂੰ ਸ਼੍ਰੀਮਤੀ ਗਾਂਧੀ ਨੇ ਸ਼ਕੰਜਾ ਕੱਸਣ ਦਾ ਫ਼ੈਸਲਾ ਕਰ ਲਿਆ। ਸਵਰਨ ਮੰਦਰ ਸਮੂਹ ਵਿੱਚ ਫ਼ੌਜ ਭੇਜਣ ਦੇ ਸਿਆਸੀ ਖ਼ਤਰੇ ਬਹੁਤ ਜ਼ਿਆਦਾ ਸਨ। ਸ਼੍ਰੀਮਤੀ ਗਾਂਧੀ ਨੂੰ ਪਤਾ ਸੀ ਕਿ ਇਸ ਕਾਰਨ ਉਹਦੇ ਆਪਣੇ ਪਰਿਵਾਰ ਨੂੰ ਵੀ ਖ਼ਤਰਾ ਸੀ। ਰਾਜੀਵ ਗਾਂਧੀ ਨੂੰ ਪਹਿਲਾਂ ਹੀ ਪਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰਾਂ ਨੇ ਆਪਣੇ ਲੜਕੇ ਤੇ ਲੜਕੀ ਨੂੰ ਰਿਹਾਇਸ਼ੀ (ਬੋਰਡਿੰਗ) ਸਕੂਲਾਂ ਵਿੱਚੋਂ ਹਟਾ ਲੈਣ ਲਈ ਕਹਿ ਦਿੱਤਾ ਸੀ। ਰਾਹੁਲ ਭਾਰਤ ਦੇ ਈਟਨ, ਦੂਨ ਸਕੂਲ ਵਿੱਚ ਪੜ੍ਹਦਾ ਸੀ ਜਿੱਥੇ ਉਹਦੇ ਪਿਤਾ ਨੇ ਵੀ ਪੜ੍ਹਾਈ ਕੀਤੀ ਸੀ। ਸਲਾਹਕਾਰਾਂ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਦੀ ਜ਼ੁੰਮੇਂਵਾਰੀ ਤਾਂ ਹੀ ਲਈ ਜਾ ਸਕਦੀ ਸੀ ਜੇਕਰ ਉਹ ਦਿੱਲੀ ਵਿੱਚ ਪਰਧਾਨ ਮੰਤਰੀ ਦੇ ਘਰ ਵਿੱਚ ਰਹਿੰਦੇ ਹੋਣ।

ਦੋ ਜੂਨ ਨੂੰ ਸ਼੍ਰੀਮਤੀ ਗਾਂਧੀ ਦੇ ਰੋਜ਼ਨਾਮਚੇ (ਡਾਇਰੀ) ਵਿੱਚ, ਭਾਰਤ ਭਰ ਵਿੱਚੋਂ ਜ਼ਿਲ੍ਹਾ ਸਦਰ ਮੁਕਾਮਾਂ ਤੋਂ ਆਏ ਉਹਦੀ ਪਾਰਟੀ ਦੇ ਨੇਤਾਵਾਂ ਦੇ ਸਮਾਗਮ ਵਿੱਚ ਭਾਸ਼ਨ ਦਾ ਵੇਰਵਾ ਹੈ। ਇਹ ਸਮਾਗਮ ਕਾਂਗਰਸ ਪਾਰਟੀ ਨੂੰ ਇਕ ਸਿਆਸੀ ਸੰਸਥਾ ਵਜੋਂ ਰਾਜੀਵ ਗਾਂਧੀ ਵੱਲੋਂ ਪੁਨਰ-ਸੁਰਜੀਤ ਕਰਨ ਲਈ ਯੋਜਨਾ ਦੀ ਇਕ ਕੜੀ ਸੀ। ਉਸ ਨੇ ਆਪ ਪਰਵਾਨ ਕੀਤਾ ਕਿ ਉਹਦੀ ਮਾਤਾ ਦੇ ਰਾਜ ਦੇ ਲੰਮੇ ਅਰਸੇ ਵਿੱਚ ਪਾਰਟੀ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਸਨ। ਇਹ ਉਸ ਛਕੜੇ ਤੋਂ ਰਤਾ ਕੁ ਹੀ ਵੱਧ ਸੀ ਜਿਸ ਉੱਪਰ ਸਿਆਸੀ ਨੇਤਾ ਚੋਣਾਂ ਸਮੇਂ ਬੈਠਦੇ ਸਨ। ਸ਼੍ਰੀਮਤੀ ਗਾਂਧੀ ਰਾਜੀਵ ਗਾਂਧੀ ਦੇ ਯਤਨਾਂ ਨੂੰ ਉਤਸਾਹਿਤ ਕਰਨ ਲਈ ਉਤਾਵਲੀ ਸੀ ਕਿਉਂਕਿ ਇਹ ਉਸ ਦੀ ਪਹਿਲੀ ਯੋਜਨਾ ਤੇ ਜ਼ੁੰਮੇਂਵਾਰੀ ਸੀ। ਫਿਰ ਵੀ ਉਹ ਇਸ ਸਮਾਗਮ ਵਿੱਚ ਦੋ ਘੰਟੇ ਦੇਰ ਨਾਲ ਪਹੁੰਚੀ। ਇਹ ਗੁਪਤ ਤੌਰ 'ਤੇ ਰੱਖਿਆ ਗਿਆ ਸਮਾਗਮ ਸੀ ਫਿਰ ਵੀ ਤਿੰਨ ਪੱਤਰਕਾਰਾਂ ਨੇ ਉੱਥੇ ਜਾਣ ਦਾ ਪ੍ਰਬੰਧ ਕਰ ਹੀ ਲਿਆ। ਆਨੰਦ ਸਹਾਏ ਨੇ ਕਿਹਾ, "ਜਦੋਂ ਸ਼੍ਰੀਮਤੀ ਗਾਂਧੀ ਸਭਾ ਮੰਚ ਵੱਲ ਜਾ ਰਹੀ ਸੀ ਤਾਂ ਉਹ ਲਘੜਾਉਂਦੀ ਹੋਈ ਦਿਖਾਈ ਦਿੰਦੀ ਸੀ। ਉਹਦੇ ਮੋਢਿਆਂ 'ਚ ਕੁੱਬ ਨਿਕਲਿਆ ਹੋਇਆ ਸੀ। ਉਹਦੇ ਵਾਲ ਖਿੱਲਰੇ ਹੋਏ ਲੱਗਦੇ ਸਨ ਤੇ ਉਹ ਖੁੱਥੜ ਜਿਹੀ ਲੱਗਦੀ ਸੀ। ਉਹਦਾ ਚਿਹਰਾ ਢਿਲਕਿਆ ਹੋਇਆ ਸੀ। ਜਦੋਂ ਉਹ ਬੋਲੀ ਤਾਂ ਉਹਦੀ ਆਵਾਜ਼ ਰੁਕਦੀ ਸੀ ਤੇ ਉਹਦਾ ਗਲ ਭਰ ਆਇਆ ਸੀ। ਮੈਂ ਇਤਨਾ ਹੈਰਾਨ ਹੋਇਆ ਕਿ ਮੈਂ ਸੋਚਿਆ ਕਿ ਉਹਦੇ ਪਰਿਵਾਰ ਵਿੱਚ ਕੋਈ ਮਰ ਗਿਆ ਸੀ। ਪ੍ਰੰਤੂ ਜਦੋਂ ਸਹਾਏ ਆਪਣੇ ਦਫ਼ਤਰ ਗਿਆ ਤਾਂ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਸ਼੍ਰੀਮਤੀ ਗਾਂਧੀ ਦਾ ਲੱਥਾ ਹੋਇਆ ਚਿਹਰਾ ਤੇ ਖੁੱਥੜ ਸ਼ਕਲ ਸੂਰਤ ਦਾ ਮਤਲਬ ਇਹੋ ਸੀ ਕਿ ਉਸ ਨੇ ਕੋਈ ਬਹੁਤ ਹੀ ਵੱਡਾ ਨਿਰਣਾ ਲਿਆ ਹੋਇਆ ਸੀ।"

ਉਸ ਰਾਤ 8 ਵਜੋਂ ਤੋਂ ਰਤਾ ਕੁ ਪਹਿਲਾਂ ਸਰਕਾਰੀ ਨਿਯੰਤਰਨ ਅਧੀਨ

ਆਕਾਸ਼ਵਾਣੀ ਤੇ ਦੂਰਦਰਸ਼ਨ ਨੇ ਆਪਣੇ ਪ੍ਰੋਗਰਾਮ ਰੋਕਦਿਆਂ ਐਲਾਨ ਕੀਤਾ ਕਿ ਪਰਧਾਨ ਮੰਤਰੀ 8.30 ਵਜੇ ਵਿਸ਼ੇਸ਼ ਪਰਸਾਰਨ ਕਰੇਗੀ। ਪਰ 8.30 ਵਜੇ ਤਾਂ ਬਿਲਕੁਲ ਚੁੱਪ ਸੀ। ਦੋ ਮਿੰਟ ਮਗਰੋਂ ਘੋਸ਼ਕ ਨੇ ਪਰਧਾਨ ਮੰਤਰੀ ਵੱਲੋਂ ਪਰਸਾਰਨ ਵਿੱਚ ਦੇਰੀ ਹੋਣ ਲਈ ਖਿਮਾ ਮੰਗੀ। ਵਾਸਤਵ ਵਿੱਚ ਸ਼੍ਰੀਮਤੀ ਗਾਂਧੀ ਸੰਚਾਰ ਮਾਧਿਅਮ 'ਤੇ ਪੌਣਾ ਘੰਟਾ ਦੇਰ ਨਾਲ ਪਹੁੰਚੀ। ਉਸ ਨੇ ਆਪਣੀ ਲਿਖਤ ਵਿੱਚ ਐਨ ਆਖ਼ਰੀ ਮੌਕੇ ਤਬਦੀਲੀਆਂ ਕੀਤੀਆਂ ਸਨ।

ਪਰਧਾਨ ਮੰਤਰੀ ਨੇ ਅਕਾਲੀ ਦਲ ਨੇਤਾਵਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮੋਰਚੇ ਦੇ ਅਗਲੇ ਕਦਮ ਨੂੰ ਵਾਪਸ ਲੈ ਲੈਣ ਜਿਸ ਵਿੱਚ ਉਹਨਾਂ ਪੰਜਾਬ ਵਿੱਚ ਆਉਂਦੇ ਭਲਕ ਤੋਂ ਪੰਜਾਬ ਵਿੱਚੋਂ ਅਨਾਜ ਬਾਹਰ ਜਾਣ ਤੋਂ ਰੋਕ ਲਾਈ ਸੀ। ਉਸ ਨੇ ਕਿਹਾ, "ਇਸ ਆਖ਼ਰੀ ਘੜੀ ਵਿੱਚ ਵੀ ਮੈਂ ਅਕਾਲੀ ਨੇਤਾਵਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਅੰਦੋਲਨ ਦੀ ਧਮਕੀ ਵਾਪਸ ਲੈ ਲੈਣ ਤੇ ਉਸ ਸ਼ਾਂਤਮਈ ਸਮਝੌਤੇ ਦੇ ਢਾਂਚੇ ਨੂੰ ਪਰਵਾਨ ਕਰ ਲੈਣ ਜਿਸ ਦੀ ਅਸੀਂ ਪੇਸ਼ਕਸ਼ ਕੀਤੀ ਹੈ।" ਉਸ ਨੇ ਉਸ ਸਮਝੌਤੇ ਦੀ ਰੂਪ-ਰੇਖਾ ਤੇ ਸੰਖੇਪ ਸਾਰ ਵੀ ਦਿੱਤਾ ਜਿਸ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਸਰਕਾਰ ਨੇ ਚੰਡੀਗੜ੍ਹ ਦਾ ਨਿਪਟਾਰਾ ਕਰਨ ਲਈ ਕਮਿਸ਼ਨ ਦੀ ਨਿਯੁਕਤੀ ਦਾ ਸੁਝਾਅ ਦਿੱਤਾ ਸੀ। ਸ਼੍ਰੀਮਤੀ ਗਾਂਧੀ ਨੇ ਕਿਹਾ, "ਸਰਕਾਰ ਨੇ ਸੁਝਾਅ ਦਿੱਤਾ ਹੈ ਕਿ ਚੰਡੀਗੜ੍ਹ, ਅਬੋਹਰ ਤੇ ਫ਼ਾਜ਼ਿਲਕਾ ਸਣੇ ਸਮੁੱਚਾ ਇਲਾਕਾਈ ਝਗੜਾ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਜਾਵੇ ਜਿਸ ਦਾ ਫ਼ੈਸਲਾ ਮੰਨਣਾ ਦੋਹਾਂ ਰਾਜਾਂ ਲਈ ਲਾਜ਼ਮੀ ਹੋਵੇਗਾ। ਬਦਕਿਸਮਤੀ ਨਾਲ ਅਕਾਲੀ ਦਲ ਨੇ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਤਬਾਦਲਾ ਜਾਂ ਸਮੁੱਚਾ ਝਗੜਾ ਕਮਿਸ਼ਨ ਨੂੰ ਸੌਂਪਣ ਦਾ ਸੁਝਾਅ ਪਰਵਾਨ ਨਹੀਂ ਕੀਤਾ।" ਪ੍ਰੰਤੂ, ਸ਼੍ਰੀਮਤੀ ਗਾਂਧੀ ਨੇ ਰਾਸ਼ਟਰ ਨੂੰ ਇਹ ਨਹੀਂ ਦੱਸਿਆ ਸੀ ਕਿ ਸਰਕਾਰ ਤਾਂ ਕਮਿਸ਼ਨ ਨੂੰ ਇਹ ਜ਼ਾਮਨੀ ਦੇਣ ਲਈ ਪਾਬੰਦ ਕਰਨ ਲਈ ਵੀ ਤਿਆਰ ਸੀ ਕਿ ਉਹ ਫ਼ੈਸਲਾ ਅਕਾਲੀਆਂ ਦੇ ਹੱਕ ਵਿੱਚ ਦੇਵੇ। ਉਸ ਨੇ ਰਾਸ਼ਟਰ ਨੂੰ ਇਹ ਵੀ ਦੱਸਿਆ ਕਿ ਅਸਲੀ ਸਮੱਸਿਆ ਸਮਝੌਤੇ ਦੀਆਂ ਸ਼ਰਤਾਂ ਬਾਰੇ ਨਹੀਂ, ਸਗੋਂ ਉਹ ਹਕੀਕਤ ਸੀ ਜਿਸ ਕਾਰਨ ਮੋਰਚਾ ਅਕਾਲੀ ਦਲ ਤ੍ਰੈਮੂਰਤੀ ਭਾਵ ਲੌਂਗੋਵਾਲ, ਟੌਹੜਾ ਤੇ ਬਾਦਲ ਹੱਥੋਂ ਨਿਕਲ ਕੇ ਭਿੰਡਰਾਂਵਾਲੇ ਦੇ ਹੱਥਾਂ ਵਿੱਚ ਚਲਾ ਗਿਆ ਸੀ। ਉਸ ਨੇ ਕਿਹਾ, "ਜਿਹੜੀ ਹਕੀਕਤ ਸਾਮ੍ਹਣੇ ਉਭਰ ਕੇ ਆਈ ਹੈ, ਉਹ ਸਮਝੌਤੇ ਦੀ ਅਪੂਰਨਤਾ ਜਾਂ ਸਮਝੌਤੇ ਦੀਆਂ ਘਾਟਾਂ ਤੇ ਸਮੇਂ-ਸਮੇਂ ਸਰਕਾਰ ਵੱਲੋਂ ਅਕਾਲੀ ਦਲ ਦੀਆਂ ਵੱਖ-ਵੱਖ ਮੰਗਾਂ ਬਾਰੇ ਸਮਝੌਤੇ ਦੀਆਂ ਸ਼ਰਤਾਂ ਨਹੀਂ ਸਨ ਸਗੋਂ ਇਹ ਹਕੀਕਤ ਸੀ ਕਿ ਅੰਦੋਲਨ ਹੁਣ ਉਹਨਾਂ ਕੁਝ ਕੁ ਲੋਕਾਂ ਦੇ ਹੱਥ ਵਿੱਚ ਚਲਾ ਗਿਆ ਹੈ ਜਿਹਨਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਉੱਕਾ ਹੀ ਕੋਈ ਪਰਵਾਹ ਨਹੀਂ, ਤੇ ਪੰਜਾਬ ਵਿੱਚ ਸਦਭਾਵਨਾ, ਸ਼ਾਂਤੀ ਤੇ ਪੰਜਾਬ ਦੇ ਨਿਰੰਤਰ ਆਰਥਿਕ ਵਿਕਾਸ ਦੀ ਕੋਈ ਫ਼ਿਕਰ ਨਹੀਂ।"

ਪਰਧਾਨ ਮੰਤਰੀ ਨੇ ਸਮਝੌਤੇ ਦੀ ਗੱਲਬਾਤ ਸ਼ੁਰੂ ਕਰਨ ਦੀ ਪੇਸ਼ਕਸ਼ ਵੀ ਦੁਹਰਾਈ ਪਰ ਨਾਲ ਇਹ ਤਾੜਨਾ ਵੀ ਕੀਤੀ ਕਿ "ਭਾਵੇਂ ਸਰਕਾਰ ਸਭ ਲਟਕਦੇ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਲਈ ਪ੍ਰਤਿਬੱਧ ਹੈ ਪਰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕੋਈ ਵੀ ਸਰਕਾਰ ਮਸਲੇ ਦੇ ਹੱਲ ਲਈ ਆਤੰਕਵਾਦ ਤੇ ਹਿੰਸਾ ਦੀਆਂ ਆਗਿਆ ਨਹੀਂ ਦੇ

ਸਕਦੀ। ਜਿਹੜੇ ਅਜਿਹੀਆਂ ਸਮਾਜ-ਵਿਰੋਧੀ ਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਕਰਨਗੇ, ਉਹਨਾਂ ਨੂੰ ਇਸ ਸਬੰਧੀ ਕਿਸੇ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।"

ਸ਼੍ਰੀਮਤੀ ਗਾਂਧੀ ਦੀ ਆਪਣੀ ਸਿਆਸੀ ਮਜਬੂਰੀ ਤੇ ਦੁਬਿਧਾ ਸਪੱਸ਼ਟ ਸੀ। ਭਾਰਤ ਦੇ ਲੋਕਾਂ ਦਾ ਉਹਦੇ ਵੱਲੋਂ ਕਾਰਵਾਈ ਕਰਨ ਦੀ ਸਮਰਥਾ ਵਿੱਚ ਵਿਸ਼ਵਾਸ ਮੁੱਕਦਾ ਜਾ ਰਿਹਾ ਸੀ। ਉਸ ਨੇ ਸੱਚਮੁੱਚ ਹੀ ਆਪਣੇ ਪਰਸਾਰਨ ਵਿੱਚ ਇਸ ਦਾ ਇਕਬਾਲ ਕੀਤਾ ਜਦ ਉਸ ਨੇ ਕਿਹਾ, "ਮੇਰੇ ਮਨ ਵਿੱਚ ਸਭ ਤੋਂ ਉੱਪਰ ਪੰਜਾਬ ਦਾ ਫ਼ਿਕਰ ਹੈ। ਸਾਰੇ ਮੁਲਕ ਨੂੰ ਗੰਭੀਰ ਚਿੰਤਾ ਹੈ। ਇਸ ਬਾਰੇ ਬਾਰ-ਬਾਰ ਚਰਚਾ ਕੀਤੀ ਗਈ ਹੈ। ਫਿਰ ਵੀ ਇਹ ਅਟੱਲ ਪਰਭਾਵ ਬਣ ਗਿਆ ਹੈ ਕਿ ਮਸਲੇ ਨੂੰ ਨਜਿੱਠਿਆ ਨਹੀਂ ਜਾ ਰਿਹਾ।" ਪਰਧਾਨ ਮੰਤਰੀ ਨੇ ਰਾਸ਼ਟਰ ਦੇ ਨਾਮ ਪਰਸਾਰਨ ਵਿੱਚ ਬੜੀ ਟਣਕਾਰ ਕੇ ਇਹ ਬੇਨਤੀ ਕੀਤੀ, "ਆਓ ਅਸੀਂ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਲਈ ਇਕੱਠੇ ਹੋ ਕੇ ਅੱਗੇ ਵਧੀਏ। ਜਿਹਨਾਂ ਨੇ ਆਪਣੀਆਂ ਜਾਨਾਂ ਵਾਰੀਆਂ ਹਨ ਉਹਨਾਂ ਲਈ ਵਧੀਆ ਸਮਾਰਕ ਉਸ ਪੰਜਾਬ ਵਿੱਚ ਸ਼ਾਂਤੀ ਤੇ ਆਮ ਹਾਲਤ ਦੀ ਪੁਨਰ-ਸਥਾਪਨਾ ਹੈ, ਜਿਸ ਨੂੰ ਉਹ ਪਿਆਰ ਕਰਦੇ ਸਨ ਤੇ ਜਿਸ ਦੀ ਉਹਨਾਂ ਨੇ ਸੇਵਾ ਕੀਤੀ ਸੀ। ਮੈਂ ਪੰਜਾਬੀਆਂ ਦੇ ਸਾਰੇ ਵਰਗਾਂ ਨੂੰ ਬੇਨਤੀ ਕਰਦੀ ਹਾਂ ਕਿ ਲਹੂ ਨਾ ਵਹਾਓ, ਘਿਰਨਾ ਸਮਾਪਤ ਕਰੋ।" ਪਰ ਪਰਧਾਨ ਮੰਤਰੀ ਇਹ ਫ਼ੈਸਲਾ ਤਾਂ ਪਹਿਲਾਂ ਹੀ ਲੈ ਚੁੱਕੀ ਸੀ ਕਿ ਜੇ ਲੋੜ ਪਈ ਤਾਂ ਲਹੂ ਵੀ ਵਹਾਏਗੀ।

ਉਸ ਪਰਸਾਰਨ ਤੋਂ ਥੋੜ੍ਹਾ ਚਿਰ ਮਗਰੋਂ ਹੀ ਆਕਾਸ਼ਵਾਣੀ ਤੋਂ ਘੋਸ਼ਣਾ ਕਰ ਦਿੱਤੀ ਗਈ ਕਿ ਪੰਜਾਬ ਵਿੱਚ ਸਿਵਲ ਪਰਸ਼ਾਸਨ ਦੀ ਸਹਾਇਤਾ ਲਈ ਫ਼ੌਜ ਬੁਲਾ ਲਈ ਗਈ ਸੀ। ਇਹ ਉਹ ਉਕਤੀ ਸੀ ਜੋ ਅੰਗਰੇਜ਼ ਸੈਨਿਕ ਨੇਮਾਵਲੀ ਵਿੱਚ ਆਪਣੇ ਪਿੱਛੇ ਛੱਡ ਗਏ ਸਨ ਤੇ ਜਿਸ ਨਾਲ ਭਾਰਤੀ ਫ਼ੌਜ ਆਪਣੀਆਂ ਬਹੁਤ ਸਾਰੀਆਂ ਕਾਰਵਾਈਆਂ ਦਾ ਸੰਚਾਲਨ ਕਰਦੀ ਹੈ। ਆਜ਼ਾਦੀ ਮਗਰੋਂ ਸਿਵਲ ਪਰਸ਼ਾਸਨ ਦੀ ਸਹਾਇਤਾ ਲਈ ਕਈ ਵਾਰ ਫ਼ੌਜ ਬੁਲਾਈ ਗਈ ਸੀ ਪਰ ਇਹ ਪਹਿਲੀ ਵਾਰ ਸੀ ਕਿ ਇਕ ਵੱਡੇ ਰਾਜ ਦੀ ਸਰਕਾਰ ਨੇ ਸੁਰੱਖਿਆ ਦੀ ਸਾਰੀ ਜ਼ੁੰਮੇਵਾਰੀ ਸੈਨਿਕਾਂ ਦੇ ਹਵਾਲੇ ਕਰ ਦਿੱਤੀ ਸੀ। ਆਕਾਸ਼ਵਾਣੀ ਤੋਂ ਇਹ ਐਲਾਨ ਕੀਤਾ ਗਿਆ ਕਿ ਮੇਜਰ ਜਨਰਲ ਰਣਜੀਤ ਸਿੰਘ ਦਿਆਲ, ਜੋ ਪੱਛਮੀ ਕਮਾਨ ਦਾ ਚੀਫ਼ ਔਫ਼ ਸਟਾਫ਼ ਸੀ, ਉਹ ਪੰਜਾਬ ਦੇ ਰਾਜਪਾਲ ਦੇ ਸੁਰੱਖਿਆ ਸਲਾਹਕਾਰ ਦੀ ਪ੍ਰਮੁੱਖ ਪਦਵੀ ਸੰਭਾਲੇਗਾ ਤੇ ਪੁਲਸ ਜੋ ਆਮ ਕਰਕੇ ਸਰਕਾਰ ਦਾ ਕੰਮ ਕਾਜ ਚਲਾਉਂਦੀ ਹੈ, ਫ਼ੌਜ ਦੇ ਸਮੁੱਚੇ ਕੰਟਰੋਲ ਅਧੀਨ ਰਹੇਗੀ। ਉਸ ਦਾ ਅਰਥ ਮੈਨੂੰ ਅਗਲੇ ਦਿਨ ਸਪੱਸ਼ਟ ਹੋ ਗਿਆ ਜਦ ਮੈਂ ਸਵਰਨ ਮੰਦਰ ਵਿੱਚ ਗਿਆ।

ਮੈਂ ਵੇਖਿਆ ਕਿ ਸਵਰਨ ਮੰਦਰ ਸਮੂਹ ਨੂੰ ਬਿਹਾਰ ਪਲਟਨ ਦੇ ਫ਼ੌਜੀਆਂ ਨੇ ਘੇਰਿਆ ਹੋਇਆ ਸੀ ਜਿਹੜੇ ਰਾਤੋ ਰਾਤ ਉੱਥੇ ਪਹੁੰਚ ਗਏ ਸਨ। ਕਰਫ਼ਿਊ ਵਿੱਚ ਕੁੱਝ ਢਿੱਲ ਦਿੱਤੀ ਗਈ ਸੀ ਤੇ ਹਿੰਦੂ, ਫ਼ੌਜੀਆਂ ਨਾਲ ਖ਼ੁਸ਼ੀ-ਖ਼ੁਸ਼ੀ ਗੱਲਬਾਤ ਕਰ ਰਹੇ ਸਨ। ਹਿੰਦੂ ਫ਼ੌਜ ਵੇਖ ਕੇ ਖ਼ੁਸ਼ ਹੋ ਗਏ। ਉਹਨਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਉਹਨਾਂ ਦੀ ਮੁਸੀਬਤ ਦੇ ਦਿਨ ਖ਼ਤਮ ਹੋ ਗਏ ਸਨ। ਇਕ ਦੁਕਾਨਦਾਰ ਨੇ ਮੈਨੂੰ ਕਿਹਾ, "ਹੁਣ ਅਸੀਂ ਉਹਨਾਂ ਸਿੱਖਾਂ ਤੋਂ ਬਦਲਾ ਲੈ ਹੀ ਲਵਾਂਗੇ।" ਜਦੋਂ ਮੈਂ ਪੁੱਛਿਆ ਕਿ ਉਸ ਦੇ ਖ਼ਿਆਲ ਵਿੱਚ ਫ਼ੌਜ ਕੀ ਕਰੇਗੀ ਤਾਂ ਉਸ ਨੇ ਉੱਤਰ ਦਿੰਦਿਆਂ ਕਿਹਾ, "ਉਹ ਜ਼ਰੂਰ ਹੁਣ ਅੰਦਰ

ਜਾਏਗੀ। ਕੀ ਨਹੀਂ ਜਾਏਗੀ ?" ਹਿੰਦੂ ਦੁਕਾਨਦਾਰ ਸਹੀ ਸਾਬਤ ਹੋਇਆ।

ਭਾਰਤ ਦੇ ਰਾਸ਼ਟਰਪਤੀ ਜ਼ੈਲ ਸਿੰਘ ਨੂੰ, ਜੋ ਆਪਣੇ ਪਦ ਦੇ ਹਿਸਾਬ ਨਾਲ ਹਥਿਆਰਬੰਦ ਸੈਨਾ ਦਾ ਕਮਾਂਡਰ-ਇਨ-ਚੀਫ਼ ਹੈ, ਇਹ ਜਾਣਕਾਰੀ ਨਹੀਂ ਦਿੱਤੀ ਗਈ ਸੀ। ਫ਼ੌਜ ਨੂੰ ਸਵਰਨ ਮੰਦਰ ਵਿੱਚ ਦਾਖ਼ਲ ਹੋ ਕੇ ਉਸ ਆਦਮੀ ਨੂੰ ਗਰਿਫ਼ਤਾਰ ਕਰਨ ਜਾਂ ਮਾਰ ਦੇਣ ਲਈ ਭੇਜਿਆ ਗਿਆ ਸੀ ਜਿਸ ਨੂੰ ਉਸ ਨੇ ਇਕ ਅਗਿਆਤ ਪਰਚਾਰਕ ਤੋਂ ਨੇਤਾ ਬਣਾ ਦਿੱਤਾ ਸੀ ਜੋ ਹੁਣ ਭਾਰਤ ਦੀ ਏਕਤਾ ਲਈ ਖ਼ਤਰਾ ਬਣ ਗਿਆ ਸੀ। ਰਾਸ਼ਟਰਪਤੀ ਨੇ ਆਪਣੇ ਉੱਤਰ-ਪੂਰਬੀ ਭਾਰਤ ਦੇ ਦੌਰੇ ਨੂੰ ਸੰਖਿਪਤ ਕਰਕੇ ਸਮਾਪਤ ਕਰ ਦਿੱਤਾ ਕਿਉਂਕਿ ਉਹ ਪੰਜਾਬ ਦੇ ਪਿੰਡਾਂ ਵਿੱਚ ਵੱਧ ਰਹੇ ਕਤਲਾਂ ਤੋਂ ਚਿੰਤਤ ਸੀ ਤੇ 30 ਮਈ ਨੂੰ ਉਸ ਨੇ ਦਿੱਲੀ ਵਿੱਚ ਲਾਲ ਪੱਥਰ ਦੇ ਵਿਸ਼ਾਲ ਰਾਸ਼ਟਰਪਤੀ ਮਹਿਲ ਵਿੱਚ ਸ਼੍ਰੀਮਤੀ ਗਾਂਧੀ ਨਾਲ ਮੁਲਾਕਾਤ ਕੀਤੀ। ਪ੍ਰੰਤੂ ਜ਼ੈਲ ਸਿੰਘ ਦੇ ਅਧਿਕਾਰੀਆਂ ਅਨੁਸਾਰ ਪਰਧਾਨ ਮੰਤਰੀ ਨੇ ਸਵਰਨ ਮੰਦਰ ਵਿੱਚ ਫ਼ੌਜ ਭੇਜਣ ਦੀ ਸੰਭਾਵਨਾ ਦਾ ਜ਼ਿਕਰ ਨਾ ਕੀਤਾ। ਉਸ ਨੇ ਅਕਾਲੀਆਂ ਨਾਲ ਸਮਝੌਤੇ 'ਤੇ ਪਹੁੰਚਣ ਲਈ ਇਕ ਨਵੇਂ ਫ਼ਾਰਮੂਲੇ ਉੱਪਰ ਦੋ ਘੰਟੇ ਵਿਚਾਰ ਚਰਚਾ ਕੀਤੀ।

ਸ਼੍ਰੀਮਤੀ ਗਾਂਧੀ ਦੇ ਪਰਸਾਰਨ ਵਾਲੇ ਦਿਨ ਅਰਧ ਸੈਨਿਕ ਪੁਲਸ ਤੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਵਿਚਕਾਰ ਸਵਰਨ ਮੰਦਰ ਸਮੂਹ ਦੇ ਅੰਦਰ ਤੇ ਬਾਹਰ 12.40 ਨੂੰ ਗੋਲੀਬਾਰੀ ਸ਼ੁਰੂ ਹੋਈ ਜੋ ਉਸ ਸ਼ਾਮ 7.00 ਵਜੇ ਤੱਕ ਚਲਦੀ ਰਹੀ। ਇਕ ਅਨੁਭਵੀ ਸੀ.ਆਰ.ਪੀ. ਅਧਿਕਾਰੀ ਨੇ ਮੈਨੂੰ ਦੱਸਿਆ ਕਿ ਅਜਿਹੀ ਭਾਰੀ ਗੋਲਾਬਾਰੀ ਦਾ ਉਸ ਨੂੰ ਪਹਿਲਾਂ ਕੋਈ ਅਨੁਭਵ ਨਹੀਂ ਸੀ। ਅਗਲੇ ਦਿਨ ਮੈਂ ਸਵਰਨ ਮੰਦਰ ਤੇ ਸਰਾਂ ਸਮੂਹ ਵਿੱਚ ਗੋਲੀਆਂ ਦੇ ਨਿਸ਼ਾਨ ਵੇਖੇ। ਲੰਗਰ ਦੀ ਇਮਾਰਤ ਵਿੱਚ ਵੀ ਗੋਲੀਆਂ ਨਾਲ ਹੋਏ ਸੁਰਾਖ਼ ਸਨ ਜਿੱਥੇ ਭਿੰਡਰਾਂਵਾਲਾ ਗੋਲੀ ਚੱਲਣ ਵੇਲੇ ਆਪਣੀ ਸਵੇਰ ਦੀ ਸਭਾ ਲਗਾਈ ਬੈਠਾ ਸੀ ਤੇ ਲੌਂਗੋਵਾਲ ਦੇ ਦਫ਼ਤਰ ਦੀ ਖਿੜਕੀ ਹੇਠਾਂ ਵੀ ਗੋਲੀਆਂ ਨਾਲ ਮੋਰੀਆਂ ਹੋਈਆਂ ਪਈਆਂ ਸਨ। ਸਵਰਨ ਮੰਦਰ ਸਮੂਹ ਦੇ ਕੇਂਦਰ ਵਿੱਚ ਪਵਿੱਤਰ ਸਰੋਵਰ ਦੀ ਸੰਗਮਰਮਰ ਦੀ ਪਰਿਕ੍ਰਮਾ ਕਈ ਥਾਵਾਂ ਤੋਂ ਉੱਖੜੀ ਹੋਈ ਸੀ ਤੇ ਗੁੱਸੇ 'ਚ ਆਏ ਸਿੱਖਾਂ ਨੇ ਸਵਰਨ ਮੰਦਰ ਵਿੱਚ ਵੀ ਲਾਲ ਘੇਰਿਆਂ ਵਿੱਚ ਗੋਲੀਆਂ ਨਾਲ ਹੋਈਆਂ ਮੋਰੀਆਂ (ਸੁਰਾਖ਼) ਦਿਖਾਈਆਂ। ਉਹਨਾਂ ਵਿੱਚੋਂ ਕੁਝ ਮੋਰੀਆਂ ਇਤਨੀਆਂ ਵੱਡੀਆਂ ਸਨ ਕਿ ਉਹ ਗੋਲੀਆਂ ਨਾਲ ਬਣਾਈਆਂ ਨਹੀਂ ਹੋ ਸਕਦੀਆਂ ਸਨ। ਉਹ ਸੁਰਾਖ਼ ਲੰਮੇ ਸਮੇਂ ਦੀ ਟੁੱਟ ਭੱਜ ਕਾਰਨ ਬਣੇ ਸਨ ਜਦੋਂ ਕਿਸੇ ਨੇ ਭਿੰਡਰਾਂਵਾਲੇ ਦਾ ਨਾਮ ਵੀ ਨਹੀਂ ਸੁਣਿਆ ਹੋਵੇਗਾ ਭਾਵੇਂ ਉਹਨਾਂ ਉਦਾਲੇ ਤਾਬੇਦਾਰੀ ਨਾਲ ਲਾਲ ਰੰਗ ਦਾ ਚੱਕਰ ਲਗਾਇਆ ਗਿਆ ਸੀ।

ਸੀ.ਆਰ.ਪੀ. ਦੀ ਗੋਲਾਬਾਰੀ ਮੰਦਰ ਵਿੱਚ ਦਾਖ਼ਲ ਹੋਣ ਤੋਂ 4 ਦਿਨ ਪਹਿਲਾਂ ਹੋਈ ਸੀ। ਸੈਨਿਕ ਵਿਸ਼ੇਸ਼ਗਾਂ ਦਾ ਵਿਸ਼ਵਾਸ ਹੈ ਕਿ ਇਹ ਇਕ ਸੋਚੀ ਸਮਝੀ ਵਿਉਂਤ ਅਨੁਸਾਰ ਕੀਤਾ ਗਿਆ ਯਤਨ ਸੀ ਤਾਂ ਜੋ ਭਿੰਡਰਾਂਵਾਲਾ ਗੋਲੀਬਾਰੀ ਕਰੇ ਜਿਸ ਨਾਲ ਉਸ ਦੀ ਸਥਿਤੀ, ਇੰਤਜ਼ਾਮ ਤੇ ਹਥਿਆਰਾਂ ਬਾਰੇ ਪਤਾ ਲੱਗ ਸਕੇ। ਜੇ ਉਦੇਸ਼ ਇਹ ਸੀ ਤਾਂ ਇਹ ਅਭਿਆਸ ਸਫਲ ਨਾ ਹੋਇਆ। ਜਦੋਂ ਫ਼ੌਜ ਆਖ਼ਰਕਾਰ ਸਵਰਨ ਮੰਦਰ ਵਿੱਚ ਦਾਖ਼ਲ ਹੋਈ, ਤਾਂ ਜਰਨੈਲਾਂ ਦੇ ਆਪਣੇ ਇਕਬਾਲ ਅਨੁਸਾਰ ਉਹ ਇਹ ਵੇਖ ਕੇ ਭੁਚੱਕੇ ਰਹਿ ਗਏ ਤੇ ਫ਼ੌਜ ਨੂੰ ਅਜਿਹੀ ਲੜਾਈ ਲੜਨੀ ਪਈ ਜਿਸ ਦਾ ਉਹਨਾਂ ਨੂੰ ਕੋਈ ਅੰਦਾਜ਼ਾ ਨਹੀਂ

ਸੀ। ਮੇਰਾ ਅਨੁਮਾਨ ਹੈ ਕਿ ਸੀ. ਆਰ. ਪੀ. ਦੀ ਗੋਲਾਬਾਰੀ ਭਿੰਡਰਾਂਵਾਲੇ ਨੂੰ ਸਮਰਪਨ ਕਰਨ ਲਈ ਡਰਾਉਣ ਦੀ ਕਾਰਵਾਈ ਸੀ ਤੇ ਇਹ ਯਤਨ ਉਸ ਆਖ਼ਰੀ ਘੜੀ ਤੱਕ ਵੀ ਜਾਰੀ ਰਿਹਾ ਜਦੋਂ ਆਖ਼ਰਕਾਰ ਚਾਰ ਦਿਨ ਮਗਰੋਂ ਫ਼ੌਜ ਸਵਰਨ ਮੰਦਰ ਵਿੱਚ ਦਾਖ਼ਲ ਹੋਈ।

ਮੈਂ ਭਿੰਡਰਾਂਵਾਲੇ ਨੂੰ ਗੋਲੀਬਾਰੀ ਵਾਲੇ ਦਿਨ ਦੇ ਪਿੱਛੋਂ ਮਿਲਿਆ ਸੀ। ਉਹ ਉਸ ਸਮੇਂ ਅਕਾਲ ਤਖ਼ਤ ਉੱਪਰ ਸੀ ਤੇ ਲੰਗਰ ਦੀ ਛੱਤ ਉੱਪਰ ਨਹੀਂ ਸੀ, ਭਾਵੇਂ ਉਸ ਨੇ ਕਿਹਾ ਸੀ ਕਿ ਉਹ ਆਪਣੀ ਸਵੇਰ ਦੀ ਸਭਾ ਉੱਥੇ ਹੀ ਲਗਾਏਗਾ। ਜਦੋਂ ਮੈਂ ਉਸ ਨੂੰ ਗੋਲੀਬਾਰੀ ਬਾਰੇ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ, "ਗੋਲੀਬਾਰੀ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਸਵਰਨ ਮੰਦਰ ਦੀ ਬੇਅਦਬੀ ਕਰਨਾ ਚਾਹੁੰਦੀ ਹੈ ਤੇ ਉਹ ਸਿੱਖਾਂ ਦੀ ਸ਼ਕਲ ਸੂਰਤ ਤੇ ਉਹਨਾਂ ਦੇ ਜੀਵਨ ਆਚਾਰ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ।" ਉਸ ਨੇ ਵਚਨ ਦਿੱਤਾ ਕਿ ਜੇ ਫ਼ੌਜ ਨੇ ਸਵਰਨ ਮੰਦਰ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਹ ਢੁੱਕਵਾਂ ਉੱਤਰ ਦੇਵੇਗਾ ਤੇ ਉਸ ਨੇ ਉਹਨਾਂ ਨੂੰ ਢੁੱਕਵਾਂ ਉੱਤਰ ਦਿੱਤਾ ਸੀ। ਪਰ ਉਸ ਦਿਨ ਭਿੰਡਰਾਂਵਾਲਾ ਆਮ ਵਾਂਗ ਤਨਾਅ ਰਹਿਤ ਨਹੀਂ ਸੀ। ਉਹ ਸਪੱਸ਼ਟ ਰੂਪ ਵਿੱਚ ਕਿਸੇ ਤਨਾਅ ਹੇਠ ਸੀ ਤੇ ਆਮ ਦਿਨਾਂ ਵਾਂਗ ਉਹ ਪੱਤਰਕਾਰਾਂ ਨਾਲ ਮਖ਼ੌਲਬਾਜ਼ੀ ਨਹੀਂ ਕਰ ਰਿਹਾ ਸੀ। ਆਮ ਤੌਰ 'ਤੇ ਸੰਤ ਨੂੰ ਫ਼ਿਲਮਾਏ ਜਾਣ ਤੋਂ ਬਿਨਾਂ ਕੋਈ ਹੋਰ ਚੀਜ਼ ਜ਼ਿਆਦਾ ਪਸੰਦ ਨਹੀਂ ਸੀ ਪਰ ਅੱਜ ਜਦੋਂ ਇਕ ਟੈਲੀਵਿਜ਼ਨ ਟੋਲੀ ਨੇ ਉਸ ਨੂੰ ਫ਼ਿਲਮਾਉਣ ਲਈ ਪੁੱਛਿਆ ਤਾਂ ਉਹ ਬੜਾ ਹੀ ਕਾਹਲਾ ਸੀ। ਉਹਨਾਂ ਨੇ ਉਸ ਨੂੰ ਕੁਝ ਦੇਰ ਉਡੀਕਣ ਲਈ ਕਿਹਾ ਜਦ ਤੱਕ ਕਮਰੇ ਵਿੱਚ ਉਹ ਰੋਸ਼ਨੀ ਆਦਿ ਦਾ ਪਰਬੰਧ ਨਹੀਂ ਕਰ ਲੈਂਦੇ। ਸੰਤ ਨੇ ਗ਼ੁੱਸੇ ਵਿੱਚ ਕਿਹਾ, "ਤੁਹਾਨੂੰ ਕਾਹਲੀ ਕਰਨੀ ਪਵੇਗੀ। ਮੇਰੇ ਕੋਲ ਕਰਨ ਲਈ ਹੋਰ ਕਈ ਜ਼ਰੂਰੀ ਕੰਮ ਹਨ।"

ਅਗਲੇ ਦਿਨ ਭਿੰਡਰਾਂਵਾਲਾ ਆਪਣੀ ਔਖ ਤੇ ਕਠਨਾਈ ਵਿੱਚੋਂ ਉੱਭਰ ਕੇ ਧੀਰਜ ਤੇ ਸੰਤੁਲਨ ਦੀ ਸਥਿਤੀ ਵਿੱਚ ਆ ਗਿਆ ਸੀ। ਸੁਭਾਸ਼ ਕਿਰਪੇਕਾਰ ਉਹਨਾਂ ਪੱਤਰਕਾਰਾਂ ਵਿੱਚ ਸੀ ਜੋ ਫ਼ੌਜ ਵੱਲੋਂ ਮੰਦਰ ਸਮੂਹ ਨੂੰ ਘੇਰਾ ਪਾਏ ਜਾਣ ਪਿੱਛੋਂ ਸੰਤ ਨੂੰ ਮਿਲਣ ਗਏ। ਭਿੰਡਰਾਂਵਾਲੇ ਨੂੰ ਇਹ ਯਕੀਨ ਨਹੀਂ ਸੀ ਕਿ ਫ਼ੌਜ ਦਾ ਹਮਲਾ ਹੋਣ ਵਾਲਾ ਸੀ। ਉਸ ਨੇ ਕਿਰਪੇਕਾਰ ਨੂੰ ਕਿਹਾ, "ਫ਼ੌਜ ਉਸ ਤਰ੍ਹਾਂ ਹੀ ਉਦਾਲੇ ਘੁੰਮਦੀ ਰਹੇਗੀ ਜਿਵੇਂ ਕੇਂਦਰੀ ਰੀਜ਼ਰਵ ਪੁਲਸ ਤੇ ਸੀਮਾ ਸੁਰੱਖਿਆ ਬਲ ਪਿਛਲੇ ਦੋ ਸਾਲਾਂ ਤੋਂ ਘੁੰਮਦੇ ਰਹੇ ਹਨ।" ਉਸ ਨੇ ਇਸ ਟਿੱਪਣੀ ਨੂੰ ਥੋੜ੍ਹਾ ਜਿਹਾ ਸੰਕੋਚ ਸਹਿਤ ਵਰਨਨ ਕਰਦਿਆਂ ਹੋਇਆਂ ਕਿਹਾ, "ਫ਼ੌਜ ਦੇ ਦਾਖ਼ਲੇ ਦੇ ਸਮੇਂ ਤੇ ਇਸ ਦੇ ਪਰਭਾਵ ਬਾਰੇ ਅਜੇ ਕੁਝ ਕਹਿਣਾ ਅਗੇਤਰਾ ਹੈ। ਥੋੜ੍ਹੇ ਦਿਨਾਂ ਵਿੱਚ ਹੀ ਉਹਨਾਂ ਦੀ ਨੀਅਤ ਤੇ ਚਾਲਿਆਂ (ਵਰਤਾਰੇ) ਦਾ ਪਤਾ ਲੱਗ ਜਾਵੇਗਾ।" ਕਿਰਪੇਕਾਰ ਨੇ ਭਿੰਡਰਾਂਵਾਲੇ ਨੂੰ ਪੁੱਛਿਆ, "ਕੀ ਤੁਹਾਡੇ 'ਤੇ ਫ਼ੌਜ ਜ਼ਿਆਦਾ ਗਿਣਤੀ ਕਾਰਨ ਭਾਰੂ ਨਹੀਂ ਹੋਵੇਗੀ ਜਿਸ ਕੋਲ ਵਧੀਆ ਹਥਿਆਰ ਵੀ ਹਨ ?" ਸੰਤ ਨੇ ਇਕ ਚੰਗੇ ਧਰਮ ਪਰਚਾਰਕ ਵਾਂਗ ਦ੍ਰਿਸ਼ਟਾਂਤ ਦਿੰਦਿਆਂ ਕਿਹਾ, "ਭੇਡਾਂ ਦੀ ਗਿਣਤੀ ਸ਼ੇਰਾਂ ਨਾਲੋਂ ਸਦਾ ਹੀ ਜ਼ਿਆਦਾ ਹੁੰਦੀ ਹੈ, ਪ੍ਰੰਤੂ ਇਕ ਸ਼ੇਰ ਹੀ ਹਜ਼ਾਰਾਂ ਭੇਡਾਂ ਨਾਲ ਨਜਿੱਠ ਲੈਂਦਾ ਹੈ। ਜਦੋਂ ਸ਼ੇਰ ਸੁੱਤਾ ਹੁੰਦਾ ਹੈ, ਤਾਂ ਪੰਛੀ ਚਹਿਚਹਾਉਂਦੇ ਹਨ; ਜਦੋਂ ਜਾਗਦਾ ਹੈ ਤਾਂ ਪੰਛੀ ਉਡਾਰੀ ਮਾਰ ਜਾਂਦੇ ਹਨ। ਫਿਰ ਚੁੱਪ ਛਾ ਜਾਂਦੀ ਹੈ।" ਆਖ਼ਰ ਤਕ

ਉਹ ਇਹ ਦਾਅਵੇ ਨਾਲ ਕਹਿੰਦਾ ਰਿਹਾ ਕਿ ਉਹ ਉਹਨਾਂ ਕਤਲਾਂ ਲਈ ਜ਼ੁੰਮੇਂਵਾਰ ਨਹੀਂ ਸੀ ਜਿਸ ਕਾਰਨ ਫ਼ੌਜ ਸਵਰਨ ਮੰਦਰ ਦੇ ਪਰਵੇਸ਼ ਦੁਆਰਾਂ ਤਕ ਪਹੁੰਚ ਗਈ ਸੀ। ਜਦੋਂ ਕਿਰਪੇਕਾਰ ਨੇ ਪੁੱਛਿਆ ਕਿ ਹਿੰਸਾ ਰੋਕਣ ਲਈ ਕੀ ਕੀਤਾ ਜਾ ਸਕਦਾ ਸੀ ਤਾਂ ਉਸ ਨੇ ਉੱਤਰ ਦਿੱਤਾ, "ਉਹਨਾਂ ਨੂੰ ਪੁੱਛੋ ਜੋ ਇਸ ਲਈ ਜ਼ੁੰਮੇਂਵਾਰ ਹਨ।" ਜਦੋਂ ਸੰਤ ਨੂੰ ਪੁੱਛਿਆ ਗਿਆ ਕਿ ਕੀ ਉਸ ਨੂੰ ਮੌਤ ਤੋਂ ਡਰ ਆਉਂਦਾ ਹੈ, ਤਾਂ ਸੰਤ ਨੇ ਕਿਹਾ, "ਉਹ ਸਿੱਖ ਹੀ ਨਹੀਂ ਜੋ ਮੌਤ ਤੋਂ ਡਰਦਾ ਹੈ, ਮੌਤ ਤੋਂ ਡਰਨ ਵਾਲਾ ਸਿੱਖ ਹੀ ਨਹੀਂ ਹੁੰਦਾ।"

ਮੇਜਰ ਜਨਰਲ ਸ਼ਾਹਬੇਗ ਸਿੰਘ, ਜੋ ਸਵਰਨ ਮੰਦਰ ਦੀ ਸੁਰੱਖਿਆ ਦਾ ਦਿਮਾਗ਼ ਸੀ, ਵੀ ਕਮਰੇ ਵਿੱਚ ਹੀ ਸੀ। ਭਾਰਤੀ ਫ਼ੌਜ ਵਿੱਚ ਆਪਣੇ ਲੰਮੇ ਸਮੇਂ ਦੇ ਤਜਰਬੇ ਤੋਂ ਅਪਮਾਨਿਤ ਜਰਨੈਲ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਫ਼ੌਜੀ ਕੀ ਕਰਨ ਜਾ ਰਹੇ ਸਨ। ਜਦੋਂ ਕਿਰਪੇਕਾਰ ਨੇ ਉਸ ਨੂੰ ਪੁੱਛਿਆ ਕਿ ਫ਼ੌਜੀ ਕਾਰਵਾਈ ਹੋਣ ਦੀ ਉਸ ਨੂੰ ਕਦੋਂ ਉਮੀਦ ਹੈ ਤਾਂ ਉਸ ਨੇ ਉੱਤਰ ਦਿੱਤਾ, "ਭਾਵੇਂ ਅੱਜ ਰਾਤ ਨੂੰ ਹੀ ਇਹ ਸ਼ੁਰੂ ਹੋ ਜਾਵੇ।"

ਮੇਜਰ ਜਨਰ ਸ਼ਾਹਬੇਗ ਸਿੰਘ ਤਾਂ ਆਖ਼ਰੀ ਦਮ ਤਕ ਲੜਦਾ ਰਿਹਾ ਸੀ ਪਰ 200 ਜਵਾਨ ਸਿੱਖ ਉਸ ਸਵੇਰ ਸਵਰਨ ਮੰਦਰ ਸਮੂਹ ਵਿੱਚੋਂ ਬਾਹਰ ਨਿਕਲ ਗਏ ਜਦੋਂ ਸਿਵਲ ਪਰਸ਼ਾਸਨ ਨੇ ਸਵਰਨ ਮੰਦਰ ਦੇ ਰਚਨਾਕਾਰ ਦੇ ਸ਼ਹੀਦੀ ਗੁਰਪੁਰਬ ਮਨਾਉਣ ਲਈ ਸਿੱਖਾਂ ਨੂੰ ਆਗਿਆ ਦੇਣ ਲਈ ਕਰਫ਼ਿਊ ਹਟਾ ਦਿੱਤਾ। ਗਿਆਨੀ ਬਖ਼ਸ਼ੀਸ਼ ਸਿੰਘ ਨੇ, ਜੋ ਅਕਾਲ ਤਖ਼ਤ ਦੇ ਪਿਛਵਾੜੇ ਰਹਿੰਦਾ ਸੀ, ਉਹਨਾਂ ਨੂੰ ਜਾਂਦਿਆਂ ਵੇਖਿਆਂ। ਗੁਰੂ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਉਸ ਨੇ ਸਭ ਆਉਣ ਵਾਲੇ ਯਾਤਰੀਆਂ ਨੂੰ ਸ਼ਰਬਤ ਪਿਲਾਉਣ ਲਈ ਸਟਾਲ ਜਾਂ ਖੋਖਾ ਲਾਇਆ ਹੋਇਆ ਸੀ। ਉਹ ਕਹਿੰਦਾ ਹੈ ਕਿ ਉਸ ਨੇ ਜਵਾਨਾਂ ਨੂੰ ਬਾਗ਼ ਵਾਲੀ ਗਲੀ ਰਸਤੇ ਜਾਂਦਿਆਂ ਵੇਖਿਆ ਜਿਹੜੀ ਸਰਾਂ ਦੇ ਪਿਛਵਾੜੇ ਵੱਲ ਜਾਂਦੀ ਹੈ ਜਿੱਥੇ ਭਿੰਡਰਾਂਵਾਲਾ ਅਕਾਲ ਤਖ਼ਤ 'ਤੇ ਆਉਣ ਤੋਂ ਪਹਿਲਾਂ ਰਿਹਾ ਕਰਦਾ ਸੀ। ਗਿਆਨੀ ਨੇ ਕਿਹਾ ਕਿ ਨੇੜਲੀਆਂ ਗਲੀਆਂ ਦੀਆਂ ਤੀਵੀਂਆਂ ਜਵਾਨਾਂ ਨੂੰ ਅੰਦਰ ਲੈ ਗਈਆਂ ਤਾਂ ਜੋ ਉਹ ਆਪਣੇ ਪਰੰਪਰਾਗਤ ਸਿੱਖੀ ਬਾਣੇ ਦੀ ਥਾਂ ਕਮੀਜ਼ਾਂ ਪਾਜਾਮੇ ਜਾਂ ਜੀਨਾਂ ਪਹਿਨ ਲੈਣ। ਇਸਤਰੀਆਂ ਨੇ ਉਹਨਾਂ ਦੇ ਸਿੱਖੀ ਲਿਬਾਸ ਸਾੜ ਦਿੱਤੇ ਤਾਂ ਜੋ ਪੁਲਸ ਜਾਂ ਫ਼ੌਜ ਨੂੰ ਉਹਨਾਂ ਨੂੰ ਫੜਨੋਂ ਰੋਕਿਆ ਜਾ ਸਕੇ। ਜਵਾਨ ਸਿੱਖ ਗਿਆਨੀ ਬਖ਼ਸ਼ੀਸ਼ ਸਿੰਘ ਦੀ ਸਟਾਲ 'ਤੇ ਰੁਕੇ ਜਿੱਥੇ ਉਸ ਨੇ ਉਹਨਾਂ ਨੂੰ ਕੇਸਰੀ ਰੰਗ ਦਾ ਸ਼ਰਬਤ ਪੇਸ਼ ਕੀਤਾ ਕਿਉਂਕਿ ਉਸ ਨੂੰ ਪਰੰਪਰਾ ਅਨੁਸਾਰ ਵਰਤਿਆ ਲਾਲ ਰੰਗ ਨਹੀਂ ਮਿਲਿਆ ਸੀ। ਉਹਨਾਂ ਨੇ ਉਸ ਨੂੰ ਮਖ਼ੌਲ ਕਰਦਿਆਂ ਕਿਹਾ, "ਗਿਆਨੀ ਜੀ, ਤੁਸੀਂ ਤਾਂ ਸਾਨੂੰ ਸ਼ਹੀਦੀ ਜਾਮ ਪਿਲਾ ਦਿੱਤਾ ਹੈ।" ਗਿਆਨੀ ਨੇ ਕਿਹਾ ਕਿ ਉਸ ਨੇ ਉਹਨਾਂ ਵਿੱਚੋਂ ਕਈਆਂ ਕੋਲ ਬੈਂਕ ਦੇ ਨੋਟਾਂ ਦੀਆਂ ਗੁੱਥੀਆਂ ਵੇਖੀਆਂ ਸਨ।

ਜਦੋਂ ਜਵਾਨਾਂ ਦੇ ਉੱਥੋਂ ਭੱਜ ਜਾਣ ਦੀ ਖ਼ਬਰ ਫ਼ੌਜ ਕੋਲ ਪਹੁੰਚੀ ਤਾਂ ਜਰਨੈਲ ਲੋਹੇ ਲਾਖੇ ਹੋ ਗਏ। ਉਹਨਾਂ ਨੇ ਦੁਬਾਰਾ ਕਰਫ਼ਿਊ ਲਾਉਣ ਦਾ ਹੁਕਮ ਦੇ ਦਿੱਤਾ ਤੇ ਝੱਟਪੱਟ ਹੀ ਡਿਪਟੀ ਕਮਿਸ਼ਨਰ ਨੂੰ ਤਬਦੀਲ ਕਰ ਦਿੱਤਾ ਜਿਹੜਾ ਸਭ ਤੋਂ ਸ੍ਰੇਸ਼ਟ ਸਿਵਲ ਪਰਸ਼ਾਸਕ ਸੀ ਤੇ ਜੋ ਸੰਕਟ ਦੇ ਬੀਤੇ ਮਹੀਨਿਆਂ ਵਿੱਚ ਸਰਕਾਰ ਦੀ ਥਾਂ ਭਿੰਡਰਾਂਵਾਲੇ ਪ੍ਰਤੀ ਵਧੇਰੇ ਵਫ਼ਾਦਾਰ ਰਿਹਾ ਸੀ। ਜਿਹੜੇ ਜਵਾਨ ਬਚ ਕੇ ਨਿਕਲੇ ਸਨ ਉਹਨਾਂ ਵਿੱਚੋਂ ਬਹੁਤੇ ਜਾਂ ਤਾਂ ਅਪਰਾਧੀ ਸਨ ਜਾਂ ਖੱਬੇ ਪੱਖੀ ਇੰਤਹਾਪਸੰਦ ਭਾਵ ਨਕਸਲਸੀਏ ਸਨ। ਇਹ ਤਾਂ ਸਿੱਖ

ਸਟੂਡੈਂਟਸ ਫੈਡਰੇਸ਼ਨ ਦੇ ਤੇ ਖ਼ਾਸ ਭਿੰਡਰਾਂਵਾਲੇ ਦੀ ਆਪਣੀ ਸੰਪਰਦਾਇ, ਦਮਦਮੀ ਟਕਸਾਲ ਦੇ ਮੈਂਬਰ ਹੀ ਸਨ ਜੋ ਪਿੱਛੇ ਲੜਨ ਲਈ ਰਹਿ ਗਏ। ਕੁਝ ਸਿੱਖ ਜੋ ਉਸ ਸਮੇਂ "ਸਰਾਂ ਸਮੂਹ" ਵਿੱਚ ਸਨ, ਕਹਿੰਦੇ ਹਨ ਕਿ ਭਿੰਡਰਾਂਵਾਲੇ ਨੇ ਜਾਣ ਬੁੱਝ ਕੇ ਅਪਰਾਧੀਆਂ ਤੇ ਨਕਸਲੀਆਂ ਨੂੰ ਬਾਹਰ ਭੇਜਿਆ ਤਾਂ ਜੋ ਉਹ ਪਿੰਡਾਂ ਤੇ ਪੇਂਡੂ ਖੇਤਰਾਂ ਵਿੱਚ ਜਾ ਕੇ ਲੜਾਈ ਜਾਰੀ ਰੱਖਣ। ਕਿਉਂਕਿ ਪੰਜਾਬ ਦਾ ਮੁੱਖ ਕਾਰਜ ਪੰਜਾਬ ਦੇ ਪਿੰਡਾਂ ਵਿੱਚ ਕਾਰਵਾਈਆਂ ਕਰ ਰਹੇ ਆਤੰਕਵਾਦੀਆਂ ਨੂੰ ਖ਼ਤਮ ਕਰਨਾ ਸੀ, ਇਸ ਲਈ 200 ਜਵਾਨਾਂ ਨੂੰ ਬਾਹਰ ਜਾਣ ਦੇਣਾ ਇਕ ਗੰਭੀਰ ਗ਼ਲਤੀ ਸੀ। ਸਰਕਾਰੀ ਅੰਕੜਿਆਂ ਅਨੁਸਾਰ ਭਿੰਡਰਾਂਵਾਲੇ ਦੇ ਆਤੰਕਵਾਦੀਆਂ ਨੇ ਅਕਾਲੀ ਮੋਰਚਾ ਲਾਏ ਜਾਣ ਦੇ ਸਮੇਂ ਤੋਂ 165 ਹਿੰਦੂਆਂ ਤੇ ਨਿਰੰਕਾਰੀਆਂ ਨੂੰ ਮਾਰ ਦਿੱਤਾ ਸੀ। ਉਹਨਾਂ ਨੇ 39 ਸਿੱਖਾਂ ਨੂੰ ਵੀ ਮਾਰ ਦਿੱਤਾ ਸੀ ਕਿਉਂਕਿ ਉਹਨਾਂ ਨੇ ਭਿੰਡਰਾਂਵਾਲਾ ਦੀ ਵਿਰੋਧਤਾ ਕੀਤੀ ਸੀ। ਹਿੰਸਕ ਘਟਨਾਵਾਂ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ 410 ਬਣਦੀ ਹੈ ਜਿਹਨਾਂ ਵਿੱਚ ਪੁਲੀਸ ਤੇ ਸਿੱਖਾਂ ਵਿਚਕਾਰ ਹੋਏ ਅਖੌਤੀ ਪੁਲਸ ਮੁਕਾਬਲਿਆਂ, ਫ਼ਸਾਦਾਂ, ਦੰਗਿਆਂ ਤੇ ਮੋਰਚੇ ਦੇ ਸਮਰਥਨ ਵਿੱਚ ਬੱਸ ਵਿੱਚ ਜਾ ਰਹੇ ਰੇਲਵੇ ਫਾਟਕ ਲੰਘਣ ਸਮੇਂ ਰੇਲ ਨਾਲ ਟੱਕਰ ਵਿੱਚ ਮਰਨ ਵਾਲੇ ਵੀ ਸ਼ਾਮਲ ਹਨ। ਜ਼ਖ਼ਮੀਆਂ ਦੀ ਗਿਣਤੀ 1180 ਬਣਦੀ ਹੈ।

ਨੀਲਾ ਤਾਰਾ ਸਾਕਾ ਦਾ ਸੰਚਾਲਨ 9ਵੀਂ ਡਿਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੇ ਕੀਤਾ। ਭਿੰਡਰਾਂਵਾਲੇ ਲਈ ਸੁਹਣੇ ਸੁਨੱਖੇ ਸਫੈਦ ਵਾਲਾਂ ਵਾਲੇ ਜੰਗੀ ਯੋਧੇ ਨਾਲੋਂ ਹੋਰ ਕੋਈ ਵੱਧ ਘਿਰਣਾਜਨਕ ਨਹੀਂ ਹੋ ਸਕਦਾ ਸੀ। ਉਹ ਉਸੇ ਜ਼ਾਤ ਗੋਤ ਦਾ ਸੀ ਤੇ ਉਸੇ ਇਲਾਕੇ ਦਾ ਸੀ ਜਿਸ ਦਾ ਸੰਬੰਧ ਭਿੰਡਰਾਂਵਾਲੇ ਨਾਲ ਸੀ ਤੇ ਉਹ ਆਪਣੇ ਦਾੜ੍ਹੀ ਕੇਸ ਕੱਟਣ ਦੇ ਬੱਜਰ ਗੁਨਾਹ ਦਾ ਭਾਗੀ ਸੀ ਜੋ ਭਿੰਡਰਾਂਵਾਲੇ ਦੇ ਸਿਧਾਂਤ ਅਨੁਸਾਰ ਨਾਕਾਬਲ-ਇ-ਮੁਆਫ਼ੀ ਸੀ। ਬਰਾੜ ਨੂੰ 30 ਮਈ ਨੂੰ ਮੇਰਠ ਤੋਂ ਅੰਮ੍ਰਿਤਸਰ ਵੱਲ ਆਪਣੀ ਡਿਵੀਜ਼ਨ ਦੇ ਕੂਚ ਦਾ ਹੁਕਮ ਦਿੱਤਾ ਗਿਆ। (ਇਹ ਉਹ ਛਾਉਣੀ ਸੀ ਜਿੱਥੋਂ ਭਾਰਤੀ ਗ਼ਦਰ ਸ਼ੁਰੂ ਹੋਇਆ ਸੀ।) ਅਗਲੇ ਦਿਨ ਸੀ.ਆਰ.ਪੀ. ਤੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਲੜਾਈ ਤੋਂ ਇਕ ਦਿਨ ਪਹਿਲਾਂ ਬਰਾੜ ਨੂੰ ਸਵਰਨ ਮੰਦਰ ਸਮੂਹ ਦੀ ਪਰਿਕ੍ਰਮਾ ਵਿੱਚ ਤੁਰਦਿਆਂ ਵੇਖਿਆ ਗਿਆ। ਉਸ ਨੇ ਇਹ ਜ਼ਰੂਰ ਹੀ ਵੇਖ ਲਿਆ ਹੋਵੇਗਾ ਕਿ ਮੰਦਰ ਤੇ ਸਰਾਇ ਸਮੂਹ ਵਿੱਚ ਅਸਾਧਾਰਨ ਭੀੜ ਸੀ ਕਿਉਂਕਿ ਤੀਰਥ ਯਾਤਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਉੱਥੇ ਪਹੁੰਚੇ ਹੋਏ ਸਨ। ਸਿੱਖ ਉਸ ਸਾਲ ਸ਼ਹੀਦੀ ਉਤਸਵ ਮਨਾਉਣ ਲਈ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ ਕਿਉਂਕਿ ਇਸ ਮਗਰੋਂ ਚੰਦਰਮਾ ਮਹੀਨੇ ਦੀ ਪੰਜਵੀਂ ਸੀ ਜਿਸ ਦਿਨ ਨੂੰ ਸਰੋਵਰ ਵਿੱਚ ਇਸ਼ਨਾਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ। ਜਨਰਲ ਬਰਾੜ ਨੇ ਇਹ ਵੀ ਮਹਿਸੂਸ ਕੀਤਾ ਹੋਵੇਗਾ ਕਿ ਦੋਹਾਂ ਭਵਨ ਸਮੂਹਾਂ ਵਿੱਚ ਯਾਤਰੀਆਂ ਦੀ ਭਾਰੀ ਗਿਣਤੀ ਕਾਰਨ ਭਿੰਡਰਾਂਵਾਲੇ ਨੂੰ ਮੰਦਰ 'ਚੋਂ ਕੱਢਣ ਦਾ ਕੰਮ ਨਿਰਦੋਸ਼ ਲੋਕਾਂ ਨੂੰ ਮਾਰੇ ਤੇ ਜ਼ਖ਼ਮੀ ਕੀਤੇ ਬਿਨਾਂ ਬਹੁਤ ਔਖਾ ਬਣਾ ਦਿੱਤਾ ਸੀ, ਪ੍ਰੰਤੂ ਕਾਰਵਾਈ ਤਾਂ ਰੁਕ ਨਹੀਂ ਸਕਦੀ ਸੀ।

ਗੁਰੂ ਅਰਜਨ ਦੇਵ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਕਾਰਵਾਈ ਸ਼ੁਰੂ ਕਰਨ ਦੇ ਫ਼ੈਸਲੇ ਦੀ ਅਵਿਕਾਸ਼ ਪ੍ਰਾਪਤ ਸਿੱਖ ਜਰਨੈਲਾਂ ਨੇ ਆਲੋਚਨਾ ਕੀਤੀ। ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਜੋ ਢਾਕੇ ਦਾ ਯੋਧਾ ਸੀ, ਵੀਰ ਨਾਇਕ ਸੀ, ਉਸ ਨੇ ਤਾਂ ਸਿਰਫ਼

ਇਤਨਾ ਹੀ ਕਿਹਾ ਕਿ ਦਿਨ ਦੀ ਚੋਣ ਗ਼ਲਤ ਸੀ ਜਦੋਂ ਕਿ ਲੈਫ. ਜਨਰਲ ਹਰਬਖ਼ਸ਼ ਸਿੰਘ ਜੋ 20 ਸਾਲ ਤੋਂ ਸਿੱਖ ਪਲਟਨ ਦਾ ਕਰਨਲ-ਇਨ-ਚੀਫ਼ ਸੀ, ਨੇ ਕਿਹਾ ਕਿ ਇਹ ਫ਼ੈਸਲਾ ਉਹਨਾਂ ਕਾਰਨਾਂ ਵਿੱਚੋਂ ਇਕ ਸੀ ਜੋ ਸਵਰਨ ਮੰਦਰ ਉੱਪਰ ਹਮਲੇ ਪਿੱਛੋਂ ਸਿੱਖ ਸਿਪਾਹੀਆਂ ਦੇ ਵਿਦਰੋਹ ਦਾ ਆਧਾਰ ਬਣਿਆ। ਅਖ਼ਬਾਰਾਂ ਨੂੰ ਦਿੱਤੇ ਬਿਆਨ ਵਿੱਚ ਉਸ ਨੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਨ ਜੋ ਕੱਟੜ ਧਾਰਮਕ ਅੱਤਿਆਚਾਰ ਦੇ ਮੁਕਾਬਲੇ ਸਰਵੋਤਮ ਕੁਰਬਾਨੀ ਦੀ ਸਿਖਰ ਸੀ, ਸਿੱਖ ਸਿਪਾਹੀ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ।"

ਸਰਕਾਰ ਨੇ ਸਿੱਖਾਂ ਦੇ ਧਾਰਮਕ ਮਹੱਤਤਾ ਵਾਲੇ ਦਿਨ ਨਿਰਦੋਸ਼ ਤੀਰਥ ਯਾਤਰੀਆਂ ਦੇ ਲੜਾਈ ਵਿੱਚ ਫਸ ਜਾਣ ਦੇ ਖ਼ਤਰੇ ਦੇ ਹੁੰਦਿਆਂ ਇਹ ਸਫ਼ਾਈ ਪੇਸ਼ ਕੀਤੀ ਕਿ ਭਿੰਡਰਾਂਵਾਲਾ ਪੰਜਾਬ ਦੇ ਪਿੰਡਾਂ ਵਿੱਚ ਹਿੰਦੂਆਂ ਨੂੰ ਵਿਉਂਤਬੱਧ ਯੋਜਨਾ ਨਾਲ ਕਤਲ ਕਰਨ ਦੀ ਮੁਹਿਮ ਸ਼ੁਰੂ ਕਰਨ ਵਾਲਾ ਸੀ। ਗ੍ਰਹਿ ਮੰਤਰਾਲੇ ਦੇ ਇਕ ਸ੍ਰੇਸ਼ਠ ਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ ਸੀ ਕਿ ਜਾਸੂਸੀ ਵਿਭਾਗ ਦੇ ਅਧਿਕਾਰੀਆਂ ਨੇ ਭਿੰਡਰਾਂਵਾਲੇ ਤੇ ਸ਼ਾਹਬੇਗ ਸਿੰਘ ਵੱਲੋਂ ਆਪਣੇ ਪੈਰੋਕਾਰਾਂ ਨੂੰ 5 ਜੂਨ ਤੋਂ ਹਿੰਦੂਆਂ ਦੇ ਸਮੂਹਕ ਕਤਲਾਮ ਦੇ ਦਿੱਤੇ ਆਦੇਸ਼ ਪਕੜ ਲਏ ਸਨ। ਉਸ ਨੇ ਇਹ ਵੀ ਕਿਹਾ ਕਿ ਭਿੰਡਰਾਂਵਾਲੇ ਦੀ ਸਾਰੇ ਪੰਜਾਬੀ ਸਾਂਸਦਾਂ ਤੇ ਵਿਧਾਇਕਾਂ ਨੂੰ ਮਾਰ ਦੇਣ ਦੀ ਯੋਜਨਾ ਵੀ ਸੀ। ਭਾਵੇਂ ਸਰਕਾਰ ਨੇ ਆਪਣੇ ਇਸ ਇਲਜ਼ਾਮ ਨੂੰ ਸਿੱਧ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਸੀ ਕਿ ਭਿੰਡਰਾਂਵਾਲੇ ਹਿੰਦੂਆਂ ਦੇ ਕਤਲਾਮ ਦੀ ਯੋਜਨਾ ਬਣਾ ਰਿਹਾ ਸੀ ਪਰ ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਹੋ ਰਿਹਾ ਖ਼ੂਨ ਖ਼ਰਾਬਾ ਬਹੁਤ ਹੀ ਚਿੰਤਾਜਨਕ ਸੀ। ਸ੍ਰੀਮਤੀ ਗਾਂਧੀ ਦੇ ਰੇਡੀਓ ਪਰਸਾਰਨ ਤੋਂ ਪਹਿਲੇ 24 ਘੰਟਿਆਂ ਵਿੱਚ 23 ਲੋਕ ਮਾਰੇ ਜਾ ਚੁੱਕੇ ਸਨ।

3 ਜੂਨ ਦੀ ਰਾਤ ਨੂੰ ਦੁਬਾਰਾ ਕਰਫ਼ਿਊ ਲਾਏ ਜਾਣ ਮਗਰੋਂ ਫ਼ੌਜ ਨੇ ਪਹਿਲੀ ਵਾਰ ਗੋਲਾਬਾਰੀ ਕੀਤੀ। ਮੈਂ ਜਿਸ ਹੋਟਲ ਵਿੱਚ ਠਹਿਰਿਆ ਹੋਇਆ ਸੀ, ਉੱਥੋਂ ਗੋਲਾਬਾਰੀ ਦੀ ਆਵਾਜ਼ ਸੁਣ ਸਕਦਾ ਸੀ ਪਰ ਮੇਰੇ ਲਈ ਮੰਦਰ ਦੇ ਇਰਦ-ਗਿਰਦ ਇਮਾਰਤਾਂ ਹੋਣ ਕਾਰਨ ਕੁਝ ਵੇਖ ਸਕਣਾ ਸੰਭਵ ਨਹੀਂ ਸੀ। ਕੁਝ ਪੱਤਰਕਾਰ ਜੋ ਕਿਸੇ ਹੋਰ ਹੋਟਲ ਵਿੱਚ ਠਹਿਰੇ ਸਨ, ਦੱਸਦੇ ਸਨ ਕਿ ਮੰਦਰ ਸਮੂਹ ਵਿੱਚ ਬਹੁਤ ਤੇਜ਼ ਰੋਸ਼ਨੀ ਸੀ। ਮੈਂ ਸਮਝਿਆ ਕਿ ਲੜਾਈ ਸ਼ੁਰੂ ਹੋ ਗਈ ਸੀ ਪਰ ਮੈਂ ਗ਼ਲਤ ਸਾਬਤ ਹੋਇਆ। ਅਗਲੀ ਸਵੇਰ ਗੋਲਾਬਾਰੀ ਰੁਕ ਗਈ। ਇਹ ਕਾਰਵਾਈ ਸ਼ਤਰੂ ਦੀ ਕਾਰਵਾਈ ਨੂੰ ਘਟਾਉਣ ਲਈ ਕੀਤੀ ਗਈ ਸੀ। ਮੇਜਰ ਜਨਰਲ ਬਰਾੜ ਤੇ ਉਸ ਦੇ ਉੱਚ-ਅਫ਼ਸਰ ਅਜੇ ਵੀ ਇਹ ਆਸ ਲਾਈ ਬੈਠੇ ਸਨ ਕਿ ਭਿੰਡਰਾਂਵਾਲਾ ਸ਼ਾਇਦ ਡਰ ਕੇ ਆਪਣੇ ਗੜ੍ਹ 'ਚੋਂ ਬਾਹਰ ਨਿਕਲ ਜਾਵੇ।

ਭਿੰਡਰਾਂਵਾਲੇ ਦਾ ਭੂਤਪੂਰਵਕ ਸਮਰਥਕ ਤੇ ਸਰਪਰਸਤ ਵੀ ਇਹ ਆਸ ਲਾਈ ਬੈਠਾ ਸੀ ਕਿ ਸ਼ਾਇਦ ਭਿੰਡਰਾਂਵਾਲੇ ਨੂੰ ਝੁਕ ਜਾਣ ਲਈ ਪਰੇਰਿਆ ਜਾ ਸਕੇ। ਜਦੋਂ ਗੋਲੀਬਾਰੀ ਰੁਕੀ ਤਾਂ ਉਹ ਸਰਾਂ ਸਮੂਹ ਤੋਂ ਸੜਕ ਪਾਰ ਕਰਕੇ ਲੰਗਰ ਦੀ ਇਮਾਰਤ ਕੋਲ ਦੀ ਉਸ ਥਾਂ ਤੋਂ ਹੁੰਦਾ ਹੋਇਆ ਜਿੱਥੇ ਭਿੰਡਰਾਂਵਾਲਾ ਸਵੇਰ ਦਾ ਸਮਾਗਮ ਕਰਦਾ ਹੁੰਦਾ ਸੀ, ਗੁਰਦਵਾਰਾ ਮੰਜੀ ਸਾਹਿਬ ਪਹੁੰਚ ਗਿਆ, ਜਿੱਥੇ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਡਰੇ ਹੋਏ ਯਾਤਰੀ ਘੜਮੱਸ ਮਾਰੀ ਬੈਠੇ ਸਨ, ਤੇ ਉੱਥੋਂ ਉਹ ਸਵਰਨ ਮੰਦਰ ਸਮੂਹ ਵਿੱਚ

ਪਹੁੰਚ ਗਿਆ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਪਰਕ੍ਰਿਮਾ ਕਰਦਾ ਹੋਇਆ ਅਕਾਲ ਤਖ਼ਤ ਪਹੁੰਚ ਗਿਆ। ਇਹਦੀਆਂ ਖਿੜਕੀਆਂ ਤੇ ਡਾਟਾਂ, ਇੱਟਾਂ ਤੇ ਰੇਤ ਦੀਆਂ ਬੋਰੀਆਂ ਨਾਲ ਬੰਦ ਕੀਤੀਆਂ ਹੋਈਆਂ ਸਨ। ਨੌਜਵਾਨ ਸਿੱਖਾਂ ਨੇ ਧਰਮ ਅਸਥਾਨ ਤੇ ਭਵਨ ਦੇ ਚਾਰੇ ਪਾਸੇ ਮੋਰਚੇ ਮੱਲੇ ਹੋਏ ਸਨ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੂੰ ਭਿੰਡਰਾਂਵਾਲੇ ਕੋਲ ਲਿਜਾਇਆ ਗਿਆ। ਉਸ ਨੇ ਸੰਤ ਨੂੰ ਪਰੇਰਨ ਦੀ ਪੂਰੀ ਕੋਸ਼ਿਸ਼ ਕੀਤੀ ਕਿ ਟੱਕਰ ਲੈਣੀ ਬੇਕਾਰ ਹੋਵੇਗੀ ਤੇ ਜੇ ਉਸ ਨੇ ਆਤਮ ਸਮਰਪਣ ਨਾ ਕੀਤਾ ਤਾਂ ਫ਼ੌਜ ਉਸ ਨੂੰ ਗ੍ਰਿਫ਼ਤਾਰ ਕਰ ਲਵੇਗੀ ਜਾਂ ਮਾਰ ਦੇਵੇਗੀ। ਪ੍ਰੰਤੂ ਭਿੰਡਰਾਂਵਾਲੇ ਨੇ ਗੁੱਸੇ ਨਾਲ ਟੌਹਰੇ ਨੂੰ ਸ਼੍ਰੀਮਤੀ ਗਾਂਧੀ ਦਾ ਏਜੰਟ (ਦਲਾਲ) ਕਹਿ ਕੇ ਤੁਰਦਾ ਕਰ ਦਿੱਤਾ। ਹੁਣ ਟੌਹੜਾ ਭਿੰਡਰਾਂਵਾਲੇ ਦੀ ਨਜ਼ਰ ਵਿੱਚ, ਤ੍ਰੈਮੂਰਤੀ ਦੇ ਦੂਸਰੇ ਦੋ ਮੈਂਬਰਾਂ, ਮੋਰਚਾ ਡਿਕਟੇਟਰ ਲੌਂਗੋਵਾਲ ਜੋ ਅਜੇ ਮੰਦਰ ਸਮੂਹ ਵਿੱਚ ਸੀ ਤੇ ਵਿਧਾਨ ਸਭਾ ਵਿੱਚ ਪਾਰਟੀ ਦੇ ਨੇਤਾ ਬਾਦਲ ਜੋ ਅੰਮ੍ਰਿਤਸਰ ਤੋਂ ਮੀਲਾਂ ਦੂਰ ਆਪਣੇ ਫ਼ਾਰਮ ਵਿੱਚ ਸੀ, ਵਧੇਰੇ ਚੰਗਾ ਨਹੀਂ ਸੀ।

ਟੌਹੜੇ ਦੀ ਭਿੰਡਰਾਂਵਾਲੇ ਨੂੰ ਆਤਮ ਸਮਰਪਣ ਕਰਨ ਲਈ ਮਨਾਉਣ ਦੀ ਆਖ਼ਰੀ ਕੋਸ਼ਿਸ਼ ਤੋਂ ਪਤਾ ਲੱਗਦਾ ਹੈ ਕਿ ਹੁਣ ਟੌਹੜਾ ਤੇ ਲੌਂਗੋਵਾਲ ਦੋਵੇਂ ਹੀ ਸਰਕਾਰ ਨਾਲ ਮਿਲਵਰਤਣ ਕਰ ਰਹੇ ਸਨ। ਉਹ ਜ਼ਰੂਰ ਹੀ ਫ਼ੌਜ ਦੇ ਸੰਪਰਕ ਵਿੱਚ ਹੋਣਗੇ ਨਹੀਂ ਤਾਂ ਟੌਹਰੇ ਕੋਲ ਭਿੰਡਰਾਂਵਾਲੇ ਨਾਲ ਆਤਮ ਸਮਰਪਣ ਬਾਰੇ ਗੱਲਬਾਤ ਕਰਨ ਦਾ ਕੋਈ ਅਧਿਕਾਰ ਨਾ ਹੁੰਦਾ। ਟੌਹੜੇ ਨੂੰ ਇਹ ਵੀ ਪਤਾ ਸੀ ਕਿ ਜਦੋਂ ਉਹ ਹੋਸਟਲ ਸਮੂਹ ਦੀ ਵਧੇਰੇ ਸੁਰੱਖਿਅਤ ਇਮਾਰਤ ਛੱਡ ਕੇ ਅਕਾਲ ਤਖ਼ਤ ਵੱਲ ਜਾਏਗਾ ਤਾਂ ਫ਼ੌਜ ਦੁਬਾਰਾ ਗੋਲੀਬਾਰੀ ਸ਼ੁਰੂ ਨਹੀਂ ਕਰੇਗੀ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਪਰਧਾਨ ਅਜਿਹਾ ਵਿਅਕਤੀ ਨਹੀਂ ਸੀ ਜੋ ਆਖ਼ਰੀ ਲੜਾਈ ਸਮੇਂ ਅਕਾਲ ਤਖ਼ਤ ਵਿੱਚ ਘਿਰ ਜਾਣ ਦਾ ਖ਼ਤਰਾ ਸਹੇੜਦਾ।

ਭਿੰਡਰਾਂਵਾਲੇ ਨੂੰ ਵੀ ਹੁਣ ਤੱਕ ਪਤਾ ਲੱਗ ਗਿਆ ਹੋਵੇਗਾ ਕਿ ਉਸ ਦੀ ਖੇਡ ਖ਼ਤਮ ਹੋ ਗਈ ਸੀ, ਤਾਂ ਫਿਰ ਉਸ ਨੇ ਆਖ਼ਰੀ ਦਮ ਤੱਕ ਲੜਦੇ ਰਹਿਣ 'ਤੇ ਕਿਉਂ ਜ਼ੋਰ ਦਿੱਤਾ ? ਉਸ ਨੂੰ ਜਾਂ ਤਾਂ ਮਰਨਾ ਪੈਣਾ ਸੀ ਜਾਂ ਫਿਰ ਕਲੰਕ ਸਹੇੜਨਾ ਪੈਣਾ ਸੀ। ਜੇ ਸੰਤ ਨੇ ਆਤਮ-ਸਮਰਪਣ ਕੀਤਾ ਹੁੰਦਾ ਤਾਂ ਉਸ ਦਾ ਇਕ ਦੰਭੀ ਸ਼ੇਖ਼ੀ ਖੋਰ ਵਜੋਂ ਪਾਜ ਉੱਘੜ ਜਾਂਦਾ। ਉਸ ਦੇ ਲਈ ਕੋਈ ਸਨਮਾਨਯੋਗ ਰਾਹ ਵੀ ਨਹੀਂ ਰਹਿਣ ਦਿੱਤਾ ਸੀ। ਭਿੰਡਰਾਂਵਾਲੇ ਦੇ ਉੱਚਿਤ ਧਾਰਮਕ ਮਨੋਰਥ ਵੀ ਸਨ। ਆਪਣੇ ਸਭ ਔਗੁਣਾਂ ਦੇ ਬਾਵਜੂਦ ਉਸ ਦਾ ਧਰਮ ਦੀ ਸ਼ਹੀਦੀ ਪਰੰਪਰਾ ਵਿੱਚ ਅਥਾਹ ਵਿਸ਼ਵਾਸ ਸੀ। ਇਹ ਇਕ ਅਜਿਹੀ ਪਰੰਪਰਾ ਸੀ ਜਿਸ ਨੂੰ ਆਤਮ ਸਮਰਪਣ ਕਰਨ ਦੀ ਬੇਨਤੀ ਦੇ ਆਖ਼ਰੀ ਮੌਕੇ ਤੋਂ ਇਕ ਦਿਨ ਪਹਿਲਾਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਉਤਸਵ ਮਨਾ ਕੇ ਸਤਿਕਾਰ ਭੇਟ ਕੀਤਾ ਗਿਆ ਸੀ।

ਉਸ ਨੂੰ ਤਾਂ ਸਭ ਤੋਂ ਸਤਿਕਾਰਯੋਗ ਮਨੋਰਥ, ਸਵਰਨ ਮੰਦਰ ਦੀ ਰੱਖਿਆ ਹਿੱਤ ਸ਼ਹੀਦੀ ਪਰਾਪਤ ਕਰਨ ਦਾ ਮੌਕਾ ਮਿਲ ਰਿਹਾ ਸੀ। ਸੰਤ ਨੇ ਜ਼ਰੂਰ ਉਸ ਗੌਰਵ ਤੇ ਸੋਭਾ ਬਾਰੇ ਵਿਚਾਰ ਕੀਤੀ ਹੋਵੇਗੀ ਜੋ ਸ਼ਹਾਦਤ ਕਰਕੇ ਉਸ ਨੂੰ ਮਿਲਣੀ ਸੀ। ਉਹ ਜਾਣਦਾ ਸੀ ਕਿ ਜੇ ਉਸ ਨੇ ਆਤਮ ਸਮਰਪਣ ਕਰ ਦਿੱਤਾ ਤਾਂ ਉਸ ਨੂੰ ਭੁਲਾ ਦਿੱਤਾ ਜਾਵੇਗਾ ਪਰ ਜੇ ਉਹ ਹਰਿਮੰਦਰ ਦੀ ਰੱਖਿਆ ਕਰਦਾ ਹੋਇਆ ਸ਼ਹੀਦੀ ਪਾ ਗਿਆ ਤਾਂ ਉਸ ਨੂੰ ਸਿੱਖ

ਇਤਿਹਾਸ ਵਿੱਚ ਸਦਾ ਯਾਦ ਕੀਤਾ ਜਾਵੇਗਾ। ਭਿੰਡਰਾਂਵਾਲਾ ਹੁਣ ਭਾਰਤ ਦਾ ਕੱਟੜ ਵੈਰੀ ਬਣ ਚੁੱਕਾ ਸੀ। ਉਸ ਨਾਲ ਸੁਭਾਸ਼ ਕਿਪੇਕਾਰ ਵੱਲੋਂ ਕੀਤੀ ਆਖ਼ਰੀ ਮੁਲਾਕਾਤ ਵਿੱਚ ਉਸ ਤੋਂ ਪੁੱਛਿਆ ਗਿਆ, "ਕੀ ਤੁਹਾਡੀ ਦਲੀਲ ਅਨੁਸਾਰ ਸਿੱਖ ਭਾਰਤ ਵਿੱਚ ਨਹੀਂ ਰਹਿ ਸਕਦੇ ?" ਸੰਤ ਨੇ ਉੱਤਰ ਦਿੱਤਾ, "ਹਾਂ। ਨਾ ਉਹ ਭਾਰਤ ਵਿੱਚ ਰਹਿ ਸਕਦੇ ਹਨ ਤੇ ਨਾ ਹੀ ਨਾਲ। ਜੇ ਉਹਨਾਂ ਨਾਲ ਬਰਾਬਰੀ ਦਾ ਸਲੂਕ ਕੀਤਾ ਜਾਵੇ ਤਾਂ ਸ਼ਾਇਦ ਇਹ ਸੰਭਵ ਹੋਵੇ। ਪਰ ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਖ਼ਿਆਲ ਵਿੱਚ ਇਹ ਸੰਭਵ ਨਹੀਂ।" ਭਿੰਡਰਾਂਵਾਲੇ ਨੂੰ ਪਤਾ ਸੀ ਕਿ ਸਿੱਖਾਂ ਨੂੰ ਸਵਰਨ ਮੰਦਰ ਨਾਲ ਜਜ਼ਬਾਤੀ ਸ਼ਰਧਾ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਸਵਰਨ ਮੰਦਰ ਉੱਪਰ ਹਮਲਾ ਭਾਰਤ ਦੀ ਏਕਤਾ ਵਿੱਚ ਕਿਤਨੀ ਤਰੇੜ ਪਾਵੇਗਾ, ਤਨਾਅ ਪੈਦਾ ਕਰੇਗਾ। ਉਹ ਜਾਣਦਾ ਸੀ ਕਿ ਉਹ ਫ਼ੌਜ ਨੂੰ ਹਮਲਾ ਕਰਨ ਲਈ ਮਜਬੂਰ ਕਰ ਸਕਦਾ ਸੀ। ਉਸ ਨੂੰ ਪਤਾ ਸੀ ਤੇ ਉਸ ਨੂੰ ਮੇਜਰ ਜਨਰਲ ਸ਼ਾਹਬੇਗ ਸਿੰਘ ਨੇ ਦੱਸਿਆ ਸੀ ਕਿ ਜਦ ਤੱਕ ਫ਼ੌਜ ਅਕਾਲ ਤਖ਼ਤ ਨੂੰ ਅਤੇ ਸ਼ਾਇਦ ਸਵਰਨ ਮੰਦਰ ਨੂੰ ਸਖ਼ਤ ਨੁਕਸਾਨ ਨਹੀਂ ਪਹੁੰਚਾ ਲੈਂਦੀ ਤਦ ਤਕ ਉਹ ਟੱਕਰ ਦੇ ਸਕਣਗੇ। ਸੋ ਭਿੰਡਰਾਂਵਾਲੇ ਦਾ ਸ਼ਹੀਦੀ ਦੇਣ ਦਾ ਬੜਾ ਵੱਡਾ ਮਨੋਰਥ ਸੀ ਤੇ ਜਿਉਂਦੇ ਰਹਿਣ ਦਾ ਕੋਈ ਮੰਤਵ ਨਹੀਂ ਜਾਪਦਾ ਸੀ। ਇਹੋ ਕਾਰਨ ਹੈ ਕਿ ਸੰਤ ਨੇ ਆਤਮ ਸਮਰਪਣ ਤੋਂ ਇਨਕਾਰ ਕਰ ਦਿੱਤਾ ਸੀ।

ਲੌਂਗੋਵਾਲ ਤੇ ਟੌਹੜੇ ਨੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਕਿਉਂ ਸਮਰਪਣ ਨਾ ਕੀਤਾ ? ਉਹ ਨਿਰਸੰਦੇਹ ਸ਼ਹਾਦਤ ਪ੍ਰਾਪਤ ਕਰਨ ਵਾਲੀ ਮਿੱਟੀ ਦੇ ਨਹੀਂ ਬਣੇ ਹੋਏ ਸਨ। ਉਹਨਾਂ ਦੀ ਖ਼ਸਲਤ ਦਾ ਉਸ ਸਮੇਂ ਹੀ ਪਤਾ ਲੱਗ ਗਿਆ ਜਦੋਂ ਲੜਾਈ ਸਮੇਂ ਫ਼ੌਜ "ਸਰਾਂ ਸਮੂਹ" ਵਿੱਚ ਦਾਖ਼ਲ ਹੋ ਗਈ। ਦੋਹਾਂ ਸਿਆਸਤਦਾਨਾਂ ਨੇ ਪਹਿਲਾਂ ਸਮਰਪਣ ਇਸ ਕਾਰਨ ਨਾ ਕੀਤਾ ਕਿਉਂਕਿ ਫ਼ੌਜ ਨੇ ਉਹਨਾਂ ਨੂੰ ਕੋਈ ਮੌਕਾ ਹੀ ਨਾ ਦਿੱਤਾ। ਜਰਨੈਲਾਂ ਨੇ ਮਗਰੋਂ ਦੱਸਿਆ ਕਿ ਉਹਨਾਂ ਨੇ ਮੰਦਰ ਨੂੰ ਘੇਰਨ ਪਿੱਛੋਂ ਆਤਮ ਸਮਰਪਣ ਕਰ ਦੇਣ ਦੀਆਂ ਕਈ ਅਪੀਲਾਂ ਕੀਤੀਆਂ, ਪਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਅਪੀਲਾਂ ਹੋਸਟਲ (ਸਰਾਂ) ਸਮੂਹ ਵਿੱਚ ਸੁਣਦੀਆਂ ਹੀ ਨਹੀਂ ਸਨ। ਇਕ ਵਾਰ ਲੌਂਗੋਵਾਲ ਤੇ ਟੌਹੜੇ ਨੇ ਰੇਡੀਓ ਤੋਂ ਇਹ ਜ਼ਰੂਰ ਸੁਣਿਆ ਸੀ ਕਿ ਲੋਕਾਂ ਨੂੰ ਆਤਮ ਸਮਰਪਣ ਕਰਨ ਲਈ ਦੋ ਘੰਟਿਆਂ ਲਈ ਕਰਫ਼ਿਊ ਹਟਾ ਲਿਆ ਜਾਵੇਗਾ। ਉਹਨਾਂ ਭਾਨ ਸਿੰਘ ਨੂੰ ਭੇਜਿਆ ਕਿ ਉਹ ਡੀ.ਸੀ.ਪੀ. ਨੂੰ ਲੱਭ ਕੇ ਯਾਤਰੀਆਂ, ਤੇ ਅਕਾਲੀ ਦਲ ਦੇ ਉਹਨਾਂ ਸਮਰਥਕਾਂ ਦੇ ਸਮਰਪਣ ਦੀ ਗੱਲਬਾਤ ਕਰੇ ਜੋ ਮੁੜ ਸ਼ੁਰੂ ਕੀਤੇ ਮੋਰਚੇ ਵਿੱਚ ਹਿੱਸਾ ਲੈਣ ਲਈ ਆਏ ਸਨ। ਭਾਨ ਸਿੰਘ ਸਰਾਂ 'ਚੋਂ ਜ਼ਰੂਰ ਚਲਾ ਗਿਆ ਪਰ ਜਦੋਂ ਉਹ ਬਾਗ ਵਾਲੀ ਗਲੀ ਦੇ ਆਖ਼ੀਰ ਵਿੱਚ ਗਿਆ ਤਾਂ ਗੋਲਾਬਾਰੀ ਫਿਰ ਸ਼ੁਰੂ ਹੋ ਗਈ ਤੇ ਉਹ ਭੱਜ ਕੇ ਵਾਪਸ ਆ ਗਿਆ। ਦੋਵੇਂ ਨੇਤਾ ਆਪਣੇ ਸਮਰਪਣ ਦੀ ਆਪ ਗੱਲਬਾਤ ਨਹੀਂ ਕਰ ਸਕਦੇ ਸਨ ਕਿਉਂਕਿ ਹੁਣ ਉਹ ਸਿਰਫ਼ ਆ ਰਹੇ ਟੈਲੀਫ਼ੋਨ ਹੀ ਸੁਣ ਸਕਦੇ ਸਨ ਤੇ ਆਪ ਕਿਸੇ ਨੂੰ ਫ਼ੋਨ ਨਹੀਂ ਕਰ ਸਕਦੇ ਸਨ।

19 ਸਾਲਾਂ ਦੀ ਇਸਤਰੀ ਰਣਬੀਰ ਕੌਰ ਜੋ ਗੁਰੂ ਰਾਮਦਾਸ ਸਰਾਂ ਵਿੱਚ ਇਕ ਧਾਰਮਕ ਸਕੂਲ, ਜਿਸ ਨੂੰ ਉਹ ਚਲਾਉਣ ਵਿੱਚ ਸਹਾਇਕ ਸੀ, 12 ਬੱਚਿਆਂ ਨਾਲ ਠਹਿਰੀ ਹੋਈ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਫ਼ੌਜ ਵੱਲੋਂ ਸਮਰਪਣ ਕਰਨ ਜਾਂ

ਸਰਾਂ 'ਚੋਂ ਬਾਹਰ ਆਉਣ ਦੀ ਕੋਈ ਅਪੀਲ ਨਹੀਂ ਸੁਣੀ ਸੀ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਉਸ ਨੇ ਆਪਣੇ ਤੌਰ 'ਤੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ? ਤਾਂ ਉਸ ਨੇ ਉੱਤਰ ਦਿੱਤਾ, "ਅਸੀਂ ਸੋਚਿਆ ਕਿ ਅਸੀਂ ਅੰਦਰ ਵਧੇਰੇ ਸੁਰੱਖਿਅਤ ਸੀ। ਅਸੀਂ ਕਦੇ ਨਹੀਂ ਸੋਚਿਆ ਸੀ ਕਿ ਉਹ ਹਰਿਮੰਦਰ 'ਤੇ ਹਮਲਾ ਕਰਨਗੇ।"

ਯਾਤਰੀ ਰਫਲਾਂ, ਮਸ਼ੀਨਗੰਨਾਂ ਤੇ ਬੰਦੂਕਾਂ ਦੀ ਗੋਲੀਬਾਰੀ ਤੋਂ ਭੈਭੀਤ ਹੋ ਗਏ। ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਕਦੋਂ ਗੋਲੀਬਾਰੀ ਰੁਕੇਗੀ ਤੇ ਕਦੋਂ ਮੁੜ ਸ਼ੁਰੂ ਹੋਵੇਗੀ। ਟੌਹੜੇ ਤੇ ਲੌਂਗੋਵਾਲ ਵੱਲੋਂ ਵੀ ਕੋਈ ਅਗਵਾਈ ਨਹੀਂ ਮਿਲ ਰਹੀ ਸੀ। ਸੋ ਜਰਨੈਲਾਂ ਦੀ ਇਹ ਮੂਰਖਤਾ ਹੀ ਸੀ ਜੇ ਉਹਨਾਂ ਨੇ ਇਹ ਖ਼ਿਆਲ ਕੀਤਾ ਹੋਵੇ ਕਿ ਉਹਨਾਂ ਦੀਆਂ ਲਾਊਡ ਸਪੀਕਰਾਂ 'ਤੇ ਕੀਤੀਆਂ ਅਪੀਲਾਂ ਦਾ ਕੋਈ ਉੱਚਿਤ ਹੁੰਗਾਰਾ ਮਿਲੇਗਾ। ਸਰਾਂ ਸਮੂਹ ਨੂੰ ਉਸ ਸਮੇਂ ਖ਼ਾਲੀ ਕਰਵਾਇਆ ਗਿਆ ਜਦੋਂ ਹਰਿਮੰਦਰ 'ਤੇ ਹਮਲਾ ਕੀਤਾ ਗਿਆ। ਉਸ ਸਮੇਂ ਮੁਕਤ ਕਰਨ ਦੀ ਕਾਰਵਾਈ ਵਿੱਚ ਬਹੁਤ ਸਾਰੇ ਨਿਰਦੋਸ਼ ਮਾਰੇ ਗਏ, ਬਹੁਤ ਜ਼ਖ਼ਮੀ ਹੋ ਗਏ ਤੇ ਬਹੁਤ ਸਾਰਿਆਂ ਨੂੰ ਨਾਜਾਇਜ਼ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਨੀਲਾ ਤਾਰਾ ਸਾਕਾ ਦਾ ਸਭ ਤੋਂ ਭੈੜਾ ਪੱਖ ਸੀ। ਇਹ ਦੁਖਾਂਤ ਟਾਲਿਆ ਜਾ ਸਕਦਾ ਸੀ ਜੇ ਸਰਾਂ ਸਮੂਹ ਸਵਰਨ ਮੰਦਰ ਉੱਪਰ ਹਮਲੇ ਤੋਂ ਪਹਿਲਾਂ ਹੀ ਖ਼ਾਲੀ ਕਰਵਾ ਲਿਆ ਜਾਂਦਾ ਪਰ ਇਹ ਕਹਿਣਾ ਸੌਖਾ ਹੈ, ਕਰਨਾ ਮੁਸ਼ਕਲ ਸੀ। ਸਰਾਂ ਸਮੂਹ ਨੂੰ ਖ਼ਾਲੀ ਕਰਨ ਦਾ ਮਤਲਬ ਸੀ ਕਿ ਦੋਹਾਂ ਸਮੂਹਾਂ ਨੂੰ ਅੱਡ-ਅੱਡ ਕਰਨਾ, ਪ੍ਰੰਤੂ ਭਿੰਡਰਾਂਵਾਲੇ ਦੇ ਆਦਮੀ ਵੀ ਤੇ ਉਹਦੇ ਪਹਿਲਾਂ ਤੋਂ ਬਣੇ ਹੋਏ ਵੈਰੀ ਬੱਬਰ ਖ਼ਾਲਸਾ ਵਾਲੇ ਸਰਾਵਾਂ ਦੇ ਅੰਦਰ ਤੇ ਸਰਾਵਾਂ ਦੇ ਕੋਲ ਉੱਚੀਆਂ ਇਮਾਰਤਾਂ ਵਿੱਚ ਮੋਰਚੇ ਸੰਭਾਲੀ ਬੈਠੇ ਸਨ। ਭਿੰਡਰਾਂਵਾਲੇ ਨੇ ਆਪਣਾ ਦੁਭਾਸ਼ੀਆ ਹਰਿਮੰਦਰ ਸਿੰਘ ਸੰਧੂ ਵੀ ਲੌਂਗੋਵਾਲ ਕੋਲ ਭੇਜਿਆ ਹੋਇਆ ਸੀ ਤਾਂ ਜੋ ਉਹ ਲੌਂਗੋਵਾਲ ਨੂੰ ਸਮਰਪਣ ਕਰਨ ਤੋਂ ਰੋਕੇ। ਇਸ ਲਈ ਦੋਹਾਂ ਸਮੂਹਾਂ ਨੂੰ ਵੱਖ-ਵੱਖ ਕਰਨ ਦੀ ਕੋਸ਼ਿਸ਼ ਨਾਲ ਸਰਾਵਾਂ ਵਿੱਚ ਵੀ ਲੜਾਈ ਛਿੜ ਜਾਣੀ ਸੀ। ਫਿਰ ਸਹਿਜ ਨਾਲ ਹੀ ਲੜਾਈ ਹਰਿਮੰਦਰ ਤਕ ਫੈਲ ਜਾਂਦੀ ਤੇ ਫ਼ੌਜ ਨੂੰ ਮਜਬੂਰ ਹੋ ਕੇ ਭਿੰਡਰਾਂਵਾਲੇ ਦੇ ਗੜ੍ਹ ਵਿੱਚ ਦਾਖ਼ਲ ਹੋਣਾ ਪੈਂਦਾ, ਜਦੋਂ ਕਿ ਉਹ ਉਸ ਸਮੇਂ ਅਜਿਹਾ ਕਰਨ ਦੇ ਯੋਗ ਨਹੀਂ ਸੀ।

ਇਕ ਗੰਭੀਰ ਸਮੱਸਿਆ ਸਮੇਂ ਦੀ ਵੀ ਸੀ। ਦੋਹਾਂ ਸਮੂਹਾਂ ਨੂੰ ਵੱਖ ਕਰਨ ਲਈ ਮੁੱਖ ਲੜਾਈ ਵਿੱਚ ਹੋਰ ਦੇਰੀ ਕਰਨੀ ਪੈਣੀ ਸੀ ਤੇ ਲੈਫ. ਜਨਰਲ ਸੁੰਦਰ ਜੀ, ਜੋ ਸਮੁੱਚੀ ਕਾਰਵਾਈ ਦਾ ਇਨਚਾਰਜ ਸੀ, ਉਹ ਦੇਰੀ ਕਰਨ ਦਾ ਖ਼ਤਰਾ ਨਹੀਂ ਲੈ ਸਕਦਾ ਸੀ। ਉਸ ਨੂੰ ਇਹੋ ਝੱਲ ਜਾਂ ਖ਼ਬਤ ਸੀ ਕਿ ਇਹ ਕੰਮ ਛੇਤੀ ਖ਼ਤਮ ਕੀਤਾ ਜਾਵੇ ਕਿਉਂਕਿ ਉਹ ਪਿੰਡਾਂ ਵਿੱਚ ਬਗ਼ਾਵਤ ਹੋਣ ਤੋਂ ਡਰਦਾ ਸੀ। ਲੈਫ. ਜਨਰਲ ਸੁੰਦਰ ਜੀ ਨੇ ਫ਼ੌਜੀ ਕਾਰਵਾਈ ਮਗਰੋਂ ਆਪਣੇ ਇਸ ਭੈਅ ਨੂੰ ਪੱਤਰ ਪਰੇਰਕਾਂ ਸਾਮ੍ਹਣੇ ਦੱਸਦਿਆਂ ਹੋਇਆਂ ਕਿਹਾ :

"ਸਾਨੂੰ ਪਤਾ ਸੀ ਕਿ ਉਹ ਸਿੱਧੇ ਸਾਦੇ ਪੇਂਡੂਆਂ ਤੇ ਧਰਮ ਦੇ ਸ਼ਰਧਾਲੂ ਬੇਕਸੂਰ ਲੋਕਾਂ ਨੂੰ ਵਰਤਣ ਲਈ ਵਿਉਂਤਾਂ ਬਣਾ ਰਹੇ ਸਨ। ਯੋਜਨਾ ਇਹ ਸੀ ਕਿ ਉਹਨਾਂ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਦਰਬਾਰ ਸਾਹਿਬ ਵੱਲ ਆਉਣ ਲਈ ਤੇ ਸੱਚਮੁੱਚ ਸਵਰਨ ਮੰਦਰ ਦੇ ਅੰਦਰ ਤੇ ਉਦਾਲੇ ਪਰੇਰਨਾ ਦੇ ਕੇ ਹੜ੍ਹ ਲਿਆ ਦਿੱਤਾ ਜਾਵੇ ਜਿਸ

ਪਿੱਛੋਂ ਮੇਨਕਾ ਗਾਂਧੀ ਨੇ ਆਪਣੇ ਸਵਰਗਵਾਸੀ ਪਤੀ ਦੇ ਪਰਿਵਾਰ ਵਿਰੁੱਧ ਇਕ ਭੜਕੀਲਾ, ਸ਼ੋਖ਼ ਪਰ ਸਫਲ ਹਮਲਾ ਕਰ ਦਿੱਤਾ ਜਿਸ ਰਾਹੀਂ ਉਸ ਨੇ ਆਪਣੇ ਆਪ ਨੂੰ ਇਕ ਪੀੜਤ ਤੇ ਦੁਖੀ ਜਵਾਨ ਵਿਧਵਾ ਦੇ ਤੌਰ 'ਤੇ ਅਤੇ ਸ੍ਰੀਮਤੀ ਗਾਂਧੀ ਨੂੰ ਇਕ ਖੁਣਸੀ ਤੇ ਈਰਖਾਲੂ ਸੱਸ ਵਜੋਂ ਪੇਸ਼ ਕੀਤਾ। ਕੇਂਦਰੀ ਸਥਿਤੀ ਜਾਂ ਪਰਕਾਸ਼ ਵਿੱਚ ਰਹਿਣ ਲਈ ਮੇਨਕਾ ਨੇ ਐਲਾਨ ਕਰ ਦਿੱਤਾ ਕਿ ਉਹ ਅਗਲੀਆਂ ਆਮ ਚੋਣਾਂ ਅਮੇਠੀ 'ਚੋਂ ਲੜੇਗੀ ਜਿਹੜਾ ਸੰਜੇ ਦਾ ਸਾਂਸਦੀ ਹਲਕਾ ਸੀ ਤੇ ਹੁਣ ਰਾਜੀਵ ਦਾ ਸੀ। ਅਮੇਠੀ ਲਖਨਊ ਦੇ ਵੀ ਨੇੜੇ ਸੀ ਤੇ ਸ਼੍ਰੀਮਤੀ ਗਾਂਧੀ ਦੇ ਅਹੁਦੇ ਦੀ ਮਿਆਦ 8 ਮਹੀਨਿਆਂ ਤੱਕ ਖ਼ਤਮ ਹੋਣ ਵਾਲੀ ਸੀ। ਇਸ ਤਰ੍ਹਾਂ ਮਲੀਹਾਬਾਦ ਵਿੱਚ ਹੋਈ ਹਾਰ ਰਾਜੀਵ ਦੇ ਭਵਿੱਖ ਲਈ ਖ਼ਤਰੇ ਦੀ ਘੰਟੀ ਸੀ। ਉਸ ਦੇ ਰਾਜਸੀ ਜੀਵਨ ਦੀ ਸ਼ੁਰੂਆਤ ਬਹੁਤ ਸੁਸਤ ਸੀ ਤੇ ਆਮ ਹੀ ਖ਼ਿਆਲ ਕੀਤਾ ਜਾਂਦਾ ਸੀ ਕਿ ਅਮੇਠੀ ਵਿੱਚ ਹਾਰ ਪਿੱਛੋਂ ਉਹ ਰਾਜਸੀ ਤੌਰ 'ਤੇ ਟਿਕ ਨਹੀਂ ਸਕੇਗਾ। ਇਹ ਦਿਨੋਂ ਦਿਨ ਸਪੱਸ਼ਟ ਹੋ ਰਿਹਾ ਸੀ ਕਿ ਸ਼੍ਰੀਮਤੀ ਗਾਂਧੀ ਨੂੰ ਆਪਣਾ ਤੇ ਰਾਜੀਵ ਦਾ ਸਿਆਸੀ ਜੀਵਨ ਬਚਾਉਣ ਲਈ ਅਗਲੀਆਂ ਚੋਣਾਂ ਤੋਂ ਪਹਿਲਾਂ-ਪਹਿਲਾਂ ਆਪਣੀ ਸਰਕਾਰ ਦੀ ਵਿਸ਼ਵਾਸਯੋਗਤਾ ਪੁਨਰ-ਸਥਾਪਿਤ ਕਰਨ ਲਈ ਪੰਜਾਬ ਸੰਕਟ ਛੇਤੀ ਨਾਲ ਹੱਲ ਕਰਨਾ ਪਵੇਗਾ।

ਪਰਧਾਨ ਮੰਤਰੀ ਨੂੰ ਇਸ ਦਾ ਅਹਿਸਾਸ ਸੀ ਪਰ ਉਹ ਅਜੇ ਵੀ ਇਸ ਦੇ ਫ਼ੌਜੀ ਹਲ ਤੋਂ ਝਿਜਕ ਵਿਖਾ ਰਹੀ ਸੀ। ਉਸ ਨੇ ਅਕਾਲੀ ਦਲ ਦੀ ਤ੍ਰੀਮੂਰਤੀ ਦੇ ਦੋ ਮੈਂਬਰਾਂ ਦੀ, ਜਿਹੜੇ ਸੰਵਿਧਾਨ ਦੀਆਂ ਪ੍ਰਤੀਆਂ ਸਾੜਨ ਕਰਕੇ ਜੇਲ੍ਹ ਵਿੱਚ ਸਨ, ਆਪਣੀ ਟੀਮ ਦੇ ਵਿਚੋਲਿਆਂ ਨਾਲ ਹੋਈ ਗੱਲਬਾਤ ਤੋਂ ਜਾਣ ਲਿਆ ਸੀ ਕਿ ਉਹ ਹੁਣ ਸਿਰਫ਼ ਚੰਡੀਗੜ੍ਹ ਦੀ ਮੰਗ ਹੀ ਕਰ ਰਹੇ ਸਨ। ਅਕਾਲੀ ਦਲ ਦੀ ਵਾਗਡੋਰ ਹੱਥ 'ਚ ਲੈਣ ਦੇ ਵਿਰੋਧੀ ਤੇ ਸ਼ਰੀਕ ਪਰਕਾਸ਼ ਸਿੰਘ ਬਾਦਲ ਤੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਜ਼ੋਰ ਨਾਲ ਕਹਿ ਰਹੇ ਸਨ ਕਿ ਜੇ ਉਹਨਾਂ ਨੇ ਭਿੰਡਰਾਂਵਾਲੇ ਤੋਂ ਮੋਰਚੇ ਦੀ ਵਾਗਡੋਰ ਖੋਹਣੀ ਹੈ ਤਾਂ ਉਹਨਾਂ ਦੀ ਇਹ ਮੰਗ ਤਾਂ ਮੰਨੀ ਹੀ ਜਾਣੀ ਚਾਹੀਦੀ ਸੀ।

ਸ਼੍ਰੀਮਤੀ ਗਾਂਧੀ ਇਸ ਗੱਲ 'ਤੇ ਅੜੀ ਹੋਈ ਸੀ ਕਿ ਪੰਜਾਬ ਨੂੰ ਤਾਂ ਹੀ ਚੰਡੀਗੜ੍ਹ ਮਿਲ ਸਕਦਾ ਸੀ ਜੇ ਉਹ ਫ਼ਾਜ਼ਿਲਕਾ ਤੇ ਅਬੋਹਰ ਦੀਆਂ ਦੋ ਤਹਿਸੀਲਾਂ ਇਸ ਦੇ ਬਦਲੇ ਹਰਿਆਣੇ ਨੂੰ ਦੇਣ ਲਈ ਤਿਆਰ ਹੋਣ। ਉਹ ਉਹਦੇ ਆਰੰਭਕ ਸਮਝੌਤੇ ਦੀਆਂ ਸ਼ਰਤਾਂ ਸਨ ਜੋ ਕਦੇ ਲਾਗੂ ਨਾ ਕੀਤੀਆਂ ਗਈਆਂ। ਹੁਣ ਉਹ ਇਸ ਗੱਲ ਲਈ ਸਹਿਮਤ ਹੋ ਗਈ ਕਿ ਅਬੋਹਰ ਦਾ ਇਕੋ ਸ਼ਹਿਰ ਹੀ ਦੇ ਦਿੱਤਾ ਜਾਵੇ, ਪਰ ਇਹ ਫ਼ੈਸਲਾ ਕਮਿਸ਼ਨ ਰਾਹੀਂ ਹੋਵੇ ਤਾਂ ਜੋ ਹਰਿਆਣੇ ਦੇ ਹਿੰਦੂ ਇਸ ਨੂੰ 'ਹਾਰ' ਨਾ ਕਹਿਣ। ਉਸ ਨੇ ਇਕਰਾਰ ਕੀਤਾ ਕਿ ਉਹ ਕਮਿਸ਼ਨ ਦੇ ਨਿਰਣੇ ਦੀ ਅਗਾਊਂ ਹੀ ਜ਼ਾਮਨੀ ਦਿੰਦੀ ਹੈ। ਅਕਾਲੀ ਨੇਤਾਵਾਂ ਲਈ ਇਹ ਕਾਫ਼ੀ ਨਹੀਂ ਸੀ। ਉਹਨਾਂ ਨੂੰ ਕਮਿਸ਼ਨ ਰਾਹੀਂ ਨਹੀਂ ਸਗੋਂ ਸਰਕਾਰ ਵਲੋਂ ਸਮਝੌਤੇ ਰਾਹੀਂ ਐਲਾਨ ਦੀ ਜ਼ਰੂਰਤ ਸੀ ਕਿਉਂਕਿ ਉਹ ਤਾਂ ਹੀ ਆਪਣੇ ਸਮਰਥਕਾਂ ਨੂੰ ਵਿਸ਼ਵਾਸ 'ਚ ਲੈ ਕੇ ਕਹਿ ਸਕਦੇ ਸਨ ਕਿ ਮੋਰਚਾ ਸਫਲ ਹੋ ਗਿਆ ਸੀ ਤੇ ਉਹ ਤਾਂ ਹੀ ਇਸ ਨੂੰ ਸਮਾਪਤ ਕਰ ਸਕਦੇ ਸਨ। ਅੰਤ ਵਿੱਚ ਟੌਹੜਾ ਜੋ ਭਾਵੇਂ ਗਰਮ ਖ਼ਿਆਲੀਆ ਸੀ, ਕਮਿਸ਼ਨ ਵਾਲੀ ਇਸ ਸ਼ਰਤ 'ਤੇ ਸਹਿਮਤ ਹੋ ਗਿਆ ਕਿ ਕਮਿਸ਼ਨ ਦੀਆਂ ਸ਼ਰਤਾਂ

ਵਿੱਚ ਸਾਫ਼ ਸੰਕੇਤ ਹੋਵੇ ਕਿ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਤੇ ਇਕੱਲਾ ਅਬੋਹਰ ਸ਼ਹਿਰ ਹੀ ਹਰਿਆਣੇ ਨੂੰ ਦਿੱਤਾ ਜਾਵੇਗਾ। ਉਹ ਸਹਿਮਤ ਹੋ ਗਿਆ ਸੀ ਕਿਉਂਕਿ ਭਾਰਤੀ ਪਰੰਪਰਾ ਅਨੁਸਾਰ ਦੋਹਾਂ ਧਿਰਾਂ ਲਈ ਸਮਝੌਤੇ ਕਾਰਨ ਆਪਣੀ ਇੱਜ਼ਤ ਬਚਾਉਣੀ ਜ਼ਰੂਰੀ ਸੀ।

ਸਮਝੌਤੇ ਲਈ ਆਖ਼ਰੀ ਗੇੜ ਦੀ ਗੱਲਬਾਤ ਦਾ ਸੰਚਾਲਨ ਸ਼੍ਰੀਮਤੀ ਗਾਂਧੀ ਵੱਲੋਂ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਨਰਸਿਮਹਾ ਰਾਓ ਤੇ ਪੰਜਾਬ ਵਿਚਾਰ ਕੁੰਡ ਦੀ ਟੋਲੀ ਦੇ ਤਿੰਨ ਮੈਂਬਰਾਂ ਤੇ ਪਰਬੰਧਕ ਵਿਵਸਥਾ ਦੇ ਤਿੰਨ ਅਧਿਕਾਰੀਆਂ, ਮੰਤਰੀ ਮੰਡਲ ਦੇ ਸਕੱਤਰ ਕ੍ਰਿਸ਼ਨਾ ਸਵਾਮੀ ਰਾਓ ਸਾਹਿਬ, ਪਰਧਾਨ ਮੰਤਰੀ ਦੇ ਮੁੱਖ ਸਕੱਤਰ ਪੀ.ਸੀ. ਅਲੈਗਜ਼ੈਂਡਰ ਤੇ ਗ੍ਰਹਿ ਸਕੱਤਰ ਐਮ.ਐਮ.ਕੇ. ਵਲੀ ਨੇ ਕੀਤਾ। ਮਹਾਰਾਜਾ ਪਟਿਆਲਾ ਫਰਵਰੀ ਵਿੱਚ ਹੀ ਚਿਤਰਪੱਟ ਤੋਂ ਬਾਹਰ ਹੋ ਗਿਆ ਸੀ ਕਿਉਂਕਿ ਉਸ ਨੂੰ ਯਕੀਨ ਹੋ ਗਿਆ ਸੀ ਕਿ ਸਮਝੌਤੇ ਦੀ ਕੋਈ ਸੰਭਾਵਨਾ ਨਹੀਂ ਸੀ। ਜਿਸ ਢੰਗ ਨਾਲ ਸਮਝੌਤੇ ਦੀ ਗੱਲਬਾਤ ਦਾ ਸੰਚਾਲਨ ਕੀਤਾ ਜਾ ਰਿਹਾ ਸੀ, ਅਮਰੇਂਦਰ ਸਿੰਘ ਉਸ ਦਾ ਕੱਟੜ ਆਲੋਚਕ ਸੀ। ਉਸ ਨੇ ਮੈਨੂੰ ਦੱਸਿਆ ਕਿ ਸ਼੍ਰੀਮਤੀ ਗਾਂਧੀ ਦਾ 'ਵਿਚਾਰ ਕੁੰਡ' ਦਰਿਆਈ ਪਾਣੀਆਂ ਤੇ ਚੰਡੀਗੜ੍ਹ ਬਾਰੇ ਆਪਣੇ ਦ੍ਰਿਸ਼ਟੀਕੋਣ ਵਿੱਚ ਬਹੁਤ ਜ਼ਿਆਦਾ ਦਫ਼ਤਰਸ਼ਾਹੀ ਦਿਖਾ ਰਿਹਾ ਸੀ ਤੇ ਉਹ ਅਕਾਲੀਆਂ ਉੱਪਰ ਸਿਆਸੀ ਦਬਾਅ ਪਾਏ ਜਾਣ ਨੂੰ ਸਮਝਣ ਤੋਂ ਅਸਮਰਥ ਸੀ। ਸ਼੍ਰੀਮਤੀ ਗਾਂਧੀ ਦੀ ਮੰਤਰੀ ਮੰਡਲ ਦੀ ਜ਼ਿੰਮੇਂਵਾਰੀ ਪ੍ਰਤੀ ਇਹ ਅਜੀਬ ਅਣਗਹਿਲੀ ਤੇ ਅਨਾਦਰ ਸੀ ਕਿ ਆਖ਼ਰੀ ਗੇੜ ਦੀ ਟੀਮ ਦੇ ਮਧਿਅਸਥਾਂ ਜਾਂ ਵਿਚੋਲਿਆਂ ਦੇ ਦਲ ਦੀ ਪੈਰਵੀ ਗ੍ਰਹਿ ਮੰਤਰੀ ਪੀ.ਸੀ. ਸੇਠੀ ਨਹੀਂ ਸਗੋਂ ਵਿਦੇਸ਼ੀ ਮਾਮਲਿਆਂ ਦਾ ਮੰਤਰੀ ਕਰ ਰਿਹਾ ਸੀ। ਨਿਰਸੰਦੇਹ ਪੀ.ਸੀ. ਸੇਠੀ ਵੱਲੋਂ ਪੰਜਾਬ ਸੰਕਟ ਦੇ ਲੋਕ ਸਭਾ ਵਿੱਚ ਸੰਚਾਲਨ ਨੇ ਦਰਸਾ ਦਿੱਤਾ ਸੀ ਕਿ ਉਹ ਇਸ ਮਾਮਲੇ ਨਾਲ ਨਜਿੱਠਣ ਲਈ ਸਭ ਤੋਂ ਵਧੀਆ ਵਿਅਕਤੀ ਨਹੀਂ ਸੀ ਪ੍ਰੰਤੂ ਸ਼੍ਰੀਮਤੀ ਗਾਂਧੀ ਨੇ ਫਿਰ ਵੀ ਉਸ ਨੂੰ ਫ਼ੌਜੀ ਕਾਰਵਾਈ ਹੋਣ ਤੱਕ ਨਾਮ-ਮਾਤ੍ਰ ਗ੍ਰਹਿ ਮੰਤਰੀ ਬਣਾਈ ਰੱਖਿਆ।

ਇਹ ਮਹੱਤਵਪੂਰਨ ਨਹੀਂ ਕਿ ਮੰਤਰੀ ਮੰਡਲ ਦੇ ਸਮਾਗਮ ਵਿੱਚ ਗ੍ਰਹਿ-ਮੰਤਰੀ ਦੀ ਕੁਰਸੀ 'ਤੇ ਕੌਣ ਬੈਠਦਾ ਸੀ; ਮਹੱਤਵਪੂਰਨ ਤਾਂ ਇਹ ਸੀ ਕਿ ਸ਼੍ਰੀਮਤੀ ਗਾਂਧੀ ਨੂੰ ਸਲਾਹ ਕੌਣ ਦਿੰਦਾ ਸੀ, ਤੇ ਇੱਥੇ ਵੀ ਆਮ ਵਾਂਗ ਉਹ ਸਿਆਸੀ ਨੇਤਾਵਾਂ ਨਹੀਂ ਸਗੋਂ ਵਿਸ਼ਵਾਸੀ ਨੌਕਰਸ਼ਾਹਾਂ 'ਤੇ ਭਰੋਸਾ ਕਰਦੀ ਸੀ। ਨਰਸਿਮਹਾ ਰਾਓ ਜ਼ਰੂਰ ਮੰਤਰੀ ਮੰਡਲ ਦੀ ਨੁਮਾਇੰਦਗੀ ਕਰਦਾ ਸੀ ਪਰ ਉਹ ਇਕ ਸਿਆਸਤਦਾਨ ਵਜੋਂ ਆਪਣੇ ਸੁਤੰਤਰ ਵਿਚਾਰਾਂ ਤੇ ਰੁਤਬੇ ਨਾਲੋਂ ਸ਼੍ਰੀਮਤੀ ਗਾਂਧੀ ਦੀ ਵਫ਼ਾਦਾਰੀ ਕਾਰਨ ਵਧੇਰੇ ਮਸ਼ਹੂਰ ਸੀ।

ਸਮਝੌਤੇ ਉੱਪਰ ਪਹੁੰਚਣ ਮਗਰੋਂ ਸਰਕਾਰ ਨੇ 11 ਮਈ ਨੂੰ ਐਲਾਨ ਕੀਤਾ ਕਿ ਅਕਾਲੀ ਦਲ ਦੇ ਨੇਤਾਵਾਂ ਉੱਪਰ ਸੰਵਿਧਾਨ ਦੀਆਂ ਕਾਪੀਆਂ ਸਾੜਨ ਕਰਕੇ ਦੇਸ਼ ਧ੍ਰੋਹ ਦੇ ਦੋਸ਼ ਵਾਪਸ ਲਏ ਜਾਂਦੇ ਹਨ ਤੇ ਉਹਨਾਂ ਨੂੰ ਰਿਹਾਅ ਕੀਤਾ ਜਾਂਦਾ ਹੈ। ਚਾਰ ਦਿਨ ਮਗਰੋਂ ਟੋਹੜਾ ਤੇ ਬਾਦਲ ਨੇ ਅਕਾਲੀ ਤ੍ਰੈਮੂਰਤੀ ਦੇ ਤੀਸਰੇ ਮੈਂਬਰ ਲੌਂਗੋਵਾਲ ਨੇ ਸਵਰਨ ਮੰਦਰ ਸਮੂਹ ਵਿੱਚ ਮੁਲਾਕਾਤ ਕੀਤੀ। ਹੁਣ ਭਿੰਡਰਾਂਵਾਲੇ ਕੋਲ ਸਮਝੌਤੇ ਦੀ ਕੁੰਜੀ ਸੀ। ਸਰਕਾਰ ਨੇ ਸ਼ਰਤ ਲਾਈ ਕਿ ਉਹਨਾਂ ਦੇ ਐਲਾਨ ਕਰਨ ਤੋਂ ਪਹਿਲਾਂ ਆਪਣੀ ਸਹਿਮਤੀ

ਦੋਵੇ ਤੇ ਟੌਹੜਾ ਹੀ ਅਜਿਹਾ ਇਕੋ ਇਕ ਵਿਅਕਤੀ ਸੀ ਜੋ ਸੰਤ ਨਾਲ ਇਸ ਬਾਰੇ ਸਾਂਢ-ਗਾਂਢ ਕਰ ਸਕਦਾ ਸੀ। ਸਮਝੌਤੇ ਲਈ ਗੱਲਬਾਤ ਦੇ ਪਹਿਲੇ ਗੇੜ ਵਿੱਚ ਟੌਹੜਾ ਹੀ ਇਕੋ ਇਕ ਵਿਅਕਤੀ ਸੀ ਜੋ ਭਿੰਡਰਾਂਵਾਲੇ ਦੀ ਸੋਚ ਦਾ ਹਾਮੀ ਹੁੰਦਾ ਸੀ ਕਿ ਆਨੰਦਪੁਰ ਸਾਹਿਬ ਦੇ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਏ ਬਗੈਰ ਉਹ ਸਹਿਮਤ ਨਹੀਂ ਹੋਣਗੇ। ਹੁਣ ਟੌਹੜਾ ਹੀ ਵਿਸ਼ੇਸ਼ ਤੌਰ 'ਤੇ ਸਮਝੌਤਾ ਕਰਾਉਣ ਲਈ ਉਤਾਵਲਾ ਸੀ। ਪਿਛਲੇ ਗੇੜ ਦੀ ਗੱਲਬਾਤ ਵਿੱਚ ਦੋਵੇਂ ਧਿਰਾਂ ਪੰਜਾਬ 'ਤੇ ਰਾਜ ਕਰਨ ਲਈ ਅਕਾਲੀ ਦਲ ਤੇ ਇੰਦਰਾ ਕਾਂਗਰਸ ਦੇ ਗੱਠਜੋੜ ਲਈ ਸਹਿਮਤ ਹੋ ਗਈਆਂ ਸਨ। ਟੌਹੜੇ ਨੂੰ ਭਰੋਸਾ ਸੀ ਕਿ ਗੱਠਬੰਧਨ ਸਰਕਾਰ ਦੇ ਮੁੱਖ ਮੰਤਰੀ ਦੀ ਪਦਵੀ ਲਈ ਭਿੰਡਰਾਂਵਾਲਾ ਉਹਦਾ ਸਮਰਥਨ ਕਰੇਗਾ। ਉਸ ਨੂੰ ਆਪਣੀ ਜ਼ਿੰਦਗੀ ਭਰ ਦੀ ਉਮੀਦ ਪਕੜ 'ਚ ਆਉਂਦੀ ਜਾਪ ਰਹੀ ਸੀ, ਜੇਕਰ ਉਹ ਸੰਤ ਨੂੰ ਸਮਝੌਤੇ ਨੂੰ ਪਰਵਾਨ ਕਰਨ ਲਈ ਮਨਾ ਸਕਦਾ।

ਅਕਾਲੀ ਤ੍ਰੀਮੂਰਤੀ ਦੀ ਮੰਦਰ ਸਮੂਹ ਵਿੱਚ ਹੋਈ ਮੁਲਾਕਾਤ ਦੌਰਾਨ ਟੌਹੜੇ ਨੂੰ ਸਹਿਮਤੀ ਪ੍ਰਾਪਤ ਹੋ ਗਈ ਕਿ ਉਹ ਭਿੰਡਰਾਂਵਾਲੇ ਨੂੰ ਮਿਲੇ। ਅਗਲੇ ਦਿਨ ਉਹ ਅਕਾਲ ਤਖ਼ਤ ਉੱਪਰ ਭਿੰਡਰਾਂਵਾਲੇ ਨਾਲ ਸਮਝੌਤੇ ਬਾਰੇ ਵਿਚਾਰ ਕਰਨ ਲਈ ਗਿਆ। ਟੌਹੜੇ ਨੇ ਕਿਹਾ ਕਿ ਸਿੱਖਾਂ ਲਈ ਮੁੱਖ ਮਾਮਲਾ ਚੰਡੀਗੜ੍ਹ ਹੀ ਸੀ ਤੇ ਬਾਕੀ ਸਮੱਸਿਆਵਾਂ ਬਾਰੇ ਨਿਪਟਾਰੇ ਸਰਕਾਰ ਕਮਿਸ਼ਨ ਨਿਯੁਕਤ ਕਰੇਗੀ ਜੋ ਬਾਕੀ ਵਿਸ਼ਿਆਂ ਦਾ ਫ਼ੈਸਲਾ ਸਿੱਖਾਂ ਦੇ ਹੱਕ ਵਿੱਚ ਕਰੇਗਾ। ਪ੍ਰੰਤੂ ਟੌਹੜਾ ਆਪਣੀ ਇੱਛਾ ਦੀ ਲੱਠ ਦੇ ਸਹਾਰੇ ਹੀ ਉੱਪਰ ਉੱਡ ਰਿਹਾ ਸੀ ਤੇ ਮੰਗਾਂ ਮੰਨਣ ਦੇ ਹੱਕ ਵਿੱਚ ਸੀ ਪਰ ਭਿੰਡਰਾਂਵਾਲਾ ਨਹੀਂ ਮੰਨ ਰਿਹਾ ਸੀ ਕਿ ਇਸ ਸਮਝੌਤੇ ਨਾਲ ਮੋਰਚੇ ਦੀਆਂ ਮੰਗਾਂ ਦੀ ਪੂਰਤੀ ਹੁੰਦੀ ਸੀ। ਉਹ ਟੌਹੜੇ ਦੀ ਚਾਲ ਭਾਂਪ ਗਿਆ ਤੇ ਉਸ ਨੇ ਉਸ ਨੂੰ ਦੱਸ ਦਿੱਤਾ ਕਿ ਉਹ ਮੁੱਖ ਮੰਤਰੀ ਬਣਨ ਦੀ ਉਮੀਦ ਕਾਰਨ ਅਨੰਦਪੁਰ ਸਾਹਿਬ ਦੇ ਮਤੇ ਨਾਲ ਧਰੋਹ ਕਰ ਰਿਹਾ ਸੀ। ਫਿਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੇ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਤੋਂ ਕੱਢ ਦੇਣ ਦੀ ਧਮਕੀ ਦੇਣ ਦੀ ਕੋਸ਼ਿਸ਼ ਕੀਤੀ। ਇਹ ਉਹੋ ਵਿਅਕਤੀ ਸੀ ਜਿਸ ਨੇ ਅਕਾਲ ਤਖ਼ਤ ਦੇ ਜੱਥੇਦਾਰ ਨੂੰ ਭਿੰਡਰਾਂਵਾਲੇ ਨੂੰ ਅਕਾਲ ਤਖ਼ਤ ਵਿੱਚ ਪਰਵੇਸ਼ ਕਰਨ ਦੀ ਆਗਿਆ ਦੇਣ ਲਈ ਮਨਾਇਆ ਸੀ। ਉਸ ਨੇ ਪੰਜ ਜੱਥੇਦਾਰ ਸਾਹਿਬਾਨ ਨੂੰ ਸੰਤ ਵਿਰੁੱਧ ਹੁਕਮਨਾਮਾ ਜਾਰੀ ਕਰਨ ਤੋਂ ਰੋਕਿਆ ਸੀ, ਪਰ ਭਿੰਡਰਾਂਵਾਲੇ 'ਤੇ ਇਹਨਾਂ ਧਮਕੀਆਂ ਦਾ ਕੋਈ ਅਸਰ ਨਾ ਹੋਇਆ। ਸੰਤ ਨੂੰ ਪਤਾ ਸੀ ਕਿ ਜੱਥੇਦਾਰ ਹੁਣ ਆਪਣੇ ਸਰਪਰਸਤ ਟੌਹੜਾ ਨਾਲੋਂ ਉਸ ਤੋਂ ਜ਼ਿਆਦਾ ਡਰਦੇ ਸਨ ਤੇ ਇਸ ਤਰ੍ਹਾਂ ਸਮਝੌਤਾ ਠੁੱਸ ਹੋ ਗਿਆ।

ਅਗਲੇ ਦਿਨ ਟੌਹੜਾ ਪੰਜਾਬ ਦੇ ਰਾਜਪਾਲ ਨੂੰ ਇਹ ਦੱਸਣ ਗਿਆ ਕਿ ਉਸ ਨੂੰ ਸਫਲਤਾ ਨਹੀਂ ਮਿਲੀ ਤੇ ਭਿੰਡਰਾਂਵਾਲੇ ਵੱਲੋਂ ਗੱਲਬਾਤ ਰਾਹੀਂ ਕੀਤੇ ਸਮਝੌਤੇ ਨਾਲ ਸਹਿਮਤ ਹੋਣ ਦੀ ਕੋਈ ਉਮੀਦ ਨਹੀਂ ਸੀ। ਇਕ ਹਫ਼ਤਾ ਮਗਰੋਂ ਲੌਂਗੋਵਾਲ ਨੇ ਐਲਾਨ ਕੀਤਾ ਕਿ ਮੋਰਚਾ ਮੁੜ ਸ਼ੁਰੂ ਕੀਤਾ ਜਾਵੇਗਾ ਜਿਸ ਨਾਲ ਰਾਜ ਵਿੱਚੋਂ ਅਨਾਜ ਬਾਹਰ ਜਾਣ ਤੋਂ ਰੋਕਿਆ ਜਾਵੇਗਾ। ਇਸ ਐਲਾਨ ਨੇ ਸਰਕਾਰ ਨੂੰ ਉਹ ਬਹਾਨਾ ਦੇ ਦਿੱਤਾ ਜਿਸ ਦੀ ਉਸ ਨੂੰ, ਫ਼ੌਜੀ ਕਾਰਵਾਈ ਤੋਂ ਪਹਿਲਾਂ ਸਵਰਨ ਮੰਦਰ ਉਦਾਲੇ ਸੁਰੱਖਿਆ ਸਖ਼ਤ ਕਰਨ ਲਈ, ਜ਼ਰੂਰਤ ਸੀ। ਬਹੁਤ ਸਾਰੇ ਸਿੱਖਾਂ ਦਾ ਯਕੀਨ ਹੈ ਕਿ ਲੌਂਗੋਵਾਲ ਵੱਲੋਂ ਮੋਰਚਾ

ਦੁਬਾਰਾ ਸ਼ੁਰੂ ਕਰਨ ਦਾ ਇਹੋ ਕਾਰਨ ਸੀ। ਉਹ ਦਾਅਵਾ ਕਰਦੇ ਸਨ ਕਿ ਲੌਂਗੋਵਾਲ ਨੇ ਮਹਿਸੂਸ ਕਰ ਲਿਆ ਸੀ ਕਿ ਭਿੰਡਰਾਂਵਾਲੇ ਦੀਆਂ ਕਾਰਵਾਈਆਂ ਦਾ ਹਲ ਫ਼ੌਜੀ ਕਾਰਵਾਈ ਹੀ ਸੀ। ਇਕ ਸਰੇਸ਼ਠ ਕਾਂਗਰਸੀ ਸਾਂਸਦ ਨੇ ਵੀ ਸਤੀਸ਼ ਜੈਕਬ ਨੂੰ ਦੱਸਿਆ ਸੀ ਕਿ ਭਿੰਡਰਾਂਵਾਲੇ ਵੱਲੋਂ ਸਮਝੌਤਾ ਰੱਦ ਕਰਨ ਪਿੱਛੋਂ ਲੌਂਗੋਵਾਲ ਨੇ ਸਰਕਾਰ ਨਾਲ ਸਹਿਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਨਿਰਸੰਦੇਹ ਸੰਜੋਗ ਹੀ ਸੀ ਕਿ ਅਕਾਲੀ ਦਲ ਵੱਲੋਂ ਪੰਜਾਬ ਤੋਂ ਬਾਹਰ ਅਨਾਜ ਜਾਣ ਤੋਂ ਰੋਕਣ ਦੇ ਐਲਾਨ ਤੋਂ ਇਕ ਦਿਨ ਬਾਅਦ ਸੀ.ਆਰ.ਪੀ. ਨੇ ਪਹਿਲੀ ਵਾਰ ਸਵਰਨ ਮੰਦਰ ਦੇ ਉਦਾਲੇ ਦੀਆਂ ਇਮਾਰਤਾਂ 'ਤੇ ਮੋਰਚੇ ਸੰਭਾਲ ਲਏ ਸਨ।

ਬਦਕਿਸਮਤੀ ਨਾਲ ਭਿੰਡਰਾਂਵਾਲੇ ਦੇ ਆਦਮੀਆਂ ਨੇ ਪਹਿਲਾਂ ਹੀ ਬੜੇ ਮਹੱਤਵਪੂਰਨ ਤੇ ਲਾਭਕਾਰੀ ਟਿਕਾਣੇ ਮੱਲੇ ਹੋਏ ਸਨ। ਸਰਕਾਰ ਨੂੰ ਪਤਾ ਸੀ ਕਿ ਉਹਨਾਂ ਨੇ ਦੋ ਮਹੀਨੇ ਪਹਿਲਾਂ ਹੀ ਮੰਦਰ ਦੇ ਉਦਾਲੇ ਘਰਾਂ ਵਿੱਚ ਮਹੱਤਵਪੂਰਨ ਤੇ ਯੁੱਧ ਨੀਤੀ ਪੱਖੋਂ ਕਾਰਆਮਦ ਟਿਕਾਣਿਆਂ 'ਤੇ ਕਬਜ਼ਾ ਕੀਤਾ ਹੋਇਆ ਸੀ।

ਪੁਲੀਸ ਦੇ ਆਈ. ਜੀ. ਭਿੰਡਰ ਨੇ ਸੀ.ਆਰ.ਪੀ. ਦੇ ਉੱਚ ਅਧਿਕਾਰੀਆਂ ਸਮੇਤ ਸਭ ਅਧਿਕਾਰੀਆਂ ਨੂੰ ਗਸ਼ਤੀ ਪੱਤਰ ਜਾਰੀ ਕਰਕੇ ਕਿਹਾ ਸੀ ਕਿ ਉਸ ਨੂੰ ਜਾਣਕਾਰੀ ਮਿਲੀ ਸੀ ਕਿ ਮੰਦਰ ਦੇ ਨੇੜਲੇ ਘਰਾਂ ਦੀ ਮੋਰਚਾ ਬੰਦੀ ਕੀਤੀ ਜਾ ਰਹੀ ਸੀ। ਉਸ ਨੇ ਅਫ਼ਸਰਾਂ ਨੂੰ ਹੁਕਮ ਦਿੱਤਾ ਕਿ ਉਹ ਸਤਰਕ ਰਹਿਣ ਤੇ ਜਾਣਕਾਰੀ ਦਿੰਦੇ ਰਹਿਣ। ਭਿੰਡਰ ਨੇ ਕਿਹਾ ਕਿ ਅਜਿਹਾ ਕੁਝ ਵੀ ਕਰਨ ਦੀ ਲੋੜ ਨਹੀਂ ਜਿਸ ਨਾਲ ਸਥਾਨਕ ਲੋਕਾਂ ਵਿਚ ਗੜਬੜੀ ਪੈਦਾ ਹੋਵੇ ਤੇ ਉਹਨਾਂ ਵਿੱਚ ਅਸ਼ਾਂਤੀ ਫੈਲੇ। ਭਿੰਡਰਾਂਵਾਲੇ ਵੱਲੋਂ ਕੀਤੀ ਗਈ ਕਿਲ੍ਹੇਬੰਦੀ ਨੂੰ ਪੰਜਾਬ ਪੁਲੀਸ ਵੱਲੋਂ ਰੋਕਣ ਦੀ ਅਸਫਲਤਾ ਕਾਰਨ ਫ਼ੌਜ ਨੂੰ ਭਾਰੀ ਕੀਮਤ ਦੇਣੀ ਪਈ। ਉਸ ਸਫ਼ੈਦ ਪੱਤਰ ਵਿੱਚ ਜੋ ਪੰਜਾਬ ਅੰਦੋਲਨ ਬਾਰੇ ਸਵਰਨ ਮੰਦਰ ਵਿੱਚ ਫ਼ੌਜੀ ਕਾਰਵਾਈ ਕਰਨ ਦੀ ਸਫ਼ਾਈ ਦੇਣ ਲਈ ਛਾਪਿਆ ਗਿਆ ਸੀ, ਕਿਹਾ ਗਿਆ ਸੀ : "ਆਤੰਕਵਾਦੀਆਂ ਵੱਲੋਂ ਸਵਰਨ ਮੰਦਰ ਸਮੂਹ ਦੀ ਬਾਹਰਲੀ ਫਿਰਨੀ ਤੋਂ 500 ਤੋਂ 800 ਮੀਟਰ ਦੀ ਦੂਰੀ 'ਤੇ, ਆਮ ਸ਼ਹਿਰੀਆਂ ਦੇ 17 ਘਰਾਂ ਦੀ ਚੋਣ ਕਰਕੇ, ਹਰ ਘਰ 'ਤੇ ਲਗਭਗ ਦਸ ਵਿਅਕਤੀ ਕਾਬਜ਼ ਹੋ ਚੁੱਕੇ ਸਨ। ਇਹ ਟਿਕਾਣੇ ਤੇ ਪਹਿਲਾਂ ਦੀਆਂ ਚੇਤਾਵਨੀ ਚੌਕੀਆਂ ਲਾਈਟ ਮਸ਼ੀਨਗੰਨਾਂ ਤੇ ਹੋਰ ਹਥਿਆਰਾਂ ਤੇ ਗੋਲੇ ਬਾਰੂਦ ਦੀਆਂ ਭਾਰੀ ਖੇਪਾਂ ਦੇ ਸੱਚਮੁੱਚ ਹੀ ਅਸਲਹਘਰ ਸਨ। ਇਹਨਾਂ ਚੌਕੀਆਂ ਵਿੱਚ ਉਹ ਆਮ ਸੰਚਾਰ ਸਾਧਨ ਵੀ ਮੁੱਖ ਚੌਕੀਆਂ ਨਾਲ ਸੰਪਰਕ ਰੱਖਣ ਲਈ ਦਿੱਤੇ ਗਏ ਸਨ।

ਨੀਲਾ ਤਾਰਾ ਸਾਕਾ ਦੀ ਕਾਰਵਾਈ ਦੀ ਭੂਮਿਕਾ ਵਜੋਂ ਇਕ ਮਹੀਨਾ ਪਹਿਲਾਂ ਹੀ ਜਦੋਂ ਸੀ.ਆਰ.ਪੀ. ਨੇ ਸਵਰਨ ਮੰਦਰ ਉਦਾਲੇ ਮੋਰਚੇ ਸੰਭਾਲੇ ਤਾਂ ਸਰਕਾਰ ਨੇ ਵੱਖ-ਵੱਖ ਕਿਸਮ ਦੀਆਂ ਨਾਕਾ ਬੰਦੀਆਂ ਦੇ ਤਜਰਬੇ ਕੀਤੇ। ਸੀਮਾ ਸੁਰੱਖਿਆ ਦੇ ਅਰਧ ਸੈਨਿਕ ਬਲ ਨੂੰ ਭਿੰਡਰਾਂਵਾਲੇ ਦੇ ਆਪਣੇ ਪਿੰਡ ਦੇ ਨੇੜਲੇ ਸ਼ਹਿਰ ਮੋਗਾ ਵਿੱਚ ਸਿੱਖਾਂ ਦੇ ਗੁਰਦੁਆਰਿਆਂ ਦੀ ਘੇਰਾਬੰਦੀ ਦੇ ਹੁਕਮ ਦਿੱਤੇ ਗਏ ਤੇ ਕਿਹਾ ਗਿਆ ਕਿ ਘੇਰਾ ਤਦ ਤੱਕ ਨਾ ਚੁੱਕਿਆ ਜਾਵੇ ਜਦ ਤੱਕ ਉੱਥੇ ਲੁਕੇ ਆਤੰਕਵਾਦੀ ਸ਼ਰਨਗਾਹਾਂ ਤੋਂ ਬਾਹਰ ਆ

ਕੇ ਆਤਮ ਸਮਰਪਣ ਨਹੀਂ ਕਰ ਦਿੰਦੇ। ਘੇਰਾ ਸ਼ੁਰੂ ਹੋਣ ਤੋਂ ਪੰਜ ਦਿਨ ਮਗਰੋਂ ਸਿੱਖ ਜੱਥੇਦਾਰਾਂ ਨੇ ਧਮਕੀ ਦਿੱਤੀ ਕਿ ਜੇ ਘੇਰਾਬੰਦੀ ਖ਼ਤਮ ਨਾ ਕੀਤੀ ਗਈ ਤਾਂ ਉਹ ਮੋਗੇ ਵੱਲ ਕੂਚ ਕਰਨਗੇ। ਗ੍ਰਹਿ-ਮੰਤਰੀ ਨੇ ਜੱਥੇਦਾਰਾਂ ਨੂੰ ਕਿਹਾ ਕਿ ਜੇ ਉਹ ਘੇਰਾਬੰਦੀ ਖ਼ਤਮ ਕਰਾਉਣੀ ਚਾਹੁੰਦੇ ਹਨ ਤਾਂ ਉਹ ਆਤੰਕਵਾਦੀਆਂ ਨੂੰ ਆਪ ਜਾ ਕੇ ਗੁਰਦੁਆਰਿਆਂ 'ਚੋਂ ਬਾਹਰ ਕੱਢ ਦੇਣ। ਸਰਕਾਰ ਤੇ ਜੱਥੇਦਾਰਾਂ ਵਿੱਚ ਪਹਿਲੀ ਅਸਲੀ ਟੱਕਰ ਹੋਣ ਹੀ ਵਾਲੀ ਸੀ, ਪਰ ਅਚਾਨਕ ਸਰਕਾਰ ਨੇ ਫਿਰ ਕਾਂਟਾ ਬਦਲਿਆ ਤੇ ਘੇਰਾਬੰਦੀ ਸਮਾਪਤ ਕਰ ਦਿੱਤੀ। ਪੰਜਾਬ ਪੁਲੀਸ ਦੇ ਮੁਖੀ ਪ੍ਰੀਤਮ ਸਿੰਘ ਭਿੰਡਰ ਨੇ ਅਗਲੇ ਦਿਨ ਮੋਗਾ ਵਿਖੇ ਪਹੁੰਚ ਕੇ ਪੱਤਰਕਾਰਾਂ ਨੂੰ ਦੱਸਿਆ ਕਿ 16 ਆਤੰਕਵਾਦੀਆਂ ਨੇ ਆਤਮ ਸਮਰਪਣ ਕਰ ਦਿੱਤਾ ਸੀ ਇਸ ਕਾਰਨ ਘੇਰਾਬੰਦੀ ਸਮਾਪਤ ਕਰ ਦਿੱਤੀ ਗਈ ਸੀ, ਪ੍ਰੰਤੂ ਮੈਨੂੰ ਕਿਸੇ ਵੱਲੋਂ ਆਤਮ ਸਮਰਪਣ ਦਾ ਕੋਈ ਸਬੂਤ ਨਾ ਮਿਲਿਆ। ਗ੍ਰਹਿ ਮੰਤਰੀ ਵੱਲੋਂ ਪਾਰਲੀਮੈਂਟ ਵਿੱਚ ਕੀਤੇ ਸੁਆਲਾਂ ਦੇ ਜੁਆਬਾਂ ਵਿੱਚ ਗੜਬੜੀ ਤੇ ਘਬਰਾਹਟ ਨੇ ਇਹ ਸ਼ੱਕ ਹੋਰ ਵੀ ਵਧਾ ਦਿੱਤਾ ਕਿ ਸਰਕਾਰ ਹੀ ਬਿਨਾਂ ਸ਼ਰਤ ਹਾਰ ਮੰਨ ਗਈ ਸੀ ਤੇ ਪਿੱਛੇ ਹਟ ਗਈ ਸੀ।

ਲੈਫ. ਜਨਰਲ ਸੁੰਦਰ ਜੀ ਨੇ, ਜਿਸ ਨੇ ਅੰਤਮ ਹਮਲੇ ਦੀ ਕਮਾਨ ਸੰਭਾਲੀ, ਨੇ ਮੰਨਿਆ ਕਿ ਉਸ ਨੇ ਸਵਰਨ ਮੰਦਰ ਉਦਾਲੇ ਲੰਮੇ ਸਮੇਂ ਦੀ ਘੇਰਾਬੰਦੀ 'ਤੇ ਵਿਚਾਰ ਕੀਤੀ ਸੀ ਤਾਂ ਜੋ ਭਿੰਡਰਾਂਵਾਲਾ ਤੇ ਉਹਦੇ ਪੈਰੋਕਾਰਾਂ ਨੂੰ ਭੁੱਖਿਆਂ ਮਾਰਿਆ ਜਾਵੇ ਪ੍ਰੰਤੂ ਉਸ ਨੇ ਇਸ ਵਿਰੁੱਧ ਇਸ ਕਰਕੇ ਫ਼ੈਸਲਾ ਨਾ ਲਿਆ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਪਿੰਡਾਂ ਵਿੱਚ ਵਿਦਰੋਹ ਦਾ ਡਰ ਸੀ। ਇਹ ਸਬਕ ਮੋਗੇ ਦੀ ਕਿਲ੍ਹਾਬੰਦੀ ਤੋਂ ਹੀ ਸਿੱਖਿਆ ਗਿਆ ਸੀ। ਭਿੰਡਰਾਂਵਾਲੇ ਵੱਲੋਂ ਸਮਝੌਤਾ ਰੱਦ ਕਰਨ ਤੇ ਫ਼ੌਜ ਵੱਲੋਂ ਘੇਰਾਬੰਦੀ ਦੀ ਸੰਭਾਵਨਾ ਅਪਰਵਾਨ ਕਰਨ ਪਿੱਛੋਂ ਸ਼੍ਰੀਮਤੀ ਗਾਂਧੀ ਕੋਲ ਅਕਾਲ ਤਖ਼ਤ ਉੱਪਰ ਧਾਵਾ ਬੋਲਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਸੀ।

11

ਸ਼੍ਰੀਮਤੀ ਗਾਂਧੀ ਵੱਲੋਂ ਅੱਗੇ ਵਧਣ ਦਾ ਹੁਕਮ

ਅੰਤ ਦੋ ਜੂਨ ਨੂੰ ਸ਼੍ਰੀਮਤੀ ਗਾਂਧੀ ਨੇ ਸ਼ਕੰਜਾ ਕੱਸਣ ਦਾ ਫ਼ੈਸਲਾ ਕਰ ਲਿਆ। ਸਵਰਨ ਮੰਦਰ ਸਮੂਹ ਵਿੱਚ ਫ਼ੌਜ ਭੇਜਣ ਦੇ ਸਿਆਸੀ ਖ਼ਤਰੇ ਬਹੁਤ ਜ਼ਿਆਦਾ ਸਨ। ਸ਼੍ਰੀਮਤੀ ਗਾਂਧੀ ਨੂੰ ਪਤਾ ਸੀ ਕਿ ਇਸ ਕਾਰਨ ਉਹਦੇ ਆਪਣੇ ਪਰਿਵਾਰ ਨੂੰ ਵੀ ਖ਼ਤਰਾ ਸੀ। ਰਾਜੀਵ ਗਾਂਧੀ ਨੂੰ ਪਹਿਲਾਂ ਹੀ ਪਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰਾਂ ਨੇ ਆਪਣੇ ਲੜਕੇ ਤੇ ਲੜਕੀ ਨੂੰ ਰਿਹਾਇਸ਼ੀ (ਬੋਰਡਿੰਗ) ਸਕੂਲਾਂ ਵਿੱਚੋਂ ਹਟਾ ਲੈਣ ਲਈ ਕਹਿ ਦਿੱਤਾ ਸੀ। ਰਾਹੁਲ ਭਾਰਤ ਦੇ ਈਟਨ, ਦੂਨ ਸਕੂਲ ਵਿੱਚ ਪੜ੍ਹਦਾ ਸੀ ਜਿੱਥੇ ਉਹਦੇ ਪਿਤਾ ਨੇ ਵੀ ਪੜ੍ਹਾਈ ਕੀਤੀ ਸੀ। ਸਲਾਹਕਾਰਾਂ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਦੀ ਜ਼ੁੰਮੇਵਾਰੀ ਤਾਂ ਹੀ ਲਈ ਜਾ ਸਕਦੀ ਸੀ ਜੇਕਰ ਉਹ ਦਿੱਲੀ ਵਿੱਚ ਪਰਧਾਨ ਮੰਤਰੀ ਦੇ ਘਰ ਵਿੱਚ ਰਹਿੰਦੇ ਹੋਣ।

ਦੋ ਜੂਨ ਨੂੰ ਸ਼੍ਰੀਮਤੀ ਗਾਂਧੀ ਦੇ ਰੋਜ਼ਨਾਮਚੇ (ਡਾਇਰੀ) ਵਿੱਚ, ਭਾਰਤ ਭਰ ਵਿੱਚੋਂ ਜ਼ਿਲ੍ਹਾ ਸਦਰ ਮੁਕਾਮਾਂ ਤੋਂ ਆਏ ਉਹਦੀ ਪਾਰਟੀ ਦੇ ਨੇਤਾਵਾਂ ਦੇ ਸਮਾਗਮ ਵਿੱਚ ਭਾਸ਼ਨ ਦਾ ਵੇਰਵਾ ਹੈ। ਇਹ ਸਮਾਗਮ ਕਾਂਗਰਸ ਪਾਰਟੀ ਨੂੰ ਇਕ ਸਿਆਸੀ ਸੰਸਥਾ ਵਜੋਂ ਰਾਜੀਵ ਗਾਂਧੀ ਵੱਲੋਂ ਪੁਨਰ-ਸੁਰਜੀਤ ਕਰਨ ਲਈ ਯੋਜਨਾ ਦੀ ਇਕ ਕੜੀ ਸੀ। ਉਸ ਨੇ ਆਪ ਪਰਵਾਨ ਕੀਤਾ ਕਿ ਉਹਦੀ ਮਾਤਾ ਦੇ ਰਾਜ ਦੇ ਲੰਮੇ ਅਰਸੇ ਵਿੱਚ ਪਾਰਟੀ ਦੀਆਂ ਜੜ੍ਹਾਂ ਖੋਖਲੀਆਂ ਹੋ ਗਈਆਂ ਸਨ। ਇਹ ਉਸ ਛਕੜੇ ਤੋਂ ਰਤਾ ਕੁ ਹੀ ਵੱਧ ਸੀ ਜਿਸ ਉੱਪਰ ਸਿਆਸੀ ਨੇਤਾ ਚੋਣਾਂ ਸਮੇਂ ਬੈਠਦੇ ਸਨ। ਸ਼੍ਰੀਮਤੀ ਗਾਂਧੀ ਰਾਜੀਵ ਗਾਂਧੀ ਦੇ ਯਤਨਾਂ ਨੂੰ ਉਤਸਾਹਿਤ ਕਰਨ ਲਈ ਉਤਾਵਲੀ ਸੀ ਕਿਉਂਕਿ ਇਹ ਉਸ ਦੀ ਪਹਿਲੀ ਯੋਜਨਾ ਤੇ ਜ਼ੁੰਮੇਵਾਰੀ ਸੀ। ਫਿਰ ਵੀ ਉਹ ਇਸ ਸਮਾਗਮ ਵਿੱਚ ਦੋ ਘੰਟੇ ਦੇਰ ਨਾਲ ਪਹੁੰਚੀ। ਇਹ ਗੁਪਤ ਤੌਰ 'ਤੇ ਰੱਖਿਆ ਗਿਆ ਸਮਾਗਮ ਸੀ ਫਿਰ ਵੀ ਤਿੰਨ ਪੱਤਰਕਾਰਾਂ ਨੇ ਉੱਥੇ ਜਾਣ ਦਾ ਪ੍ਰਬੰਧ ਕਰ ਹੀ ਲਿਆ। ਆਨੰਦ ਸਹਾਏ ਨੇ ਕਿਹਾ, "ਜਦੋਂ ਸ਼੍ਰੀਮਤੀ ਗਾਂਧੀ ਸਭਾ ਮੰਚ ਵੱਲ ਜਾ ਰਹੀ ਸੀ ਤਾਂ ਉਹ ਲੜਖੜਾਉਂਦੀ ਹੋਈ ਦਿਖਾਈ ਦਿੰਦੀ ਸੀ। ਉਹਦੇ ਮੋਢਿਆਂ 'ਚ ਕੁੱਬ ਨਿਕਲਿਆ ਹੋਇਆ ਸੀ। ਉਹਦੇ ਵਾਲ ਖਿੱਲਰੇ ਹੋਏ ਲੱਗਦੇ ਸਨ ਤੇ ਉਹ ਖੁੱਥੜ ਜਿਹੀ ਲੱਗਦੀ ਸੀ। ਉਹਦਾ ਚਿਹਰਾ ਢਿਲਕਿਆ ਹੋਇਆ ਸੀ। ਜਦੋਂ ਉਹ ਬੋਲੀ ਤਾਂ ਉਹਦੀ ਆਵਾਜ਼ ਰੁਕਦੀ ਸੀ ਤੇ ਉਹਦਾ ਗਲ ਭਰ ਆਇਆ ਸੀ। ਮੈਂ ਇਤਨਾ ਹੈਰਾਨ ਹੋਇਆ ਕਿ ਮੈਂ ਸੋਚਿਆ ਕਿ ਉਹਦੇ ਪਰਿਵਾਰ ਵਿੱਚ ਕੋਈ ਮਰ ਗਿਆ ਸੀ। ਪ੍ਰੰਤੂ ਜਦੋਂ ਸਹਾਏ ਆਪਣੇ ਦਫ਼ਤਰ ਗਿਆ ਤਾਂ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਸ਼੍ਰੀਮਤੀ ਗਾਂਧੀ ਦਾ ਲੱਥਾ ਹੋਇਆ ਚਿਹਰਾ ਤੇ ਖੁੱਥੜ ਸ਼ਕਲ ਸੂਰਤ ਦਾ ਮਤਲਬ ਇਹੋ ਸੀ ਕਿ ਉਸ ਨੇ ਕੋਈ ਬਹੁਤ ਹੀ ਵੱਡਾ ਨਿਰਣਾ ਲਿਆ ਹੋਇਆ ਸੀ।"

ਉਸ ਰਾਤ 8 ਵਜੇ ਤੋਂ ਰਤਾ ਕੁ ਪਹਿਲਾਂ ਸਰਕਾਰੀ ਨਿਯੰਤਰਨ ਅਧੀਨ

ਆਕਾਸ਼ਵਾਣੀ ਤੇ ਦੂਰਦਰਸ਼ਨ ਨੇ ਆਪਣੇ ਪ੍ਰੋਗਰਾਮ ਰੋਕਦਿਆਂ ਐਲਾਨ ਕੀਤਾ ਕਿ ਪਰਧਾਨ ਮੰਤਰੀ 8.30 ਵਜੇ ਵਿਸ਼ੇਸ਼ ਪਰਸਾਰਨ ਕਰੇਗੀ। ਪਰ 8.30 ਵਜੇ ਤਾਂ ਬਿਲਕੁਲ ਚੁੱਪ ਸੀ। ਦੋ ਮਿੰਟ ਮਗਰੋਂ ਘੋਸ਼ਕ ਨੇ ਪਰਧਾਨ ਮੰਤਰੀ ਵੱਲੋਂ ਪਰਸਾਰਨ ਵਿੱਚ ਦੇਰੀ ਹੋਣ ਲਈ ਖਿਮਾ ਮੰਗੀ। ਵਾਸਤਵ ਵਿੱਚ ਸ਼੍ਰੀਮਤੀ ਗਾਂਧੀ ਸੰਚਾਰ ਮਾਧਿਅਮ 'ਤੇ ਪੌਣਾ ਘੰਟਾ ਦੇਰ ਨਾਲ ਪਹੁੰਚੀ। ਉਸ ਨੇ ਆਪਣੀ ਲਿਖਤ ਵਿੱਚ ਐਨ ਆਖਰੀ ਮੌਕੇ ਤਬਦੀਲੀਆਂ ਕੀਤੀਆਂ ਸਨ।

ਪਰਧਾਨ ਮੰਤਰੀ ਨੇ ਅਕਾਲੀ ਦਲ ਨੇਤਾਵਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਮੋਰਚੇ ਦੇ ਅਗਲੇ ਕਦਮ ਨੂੰ ਵਾਪਸ ਲੈ ਲੈਣ ਜਿਸ ਵਿੱਚ ਉਹਨਾਂ ਪੰਜਾਬ ਵਿੱਚ ਆਉਂਦੇ ਭਲਕ ਤੋਂ ਪੰਜਾਬ ਵਿੱਚੋਂ ਅਨਾਜ ਬਾਹਰ ਜਾਣ ਤੋਂ ਰੋਕ ਲਾਈ ਸੀ। ਉਸ ਨੇ ਕਿਹਾ, "ਇਸ ਆਖਰੀ ਘੜੀ ਵਿੱਚ ਵੀ ਮੈਂ ਅਕਾਲੀ ਨੇਤਾਵਾਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਅੰਦੋਲਨ ਦੀ ਧਮਕੀ ਵਾਪਸ ਲੈ ਲੈਣ ਤੇ ਉਸ ਸ਼ਾਂਤਮਈ ਸਮਝੌਤੇ ਦੇ ਢਾਂਚੇ ਨੂੰ ਪਰਵਾਨ ਕਰ ਲੈਣ ਜਿਸ ਦੀ ਅਸੀਂ ਪੇਸ਼ਕਸ਼ ਕੀਤੀ ਹੈ।" ਉਸ ਨੇ ਉਸ ਸਮਝੌਤੇ ਦੀ ਰੂਪ-ਰੇਖਾ ਤੇ ਸੰਖੇਪ ਸਾਰ ਵੀ ਦਿੱਤਾ ਜਿਸ ਵਿੱਚ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਸੀ ਕਿ ਸਰਕਾਰ ਨੇ ਚੰਡੀਗੜ੍ਹ ਦਾ ਨਿਪਟਾਰਾ ਕਰਨ ਲਈ ਕਮਿਸ਼ਨ ਦੀ ਨਿਯੁਕਤੀ ਦਾ ਸੁਝਾਅ ਦਿੱਤਾ ਸੀ। ਸ਼੍ਰੀਮਤੀ ਗਾਂਧੀ ਨੇ ਕਿਹਾ, "ਸਰਕਾਰ ਨੇ ਸੁਝਾਅ ਦਿੱਤਾ ਹੈ ਕਿ ਚੰਡੀਗੜ੍ਹ, ਅਬੋਹਰ ਤੇ ਫ਼ਾਜ਼ਿਲਕਾ ਸਣੇ ਸਮੁੱਚਾ ਇਲਾਕਾਈ ਝਗੜਾ ਕਮਿਸ਼ਨ ਦੇ ਹਵਾਲੇ ਕਰ ਦਿੱਤਾ ਜਾਵੇ ਜਿਸ ਦਾ ਫ਼ੈਸਲਾ ਮੰਨਣਾ ਦੋਹਾਂ ਰਾਜਾਂ ਲਈ ਲਾਜ਼ਮੀ ਹੋਵੇਗਾ। ਬਦਕਿਸਮਤੀ ਨਾਲ ਅਕਾਲੀ ਦਲ ਨੇ ਚੰਡੀਗੜ੍ਹ ਬਦਲੇ ਹਰਿਆਣੇ ਨੂੰ ਦਿੱਤੇ ਜਾਣ ਵਾਲੇ ਇਲਾਕਿਆਂ ਦਾ ਤਬਾਦਲਾ ਜਾਂ ਸਮੁੱਚਾ ਝਗੜਾ ਕਮਿਸ਼ਨ ਨੂੰ ਸੌਂਪਣ ਦਾ ਸੁਝਾਅ ਪਰਵਾਨ ਨਹੀਂ ਕੀਤਾ।" ਪ੍ਰੰਤੂ, ਸ਼੍ਰੀਮਤੀ ਗਾਂਧੀ ਨੇ ਰਾਸ਼ਟਰ ਨੂੰ ਇਹ ਨਹੀਂ ਦੱਸਿਆ ਸੀ ਕਿ ਸਰਕਾਰ ਤਾਂ ਕਮਿਸ਼ਨ ਨੂੰ ਇਹ ਜ਼ਾਮਨੀ ਦੇਣ ਲਈ ਪਾਬੰਦ ਕਰਨ ਲਈ ਵੀ ਤਿਆਰ ਸੀ ਕਿ ਉਹ ਫ਼ੈਸਲਾ ਅਕਾਲੀਆਂ ਦੇ ਹੱਕ ਵਿੱਚ ਦੇਵੇ। ਉਸ ਨੇ ਰਾਸ਼ਟਰ ਨੂੰ ਇਹ ਵੀ ਦੱਸਿਆ ਕਿ ਅਸਲੀ ਸਮੱਸਿਆ ਸਮਝੌਤੇ ਦੀਆਂ ਸ਼ਰਤਾਂ ਬਾਰੇ ਨਹੀਂ, ਸਗੋਂ ਉਹ ਹਕੀਕਤ ਸੀ ਜਿਸ ਕਾਰਨ ਮੋਰਚਾ ਅਕਾਲੀ ਦਲ ਤ੍ਰੈਮੂਰਤੀ ਭਾਵ ਲੌਂਗੋਵਾਲ, ਟੌਹੜਾ ਤੇ ਬਾਦਲ ਹੱਥੋਂ ਨਿਕਲ ਕੇ ਭਿੰਡਰਾਂਵਾਲੇ ਦੇ ਹੱਥਾਂ ਵਿੱਚ ਚਲਾ ਗਿਆ ਸੀ। ਉਸ ਨੇ ਕਿਹਾ, "ਜਿਹੜੀ ਹਕੀਕਤ ਸਾਮ੍ਹਣੇ ਉਭਰ ਕੇ ਆਈ ਹੈ, ਉਹ ਸਮਝੌਤੇ ਦੀ ਅਪੂਰਨਤਾ ਜਾਂ ਸਮਝੌਤੇ ਦੀਆਂ ਘਾਟਾਂ ਤੇ ਸਮੇਂ-ਸਮੇਂ ਸਰਕਾਰ ਵੱਲੋਂ ਅਕਾਲੀ ਦਲ ਦੀਆਂ ਵੱਖ-ਵੱਖ ਮੰਗਾਂ ਬਾਰੇ ਸਮਝੌਤੇ ਦੀਆਂ ਸ਼ਰਤਾਂ ਨਹੀਂ ਸਨ ਸਗੋਂ ਇਹ ਹਕੀਕਤ ਸੀ ਕਿ ਅੰਦੋਲਨ ਹੁਣ ਉਹਨਾਂ ਕੁਝ ਕੁ ਲੋਕਾਂ ਦੇ ਹੱਥ ਵਿੱਚ ਚਲਾ ਗਿਆ ਹੈ ਜਿਹਨਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਉੱਕਾ ਹੀ ਕੋਈ ਪਰਵਾਹ ਨਹੀਂ, ਤੇ ਪੰਜਾਬ ਵਿੱਚ ਸਦਭਾਵਨਾ, ਸ਼ਾਂਤੀ ਤੇ ਪੰਜਾਬ ਦੇ ਨਿਰੰਤਰ ਆਰਥਿਕ ਵਿਕਾਸ ਦੀ ਕੋਈ ਫ਼ਿਕਰ ਨਹੀਂ।"

ਪਰਧਾਨ ਮੰਤਰੀ ਨੇ ਸਮਝੌਤੇ ਦੀ ਗੱਲਬਾਤ ਸ਼ੁਰੂ ਕਰਨ ਦੀ ਪੇਸ਼ਕਸ਼ ਵੀ ਦੁਹਰਾਈ ਪਰ ਨਾਲ ਇਹ ਤਾੜਨਾ ਵੀ ਕੀਤੀ ਕਿ "ਭਾਵੇਂ ਸਰਕਾਰ ਸਭ ਲਟਕਦੇ ਮਸਲੇ ਗੱਲਬਾਤ ਰਾਹੀਂ ਹੱਲ ਕਰਨ ਲਈ ਪ੍ਰਤਿਬੱਧ ਹੈ ਪਰ ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਕੋਈ ਵੀ ਸਰਕਾਰ ਮਸਲੇ ਦੇ ਹੱਲ ਲਈ ਆਤੰਕਵਾਦ ਤੇ ਹਿੰਸਾ ਦੀਆਂ ਆਗਿਆ ਨਹੀਂ ਦੇ

ਸਕਦੀ। ਜਿਹੜੇ ਅਜਿਹੀਆਂ ਸਮਾਜ-ਵਿਰੋਧੀ ਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਕਰਨਗੇ, ਉਹਨਾਂ ਨੂੰ ਇਸ ਸਬੰਧੀ ਕਿਸੇ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ।"

ਸ੍ਰੀਮਤੀ ਗਾਂਧੀ ਦੀ ਆਪਣੀ ਸਿਆਸੀ ਮਜਬੂਰੀ ਤੇ ਦੁਬਿਧਾ ਸਪੱਸ਼ਟ ਸੀ। ਭਾਰਤ ਦੇ ਲੋਕਾਂ ਦਾ ਉਹਦੇ ਵੱਲੋਂ ਕਾਰਵਾਈ ਕਰਨ ਦੀ ਸਮਰਥਾ ਵਿੱਚ ਵਿਸ਼ਵਾਸ ਮੁੱਕਦਾ ਜਾ ਰਿਹਾ ਸੀ। ਉਸ ਨੇ ਸੱਚਮੁੱਚ ਹੀ ਆਪਣੇ ਪਰਸਾਰਨ ਵਿੱਚ ਇਸ ਦਾ ਇਕਬਾਲ ਕੀਤਾ ਜਦ ਉਸ ਨੇ ਕਿਹਾ, "ਮੇਰੇ ਮਨ ਵਿੱਚ ਸਭ ਤੋਂ ਉੱਪਰ ਪੰਜਾਬ ਦਾ ਫ਼ਿਕਰ ਹੈ। ਸਾਰੇ ਮੁਲਕ ਨੂੰ ਗੰਭੀਰ ਚਿੰਤਾ ਹੈ। ਇਸ ਬਾਰੇ ਬਾਰ-ਬਾਰ ਚਰਚਾ ਕੀਤੀ ਗਈ ਹੈ। ਫਿਰ ਵੀ ਇਹ ਅਟੱਲ ਪਰਭਾਵ ਬਣ ਗਿਆ ਹੈ ਕਿ ਮਸਲੇ ਨੂੰ ਨਜਿੱਠਿਆ ਨਹੀਂ ਜਾ ਰਿਹਾ।" ਪਰਧਾਨ ਮੰਤਰੀ ਨੇ ਰਾਸ਼ਟਰ ਦੇ ਨਾਮ ਪਰਸਾਰਨ ਵਿੱਚ ਬੜੀ ਟਣਕਾਰ ਕੇ ਇਹ ਬੇਨਤੀ ਕੀਤੀ, "ਆਓ ਅਸੀਂ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਲਈ ਇਕੱਠੇ ਹੋ ਕੇ ਅੱਗੇ ਵਧੀਏ। ਜਿਹਨਾਂ ਨੇ ਆਪਣੀਆਂ ਜਾਨਾਂ ਵਾਰੀਆਂ ਹਨ ਉਹਨਾਂ ਲਈ ਵਧੀਆ ਸਮਾਰਕ ਉਸ ਪੰਜਾਬ ਵਿੱਚ ਸ਼ਾਂਤੀ ਤੇ ਆਮ ਹਾਲਤ ਦੀ ਪੁਨਰ-ਸਥਾਪਨਾ ਹੈ, ਜਿਸ ਨੂੰ ਉਹ ਪਿਆਰ ਕਰਦੇ ਸਨ ਤੇ ਜਿਸ ਦੀ ਉਹਨਾਂ ਨੇ ਸੇਵਾ ਕੀਤੀ ਸੀ। ਮੈਂ ਪੰਜਾਬੀਆਂ ਦੇ ਸਾਰੇ ਵਰਗਾਂ ਨੂੰ ਬੇਨਤੀ ਕਰਦੀ ਹਾਂ ਕਿ ਲਹੂ ਨਾ ਵਹਾਓ, ਘਿਰਨਾ ਸਮਾਪਤ ਕਰੋ।" ਪਰ ਪਰਧਾਨ ਮੰਤਰੀ ਇਹ ਫ਼ੈਸਲਾ ਤਾਂ ਪਹਿਲਾਂ ਹੀ ਲੈ ਚੁੱਕੀ ਸੀ ਕਿ ਜੇ ਲੋੜ ਪਈ ਤਾਂ ਲਹੂ ਵੀ ਵਹਾਏਗੀ।

ਉਸ ਪਰਸਾਰਨ ਤੋਂ ਥੋੜ੍ਹਾ ਚਿਰ ਮਗਰੋਂ ਹੀ ਆਕਾਸ਼ਵਾਣੀ ਤੋਂ ਘੋਸ਼ਣਾ ਕਰ ਦਿੱਤੀ ਗਈ ਕਿ ਪੰਜਾਬ ਵਿੱਚ ਸਿਵਲ ਪਰਸ਼ਾਸਨ ਦੀ ਸਹਾਇਤਾ ਲਈ ਫ਼ੌਜ ਬੁਲਾ ਲਈ ਗਈ ਸੀ। ਇਹ ਉਹ ਉਕਤੀ ਸੀ ਜੋ ਅੰਗਰੇਜ਼ ਸੈਨਿਕ ਨੇਮਾਵਲੀ ਵਿੱਚ ਆਪਣੇ ਪਿੱਛੇ ਛੱਡ ਗਏ ਸਨ ਤੇ ਜਿਸ ਨਾਲ ਭਾਰਤੀ ਫ਼ੌਜ ਆਪਣੀਆਂ ਬਹੁਤ ਸਾਰੀਆਂ ਕਾਰਵਾਈਆਂ ਦਾ ਸੰਚਾਲਨ ਕਰਦੀ ਹੈ। ਆਜ਼ਾਦੀ ਮਗਰੋਂ ਸਿਵਲ ਪਰਸ਼ਾਸਨ ਦੀ ਸਹਾਇਤਾ ਲਈ ਕਈ ਵਾਰ ਫ਼ੌਜ ਬੁਲਾਈ ਗਈ ਸੀ ਪਰ ਇਹ ਪਹਿਲੀ ਵਾਰ ਸੀ ਕਿ ਇਕ ਵੱਡੇ ਰਾਜ ਦੀ ਸਰਕਾਰ ਨੇ ਸੁਰੱਖਿਆ ਦੀ ਸਾਰੀ ਜ਼ੁੰਮੇਵਾਰੀ ਸੈਨਿਕਾਂ ਦੇ ਹਵਾਲੇ ਕਰ ਦਿੱਤੀ ਸੀ। ਆਕਾਸ਼ਵਾਣੀ ਤੋਂ ਇਹ ਐਲਾਨ ਕੀਤਾ ਗਿਆ ਕਿ ਮੇਜਰ ਜਨਰਲ ਰਣਜੀਤ ਸਿੰਘ ਦਿਆਲ, ਜੋ ਪੱਛਮੀ ਕਮਾਨ ਦਾ ਚੀਫ਼ ਔਫ਼ ਸਟਾਫ਼ ਸੀ, ਉਹ ਪੰਜਾਬ ਦੇ ਰਾਜਪਾਲ ਦੇ ਸੁਰੱਖਿਆ ਸਲਾਹਕਾਰ ਦੀ ਪ੍ਰਮੁੱਖ ਪਦਵੀ ਸੰਭਾਲੇਗਾ ਤੇ ਪੁਲਸ ਜੋ ਆਮ ਕਰਕੇ ਸਰਕਾਰ ਦਾ ਕੰਮ ਕਾਜ ਚਲਾਉਂਦੀ ਹੈ, ਫ਼ੌਜ ਦੇ ਸਮੁੱਚੇ ਕੰਟਰੋਲ ਅਧੀਨ ਰਹੇਗੀ। ਉਸ ਦਾ ਅਰਥ ਮੈਨੂੰ ਅਗਲੇ ਦਿਨ ਸਪੱਸ਼ਟ ਹੋ ਗਿਆ ਜਦ ਮੈਂ ਸਵਰਨ ਮੰਦਰ ਵਿੱਚ ਗਿਆ।

ਮੈਂ ਵੇਖਿਆ ਕਿ ਸਵਰਨ ਮੰਦਰ ਸਮੂਹ ਨੂੰ ਬਿਹਾਰ ਪਲਟਨ ਦੇ ਫ਼ੌਜੀਆਂ ਨੇ ਘੇਰਿਆ ਹੋਇਆ ਸੀ ਜਿਹੜੇ ਰਾਤੋ ਰਾਤ ਉੱਥੇ ਪਹੁੰਚ ਗਏ ਸਨ। ਕਰਫ਼ਿਊ ਵਿੱਚ ਕੁੱਝ ਢਿੱਲ ਦਿੱਤੀ ਗਈ ਸੀ ਤੇ ਹਿੰਦੂ, ਫ਼ੌਜੀਆਂ ਨਾਲ ਖ਼ੁਸ਼ੀ-ਖ਼ੁਸ਼ੀ ਗੱਲਬਾਤ ਕਰ ਰਹੇ ਸਨ। ਹਿੰਦੂ ਫ਼ੌਜ ਵੇਖ ਕੇ ਖ਼ੁਸ਼ ਹੋ ਗਏ। ਉਹਨਾਂ ਨੂੰ ਪੱਕਾ ਵਿਸ਼ਵਾਸ ਸੀ ਕਿ ਉਹਨਾਂ ਦੀ ਮੁਸੀਬਤ ਦੇ ਦਿਨ ਖ਼ਤਮ ਹੋ ਗਏ ਸਨ। ਇਕ ਦੁਕਾਨਦਾਰ ਨੇ ਮੈਨੂੰ ਕਿਹਾ, "ਹੁਣ ਅਸੀਂ ਉਹਨਾਂ ਸਿੱਖਾਂ ਤੋਂ ਬਦਲਾ ਲੈ ਹੀ ਲਵਾਂਗੇ।" ਜਦੋਂ ਮੈਂ ਪੁੱਛਿਆ ਕਿ ਉਸ ਦੇ ਖ਼ਿਆਲ ਵਿੱਚ ਫ਼ੌਜ ਕੀ ਕਰੇਗੀ ਤਾਂ ਉਸ ਨੇ ਉੱਤਰ ਦਿੰਦਿਆਂ ਕਿਹਾ, "ਉਹ ਜ਼ਰੂਰ ਹੁਣ ਅੰਦਰ

ਜਾਏਗੀ। ਕੀ ਨਹੀਂ ਜਾਏਗੀ ?" ਹਿੰਦੂ ਦੁਕਾਨਦਾਰ ਸਹੀ ਸਾਬਤ ਹੋਇਆ।

ਭਾਰਤ ਦੇ ਰਾਸ਼ਟਰਪਤੀ ਜ਼ੈਲ ਸਿੰਘ ਨੂੰ, ਜੋ ਆਪਣੇ ਪਦ ਦੇ ਹਿਸਾਬ ਨਾਲ ਹਥਿਆਰਬੰਦ ਸੈਨਾ ਦਾ ਕਮਾਂਡਰ-ਇਨ-ਚੀਫ਼ ਹੈ, ਇਹ ਜਾਣਕਾਰੀ ਨਹੀਂ ਦਿੱਤੀ ਗਈ ਸੀ। ਫ਼ੌਜ ਨੂੰ ਸਵਰਨ ਮੰਦਰ ਵਿੱਚ ਦਾਖ਼ਲ ਹੋ ਕੇ ਉਸ ਆਦਮੀ ਨੂੰ ਗਰਿਫ਼ਤਾਰ ਕਰਨ ਜਾਂ ਮਾਰ ਦੇਣ ਲਈ ਭੇਜਿਆ ਗਿਆ ਸੀ ਜਿਸ ਨੂੰ ਉਸ ਨੇ ਇਕ ਅਗਿਆਤ ਪਰਚਾਰਕ ਤੋਂ ਨੇਤਾ ਬਣਾ ਦਿੱਤਾ ਸੀ ਜੋ ਹੁਣ ਭਾਰਤ ਦੀ ਏਕਤਾ ਲਈ ਖ਼ਤਰਾ ਬਣ ਗਿਆ ਸੀ। ਰਾਸ਼ਟਰਪਤੀ ਨੇ ਆਪਣੇ ਉੱਤਰ-ਪੂਰਬੀ ਭਾਰਤ ਦੇ ਦੌਰੇ ਨੂੰ ਸੰਖਿਪਤ ਕਰਕੇ ਸਮਾਪਤ ਕਰ ਦਿੱਤਾ ਕਿਉਂਕਿ ਉਹ ਪੰਜਾਬ ਦੇ ਪਿੰਡਾਂ ਵਿੱਚ ਵੱਧ ਰਹੇ ਕਤਲਾਂ ਤੋਂ ਚਿੰਤਤ ਸੀ ਤੇ 30 ਮਈ ਨੂੰ ਉਸ ਨੇ ਦਿੱਲੀ ਵਿੱਚ ਲਾਲ ਪੱਥਰ ਦੇ ਵਿਸ਼ਾਲ ਰਾਸ਼ਟਰਪਤੀ ਮਹਿਲ ਵਿੱਚ ਸ਼੍ਰੀਮਤੀ ਗਾਂਧੀ ਨਾਲ ਮੁਲਾਕਾਤ ਕੀਤੀ। ਪ੍ਰੰਤੂ ਜ਼ੈਲ ਸਿੰਘ ਦੇ ਅਧਿਕਾਰੀਆਂ ਅਨੁਸਾਰ ਪਰਧਾਨ ਮੰਤਰੀ ਨੇ ਸਵਰਨ ਮੰਦਰ ਵਿੱਚ ਫ਼ੌਜ ਭੇਜਣ ਦੀ ਸੰਭਾਵਨਾ ਦਾ ਜ਼ਿਕਰ ਨਾ ਕੀਤਾ। ਉਸ ਨੇ ਅਕਾਲੀਆਂ ਨਾਲ ਸਮਝੌਤੇ 'ਤੇ ਪਹੁੰਚਣ ਲਈ ਇਕ ਨਵੇਂ ਫ਼ਾਰਮੂਲੇ ਉੱਪਰ ਦੋ ਘੰਟੇ ਵਿਚਾਰ ਚਰਚਾ ਕੀਤੀ।

ਸ਼੍ਰੀਮਤੀ ਗਾਂਧੀ ਦੇ ਪਰਸਾਰਨ ਵਾਲੇ ਦਿਨ ਅਰਧ ਸੈਨਿਕ ਪੁਲਸ ਤੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਵਿਚਕਾਰ ਸਵਰਨ ਮੰਦਰ ਸਮੂਹ ਦੇ ਅੰਦਰ ਤੇ ਬਾਹਰ 12.40 ਨੂੰ ਗੋਲੀਬਾਰੀ ਸ਼ੁਰੂ ਹੋਈ ਜੋ ਉਸ ਸ਼ਾਮ 7.00 ਵਜੇ ਤੱਕ ਚਲਦੀ ਰਹੀ। ਇਕ ਅਨੁਭਵੀ ਸੀ.ਆਰ.ਪੀ. ਅਧਿਕਾਰੀ ਨੇ ਮੈਨੂੰ ਦੱਸਿਆ ਕਿ ਅਜਿਹੀ ਭਾਰੀ ਗੋਲਾਬਾਰੀ ਦਾ ਉਸ ਨੂੰ ਪਹਿਲਾਂ ਕੋਈ ਅਨੁਭਵ ਨਹੀਂ ਸੀ। ਅਗਲੇ ਦਿਨ ਮੈਂ ਸਵਰਨ ਮੰਦਰ ਤੇ ਸਰਾਂ ਸਮੂਹ ਵਿੱਚ ਗੋਲੀਆਂ ਦੇ ਨਿਸ਼ਾਨ ਵੇਖੇ। ਲੰਗਰ ਦੀ ਇਮਾਰਤ ਵਿੱਚ ਵੀ ਗੋਲੀਆਂ ਨਾਲ ਹੋਏ ਸੁਰਾਖ਼ ਸਨ ਜਿੱਥੇ ਭਿੰਡਰਾਂਵਾਲਾ ਗੋਲੀ ਚੱਲਣ ਵੇਲੇ ਆਪਣੀ ਸਵੇਰ ਦੀ ਸਭਾ ਲਗਾਈ ਬੈਠਾ ਸੀ ਤੇ ਲੌਂਗੋਵਾਲ ਦੇ ਦਫ਼ਤਰ ਦੀ ਖਿੜਕੀ ਹੇਠਾਂ ਵੀ ਗੋਲੀਆਂ ਨਾਲ ਮੋਰੀਆਂ ਹੋਈਆਂ ਪਈਆਂ ਸਨ। ਸਵਰਨ ਮੰਦਰ ਸਮੂਹ ਦੇ ਕੇਂਦਰ ਵਿੱਚ ਪਵਿੱਤਰ ਸਰੋਵਰ ਦੀ ਸੰਗਮਰਮਰ ਦੀ ਪਰਿਕ੍ਰਮਾ ਕਈ ਥਾਵਾਂ ਤੋਂ ਉੱਖੜੀ ਹੋਈ ਸੀ ਤੇ ਗੁੱਸੇ 'ਚ ਆਏ ਸਿੱਖਾਂ ਨੇ ਸਵਰਨ ਮੰਦਰ ਵਿੱਚ ਵੀ ਲਾਲ ਘੇਰਿਆਂ ਵਿੱਚ ਗੋਲੀਆਂ ਨਾਲ ਹੋਈਆਂ ਮੋਰੀਆਂ (ਸੁਰਾਖ਼) ਦਿਖਾਈਆਂ। ਉਹਨਾਂ ਵਿੱਚੋਂ ਕੁਝ ਮੋਰੀਆਂ ਇਤਨੀਆਂ ਵੱਡੀਆਂ ਸਨ ਕਿ ਉਹ ਗੋਲੀਆਂ ਨਾਲ ਬਣਾਈਆਂ ਨਹੀਂ ਹੋ ਸਕਦੀਆਂ ਸਨ। ਉਹ ਸੁਰਾਖ਼ ਲੰਮੇ ਸਮੇਂ ਦੀ ਟੁੱਟ ਭੱਜ ਕਾਰਨ ਬਣੇ ਸਨ ਜਦੋਂ ਕਿਸੇ ਨੇ ਭਿੰਡਰਾਂਵਾਲੇ ਦਾ ਨਾਮ ਵੀ ਨਹੀਂ ਸੁਣਿਆ ਹੋਵੇਗਾ ਭਾਵੇਂ ਉਹਨਾਂ ਉਦਾਲੇ ਤਾਬੇਦਾਰੀ ਨਾਲ ਲਾਲ ਰੰਗ ਦਾ ਚੱਕਰ ਲਗਾਇਆ ਗਿਆ ਸੀ।

ਸੀ.ਆਰ.ਪੀ. ਦੀ ਗੋਲਾਬਾਰੀ ਮੰਦਰ ਵਿੱਚ ਦਾਖ਼ਲ ਹੋਣ ਤੋਂ 4 ਦਿਨ ਪਹਿਲਾਂ ਹੋਈ ਸੀ। ਸੈਨਿਕ ਵਿਸ਼ੇਸ਼ਗਾਂ ਦਾ ਵਿਸ਼ਵਾਸ ਹੈ ਕਿ ਇਹ ਇਕ ਸੋਚੀ ਸਮਝੀ ਵਿਉਂਤ ਅਨੁਸਾਰ ਕੀਤਾ ਗਿਆ ਯਤਨ ਸੀ ਤਾਂ ਜੋ ਭਿੰਡਰਾਂਵਾਲਾ ਗੋਲੀਬਾਰੀ ਕਰੇ ਜਿਸ ਨਾਲ ਉਸ ਦੀ ਸਥਿਤੀ, ਇੰਤਜ਼ਾਮ ਤੇ ਹਥਿਆਰਾਂ ਬਾਰੇ ਪਤਾ ਲੱਗ ਸਕੇ। ਜੇ ਉਦੇਸ਼ ਇਹ ਸੀ ਤਾਂ ਇਹ ਅਭਿਆਸ ਸਫਲ ਨਾ ਹੋਇਆ। ਜਦੋਂ ਫ਼ੌਜ ਆਖਰਕਾਰ ਸਵਰਨ ਮੰਦਰ ਵਿੱਚ ਦਾਖ਼ਲ ਹੋਈ, ਤਾਂ ਜਰਨੈਲਾਂ ਦੇ ਆਪਣੇ ਇਕਬਾਲ ਅਨੁਸਾਰ ਉਹ ਇਹ ਵੇਖ ਕੇ ਬੁਚੱਕੇ ਰਹਿ ਗਏ ਤੇ ਫ਼ੌਜ ਨੂੰ ਅਜਿਹੀ ਲੜਾਈ ਲੜਨੀ ਪਈ ਜਿਸ ਦਾ ਉਹਨਾਂ ਨੂੰ ਕੋਈ ਅੰਦਾਜ਼ਾ ਨਹੀਂ

ਸੀ। ਮੇਰਾ ਅਨੁਮਾਨ ਹੈ ਕਿ ਸੀ. ਆਰ. ਪੀ. ਦੀ ਗੋਲਾਬਾਰੀ ਭਿੰਡਰਾਂਵਾਲੇ ਨੂੰ ਸਮਰਪਨ ਕਰਨ ਲਈ ਡਰਾਉਣ ਦੀ ਕਾਰਵਾਈ ਸੀ ਤੇ ਇਹ ਯਤਨ ਉਸ ਆਖ਼ਰੀ ਘੜੀ ਤੱਕ ਵੀ ਜਾਰੀ ਰਿਹਾ ਜਦੋਂ ਆਖ਼ਰਕਾਰ ਚਾਰ ਦਿਨ ਮਗਰੋਂ ਫ਼ੌਜ ਸਵਰਨ ਮੰਦਰ ਵਿੱਚ ਦਾਖ਼ਲ ਹੋਈ।

ਮੈਂ ਭਿੰਡਰਾਂਵਾਲੇ ਨੂੰ ਗੋਲੀਬਾਰੀ ਵਾਲੇ ਦਿਨ ਦੇ ਪਿੱਛੋਂ ਮਿਲਿਆ ਸੀ। ਉਹ ਉਸ ਸਮੇਂ ਅਕਾਲ ਤਖ਼ਤ ਉੱਪਰ ਸੀ ਤੇ ਲੰਗਰ ਦੀ ਛੱਤ ਉੱਪਰ ਨਹੀਂ ਸੀ, ਭਾਵੇਂ ਉਸ ਨੇ ਕਿਹਾ ਸੀ ਕਿ ਉਹ ਆਪਣੀ ਸਵੇਰ ਦੀ ਸਭਾ ਉੱਥੇ ਹੀ ਲਗਾਏਗਾ। ਜਦੋਂ ਮੈਂ ਉਸ ਨੂੰ ਗੋਲੀਬਾਰੀ ਬਾਰੇ ਪੁੱਛਿਆ ਤਾਂ ਉਸ ਨੇ ਉੱਤਰ ਦਿੱਤਾ, "ਗੋਲੀਬਾਰੀ ਤੋਂ ਪਤਾ ਲੱਗਦਾ ਹੈ ਕਿ ਸਰਕਾਰ ਸਵਰਨ ਮੰਦਰ ਦੀ ਬੇਅਦਬੀ ਕਰਨਾ ਚਾਹੁੰਦੀ ਹੈ ਤੇ ਉਹ ਸਿੱਖਾਂ ਦੀ ਸ਼ਕਲ ਸੂਰਤ ਤੇ ਉਹਨਾਂ ਦੇ ਜੀਵਨ ਆਚਾਰ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ।" ਉਸ ਨੇ ਵਚਨ ਦਿੱਤਾ ਕਿ ਜੇ ਫ਼ੌਜ ਨੇ ਸਵਰਨ ਮੰਦਰ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਹ ਢੁੱਕਵਾਂ ਉੱਤਰ ਦੇਵੇਗਾ ਤੇ ਉਸ ਨੇ ਉਹਨਾਂ ਨੂੰ ਢੁੱਕਵਾਂ ਉੱਤਰ ਦਿੱਤਾ ਸੀ। ਪਰ ਉਸ ਦਿਨ ਭਿੰਡਰਾਂਵਾਲਾ ਆਮ ਵਾਂਗ ਤਨਾਅ ਰਹਿਤ ਨਹੀਂ ਸੀ। ਉਹ ਸਪੱਸ਼ਟ ਰੂਪ ਵਿੱਚ ਕਿਸੇ ਤਨਾਅ ਹੇਠ ਸੀ ਤੇ ਆਮ ਦਿਨਾਂ ਵਾਂਗ ਉਹ ਪੱਤਰਕਾਰਾਂ ਨਾਲ ਮਖ਼ੌਲਬਾਜ਼ੀ ਨਹੀਂ ਕਰ ਰਿਹਾ ਸੀ। ਆਮ ਤੌਰ 'ਤੇ ਸੰਤ ਨੂੰ ਫ਼ਿਲਮਾਏ ਜਾਣ ਤੋਂ ਬਿਨਾਂ ਕੋਈ ਹੋਰ ਚੀਜ਼ ਜ਼ਿਆਦਾ ਪਸੰਦ ਨਹੀਂ ਸੀ ਪਰ ਅੱਜ ਜਦੋਂ ਇਕ ਟੈਲੀਵਿਜ਼ਨ ਟੋਲੀ ਨੇ ਉਸ ਨੂੰ ਫ਼ਿਲਮਾਉਣ ਲਈ ਪੁੱਛਿਆ ਤਾਂ ਉਹ ਬੜਾ ਹੀ ਕਾਹਲਾ ਸੀ। ਉਹਨਾਂ ਨੇ ਉਸ ਨੂੰ ਕੁਝ ਦੇਰ ਉਡੀਕਣ ਲਈ ਕਿਹਾ ਜਦ ਤੱਕ ਕਮਰੇ ਵਿੱਚ ਉਹ ਰੋਸ਼ਨੀ ਆਦਿ ਦਾ ਪਰਬੰਧ ਨਹੀਂ ਕਰ ਲੈਂਦੇ। ਸੰਤ ਨੇ ਗ਼ੁੱਸੇ ਵਿੱਚ ਕਿਹਾ, "ਤੁਹਾਨੂੰ ਕਾਹਲੀ ਕਰਨੀ ਪਵੇਗੀ। ਮੇਰੇ ਕੋਲ ਕਰਨ ਲਈ ਹੋਰ ਕਈ ਜ਼ਰੂਰੀ ਕੰਮ ਹਨ।"

ਅਗਲੇ ਦਿਨ ਭਿੰਡਰਾਂਵਾਲਾ ਆਪਣੀ ਔਖ ਤੇ ਕਠਨਾਈ ਵਿੱਚੋਂ ਉੱਭਰ ਕੇ ਧੀਰਜ ਤੇ ਸੰਤੁਲਨ ਦੀ ਸਥਿਤੀ ਵਿੱਚ ਆ ਗਿਆ ਸੀ। ਸੁਭਾਸ਼ ਕਿਰਪੇਕਾਰ ਉਹਨਾਂ ਪੱਤਰਕਾਰਾਂ ਵਿੱਚ ਸੀ ਜੋ ਫ਼ੌਜ ਵੱਲੋਂ ਮੰਦਰ ਸਮੂਹ ਨੂੰ ਘੇਰਾ ਪਾਏ ਜਾਣ ਪਿੱਛੋਂ ਸੰਤ ਨੂੰ ਮਿਲਣ ਗਏ। ਭਿੰਡਰਾਂਵਾਲੇ ਨੂੰ ਇਹ ਯਕੀਨ ਨਹੀਂ ਸੀ ਕਿ ਫ਼ੌਜ ਦਾ ਹਮਲਾ ਹੋਣ ਵਾਲਾ ਸੀ। ਉਸ ਨੇ ਕਿਰਪੇਕਾਰ ਨੂੰ ਕਿਹਾ, "ਫ਼ੌਜ ਉਸ ਤਰ੍ਹਾਂ ਹੀ ਉਦਾਲੇ ਘੁੰਮਦੀ ਰਹੇਗੀ ਜਿਵੇਂ ਕੇਂਦਰੀ ਰੀਜ਼ਰਵ ਪੁਲਸ ਤੇ ਸੀਮਾ ਸੁਰੱਖਿਆ ਬਲ ਪਿਛਲੇ ਦੋ ਸਾਲਾਂ ਤੋਂ ਘੁੰਮਦੇ ਰਹੇ ਹਨ।" ਉਸ ਨੇ ਇਸ ਟਿੱਪਣੀ ਨੂੰ ਥੋੜ੍ਹਾ ਜਿਹਾ ਸੰਕੋਚ ਸਹਿਤ ਵਰਨਨ ਕਰਦਿਆਂ ਹੋਇਆਂ ਕਿਹਾ, "ਫ਼ੌਜ ਦੇ ਦਾਖ਼ਲੇ ਦੇ ਸਮੇਂ ਤੇ ਇਸ ਦੇ ਪਰਭਾਵ ਬਾਰੇ ਅਜੇ ਕੁਝ ਕਹਿਣਾ ਅਗੇਤਰਾ ਹੈ। ਥੋੜ੍ਹੇ ਦਿਨਾਂ ਵਿੱਚ ਹੀ ਉਹਨਾਂ ਦੀ ਨੀਅਤ ਤੇ ਚਾਲਿਆਂ (ਵਰਤਾਰੇ) ਦਾ ਪਤਾ ਲੱਗ ਜਾਵੇਗਾ।" ਕਿਰਪੇਕਾਰ ਨੇ ਭਿੰਡਰਾਂਵਾਲੇ ਨੂੰ ਪੁੱਛਿਆ, "ਕੀ ਤੁਹਾਡੇ 'ਤੇ ਫ਼ੌਜ ਜ਼ਿਆਦਾ ਗਿਣਤੀ ਕਾਰਨ ਭਾਰੂ ਨਹੀਂ ਹੋਵੇਗੀ ਜਿਸ ਕੋਲ ਵਧੀਆ ਹਥਿਆਰ ਵੀ ਹਨ ?" ਸੰਤ ਨੇ ਇਕ ਚੰਗੇ ਧਰਮ ਪਰਚਾਰਕ ਵਾਂਗ ਦ੍ਰਿਸ਼ਟਾਂਤ ਦਿੰਦਿਆਂ ਕਿਹਾ, "ਭੇਡਾਂ ਦੀ ਗਿਣਤੀ ਸ਼ੇਰਾਂ ਨਾਲੋਂ ਸਦਾ ਹੀ ਜ਼ਿਆਦਾ ਹੁੰਦੀ ਹੈ, ਪ੍ਰੰਤੂ ਇਕ ਸ਼ੇਰ ਹੀ ਹਜ਼ਾਰਾਂ ਭੇਡਾਂ ਨਾਲ ਨਜਿੱਠ ਲੈਂਦਾ ਹੈ। ਜਦੋਂ ਸ਼ੇਰ ਸੁੱਤਾ ਹੁੰਦਾ ਹੈ, ਤਾਂ ਪੰਛੀ ਚਹਿਚਹਾਉਂਦੇ ਹਨ; ਜਦੋਂ ਜਾਗਦਾ ਹੈ ਤਾਂ ਪੰਛੀ ਉਡਾਰੀ ਮਾਰ ਜਾਂਦੇ ਹਨ। ਫਿਰ ਚੁੱਪ ਛਾ ਜਾਂਦੀ ਹੈ।" ਆਖ਼ਰ ਤਕ

ਉਹ ਇਹ ਦਾਅਵੇ ਨਾਲ ਕਹਿੰਦਾ ਰਿਹਾ ਕਿ ਉਹ ਉਹਨਾਂ ਕਤਲਾਂ ਲਈ ਜ਼ੁੰਮੇਂਵਾਰ ਨਹੀਂ ਸੀ ਜਿਸ ਕਾਰਨ ਫ਼ੌਜ ਸਵਰਨ ਮੰਦਰ ਦੇ ਪਰਵੇਸ਼ ਦੁਆਰਾਂ ਤਕ ਪਹੁੰਚ ਗਈ ਸੀ। ਜਦੋਂ ਕਿਰਪੇਕਾਰ ਨੇ ਪੁੱਛਿਆ ਕਿ ਹਿੰਸਾ ਰੋਕਣ ਲਈ ਕੀ ਕੀਤਾ ਜਾ ਸਕਦਾ ਸੀ ਤਾਂ ਉਸ ਨੇ ਉੱਤਰ ਦਿੱਤਾ, "ਉਹਨਾਂ ਨੂੰ ਪੁੱਛੋ ਜੋ ਇਸ ਲਈ ਜ਼ੁੰਮੇਂਵਾਰ ਹਨ।" ਜਦੋਂ ਸੰਤ ਨੂੰ ਪੁੱਛਿਆ ਗਿਆ ਕਿ ਕੀ ਉਸ ਨੂੰ ਮੌਤ ਤੋਂ ਡਰ ਆਉਂਦਾ ਹੈ, ਤਾਂ ਸੰਤ ਨੇ ਕਿਹਾ, "ਉਹ ਸਿੱਖ ਹੀ ਨਹੀਂ ਜੋ ਮੌਤ ਤੋਂ ਡਰਦਾ ਹੈ, ਮੌਤ ਤੋਂ ਡਰਨ ਵਾਲਾ ਸਿੱਖ ਹੀ ਨਹੀਂ ਹੁੰਦਾ।"

ਮੇਜਰ ਜਨਰਲ ਸ਼ਾਹਬੇਗ ਸਿੰਘ, ਜੋ ਸਵਰਨ ਮੰਦਰ ਦੀ ਸੁਰੱਖਿਆ ਦਾ ਦਿਮਾਗ਼ ਸੀ, ਵੀ ਕਮਰੇ ਵਿੱਚ ਹੀ ਸੀ। ਭਾਰਤੀ ਫ਼ੌਜ ਵਿੱਚ ਆਪਣੇ ਲੰਮੇ ਸਮੇਂ ਦੇ ਤਜਰਬੇ ਤੋਂ ਅਪਮਾਨਿਤ ਜਰਨੈਲ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਫ਼ੌਜੀ ਕੀ ਕਰਨ ਜਾ ਰਹੇ ਸਨ। ਜਦੋਂ ਕਿਰਪੇਕਾਰ ਨੇ ਉਸ ਨੂੰ ਪੁੱਛਿਆ ਕਿ ਫ਼ੌਜੀ ਕਾਰਵਾਈ ਹੋਣ ਦੀ ਉਸ ਨੂੰ ਕਦੋਂ ਉਮੀਦ ਹੈ ਤਾਂ ਉਸ ਨੇ ਉੱਤਰ ਦਿੱਤਾ, "ਭਾਵੇਂ ਅੱਜ ਰਾਤ ਨੂੰ ਹੀ ਇਹ ਸ਼ੁਰੂ ਹੋ ਜਾਵੇ।"

ਮੇਜਰ ਜਨਰ ਸ਼ਾਹਬੇਗ ਸਿੰਘ ਤਾਂ ਆਖ਼ਰੀ ਦਮ ਤਕ ਲੜਦਾ ਰਿਹਾ ਸੀ ਪਰ 200 ਜਵਾਨ ਸਿੱਖ ਉਸ ਸਵੇਰ ਸਵਰਨ ਮੰਦਰ ਸਮੂਹ ਵਿੱਚੋਂ ਬਾਹਰ ਨਿਕਲ ਗਏ ਜਦੋਂ ਸਿਵਲ ਪਰਸ਼ਾਸਨ ਨੇ ਸਵਰਨ ਮੰਦਰ ਦੇ ਰਚਨਾਕਾਰ ਦੇ ਸ਼ਹੀਦੀ ਗੁਰਪੁਰਬ ਮਨਾਉਣ ਲਈ ਸਿੱਖਾਂ ਨੂੰ ਆਗਿਆ ਦੇਣ ਲਈ ਕਰਫ਼ਿਊ ਹਟਾ ਦਿੱਤਾ। ਗਿਆਨੀ ਬਖ਼ਸ਼ੀਸ਼ ਸਿੰਘ ਨੇ, ਜੋ ਅਕਾਲ ਤਖ਼ਤ ਦੇ ਪਿਛਵਾੜੇ ਰਹਿੰਦਾ ਸੀ, ਉਹਨਾਂ ਨੂੰ ਜਾਂਦਿਆਂ ਵੇਖਿਆਂ। ਗੁਰੂ ਜੀ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਉਸ ਨੇ ਸਭ ਆਉਣ ਵਾਲੇ ਯਾਤਰੀਆਂ ਨੂੰ ਸ਼ਰਬਤ ਪਿਲਾਉਣ ਲਈ ਸਟਾਲ ਜਾਂ ਖੋਖਾ ਲਾਇਆ ਹੋਇਆ ਸੀ। ਉਹ ਕਹਿੰਦਾ ਹੈ ਕਿ ਉਸ ਨੇ ਜਵਾਨਾਂ ਨੂੰ ਬਾਗ਼ ਵਾਲੀ ਗਲੀ ਰਸਤੇ ਜਾਂਦਿਆਂ ਵੇਖਿਆ ਜਿਹੜੀ ਸਰਾਂ ਦੇ ਪਿਛਵਾੜੇ ਵੱਲ ਜਾਂਦੀ ਹੈ ਜਿੱਥੇ ਭਿੰਡਰਾਂਵਾਲਾ ਅਕਾਲ ਤਖ਼ਤ 'ਤੇ ਆਉਣ ਤੋਂ ਪਹਿਲਾਂ ਰਿਹਾ ਕਰਦਾ ਸੀ। ਗਿਆਨੀ ਨੇ ਕਿਹਾ ਕਿ ਨੇੜਲੀਆਂ ਗਲੀਆਂ ਦੀਆਂ ਤੀਵੀਂਆਂ ਜਵਾਨਾਂ ਨੂੰ ਅੰਦਰ ਲੈ ਗਈਆਂ ਤਾਂ ਜੋ ਉਹ ਆਪਣੇ ਪਰੰਪਰਾਗਤ ਸਿੱਖੀ ਬਾਣੇ ਦੀ ਥਾਂ ਕਮੀਜ਼ਾਂ ਪਾਜਾਮੇ ਜਾਂ ਜੀਨਾਂ ਪਹਿਨ ਲੈਣ। ਇਸਤਰੀਆਂ ਨੇ ਉਹਨਾਂ ਦੇ ਸਿੱਖੀ ਲਿਬਾਸ ਸਾੜ ਦਿੱਤੇ ਤਾਂ ਜੋ ਪੁਲਸ ਜਾਂ ਫ਼ੌਜ ਨੂੰ ਉਹਨਾਂ ਨੂੰ ਫੜਨੋਂ ਰੋਕਿਆ ਜਾ ਸਕੇ। ਜਵਾਨ ਸਿੱਖ ਗਿਆਨੀ ਬਖ਼ਸ਼ੀਸ਼ ਸਿੰਘ ਦੀ ਸਟਾਲ 'ਤੇ ਰੁਕੇ ਜਿੱਥੇ ਉਸ ਨੇ ਉਹਨਾਂ ਨੂੰ ਕੇਸਰੀ ਰੰਗ ਦਾ ਸ਼ਰਬਤ ਪੇਸ਼ ਕੀਤਾ ਕਿਉਂਕਿ ਉਸ ਨੂੰ ਪਰੰਪਰਾ ਅਨੁਸਾਰ ਵਰਤਿਆ ਲਾਲ ਰੰਗ ਨਹੀਂ ਮਿਲਿਆ ਸੀ। ਉਹਨਾਂ ਨੇ ਉਸ ਨੂੰ ਮਖ਼ੌਲ ਕਰਦਿਆਂ ਕਿਹਾ, "ਗਿਆਨੀ ਜੀ, ਤੁਸੀਂ ਤਾਂ ਸਾਨੂੰ ਸ਼ਹੀਦੀ ਜਾਮ ਪਿਲਾ ਦਿੱਤਾ ਹੈ।" ਗਿਆਨੀ ਨੇ ਕਿਹਾ ਕਿ ਉਸ ਨੇ ਉਹਨਾਂ ਵਿੱਚੋਂ ਕਈਆਂ ਕੋਲ ਬੈਂਕ ਦੇ ਨੋਟਾਂ ਦੀਆਂ ਗੁੱਥੀਆਂ ਵੇਖੀਆਂ ਸਨ।

ਜਦੋਂ ਜਵਾਨਾਂ ਦੇ ਉੱਥੋਂ ਭੱਜ ਜਾਣ ਦੀ ਖ਼ਬਰ ਫ਼ੌਜ ਕੋਲ ਪਹੁੰਚੀ ਤਾਂ ਜਰਨੈਲ ਲੋਹੇ ਲਾਖੇ ਹੋ ਗਏ। ਉਹਨਾਂ ਨੇ ਦੁਬਾਰਾ ਕਰਫ਼ਿਊ ਲਾਉਣ ਦਾ ਹੁਕਮ ਦੇ ਦਿੱਤਾ ਤੇ ਝੱਟਪੱਟ ਹੀ ਡਿਪਟੀ ਕਮਿਸ਼ਨਰ ਨੂੰ ਤਬਦੀਲ ਕਰ ਦਿੱਤਾ ਜਿਹੜਾ ਸਭ ਤੋਂ ਸ੍ਰੇਸ਼ਟ ਸਿਵਲ ਪਰਸ਼ਾਸਕ ਸੀ ਤੇ ਜੋ ਸੰਕਟ ਦੇ ਬੀਤੇ ਮਹੀਨਿਆਂ ਵਿੱਚ ਸਰਕਾਰ ਦੀ ਥਾਂ ਭਿੰਡਰਾਂਵਾਲੇ ਪ੍ਰਤੀ ਵਧੇਰੇ ਵਫ਼ਾਦਾਰ ਰਿਹਾ ਸੀ। ਜਿਹੜੇ ਜਵਾਨ ਬਚ ਕੇ ਨਿਕਲੇ ਸਨ ਉਹਨਾਂ ਵਿੱਚੋਂ ਬਹੁਤੇ ਜਾਂ ਤਾਂ ਅਪਰਾਧੀ ਸਨ ਜਾਂ ਖੱਬੀ ਪੱਖੀ ਇੰਤਹਾਪਸੰਦ ਭਾਵ ਨਕਲਸੀਏ ਸਨ। ਇਹ ਤਾਂ ਸਿੱਖ

ਸਟੂਡੈਂਟਸ ਫੈਡਰੇਸ਼ਨ ਦੇ ਤੇ ਖ਼ਾਸ ਭਿੰਡਰਾਂਵਾਲੇ ਦੀ ਆਪਣੀ ਸੰਪਰਦਾਇ, ਦਮਦਮੀ ਟਕਸਾਲ ਦੇ ਮੈਂਬਰ ਹੀ ਸਨ ਜੋ ਪਿੱਛੇ ਲੜਨ ਲਈ ਰਹਿ ਗਏ। ਕੁਝ ਸਿੱਖ ਜੋ ਉਸ ਸਮੇਂ "ਸਰਾਂ ਸਮੂਹ" ਵਿੱਚ ਸਨ, ਕਹਿੰਦੇ ਹਨ ਕਿ ਭਿੰਡਰਾਂਵਾਲੇ ਨੇ ਜਾਣ ਬੁੱਝ ਕੇ ਅਪਰਾਧੀਆਂ ਤੇ ਨਕਸਲੀਆਂ ਨੂੰ ਬਾਹਰ ਭੇਜਿਆ ਤਾਂ ਜੋ ਉਹ ਪਿੰਡਾਂ ਤੇ ਪੇਂਡੂ ਖੇਤਰਾਂ ਵਿੱਚ ਜਾ ਕੇ ਲੜਾਈ ਜਾਰੀ ਰੱਖਣ। ਕਿਉਂਕਿ ਪੰਜਾਬ ਦਾ ਮੁੱਖ ਕਾਰਜ ਪੰਜਾਬ ਦੇ ਪਿੰਡਾਂ ਵਿੱਚ ਕਾਰਵਾਈਆਂ ਕਰ ਰਹੇ ਆਤੰਕਵਾਦੀਆਂ ਨੂੰ ਖ਼ਤਮ ਕਰਨਾ ਸੀ, ਇਸ ਲਈ 200 ਜਵਾਨਾਂ ਨੂੰ ਬਾਹਰ ਜਾਣ ਦੇਣਾ ਇਕ ਗੰਭੀਰ ਗ਼ਲਤੀ ਸੀ। ਸਰਕਾਰੀ ਅੰਕੜਿਆਂ ਅਨੁਸਾਰ ਭਿੰਡਰਾਂਵਾਲੇ ਦੇ ਆਤੰਕਵਾਦੀਆਂ ਨੇ ਅਕਾਲੀ ਮੋਰਚਾ ਲਾਏ ਜਾਣ ਦੇ ਸਮੇਂ ਤੋਂ 165 ਹਿੰਦੂਆਂ ਤੇ ਨਿਰੰਕਾਰੀਆਂ ਨੂੰ ਮਾਰ ਦਿੱਤਾ ਸੀ। ਉਹਨਾਂ ਨੇ 39 ਸਿੱਖਾਂ ਨੂੰ ਵੀ ਮਾਰ ਦਿੱਤਾ ਸੀ ਕਿਉਂਕਿ ਉਹਨਾਂ ਨੇ ਭਿੰਡਰਾਂਵਾਲਾ ਦੀ ਵਿਰੋਧਤਾ ਕੀਤੀ ਸੀ। ਹਿੰਸਕ ਘਟਨਾਵਾਂ ਵਿੱਚ ਮਾਰੇ ਗਏ ਲੋਕਾਂ ਦੀ ਗਿਣਤੀ 410 ਬਣਦੀ ਹੈ ਜਿਹਨਾਂ ਵਿੱਚ ਪੁਲੀਸ ਤੇ ਸਿੱਖਾਂ ਵਿਚਕਾਰ ਹੋਏ ਅਖੌਤੀ ਪੁਲਸ ਮੁਕਾਬਲਿਆਂ, ਫ਼ਸਾਦਾਂ, ਦੰਗਿਆਂ ਤੇ ਮੋਰਚੇ ਦੇ ਸਮਰਥਨ ਵਿੱਚ ਬੱਸ ਵਿੱਚ ਜਾ ਰਹੇ ਰੇਲਵੇ ਫਾਟਕ ਲੰਘਣ ਸਮੇਂ ਰੇਲ ਨਾਲ ਟੱਕਰ ਵਿੱਚ ਮਰਨ ਵਾਲੇ ਵੀ ਸ਼ਾਮਲ ਹਨ। ਜ਼ਖ਼ਮੀਆਂ ਦੀ ਗਿਣਤੀ 1180 ਬਣਦੀ ਹੈ।

ਨੀਲਾ ਤਾਰਾ ਸਾਕਾ ਦਾ ਸੰਚਾਲਨ 9ਵੀਂ ਡਿਵੀਜ਼ਨ ਦੇ ਕਮਾਂਡਰ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੇ ਕੀਤਾ। ਭਿੰਡਰਾਂਵਾਲੇ ਲਈ ਸੁਹਣੇ ਸੁਨੱਖੇ ਸਫੇਦ ਵਾਲਾਂ ਵਾਲੇ ਜੰਗੀ ਯੋਧੇ ਨਾਲੋਂ ਹੋਰ ਕੋਈ ਵੱਧ ਘਿਰਣਾਜਨਕ ਨਹੀਂ ਹੋ ਸਕਦਾ ਸੀ। ਉਹ ਉਸੇ ਜ਼ਾਤ ਗੋਤ ਦਾ ਸੀ ਤੇ ਉਸੇ ਇਲਾਕੇ ਦਾ ਸੀ ਜਿਸ ਦਾ ਸੰਬੰਧ ਭਿੰਡਰਾਂਵਾਲੇ ਨਾਲ ਸੀ ਤੇ ਉਹ ਆਪਣੇ ਦਾੜ੍ਹੀ ਕੇਸ ਕੱਟਣ ਦੇ ਬੱਜਰ ਗੁਨਾਹ ਦਾ ਭਾਗੀ ਸੀ ਜੋ ਭਿੰਡਰਾਂਵਾਲੇ ਦੇ ਸਿਧਾਂਤ ਅਨੁਸਾਰ ਨਾਕਾਬਲ-ਇ-ਮੁਆਫ਼ੀ ਸੀ। ਬਰਾੜ ਨੂੰ 30 ਮਈ ਨੂੰ ਮੇਰਠ ਤੋਂ ਅੰਮ੍ਰਿਤਸਰ ਵੱਲ ਆਪਣੀ ਡਿਵੀਜ਼ਨ ਦੇ ਕੂਚ ਦਾ ਹੁਕਮ ਦਿੱਤਾ ਗਿਆ। (ਇਹ ਉਹ ਛਾਉਣੀ ਸੀ ਜਿੱਥੋਂ ਭਾਰਤੀ ਗ਼ਦਰ ਸ਼ੁਰੂ ਹੋਇਆ ਸੀ।) ਅਗਲੇ ਦਿਨ ਸੀ.ਆਰ.ਪੀ. ਤੇ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਲੜਾਈ ਤੋਂ ਇਕ ਦਿਨ ਪਹਿਲਾਂ ਬਰਾੜ ਨੂੰ ਸਵਰਨ ਮੰਦਰ ਸਮੂਹ ਦੀ ਪਰਿਕ੍ਰਮਾ ਵਿੱਚ ਤੁਰਦਿਆਂ ਵੇਖਿਆ ਗਿਆ। ਉਸ ਨੇ ਇਹ ਜ਼ਰੂਰ ਹੀ ਵੇਖ ਲਿਆ ਹੋਵੇਗਾ ਕਿ ਮੰਦਰ ਤੇ ਸਰਾਇ ਸਮੂਹ ਵਿੱਚ ਅਸਾਧਾਰਨ ਭੀੜ ਸੀ ਕਿਉਂਕਿ ਤੀਰਥ ਯਾਤਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਗੁਰਪੁਰਬ ਮਨਾਉਣ ਲਈ ਉੱਥੇ ਪਹੁੰਚੇ ਹੋਏ ਸਨ। ਸਿੱਖ ਉਸ ਸਾਲ ਸ਼ਹੀਦੀ ਉਤਸਵ ਮਨਾਉਣ ਲਈ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ ਕਿਉਂਕਿ ਇਸ ਮਗਰੋਂ ਚੰਦਰਮਾ ਮਹੀਨੇ ਦੀ ਪੰਜਵੀਂ ਸੀ ਜਿਸ ਦਿਨ ਨੂੰ ਸਰੋਵਰ ਵਿੱਚ ਇਸ਼ਨਾਨ ਕਰਨਾ ਸ਼ੁਭ ਮੰਨਿਆ ਜਾਂਦਾ ਹੈ। ਜਨਰਲ ਬਰਾੜ ਨੇ ਇਹ ਵੀ ਮਹਿਸੂਸ ਕੀਤਾ ਹੋਵੇਗਾ ਕਿ ਦੋਹਾਂ ਭਵਨ ਸਮੂਹਾਂ ਵਿੱਚ ਯਾਤਰੀਆਂ ਦੀ ਭਾਰੀ ਗਿਣਤੀ ਕਾਰਨ ਭਿੰਡਰਾਂਵਾਲੇ ਨੂੰ ਮੰਦਰ 'ਚੋਂ ਕੱਢਣ ਦਾ ਕੰਮ ਨਿਰਦੋਸ਼ ਲੋਕਾਂ ਨੂੰ ਮਾਰੇ ਤੇ ਜ਼ਖ਼ਮੀ ਕੀਤੇ ਬਿਨਾਂ ਬਹੁਤ ਔਖਾ ਬਣਾ ਦਿੱਤਾ ਸੀ, ਪ੍ਰੰਤੂ ਕਾਰਵਾਈ ਤਾਂ ਰੁਕ ਨਹੀਂ ਸਕਦੀ ਸੀ।

ਗੁਰੂ ਅਰਜਨ ਦੇਵ ਦੇ ਸ਼ਹੀਦੀ ਗੁਰਪੁਰਬ ਵਾਲੇ ਦਿਨ ਕਾਰਵਾਈ ਸ਼ੁਰੂ ਕਰਨ ਦੇ ਫ਼ੈਸਲੇ ਦੀ ਅਵਿਕਾਸ਼ ਪ੍ਰਾਪਤ ਸਿੱਖ ਜਰਨੈਲਾਂ ਨੇ ਆਲੋਚਨਾ ਕੀਤੀ। ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਜੋ ਢਾਕੇ ਦਾ ਯੋਧਾ ਸੀ, ਵੀਰ ਨਾਇਕ ਸੀ, ਉਸ ਨੇ ਤਾਂ ਸਿਰਫ਼

ਇਤਨਾ ਹੀ ਕਿਹਾ ਕਿ ਦਿਨ ਦੀ ਚੋਣ ਗ਼ਲਤ ਸੀ ਜਦੋਂ ਕਿ ਲੈਫ. ਜਨਰਲ ਹਰਬਖ਼ਸ਼ ਸਿੰਘ ਜੋ 20 ਸਾਲ ਤੋਂ ਸਿੱਖ ਪਲਟਨ ਦਾ ਕਰਨਲ-ਇਨ-ਚੀਫ਼ ਸੀ, ਨੇ ਕਿਹਾ ਕਿ ਇਹ ਫ਼ੈਸਲਾ ਉਹਨਾਂ ਕਾਰਨਾਂ ਵਿੱਚੋਂ ਇਕ ਸੀ ਜੋ ਸਵਰਨ ਮੰਦਰ ਉੱਪਰ ਹਮਲੇ ਪਿੱਛੋਂ ਸਿੱਖ ਸਿਪਾਹੀਆਂ ਦੇ ਵਿਦਰੋਹ ਦਾ ਆਧਾਰ ਬਣਿਆ। ਅਖ਼ਬਾਰਾਂ ਨੂੰ ਦਿੱਤੇ ਬਿਆਨ ਵਿੱਚ ਉਸ ਨੇ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਨ ਜੋ ਕੱਟੜ ਧਾਰਮਕ ਅੱਤਿਆਚਾਰ ਦੇ ਮੁਕਾਬਲੇ ਸਰਵੋਤਮ ਕੁਰਬਾਨੀ ਦੀ ਸਿਖਰ ਸੀ, ਸਿੱਖ ਸਿਪਾਹੀ ਲਈ ਵਿਸ਼ੇਸ਼ ਮਹੱਤਤਾ ਰੱਖਦਾ ਹੈ।"

ਸਰਕਾਰ ਨੇ ਸਿੱਖਾਂ ਦੇ ਧਾਰਮਕ ਮਹੱਤਤਾ ਵਾਲੇ ਦਿਨ ਨਿਰਦੋਸ਼ ਤੀਰਥ ਯਾਤਰੀਆਂ ਦੇ ਲੜਾਈ ਵਿੱਚ ਫਸ ਜਾਣ ਦੇ ਖ਼ਤਰੇ ਦੇ ਹੁੰਦਿਆਂ ਇਹ ਸਫ਼ਾਈ ਪੇਸ਼ ਕੀਤੀ ਕਿ ਭਿੰਡਰਾਂਵਾਲਾ ਪੰਜਾਬ ਦੇ ਪਿੰਡਾਂ ਵਿੱਚ ਹਿੰਦੂਆਂ ਨੂੰ ਵਿਉਂਤਬੱਧ ਯੋਜਨਾ ਨਾਲ ਕਤਲ ਕਰਨ ਦੀ ਮੁਹਿਮ ਸ਼ੁਰੂ ਕਰਨ ਵਾਲਾ ਸੀ। ਗ੍ਰਹਿ ਮੰਤਰਾਲੇ ਦੇ ਇਕ ਸ੍ਰੇਸ਼ਠ ਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ ਸੀ ਕਿ ਜਾਸੂਸੀ ਵਿਭਾਗ ਦੇ ਅਧਿਕਾਰੀਆਂ ਨੇ ਭਿੰਡਰਾਂਵਾਲੇ ਤੇ ਸ਼ਾਹਬੇਗ ਸਿੰਘ ਵੱਲੋਂ ਆਪਣੇ ਪੈਰੋਕਾਰਾਂ ਨੂੰ 5 ਜੂਨ ਤੋਂ ਹਿੰਦੂਆਂ ਦੇ ਸਮੂਹਕ ਕਤਲਾਮ ਦੇ ਦਿੱਤੇ ਆਦੇਸ਼ ਪਕੜ ਲਏ ਸਨ। ਉਸ ਨੇ ਇਹ ਵੀ ਕਿਹਾ ਕਿ ਭਿੰਡਰਾਂਵਾਲੇ ਦੀ ਸਾਰੇ ਪੰਜਾਬੀ ਸਾਂਸਦਾਂ ਤੇ ਵਿਧਾਇਕਾਂ ਨੂੰ ਮਾਰ ਦੇਣ ਦੀ ਯੋਜਨਾ ਵੀ ਸੀ। ਭਾਵੇਂ ਸਰਕਾਰ ਨੇ ਆਪਣੇ ਇਸ ਇਲਜ਼ਾਮ ਨੂੰ ਸਿੱਧ ਕਰਨ ਲਈ ਕੋਈ ਸਬੂਤ ਨਹੀਂ ਦਿੱਤਾ ਸੀ ਕਿ ਭਿੰਡਰਾਂਵਾਲੇ ਹਿੰਦੂਆਂ ਦੇ ਕਤਲਾਮ ਦੀ ਯੋਜਨਾ ਬਣਾ ਰਿਹਾ ਸੀ ਪਰ ਇਹ ਵੀ ਸੱਚ ਹੈ ਕਿ ਪੰਜਾਬ ਵਿੱਚ ਹੋ ਰਿਹਾ ਖ਼ੂਨ ਖ਼ਰਾਬਾ ਬਹੁਤ ਹੀ ਚਿੰਤਾਜਨਕ ਸੀ। ਸ਼੍ਰੀਮਤੀ ਗਾਂਧੀ ਦੇ ਰੇਡੀਓ ਪ੍ਰਸਾਰਨ ਤੋਂ ਪਹਿਲੇ 24 ਘੰਟਿਆਂ ਵਿੱਚ 23 ਲੋਕ ਮਾਰੇ ਜਾ ਚੁੱਕੇ ਸਨ।

3 ਜੂਨ ਦੀ ਰਾਤ ਨੂੰ ਦੁਬਾਰਾ ਕਰਫ਼ਿਊ ਲਾਏ ਜਾਣ ਮਗਰੋਂ ਫ਼ੌਜ ਨੇ ਪਹਿਲੀ ਵਾਰ ਗੋਲਾਬਾਰੀ ਕੀਤੀ। ਮੈਂ ਜਿਸ ਹੋਟਲ ਵਿੱਚ ਠਹਿਰਿਆ ਹੋਇਆ ਸੀ, ਉੱਥੋਂ ਗੋਲਾਬਾਰੀ ਦੀ ਆਵਾਜ਼ ਸੁਣ ਸਕਦਾ ਸੀ ਪਰ ਮੇਰੇ ਲਈ ਮੰਦਰ ਦੇ ਇਰਦ-ਗਿਰਦ ਇਮਾਰਤਾਂ ਹੋਣ ਕਾਰਨ ਕੁਝ ਵੇਖ ਸਕਣਾ ਸੰਭਵ ਨਹੀਂ ਸੀ। ਕੁਝ ਪੱਤਰਕਾਰ ਜੋ ਕਿਸੇ ਹੋਰ ਹੋਟਲ ਵਿੱਚ ਠਹਿਰੇ ਸਨ, ਦੱਸਦੇ ਸਨ ਕਿ ਮੰਦਰ ਸਮੂਹ ਵਿੱਚ ਬਹੁਤ ਤੇਜ਼ ਰੌਸ਼ਨੀ ਸੀ। ਮੈਂ ਸਮਝਿਆ ਕਿ ਲੜਾਈ ਸ਼ੁਰੂ ਹੋ ਗਈ ਸੀ ਪਰ ਮੈਂ ਗ਼ਲਤ ਸਾਬਤ ਹੋਇਆ। ਅਗਲੀ ਸਵੇਰ ਗੋਲਾਬਾਰੀ ਰੁਕ ਗਈ। ਇਹ ਕਾਰਵਾਈ ਸ਼ਤਰੂ ਦੀ ਕਾਰਵਾਈ ਨੂੰ ਘਟਾਉਣ ਲਈ ਕੀਤੀ ਗਈ ਸੀ। ਮੇਜਰ ਜਨਰਲ ਬਰਾੜ ਤੇ ਉਸ ਦੇ ਉੱਚ-ਅਫ਼ਸਰ ਅਜੇ ਵੀ ਇਹ ਆਸ ਲਾਈ ਬੈਠੇ ਸਨ ਕਿ ਭਿੰਡਰਾਂਵਾਲਾ ਸ਼ਾਇਦ ਡਰ ਕੇ ਆਪਣੇ ਗੜ੍ਹ 'ਚੋਂ ਬਾਹਰ ਨਿਕਲ ਜਾਵੇ।

ਭਿੰਡਰਾਂਵਾਲੇ ਦਾ ਭੂਤਪੂਰਵਕ ਸਮਰਥਕ ਤੇ ਸਰਪਰਸਤ ਵੀ ਇਹ ਆਸ ਲਾਈ ਬੈਠਾ ਸੀ ਕਿ ਸ਼ਾਇਦ ਭਿੰਡਰਾਂਵਾਲੇ ਨੂੰ ਝੁਕ ਜਾਣ ਲਈ ਪਰੇਰਿਆ ਜਾ ਸਕੇ। ਜਦੋਂ ਗੋਲੀਬਾਰੀ ਰੁਕੀ ਤਾਂ ਉਹ ਸਰਾਂ ਸਮੂਹ ਤੋਂ ਸੜਕ ਪਾਰ ਕਰਕੇ ਲੰਗਰ ਦੀ ਇਮਾਰਤ ਕੋਲ ਦੀ ਉਸ ਥਾਂ ਤੋਂ ਹੁੰਦਾ ਹੋਇਆ ਜਿੱਥੇ ਭਿੰਡਰਾਂਵਾਲਾ ਸਵੇਰ ਦਾ ਸਮਾਗਮ ਕਰਦਾ ਹੁੰਦਾ ਸੀ, ਗੁਰਦਵਾਰਾ ਮੰਜੀ ਸਾਹਿਬ ਪਹੁੰਚ ਗਿਆ, ਜਿੱਥੇ ਛੋਟੀਆਂ-ਛੋਟੀਆਂ ਟੋਲੀਆਂ ਵਿੱਚ ਡਰੇ ਹੋਏ ਯਾਤਰੀ ਘੁਸਮੁਸ ਮਾਰੀ ਬੈਠੇ ਸਨ, ਤੇ ਉੱਥੋਂ ਉਹ ਸਵਰਨ ਮੰਦਰ ਸਮੂਹ ਵਿੱਚ

ਪਹੁੰਚ ਗਿਆ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਪ੍ਰਧਾਨ ਪਰਕ੍ਰਿਮਾ ਕਰਦਾ ਹੋਇਆ ਅਕਾਲ ਤਖ਼ਤ ਪਹੁੰਚ ਗਿਆ। ਇਹਦੀਆਂ ਖਿੜਕੀਆਂ ਤੇ ਛਾਟਾਂ, ਇੱਟਾਂ ਤੇ ਰੇਤ ਦੀਆਂ ਬੋਰੀਆਂ ਨਾਲ ਬੰਦ ਕੀਤੀਆਂ ਹੋਈਆਂ ਸਨ। ਨੌਜਵਾਨ ਸਿੱਖਾਂ ਨੇ ਧਰਮ ਅਸਥਾਨ ਤੇ ਭਵਨ ਦੇ ਚਾਰੇ ਪਾਸੇ ਮੋਰਚੇ ਮੱਲੇ ਹੋਏ ਸਨ। ਸ਼੍ਰੋ: ਗੁ: ਪ੍ਰ: ਕਮੇਟੀ ਦੇ ਪਰਧਾਨ ਨੂੰ ਭਿੰਡਰਾਂਵਾਲੇ ਕੋਲ ਲਿਜਾਇਆ ਗਿਆ। ਉਸ ਨੇ ਸੰਤ ਨੂੰ ਪਰੇਰਨ ਦੀ ਪੂਰੀ ਕੋਸ਼ਿਸ਼ ਕੀਤੀ ਕਿ ਟੱਕਰ ਲੈਣੀ ਬੇਕਾਰ ਹੋਵੇਗੀ ਤੇ ਜੇ ਉਸ ਨੇ ਆਤਮ ਸਮਰਪਣ ਨਾ ਕੀਤਾ ਤਾਂ ਫ਼ੌਜ ਉਸ ਨੂੰ ਗ੍ਰਿਫ਼ਤਾਰ ਕਰ ਲਵੇਗੀ ਜਾਂ ਮਾਰ ਦੇਵੇਗੀ। ਪ੍ਰੰਤੂ ਭਿੰਡਰਾਂਵਾਲੇ ਨੇ ਗੁੱਸੇ ਨਾਲ ਟੌਹਰੇ ਨੂੰ ਸ਼੍ਰੀਮਤੀ ਗਾਂਧੀ ਦਾ ਏਜੰਟ (ਦਲਾਲ) ਕਹਿ ਕੇ ਤੁਰਦਾ ਕਰ ਦਿੱਤਾ। ਹੁਣ ਟੌਹੜਾ ਭਿੰਡਰਾਂਵਾਲੇ ਦੀ ਨਜ਼ਰ ਵਿੱਚ, ਤ੍ਰੈਮੂਰਤੀ ਦੇ ਦੂਸਰੇ ਦੋ ਮੈਂਬਰਾਂ, ਮੋਰਚਾ ਡਿਕਟੇਟਰ ਲੌਂਗੋਵਾਲ ਜੋ ਅਜੇ ਮੰਦਰ ਸਮੂਹ ਵਿੱਚ ਸੀ ਤੇ ਵਿਧਾਨ ਸਭਾ ਵਿੱਚ ਪਾਰਟੀ ਦੇ ਨੇਤਾ ਬਾਦਲ ਜੋ ਅੰਮ੍ਰਿਤਸਰ ਤੋਂ ਮੀਲਾਂ ਦੂਰ ਆਪਣੇ ਫ਼ਾਰਮ ਵਿੱਚ ਸੀ, ਵਧੇਰੇ ਚੰਗਾ ਨਹੀਂ ਸੀ।

ਟੌਹੜੇ ਦੀ ਭਿੰਡਰਾਂਵਾਲੇ ਨੂੰ ਆਤਮ ਸਮਰਪਣ ਕਰਨ ਲਈ ਮਨਾਉਣ ਦੀ ਆਖ਼ਰੀ ਕੋਸ਼ਿਸ਼ ਤੋਂ ਪਤਾ ਲੱਗਦਾ ਹੈ ਕਿ ਹੁਣ ਟੌਹੜਾ ਤੇ ਲੌਂਗੋਵਾਲ ਦੋਵੇਂ ਹੀ ਸਰਕਾਰ ਨਾਲ ਮਿਲਵਰਤਣ ਕਰ ਰਹੇ ਸਨ। ਉਹ ਜ਼ਰੂਰ ਹੀ ਫ਼ੌਜ ਦੇ ਸੰਪਰਕ ਵਿੱਚ ਹੋਣਗੇ ਨਹੀਂ ਤਾਂ ਟੌਹਰੇ ਕੋਲ ਭਿੰਡਰਾਂਵਾਲੇ ਨਾਲ ਆਤਮ ਸਮਰਪਣ ਬਾਰੇ ਗੱਲਬਾਤ ਕਰਨ ਦਾ ਕੋਈ ਅਧਿਕਾਰ ਨਾ ਹੁੰਦਾ। ਟੌਹੜੇ ਨੂੰ ਇਹ ਵੀ ਪਤਾ ਸੀ ਕਿ ਜਦੋਂ ਉਹ ਹੋਸਟਲ ਸਮੂਹ ਦੀ ਵਧੇਰੇ ਸੁਰੱਖਿਅਤ ਇਮਾਰਤ ਛੱਡ ਕੇ ਅਕਾਲ ਤਖ਼ਤ ਵੱਲ ਜਾਏਗਾ ਤਾਂ ਫ਼ੌਜ ਦੁਬਾਰਾ ਗੋਲੀਬਾਰੀ ਸ਼ੁਰੂ ਨਹੀਂ ਕਰੇਗੀ। ਸ਼੍ਰੋ: ਗੁ: ਪ੍ਰ: ਕਮੇਟੀ ਦਾ ਪਰਧਾਨ ਅਜਿਹਾ ਵਿਅਕਤੀ ਨਹੀਂ ਸੀ ਜੋ ਆਖ਼ਰੀ ਲੜਾਈ ਸਮੇਂ ਅਕਾਲ ਤਖ਼ਤ ਵਿੱਚ ਘਿਰ ਜਾਣ ਦਾ ਖ਼ਤਰਾ ਸਹੇੜਦਾ।

ਭਿੰਡਰਾਂਵਾਲੇ ਨੂੰ ਵੀ ਹੁਣ ਤੱਕ ਪਤਾ ਲੱਗ ਗਿਆ ਹੋਵੇਗਾ ਕਿ ਉਸ ਦੀ ਖੇਡ ਖ਼ਤਮ ਹੋ ਗਈ ਸੀ, ਤਾਂ ਫਿਰ ਉਸ ਨੇ ਆਖ਼ਰੀ ਦਮ ਤੱਕ ਲੜਦੇ ਰਹਿਣ 'ਤੇ ਕਿਉਂ ਜ਼ੋਰ ਦਿੱਤਾ ? ਉਸ ਨੂੰ ਜਾਂ ਤਾਂ ਮਰਨਾ ਪੈਣਾ ਸੀ ਜਾਂ ਫਿਰ ਕਲੰਕ ਸਹੇੜਨਾ ਪੈਣਾ ਸੀ। ਜੇ ਸੰਤ ਨੇ ਆਤਮ-ਸਮਰਪਣ ਕੀਤਾ ਹੁੰਦਾ ਤਾਂ ਉਸ ਦਾ ਇਕ ਦੰਭੀ ਸ਼ੇਖ਼ੀ ਖੋਰ ਵਜੋਂ ਪਾਜ ਉੱਘੜ ਜਾਂਦਾ। ਉਸ ਦੇ ਲਈ ਕੋਈ ਸਨਮਾਨਯੋਗ ਰਾਹ ਵੀ ਨਹੀਂ ਰਹਿਣ ਦਿੱਤਾ ਸੀ। ਭਿੰਡਰਾਂਵਾਲੇ ਦੇ ਉੱਚਿਤ ਧਾਰਮਕ ਮਨੋਰਥ ਵੀ ਸਨ। ਆਪਣੇ ਸਭ ਔਗੁਣਾਂ ਦੇ ਬਾਵਜੂਦ ਉਸ ਦਾ ਧਰਮ ਦੀ ਸ਼ਹੀਦੀ ਪਰੰਪਰਾ ਵਿੱਚ ਅਥਾਹ ਵਿਸ਼ਵਾਸ ਸੀ। ਇਹ ਇਕ ਅਜਿਹੀ ਪਰੰਪਰਾ ਸੀ ਜਿਸ ਨੂੰ ਆਤਮ ਸਮਰਪਣ ਕਰਨ ਦੀ ਬੇਨਤੀ ਦੇ ਆਖ਼ਰੀ ਮੌਕੇ ਤੋਂ ਇਕ ਦਿਨ ਪਹਿਲਾਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਉਤਸਵ ਮਨਾ ਕੇ ਸਤਿਕਾਰ ਭੇਟ ਕੀਤਾ ਗਿਆ ਸੀ।

ਉਸ ਨੂੰ ਤਾਂ ਸਭ ਤੋਂ ਸਤਿਕਾਰਯੋਗ ਮਨੋਰਥ, ਸਵਰਨ ਮੰਦਰ ਦੀ ਰੱਖਿਆ ਹਿੱਤ ਸ਼ਹੀਦੀ ਪਰਾਪਤ ਕਰਨ ਦਾ ਮੌਕਾ ਮਿਲ ਰਿਹਾ ਸੀ। ਸੰਤ ਨੇ ਜ਼ਰੂਰ ਉਸ ਗੌਰਵ ਤੇ ਸੋਭਾ ਬਾਰੇ ਵਿਚਾਰ ਕੀਤੀ ਹੋਵੇਗੀ ਜੋ ਸ਼ਹਾਦਤ ਕਰਕੇ ਉਸ ਨੂੰ ਮਿਲਣੀ ਸੀ। ਉਹ ਜਾਣਦਾ ਸੀ ਕਿ ਜੇ ਉਸ ਨੇ ਆਤਮ ਸਮਰਪਣ ਕਰ ਦਿੱਤਾ ਤਾਂ ਉਸ ਨੂੰ ਭੁਲਾ ਦਿੱਤਾ ਜਾਵੇਗਾ ਪਰ ਜੇ ਉਹ ਹਰਿਮੰਦਰ ਦੀ ਰੱਖਿਆ ਕਰਦਾ ਹੋਇਆ ਸ਼ਹੀਦੀ ਪਾ ਗਿਆ ਤਾਂ ਉਸ ਨੂੰ ਸਿੱਖ

ਇਤਿਹਾਸ ਵਿੱਚ ਸਦਾ ਯਾਦ ਕੀਤਾ ਜਾਵੇਗਾ। ਭਿੰਡਰਾਂਵਾਲਾ ਹੁਣ ਭਾਰਤ ਦਾ ਕੱਟੜ ਵੈਰੀ ਬਣ ਚੁੱਕਾ ਸੀ। ਉਸ ਨਾਲ ਸੁਭਾਸ਼ ਕਿਪੇਕਾਰ ਵੱਲੋਂ ਕੀਤੀ ਆਖ਼ਰੀ ਮੁਲਾਕਾਤ ਵਿੱਚ ਉਸ ਤੋਂ ਪੁੱਛਿਆ ਗਿਆ, "ਕੀ ਤੁਹਾਡੀ ਦਲੀਲ ਅਨੁਸਾਰ ਸਿੱਖ ਭਾਰਤ ਵਿੱਚ ਨਹੀਂ ਰਹਿ ਸਕਦੇ ?" ਸੰਤ ਨੇ ਉੱਤਰ ਦਿੱਤਾ, "ਹਾਂ। ਨਾ ਉਹ ਭਾਰਤ ਵਿੱਚ ਰਹਿ ਸਕਦੇ ਹਨ ਤੇ ਨਾ ਹੀ ਨਾਲ। ਜੇ ਉਹਨਾਂ ਨਾਲ ਬਰਾਬਰੀ ਦਾ ਸਲੂਕ ਕੀਤਾ ਜਾਵੇ ਤਾਂ ਸ਼ਾਇਦ ਇਹ ਸੰਭਵ ਹੋਵੇ। ਪਰ ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਖ਼ਿਆਲ ਵਿੱਚ ਇਹ ਸੰਭਵ ਨਹੀਂ।" ਭਿੰਡਰਾਂਵਾਲੇ ਨੂੰ ਪਤਾ ਸੀ ਕਿ ਸਿੱਖਾਂ ਨੂੰ ਸਵਰਨ ਮੰਦਰ ਨਾਲ ਜਜ਼ਬਾਤੀ ਸ਼ਰਧਾ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਸਵਰਨ ਮੰਦਰ ਉੱਪਰ ਹਮਲਾ ਭਾਰਤ ਦੀ ਏਕਤਾ ਵਿੱਚ ਕਿਤਨੀ ਤਰੇੜ ਪਾਵੇਗਾ, ਤਨਾਅ ਪੈਦਾ ਕਰੇਗਾ। ਉਹ ਜਾਣਦਾ ਸੀ ਕਿ ਉਹ ਫ਼ੌਜ ਨੂੰ ਹਮਲਾ ਕਰਨ ਲਈ ਮਜਬੂਰ ਕਰ ਸਕਦਾ ਸੀ। ਉਸ ਨੂੰ ਪਤਾ ਸੀ ਤੇ ਉਸ ਨੂੰ ਮੇਜਰ ਜਨਰਲ ਸ਼ਾਹਬੇਗ ਸਿੰਘ ਨੇ ਦੱਸਿਆ ਸੀ ਕਿ ਜਦ ਤੱਕ ਫ਼ੌਜ ਅਕਾਲ ਤਖ਼ਤ ਨੂੰ ਅਤੇ ਸ਼ਾਇਦ ਸਵਰਨ ਮੰਦਰ ਨੂੰ ਸਖ਼ਤ ਨੁਕਸਾਨ ਨਹੀਂ ਪਹੁੰਚਾ ਲੈਂਦੀ ਤਦ ਤਕ ਉਹ ਟੱਕਰ ਦੇ ਸਕਣਗੇ। ਸੋ ਭਿੰਡਰਾਂਵਾਲੇ ਦਾ ਸ਼ਹੀਦੀ ਦੇਣ ਦਾ ਬੜਾ ਵੱਡਾ ਮਨੋਰਥ ਸੀ ਤੇ ਜਿਉਂਦੇ ਰਹਿਣ ਦਾ ਕੋਈ ਮੰਤਵ ਨਹੀਂ ਜਾਪਦਾ ਸੀ। ਇਹੋ ਕਾਰਨ ਹੈ ਕਿ ਸੰਤ ਨੇ ਆਤਮ ਸਮਰਪਣ ਤੋਂ ਇਨਕਾਰ ਕਰ ਦਿੱਤਾ ਸੀ।

ਲੌਂਗੋਵਾਲ ਤੇ ਟੌਹੜੇ ਨੇ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਕਿਉਂ ਸਮਰਪਣ ਨਾ ਕੀਤਾ ? ਉਹ ਨਿਰਸੰਦੇਹ ਸ਼ਹਾਦਤ ਪ੍ਰਾਪਤ ਕਰਨ ਵਾਲੀ ਮਿੱਟੀ ਦੇ ਨਹੀਂ ਬਣੇ ਹੋਏ ਸਨ। ਉਹਨਾਂ ਦੀ ਖ਼ਸਲਤ ਦਾ ਉਸ ਸਮੇਂ ਹੀ ਪਤਾ ਲੱਗ ਗਿਆ ਜਦੋਂ ਲੜਾਈ ਸਮੇਂ ਫ਼ੌਜ "ਸਰਾਂ ਸਮੂਹ" ਵਿੱਚ ਦਾਖ਼ਲ ਹੋ ਗਈ। ਦੋਹਾਂ ਸਿਆਸਤਦਾਨਾਂ ਨੇ ਪਹਿਲਾਂ ਸਮਰਪਣ ਇਸ ਕਾਰਨ ਨਾ ਕੀਤਾ ਕਿਉਂਕਿ ਫ਼ੌਜ ਨੇ ਉਹਨਾਂ ਨੂੰ ਕੋਈ ਮੌਕਾ ਹੀ ਨਾ ਦਿੱਤਾ। ਜਰਨੈਲਾਂ ਨੇ ਮਗਰੋਂ ਦੱਸਿਆ ਕਿ ਉਹਨਾਂ ਨੇ ਮੰਦਰ ਨੂੰ ਘੇਰਨ ਪਿੱਛੋਂ ਆਤਮ ਸਮਰਪਣ ਕਰ ਦੇਣ ਦੀਆਂ ਕਈ ਅਪੀਲਾਂ ਕੀਤੀਆਂ, ਪਰ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਅਪੀਲਾਂ ਹੋਸਟਲ (ਸਰਾਂ) ਸਮੂਹ ਵਿੱਚ ਸੁਣਦੀਆਂ ਹੀ ਨਹੀਂ ਸਨ। ਇਕ ਵਾਰ ਲੌਂਗੋਵਾਲ ਤੇ ਟੌਹੜੇ ਨੇ ਰੇਡੀਓ ਤੋਂ ਇਹ ਜ਼ਰੂਰ ਸੁਣਿਆ ਸੀ ਕਿ ਲੋਕਾਂ ਨੂੰ ਆਤਮ ਸਮਰਪਣ ਕਰਨ ਲਈ ਦੋ ਘੰਟਿਆਂ ਲਈ ਕਰਫ਼ਿਊ ਹਟਾ ਲਿਆ ਜਾਵੇਗਾ। ਉਹਨਾਂ ਭਾਨ ਸਿੰਘ ਨੂੰ ਭੇਜਿਆ ਕਿ ਉਹ ਡੀ.ਸੀ.ਪੀ. ਨੂੰ ਲੱਭ ਕੇ ਯਾਤਰੀਆਂ, ਤੇ ਅਕਾਲੀ ਦਲ ਦੇ ਉਹਨਾਂ ਸਮਰਥਕਾਂ ਦੇ ਸਮਰਪਣ ਦੀ ਗੱਲਬਾਤ ਕਰੇ ਜੋ ਮੁੜ ਸ਼ੁਰੂ ਕੀਤੇ ਮੋਰਚੇ ਵਿੱਚ ਹਿੱਸਾ ਲੈਣ ਲਈ ਆਏ ਸਨ। ਭਾਨ ਸਿੰਘ ਸਰਾਂ 'ਚੋਂ ਜ਼ਰੂਰ ਚਲਾ ਗਿਆ ਪਰ ਜਦੋਂ ਉਹ ਬਾਗ਼ ਵਾਲੀ ਗਲੀ ਦੇ ਆਖ਼ੀਰ ਵਿੱਚ ਗਿਆ ਤਾਂ ਗੋਲਾਬਾਰੀ ਫਿਰ ਸ਼ੁਰੂ ਹੋ ਗਈ ਤੇ ਉਹ ਭੱਜ ਕੇ ਵਾਪਸ ਆ ਗਿਆ। ਦੋਵੇਂ ਨੇਤਾ ਆਪਣੇ ਸਮਰਪਣ ਦੀ ਆਪ ਗੱਲਬਾਤ ਨਹੀਂ ਕਰ ਸਕਦੇ ਸਨ ਕਿਉਂਕਿ ਹੁਣ ਉਹ ਸਿਰਫ਼ ਆ ਰਹੇ ਟੈਲੀਫ਼ੋਨ ਹੀ ਸੁਣ ਸਕਦੇ ਸਨ ਤੇ ਆਪ ਕਿਸੇ ਨੂੰ ਫ਼ੋਨ ਨਹੀਂ ਕਰ ਸਕਦੇ ਸਨ।

19 ਸਾਲਾਂ ਦੀ ਇਸਤਰੀ ਰਣਬੀਰ ਕੌਰ ਜੋ ਗੁਰੂ ਰਾਮਦਾਸ ਸਰਾਂ ਵਿੱਚ ਇਕ ਧਾਰਮਕ ਸਕੂਲ, ਜਿਸ ਨੂੰ ਉਹ ਚਲਾਉਣ ਵਿੱਚ ਸਹਾਇਕ ਸੀ, 12 ਬੱਚਿਆਂ ਨਾਲ ਠਹਿਰੀ ਹੋਈ ਸੀ। ਉਸ ਨੇ ਮੈਨੂੰ ਦੱਸਿਆ ਕਿ ਉਸ ਨੇ ਫ਼ੌਜ ਵੱਲੋਂ ਸਮਰਪਣ ਕਰਨ ਜਾਂ

ਸਰਾਂ 'ਚੋਂ ਬਾਹਰ ਆਉਣ ਦੀ ਕੋਈ ਅਪੀਲ ਨਹੀਂ ਸੁਣੀ ਸੀ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਉਸ ਨੇ ਆਪਣੇ ਤੌਰ 'ਤੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ? ਤਾਂ ਉਸ ਨੇ ਉੱਤਰ ਦਿੱਤਾ, "ਅਸੀਂ ਸੋਚਿਆ ਕਿ ਅਸੀਂ ਅੰਦਰ ਵਧੇਰੇ ਸੁਰੱਖਿਅਤ ਸੀ। ਅਸੀਂ ਕਦੇ ਨਹੀਂ ਸੋਚਿਆ ਸੀ ਕਿ ਉਹ ਹਰਿਮੰਦਰ 'ਤੇ ਹਮਲਾ ਕਰਨਗੇ।"

ਯਾਤਰੀ ਰਫ਼ਲਾਂ, ਮਸ਼ੀਨਗੰਨਾਂ ਤੇ ਬੰਦੂਕਾਂ ਦੀ ਗੋਲੀਬਾਰੀ ਤੋਂ ਭੈਭੀਤ ਹੋ ਗਏ। ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਸੀ ਕਿ ਕਦੋਂ ਗੋਲੀਬਾਰੀ ਰੁਕੇਗੀ ਤੇ ਕਦੋਂ ਮੁੜ ਸ਼ੁਰੂ ਹੋਵੇਗੀ। ਟੋਹੜੇ ਤੇ ਲੌਂਗੋਵਾਲ ਵੱਲੋਂ ਵੀ ਕੋਈ ਅਗਵਾਈ ਨਹੀਂ ਮਿਲ ਰਹੀ ਸੀ। ਸੋ ਜਰਨੈਲਾਂ ਦੀ ਇਹ ਮੂਰਖਤਾ ਹੀ ਸੀ ਜੇ ਉਹਨਾਂ ਨੇ ਇਹ ਖ਼ਿਆਲ ਕੀਤਾ ਹੋਵੇ ਕਿ ਉਹਨਾਂ ਦੀਆਂ ਲਾਊਡ ਸਪੀਕਰਾਂ 'ਤੇ ਕੀਤੀਆਂ ਅਪੀਲਾਂ ਦਾ ਕੋਈ ਉੱਚਿਤ ਹੁੰਗਾਰਾ ਮਿਲੇਗਾ। ਸਰਾਂ ਸਮੂਹ ਨੂੰ ਉਸ ਸਮੇਂ ਖ਼ਾਲੀ ਕਰਵਾਇਆ ਗਿਆ ਜਦੋਂ ਹਰਿਮੰਦਰ 'ਤੇ ਹਮਲਾ ਕੀਤਾ ਗਿਆ। ਉਸ ਸਮੇਂ ਮੁਕਤ ਕਰਨ ਦੀ ਕਾਰਵਾਈ ਵਿੱਚ ਬਹੁਤ ਸਾਰੇ ਨਿਰਦੋਸ਼ ਮਾਰੇ ਗਏ, ਬਹੁਤ ਜ਼ਖ਼ਮੀ ਹੋ ਗਏ ਤੇ ਬਹੁਤ ਸਾਰਿਆਂ ਨੂੰ ਨਾਜਾਇਜ਼ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਨੀਲਾ ਤਾਰਾ ਸਾਕਾ ਦਾ ਸਭ ਤੋਂ ਭੈੜਾ ਪੱਖ ਸੀ। ਇਹ ਦੁਖਾਂਤ ਟਾਲਿਆ ਜਾ ਸਕਦਾ ਸੀ ਜੇ ਸਰਾਂ ਸਮੂਹ ਸਵਰਨ ਮੰਦਰ ਉੱਪਰ ਹਮਲੇ ਤੋਂ ਪਹਿਲਾਂ ਹੀ ਖ਼ਾਲੀ ਕਰਵਾ ਲਿਆ ਜਾਂਦਾ ਪਰ ਇਹ ਕਹਿਣਾ ਸੌਖਾ ਹੈ, ਕਰਨਾ ਮੁਸ਼ਕਲ ਸੀ। ਸਰਾਂ ਸਮੂਹ ਨੂੰ ਖ਼ਾਲੀ ਕਰਨ ਦਾ ਮਤਲਬ ਸੀ ਕਿ ਦੋਹਾਂ ਸਮੂਹਾਂ ਨੂੰ ਅੱਡ-ਅੱਡ ਕਰਨਾ, ਪ੍ਰਤੂ ਭਿੰਡਰਾਂਵਾਲੇ ਦੇ ਆਦਮੀ ਵੀ ਤੇ ਉਹਦੇ ਪਹਿਲਾਂ ਤੋਂ ਬਣੇ ਹੋਏ ਵੈਰੀ ਬੱਬਰ ਖ਼ਾਲਸਾ ਵਾਲੇ ਸਰਾਵਾਂ ਦੇ ਅੰਦਰ ਤੇ ਸਰਾਵਾਂ ਦੇ ਕੋਲ ਉੱਚੀਆਂ ਇਮਾਰਤਾਂ ਵਿੱਚ ਮੋਰਚੇ ਸੰਭਾਲੀ ਬੈਠੇ ਸਨ। ਭਿੰਡਰਾਂਵਾਲੇ ਨੇ ਆਪਣਾ ਦੁਭਾਸ਼ੀਆ ਹਰਿਮੰਦਰ ਸਿੰਘ ਸੰਧੂ ਵੀ ਲੌਂਗੋਵਾਲ ਕੋਲ ਭੇਜਿਆ ਹੋਇਆ ਸੀ ਤਾਂ ਜੋ ਉਹ ਲੌਂਗੋਵਾਲ ਨੂੰ ਸਮਰਪਣ ਕਰਨ ਤੋਂ ਰੋਕੇ। ਇਸ ਲਈ ਦੋਹਾਂ ਸਮੂਹਾਂ ਨੂੰ ਵੱਖ-ਵੱਖ ਕਰਨ ਦੀ ਕੋਸ਼ਿਸ਼ ਨਾਲ ਸਰਾਵਾਂ ਵਿੱਚ ਵੀ ਲੜਾਈ ਛਿੜ ਜਾਣੀ ਸੀ। ਫਿਰ ਸਹਿਜ ਨਾਲ ਹੀ ਲੜਾਈ ਹਰਿਮੰਦਰ ਤਕ ਫੈਲ ਜਾਂਦੀ ਤੇ ਫ਼ੌਜ ਨੂੰ ਮਜਬੂਰ ਹੋ ਕੇ ਭਿੰਡਰਾਂਵਾਲੇ ਦੇ ਗੜ੍ਹ ਵਿੱਚ ਦਾਖ਼ਲ ਹੋਣਾ ਪੈਂਦਾ, ਜਦੋਂ ਕਿ ਉਹ ਉਸ ਸਮੇਂ ਅਜਿਹਾ ਕਰਨ ਦੇ ਯੋਗ ਨਹੀਂ ਸੀ।

ਇਕ ਗੰਭੀਰ ਸਮੱਸਿਆ ਸਮੇਂ ਦੀ ਵੀ ਸੀ। ਦੋਹਾਂ ਸਮੂਹਾਂ ਨੂੰ ਵੱਖ ਕਰਨ ਲਈ ਮੁੱਖ ਲੜਾਈ ਵਿੱਚ ਹੋਰ ਦੇਰੀ ਕਰਨੀ ਪੈਣੀ ਸੀ ਤੇ ਲੈਫ. ਜਨਰਲ ਸੁੰਦਰ ਜੀ, ਜੋ ਸਮੁੱਚੀ ਕਾਰਵਾਈ ਦਾ ਇਨਚਾਰਜ ਸੀ, ਉਹ ਦੇਰੀ ਕਰਨ ਦਾ ਖ਼ਤਰਾ ਨਹੀਂ ਲੈ ਸਕਦਾ ਸੀ। ਉਸ ਨੂੰ ਇਹੋ ਝੱਲ ਜਾਂ ਖ਼ਬਤ ਸੀ ਕਿ ਇਹ ਕੰਮ ਛੇਤੀ ਖ਼ਤਮ ਕੀਤਾ ਜਾਵੇ ਕਿਉਂਕਿ ਉਹ ਪਿੰਡਾਂ ਵਿੱਚ ਬਗ਼ਾਵਤ ਹੋਣ ਤੋਂ ਡਰਦਾ ਸੀ। ਲੈਫ਼. ਜਨਰਲ ਸੁੰਦਰ ਜੀ ਨੇ ਫ਼ੌਜੀ ਕਾਰਵਾਈ ਮਗਰੋਂ ਆਪਣੇ ਇਸ ਭੈਅ ਨੂੰ ਪੱਤਰ ਪਰੇਰਕਾਂ ਸਾਮ੍ਹਣੇ ਦੱਸਦਿਆਂ ਹੋਇਆਂ ਕਿਹਾ :

"ਸਾਨੂੰ ਪਤਾ ਸੀ ਕਿ ਉਹ ਸਿੱਧੇ ਸਾਦੇ ਪੇਂਡੂਆਂ ਤੇ ਧਰਮ ਦੇ ਸ਼ਰਧਾਲੂ ਬੇਕਸੂਰ ਲੋਕਾਂ ਨੂੰ ਵਰਤਣ ਲਈ ਵਿਉਂਤਾਂ ਬਣਾ ਰਹੇ ਸਨ। ਯੋਜਨਾ ਇਹ ਸੀ ਕਿ ਉਹਨਾਂ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਦਰਬਾਰ ਸਾਹਿਬ ਵੱਲ ਆਉਣ ਲਈ ਤੇ ਸੱਚਮੁੱਚ ਸਵਰਨ ਮੰਦਰ ਦੇ ਅੰਦਰ ਤੇ ਉਦਾਲੇ ਪਰੇਰਨਾ ਦੇ ਕੇ ਹੜ੍ਹ ਲਿਆ ਦਿੱਤਾ ਜਾਵੇ ਜਿਸ

ਨਾਲ ਆਤੰਕਵਾਦੀਆਂ ਨੂੰ ਬਾਹਰ ਕੱਢਣ ਦੀ ਕਿਸੇ ਵੀ ਕਾਰਵਾਈ ਨੂੰ ਤਕੜਾਈ ਨਾਲ ਰੋਕ ਦਿੱਤਾ ਜਾਵੇ। ਇਸ ਜਾਣਕਾਰੀ ਦੀ ਪ੍ਰੋੜ੍ਹਤਾ ਵੀ ਕੀਤੀ ਗਈ ਸੀ। ਅਸੀਂ ਪਿੰਡਾਂ ਨੂੰ ਜਾਂਦੇ ਸੰਦੇਸ਼ ਵੀ ਪਕੜੇ। ਇਸ ਲਈ ਵਧੇਰੇ ਸਮੇਂ ਲਈ ਮੁਹਾਸਿਰਾ ਜਾਂ ਘੇਰਾਬੰਦੀ ਦਾ ਸਿੱਟਾ ਇਸ ਕਿਸਮ ਦੀ ਸਮੂਹਕ ਹਲਚਲ ਜਾਂ ਲਹਿਰ ਦੇ ਰੂਪ ਵਿੱਚ ਪਰਗਟ ਹੋਣਾ ਸੀ।''

ਫ਼ੌਜ ਕੋਲ ਪਿੰਡਾਂ ਦੇ ਸਿੱਖਾਂ ਤੋਂ ਡਰਨ ਦੇ ਉੱਚਿਤ ਕਾਰਨ ਸਨ। ਸਵਰਨ ਮੰਦਰ ਨੂੰ ਘੇਰਾ ਪਾਉਣ ਦੀ ਮਗਰਲੀ ਰਾਤ ਅੰਮ੍ਰਿਤਸਰ ਦੇ ਨੇੜਲੇ ਪਿੰਡਾਂ ਦੇ ਗੁੱਸੇ ਨਾਲ ਭੜਕੇ ਹੋਏ ਸਿੱਖਾਂ ਨੇ ਸ਼ਹਿਰ ਦੇ ਸੁਲਤਾਨਵਿੰਡ ਖੇਤਰ ਵਿੱਚ ਧਮੱਚੜ ਮਚਾ ਦਿੱਤਾ ਤੇ ਹਿੰਦੂਆਂ ਦੀਆਂ ਦੁਕਾਨਾਂ ਤੇ ਛੋਟੇ ਕਾਰਖ਼ਾਨਿਆਂ ਨੂੰ ਅੱਗ ਲਾ ਦਿੱਤੀ। ਫ਼ੌਜ ਵੱਲੋਂ ਸਖ਼ਤੀ ਨਾਲ ਲਾਇਆ ਕਰਫ਼ਿਊ ਵੀ ਬੇਅਸਰ ਸਾਬਤ ਹੋਇਆ। ਜਿਵੇਂ-ਜਿਵੇਂ ਪੰਜਾਬ ਵਿੱਚ ਤਨਾਅ ਵਧਿਆ, ਫ਼ੌਜੀ ਹੈਲੀਕੋਪਟਰਾਂ ਨੇ ਕਈਆਂ ਥਾਂਵਾਂ 'ਤੇ ਗੁੱਸੇ 'ਚ ਆਏ ਸਿੱਖਾਂ ਦੇ ਟੋਲੇ ਵੇਖੇ। ਫ਼ੌਜ ਨੇ ਉਹਨਾਂ ਨੂੰ ਖਿੰਡਾ ਤਾਂ ਦਿੱਤਾ ਪਰ ਅਜਿਹਾ ਕਰਨ ਵਿੱਚ ਜਾਨੀ ਨੁਕਸਾਨ ਹੋਇਆ।

3 ਜੂਨ ਦੀ ਰਾਤ ਨੂੰ ਪੰਜਾਬ ਬਾਕੀ ਭਾਰਤ ਤੋਂ ਅਲੱਗ ਥਲੱਗ ਹੋ ਗਿਆ ਤੇ ਵਿਦਰੋਹ ਨੂੰ ਰੋਕਣ ਲਈ ਪੰਜਾਬ ਵਿੱਚ ਹਰ ਕਿਸਮ ਦੀ ਆਵਾਜਾਈ ਰੁਕ ਗਈ ਤੇ ਜ਼ਿੰਦਗੀ ਸਥਿਰ ਹੋ ਗਈ। ਰੇਲ, ਬੱਸ ਤੇ ਹਵਾਈ ਸੇਵਾਵਾਂ ਰੋਕ ਦਿੱਤੀਆਂ ਗਈਆਂ, ਤਾਰ ਤੇ ਟੈਲੀਫ਼ੋਨ ਤਾਰਾਂ ਕੱਟ ਦਿੱਤੀਆਂ ਗਈਆਂ। ਪਾਕਿਸਤਾਨ ਸੀਮਾ ਬੰਦ ਕਰ ਦਿੱਤੀ ਗਈ। ਸਵਰਨ ਮੰਦਰ ਦੇ ਇੱਕੋ ਇੱਕ ਗੁਰਦਵਾਰੇ ਨੂੰ ਹੀ ਘੇਰਾ ਨਹੀਂ ਪਾਇਆ ਗਿਆ ਸੀ। ਉਸ ਰਾਤ ਸੈਨਾ ਨੇ 37 ਹੋਰ ਗੁਰਦੁਆਰਿਆਂ ਦੀ ਵੀ ਨਾਕਾਬੰਦੀ ਕੀਤੀ ਹੋਈ ਸੀ ਜਿੱਥੇ ਉਹਨਾਂ ਨੂੰ ਯਕੀਨ ਸੀ ਕਿ ਭਿੰਡਰਾਂਵਾਲੇ ਦੇ ਪੈਰੋਕਾਰ ਲੁਕੇ ਹੋਏ ਸਨ। ਪਟਿਆਲਾ ਵਿੱਚ ਫ਼ੌਜ ਨੂੰ ਗੁਰਦਵਾਰਾ ਦੂਖ ਨਿਵਾਰਨ ਦੇ ਅੰਦਰੋਂ ਕਾਫ਼ੀ ਵਿਰੋਧ ਦਾ ਸਾਮ੍ਹਣਾ ਕਰਨਾ ਪਿਆ, ਇਸ ਲਈ ਉਸ ਨੇ ਉਸ ਉੱਪਰ ਹਮਲਾ ਕਰਨ ਦਾ ਫ਼ੈਸਲਾ ਕੀਤਾ। ਇਸ ਥਾਂ 'ਤੇ ਸੈਨਿਕ ਕਾਰਵਾਈ ਦੀ ਕਮਾਨ ਸਵਰਨ ਮੰਦਰ ਵਾਂਗ ਹੀ ਦਾੜ੍ਹੀ ਕੱਟ ਮੇਜਰ ਜਨਰਲ ਗੁਰਦਿਆਲ ਸਿੰਘ ਦੇ ਹੱਥ ਸੀ। ਫ਼ੌਜ ਕਹਿੰਦੀ ਹੈ ਕਿ ਪਟਿਆਲਾ ਗੁਰਦਵਾਰੇ ਵਿੱਚ 22 ਆਦਮੀ ਮਾਰੇ ਗਏ ਸਨ ਪਰ ਪਟਿਆਲਾ ਦੇ ਹਸਪਤਾਲ ਅਧਿਕਾਰੀਆਂ ਅਨੁਸਾਰ 56 ਲੋਕ ਮਰੇ। ਫ਼ੌਜ ਨੂੰ 37 ਗੁਰਦਵਾਰਿਆਂ ਵਿੱਚੋਂ ਗ੍ਰਿਫ਼ਤਾਰ ਕੀਤੇ ਗਏ ਤੇ ਮਾਰੇ ਗਏ ਆਤੰਕਵਾਦੀਆਂ ਦੀ ਗਿਣਤੀ ਤੋਂ ਨਿਰਾਸਤਾ ਹੋਈ। ਜਾਂ ਤਾਂ ਭਿੰਡਰਾਂਵਾਲੇ ਦੇ ਆਦਮੀਆਂ ਦੀ ਗਿਣਤੀ ਇਤਨੀ ਜ਼ਿਆਦਾ ਨਹੀਂ ਸੀ ਜਿਤਨੀ ਫ਼ੌਜ ਨੂੰ ਦੱਸੀ ਗਈ ਸੀ ਜਾਂ ਬਹੁਤੇ ਫ਼ੌਜ ਆਉਣ ਤੋਂ ਪਹਿਲਾਂ ਹੀ ਨੱਠ ਗਏ ਸਨ।

3 ਜੂਨ ਦੀ ਰਾਤ ਨੂੰ ਸਾਰੇ ਸੰਚਾਰ ਸਾਧਨ ਠੱਪ ਹੋਣ ਕਾਰਨ, ਪੰਜਾਬ ਵਿੱਚ ਜੋ ਕੁਝ ਵਾਪਰ ਰਿਹਾ ਸੀ, ਉਸ ਦੀ ਬਾਹਰਲੀ ਦੁਨੀਆ ਨੂੰ ਕੋਈ ਖ਼ਬਰ ਨਹੀਂ ਸੀ।

ਪੱਤਰਕਾਰਾਂ ਨੂੰ ਆਪਣੇ ਹੋਟਲਾਂ ਵਿੱਚ ਟਿਕੇ ਰਹਿਣ ਲਈ ਕਿਹਾ ਗਿਆ; ਇਸ ਲਈ ਅਸੀਂ ਰਿਟਜ਼ ਹੋਟਲ ਦੇ ਘਾਹ ਦੇ ਮੈਦਾਨ ਵਿੱਚ ਬੈਠੇ-ਬੈਠੇ ਦਿਨ ਦਾ ਬਹੁਤਾ ਸਮਾਂ ਫ਼ੌਜੀ ਜਾਂ ਪੁਲੀਸ ਪਰਸਾਰਨ ਰਾਹੀਂ ਮੀਡੀਅਮ ਫ਼ਰੀਕਿਉਂਸੀ ਤੇ ਰੇਡੀਓ ਜਾਂ ਟਰਾਂਜ਼ਿਸਟਰ ਸੁਣ ਕੇ ਗੁਜ਼ਾਰਦੇ ਰਹੇ। ਫ਼ੌਜ ਨੂੰ, ਸਪੱਸ਼ਟ ਸੀ ਕਿਸੇ ਵੱਡੀ ਕਾਰਵਾਈ ਲਈ ਨਿਯੁਕਤ ਕੀਤਾ ਜਾ ਰਿਹਾ ਸੀ ਪਰ ਇਹ ਕਾਰਵਾਈ ਕਿਤਨੇ ਵੱਡੇ ਪੱਧਰ ਦੀ ਸੀ, ਮੈਨੂੰ ਉਸ ਸਮੇਂ

ਇਸ ਦਾ ਕੋਈ ਅਨੁਮਾਨ ਨਹੀਂ ਸੀ। ਮੈਂ ਇਕ ਅਫ਼ਸਰ ਨੂੰ ਇਹ ਖ਼ਬਰ ਦਿੰਦਿਆਂ ਸੁਣ ਲਿਆ ਕਿ ਤੋਪਖ਼ਾਨੇ ਨੇ ਮੋਰਚੇ ਮੱਲ ਲਏ ਸਨ ਪਰ ਮੈਨੂੰ ਇਹ ਯਕੀਨ ਨਹੀਂ ਸੀ ਕਿ ਫ਼ੌਜ ਅੰਮ੍ਰਿਤਸਰ ਦੇ ਭੀੜ ਭੜੱਕੇ ਵਾਲੇ ਪੁਰਾਣੇ ਸ਼ਹਿਰ ਵਿੱਚ ਭਾਰੀ ਤੋਪਾਂ ਦੀ ਵਰਤੋਂ ਕਰੇਗੀ। ਮੈਂ ਸੋਚਿਆ ਕਿ ਤੋਪਖ਼ਾਨੇ ਦੇ ਸਿਪਾਹੀਆਂ ਨੂੰ ਸਵਰਨ ਮੰਦਰ ਦੀ ਘੇਰਾਬੰਦੀ ਕਰਕੇ ਬੰਦ ਕਰਨ ਲਈ ਪਿਆਦਾ ਫ਼ੌਜ ਵਜੋਂ ਵਰਤਿਆ ਗਿਆ ਹੋਵੇਗਾ। ਮੇਰਾ ਵਿਚਾਰ ਗ਼ਲਤ ਨਿਕਲਿਆ।

ਜਿਸ ਰਾਤ ਫ਼ੌਜ ਨੇ ਹਰਿਮੰਦਰ 'ਤੇ ਹਮਲਾ ਕੀਤਾ, ਉਸ ਰਾਤ ਐਸ.ਪੀ. ਸੀਤਲ ਦਾਸ ਰਿਟਜ਼ ਹੋਟਲ ਵਿੱਚ ਸਾਨੂੰ ਇਹ ਦੱਸਣ ਆਇਆ ਕਿ ਸਾਨੂੰ ਪੁਲੀਸ ਦੀ ਬੱਸ ਰਾਹੀਂ ਪੰਜਾਬ ਤੋਂ ਬਾਹਰ ਲਿਜਾਇਆ ਜਾ ਰਿਹਾ ਸੀ। ਬਹੁਤ ਸਾਰੇ ਪੱਤਰਕਾਰ ਤਾਂ ਸਹਿਮਤ ਹੋ ਗਏ ਪਰ ਸਾਡੇ 'ਚੋਂ ਕੁਝ ਨੇ ਫ਼ੈਸਲਾ ਕੀਤਾ ਕਿ ਜੇ ਅਸੀਂ ਅਗਲੀ ਸੁਬਹ ਤਕ ਰੁਕੇ ਰਹੀਏ ਤਾਂ ਸਾਡੇ ਲਈ ਜਾਣ ਤੋਂ ਇਨਕਾਰ ਕਰਨਾ ਲਾਹੇਵੰਦ ਰਹੇਗਾ ਜੇ ਅਸੀਂ ਇਹ ਵੇਖਣ ਵਿੱਚ ਸਫ਼ਲ ਹੋ ਸਕੀਏ ਕਿ ਅੰਮ੍ਰਿਤਸਰ ਤੇ ਬਾਕੀ ਦੇ ਪੰਜਾਬ ਵਿੱਚ ਕੀ ਹੋ ਰਿਹਾ ਸੀ। ਇਕ ਬੜੀ ਗਰਮਾ ਗਰਮ ਤਕਰਾਰ ਸ਼ੁਰੂ ਹੋ ਗਈ ਜਿਸ ਵਿੱਚ ਕੁਝ ਪੱਤਰਕਾਰਾਂ ਨੇ ਸੀਤਲ ਦਾਸ ਦੀ ਹਮਾਇਤ ਕੀਤੀ। ਮੈਨੂੰ ਸੀਤਲ ਦਾਸ ਬਾਰੇ ਅਫ਼ਸੋਸ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਫ਼ੌਜ ਸਾਰਾ ਦਿਨ ਉਸ ਨੂੰ ਪਰੇਸ਼ਾਨ ਕਰਦੀ ਰਹੀ ਸੀ ਤੇ ਉਹ ਪੁਲੀਸ ਪ੍ਰਤੀ ਆਪਣੀ ਘਿਰਣਾ ਉੱਕਾ ਹੀ ਲੁਕੋ ਨਹੀਂ ਰਿਹਾ ਸੀ। ਜਦੋਂ ਇਕ ਸੀਨੀਅਰ ਫ਼ੌਜੀ ਅਧਿਕਾਰੀ ਨੂੰ ਪਤਾ ਲੱਗਾ ਕਿ ਕੁਝ ਵਿਦੇਸ਼ੀ ਪੱਤਰਕਾਰ ਅਜੇ ਵੀ ਅੰਮ੍ਰਿਤਸਰ ਵਿੱਚ ਸਨ ਤਾਂ ਉਸ ਨੇ ਪੁਲੀਸ ਉੱਪਰ ਪ੍ਰੈਸ ਨੂੰ ਸੈਨਿਕ ਯੋਜਨਾਵਾਂ ਤੇ ਵਿਉਂਤ ਦੱਸ ਦੇਣ ਦਾ ਦੋਸ਼ ਲਗਾਇਆ। ਪਰ ਮੈਂ ਅਜੇ ਵੀ ਮਹਿਸੂਸ ਕਰਦਾ ਸੀ ਇਹ ਲੜਾਈ ਵੇਖਣ ਵਾਲੀ ਹੈ ਤੇ ਮੈਂ ਉੱਚੀ ਆਵਾਜ਼ ਵਿੱਚ ਪੁਲੀਸ ਅਫ਼ਸਰ ਨੂੰ ਕਿਹਾ, "ਮੈਂ ਨਹੀਂ ਜਾਣਾ। ਤੁਸੀਂ ਮੈਨੂੰ ਗ੍ਰਿਫ਼ਤਾਰ ਕਰ ਲਉ।" ਉਸ ਨੇ ਵੀ ਅੱਗੋਂ ਉੱਚੀ ਆਵਾਜ਼ ਵਿੱਚ ਦਬਕਾ ਮਾਰਿਆ, "ਹਾਂ! ਮੈਂ ਤੈਨੂੰ ਗ੍ਰਿਫ਼ਤਾਰ ਕਰਾਂਗਾ। ਤੁਸੀਂ ਅੰਗਰੇਜ਼ ਸੋਚ ਰਹੇ ਹੋ ਕਿ ਤੁਹਾਡਾ ਅਜੇ ਵੀ ਸਾਡੇ 'ਤੇ ਰਾਜ ਹੈ ਤੇ ਤੁਸੀਂ ਸਾਨੂੰ ਹੁਕਮ ਦੇ ਸਕਦੇ ਹੋ ਕਿ ਅਸੀਂ ਕੀ ਕਰਨਾ ਹੈ।" ਇਹ ਬੜੀ ਅਣਸੁਖਾਵੀਂ ਘੜੀ ਸੀ ਕਿਉਂਕਿ ਆਜ਼ਾਦ ਭਾਰਤ ਵਿੱਚ ਆਪਣੇ 16 ਸਾਲ ਦੇ ਕਿਆਮ ਪਿੱਛੋਂ ਮੈਂ ਇਹ ਇਲਜ਼ਾਮ ਲੱਗਿਆ ਨਹੀਂ ਸੁਣਨਾ ਚਾਹੁੰਦਾ ਸੀ ਕਿ ਮੈਂ ਸਾਮਰਾਜੀ ਸੀ। ਪ੍ਰੰਤੂ ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਲੋਕਾਂ ਦਾ ਗ਼ੁੱਸਾ ਉਤਨੀ ਛੇਤੀ ਠੰਡਾ ਹੋ ਜਾਂਦਾ ਹੈ ਜਿਤਨੀ ਛੇਤੀ ਇਹ ਭੜਕਦਾ ਹੈ। ਸੀਤਲਦਾਸ ਨੇ ਕਿਹਾ ਕਿ ਉਹ ਫ਼ੌਜ ਦੀ ਸਲਾਹ ਲਵੇਗਾ। ਇਕ ਬ੍ਰਿਗੇਡੀਅਰ ਰਿਟਜ਼ ਹੋਟਲ ਵਿੱਚ ਆ ਗਿਆ ਤੇ ਇਸ ਗੱਲ 'ਤੇ ਸਹਿਮਤੀ ਹੋ ਗਈ ਕਿ ਅਸੀਂ ਅਗਲੀ ਸੁਬਹ ਚਲੇ ਜਾਵਾਂਗੇ। ਕਿਸੇ ਵੀ ਧਿਰ ਦਾ ਅਪਮਾਨ ਨਾ ਹੋਇਆ, ਦੋਵੇਂ ਧਿਰਾਂ ਦੀ ਇੱਜ਼ਤ ਬੱਚ ਗਈ। ਮੈਂ ਤੇ ਸੀਤਲ ਦਾਸ ਨੇ ਇਸ ਸਮਝੌਤੇ ਦੀ ਖ਼ੁਸ਼ੀ ਵਿੱਚ ਜਸ਼ਨ ਮਨਾਇਆ। ਮੈਂ ਰਿਟਜ਼ ਹੋਟਲ ਦੇ ਖੁਲ੍ਹਦਿਲੇ ਤੇ ਮਿਲਾਪੜੇ ਮੇਜ਼ਬਾਨ ਟਿਨੀ ਮਹਿਰਾ ਨੇ ਬਚਾ ਕੇ ਰੱਖੀਆਂ ਬੀਅਰ ਦੀਆਂ ਬੋਤਲਾਂ ਵਿੱਚੋਂ ਇਕ ਬੋਤਲ ਨਾਲ ਇਹ ਜਸ਼ਨ ਮਨਾਇਆ ਤੇ ਪੁਲਸ ਅਫ਼ਸਰ ਨੇ ਨਸ਼ਾ-ਰਹਿਤ ਪਾਣੀ (ਸੋਫਟ ਡਰਿੰਕ) ਪੀਤਾ ਕਿਉਂਕਿ ਉਹ ਡਿਊਟੀ 'ਤੇ ਸੀ।

ਸਰਕਾਰੀ ਆਦੇਸ਼ ਇਹ ਸੀ ਕਿ ਵਿਦੇਸ਼ੀ ਪੱਤਰਕਾਰਾਂ ਨੇ ਹੀ ਜਾਣਾ ਸੀ ਕਿਉਂਕਿ

ਜਦੋਂ ਫ਼ੌਜ ਨੇ ਪੰਜਾਬ ਦੀ ਸੁਰੱਖਿਆ ਦੀ ਜ਼ੁੰਮੇਵਾਰੀ ਸੰਭਾਲੀ ਤਾਂ ਨਵੇਂ ਹੁਕਮਾਂ ਅਨੁਸਾਰ ਉਹਨਾਂ ਦਾ ਦਾਖ਼ਲਾ ਹੀ ਪੰਜਾਬ ਵਿੱਚ ਵਿਵਰਜਿਤ ਕੀਤਾ ਗਿਆ ਸੀ। ਸਾਡੇ ਜਾਣ ਤੋਂ ਪਹਿਲਾਂ ਉਹ ਆਦੇਸ਼, ਵਿਦੇਸ਼ੀ ਅਖ਼ਬਾਰਾਂ ਲਈ ਕੰਮ ਕਰਦੇ ਪੱਤਰਕਾਰਾਂ 'ਤੇ ਵੀ ਲਾਗੂ ਕਰ ਦਿੱਤਾ ਗਿਆ ਸੀ। ਫਿਰ ਵੀ ਐਸੋਸੀਏਟਡ ਪ੍ਰੈਸ ਦੇ ਇਕ ਭਾਰਤੀ ਕਾਮੇ ਬ੍ਰਹਮ ਚੇਲਾਨੀ ਨੇ ਪਿੱਛੇ ਰੁਕਣ ਦਾ ਜੁਗਾੜ ਬਣਾ ਲਿਆ। ਉਹ ਅੰਮ੍ਰਿਤਸਰ ਉਸ ਦਿਨ ਹੀ ਆਇਆ ਸੀ ਤੇ ਉਸ ਦਾ ਨਾਮ ਪੱਤਰਕਾਰਾਂ ਦੀ ਉਸ ਸੂਚੀ ਵਿੱਚ ਨਹੀਂ ਸੀ ਜੋ ਪੱਤਰਕਾਰਾਂ ਕੋਲ ਸੀ।

ਅਗਲੀ ਸਵੇਰੇ ਸੁਵਖਤੇ ਹੀ ਸਾਨੂੰ ਪੰਜਾਬ ਸਰਕਾਰ ਦੀ ਰੋਡਵੇਜ਼ ਦੀ ਬੱਸ ਵਿੱਚ ਤੁੰਨ ਦਿੱਤਾ ਗਿਆ। ਉਹਦੀ ਖਸਤਾ ਹਾਲਤ ਵੇਖ ਕੇ ਅੰਦਾਜ਼ਾ ਲੱਗਦਾ ਸੀ ਕਿ ਇਸ ਦੀ ਵਰਤੋਂ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਜਾਣ ਲਈ ਨਹੀਂ ਕੀਤੀ ਜਾਂਦੀ ਸੀ। ਅਸੀਂ ਜਰਨੈਲੀ ਸੜਕ ਉੱਪਰ ਹਰਿਆਣੇ ਦੀ ਸੀਮਾ ਵੱਲ ਜਾਣ ਲਈ ਉਸ ਵਿੱਚ ਬੈਠ ਗਏ। ਅਸੀਂ ਪੰਜ ਮਿੰਟ ਲਈ ਸਵਰਨ ਮੰਦਰ ਨੇੜੇ ਇਕ ਹੋਟਲ ਕੋਲ ਰੁਕੇ ਜਿੱਥੇ ਇਕ ਪੱਤਰਕਾਰ ਦਾ ਟੇਪ ਰਿਕਾਰਡਰ ਰਹਿ ਗਿਆ ਸੀ। ਉੱਥੇ ਸਾਨੂੰ ਛੋਟੇ ਹਥਿਆਰਾਂ ਦੇ ਰੁਕ ਰੁਕ ਕੇ ਚੱਲਣ ਦੀ ਆਵਾਜ਼ ਤੇ ਕਦੇ-ਕਦੇ ਛੋਟੀਆਂ ਤੋਪਾਂ ਦੇ ਗੋਲਿਆਂ ਦੀ ਵਾਛੜ ਸੁਣਾਈ ਦਿੱਤੀ। ਫ਼ੌਜ ਨੇ ਹਰ ਗਲੀ ਦੀ ਨਾਕਾਬੰਦੀ ਕੀਤੀ ਹੋਈ ਸੀ ਤੇ ਸ਼ਹਿਰ ਛੱਡਣ ਤੋਂ ਪਹਿਲਾਂ ਸਾਨੂੰ ਫ਼ੌਜ ਵੱਲੋਂ ਲਾਏ ਤਿੰਨਾਂ ਨਾਕਿਆਂ 'ਤੇ ਰੋਕਿਆ ਗਿਆ।

ਜਦ ਸੂਰਜ ਚੜ੍ਹਿਆ ਤਾਂ ਮੈਂ ਉਹ ਦ੍ਰਿਸ਼ ਵੇਖਿਆ ਜਿਸ ਦੀ ਮੈਨੂੰ ਉੱਕਾ ਆਸ ਨਹੀਂ ਸੀ। ਜਰਨੈਲੀ ਸੜਕ ਬਿਲਕੁਲ ਖ਼ਾਲੀ ਸੀ। ਹਰਿਆਣੇ ਦੀ ਸੀਮਾ ਤਕ ਸਾਢੇ ਪੰਜ ਘੰਟੇ ਦੇ ਸਫ਼ਰ ਵਿੱਚ ਮੈਂ ਇਕ ਵੀ ਆਮ ਸ਼ਹਿਰੀ ਦੀ ਗੱਡੀ ਤਾਂ ਕੀ, ਕੋਈ ਗੱਡਾ ਵੀ ਨਾ ਵੇਖਿਆ। ਜਿਹੜੇ ਪਿੰਡਾਂ ਵਿੱਚੋਂ ਦੀ ਅਸੀਂ ਲੰਘੇ, ਉੱਥੇ ਸਭ ਦੁਕਾਨਾਂ ਬੰਦ ਸਨ ਤੇ ਵਧੇਰੇ ਪੇਂਡੂ ਲੋਕ ਆਪਣੇ ਘਰਾਂ ਵਿੱਚ ਸਨ। ਜਿਹੜੀਆਂ ਗੱਡੀਆਂ ਵੀ ਅਸੀਂ ਵੇਖੀਆਂ ਉਹ ਫ਼ੌਜੀ ਗੱਡੀਆਂ ਹੀ ਸਨ। ਹਰ ਸੜਕ ਦੇ ਦੁਮੇਲ (ਜੰਕਸ਼ਨ) 'ਤੇ ਸਾਨੂੰ ਫ਼ੌਜੀ ਚੌਕੀ ਵਾਲੇ ਰੋਕ ਲੈਂਦੇ। ਸਾਡੇ ਨਾਲ ਜਾ ਰਿਹਾ ਅਫ਼ਸਰ ਇਕ ਅਦਨਾ ਸਬ-ਇਨਸਪੈਕਟਰ ਸੀ ਤੇ ਸਾਡੇ ਮਿੱਤਰ ਸੀਤਲ ਦਾਸ ਨੇ ਉਸ ਨੂੰ ਭਾਰਤ ਵਿੱਚ ਲੋੜੀਂਦੇ ਉਹ ਸਰਕਾਰੀ ਕਾਗ਼ਜ਼ ਪੱਤਰ ਵੀ ਨਾ ਦਿੱਤੇ ਜਿਹਨਾਂ ਦੀ ਜ਼ਰੂਰਤ ਸੀ, ਇਸ ਲਈ ਉਸ ਨੂੰ ਹਰ ਥਾਂ ਫ਼ੌਜੀ ਅਫ਼ਸਰਾਂ ਨੂੰ ਲੰਘ ਜਾਣ ਦੀ ਆਗਿਆ ਦੇਣ ਲਈ ਮਨਾਉਣ ਵਾਸਤੇ ਬੜੀ ਮੁਸ਼ਕਲ ਪੇਸ਼ ਆਉਂਦੀ ਕਿਉਂਕਿ ਫ਼ੌਜੀ ਅਧਿਕਾਰੀਆਂ ਨੂੰ ਇਸ ਤਰ੍ਹਾਂ ਕੰਮ ਕਰਨ ਦੀ ਆਦਤ ਹੀ ਨਹੀਂ ਸੀ। ਆਖ਼ਰ ਉਹ ਕਾਮਯਾਬ ਰਿਹਾ ਤੇ ਅਸੀਂ ਦੁਪਹਿਰ ਤੱਕ ਪੰਜਾਬ ਦੀ ਹੱਦ ਲੰਘ ਕੇ ਹਰਿਆਣੇ ਦੀ ਹੱਦ ਵਿੱਚ ਜਾ ਵੜੇ। ਪੰਜਾਬ ਦਾ ਸੰਪਰਕ ਬਾਕੀ ਦੀ ਸਾਰੀ ਦੁਨੀਆਂ ਨਾਲੋਂ ਉਸ ਸ਼ਾਮ ਕੀਤੇ ਜਾਣ ਵਾਲੇ ਹਮਲੇ ਕਾਰਨ ਟੁੱਟ ਚੁੱਕਿਆ ਸੀ ਜਾਂ ਤੋੜ ਦਿੱਤਾ ਗਿਆ ਸੀ।

12

ਨੀਲਾ ਤਾਰਾ ਸਾਕਾ

5 ਜੂਨ ਦੀ ਸ਼ਾਮ ਨੂੰ 7 ਵਜੇ ਭਾਰਤੀ ਫ਼ੌਜ ਦੀ 16ਵੀਂ ਘੋੜਸਵਾਰ ਪਲਟਨ ਨੇ ਸਵਰਨ ਮੰਦਰ ਵੱਲ ਵਧਣਾ ਸ਼ੁਰੂ ਕੀਤਾ। ਉਹ ਜਲ੍ਹਿਆਂਵਾਲਾ ਦੇ ਚਾਰ ਪਾਸਿਆਂ ਤੋਂ ਘਿਰੇ ਹੋਏ ਬਾਗ਼ ਕੋਲ ਦੀ ਲੰਘੇ ਜਿੱਥੇ ਜਨਰਲ ਡਾਇਰ ਨੇ ਲਗਭਗ 400 ਲੋਕਾਂ ਦਾ ਕਤਲਾਮ ਕੀਤਾ ਸੀ। ਉਸ ਕਤਲਾਮ ਨੇ ਅੰਗਰੇਜ਼ਾਂ ਦੀ ਭਾਰਤ ਉੱਪਰ ਨਿਰੰਤਰ ਹਕੂਮਤ ਕਰਦੇ ਰਹਿਣ ਦੀ ਉਮੀਦ ਨੂੰ ਭਾਰੀ ਸੱਟ ਮਾਰੀ ਸੀ ਤੇ ਉਹ ਭਾਰਤ ਦੀ ਆਜ਼ਾਦੀ ਲਹਿਰ ਲਈ ਸ਼ਕਤੀਸ਼ਾਲੀ ਪਰੇਰਨਾ ਬਣਿਆ। ਜਦੋਂ ਸ੍ਰੀਮਤੀ ਗਾਂਧੀ ਨੂੰ ਦੱਸਿਆ ਗਿਆ ਕਿ "ਨੀਲਾ ਤਾਰਾ ਸਾਕਾ" ਸ਼ੁਰੂ ਹੋ ਗਿਆ ਹੈ ਤਾਂ ਉਹ ਜ਼ਰੂਰ ਸੋਚ ਰਹੀ ਹੋਵੇਗੀ ਕਿ ਕੀ ਇਹ ਸਿੱਖਾਂ ਦੀ ਆਜ਼ਾਦੀ ਲਹਿਰ ਨੂੰ ਪਰੋਤਸਾਹਨ ਦੇਵੇਗਾ। ਇਹ ਐਸੀ ਲਹਿਰ ਸੀ ਜਿਸ ਨੂੰ ਭਿੰਡਰਾਂਵਾਲੇ ਦੇ ਪਿਛਲੱਗਾਂ ਤੇ ਬਰਤਾਨੀਆਂ, ਕੈਨੇਡਾ ਤੇ ਸੰਯੁਕਤ ਰਾਜ ਅਮਰੀਕਾ ਵਿੱਚ ਸਿੱਖਾਂ ਦੇ ਛੋਟੇ-ਛੋਟੇ ਟੋਲਿਆਂ ਤੇ ਸਮੂਹਾਂ ਤੋਂ ਬਿਨਾਂ ਹੋਰ ਕਿਸੇ ਪਾਸੇ ਤੋਂ ਬਹੁਤ ਘੱਟ ਸਮਰਥਨ ਪ੍ਰਾਪਤ ਸੀ। ਮੇਜਰ ਜਨਰਲ ਬਰਾੜ ਨੇ ਸਵਰਨ ਮੰਦਰ ਸਮੂਹ ਵਿੱਚ ਪਰਵੇਸ਼ ਕਰਨ ਤੋਂ ਪਹਿਲਾਂ ਆਪਣੇ ਜਵਾਨਾਂ ਨੂੰ ਸੰਬੋਧਨ ਕੀਤਾ। ਉਸ ਦੀ ਕਮਾਨ ਹੇਠ ਅਜੋਕੀ ਭਰਤੀ ਦੇ ਢੰਗ ਤਰੀਕੇ ਅਨੁਸਾਰ ਰਲੇ ਮਿਲੇ ਫ਼ੌਜੀ ਸਨ ਜਿਸ ਅਨੁਸਾਰ ਫ਼ੌਜੀ ਭਰਤੀ ਕੇਵਲ ਜੰਗਜੂ ਜਾਤੀਆਂ ਤਕ ਸੀਮਤ ਰੱਖਣ ਦੀ ਪਰਪਾਟੀ ਸਮਾਪਤ ਕਰ ਦਿੱਤੀ ਗਈ ਸੀ। ਭਾਰਤ ਦੀ ਉੱਤਰੀ ਸੀਮਾ ਵੱਲੋਂ ਹਿਮਾਲਾ ਪਹਾੜ ਦੀ ਪੱਖੀ ਤੋਂ ਡੋਗਰੇ ਤੇ ਕਮਾਉਂ ਵਾਸੀ ਵੀ ਸਨ। ਉਹਨਾਂ ਵਿੱਚ ਰਾਜਸਥਾਨ ਦੇ ਮਾਰੂਥਲ ਦੇ ਰਾਜਪੂਤ ਯੋਧੇ ਵੀ ਸਨ। ਭਾਰਤ ਦੇ ਦੱਖਣ ਵਿੱਚ ਸਭ ਤੋਂ ਦੁਰਾਡੇ ਰਾਜ ਤਾਮਿਲਨਾਡੂ ਤੋਂ ਮਦਰਾਸੀ ਵੀ ਸਨ। ਉਹਨਾਂ ਵਿੱਚ ਕੇਂਦਰੀ ਭਾਰਤ ਦੇ ਕਬੀਲਿਆਂ ਵਿੱਚੋਂ ਬਿਹਾਰੀ ਵੀ ਸਨ ਤੇ ਕੁਝ ਸਿੱਖ ਵੀ। ਮੇਜਰ ਜਨਰਲ ਬਰਾੜ ਨੇ ਆਪਣੇ ਜਵਾਨਾਂ ਨੂੰ ਦੱਸਿਆ ਕਿ ਸਵਰਨ ਮੰਦਰ ਸਮੂਹ ਵਿੱਚ ਪਰਵੇਸ਼ ਕਰਨਾ ਹੀ ਆਖ਼ਰੀ ਉਪਾਅ ਰਹਿ ਗਿਆ ਸੀ ਤੇ ਉਹਨਾਂ ਨੂੰ ਇਹ ਕੰਮ ਮੁਲਕ ਨੂੰ ਯਰਗਮਾਲ ਬਣਾਏ ਜਾਣ ਤੋਂ ਰੋਕਣ ਲਈ ਹੀ ਕਰਨਾ ਪਿਆ ਹੈ। ਭਿੰਡਰਾਂਵਾਲੇ ਨੂੰ ਵੈਰੀ ਦੱਸਦਿਆਂ ਹੋਇਆਂ ਹਮਲਾਵਰ ਸੈਨਾ ਨੂੰ ਕਿਹਾ ਗਿਆ ਕਿ ਉਸ ਨੇ ਸਵਰਨ ਮੰਦਰ 'ਤੇ ਜਬਰੀ ਕਬਜ਼ਾ ਕੀਤਾ ਹੋਇਆ ਹੈ। ਹਰ ਵਿਅਕਤੀ ਨੂੰ ਦੱਸ ਦਿੱਤਾ ਗਿਆ ਕਿ ਕੋਈ ਵੀ ਵਿਅਕਤੀ ਸਪੱਸ਼ਟ ਆਦੇਸ਼ ਤੋਂ ਬਿਨਾਂ ਸਵਰਨ ਮੰਦਰ ਦੇ ਅੰਦਰ ਕਿਸੇ ਵੀ ਗੁਰਦੁਆਰੇ ਭਾਵ ਸਵਰਨ ਮੰਦਰ ਅਤੇ ਅਕਾਲ ਤਖ਼ਤ ਉੱਤੇ ਗੋਲੀ ਨਾ ਚਲਾਏ।

ਉਸ ਦਿਨ ਬਰਾੜ ਨੂੰ 30 ਸਾਲ ਹੋ ਗਏ ਸਨ ਜਿਸ ਦਿਨ ਉਹ ਮਰਾਠਾ ਲਾਈਟ ਇਨਫੈਂਟਰੀ ਵਿੱਚ ਲਫਟੈਨ ਵਜੋਂ ਭਰਤੀ ਹੋਇਆ ਸੀ। ਉਸ ਨੇ ਬੰਗਲਾਦੇਸ਼ ਜੰਗ ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਦੀ ਕਮਾਨ ਹੇਠ ਲੜੀ ਸੀ ਤੇ ਉਹੋ ਜਰਨੈਲ ਨੀਲਾ ਤਾਰਾ ਸਾਕਾ ਦੇ ਸਭ ਤੋਂ ਵੱਧ ਬੇਝਿਜਕ ਆਲੋਚਕਾਂ ਵਿੱਚੋਂ ਇਕ ਸੀ। ਬਰਾੜ ਦਾ ਬੀਰਤਾ

ਲਈ ਸਨਮਾਨ ਕੀਤਾ ਗਿਆ ਸੀ। ਉਹ ਪਹਿਲਾਂ ਰੱਖਿਆ ਮੰਤਰਾਲੇ ਵਿੱਚ ਮਹੱਤਵਪੂਰਨ ਸਟਾਫ਼ ਪਦ 'ਤੇ ਰਹਿ ਚੁੱਕਿਆ ਸੀ ਤੇ ਹੁਣ ਇਕ ਨਿਪੁੰਨ ਤੇ ਵਧੀਆ 9ਵੀਂ ਪਿਆਦਾ ਸੈਨਾ ਦਲ ਦੀ ਕਮਾਨ ਕਰ ਰਿਹਾ ਸੀ। ਬਰਾੜ ਇਕ ਫ਼ੈਸ਼ਨਦਾਰ ਸੈਨਿਕ ਸੀ ਜਿਸ ਦੇ ਘੁੰਗਰਾਲੇ ਵਾਲ ਉਸ ਦੇ ਟੋਪ ਹੇਠੋਂ ਸੱਜੇ ਕੰਨ ਤੱਕ ਲਮਕਦੇ ਸਨ।

ਬਰਾੜ ਦਾ ਸੀਨੀਅਰ ਅਫ਼ਸਰ ਪੱਛਮੀ ਕਮਾਨ ਦਾ ਜਨਰਲ ਔਫ਼ੀਸਰ ਕਮਾਂਡਿੰਗ ਇਨਚੀਫ਼ ਲੈਫ. ਜਨਰਲ ਕ੍ਰਿਸ਼ਨਾ ਸੁਆਮੀ ਸੁੰਦਰ ਜੀ ਸੀ। ਉਹ ਮਾਹਾਰ ਪਲਟਨ ਵਿੱਚ ਭਰਤੀ ਹੋਇਆ ਸੀ। ਇਹ ਇਕ ਨਵੀਂ ਪਲਟਨ ਸੀ ਜੋ ਗ਼ੈਰ-ਜੰਗਜੂ ਜ਼ਾਤੀਆਂ ਨੂੰ ਫ਼ੌਜ ਵਿੱਚ ਭਰਤੀ ਕਰਨ ਲਈ ਖੜੀ ਕੀਤੀ ਗਈ ਸੀ। 1965 ਵਿੱਚ ਪਾਕਿਸਤਾਨ ਨਾਲ ਲੜਾਈ ਸਮੇਂ ਦਯਾਲ ਨੇ ਇਕ ਅਜਿੱਤ ਦੱਰੇ ਨੂੰ ਜਿੱਤ ਕੇ ਬਹੁਤ ਪ੍ਰਸਿੱਧੀ ਹਾਸਲ ਕੀਤੀ ਸੀ ਕਿਉਂਕਿ ਇਸ ਤਰ੍ਹਾਂ ਕਰਕੇ ਉਸ ਨੇ ਪਾਕਿਸਤਾਨੀ ਅਧਿਕਾਰਿਤ ਕਸ਼ਮੀਰ ਦੇ ਇਕ ਮਹੱਤਵਪੂਰਨ ਰਸਤੇ ਨੂੰ ਜੋ ਭਾਰਤੀ ਅਧਿਕਾਰ ਵਾਲੇ ਰਾਜ ਜੰਮੂ ਕਸ਼ਮੀਰ ਵੱਲ ਆਉਂਦਾ ਸੀ, ਕਬਜ਼ਾ ਕਰਕੇ ਰੋਕ ਪਾ ਦਿੱਤੀ ਸੀ। ਸਿੱਧਾ ਹਮਲਾ ਸੰਭਵ ਨਹੀਂ ਸੀ; ਇਸ ਕਰਕੇ ਉਸ ਨੇ ਹਾਜੀ ਪੀਰ ਦੱਰੇ ਉਪਰਲੇ ਪਹਾੜ 'ਤੇ ਚੜ੍ਹ ਕੇ ਪਾਕਿਸਤਾਨੀਆਂ ਨੂੰ ਉਪਰਲੇ ਪਾਸੇ ਤੋਂ ਜਾ ਘੇਰਿਆ। ਉਹ ਉਸ ਸੈਨਿਕ ਕਾਰਵਾਈ ਦਾ ਆਪ ਵਰਣਨ ਕਰਦਾ ਹੈ : "ਫਿਰ ਮੈਂ ਆਪਣੇ ਕਮਾਨ ਅਫ਼ਸਰ ਤੋਂ ਹਾਜੀ ਪੀਰ ਦੱਰੇ ਉੱਪਰ ਕਬਜ਼ਾ ਕਰ ਲੈਣ ਲਈ ਆਗਿਆ ਮੰਗੀ। ਆਗਿਆ ਮਿਲ ਗਈ ਤੇ ਫਿਰ ਕੂਚ ਸ਼ੁਰੂ ਹੋ ਗਿਆ।

ਦੁਸ਼ਮਣ ਨੇ ਦੋ ਪਾਸਿਆਂ ਤੋਂ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਮੈਂ ਵੈਰੀ ਦੀਆਂ ਤੋਪਾਂ ਦਾ ਮੂੰਹ ਬੰਦ ਕਰਨ ਲਈ ਇਕ ਪਲਟਨ ਭੇਜੀ। ਦੂਸਰੇ ਜਵਾਨਾਂ ਸਮੇਤ ਮੈਂ ਅੱਗੇ ਵੱਲ ਕੂਚ ਕੀਤਾ ਤੇ ਹੈਦਰਾਬਾਦ ਨਾਲੇ ਉੱਪਰ 7 ਵਜੇ ਸ਼ਾਮ ਨੂੰ ਪਹੁੰਚ ਗਏ।

ਉਸ ਤੋਂ ਅੱਗੇ ਜਾਣ ਵਿੱਚ ਕਾਫ਼ੀ ਮੁਸ਼ਕਲ ਸੀ। ਉੱਥੋਂ ਦੱਰਾ 4000 ਫੁੱਟ ਤਿੱਖੀ ਢਲਾਣ ਸੀ। ਭਾਰੀ ਵਰਖਾ ਹੋ ਰਹੀ ਸੀ। ਜ਼ਮੀਨ ਦਲਦਲ ਵਾਲੀ ਸੀ। ਮੈਂ ਆਪ ਰਾਹ ਛੱਡ ਕੇ ਹੋਰ ਰਸਤੇ ਅੱਗੇ ਵਧਿਆ। ਅਸਲ ਵਿੱਚ ਇਹ ਰਸਤਾ ਹੀ ਨਹੀਂ ਸੀ। ਇਹ ਵੀ ਇਕ ਢਲਾਣ ਵਾਲੀ ਚੜ੍ਹਾਈ ਸੀ। ਬਾਵਜੂਦ ਕਠਨਾਈਆਂ ਦੇ ਅਸੀਂ ਦੱਰੇ ਵੱਲ ਜਾਂਦੀ ਸੜਕ 'ਤੇ 28 ਅਗਸਤ ਨੂੰ 4.30 ਵਜੇ ਸਵੇਰੇ ਪਹੁੰਚ ਗਏ। ਮੈਂ ਆਪਣੇ ਆਦਮੀਆਂ ਨੂੰ ਜਿਨ੍ਹਾਂ ਕੋਲ ਬੰਦੂਕਾਂ ਤੋਪਾਂ ਤੇ ਤੋਪਖ਼ਾਨਾ ਸੀ, ਉਹਨਾਂ ਨੂੰ ਲੋੜੀਂਦਾ ਵਿਸ਼ਰਾਮ ਕਰਨ ਲਈ ਕਿਹਾ। ਦੋ ਘੰਟਿਆਂ ਪਿੱਛੋਂ, ਅਸੀਂ ਫਿਰ ਉੱਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਅਸੀਂ 8 ਵਜੇ ਸਵੇਰੇ ਦੱਰੇ ਕੋਲ ਬੰਨ੍ਹ ਤੇ ਪਹੁੰਚ ਗਏ।

ਕੁਝ ਆਦਮੀਆਂ ਨੂੰ ਵੈਰੀ ਨਾਲ ਲੜਨ ਲਈ ਛੱਡ ਕੇ ਬਾਕੀ ਦੇ ਦਲ ਨਾਲ ਮੈਂ ਇਕ ਹੋਰ ਚੋਟੀ 'ਤੇ ਚੜ੍ਹ ਗਿਆ ਤੇ ਉੱਥੋਂ ਰਿੜ੍ਹਦੇ ਹੋਏ ਅਸੀਂ ਵੈਰੀ ਦੇ ਦੱਰੇ ਕੋਲ ਮੋਰਚਿਆਂ 'ਤੇ ਧਾਵਾ ਬੋਲ ਦਿੱਤਾ। ਵੈਰੀ ਘਬਰਾਹਟ ਵਿੱਚ ਤੋਪਾਂ ਛੱਡ ਕੇ ਨੱਠ ਗਿਆ। 10.30 ਵਜੇ ਸਵੇਰ ਤੱਕ ਸਾਡਾ ਦੱਰੇ 'ਤੇ ਕਬਜ਼ਾ ਹੋ ਗਿਆ।"

"ਨੀਲਾ ਤਾਰਾ ਸਾਕਾ" ਪਿੱਛੋਂ ਲੈਫ. ਜਨਰਲ ਸੁੰਦਰ ਜੀ ਨੇ ਸਰਕਾਰ ਵੱਲੋਂ ਦਿੱਤੇ ਹੋਏ ਆਦੇਸ਼ਾਂ ਬਾਰੇ ਅਖ਼ਬਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ :

"ਮੈਨੂੰ ਸਵਰਨ ਮੰਦਰ 'ਚੋਂ ਆਤੰਕਵਾਦੀਆਂ ਨੂੰ ਬਾਹਰ ਕੱਢਣ ਲਈ ਕਿਹਾ ਗਿਆ ਤੇ ਇਹ ਆਖਿਆ ਗਿਆ ਕਿ ਇੰਜ ਕਰਨ ਵਿੱਚ ਹਰਿਮੰਦਰ ਸਾਹਿਬ ਨੂੰ ਜੇ ਸੰਭਵ ਹੋਵੇ

ਕੋਈ ਨੁਕਸਾਨ ਨਾ ਪਹੁੰਚੇ ਤੇ ਅਕਾਲ ਤਖ਼ਤ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਇਆ ਜਾਵੇ। ਇਸ ਮਨੋਰਥ ਦੀ ਪ੍ਰਾਪਤੀ ਲਈ ਮੈਨੂੰ ਘੱਟ ਤੋਂ ਘੱਟ ਬਲ ਪ੍ਰਯੋਗ ਕਰਨ ਲਈ ਕਿਹਾ ਗਿਆ ਤਾਂ ਜੋ ਦੋਹਾਂ ਪਾਸਿਉਂ ਘੱਟ ਤੋਂ ਘੱਟ ਮੌਤਾਂ ਹੋਣ। ਮੈਂ ਅੰਦਰ ਛੁਪੇ ਹੋਏ ਦੋਹਾਂ ਦਲਾਂ—ਇਕ ਜਰਨੈਲ ਸਿੰਘ ਭਿੰਡਰਾਂਵਾਲਾ ਤੇ ਦੂਸਰਾ ਲੌਂਗੋਵਾਲ ਤੇ ਉਹਦੇ ਸਮਰਥਕਾਂ—ਦੀ ਪਰਸਪਰ ਵਿਨਾਸ਼ਕਾਰੀ ਲੜਾਈ ਨੂੰ ਰੋਕਣ ਦੀ ਵੀ ਕੋਸ਼ਿਸ਼ ਕਰਨੀ ਸੀ।"

ਲੈਫ. ਜਨਰਲ ਦਯਾਲ ਨੇ ਪੱਤਰਕਾਰਾਂ ਨੂੰ ਦੱਸਦਿਆਂ ਕਿਹਾ, "ਸਮੁੱਚੀ ਕਾਰਵਾਈ ਵਿੱਚ ਘੱਟ ਘੱਟ ਸ਼ਕਤੀ ਦੀ ਵਰਤੋਂ ਦਾ ਸਿਧਾਂਤ ਅਪਣਾਉਣਾ ਸੀ।" ਉਸ ਨੇ ਵਰਣਨ ਕੀਤਾ ਕਿ ਨੀਲਾ ਤਾਰਾ ਸਾਕਾ ਇਕ "ਵਿਸ਼ੇਸ਼ ਪਿਆਦਾ ਫ਼ੌਜ ਦੀ ਕਾਰਵਾਈ" ਸੀ। ਦਯਾਲ ਨੇ ਇਹ ਗੱਲ ਵੀ ਜ਼ੋਰ ਨਾਲ ਕਹੀ ਕਿ ਸਭ ਫ਼ੌਜਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਵਰਨ ਮੰਦਰ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ। ਉਹ ਅਤਿਅੰਤ ਧਾਰਮਕ ਵਿਅਕਤੀ ਸੀ ਤੇ ਉਹ 14 ਸਾਲ ਦੀ ਉਮਰ ਤੋਂ ਹੀ ਉੱਥੇ ਅਰਦਾਸ ਤੇ ਨਮਸਕਾਰ ਕਰਨ ਆਉਂਦਾ ਰਿਹਾ ਸੀ। ਲੈਫ. ਜਨਰਲ ਨੇ ਕਿਹਾ ਕਿ ਉਸ ਨੂੰ ਵਿਸ਼ਵਾਸ ਸੀ ਕਿ ਉਹਦੇ ਜਵਾਨ ਹਰਿਮੰਦਰ ਨੂੰ ਨੁਕਸਾਨ ਨਾ ਪਹੁੰਚਾਉਣ ਦੇ ਉਹਦੇ ਹੁਕਮ ਨੂੰ ਜ਼ਰੂਰ ਮੰਨਣਗੇ।

"ਜਿਵੇਂ ਤੁਹਾਨੂੰ ਪਤਾ ਹੀ ਹੈ ਕਿ ਭਾਰਤੀ ਫ਼ੌਜ ਇਕ ਧਰਮ-ਪਰਾਇਣ ਫ਼ੌਜ ਹੈ। ਜਦੋਂ ਉਸ ਨੂੰ ਹੁਕਮ ਦਿੱਤਾ ਜਾਵੇ ਤਾਂ ਉਹਦੀ ਅੱਖਰ-ਅੱਖਰ ਪਾਲਣਾ ਕਰਦੀ ਹੈ ਤੇ ਜਦੋਂ ਉਸ ਨੂੰ ਇਹ ਦੱਸਿਆ ਗਿਆ ਕਿ ਸਵਰਨ ਮੰਦਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਾ, ਤਾਂ ਮੇਰਾ ਵਿਸ਼ਵਾਸ ਹੈ ਕਿ ਉਹ ਇਸ ਦੀ ਪਾਲਣਾ ਕਰਨਗੇ, ਤੇ ਮੈਨੂੰ ਇਸ ਗੱਲ ਦਾ ਮਾਨ ਹੈ ਕਿ ਉਹਨਾਂ ਨੇ ਅੰਤ ਤੱਕ ਇਹੋ ਕੁਝ ਹੀ ਕੀਤਾ।"

"1965 ਵਿੱਚ ਪਾਕਿਸਤਾਨ ਨਾਲ ਯੁੱਧ ਸਮੇਂ ਸਾਨੂੰ ਇਕ ਕਾਰਜ ਸੌਂਪਿਆ ਗਿਆ। ਅਸੀਂ ਕੁਝ ਗਊਆਂ ਚਰਦੀਆਂ ਵੇਖੀਆਂ। ਅਚਾਨਕ ਗੋਲਾਬਾਰੀ ਸ਼ੁਰੂ ਹੋ ਗਈ। ਇਕ ਗਾਂ ਦੇ ਗੋਲਾ ਲੱਗਾ ਤੇ ਉਹ ਜ਼ਖ਼ਮੀ ਹੋ ਗਈ ਤੇ ਮੈਂ ਵੇਖਿਆ ਕਿ ਜੁਆਨ ਆਪਣੇ ਕੋਲੋਂ ਕੱਪੜਾ ਲੈ ਕੇ ਉਸ ਦੀ ਪੱਟੀ ਕਰ ਰਿਹਾ ਸੀ ਤੇ ਦਵਾਈ ਲਗਾ ਰਿਹਾ ਸੀ।"

ਲੈਫ. ਜਨਰਲ ਸੁੰਦਰ ਜੀ ਨੇ ਕਾਰਵਾਈ ਦੇ ਧਾਰਮਕ ਪਹਿਲੂ 'ਤੇ ਵੀ ਜ਼ੋਰ ਦਿੱਤਾ। ਉਸ ਨੇ ਕਿਹਾ, "ਅਸੀਂ ਸਵਰਨ ਮੰਦਰ ਵਿੱਚ ਦਿਲੋਂ ਨਿਮ੍ਰਤਾ ਸਹਿਤ ਤੇ ਮੂੰਹ ਵਿੱਚ ਪਰਾਰਥਨਾ ਕਰਦੇ ਦਾਖ਼ਿਲ ਹੋਏ। ਅਸੀਂ ਫ਼ੌਜ ਵਿੱਚ ਸਭ ਧਾਰਮਕ ਸਥਾਨਾਂ ਦਾ ਪੂਰਾ ਸਤਿਕਾਰ ਕਰਦੇ ਹਾਂ।"

ਆਤੰਕਵਾਦੀਆਂ ਨੂੰ ਸਵਰਨ ਮੰਦਰ ਸਮੂਹ 'ਚੋਂ ਬਾਹਰ ਕੱਢਣ ਤੇ ਗੁਰਦੁਆਰਿਆਂ ਨੂੰ ਘੱਟ ਤੋਂ ਘੱਟ ਹਾਨੀ ਪਹੁੰਚਾਉਣ ਤੇ ਸਰਾਂ ਸਮੂਹ ਵਿੱਚ ਯੁੱਧ ਹੋਣ ਦੀ ਸੰਭਾਵਨਾ ਨੂੰ ਰੋਕਣ ਦੇ ਦੋਹਰੇ ਮਨੋਰਥ ਲਈ ਦਯਾਲ ਨੇ ਦੋਹਰੀ ਯੋਜਨਾ ਤਿਆਰ ਕੀਤੀ। ਇਸ ਯੋਜਨਾ ਦਾ ਤੱਤ ਇਹ ਸੀ ਕਿ ਸਰਾਂ ਸਮੂਹ ਨੂੰ ਮੰਦਰ ਸਮੂਹ ਤੋਂ ਵੱਖ ਕਰ ਲਿਆ ਜਾਵੇ ਤਾਂ ਜੋ ਸਰਾਂ ਨੂੰ ਮੁੱਖ ਯੁੱਧ ਵਿੱਚ ਘਸੀਟੇ ਬਿਨਾਂ ਖ਼ਾਲੀ ਕਰਵਾ ਲਿਆ ਜਾਵੇ। ਭਿੰਡਰਾਂਵਾਲੇ ਨੂੰ ਮੰਦਰ ਸਮੂਹ ਵਿੱਚੋਂ ਬਾਹਰ ਕੱਢਣ ਦੇ ਮੁੱਖ ਮਨੋਰਥ ਦੀ ਪ੍ਰਾਪਤੀ ਲਈ ਦਯਾਲ ਨੇ ਛਾਪਾਮਾਰ ਦਸਤੇ ਦੀ ਕਾਰਵਾਈ ਦੀ ਵਿਉਂਤ ਬਣਾਈ ਸੀ। ਛਾਪਾਮਾਰ ਦਸਤਿਆਂ ਦੀ ਸਹਾਇਤਾ ਪਿਆਦਾ ਸੈਨਿਕਾਂ ਨੇ ਕਰਨੀ ਸੀ। ਟੈਂਕਾਂ ਦੀ ਵਰਤੋਂ ਤਾਂ ਸਿਰਫ਼ ਮਸ਼ੀਨਗੰਨਾਂ ਲਈ ਥੜ੍ਹਿਆਂ ਵਜੋਂ ਕੀਤੀ ਜਾਣੀ ਸੀ ਤਾਂ ਜੋ ਸਵਰਨ ਮੰਦਰ ਸਮੂਹ ਵੱਲ ਵੱਧ ਰਹੇ

ਸੈਨਿਕਾਂ ਉੱਪਰ ਗੋਲੀਬਾਰੀ ਨੂੰ ਰੋਕਿਆ ਜਾ ਸਕੇ ਤੇ ਪਰਭਾਵਹੀਣ ਬਣਾਇਆ ਜਾਵੇ ਤੇ ਆਤੰਕਵਾਦੀਆਂ ਦੇ ਨੱਠ ਕੇ ਜਾਣ ਸਮੇਂ ਨਿਕਾਸ ਦੇ ਰਸਤਿਆਂ 'ਤੇ ਗੋਲੀਬਾਰੀ ਕੀਤੀ ਜਾ ਸਕੇ। ਸ਼ਸਤਰਬੱਧ ਕਰਮਚਾਰੀਆਂ ਵਾਲੇ ਵਾਹਨ ਮੰਦਰ ਸਮੂਹ ਤੇ ਸਰਾਂ ਸਮੂਹ ਨੂੰ ਅੱਡ ਕਰ ਰਹੀ ਸੜਕ 'ਤੇ ਇਸ ਤਰ੍ਹਾਂ ਟਿਕਾਏ ਗਏ ਸਨ ਤਾਂ ਜੋ ਦੋਵੇਂ ਸੰਭਵ ਯੁੱਧ ਖੇਤਰ ਵੱਖ-ਵੱਖ ਰਹਿਣ।

ਤਿੰਨਾਂ ਜਰਨੈਲਾਂ ਨੂੰ ਸਿਰਫ਼ ਆਪਣੇ ਇਕ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਹੀ ਸਫਲਤਾ ਮਿਲੀ। ਸਵਰਨ ਮੰਦਰ ਤਾਂ ਮੁਕਤ ਕਰਾ ਲਿਆ ਗਿਆ ਸੀ, ਪਰ ਇਹ ਕਹਿਣਾ ਕਿ ਭਿੰਡਰਾਂਵਾਲੇ ਨੂੰ ਬਾਹਰ ਕੱਢ ਦਿੱਤਾ ਗਿਆ ਸੀ, ਨਰਮ ਸ਼ਬਦਾਂ ਵਿੱਚ ਵੀ ਘੱਟ ਬਿਆਨੀ ਹੋਵੇਗਾ। ਉਸ ਨੂੰ ਭਾਰਤੀ ਵਿਜਯੰਤਾ ਟੈਂਕਾਂ ਦੇ 105 ਮਿਲੀਮੀਟਰ ਦੇ ਵੱਡੇ ਜੰਗੀ ਸ਼ਸਤਰਾਂ ਤੇ ਗੋਲਿਆਂ ਨਾਲ ਧਮਾਕੇ ਕਰਕੇ ਘਾਇਲ ਕੀਤਾ ਗਿਆ। ਇਸ ਪਰਕਿਰਿਆ ਵਿੱਚ ਅਕਾਲ ਤਖ਼ਤ ਦਾ ਬਹੁਤ ਸਾਰਾ ਹਿੱਸਾ, ਜਿਸ ਨੂੰ ਮੁੱਢਲੇ ਹੁਕਮਾਂ ਅਨੁਸਾਰ ਘੱਟ ਤੋਂ ਘੱਟ ਨੁਕਸਾਨ ਪਹੁੰਚਾਇਆ ਜਾਣਾ ਸੀ, ਮਲਬੇ ਦਾ ਢੇਰ ਬਣਾ ਦਿੱਤਾ ਗਿਆ। ਕਾਰਵਾਈ ਦੇ ਆਰੰਭ ਵਿੱਚ ਤਾਂ ਫ਼ੌਜਾਂ ਨੂੰ ਅਕਾਲ ਤਖ਼ਤ ਵਿਰੁੱਧ ਸ੍ਵੈ-ਚਾਲਕ ਹਥਿਆਰ ਵਰਤਣ ਦੀ ਵੀ ਮਨਾਹੀ ਸੀ। ਹੋਸਟਲ ਸਮੂਹ ਨੂੰ ਖ਼ਾਲੀ ਕਰਾਉਣ ਦਾ ਕੰਮ ਵੀ ਸ਼ਹਿਰੀਆਂ ਦੀ ਭਾਰੀ ਸੰਖਿਆ ਵਿੱਚ ਮੌਤਾਂ ਪਿੱਛੋਂ ਪੂਰਾ ਕੀਤਾ ਗਿਆ।

ਪਹਿਲਾ ਕੰਮ ਤਾਂ ਮੇਜਰ ਜਨਰਲ ਸ਼ਾਹਬੇਗ ਸਿੰਘ ਦੇ ਬਾਹਰਲੇ ਘੇਰੇ ਦੇ ਰੱਖਿਆ ਪਰਬੰਧਾਂ ਨੂੰ ਨਸ਼ਟ ਕਰਨਾ ਸੀ। ਇਸ ਦਾ ਬਹੁਤ ਕੰਮ ਤਾਂ ਉਸ ਪ੍ਰਾਰੰਭਕ ਗੋਲਾਬਾਰੀ ਨਾਲ ਹੀ ਪੂਰਾ ਕਰ ਲਿਆ ਗਿਆ ਸੀ ਜਦੋਂ ਮੇਜਰ ਜਨਰਲ ਬਰਾੜ ਨੇ ਭਿੰਡਰਾਂਵਾਲੇ ਤੋਂ ਸਮਰਪਣ ਕਰਾਉਣ ਦੀ ਉਮੀਦ ਨਾਲ ਡਰਾਉਣ ਦੀ ਕੋਸ਼ਿਸ਼ ਕੀਤੀ ਸੀ। ਇਹਨਾਂ ਸੁਰੱਖਿਆ ਪਰਬੰਧਾਂ ਵਿੱਚ ਭਿੰਡਰਾਂਵਾਲੇ ਦੇ ਸਮਰਥਕਾਂ ਦੇ ਕਬਜ਼ੇ ਹੇਠ ਸਵਰਨ ਮੰਦਰ ਦੇ ਉਦਾਲੇ ਗਲੀਆਂ ਵਿੱਚ 17 ਘਰ ਸਨ। ਇਹਨਾਂ ਬਾਹਰਲੀਆਂ ਚੌਕੀਆਂ ਦਾ ਵਾਇਰਲੈੱਸ ਰਾਹੀਂ ਅਕਾਲ ਤਖ਼ਤ ਵਿੱਚ ਸ਼ਾਹਬੇਗ ਸਿੰਘ ਦੀ ਮੁੱਖ ਚੌਕੀ ਨਾਲ ਸੰਪਰਕ ਸੀ। ਉਹਨਾਂ ਨੇ ਮੰਦਰ ਸਮੂਹ ਦੇ ਬਾਹਰਵਾਰ "ਟੈਂਪਲ ਵਿਊ ਹੋਟਲ" 'ਤੇ ਵੀ ਕਬਜ਼ਾ ਕੀਤਾ ਹੋਇਆ ਸੀ। ਜਿਵੇਂ ਇਸ ਦੇ ਨਾਮ ਦਾ ਅਰਥ ਹੈ, ਇਸ ਨੇ ਸਿੱਖਾਂ ਨੂੰ ਸ਼ਾਨਦਾਰ ਲਾਹੇਵੰਦ ਟਿਕਾਣਾ ਦੇ ਦਿੱਤਾ ਸੀ ਜਿੱਥੋਂ ਉਹ ਸਵਰਨ ਮੰਦਰ ਦੇ ਪਰਵੇਸ਼ ਦਵਾਰ ਉੱਪਰ ਨਜ਼ਰ ਰੱਖ ਸਕਦੇ ਸਨ ਤੇ ਇਹ ਗੋਲਾਬਾਰੀ ਲਈ ਪਰਕਾਸ਼ ਦੀ ਚਾਪ ਦਾ ਕੰਮ ਵੀ ਦਿੰਦਾ ਸੀ। ਇਸ ਤੋਂ ਅੱਗੇ ਇਕ ਸਿੱਖ ਸੰਪਰਦਾਇ ਦੀ ਇਮਾਰਤ ਸੀ ਜਿਸ ਦਾ ਨਾਮ ਬ੍ਰਹਮ ਬੂਟਾ ਸੀ। ਇਸ ਇਮਾਰਤ ਤੋਂ ਵੀ ਸਵਰਨ ਮੰਦਰ ਨੂੰ ਪਰਵੇਸ਼ ਮਾਰਗ ਦਿਸਦਾ ਸੀ। ਫਿਰ ਤਿੰਨ ਬੁਰਜ ਸਨ ਜਿਹਨਾਂ ਦੀ ਕਿਲ੍ਹਾਬੰਦੀ ਕਰਕੇ ਮੋਰਚੇ ਬਣਾਏ ਗਏ ਸਨ ਜਿੱਥੋਂ ਭਿੰਡਰਾਂਵਾਲੇ ਦੇ ਆਦਮੀ ਸਵਰਨ ਮੰਦਰ ਦੇ ਅੰਦਰ ਗੋਲੀਬਾਰੀ ਕਰ ਸਕਦੇ ਸਨ। ਕਿਉਂਕਿ ਉਹ ਬੁਰਜ ਦੂਸਰੀਆਂ ਇਮਾਰਤਾਂ ਨਾਲੋਂ ਬਹੁਤ ਉੱਚੇ ਸਨ ਇਸ ਲਈ ਉਹ ਹਰਿਮੰਦਰ ਦੁਆਲੇ ਗਲੀਆਂ ਵਿੱਚ ਫ਼ੌਜ ਦੀ ਨਕਲੋ-ਹਰਕਤ ਵੇਖਣ ਲਈ ਨਿਰੀਖਣ ਚੌਕੀਆਂ ਦੇ ਕੰਮ ਲਈ ਬਹੁਤ ਮਹੱਤਵਪੂਰਨ ਸਨ। ਉਹਨਾਂ ਵਿੱਚੋਂ ਇਕ ਪਾਣੀ ਦੀ ਟੈਂਕੀ ਸੀ। ਦੂਸਰੇ ਦੋ ਅਠਾਰਵੀਂ ਸਦੀ ਦੇ ਪੱਕੀਆਂ ਇੱਟਾਂ ਦੇ ਘੰਟਾ ਘਰ ਸਨ ਜੋ ਮੀਨਾਰਾਂ ਨਾਲ ਮਿਲਦੇ ਜੁਲਦੇ ਸਨ। ਪੁਰਾਣੇ ਬੁਰਜ 80 ਫੁੱਟ ਉੱਚੇ ਸਨ ਤੇ ਲੰਗਰ ਉੱਪਰ ਸਨ ਜਿਸ ਦੀ ਛੱਤ 'ਤੇ ਭਿੰਡਰਾਂਵਾਲੇ ਨੇ ਸੰਗਤ ਨੂੰ ਵਿਖਿਆਨ ਦਿੱਤੇ ਸਨ।

ਮੇਜਰ ਜਨਰਲ ਬਰਾੜ ਨੇ ਕਿਹਾ ਕਿ ਉਸ ਨੇ ਤੋਪਖ਼ਾਨੇ ਨੂੰ ਤਿੰਨਾਂ ਹੀ ਬੁਰਜਾਂ ਦੀਆਂ ਟੀਸੀਆਂ ਉਡਾ ਦੇਣ ਲਈ ਹੁਕਮ ਦਿੱਤਾ, ਪ੍ਰੰਤੂ ਉਸ ਨੇ 17 ਘਰਾਂ ਉੱਪਰ ਕਬਜ਼ਾ ਨਾ ਕਰਨ ਦਾ ਫ਼ੈਸਲਾ ਕੀਤਾ ਕਿਉਂਕਿ ਉਸ ਕੋਲ ਅਜਿਹਾ ਕਰਨ ਦੇ ਸਾਧਨ ਨਹੀਂ ਸਨ। ਇਹਨਾਂ ਘਰਾਂ ਤੋਂ ਸਵਰਨ ਮੰਦਰ ਸਮੂਹ ਉੱਪਰ ਅਧਿਕਾਰ ਹੋਣ ਦੇ ਕਈ ਦਿਨ ਪਿੱਛੋਂ ਵੀ ਗੋਲਾਬਾਰੀ ਹੁੰਦੀ ਰਹੀ। ਹੈਰਾਨੀ ਨਹੀਂ ਹੋਣੀ ਚਾਹੀਦੀ, ਜੇਕਰ ਸੰਘਣੀ ਵੱਸੋਂ ਵਾਲੇ ਤੇ ਭੀੜ ਭੜੱਕੇ ਵਾਲੀ ਆਬਾਦੀ ਵਾਲੇ ਅੰਮ੍ਰਿਤਸਰ ਜਿਹੇ ਪੁਰਾਣੇ ਸ਼ਹਿਰ ਦੇ ਇਸ ਖੇਤਰ ਵਿੱਚ ਤੋਪਖ਼ਾਨੇ ਦੀ ਵਰਤੋਂ ਬੜੀ ਮਹਿੰਗੀ ਪਈ। ਤੋਪਖ਼ਾਨਾ ਅਜਿਹੇ ਖੇਤਰ ਦਾ ਹਥਿਆਰ ਹੈ ਜਿਸ ਦੀ ਵਰਤੋਂ ਖੁੱਲ੍ਹੇ ਖੇਤਰ ਵਿੱਚ ਵੈਰੀ ਨੂੰ ਮਾਰਨ ਤੇ ਉਹਦੀ ਗੋਲੀਬਾਰੀ ਦਾ ਜਵਾਬ ਦੇਣ ਲਈ ਕੀਤੀ ਜਾਂਦੀ ਹੈ ਤੇ ਇਸ ਨੂੰ ਖ਼ਾਸ ਨਿਸ਼ਾਨਿਆਂ ਵਿਰੁੱਧ ਆਮ ਕਰਕੇ ਨਹੀਂ ਵਰਤਿਆ ਜਾਂਦਾ। ਕਈ ਬਾਜ਼ਾਰਾਂ ਨੂੰ ਬਹੁਤ ਨੁਕਸਾਨ ਹੋਇਆ ਪਰ ਬਰਾੜ ਲਈ ਸਵਰਨ ਮੰਦਰ ਦੇ ਪਰਵੇਸ਼ ਤੇ ਮੰਦਰ ਦੇ ਅੰਦਰ ਨਜ਼ਰ ਰੱਖਣ ਵਾਲੀਆਂ ਚੌਕੀਆਂ 'ਤੇ ਅਧਿਕਾਰ ਕਰਨਾ ਜ਼ਰੂਰੀ ਸੀ ਤਾਂ ਹੀ ਉਹ ਆਪਣੇ ਸੈਨਿਕਾਂ ਨੂੰ ਸਿੱਖ ਧਰਮ ਦੇ ਇਤਿਹਾਸਕ ਮੁੱਖ ਮੁਕਾਮ ਵਿੱਚ ਭੇਜ ਸਕਦਾ ਸੀ।

ਜਦੋਂ ਉਸ ਨੂੰ ਵਿਸ਼ਵਾਸ ਹੋ ਗਿਆ ਕਿ ਮੰਦਰ ਸਮੂਹ ਨੂੰ ਜਾਂਦੇ ਸਭ ਰਸਤੇ ਸਾਫ਼ ਹੋ ਗਏ ਸਨ ਤਦ ਹੀ ਬਰਾੜ ਨੇ ਟੈਂਕਾਂ ਨੂੰ ਸਵਰਨ ਮੰਦਰ ਦੇ ਘੰਟਾ ਘਰ ਵੱਲ ਦੇ ਪਰਵੇਸ਼ ਦੁਆਰ ਦੇ ਸਾਮ੍ਹਣੇ ਵਰਗਾਕਾਰ ਸਥਾਨ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਇਕ ਟੈਂਕ ਕਮਾਂਡਰ ਨੇ ਕਿਹਾ, "ਜਿਉਂ ਹੀ ਮੈਂ ਜਲ੍ਹਿਆਂਵਾਲਾ ਬਾਗ਼ ਤੋਂ ਸੱਜੇ ਪਾਸੇ ਮੁੜਿਆ ਤਾਂ ਮੈਂ ਆਪਣੇ ਟੈਂਕ ਉੱਪਰ ਗੋਲਿਆਂ ਦੀ ਟਿਕ-ਟਿਕ ਦੀ ਆਵਾਜ਼ ਸੁਣੀ। ਮੈਨੂੰ ਆਪਣੇ ਸਿਰ ਨੂੰ ਲੱਗੇ ਫ਼ੋਨ ਰਾਹੀਂ ਗੋਲੀਬਾਰੀ ਬੇਅਸਰ ਕਰਨ ਲਈ ਹੁਕਮ ਮਿਲਿਆ। 16ਵੀਂ ਘੋੜਸਵਾਰ ਪਲਟਨ ਦੇ ਲਫ਼ਟੈਣ ਅਨੁਸਾਰ ਚਾਰ ਟੈਂਕ ਤੇ ਤਿੰਨ ਬਕਤਰਬੰਦ ਗੱਡੀਆਂ ਸਨ। ਉਸ ਨੇ ਕਿਹਾ ਕਿ ਸ਼ਾਹਬੇਗ ਸਿੰਘ ਆਤੰਕਵਾਦੀਆਂ ਦਾ ਸੰਚਾਲਨ ਕਰ ਰਿਹਾ ਸੀ ਕਿਉਂਕਿ ਜਦੋਂ ਹੀ ਸ਼ਸਤਰਬੰਧ ਫ਼ੌਜ ਨੇ ਮੋਰਚੇ ਸੰਭਾਲੇ, ਮੰਦਰ ਦੀਆਂ ਦੀਵਾਰਾਂ ਵੱਲੋਂ ਆਉਂਦੀਆਂ ਗੋਲੀਆਂ ਰੁਕ ਗਈਆਂ। ਲਫ਼ਟੈਣ ਨੇ ਆਪਣੇ ਕਮਾਨ ਅਫ਼ਸਰ ਨੂੰ ਜਾਣਕਾਰੀ ਦਿੱਤੀ ਕਿ ਗੋਲਾਬਾਰੀ ਬੇਅਸਰ ਕਰ ਦਿੱਤੀ ਗਈ ਸੀ। ਪਰ ਜਿਉਂ ਹੀ ਮੰਦਰ 'ਤੇ ਹਮਲਾ ਸ਼ੁਰੂ ਹੋਇਆ ਤਾਂ ਇਸ ਤੋਂ ਸਾਫ਼ ਹੋ ਗਿਆ ਕਿ ਸ਼ਾਹਬੇਗ ਸਿੰਘ ਦੀ ਗੋਲਾਬਾਰੀ ਪ੍ਰਭਾਵਹੀਣ ਨਹੀਂ ਕੀਤੀ ਜਾ ਸਕੀ ਸੀ।

ਇਸ ਦੌਰਾਨ ਉਹ ਛਾਪਾਮਾਰ ਦਸਤੇ ਜਿਹਨਾਂ ਨੂੰ ਦਰਬਾਰ ਸਾਹਿਬ ਸਮੂਹ ਦੇ ਨਮੂਨੇ ਅਨੁਸਾਰ ਸਿਖਲਾਈ ਦਿੱਤੀ ਗਈ ਸੀ, ਅਕਾਲ ਤਖ਼ਤ ਦੇ ਪਿਛਲੇ ਪਾਸੇ ਭੀੜੀ ਗਲੀ ਵਿੱਚ ਭਿੰਡਰਾਂਵਾਲੇ ਦੇ ਗੜ੍ਹ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਕਾਰਵਾਈ ਬਿਲਕੁਲ ਅਸਫਲ ਰਹੀ। ਕੁਝ ਛਾਪਾਮਾਰ ਅਕਾਲ ਤਖ਼ਤ ਦੀ ਛੱਤ 'ਤੇ ਜ਼ਰੂਰ ਜਾ ਚੜ੍ਹੇ ਪਰ ਉਹ ਗੋਲਾਬਾਰੀ ਵਿੱਚ ਫਸ ਗਏ ਤੇ ਉਹਨਾਂ ਨੂੰ ਪਿੱਛੇ ਹਟਣਾ ਪਿਆ। ਕਿਸੇ ਖ਼ਾਸ ਕਾਰਨ ਜਰਨੈਲਾਂ ਨੇ ਇਸ ਕਾਰਵਾਈ ਦਾ ਉੱਕਾ ਹੀ ਕੋਈ ਜ਼ਿਕਰ ਨਾ ਕੀਤਾ ਜਦੋਂ ਉਹਨਾਂ ਨੇ ਸਾਰੀ ਕਾਰਵਾਈ ਸਮਾਪਤ ਹੋਣ ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ।

10 ਤੇ 10.30 ਰਾਤ ਦੇ ਦਰਮਿਆਨ ਮੇਜਰ ਜਨਰਲ ਬਰਾੜ ਨੇ ਅਕਾਲ ਤਖ਼ਤ ਉੱਪਰ ਸਾਮ੍ਹਣਿਉਂ ਹਮਲਾ ਕਰਨ ਦਾ ਫ਼ੈਸਲਾ ਕੀਤਾ। ਪਹਿਲੀ ਬਟਾਲੀਅਨ (ਪੈਰਾਸ਼ੂਟ

ਪਲਟਨ) ਦੇ ਛਾਪਾਮਾਰਾਂ ਨੂੰ ਜਿਨ੍ਹਾਂ ਨੇ ਕਾਲੇ ਮੋਟੇ ਸੂਤੀ ਕੱਪੜੇ ਪਹਿਨੇ ਹੋਏ ਸਨ, ਹੁਕਮ ਦਿੱਤਾ ਗਿਆ ਕਿ ਉਹ ਘੰਟਾਘਰ ਹੇਠਾਂ ਪੌੜੀਆਂ ਤੋਂ ਉੱਤਰ ਕੇ ਪਰਿਕਰਮਾ 'ਚ ਦਾਖ਼ਲ ਹੋ ਕੇ ਸੱਜੇ ਪਾਸੇ ਮੁੜਨ ਤੇ ਜਿਤਨੀ ਜਲਦੀ ਹੋ ਸਕੇ ਉਹ ਅਕਾਲ ਤਖ਼ਤ ਦੇ ਕੋਲ ਸਰੋਵਰ ਦੇ ਕਿਨਾਰੇ 'ਤੇ ਪਹੁੰਚ ਜਾਣ। ਪਰ ਜਿਉਂ ਹੀ ਛਾਪਾਮਾਰ ਮੁੱਖ ਪਰਵੇਸ਼ ਦੁਆਰ ਵਿੱਚ ਵੜੇ, ਉਹਨਾਂ ਦੇ ਸੱਥਰ ਲਾਹ ਦਿੱਤੇ ਗਏ। ਪਰਿਕਰਮਾ ਨੂੰ ਉੱਤਰਦੀਆਂ ਪੌੜੀਆਂ ਦੇ ਦੋਹੀਂ ਪਾਸੀਂ ਲੁਕੇ ਹੋਏ ਸਿੱਖਾਂ ਨੇ ਉਹਨਾਂ 'ਚੋਂ ਉਸ ਵੇਲੇ ਬਹੁਤੇ ਮਾਰ ਦਿੱਤੇ। ਜਿਹੜੇ ਥੋੜ੍ਹੇ ਕੁ ਪੌੜੀਆਂ ਉੱਤਰ ਗਏ ਉਹਨਾਂ ਨੂੰ ਸਰੋਵਰ ਦੀ ਦੱਖਣੀ ਬਾਹੀ ਤੋਂ ਆਉਂਦੀ ਗੋਲੀਆਂ ਦੀ ਬੁਛਾੜ ਨੇ ਪਿੱਛੇ ਧੱਕ ਦਿੱਤਾ। ਘੰਟਾਘਰ ਦੇ ਸਾਮ੍ਹਣੇ ਵਾਲੇ ਘਰ ਵਿੱਚ ਬਣੇ ਨਿਗਰਾਨੀ ਕਖਸ਼ ਵਿੱਚ ਮੇਜਰ ਜਨਰਲ ਬਰਾੜ ਆਪਣੇ ਦੋ ਪਰਮੁੱਖ ਅਫ਼ਸਰਾਂ ਸਮੇਤ ਬੜੀ ਉਤਸੁਕਤਾ ਨਾਲ ਇਸ ਖ਼ਬਰ ਦੀ ਉਡੀਕ ਕਰ ਰਿਹਾ ਸੀ ਕਿ ਉਸ ਦੇ ਛਾਪਾਮਾਰਾਂ ਨੇ ਸਮੂਹ ਅੰਦਰ ਮੋਰਚੇ ਸੰਭਾਲ ਲਏ ਸਨ। ਜਦੋਂ ਕੋਈ ਖ਼ਬਰ ਨਾ ਆਈ ਤਾਂ ਉਸ ਨੇ ਆਪਣੇ ਸਿਰ ਨੂੰ ਲੱਗੇ ਫ਼ੋਨ ਤੇ ਸੰਚਾਰ ਸਿਲਸਿਲੇ ਵੱਲੋਂ ਇਹ ਖ਼ਬਰ ਸੁਣੀ, "ਹਰਾਮਜ਼ਾਦਿਓ, ਤੁਸੀਂ ਅੰਦਰ ਕਿਉਂ ਨਹੀਂ ਆਉਂਦੇ ?"

ਜਿਹੜੇ ਥੋੜ੍ਹੇ ਕੁ ਛਾਪਾਮਾਰ ਬਚ ਗਏ ਉਹ ਮੰਦਰ ਦੇ ਬਾਹਰ ਵਰਗਾਕਾਰ ਵਿੱਚ ਮੁੜ ਇਕੱਠੇ ਹੋ ਕੇ ਮੇਜਰ ਜਨਲਰ ਬਰਾੜ ਕੋਲ ਹਾਜ਼ਰ ਹੋਏ। ਉਸ ਨੇ ਉਹਨਾਂ ਨੂੰ ਟਕਰਾ ਕਰਨ ਲਈ ਹੋਰ ਕੁਮਕ ਦਿੱਤੀ ਤੇ ਇਕ ਹੋਰ ਯਤਨ ਕਰਨ ਲਈ ਹੁਕਮ ਦਿੱਤਾ। ਛਾਪਾਮਾਰਾਂ ਪਿੱਛੇ ਇਕ ਮੁਸਲਮਾਨ ਲੈਫ. ਜਨਰਲ ਇਸਰਾਰ ਖ਼ਾਂ ਦੀ ਕਮਾਨ ਹੇਠ ਗਾਰਡਜ਼ ਦੀ 10ਵੀਂ ਪਲਟਨ ਨੇ ਜਾਣਾ ਸੀ। ਇਸ ਪਲਟਨ ਵਿੱਚ ਸਿੱਖ ਵੀ ਸਨ। ਦੂਸਰੇ ਛਾਪਾਮਾਰ ਹਮਲੇ ਨੇ ਪੌੜੀਆਂ ਦੇ ਦੋਹਾਂ ਪਾਸਿਆਂ ਤੋਂ ਆਉਂਦੀ ਗੋਲੀ ਨੂੰ ਬੇਅਸਰ ਕਰਕੇ ਪੌੜੀਆਂ ਉੱਤਰ ਕੇ ਪਰਿਕ੍ਰਮਾ ਵਿੱਚ ਦਾਖ਼ਲ ਹੋਣ 'ਚ ਸਫਲਤਾ ਪ੍ਰਾਪਤ ਕਰ ਲਈ। ਉਹਨਾਂ ਮਗਰ ਗਾਰਡ ਸਨ ਜੋ ਗੋਲੀਬਾਰੀ ਦੀ ਮਾਰ ਹੇਠ ਆ ਗਏ ਤੇ ਉਹ ਆਪਣੇ ਟੀਚੇ ਅਕਾਲ ਤਖ਼ਤ ਵੱਲ ਪਹੁੰਚਣ 'ਚ ਸਫਲ ਨਾ ਹੋ ਸਕੇ। ਲੈਫ. ਕਰਨਲ ਇਸਰਾਰ ਖ਼ਾਂ ਨੇ ਰੇਡੀਓ ਸੰਚਾਰ ਰਾਹੀਂ ਸਰੋਵਰ ਦੇ ਦੂਸਰੇ ਪਾਸੇ ਦੀ ਇਮਾਰਤ ਉੱਪਰ ਗੋਲਾਬਾਰੀ ਕਰਨ ਦੀ ਆਗਿਆ ਮੰਗੀ। ਇਸ ਦਾ ਮਤਲਬ ਇਹ ਹੋਣਾ ਸੀ ਕਿ ਸਰੋਵਰ ਦੇ ਵਿਚਕਾਰ ਸਵਰਨ ਮੰਦਿਰ ਵੀ ਗੋਲਾਬਾਰੀ ਦੀ ਮਾਰ ਹੇਠ ਆ ਜਾਂਦਾ। ਬਰਾੜ ਨੇ ਆਗਿਆ ਨਾ ਦਿੱਤੀ। ਉਸ ਨੂੰ ਅਜੇ ਵੀ ਉਮੀਦ ਸੀ ਕਿ ਸਵਰਨ ਮੰਦਿਰ ਤੇ ਅਕਾਲ ਤਖਤ ਨੂੰ ਜਿਉਂ ਦਾ ਤਿਉਂ ਰੱਖਣ ਦੇ ਮਨੋਰਥ ਵਿੱਚ ਸਫਲਤਾ ਮਿਲਣੀ ਸੰਭਵ ਹੋਵੇਗੀ। ਪਰੰਤੂ ਉਸ ਨੂੰ ਗਾਰਡਾਂ ਦੇ ਕਮਾਂਡਰ ਵੱਲੋਂ ਭਾਰੀ ਗੋਲਾਬਾਰੀ ਦੇ ਸੰਦੇਸ਼ ਮਿਲਣੇ ਸ਼ੁਰੂ ਹੋ ਗਏ। ਪਰਿਕਰਮਾ ਦੇ ਖੱਬੇ ਪਾਸੇ ਦੀ ਨੁੱਕਰ ਜਿੱਥੇ ਅਕਾਲ ਤਖ਼ਤ ਸੀ, ਉਸ ਪਾਸੇ ਮੁੜਨ ਤੋਂ ਪਹਿਲਾਂ ਹੀ ਉਹਨਾਂ ਦੇ 20% ਜਵਾਨ ਮਾਰੇ ਗਏ। ਗਾਰਡਾਂ ਉਪਰ ਉੱਤਰੀ ਤੇ ਪੱਛਮੀ ਪਾਸਿਆਂ ਤੋਂ ਹੀ ਗੋਲੀਆਂ ਨਹੀਂ ਚਲਾਈਆਂ ਜਾ ਰਹੀਆਂ ਸਗੋਂ ਸਿੱਖ ਅਚਾਨਕ ਹੀ ਪਰਿਕਰਮਾ ਵਿੱਚ ਮੰਦਰ ਸਮੂਹ 'ਚ ਬਣੇ ਸੁਰੰਗੀ ਮਘੋਰਿਆਂ (ਮੇਨਹੋਲਾਂ) 'ਚੋਂ ਨਿਕਲਦੇ, ਜਿੱਥੇ ਗਾਰਡ ਲੜ ਰਹੇ ਸਨ, ਮਸ਼ੀਨ ਗੰਨਾਂ ਦੀਆਂ ਗੋਲੀਆਂ ਦੀ ਵਾਛੜ ਕਰਦੇ ਜਾਂ ਮਾਰੂ ਗਰਨੇਡ ਸੁੱਟਦੇ ਤੇ ਮੰਦਿਰ ਹੇਠਾਂ ਬਣੇ ਰਸਤੇ ਰਾਹੀਂ ਦੌੜ ਜਾਂਦੇ। ਇਹਨਾਂ ਤੋਪਚੀਆਂ ਨੂੰ ਗੋਡਿਆਂ ਤੋਂ ਹੇਠਾਂ ਗੋਲੀ ਚਲਾਉਣ ਦੀ ਸਿਖਲਾਈ ਦਿੱਤੀ ਗਈ ਸੀ। ਕਿਉਂਕਿ ਮੇਜਰ ਜਨਰਲ ਸ਼ਾਹਬੇਗ

ਸਿਘ ਨੂੰ ਉਮੀਦ ਸੀ ਕਿ ਫ਼ੌਜ ਆਪਣੇ ਮਨੋਰਥ ਲਈ ਘਿਸਰਦੀ ਹੋਈ ਭਾਵ ਰੀਂਗਦੀ ਹੋਈ ਅੱਗੇ ਵੱਧੇਗੀ। ਪਰ ਗਾਰਡ (ਛਾਪਾ ਮਾਰ) ਰੀਂਗ ਨਹੀਂ ਰਹੇ ਸਨ, ਇਸ ਲਈ ਉਹਨਾਂ 'ਚੋਂ ਬਹੁਤਿਆਂ ਨੂੰ ਲੱਤਾਂ ਉਪਰ ਸਖ਼ਤ ਜ਼ਖ਼ਮ ਲੱਗੇ।

ਫਿਰ ਬਰਾੜ ਨੇ ਆਪਣੀ ਵਿਉਂਤ ਬਦਲੀ। ਜਿਵੇਂ ਉਸ ਨੇ ਜੰਗ ਪਿੱਛੋਂ ਕਿਹਾ, "ਮੈਂ ਮਹਿਸੂਸ ਕੀਤਾ ਕਿ ਇਸ ਪਲਟਨ ਲਈ ਹੋਰ ਕਾਰਵਾਈ ਕਰਨੀ ਮੁਸ਼ਕਿਲ ਸੀ ਤੇ ਪੱਧਰੀ ਜ਼ਮੀਨ ਅਤੇ ਫ਼ਰਸ਼ 'ਤੇ ਟਿਕੇ ਰਹਿਣ ਦਾ ਕੋਈ ਲਾਭ ਨਹੀਂ ਰਹਿਣਾ ਸੀ। ਜਦ ਤੱਕ ਉਹ ਪਹਿਲੀ ਮੰਜ਼ਿਲ ਤੋਂ ਉਪਰਲੀ ਛੱਤ ਤੱਕ ਨਹੀਂ ਪਹੁੰਚਦੇ ਤੇ ਸਥਿਤੀ ਨੂੰ ਆਪਣੇ ਕਾਬੂ ਵਿੱਚ ਨਹੀਂ ਕਰ ਲੈਂਦੇ ਤਾਂ ਜਵਾਨ ਮਰਦੇ ਜਾਣਗੇ। ਇਸ ਲਈ ਹਰ ਹਾਲਤ ਵਿੱਚ ਬਾਵਜੂਦ ਜਾਨੀ ਨੁਕਸਾਨ ਦੇ ਜਵਾਨ ਉਥੇ ਟਿਕਾਣਾ ਮੱਲ ਲੈਣ ਦੇ ਦਿੱਤੇ ਹੋਏ ਕਾਰਜ ਨੂੰ ਪ੍ਰਾਪਤ ਕਰਨ ਲਈ ਉਹ ਵਿਸ਼ੇਸ਼ ਖੇਤਰ ਵਿੱਚ ਟਿਕਾਣਾ ਮੱਲਣ 'ਚ ਸਫਲ ਹੋ ਗਏ ਤੇ ਇਸ ਲਈ ਪੂਰਾ ਸਿਹਰਾ ਪਲਟਨ ਕਮਾਂਡਰ, ਦਲੇਰ ਯੁਵਕ ਸੈਨਿਕ ਲੈਫ਼. ਕਰਨਲ ਇਸਰਾਰ ਖ਼ਾਂ ਨੂੰ ਜਾਂਦਾ ਹੈ ਜਿਸ ਨੇ ਜਵਾਨਾਂ ਨੂੰ ਹੱਲਾ ਸ਼ੇਰੀ ਦੇ ਕੇ ਇਕੱਠਿਆਂ ਧਾਵਾ ਕਰਵਾ ਕੇ ਆਪਣਾ ਰਾਹ ਬਣਾ ਲਿਆ।" ਉਸ ਟਿਕਾਣੇ ਨੇ ਗਾਰਡਾਂ ਨੂੰ ਇਸ ਕਾਬਲ ਬਣਾ ਦਿੱਤਾ ਕਿ ਉਹ ਸਰੋਵਰ ਦੀ ਦੱਖਣੀ ਬਾਹੀ ਦੇ ਕੁਝ ਮੋਰਚਿਆਂ ਤੋਂ ਆ ਰਹੀ ਗੋਲਾਬਾਰੀ ਨੂੰ ਬੇਅਸਰ ਕਰਨ ਵਿੱਚ ਸਫ਼ਲ ਹੋ ਗਏ ਪ੍ਰੰਤੂ ਉਹਨਾਂ ਲਈ ਉਹ ਹੁਕਮ ਅਜੇ ਵੀ ਵੱਡੀ ਰੁਕਾਵਟ ਬਣਿਆ ਹੋਇਆ ਸੀ ਕਿ ਉਹ ਕਿਸੇ ਪਾਸੇ ਵੀ ਗੋਲੀ ਨਾ ਚਲਾਉਣ ਜਿਸ ਨਾਲ ਦੋਹਾਂ ਇਤਿਹਾਸਕ ਗੁਰਦੁਆਰਿਆਂ ਦੀ ਸਲਾਮਤੀ ਨੂੰ ਖ਼ਤਰਾ ਹੋਵੇ।

ਭਾਰੀ ਗੋਲਾਬਾਰੀ ਦੇ ਬਾਵਜੂਦ ਕੁਝ ਛਾਪਾ ਮਾਰ ਪਰਿਕਰਮਾ ਦੀ ਉਸ ਨੁੱਕਰ 'ਤੇ ਪਹੁੰਚ ਗਏ ਤੇ ਅਕਾਲ ਤਖ਼ਤ ਦੇ ਸਾਹਮਣੇ ਦਾ ਸਿਹਨ ਮੱਲ ਲਿਆ। ਪਰੰਤੂ ਉਹ ਹੁਣ ਘਾਤਕ ਜਾਲ ਵਿੱਚ ਫਸ ਗਏ। ਅਕਾਲ ਤਖ਼ਤ ਦੀ ਵੀ ਪੂਰੀ ਤਰ੍ਹਾਂ ਕਿਲ੍ਹਾਬੰਦੀ ਕੀਤੀ ਗਈ ਸੀ। ਇਸ ਦੀਆਂ ਖਿੜਕੀਆਂ, ਡਾਟਾਂ ਵਿੱਚ ਰੇਤ ਦੀਆਂ ਬੋਰੀਆਂ ਤੇ ਇੱਟਾਂ ਚਿਣੀਆਂ ਹੋਈਆਂ ਸਨ ਤੇ ਉਸ ਦੇ ਪਵਿੱਤਰ ਸੰਗਮਰਮਰ ਵਿੱਚ ਗੋਲੀਬਾਰੀ ਲਈ ਮੋਰਚੇ ਬਣਾਏ ਹੋਏ ਸਨ। ਮੰਦਰ ਦੇ ਦੋਹੀਂ ਪਾਸੀਂ ਇਮਾਰਤਾਂ ਸਨ ਜਿਨ੍ਹਾਂ ਤੋਂ ਸਿਹਨ 'ਤੇ ਨਜ਼ਰ ਰੱਖੀ ਜਾ ਸਕਦੀ ਸੀ। ਇਹਨਾਂ ਦੀ ਵੀ ਉਸ ਤਰ੍ਹਾਂ ਹੀ ਕਿਲ੍ਹਾਬੰਦੀ ਕੀਤੀ ਗਈ ਸੀ ਜਿਵੇਂ ਅਕਾਲ ਤਖ਼ਤ ਦੇ ਸਾਹਮਣੇ ਤੋਸ਼ਾਖ਼ਾਨਾ ਤੇ ਉਹਨਾਂ ਘਰਾਂ ਦੀ ਜੋ ਇਮਾਰਤ ਦੇ ਪਿਛਲੇ ਪਾਸੇ ਸਨ ਤੇ ਜਿੱਥੋਂ ਇਮਾਰਤਾਂ 'ਤੇ ਨਿਗਰਾਨੀ ਰੱਖੀ ਜਾ ਸਕਦੀ ਸੀ। ਸੋ ਜਦੋਂ ਛਾਪਾ ਮਾਰ ਦਸਤੇ ਸਿਹਨ 'ਚ (ਖੁੱਲ੍ਹੇ ਆਂਗਨ ਵਿੱਚ) ਆਏ, ਉਹਨਾਂ ਉਪਰ ਹਰ ਪਾਸੇ ਤੋਂ ਗੋਲੀਆਂ ਵਰ੍ਹਨ ਲੱਗੀਆਂ। ਉਹ 30% ਜਵਾਨ ਮਰਵਾ ਕੇ ਪਿੱਛੇ ਹਟ ਗਏ।

ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਖੁੱਲ੍ਹਾ ਆਂਗਨ ਜੋ ਕਿ ਜਨਰਲ ਬਰਾੜ ਦੇ ਸ਼ਬਦਾਂ ਵਿੱਚ ਕਤਲਗਾਹ ਬਣ ਗਿਆ। ਇਸ ਤੋਂ ਭੈੜੀ ਗੱਲ ਇਹ ਸੀ ਕਿ ਉਹਨਾਂ ਮਦਰਾਸੀਆਂ ਦੀ ਕੋਈ ਸੂਹ ਨਹੀਂ ਸੀ ਜਿਨ੍ਹਾਂ ਨੇ ਸਵਰਨ ਮੰਦਿਰ ਵਿੱਚ ਦਾਖ਼ਲ ਹੋਣ ਲਈ ਦੱਖਣੀ ਬਾਹੀ ਵੱਲੋਂ ਅਕਾਲ ਤਖ਼ਤ ਉਪਰ ਜਾਣ ਲਈ ਦੂਸਰੇ ਅੱਧੇ ਭਾਗ ਵਜੋਂ ਸੈਨ੍ਹੀ ਚਾਲ ਰਾਹੀਂ ਅੱਗੇ ਵੱਧਣਾ ਸੀ। ਕਮਾਉਂ ਪਲਟਨ ਦੇ ਜਵਾਨ ਸਰਾਂ ਸਮੂਹ ਖ਼ਾਲੀ ਕਰਵਾ ਰਹੇ ਸਨ ਤੇ ਬਿਹਾਰੀਆਂ ਨੇ ਮੰਦਿਰ ਦੁਆਲੇ ਘੇਰਾ ਪਾਇਆ ਹੋਇਆ ਸੀ।

ਉਹਨਾਂ ਦੀ ਵੱਡੀ ਜ਼ਿੰਮੇਵਾਰੀ ਇਹ ਯਕੀਨੀ ਬਣਾਉਣਾ ਸੀ ਕਿ ਨਾ ਭਿੰਡਰਾਂਵਾਲਾ ਤੇ ਨਾ ਹੀ ਉਸ ਦਾ ਕੋਈ ਪੈਰੋਕਾਰ ਬਚ ਕੇ ਨਿਕਲੇ।

ਸੁੰਦਰ ਜੀ ਤੇ ਦਿਆਲ ਇਸ ਹਮਲੇ ਲਈ ਹੋਰ ਸਹਾਇਤਾ ਭੇਜਣ ਲਈ ਸਹਿਮਤ ਹੋ ਗਏ ਤੇ ਉਹਨਾਂ ਨੇ ਬਰਾੜ ਦੀ ਕਮਾਨ ਅਧੀਨ 7ਵੀਂ ਗੜ੍ਹਵਾਲ ਰਾਈਫ਼ਲ ਦੀਆਂ ਦੋ ਕੰਪਨੀਆਂ ਭੇਜ ਦਿੱਤੀਆਂ। ਗੜ੍ਹਵਾਲੀ ਵੀ ਉੱਤਰ ਪ੍ਰਦੇਸ਼ ਦੇ ਰਾਜ ਵਿੱਚ ਹਿਮਾਲਾ ਦੀ ਖੱਬੀ ਤੋਂ ਆਏ ਸਨ। ਬਰਾੜ ਨੇ ਉਹਨਾਂ ਨੂੰ ਹੁਕਮ ਦਿੱਤਾ ਕਿ ਉਹ ਮੰਦਿਰ ਵਿੱਚ ਦੱਖਣੀ ਬਾਹੀ ਤੋਂ ਦਾਖ਼ਲ ਹੋਣ ਤੇ ਉਤਰੀ ਬਾਹੀ ਵੱਲੋਂ ਆਏ ਗਾਰਡਾਂ 'ਤੇ ਛਾਪਾਮਾਰ ਦਸਤੇ ਨੂੰ ਸਹਾਇਤਾ ਦੇਣ। ਜਿਉਂ ਹੀ ਉਹ ਦੱਖਣੀ ਬਾਹੀ ਵਿੱਚ ਦਾਖ਼ਲ ਹੋਏ, ਉਹਨਾਂ 'ਤੇ ਵੀ ਭਾਰੀ ਗੋਲੀਬਾਰੀ ਹੋਈ। ਗੜ੍ਹਵਾਲੀਆਂ ਦੇ ਇਕ ਅਫ਼ਸਰ ਨੇ ਕਿਹਾ, "ਉਹ ਤਾਂ ਸਾਡੇ 'ਤੇ ਹਰ ਪਾਸਿਉਂ ਹੀ ਗੋਲੀਆਂ ਚਲਾ ਰਹੇ ਦਿਖਾਈ ਦਿੰਦੇ ਸਨ। ਇਹ ਪਤਾ ਕਰਨਾ ਅਸੰਭਵ ਸੀ ਕਿ ਕਿਸ ਪਾਸੇ ਮੋੜਵਾਂ ਜਵਾਬ ਦੇਣ ਲਈ ਗੋਲੀ ਚਲਾਈ ਜਾਵੇ।" ਪਰੰਤੂ ਗੜ੍ਹਵਾਲੀਆਂ ਨੇ ਮੰਦਿਰ ਦੀ ਲਾਇਬ੍ਰੇਰੀ ਦੀ ਛੱਤ 'ਤੇ ਟਿਕਾਣਾ ਮੱਲ ਲਿਆ। ਉਹਨਾਂ ਦੇ ਕਮਾਨ ਅਫ਼ਸਰ ਨੇ ਇਸ ਦੀ ਜਾਣਕਾਰੀ ਬ੍ਰਿਗੇਡੀਅਰ ਏ. ਕੇ. ਦੀਵਾਨ ਨੂੰ ਦਿੱਤੀ।

ਦੀਵਾਨ ਸੱਚਮੁੱਚ ਹੀ ਜਵਾਨਾਂ ਦਾ ਆਦਰਸ਼ ਸੀ। ਉਹ ਸਦਾ ਉਹਨਾਂ ਵਿੱਚ ਜਾ ਕੁੱਦਦਾ। ਇਹ ਬੜੀ ਅਸਚਰਜ ਗੱਲ ਸੀ ਕਿਉਂਕਿ ਉਹਦਾ "ਕੁਨਾਂ" "ਚੂਹਾ" ਪਿਆ ਹੋਇਆ ਸੀ। ਪ੍ਰਤੱਖ ਤੌਰ 'ਤੇ ਉਹਦਾ ਇਹ ਨਾਂ ਉਦੋਂ ਪਿਆ ਸੀ ਜਦੋਂ ਉਹ ਕੇਡਟ ਅਫ਼ਸਰ ਸੀ ਕਿਉਂਕਿ ਉਸ ਦੀ ਧੌਣ ਲੰਮੀ ਤੇ ਪਤਲੀ ਸੀ। ਬ੍ਰਿਗੇਡੀਅਰ ਨੂੰ ਚਾਹੀਦਾ ਸੀ ਕਿ ਉਹ ਪਲਟਨ ਦੇ ਅਫ਼ਸਰਾਂ ਨੂੰ ਮੰਦਿਰ ਸਮੂਹ ਵਿੱਚ ਲੜਾਈ ਕਰਦੇ ਰਹਿਣ ਦਿੰਦਾ ਪਰ ਉਹ ਆਪ ਵਿੱਚ ਜਾ ਕੇ ਲੜਨ ਦਾ ਮੋਹ ਨਾ ਰੋਕ ਸਕਿਆ। ਗੜ੍ਹਵਾਲ ਪਲਟਨ ਦੇ ਲੈਫ਼. ਕਰਨਲ ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਦਿਆਂ ਕਿਹਾ ਕਿ ਉਹਦੇ ਜਵਾਨਾਂ 'ਤੇ ਭਾਰੀ ਗੋਲਾਬਾਰੀ ਹੋ ਰਹੀ ਸੀ ਪਰ ਇਹ ਤਾਂ ਦੀਵਾਨ ਦੇ ਜਾਣ ਦਾ ਇਕ ਹੋਰ ਕਾਰਨ ਤੇ ਖਿੱਚ ਬਣ ਗਈ। ਜਦੋਂ ਉਹ ਮੰਦਿਰ ਵਿੱਚ ਦਾਖ਼ਲ ਹੋ ਗਿਆ ਤਾਂ ਉਸ ਨੇ ਮੇਜਰ ਜਨਰਲ ਬਰਾੜ ਨੂੰ ਵਾਇਰਲੈੱਸ 'ਤੇ ਸੂਚਿਤ ਕੀਤਾ। ਬਰਾੜ ਜਿਸ ਦੇ ਸੁਭਾਅ ਵਿੱਚ ਉਸ ਵੇਲੇ ਕਾਫ਼ੀ ਗੁੱਸਾ ਸੀ, ਉਸ ਨੂੰ ਸੰਚਾਰ ਤਾਣੇ-ਬਾਣੇ ਤੇ ਦੀਵਾਨ ਉਪਰ ਚਿਲਾਉਂਦਿਆਂ ਸੁਣਿਆ ਜਾ ਸਕਦਾ ਸੀ। ਉਸ ਨੇ ਕਿਹਾ, "ਤੂੰ ਕੀ ਪਾਗਲਪਨ ਕਰ ਰਿਹਾ ਹੈਂ? ਮੈਂ ਇਸ ਕਾਰਵਾਈ ਦੀ ਕਮਾਨ ਸੰਭਾਲੀ ਹੋਈ ਹੈ। ਤੂੰ ਮੇਰੇ ਹੁਕਮ ਤੋਂ ਬਿਨਾਂ ਅੱਗੇ ਨਹੀਂ ਜਾ ਸਕਦਾ।"

ਫਿਰ ਬਰਾੜ ਸ਼ਾਂਤ ਹੋ ਗਿਆ ਤੇ ਉਸ ਨੂੰ ਅੰਦਰ ਰਹਿਣ ਲਈ ਕਹਿ ਦਿੱਤਾ ਕਿ ਉਹ ਜਿੰਨੀ ਜਲਦੀ ਸੰਭਵ ਹੋਵੇ ਅੱਗੇ ਵੱਧਣ ਦੀ ਜਾਣਕਾਰੀ ਦੇਵੇ। ਦੀਵਾਨ ਨੇ ਮਹਿਸੂਸ ਕੀਤਾ ਕਿ ਗਾਰਡ ਤੇ ਕਮਾਂਡੋਆਂ ਲਈ ਆਪਣਾ ਮੰਤਵ ਪ੍ਰਾਪਤ ਕਰਨਾ ਸੰਭਵ ਨਹੀਂ ਹੋਵੇਗਾ। ਪਰੰਤੂ ਉਸ ਨੂੰ ਇਹ ਪਤਾ ਸੀ ਕਿ ਦੱਖਣੀ ਬਾਹੀ ਵਿੱਚ ਉਸ ਦੀ ਸਥਿਤੀ ਕਾਫ਼ੀ ਮਜ਼ਬੂਤ ਸੀ ਤੇ ਜੇ ਉਸ ਨੂੰ ਕਮਾਨ ਦਿੱਤੀ ਜਾ ਸਕੇ ਤਾਂ ਉਹ ਮੰਦਰ 'ਤੇ ਧਾਵਾ ਬੋਲ ਸਕਣ ਦੇ ਸਮਰੱਥ ਹੋਵੇਗਾ। ਜਦੋਂ ਉਸ ਨੇ ਬਰਾੜ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਤਾਂ ਉਸ ਨੂੰ 15 ਕਮਾਉਂ ਦੀਆਂ ਦੋ ਕੰਪਨੀਆਂ ਮੰਗਵਾਉਣ ਦੀ ਆਗਿਆ ਮਿਲ ਗਈ। ਜਦ ਕਾਰਵਾਈ ਕੀਤੀ ਨੂੰ ਦੋ ਘੰਟੇ ਹੋ ਗਏ ਸਨ ਤਦ ਵੀ ਬਰਾੜ ਸਫ਼ਲਤਾ ਦੇ ਨੇੜੇ-ਤੇੜੇ

ਨਹੀਂ ਸੀ। ਉਹਦੀ ਤੇਜ਼ ਤੇ ਸਖ਼ਤ ਛਾਪਾਮਾਰ ਮੁਹਿਮ ਨੂੰ ਅੜਚਣ ਪੈ ਗਈ ਸੀ ਤੇ ਉਸ ਨੇ ਦੀਵਾਨ ਨੂੰ ਆਪਣੇ ਢੰਗ ਨਾਲ ਮੰਦਰ ਸਮੂਹ ਵਿੱਚ ਲੜਾਈ ਲੜਨ ਦੀ ਆਗਿਆ ਦੇ ਦਿੱਤੀ।

ਦੀਵਾਨ ਨੇ ਵਾਰ-ਵਾਰ ਅਕਾਲ ਤਖ਼ਤ ਸਾਹਿਬ 'ਤੇ ਧਾਵਾ ਬੋਲਣ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਗੜ੍ਹਵਾਲੀ ਜਾਂ ਕਮਾਊਂ ਪਲਟਣ ਵਾਲੇ ਜਦ ਪਰਿਕਰਮਾ ਦੀ ਨੁੱਕਰ 'ਤੇ ਜਾ ਕੇ ਅਕਾਲ ਤਖ਼ਤ ਦੇ ਸਾਹਮਣੇ ਆਂਗਨ ਵੱਲ ਭੱਜ ਕੇ ਜਾਂਦੇ ਤਾਂ ਉਹਨਾਂ 'ਤੇ ਵਿਨਾਸ਼ਕਾਰੀ ਗੋਲਾਬਾਰੀ ਹੁੰਦੀ ਤੇ ਉਹ ਪਿੱਛੇ ਹਟ ਜਾਂਦੇ। ਦੀਵਾਨ ਆਪ ਪਰਿਕਰਮਾ ਦੀ ਦੱਖਣੀ ਬਾਹੀ ਵਿੱਚ ਅੱਗੇ-ਪਿੱਛੇ ਤੇਜ਼ ਕਦਮਾਂ ਨਾਲ ਤੁਰਦਾ ਹੋਇਆ ਜਵਾਨਾਂ ਨੂੰ ਉਤਸ਼ਾਹਿਤ ਕਰ ਰਿਹਾ ਸੀ, ਪਰ ਉਹਨਾਂ ਦਾ ਕੰਮ ਅਸੰਭਵ ਸੀ। ਭਾਵੇਂ ਉੱਤਰੀ ਤੇ ਦੱਖਣੀ ਦੋਵੇਂ ਬਾਹੀਆਂ, ਫ਼ੌਜ ਦੇ ਨਿਯੰਤਰਨ ਵਿੱਚ ਸਨ, ਉਹ ਅਜੇ ਵੀ ਮੁਖ ਗੜ੍ਹ ਤੇ ਉਸ ਦੇ ਇਰਦ-ਗਿਰਦ ਸੁਰੱਖਿਆ ਪ੍ਰਬੰਧਾਂ 'ਤੇ ਕੋਈ ਪ੍ਰਭਾਵ ਪਾ ਕੇ ਉਹਨਾਂ ਨੂੰ ਕਮਜ਼ੋਰ ਨਾ ਕਰ ਸਕੇ ਤੇ ਚਾਰ ਕੰਪਨੀਆਂ ਦੇ 137 ਜਵਾਨ ਵੀ ਮਾਰੇ ਜਾ ਚੁੱਕੇ ਸਨ। ਪਰੰਤੂ ਉਹਨਾਂ ਲਈ ਅਜੇ ਵੀ ਉਹ ਹੁਕਮ ਅੜਿੱਕਾ ਬਣਿਆ ਹੋਇਆ ਸੀ, ਜਿਸ ਨਾਲ ਉਹਨਾਂ ਨੂੰ ਕਿਸੇ ਵੀ ਪਾਸੇ ਗੋਲੀ ਚਲਾਉਣ ਦੀ ਮਨਾਹੀ ਸੀ ਜਿਸ ਨਾਲ ਸਵਰਨ ਮੰਦਿਰ ਨੂੰ ਕੋਈ ਖ਼ਤਰਾ ਹੋਵੇ।

ਦੀਵਾਨ ਨੇ ਮਦਰਾਸੀਆਂ ਦੀ ਉਡੀਕ ਕਰਨ ਦਾ ਫ਼ੈਸਲਾ ਕੀਤਾ (ਜੋ ਅਜੇ ਵੀ ਹਰਿਮੰਦਰ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ) ਤਾਂ ਜੋ ਅਕਾਲ ਤਖ਼ਤ ਉੱਪਰ ਹਮਲਾ ਕਰਨ ਦਾ ਆਖ਼ਰੀ ਯਤਨ ਕੀਤਾ ਜਾਵੇ। ਮਦਰਾਸੀ ਆਖ਼ਰਕਾਰ 5 ਘੰਟੇ ਮਗਰੋਂ, 3 ਵਜੇ ਸਵੇਰੇ ਦਾਖ਼ਲ ਹੋਣ ਵਿੱਚ ਸਫਲ ਹੋ ਗਏ। ਉਹ ਹਰਿਮੰਦਰ ਸਮੂਹ ਵਿੱਚ ਸਰਾਂ ਸਮੂਹ ਵਾਲੀ ਡਿਉਢੀ ਵੱਲੋਂ ਆਏ। ਜਦੋਂ ਉਹ ਦਾਖ਼ਲ ਹੋਏ ਤਾਂ ਉਸ ਵੇਲੇ ਵੀ ਭਾਰੀ ਗੋਲੀਬਾਰੀ ਹੋ ਰਹੀ ਸੀ ਤੇ ਉਸ ਸਮੇਂ ਕਾਫ਼ੀ ਹਨੇਰਾ ਵੀ ਸੀ। ਘਬਰਾਹਟ ਤੇ ਹਫੜਾ-ਦਫੜੀ ਵਿੱਚ ਮਦਰਾਸੀਆਂ ਨੇ ਦੀਵਾਨ ਦੀ ਸੈਨਾ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਬ੍ਰਿਗੇਡੀਅਰ ਉੱਚੀ ਅਵਾਜ਼ 'ਚ ਕੂਕਿਆ, "ਗੋਲੀ ਨਾ ਚਲਾਓ। ਮੈਂ ਡਿਪਟੀ ਜਨਰਲ ਆਫ਼ਿਸਰ ਕਮਾਂਡਿੰਗ ਹਾਂ।" "ਜਦੋਂ ਉਹ ਛੋਟੀ ਜਿਹੀ ਗ਼ਲਤੀ ਠੀਕ ਕਰ ਲਈ ਗਈ", ਜਿਵੇਂ ਇਕ ਅਧਿਕਾਰੀ ਨੇ ਕਿਹਾ, "ਦੀਵਾਨ ਨੇ ਆਪਣਾ ਆਖ਼ਰੀ ਹਮਲਾ ਕਰ ਦਿੱਤਾ"।

ਉਸ ਦੀ ਰੱਖਿਆ ਪੰਗਤੀ ਨਾਲ ਨਿਪਟਣ ਤੋਂ ਬਿਨਾਂ ਕਿਲ੍ਹਾਨੁਮਾ ਅਕਾਲ ਤਖ਼ਤ ਦੇ ਅੰਦਰ ਜਾਣ ਦਾ ਕੋਈ ਸਾਧਨ ਜਾਂ ਸੁਆਲ ਹੀ ਨਹੀਂ ਸੀ। ਦੀਵਾਨ ਦੇ ਵਾਰ-ਵਾਰ ਕੀਤੇ ਹਮਲੇ 'ਲਾਈਟ ਬ੍ਰਿਗੇਡ ਦੇ ਹਮਲੇ' ਵਾਂਗ ਹੀ ਅਸਫਲ ਰਹੇ। ਉਸ ਨੂੰ ਹੁਣ ਇਸ ਦਾ ਅਹਿਸਾਸ ਵੀ ਹੋ ਗਿਆ। ਉਸ ਨੇ ਵਾਇਰਲੈੱਸ ਰਾਹੀਂ ਬਰਾੜ ਨੂੰ ਦੱਸਿਆ ਕਿ ਅਕਾਲ ਤਖ਼ਤ 'ਤੇ ਬੰਬਾਰੀ ਕਰਨ ਲਈ ਟੈਂਕ ਬੁਲਾਉਣੇ ਪੈਣਗੇ। ਉਸ ਨੇ ਕਿਹਾ, "ਮੈਂ ਹੋਰ ਵਧੇਰੇ ਆਦਮੀ ਨਹੀਂ ਮਰਵਾ ਸਕਦਾ। ਮੈਂ ਹਾਰ ਵੀ ਪ੍ਰਵਾਨ ਨਹੀਂ ਕਰ ਸਕਦਾ।" ਬਰਾੜ ਨੇ ਮਗਰੋਂ ਪੱਤਰ ਪ੍ਰੇਰਕਾਂ ਨੂੰ ਜੋ ਕੁਝ ਹੋਇਆ ਉਸ ਬਾਰੇ ਵੇਰਵਾ ਦਿੱਤਾ :

"ਪਿਆਦਾ ਫ਼ੌਜ ਦੇ ਕਤਲੇਆਮ ਦਾ ਖ਼ਤਰਾ ਸੀ। ਹਿਚਕਚਾਹਟ ਦਿਖਾਉਂਦਿਆਂ ਹੋਇਆਂ ਮੈਂ ਆਪਣੇ ਸਰਵੋਤਮ ਅਧਿਕਾਰੀਆਂ ਤੋਂ ਟੈਂਕ ਲਿਜਾਣ ਦੀ ਆਗਿਆ ਮੰਗੀ। ਮੈਂ ਕਿਹਾ ਕਿ ਮੈਂ ਪਿਆਦਾ ਫ਼ੌਜ ਕਤਲ ਨਹੀਂ ਕਰਾਉਣੀ ਚਾਹੁੰਦਾ। ਪਿਆਦਾ ਫ਼ੌਜ ਇਹ

ਮੁਸ਼ਕਲ ਤੇ ਅਸੰਭਵ ਕਾਰਜ ਨਹੀਂ ਕਰ ਸਕਦੀ। ਮੈਂ ਇਹ ਜ਼ਰੂਰ ਕਹਾਂਗਾ ਕਿ ਇਸ ਦਾ ਤੁਰੰਤ ਹੀ ਉੱਤਰ ਮਿਲ ਗਿਆ ਕਿਉਂਕਿ ਮੇਰੇ ਦੋਵੇਂ ਉੱਚਤਮ ਅਫ਼ਸਰ, ਜਿਸ ਥਾਂ 'ਤੇ ਕਾਰਵਾਈ ਚਲ ਰਹੀ ਸੀ ਉਹ ਉਸ ਥਾਂ ਤੋਂ 15 ਮੀਟਰ ਦੀ ਦੂਰੀ 'ਤੇ ਹੀ ਸਨ ਜਿਥੋਂ ਉਹ ਇਹ ਸਭ ਕੁਝ ਦੇਖ ਰਹੇ ਸਨ।"

ਸੁੰਦਰ ਜੀ ਦਾ ਹੁੰਗਾਰਾ ਤਤਕਾਲੀਨ ਨਹੀਂ ਸੀ। ਉਸ ਨੇ ਪਹਿਲਾਂ ਦਿੱਲੀ ਸੰਪਰਕ ਕੀਤਾ ਜਿਥੇ ਜੰਗ ਬਾਰੇ ਜਾਣਕਾਰੀ ਲੈਣ ਲਈ ਇਕ ਵਿਸ਼ੇਸ਼ ਕਖ਼ਸ਼ ਸਥਾਪਿਤ ਕੀਤਾ ਗਿਆ ਸੀ। ਡਿਪਟੀ ਰੱਖਿਆ ਮੰਤਰੀ ਕੇ.ਪੀ. ਸਿੰਘ ਦਿਉ, ਜੋ ਭੂਤ-ਪੂਰਵ ਸੈਨਾ ਅਧਿਕਾਰੀ ਸੀ, ਇਸ ਦਾ ਇਨਚਾਰਜ ਸੀ ਤੇ ਉਸ ਦਾ ਸਹਿਯੋਗੀ ਅਰੁਣ ਸਿੰਘ ਸੀ ਜੋ ਰਾਜੀਵ ਗਾਂਧੀ ਦਾ ਵਿਸ਼ਵਾਸਪਾਤਰ ਤੇ ਨਿੱਜੀ ਸਹਾਇਕ ਸੀ। ਉਹ ਭਾਵੇਂ ਵਿਵਹਾਰਕ ਰੂਪ ਵਿੱਚ ਪੱਕਾ ਸਿੱਖ ਨਹੀਂ ਸੀ, ਪਰ ਉਹ ਪੰਜਾਬ ਦੇ ਇਕ ਸ਼ਾਹੀ ਵੰਸ਼ ਨਾਲ ਸੰਬੰਧ ਰੱਖਦਾ ਸੀ। ਹੁਣ ਸੈਨਾ ਤੇ ਸਰਕਾਰ ਦੁਚਿੱਤੀ ਵਿੱਚ ਫਸੀ ਹੋਈ ਸੀ। ਸੁੰਦਰ ਜੀ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਕਾਰਵਾਈ ਦਿਨ ਚੜ੍ਹਦੇ ਤੱਕ ਖ਼ਤਮ ਕੀਤੀ ਜਾਣੀ ਜ਼ਰੂਰੀ ਹੈ ਨਹੀਂ ਤਾਂ ਮੰਦਰ ਦੇ ਅੰਦਰਲੇ ਉਹਦੇ ਜਵਾਨ ਭਿੰਡਰਾਂਵਾਲੇ ਦੇ ਲੁਕ ਕੇ ਫ਼ਾਇਰ ਕਰਨ ਵਾਲੇ ਆਦਮੀਆਂ ਦਾ ਸ਼ਿਕਾਰ ਹੋ ਜਾਣਗੇ। ਪਿੱਛੇ ਹੱਟਣ ਤੇ ਅਗਲੀ ਰਾਤ ਹਮਲਾ ਕਰਨ ਦਾ ਕੋਈ ਸੁਆਲ ਹੀ ਨਹੀਂ ਸੀ ਕਿਉਂਕਿ ਇਹ ਗੱਲ ਜ਼ਾਹਿਰ ਹੋ ਜਾਏਗੀ ਕਿ ਭਿੰਡਰਾਂਵਾਲੇ ਨੇ ਤੇ ਸ਼ਾਹਬੇਗ ਸਿੰਘ ਨੇ ਭਾਰਤੀ ਫ਼ੌਜ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਇਸ ਦਾ ਪੰਜਾਬ ਦੇ ਪਿੰਡਾਂ ਉਪਰ ਤੇ ਸੈਨਾ ਵਿੱਚ ਸਿੱਖਾਂ ਉਪਰ ਬੜਾ ਭਿਆਨਕ ਪ੍ਰਭਾਵ ਪੈਣਾ ਸੀ। ਇਕੋ ਇਕ ਉਪਾਅ ਟੈਂਕਾਂ ਦੀ ਵਰਤੋਂ ਹੀ ਸੀ। ਭਿੰਡਰਾਂਵਾਲੇ ਦੇ ਕਿਲ੍ਹੇ ਨੂੰ ਉਡਾ ਦੇਣ ਦੀ ਸ਼ਕਤੀ ਵਾਲੇ ਤੇ ਨਿਸ਼ਚਿਤ ਥਾਂ 'ਤੇ ਗੋਲੇ ਸੁੱਟਣ ਦਾ ਇਹ ਸਾਜ਼ੋ ਸਮਾਨ ਸੀ। ਟੈਂਕਾਂ ਦੀ ਵਰਤੋਂ ਦਾ ਇਹ ਮਤਲਬ ਸੀ ਕਿ ਫ਼ੌਜ ਆਪਣੇ ਅਕਾਲ ਤਖ਼ਤ ਨੂੰ ਸਹੀ ਸਲਾਮਤ ਰੱਖਣ ਦੇ ਉਦੇਸ਼ ਵਿੱਚ ਅਸਫਲ ਰਹੀ। ਇਸ ਦੀ ਇਹ ਘਿਨਾਉਣੀ ਸੰਭਾਵਨਾ ਵੀ ਹੋ ਸਕਦੀ ਸੀ ਕਿ ਕੋਈ ਤੋਪਚੀ ਸਵਰਨ ਮੰਦਿਰ ਨੂੰ ਕਾਫ਼ੀ ਨੁਕਸਾਨ ਪਹੁੰਚਾ ਸਕਦਾ ਸੀ। ਅੰਤ ਵਿੱਚ ਦਿੱਲੀ ਨੇ ਸਹਿਮਤੀ ਦੇ ਦਿੱਤੀ ਕਿ ਟੈਂਕਾਂ ਦੀ ਵਰਤੋਂ ਕੀਤੀ ਜਾਵੇ। "ਚੂਚਾ" ਦੀਵਾਨ ਦੇ ਆਗਿਆ ਮੰਗਣ ਤੋਂ ਦੋ ਘੰਟੇ ਪਿੱਛੋਂ ਲੈਫ਼. ਜਨਰਲ ਸੁੰਦਰ ਜੀ ਨੂੰ ਇਹ ਸੰਦੇਸ਼ ਪਹੁੰਚਿਆ।

ਇਸ ਦੌਰਾਨ ਮੇਜਰ ਜਨਰਲ ਬਰਾੜ ਨੇ ਅਕਾਲ ਤਖਤ ਅੰਦਰ ਆਪਣੇ ਜਵਾਨ ਭੇਜਣ ਦੀ ਇਕ ਹੋਰ ਕੋਸ਼ਿਸ਼ ਕੀਤੀ। ਉਸ ਨੇ ਸਕੋਟ ਓ ਟੀ 64 ਬਕਤਰਬੰਦ ਗੱਡੀ ਭੇਜੀ। ਟੈਂਕਾਂ ਨੂੰ ਸਰਾਂ ਵਾਲੇ ਪਾਸੇ ਤੋਂ ਪਰਿਕਰਮਾ ਵੱਲ ਉਤਰਦੀਆਂ ਪੌੜੀਆਂ ਤੋੜਨੀਆਂ ਪਈਆਂ ਤਾਂ ਜੋ ਪੋਲੈਂਡ ਦੇ ਬਣੇ 8 ਪਹੀਆਂ ਵਾਲੇ ਏ.ਪੀ.ਸੀ. ਅੰਦਰ ਉੱਤਰ ਸਕਣ। ਉਦੇਸ਼ ਇਹ ਸੀ ਕਿ ਏ.ਪੀ.ਸੀ. ਸਿੱਧਾ ਅਕਾਲ ਤਖਤ ਚਲਾ ਕੇ ਲਿਜਾਇਆ ਜਾਵੇ ਤਾਂ ਜੋ ਇਸ ਦੀਆਂ ਬਾਹਾਂ ਦੀ ਸੁਰੱਖਿਆ ਹੇਠ ਭਾਰਤੀ ਫ਼ੌਜ ਦੀ ਨਵੀਨਤਮ ਮਕਾਨਕੀ ਪਿਆਦਾ ਫ਼ੌਜ ਦੀ ਟੁਕੜੀ ਦੇ ਜਵਾਨ ਗੜ੍ਹੀ ਵਿੱਚ ਪ੍ਰਵੇਸ਼ ਕਰ ਸਕਣ। ਪਰੰਤੂ ਜਿਉਂ ਹੀ ਬਖ਼ਤਰ-ਬੰਦ ਟੈਂਕ ਅਕਾਲ ਤਖ਼ਤ ਦੇ ਨੇੜੇ ਪਹੁੰਚਿਆ, ਇਸ ਉਪਰ ਚੀਨ ਦੇ ਬਣੇ ਦੋ ਗਰਨੇਡ ਸੁੱਟਣ ਵਾਲੇ ਰਾਕਟ ਪਰਿਵਰਤਕਾਂ ਦਾ ਹਮਲਾ ਹੋ ਗਿਆ। ਇਕ ਗਰਨੇਡ

ਨਿਸ਼ਾਨੇ 'ਤੇ ਵੱਜਾ ਤੇ ਬਕਤਰਬੰਦ ਗੱਡੀ ਨਸ਼ਟ ਹੋ ਗਈ। ਇਸ ਪਲਟਨ ਦਾ ਕਮਾਂਡਰ ਜ਼ਖ਼ਮੀ ਹੋ ਗਿਆ।

ਇਸ ਮਗਰੋਂ ਜਨਰਲ ਨੇ ਆਪਣੀ ਰਣ-ਨੀਤੀ 'ਤੇ ਪੁਨਰ ਵਿਚਾਰ ਕੀਤੀ। ਉਹਨਾਂ ਕੋਲ ਇਹ ਸੂਚਨਾ ਨਹੀਂ ਸੀ ਕਿ ਸ਼ਾਹਬੇਗ ਸਿੰਘ ਕੋਲ ਬਕੱਤਰਬੰਦ ਗੱਡੀਆਂ ਨੂੰ ਤਬਾਹ ਕਰਨ ਵਾਲੇ ਹਥਿਆਰ ਸਨ। ਹੁਣ ਤਾਂ ਉਹਨਾਂ ਟੈਂਕਾਂ ਨੂੰ ਵੀ ਖ਼ਤਰਾ ਸੀ ਜੋ ਸਰਕਾਰ ਵੱਲੋਂ ਗੋਲਾਬਾਰੀ ਕਰਨ ਦਾ ਇੰਤਜ਼ਾਰ ਕਰਦੇ ਹੋਏ ਪਰਿਕਰਮਾ ਵਿੱਚ ਭੇਜੇ ਗਏ ਸਨ ਭਾਵੇਂ ਟੈਂਕਾਂ ਦਾ ਵੱਧ ਤੋਂ ਵੱਧ ਸ਼ਸਤਰੀਕਰਨ ਏ.ਪੀ.ਸੀ. ਨਾਲੋਂ ਦੁੱਗਣਾ ਸੀ। ਟੈਂਕ ਭਿੰਡਰਾਂਵਾਲੇ ਦੇ ਕਿਲ੍ਹੇ ਵਿਚਲੇ ਨਿਸ਼ਾਨਚੀਆਂ ਨੂੰ ਸਰਚ ਲਾਈਟ ਨਾਲ ਅੰਨ੍ਹਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਜਿਉਂ ਹੀ ਬਰਾੜ ਨੂੰ ਜਾਣਕਾਰੀ ਮਿਲੀ ਕਿ ਵੈਰੀ ਕੋਲ ਟੈਂਕਾਂ ਵਿੱਚ ਛੇਦ ਕਰਨ ਵਾਲੇ ਹਥਿਆਰ ਹਨ, ਉਸ ਨੇ ਸਰਚ ਲਾਈਟਾਂ ਬੰਦ ਕਰਵਾ ਦਿੱਤੀਆਂ। ਟੈਂਕ ਪਰਿਕਰਮਾ ਤਾਂ ਲੰਘ ਚੁੱਕੇ ਸਨ ਜਿਸ ਦੀ ਹਰ ਸੰਗਮਰਮਰ ਦੀ ਸਿਲ 'ਤੇ ਉਸ ਸ਼ਰਧਾਲੂ ਦਾ ਨਾਮ ਉਕਰਿਆ ਹੋਇਆ ਸੀ, ਜਿਸ ਨੇ ਇਹਦੇ ਲਈ ਦਾਨ ਦਿੱਤਾ ਸੀ।

ਵਿਜਯੰਤਾ, ਸੈਨਾ ਦਾ ਮੁੱਖ ਯੁੱਧ ਟੈਂਕ ਸੀ ਤੇ ਇਹ ਵਿਕਰਜ਼ 38 ਟਨ ਟੈਂਕ ਦਾ ਭਾਰਤ ਵਿੱਚ ਬਣਿਆ ਰੂਪਾਂਤਰ ਸੀ। ਜਦੋਂ ਹੁਕਮ ਮਿਲਿਆ ਤਾਂ ਫ਼ੌਜ ਨੇ ਆਪਣਾ ਯੁੱਧ ਦਾ ਮੁੱਖ ਸਾਜ਼ੋ-ਸਮਾਨ ਵਰਤੋਂ ਵਿੱਚ ਲਿਆਂਦਾ। ਮੰਦਰ ਦੀ ਤਬਾਹੀ ਦੀਆਂ ਫ਼ੋਟੋਆਂ ਤੋਂ ਪਤਾ ਲੱਗਦਾ ਹੈ ਕਿ ਵਿਜਯੰਤਾ ਦੇ 105 ਮਿਲੀਮੀਟਰ ਦੇ ਸਾਜ਼ੋ-ਸਮਾਨ ਨੇ ਬਹੁਤ ਹੀ ਜ਼ਿਆਦਾ ਧਮਾਕੇ-ਖ਼ੇਜ਼ ਤੇ ਕੱਦੂ ਜਿੰਨੇ ਵੱਡੇ-ਵੱਡੇ ਗੋਲੇ ਅਕਾਲ ਤਖ਼ਤ ਉਪਰ ਬਰਸਾਏ। ਇਹ ਗੋਲੇ ਵੱਡੇ ਨਿਸ਼ਾਨਿਆਂ ਜਿਵੇਂ ਬਕਤਰ-ਬੰਦ ਗੱਡੀਆਂ ਤੇ ਕਿਲ੍ਹਿਆਂ ਦੇ ਵਿਰੁੱਧ ਵਰਤੋਂ ਵਿੱਚ ਲਿਆਉਣ ਲਈ ਤਿਆਰ ਕੀਤੇ ਗਏ ਸਨ। ਜਦੋਂ ਗੋਲੇ ਮਿੱਥੇ ਨਿਸ਼ਾਨੇ 'ਤੇ ਲੱਗਦੇ ਸਨ ਤਾਂ ਉਹ ਸਖ਼ਤ ਫ਼ਰਸ਼ ਜਾਂ ਸਥਾਨ ਨੂੰ ਤੋੜ ਦਿੰਦੇ ਸਨ। ਉਹਨਾਂ ਦਾ ਪਟਾਕਾ ਜਾਂ ਵਿਸਫ਼ੋਟਕ ਪਦਾਰਥ ਨਾਲ ਲੱਗੀ ਡੋਰੀ ਜਾਂ ਪਲੀਤਾ ਇਸ ਤਰ੍ਹਾਂ ਤਿਆਰ ਕੀਤੇ ਗਏ ਸਨ ਕਿ ਡਿੱਗਣ ਅਤੇ ਅੱਗ ਲੱਗਣ ਵਿੱਚ ਥੋੜ੍ਹਾ ਜਿਹਾ ਵਕਫ਼ਾ ਹੁੰਦਾ ਸੀ ਜਿਸ ਨਾਲ ਨਿਸ਼ਾਨੇ ਵਿੱਚ ਬੜੀ ਭਾਰੀ ਝਟਕੇ ਦੀ ਜਾਂ ਧਮਾਕੇ ਦੀ ਲਹਿਰ ਲੰਘਦੀ ਤੇ ਜ਼ਰਾਬਕਤਰ ਗੱਡੀ ਜਾਂ ਰਾਜਗੀਰੀ ਦੀ ਕਿਰਤ ਅੰਦਰੋਂ ਚਿੱਪਰ ਉੱਡ ਜਾਂਦੀ, ਭਾਵ ਸ਼ਸਤਰਬੱਧ ਵਾਹਨ ਜਾਂ ਕਿਲ੍ਹਾ ਆਦਿ ਟੁੱਟਦਾ। ਲੈਫ਼. ਜਨਰਲ ਜਗਜੀਤ ਸਿੰਘ, ਜਿਸ ਨੇ ਅਕਾਲ ਤਖ਼ਤ ਦੀ ਮੁਰੰਮਤ ਤੋਂ ਪਹਿਲਾਂ ਇਹਦਾ ਸਾਹਮਣਾ ਹਿੱਸਾ ਦੇਖਿਆ ਸੀ, ਮੰਨਦਾ ਹੈ ਕਿ ਇਸ ਸਥਾਨ ਉਪਰ ਘੱਟ-ਘੱਟ 80 ਘਾਤਕ ਗੋਲੇ ਦਾਗੇ ਗਏ ਹੋਣਗੇ। ਟੈਂਕ ਦੇ ਯੁੱਧ ਸਮਿਗਰੀ ਦਾ ਇਹ ਲਾਭ ਹੈ ਕਿ ਇਸ ਦਾ ਨਿਸ਼ਾਨਾ ਬੜਾ ਸਹੀ ਲੱਗਦਾ ਹੈ। ਭਾਰਤੀ ਸੈਨਾ ਅਧਿਕਾਰੀ ਵਿਜਯੰਤਾ ਦੀ ਡਾਕ-ਬਕਸਿਆਂ ਵਿੱਚ ਦੀ ਗੋਲੇ ਲੰਘਾ ਦੇਣ ਦੀ ਸਮਰੱਥਾ ਦੀ ਗੱਲ ਵੀ ਕਰਦੇ ਹਨ।

ਅਕਾਲ ਤਖ਼ਤ ਉਪਰ ਗੋਲਿਆਂ ਦੀ ਵਾਛੜ ਦਾ ਪ੍ਰਭਾਵ ਬਹੁਤ ਮਾਰੂ ਤੇ ਤਬਾਹਕੁੰਨ ਸੀ। ਮੰਦਿਰ ਦਾ ਸਾਹਮਣਾ ਵਾਲਾ ਹਿੱਸਾ ਤਬਾਹ ਕਰ ਦਿੱਤਾ ਗਿਆ, ਸ਼ਾਇਦ ਹੀ ਕੋਈ ਥੰਮ੍ਹ ਖੜ੍ਹਾ ਰਿਹਾ ਹੋਵੇ। ਬਹੁਤ ਸਾਰੇ ਕਮਰਿਆਂ ਵਿੱਚ ਅੱਗ ਲੱਗ ਗਈ ਜਿਸ ਨਾਲ ਸੰਗਮਰਮਰ ਦੀਆਂ ਕੰਧਾਂ ਕਾਲੀਆਂ ਹੋ ਗਈਆਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ

ਦੇ ਕਈ ਸੁੰਦਰ ਚਿੱਤਰ ਤਬਾਹ ਹੋ ਗਏ। ਉਸ ਵਿੱਚ ਸੰਗਮਰਮਰ ਵਿੱਚ ਉਕਰਾਈ, ਸ਼ੀਸ਼ੇ ਤੇ ਪਲਸਤਰ ਦਾ ਕੰਮ ਤੇ ਤਾਰਕਸ਼ੀ ਦਾ ਕੰਮ ਸ਼ਾਮਿਲ ਸੀ। ਤੋਪਾਂ ਦੀ ਗੋਲਾਬਾਰੀ ਕਾਰਨ ਅਕਾਲ ਤਖ਼ਤ ਦਾ ਸੁਨਹਿਰੀ ਪੱਤਰੇ ਵਾਲਾ ਗੁਬੰਦ ਵੀ ਬੁਰੀ ਤਰ੍ਹਾਂ ਨਸ਼ਟ ਹੋ ਗਿਆ। ਰਾਤ ਵੇਲੇ ਇਕ ਸਮੇਂ ਤਾਂ ਮੇਜਰ ਜਨਰਲ ਬਰਾੜ ਨੇ ਪ੍ਰਬੰਧਕ ਕਰਨਲ ਨੂੰ ਹੁਕਮ ਦੇ ਦਿੱਤਾ ਕਿ ਉਹ ਸਿੱਖਾਂ ਨੂੰ ਆਤਮ ਸਮਰਪਣ ਕਰਨ ਲਈ ਡਰਾਉਣ ਵਾਸਤੇ 3.7 ਇੰਚ ਹੋਵਲ ਤੋਪ ਨਾਲ ਮੰਦਿਰ ਪਿਛਲੀ ਇਮਾਰਤ ਦੀ ਛੱਤ ਤੇ ਗੁੰਬਦ ਉਡਾ ਦੇਣ। ਬਰਾੜ ਨੇ ਜਨਰਲ ਨੂੰ ਕਿਹਾ, "ਸ਼ਾਇਦ ਸ਼ੋਰ-ਸ਼ਰਾਬੇ ਤੇ ਕਸ਼ਟ ਦਾ ਕੋਈ ਅਸਰ ਹੋ ਜਾਵੇ।"

ਭਿੰਡਰਾਂਵਾਲੇ ਦੇ ਆਦਮੀ ਤੋਪਾਂ ਤੋਂ ਨਾ ਡਰੇ ਪਰ ਟੈਂਕਾਂ ਦੀ ਬੁਛਾੜ ਤਾਂ ਵੱਖਰੀ ਗੱਲ ਸੀ। ਇਸ ਦਾ ਕਿੰਨਾ ਪ੍ਰਭਾਵ ਪਿਆ ਹੋਵੇ, ਇਸ ਦਾ ਅਨੁਮਾਨ ਲਗਾਉਣਾ ਸੰਭਵ ਨਹੀਂ ਸੀ। ਜਿਉਂ ਹੀ ਇਮਾਰਤ ਨੂੰ ਝਟਕੇ ਪਿੱਛੋਂ ਝਟਕਾ ਲੱਗਦਾ ਸੀ ਤਾਂ ਉਹ ਯੋਧੇ ਭਾਵੇਂ ਗੁੰਮਰਾਹ ਹੀ ਹੋਏ ਸਨ, ਰੱਖਿਆ ਕਰ ਰਹੇ ਜ਼ਰੂਰ ਹੀ ਡਰਦੇ ਹੋਣਗੇ ਕਿ ਇਮਾਰਤ ਉਹਨਾਂ ਉੱਪਰ ਡਿੱਗ ਪਵੇਗੀ। ਧਮਾਕਿਆਂ ਦੇ ਬੋਲਿਆਂ ਕਰਦੀ ਅਵਾਜ਼ ਤੇ ਡਿੱਗ ਰਹੀਆਂ ਇੱਟਾਂ ਤੇ ਲਾਟਾਂ ਤੋਂ ਭੈ-ਭੀਤ ਹੋ ਕੇ ਉਹ ਇਮਾਰਤ ਦੇ ਪਿਛਲੇ ਹਿੱਸੇ ਵਿੱਚ ਚਲੇ ਗਏ। ਫ਼ੌਜ ਉਪਰ ਘਾਤਕ ਮਸ਼ੀਨ-ਗੰਨਾਂ ਤੋਂ ਗੋਲਾਬਾਰੀ ਰੁਕ ਗਈ।

ਫਿਰ ਵੀ ਕਦੇ-ਕਦੇ ਅਕਾਲ ਤਖ਼ਤ ਤੋਂ ਵੀ ਉੱਚੀਆਂ ਇਮਾਰਤਾਂ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਆਂਗਨ ਵਿੱਚ ਵਿਰੋਧ ਵਜੋਂ ਰੁਕ-ਰੁਕ ਕੇ ਗੋਲੇ ਡਿੱਗਦੇ ਰਹੇ। ਉਸ ਸਮੇਂ ਦਿਨ ਚੜ੍ਹ ਗਿਆ ਸੀ। ਹੁਣ ਬਰਾੜ ਨੇ ਫ਼ੈਸਲਾ ਕੀਤਾ ਕਿ ਉਸ ਅਸਥਾਨ 'ਤੇ ਆਖ਼ਰੀ ਧਾਵਾ ਕਰਕੇ ਕਬਜ਼ਾ ਕਰਨਾ ਬਹੁਤ ਖ਼ਤਰਨਾਕ ਹੋਵੇਗਾ ਜਿਸ ਵਿੱਚ ਰਹਿ ਕੇ ਭਿੰਡਰਾਂਵਾਲੇ ਤੇ ਸ਼ਾਹਬੇਗ ਸਿੰਘ ਨੇ ਭਾਰਤੀ ਪਿਆਦਾ ਫ਼ੌਜ ਨਾਲ ਟੱਕਰ ਲਈ। ਇਸ ਲਈ ਬ੍ਰਿਗੇਡੀਅਰ ਦੀਵਾਨ ਨੂੰ ਹੁਕਮ ਦਿੱਤਾ ਗਿਆ ਕਿ ਫਿਰ ਹਨੇਰਾ ਹੋਣ ਤੱਕ ਟੈਂਕਾਂ ਨਾਲ ਹਮਲਾ ਨਾ ਕੀਤਾ ਜਾਵੇ। ਮੁੱਖ ਚੌਕੀ 'ਤੇ ਬੈਠੇ ਤਿੰਨ ਜਰਨੈਲਾਂ ਨੂੰ ਪਤਾ ਲੱਗ ਗਿਆ ਸੀ ਕਿ ਉਹਨਾਂ ਨੇ ਭਿੰਡਰਾਂਵਾਲੇ ਨੂੰ ਉਹਦੇ ਗੜ੍ਹ 'ਚੋਂ ਪਛਾੜ ਦਿੱਤਾ ਹੈ ਪਰ ਉਹ ਅਜੇ ਵੀ ਇਸ ਸੰਭਾਵਨਾ ਤੋਂ ਦੁਖੀ ਸਨ ਕਿ ਸ਼ਾਇਦ ਭਿੰਡਰਾਂਵਾਲਾ ਬਚ ਕੇ ਨਿਕਲ ਗਿਆ ਹੋਵੇ।

ਜੰਗ ਪਿੱਛੋਂ ਬਰਾੜ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਕ ਹੀ ਟੈਂਕ ਪਰਿਕਰਮਾ ਵਿੱਚ ਭੇਜਿਆ ਗਿਆ ਸੀ ਤੇ ਇਸ ਨੇ ਆਪਣੀ ਦੂਸਰੇ ਦਰਜੇ ਦੀ 7.62 ਮਿਲੀਮੀਟਰ ਵਾਲੀ ਤੋਪ ਦੀ ਹੀ ਵਰਤੋਂ ਕੀਤੀ ਸੀ। ਪਰੰਤੂ ਅਕਾਲ ਤਖ਼ਤ ਨੂੰ ਹੋਇਆ ਨੁਕਸਾਨ ਵੱਖਰੀ ਹੀ ਕਹਾਣੀ ਬਿਆਨ ਕਰਦਾ ਹੈ। ਅਜਿਹੀ ਕੋਈ ਮਸ਼ੀਨ ਗੰਨ ਨਹੀਂ ਸੀ ਜੋ ਇੱਟਾਂ ਪੱਥਰਾਂ ਦੀ ਰਾਜਗੀਰੀ ਨੂੰ ਇਸ ਤਰ੍ਹਾਂ ਤਬਾਹ ਕਰ ਸਕਦੀ ਤੇ ਵੱਡੇ ਗੋਲਿਆਂ ਦੇ ਧਮਾਕਿਆਂ ਨਾਲ ਪਏ ਹੋਏ ਗੋਲੀਆਂ ਦੇ ਨਿਸ਼ਾਨ ਵੀ ਸਾਫ਼ ਦਿਖਾਈ ਦਿੰਦੇ ਸਨ। ਜਿੱਥੋਂ ਤੱਕ ਟੈਂਕਾਂ ਦੀ ਗਿਣਤੀ ਦਾ ਸੁਆਲ ਹੈ, ਕਈ ਹੋਰ ਅਫ਼ਸਰਾਂ ਨੇ ਜਿਨ੍ਹਾਂ ਨਾਲ ਸਤੀਸ਼ ਜੈਕਬ ਨੇ ਗੱਲਬਾਤ ਕੀਤੀ, ਉਹਨਾਂ ਨੇ ਕਿਹਾ ਮੰਦਿਰ ਸਮੂਹ ਵਿੱਚ ਭੇਜੇ ਗਏ ਟੈਂਕਾਂ ਦੀ ਗਿਣਤੀ 6 ਸੀ। ਕਿਉਂਕਿ ਇਕ ਵਿਜਯੰਤਾ ਟੈਂਕ ਸਿਰਫ਼ 44 ਵਾਰ ਵਰਤੇ ਜਾਣ ਲਈ ਗੋਲਾ ਬਾਰੂਦ ਤੇ ਸਾਜ਼ੋ-ਸਮਾਨ ਹੀ ਲਿਜਾ ਸਕਦਾ ਹੈ। ਇਸ ਲਈ ਇਹ ਨਿਸ਼ਚਿਤ ਹੈ ਕਿ ਇਕ ਤੋਂ ਵੱਧ ਟੈਂਕ ਵਰਤੇ ਗਏ। ਇਹ ਵੀ ਸੰਭਾਵਨਾ ਹੈ ਕਿ ਤੋਪਚੀਆਂ ਨੇ ਇਕ ਤੋਂ

ਵਧੀਕ ਟਿਕਾਣਿਆਂ ਤੋਂ ਤੋਪਾਂ ਚਲਾਈਆਂ। ਤੇ ਸਵਰਨ ਮੰਦਿਰ ਉਹਨਾਂ ਦੀ ਗੋਲਾਬਾਰੀ ਦੀ ਚਾਪ ਵਿੱਚ ਆਉਂਦਾ ਸੀ ਕਿਉਂਕਿ ਇਹ ਪਵਿੱਤਰ ਸਰੋਵਰ ਦੇ ਵਿਚਕਾਰ ਸੀ। ਉਸ ਰਾਤ ਅਕਾਲ ਤਖ਼ਤ 'ਤੇ ਹੋ ਰਹੀ ਇਕੋ ਇਕ ਤੀਬਰ ਤੇ ਪ੍ਰਚੰਡ ਲੜਾਈ ਨਹੀਂ ਸੀ।

ਸਵਰਨ ਮੰਦਿਰ ਸਮੂਹ ਦੀ ਪੂਰਬੀ ਬਾਹੀ ਤੇ ਸੜਕ ਤੋਂ ਪਾਰ ਕਮਾਉਂ ਰੈਜਮੈਂਟ ਦੀ ਇਕ ਹੋਰ ਪਲਟਨ ਦੂਸਰੀ ਕਾਰਵਾਈ ਵਿੱਚ ਉਲਝੀ ਹੋਈ ਸੀ ਜਿਸ ਨੂੰ ਪੂਰਾ ਕਰਨ ਲਈ ਲੈਫ. ਜਨਰਲ ਸੁੰਦਰ ਜੀ ਨੇ ਹੁਕਮ ਦਿੱਤਾ ਸੀ। ਸਰਕਾਰ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਉਹ ਮੰਦਰ ਸਮੂਹ ਵਿੱਚ ਰਹਿ ਰਹੇ ਦੋ ਧੜਿਆਂ—ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਲੌਂਗੋਵਾਲ ਅਤੇ ਉਸ ਦੇ ਸਮਰਥਕਾਂ ਦੇ ਧੜਿਆਂ ਵਿੱਚ ਪਰਸਪਰ ਵਿਨਾਸ਼ਕਾਰੀ ਯੁੱਧ ਨੂੰ ਰੋਕਣ ਦਾ ਯਤਨ ਕਰੇ। ਇਸ ਲਈ ਜਰਨੈਲਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਜਿਸ ਸਮੇਂ ਸਵਰਨ ਮੰਦਿਰ ਸਮੂਹ ਖ਼ਾਲੀ ਕਰਵਾਇਆ ਜਾਵੇ, ਉਸ ਦੇ ਨਾਲ ਹੀ ਲੌਂਗੋਵਾਲ ਤੇ ਉਹਦੇ ਸਮਰਥਕਾਂ ਦਾ ਨਿਵਾਸ, "ਸਰਾਂ ਸਮੂਹ" ਵੀ ਖ਼ਾਲੀ ਕਰਵਾਇਆ ਜਾਵੇ।

ਪਹਿਲੀ ਸਮੱਸਿਆ ਸਮੂਹ ਵਿੱਚ ਦਾਖ਼ਲ ਹੋਣ ਦੀ ਸੀ। ਸਰਾਂ ਤੇ ਮੰਦਰ ਨੂੰ ਵੱਖ ਕਰਦੀ ਜਨਤਕ ਸੜਕ ਦੇ ਸਿਰਿਆਂ 'ਤੇ ਲੋਹੇ ਦੇ ਦਰਵਾਜ਼ੇ ਬੰਦ ਕੀਤੇ ਹੋਏ ਸਨ। ਇਕ ਟੈਂਕ ਨੇ ਉਹਨਾਂ ਨੂੰ ਤੋੜਨਾ ਸੀ। ਬਕਤਰਬੰਦ ਗੱਡੀਆਂ ਉਸ ਸੜਕ ਕਿਨਾਰੇ ਇਸ ਤਰ੍ਹਾਂ ਨਿਯੁਕਤ ਕੀਤੀਆਂ ਗਈਆਂ ਤਾਂ ਜੋ ਦੋਹਾਂ ਯੁੱਧ-ਖੇਤਰਾਂ ਨੂੰ ਵੱਖ ਰੱਖਿਆ ਜਾਵੇ। ਫਿਰ ੭ਵੀਂ ਕਮਾਉਂ ਪਲਟਨ ਅੰਦਰ ਭੇਜੀ ਗਈ। ਉਹਨਾਂ ਉਪਰ ਸੜਕ ਦੇ ਦੋਹਾਂ ਪਾਸਿਆਂ ਦੀਆਂ ਇਮਾਰਤਾਂ ਦੀਆਂ ਛੱਤਾਂ ਤੋਂ ਗੋਲਾਬਾਰੀ ਹੋਈ ਪਰੰਤੂ ਮੰਦਿਰ ਸਮੂਹ ਵਿਚਲੇ ਆਪਣੇ ਸਾਥੀਆਂ ਦੇ ਉਲਟ ਉਹ ਇਹਨਾਂ ਇਮਾਰਤਾਂ ਵਿੱਚ ਦਾਖ਼ਲ ਹੋਣ ਵਿੱਚ ਕਾਮਯਾਬ ਹੋ ਗਏ ਜਿਨ੍ਹਾਂ ਨੂੰ ਖ਼ਾਲੀ ਕਰਵਾਉਣ ਲਈ ਉਹਨਾਂ ਨੂੰ ਹੁਕਮ ਮਿਲਿਆ ਸੀ।

ਬਹੁਤ ਸਾਰੇ ਭੈ-ਭੀਤ ਯਾਤਰੀ, ਅਕਾਲੀ ਮੋਰਚੇ ਦੇ ਸਮਰਥਕ ਤੇ ਨਿਰਸੰਦੇਹ ਅਕਾਲੀ ਤ੍ਰੈਮੂਰਤੀ ਦੇ ਦੋ ਮੈਂਬਰ ਅਤੇ ਉਹਨਾਂ ਦੇ ਅਮਲੇ ਦੇ ਮੈਂਬਰਾਂ ਦੀ ਭੀੜ ਨੂੰ ਦੋ ਕਮਰਿਆਂ ਵਿੱਚ ਇਕੱਠੇ ਕਰ ਦਿੱਤਾ ਗਿਆ। ਉਹ ਪਾਣੀ ਤੇ ਬਿਜਲੀ ਤੋਂ ਬਿਨਾਂ ਹੀ ਰਹੇ ਕਿਉਂਕਿ ਪ੍ਰਾਰੰਭਿਕ ਕਾਰਵਾਈ ਵਿੱਚ ਹੀ ਪਾਣੀ ਦੀ ਟੈਂਕੀ ਤਬਾਹ ਕਰ ਦਿੱਤੀ ਗਈ ਸੀ। ਟੌਹੜਾ ਤੇ ਉਹਦੇ ਕੁਝ ਬਜ਼ੁਰਗ ਸਾਥੀ ਤੇਜਾ ਸਿੰਘ ਸਮੁੰਦਰੀ ਹਾਲ ਦੀ ਪਹਿਲੀ ਮੰਜ਼ਿਲ 'ਤੇ ਟੌਹੜਾ ਦੇ ਦਫ਼ਤਰ ਵਿੱਚ ਸਨ। ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਭਾਨ ਸਿੰਘ ਨੇ ਇਮਾਰਤ ਦੀ ਸਥਿਤੀ ਦਾ ਇਸ ਤਰ੍ਹਾਂ ਵਰਣਨ ਕੀਤਾ :—

"ਉਹਨਾਂ ਸਾਡਾ ਪਾਣੀ ਤੇ ਬਿਜਲੀ ਬੰਦ ਕਰ ਦਿੱਤੀ। ਕਮਰਿਆਂ ਵਿੱਚ ਸਖ਼ਤ ਗਰਮੀ ਸੀ। ਪਾਣੀ ਵੀ ਨਹੀਂ ਸੀ। ਸਾਡੇ ਕੋਲ ਸਿਰਫ਼ ਦੋ ਪਲਾਸਟਿਕ ਦੀਆਂ ਬਾਲਟੀਆਂ ਸਨ। ਲੌਂਗੋਵਾਲ ਨੂੰ ਦੋ ਆਦਮੀ ਬਾਲਟੀਆਂ ਦੀ ਰਾਖੀ ਬਿਠਾਉਣੇ ਪਏ। ਬਹੁਤ ਸਾਰੇ ਲੋਕਾਂ ਨੂੰ ਆਪਣੀਆਂ ਬੁਨੈਣਾਂ 'ਚੋਂ ਮੁੜਕਾ ਨਿਚੋੜ ਕੇ ਪਾਣੀ ਦੀ ਪਿਆਸ ਬੁਝਾਉਣੀ ਪਈ।"

ਫ਼ੌਜ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਇਕ ਵਜੇ ਤੜਕੇ ਦਾਖ਼ਲ ਹੋਈ। ਇਕ ਅਫ਼ਸਰ ਅਨੁਸਾਰ ਟੌਹੜਾ ਤੇ ਲੌਂਗੋਵਾਲ ਆਪਣੇ ਕਛਹਿਰਿਆਂ ਤੇ ਬੁਨੈਣਾਂ ਵਿੱਚ ਸਨ। ਫ਼ੌਜ ਨੇ ਕਿਹਾ ਕਿ ਉਹਨਾਂ ਨੇ ਆਤਮ-ਸਮਰਪਣ ਕੀਤਾ। ਭਾਨ ਸਿੰਘ ਨੇ ਇਹ ਕਥਨ ਸਹੀ ਨਹੀਂ ਮੰਨਿਆ। ਉਸ ਨੇ ਕਿਹਾ, "ਅਸੀਂ ਆਤਮ ਸਮਰਪਣ ਨਹੀਂ ਕੀਤਾ। ਫ਼ੌਜ

ਜ਼ਬਰਦਸਤੀ ਅੰਦਰ ਆ ਗਈ ਤੇ ਸਾਨੂੰ ਕੈਦ ਕਰ ਲਿਆ। ਇਹ ਤਾਂ ਕੇਵਲ ਅਰਥ-ਵਿਗਿਆਨ ਦੀ ਗੱਲ ਹੀ ਹੈ। ਗੱਲ ਬਿਲਕੁਲ ਸਪੱਸ਼ਟ ਹੈ ਕਿ ਲੌਂਗੋਵਾਲ ਤੇ ਟੌਹੜੇ ਨੇ ਫ਼ੌਜ ਦਾ ਵਿਰੋਧ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ ਸੀ।

ਅਕਾਲੀ ਨੇਤਾਵਾਂ ਨੂੰ ਉਹਨਾਂ ਦੇ ਇਕ ਦਫ਼ਤਰ ਵਿੱਚ ਹੀ ਰੱਖਿਆ ਗਿਆ। ਇਮਾਰਤ ਵਿੱਚ ਦੂਸਰੇ ਲੋਕਾਂ ਨੂੰ ਬਾਹਰ ਆਉਣ ਦਾ ਹੁਕਮ ਦੇ ਦਿੱਤਾ ਗਿਆ ਤੇ ਉਹਨਾਂ ਨੂੰ ਗੁਰੂ ਰਾਮਦਾਸ ਸਰਾਂ ਦੇ ਆਂਗਨ ਵਿੱਚ ਬਿਠਾਇਆ ਗਿਆ। ਭਾਨ ਸਿੰਘ ਅਨੁਸਾਰ ਉਹਨਾਂ ਦੀ ਗਿਣਤੀ 250 ਸੀ। ਕੁਝ ਆਤੰਕਵਾਦੀਆਂ ਨੇ ਇਹ ਦੇਖ ਕੇ ਕਿ ਕੁਝ ਲੋਕ ਦਫ਼ਤਰਾਂ ਵਿੱਚੋਂ ਬਾਹਰ ਆ ਕੇ ਸਮਰਪਣ ਕਰ ਰਹੇ ਸਨ, ਉਹਨਾਂ 'ਤੇ ਗਰਨੇਡ ਸੁੱਟਿਆ। ਭਾਨ ਸਿੰਘ ਨੇ ਜੋ ਕੁਝ ਹੋਇਆ, ਉਸ ਦਾ ਵਰਨਣ ਇਉਂ ਕੀਤਾ—"ਅਚਾਨਕ ਇਕ ਵੱਡਾ ਧਮਾਕਾ ਹੋਇਆ। ਸਭ ਪਾਸੇ ਚੀਕ ਚਿਹਾੜਾ ਪੈ ਗਿਆ। ਬਹੁਤ ਸੰਘਣਾ ਹਨੇਰਾ ਸੀ। ਲੋਕਾਂ ਨੇ ਵਰਾਂਡੇ ਤੇ ਕਮਰਿਆਂ ਵੱਲ ਭੱਜਣਾ ਸ਼ੁਰੂ ਕਰ ਦਿੱਤਾ। ਮੈਂ ਤੇ ਅਕਾਲੀ ਦਲ ਦਾ ਸਾਬਕਾ ਸਕੱਤਰ, ਗੁਰਚਰਨ ਸਿੰਘ ਜਿਸ 'ਤੇ ਭਿੰਡਰਾਂਵਾਲੇ ਨੇ ਸੋਢੀ ਨੂੰ ਕਤਲ ਕਰਨ ਦਾ ਇਲਜ਼ਾਮ ਲਾਇਆ ਸੀ, ਕੋਲ ਹੀ ਬੈਠੇ ਸੀ। ਗੁਰਚਰਨ ਸਿੰਘ ਨੇ ਜਦੋਂ ਅੰਦਰ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਉਹਦੇ ਗੋਲੀ ਲੱਗ ਗਈ। ਅਸੀਂ ਸਮਝਿਆ ਫ਼ੌਜੀ ਸਾਡੇ 'ਤੇ ਗੋਲੀਆਂ ਬਰਸਾ ਰਹੇ ਸਨ। ਉਹਨਾਂ ਸੋਚਿਆ ਕਿ ਹਜੂਮ 'ਚੋਂ ਕਿਸੇ ਨੇ ਗਰਨੇਡ ਚਲਾਇਆ ਸੀ। ਪਰ ਇਹ ਤਾਂ ਸ਼ਾਇਦ ਆਤੰਕਵਾਦੀਆਂ ਨੇ ਗੁਰੂ ਰਾਮਦਾਸ ਸਰਾਂ ਤੋਂ ਉਪਰ ਦਿਸਦੀ ਟੈਂਕੀ ਤੋਂ ਚਲਾਇਆ ਸੀ। ਅਸੀਂ ਟੌਹੜਾ ਦੇ ਕਮਰੇ ਵੱਲ ਦੌੜੇ ਤੇ ਲੌਂਗੋਵਾਲ ਨੂੰ ਜੋ ਕੁਝ ਹੋ ਰਿਹਾ ਸੀ, ਦੱਸਿਆ। ਲੌਂਗੋਵਾਲ ਬਾਹਰ ਆਇਆ ਤੇ ਮੇਜਰ 'ਤੇ ਚਿਲਾਇਆ। ਉਸ ਨੇ ਕਿਹਾ, "ਇਹਨਾਂ ਲੋਕਾਂ 'ਤੇ ਗੋਲੀ ਨਾ ਚਲਾਉ। ਉਹ ਆਤੰਕਵਾਦੀ ਨਹੀਂ ਹਨ। ਉਹ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹਨ।" ਮੇਜਰ ਨੇ ਫਿਰ ਆਪਣੇ ਜਵਾਨਾਂ ਨੂੰ ਗੋਲੀ ਬੰਦ ਕਰਨ ਦਾ ਹੁਕਮ ਦੇ ਦਿੱਤਾ। ਮਗਰੋਂ ਸਵੇਰੇ ਅਸੀਂ ਆਂਗਨ ਵਿੱਚ 70 ਲਾਸ਼ਾਂ ਗਿਣੀਆਂ। ਉਹਨਾਂ ਵਿੱਚ ਇਸਤਰੀਆਂ ਤੇ ਬੱਚੇ ਵੀ ਸਨ।

ਸਫ਼ੈਦ ਪੱਤਰ ਵਿੱਚ ਇਹ ਗੱਲ ਮੰਨੀ ਗਈ ਹੈ ਕਿ ਇਸ ਘਟਨਾ ਵਿੱਚ 30 ਇਸਤਰੀਆਂ ਤੇ 5 ਬੱਚੇ ਮਾਰੇ ਗਏ ਸਨ। ਪਰੰਤੂ ਸਰਕਾਰ ਨੇ ਦੋਸ਼ ਆਤੰਕਵਾਦੀਆਂ 'ਤੇ ਥਪਿਆ ਤੇ ਫ਼ੌਜ ਦੀ ਗੋਲਾਬਾਰੀ ਬਾਰੇ ਕੁਝ ਨਾ ਕਿਹਾ।

ਭਾਨ ਸਿੰਘ ਅਨੁਸਾਰ ਬਚੇ ਹੋਏ ਲੋਕਾਂ ਨੂੰ ਅਗਲੀ ਸ਼ਾਮ ਤੱਕ ਕਰਫ਼ਿਊ ਉਠਾਉਣ ਤੱਕ ਗੁਰੂ ਰਾਮਦਾਸ ਸਰਾਂ ਦੇ ਆਂਗਨ ਵਿੱਚ ਬਿਠਾਈ ਰੱਖਿਆ। ਉਸ ਨੇ ਦੱਸਿਆ ਕਿ ਉਹਨਾਂ ਨੂੰ ਨਾ ਰੋਟੀ, ਨਾ ਪਾਣੀ ਤੇ ਨਾ ਹੀ ਡਾਕਟਰੀ ਸਹਾਇਤਾ ਦਿੱਤੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਨੁਸਾਰ ਕੁਝ ਲੋਕਾਂ ਨੇ ਉਹ ਪਾਣੀ ਪੀਤਾ ਜੋ ਫ਼ੌਜ ਵੱਲੋਂ ਉਡਾਈ ਗਈ ਟੈਂਕੀ ਵਿੱਚੋਂ ਡੁੱਲ੍ਹ ਕੇ ਆਂਗਨ ਵਿੱਚ ਚਲ੍ਹਿਆਂ ਵਿੱਚ ਇਕੱਠਾ ਹੋਇਆ ਸੀ। ਤਿੰਨ ਛੋਟੇ ਬੱਚਿਆਂ ਦੀ ਮਾਂ, ਕਰਨੈਲ ਕੌਰ ਨੇ, ਜੋ ਲੌਂਗੋਵਾਲ ਵੱਲੋਂ ਛੇੜੇ ਗਏ ਅੰਦੋਲਨ ਵਿੱਚ ਆਪਣੇ ਪਿੰਡ ਦੇ 65 ਹੋਰ ਲੋਕਾਂ ਨਾਲ ਭਾਗ ਲੈਣ ਆਈ ਸੀ, ਕਿਹਾ, "ਜਦੋਂ ਲੋਕ ਪਾਣੀ ਲਈ ਮਿੰਨਤਾਂ ਕਰ ਰਹੇ ਸਨ ਤਾਂ ਕੁਝ ਜਵਾਨਾਂ ਨੇ ਉਹਨਾਂ ਨੂੰ ਜ਼ਮੀਨ 'ਤੇ ਪਏ ਲਹੂ ਤੇ ਪਿਸ਼ਾਬ ਦਾ ਮਿਸ਼ਰਣ ਪੀਣ ਨੂੰ ਆਖਿਆ।"

ਭਾਨ ਸਿੰਘ ਨੇ ਇਤਿਹਾਸਕਾਰ ਤੇ ਪੱਤਰਕਾਰ ਖ਼ੁਸ਼ਵੰਤ ਸਿੰਘ ਨੂੰ ਵੀ ਦੱਸਿਆ ਕਿ

ਫ਼ੌਜ ਨੇ ਤੇਜਾ ਸਿੰਘ ਸਮੁੰਦਰੀ ਹਾਲ ਵਿੱਚੋਂ ਲਿਆਂਦੇ ਕੁਝ ਨੌਜਵਾਨਾਂ ਨੂੰ ਵੀ ਗੋਲੀ ਨਾਲ ਉਡਾ ਦਿੱਤਾ। ਉਸ ਨੇ ਕਿਹਾ, "ਮੈਂ 35 ਜਾਂ 36 ਸਿੱਖਾਂ ਨੂੰ ਕਤਾਰ ਵਿੱਚ ਲੱਗ ਕੇ ਆਪਣੇ ਹੱਥ ਸਿਰ ਤੋਂ ਉੱਚੇ ਕਰਦਿਆਂ ਹੋਇਆਂ ਦੇਖਿਆ। ਤੇ ਮੇਜਰ ਉਹਨਾਂ ਨੂੰ ਗੋਲੀ ਮਾਰਨ ਦਾ ਹੁਕਮ ਦੇਣ ਹੀ ਲੱਗਾ ਸੀ। ਜਦੋਂ ਮੈਂ ਉਸ ਨੂੰ ਡਾਕਟਰੀ ਸਹਾਇਤਾ ਦੇਣ ਦੀ ਗੱਲ ਕਹੀ ਤਾਂ ਉਸ ਨੂੰ ਗੁੱਸਾ ਚੜ੍ਹ ਗਿਆ। ਉਸ ਨੇ ਮੇਰੀ ਦਸਤਾਰ ਸਿਰ ਤੋਂ ਲਾਹ ਦਿੱਤੀ ਤੇ ਜਵਾਨਾਂ ਨੂੰ ਮੇਰੇ ਗੋਲੀ ਮਾਰਨ ਦਾ ਹੁਕਮ ਦਿੱਤਾ। ਮੈਂ ਪਿੱਛੇ ਮੁੜ ਕੇ ਜ਼ਖ਼ਮੀਆਂ ਤੇ ਲੋਥਾਂ ਉੱਪਰੋਂ ਦੀ ਕੁੱਦਦਾ ਹੋਇਆ ਦੌੜਿਆ ਤੇ ਕੰਧ ਨਾਲ ਘਿਸਰ ਘਿਸਰ ਕੇ ਆਪਣੀ ਜਾਨ ਬਚਾਈ। ਮੈਂ ਉਸ ਕਮਰੇ ਵਿੱਚ ਗਿਆ ਜਿੱਥੇ ਸੰਤ ਲੌਂਗੋਵਾਲ ਤੇ ਟੌਹੜਾ ਬੈਠੇ ਹੋਏ ਸਨ ਤੇ ਜੋ ਕੁਝ ਮੈਂ ਦੇਖਿਆ, ਉਹਨਾਂ ਨੂੰ ਦੱਸ ਦਿੱਤਾ। ਮੇਰੇ ਮਗਰ ਆਉਣ ਵਾਲੇ ਕਰਨੈਲ ਸਿੰਘ ਨਾਗ ਨੇ ਵੀ ਉਹੋ ਕੁਝ ਵਰਨਣ ਕੀਤਾ। 35 ਜਾਂ 36 ਸਿੱਖਾਂ ਨੂੰ ਤੋਪਾਂ ਤੇ ਗੋਲੀ ਨਾਲ ਉਡਾਇਆ ਜਾਣਾ ਦੱਸਿਆ ਜੋ ਕੁਝ ਉਸਨੇ ਦੇਖਿਆ ਸੀ। ਇਹ ਸਾਰੇ ਲੋਕ ਪਿੰਡਾਂ ਤੋਂ ਸਨ।"[2]

ਪਰ ਫ਼ੌਜ ਨੇ ਜਿਨ੍ਹਾਂ ਲੋਕਾਂ ਨੂੰ ਸਮੁੰਦਰੀ ਹਾਲ ਵਿੱਚੋਂ ਗ੍ਰਿਫ਼ਤਾਰ ਕਰ ਕੇ ਲਿਆਂਦਾ ਸੀ, ਸਾਰੇ ਹੀ ਨਿਰਦੋਸ਼ ਨਹੀਂ ਸਨ। ਆਤਮ-ਸਮਰਪਣ ਕਰਨ ਵਾਲਿਆਂ ਵਿੱਚ ਭਿੰਡਰਾਂਵਾਲੇ ਦਾ ਗਾਲੜੀ ਜਵਾਨ ਦੁਭਾਸ਼ੀਆ ਹਰਿਮੰਦਰ ਸਿੰਘ ਸੰਧੂ ਵੀ ਸੀ ਜੋ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਸਕੱਤਰ ਵੀ ਸੀ। ਜਦੋਂ ਮੈਂ ਉਸ ਨੂੰ ਫ਼ੌਜੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲੇ ਦਿਨ ਮਿਲਿਆ ਸੀ ਤਾਂ ਉਸ ਨੇ ਸ਼ੇਖ਼ੀ ਮਾਰਦਿਆਂ ਕਿਹਾ ਸੀ, "ਸਵਰਨ ਮੰਦਿਰ ਦੀ ਰੱਖਿਆ ਲਈ ਸੰਤ ਜੀ ਦਾ ਹਰ ਪੈਰੋਕਾਰ ਆਪਣੀ ਜਾਨ ਕੁਰਬਾਨ ਕਰ ਦੇਵੇਗਾ।" ਪਰ ਜਦੋਂ ਸਮਾਂ ਆਇਆ ਤਾਂ ਹਰਿਮੰਦਰ ਸੰਧੂ ਨੇ ਚੁੱਪ ਚਾਪ ਆਤਮ ਸਮਰਪਣ ਕਰ ਦਿੱਤਾ।

ਗੁਰੂ ਰਾਮਦਾਸ ਸਰਾਂ ਜਿੱਥੇ ਯਾਤਰੀਆਂ ਨਾਲ ਕਮਰੇ ਭਰੇ ਪਏ ਸਨ, ਦੀ ਹਾਲਤ ਕਲਕੱਤਾ ਦੇ "ਬਲੈਕ ਹੋਲ" ਹਾਦਸੇ ਦੀ ਯਾਦ ਦਿਲਾਉਂਦੀ ਸੀ। ਸਕੂਲ ਅਧਿਆਪਕਾ ਰਣਬੀਰ ਕੌਰ ਤੇ ਉਹਦੇ ਪਤੀ ਨੂੰ ਆਪਣੇ ਨਾਲ ਲਿਆਂਦੇ 14 ਬੱਚਿਆਂ ਸਮੇਤ ਕਮਰਾ ਨੰਬਰ 141 ਵਿੱਚ ਬੰਦ ਕੀਤਾ ਹੋਇਆ ਸੀ। ਰਣਬੀਰ ਕੌਰ ਨੇ ਕਿਹਾ, "ਅਸੀਂ ਉੱਗੜ ਦੁੱਗੜੇ ਗੁੱਛਾ-ਮੁੱਛਾ ਹੋਏ ਪਏ ਸੀ। ਸਾਨੂੰ ਕੁਝ ਪਤਾ ਨਹੀਂ ਸੀ ਕਿ ਕੀ ਹੋ ਰਿਹਾ ਸੀ। ਭਿਆਨਕ ਸ਼ੋਰ ਸੀ। ਅਸੀਂ 24 ਘੰਟਿਆਂ ਲਈ ਕਮਰੇ 'ਚੋਂ ਬਾਹਰ ਨਾ ਨਿਕਲੇ ਤੇ ਸਾਡੇ ਕੋਲ ਨਾ ਰੋਟੀ ਸੀ ਨਾ ਪਾਣੀ। ਇਹ ਗਰਮੀਆਂ ਦੀ ਬੜੀ ਗਰਮ ਰਾਤ ਸੀ। ਮੈਂ ਬੱਚਿਆਂ ਨੂੰ ਕਿਹਾ ਕਿ ਸਾਨੂੰ ਮਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਉਹ ਰੋਂਦੇ ਚਿਲਾਉਂਦੇ ਰਹੇ।

ਕਮਾਓਂ ਰੈਜਮੈਂਟ ਵੀ 1 ਵਜੇ ਸਵੇਰੇ ਹੋਸਟਲ 'ਚ ਭਾਵ ਸਰਾਂ ਵਿੱਚ ਦਾਖ਼ਲ ਹੋ ਗਈ ਤੇ ਹਰ ਇਕ ਨੂੰ ਬਾਹਰ ਆਉਣ ਲਈ ਹੁਕਮ ਦਿੱਤਾ ਪਰ ਇਹ ਉਹਨਾਂ ਦੇ ਦੁੱਖਾਂ ਦਾ ਅੰਤ ਨਹੀਂ ਸੀ। ਜੋ ਅੱਗੇ ਹੋਇਆ, ਉਸ ਨੂੰ ਰਣਬੀਰ ਕੌਰ ਨੇ ਇਸ ਤਰ੍ਹਾਂ ਵਰਨਣ ਕੀਤਾ—

"ਛੇਵੀਂ ਸਵੇਰ ਨੂੰ ਸੁਵੱਖਤੇ ਹੀ ਫ਼ੌਜ ਗੁਰੂ ਰਾਮਦਾਸ ਸਰਾਏ ਵਿੱਚ ਆਈ ਤੇ ਉਹਨਾਂ ਨੇ ਕਮਰਿਆਂ ਵਿਚਲੇ ਸਭ ਲੋਕਾਂ ਨੂੰ ਬਾਹਰ ਆ ਜਾਣ ਦਾ ਹੁਕਮ ਦਿੱਤਾ। ਸਾਨੂੰ ਵਿਹੜੇ ਵਿੱਚ ਲਿਜਾਇਆ ਗਿਆ। ਆਦਮੀਆਂ ਨੂੰ ਇਸਤਰੀਆਂ ਤੋਂ ਵੱਖ ਕਰ ਦਿੱਤਾ ਗਿਆ।

ਸਾਡੇ ਵਿੱਚੋਂ ਬਜ਼ੁਰਗ ਤੇ ਨੌਜਵਾਨ ਔਰਤਾਂ ਨੂੰ ਵੱਖ-ਵੱਖ ਕਰ ਦਿੱਤਾ ਗਿਆ; ਇਸ ਤਰ੍ਹਾਂ ਮੈਂ ਬੱਚਿਆਂ ਨਾਲੋਂ ਨਿਖੜ ਗਈ ਪਰ ਮੈਂ ਬਜ਼ੁਰਗ ਇਸਤਰੀਆਂ ਵਿੱਚ ਜਾਣ ਦੀ ਵਿਉਂਤ ਬਣਾ ਲਈ। ਜਦੋਂ ਅਸੀਂ ਉਥੇ ਬੈਠੇ ਹੋਏ ਸੀ ਤਾਂ ਫ਼ੌਜ ਨੇ ਤਹਿਖ਼ਾਨੇ ਵਿੱਚੋਂ 150 ਲੋਕਾਂ ਨੂੰ ਬਾਹਰ ਲਿਆਂਦਾ। ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਉਹ ਪਹਿਲਾਂ ਬਾਹਰ ਕਿਉਂ ਨਹੀਂ ਆਏ। ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਬਾਹਰੋਂ ਜੰਦਰਾ ਲਾਇਆ ਗਿਆ ਸੀ। ਉਹਨਾਂ ਨੂੰ ਆਪਣੇ ਹੱਥ ਖੜ੍ਹੇ ਕਰਨ ਲਈ ਕਿਹਾ ਗਿਆ ਤੇ ਪੰਦਰ੍ਹਾਂ ਮਿੰਟਾਂ ਮਗਰੋਂ ਗੋਲੀਆਂ ਨਾਲ ਉਡਾ ਦਿੱਤਾ ਗਿਆ। ਦੂਸਰੇ ਯੁਵਕਾਂ ਨੂੰ ਆਪਣੀਆਂ ਦਸਤਾਰਾਂ ਲਾਹੁਣ ਲਈ ਕਿਹਾ ਗਿਆ। ਉਹਨਾਂ ਦੇ ਹੱਥ ਪੱਗਾਂ ਨਾਲ ਪਿੱਛੇ ਬੰਨ੍ਹ ਦਿੱਤੇ ਗਏ। ਫ਼ੌਜੀਆਂ ਨੇ ਉਹਨਾਂ ਦੇ ਸਿਰਾਂ 'ਤੇ ਰਫ਼ਲਾਂ ਦੇ ਹੱਥੇ ਮਾਰੇ।"

ਤਹਿਖ਼ਾਨੇ ਵਿੱਚੋਂ ਲਿਆਂਦੇ ਲੋਕ ਬੰਗਲਾਦੇਸੀ ਮੁਸਲਮਾਨ ਸਨ, ਜਿਨ੍ਹਾਂ ਦਾ ਅਕਾਲੀ ਅੰਦੋਲਨ ਨਾਲ ਕੋਈ ਵਾਸਤਾ ਨਹੀਂ ਸੀ। ਉਹ ਗ਼ੈਰ-ਬੰਗਾਲੀ ਲੋਕ ਸਨ ਜਿਨ੍ਹਾਂ ਨੂੰ ਬਿਹਾਰੀ ਕਿਹਾ ਜਾਂਦਾ ਸੀ ਤੇ ਜਿਨ੍ਹਾਂ ਨੇ 1971 ਦੀ ਜੰਗ ਵਿੱਚ ਪਾਕਿਸਤਾਨੀ ਫ਼ੌਜ ਦਾ ਸਾਥ ਦਿੱਤਾ ਸੀ ਤੇ ਪਿਛਲੇ 13 ਸਾਲਾਂ ਤੋਂ ਬੰਗਲਾ ਦੇਸ਼ ਵਿੱਚ ਸ਼ਰਨਾਰਥੀ ਕੈਂਪਾਂ ਵਿੱਚ ਰਹਿ ਰਹੇ ਸਨ। ਪਾਕਿਸਤਾਨੀ ਸਰਕਾਰ ਨੇ ਉਹਨਾਂ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ ਸੀ ਤੇ ਇਸ ਲਈ ਭਿੰਡਰਾਂਵਾਲਾ ਤੇ ਉਹਦੇ ਸਮਰਥਕ ਉਹਨਾਂ ਨੂੰ ਸੀਮਾ ਤੋਂ ਪਾਰ ਪਾਕਿਸਤਾਨ ਵਿੱਚ ਭੇਜ ਕੇ ਮੁਨਾਫ਼ੇ-ਖ਼ੋਰੀ ਦਾ ਤਸਕਰੀ ਧੰਦਾ ਕਰ ਰਹੇ ਸਨ।

ਦੋ ਜਵਾਨ ਸਿੱਖਾਂ ਸਰਦੂਲ ਸਿੰਘ ਤੇ ਮਲੂਕ ਸਿੰਘ ਨੂੰ, ਜੋ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦਾ ਉਤਸਵ ਮਨਾਉਣ ਲਈ ਸਵਰਨ ਮੰਦਿਰ ਗਏ ਸਨ, ਨੂੰ ਉਦੋਂ ਰਿਹਾਅ ਨਾ ਕੀਤਾ ਗਿਆ ਜਦੋਂ ਫ਼ੌਜ ਸਰਾਂ ਵਿੱਚ ਦਾਖ਼ਲ ਹੋਈ। ਉਹਨਾਂ ਦੇ ਪਿੰਡ ਦੇ ਇਕ ਬਜ਼ੁਰਗ ਨੇ ਭਾਰਤ ਦੇ ਸਿੱਖ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਉਹਨਾਂ ਦੀ ਹੱਡ-ਬੀਤੀ ਲਿਖੀ। ਆਪਣੇ ਪੱਤਰ ਵਿੱਚ ਬਜ਼ੁਰਗ ਸੱਜਣ ਸਿੰਘ ਮਰਗਿੰਦਪੁਰੀ ਨੇ ਲਿਖਿਆ, "ਦੋ ਨੌਜਵਾਨ ਤੇ ਕੁਝ ਹੋਰ ਯਾਤਰੀ ਕਮਰਾ ਨੰਬਰ 61 ਵਿੱਚ ਠਹਿਰੇ ਹੋਏ ਸਨ। ਫ਼ੌਜ ਨੇ ਸਰਾਂ ਦੇ ਸਾਰੇ ਕਮਰਿਆਂ ਦੀ ਤਲਾਸ਼ੀ ਲਈ। ਉਹਨਾਂ ਕਮਰਿਆਂ ਵਿੱਚ ਕੋਈ ਵੀ ਇਤਰਾਜ਼ਯੋਗ ਵਸਤੂ ਨਾ ਮਿਲੀ। ਨਾ ਹੀ ਉਹਨਾਂ ਕੋਲੋਂ ਕੋਈ ਇਤਰਾਜ਼ਯੋਗ ਵਸਤੂ ਬਰਾਮਦ ਹੋਈ। ਫ਼ੌਜ ਨੇ 60 ਯਾਤਰੀਆਂ ਨੂੰ ਕਮਰੇ ਵਿੱਚ ਬੰਦ ਕਰਕੇ ਜੰਦਰਾ ਲਾ ਦਿੱਤਾ ਤੇ ਸਿਰਫ਼ ਦਰਵਾਜ਼ਾ ਹੀ ਨਾ ਬੰਦ ਕੀਤਾ ਸਗੋਂ ਖਿੜਕੀਆਂ ਵੀ ਬੰਦ ਕਰ ਦਿੱਤੀਆਂ। ਬਿਜਲੀ ਕੱਟ ਦਿੱਤੀ ਗਈ। 5 ਤੇ 6 ਜੂਨ ਦੀ ਵਿਚਕਾਰਲੀ ਰਾਤ ਨੂੰ ਬਹੁਤ ਗਰਮੀ ਸੀ। ਕੁਝ ਸਮੇਂ ਪਿੱਛੋਂ ਅੰਦਰ ਬੰਦ ਜਵਾਨਾਂ ਨੂੰ ਪਿਆਸ ਨੇ ਬਹੁਤ ਤੰਗ ਕੀਤਾ ਤੇ ਉਹਨਾਂ ਨੇ ਫ਼ੌਜੀ ਜਵਾਨਾਂ ਤੋਂ ਪਾਣੀ ਮੰਗਣ ਲਈ ਦਰਵਾਜ਼ਾ ਜ਼ੋਰ ਨਾਲ ਖੜਕਾਇਆ। ਉਹਨਾਂ ਨੂੰ ਪਾਣੀ ਦੀ ਥਾਂ ਗਾਲ੍ਹਾਂ ਕੱਢੀਆਂ ਗਈਆਂ। ਦਰਵਾਜ਼ਾ ਨਾ ਖੋਲ੍ਹਿਆ ਗਿਆ। ਸਾਹ ਘੁੱਟਣ ਤੇ ਤ੍ਰੇਹ ਨਾਲ ਅੰਦਰਲੇ ਆਦਮੀ ਬੇਹੋਸ਼ ਹੋਣ ਲੱਗੇ ਅਤੇ ਅਸਹਿ ਤਸੀਹੇ ਭੋਗਣ ਲੱਗੇ। 6 ਜੂਨ ਦੀ ਸਵੇਰ ਨੂੰ 8 ਵਜੇ ਦਰਵਾਜ਼ਾ ਖੋਲ੍ਹਿਆ ਗਿਆ। ਉਸ ਸਮੇਂ ਤੱਕ 60 ਵਿੱਚੋਂ 55 ਲੋਕ ਮਰ ਗਏ ਸਨ। ਬਾਕੀ ਪੰਜ ਅੱਧ-ਮੁਰਦਾ ਸਨ।"[3]

ਉਸ ਭਿਆਨਕ ਰਾਤ ਦੇ ਬਚੇ ਪੰਜ ਆਦਮੀਆਂ ਨੂੰ ਫ਼ੌਜ ਵੱਲੋਂ ਗ੍ਰਿਫ਼ਤਾਰ ਕਰਕੇ ਪੁੱਛ-ਗਿੱਛ ਕੈਂਪਾਂ ਵਿੱਚ ਲਿਜਾਇਆ ਗਿਆ। ਇਸ ਤਰ੍ਹਾਂ ਰਣਬੀਰ, ਉਹਦੇ ਪਤੀ ਤੇ

ਉਹਦੀ ਦੇਖ-ਰੇਖ ਹੇਠਲੇ ਬੱਚਿਆਂ ਨੂੰ ਵੀ ਉਥੇ ਲਿਜਾਇਆ ਗਿਆ। ਦੋ ਮਹੀਨਿਆਂ ਮਗਰੋਂ ਤਿਨ ਬੱਚੇ ਜਿਨ੍ਹਾਂ ਦੀ ਦੇਖ-ਭਾਲ ਰਣਬੀਰ ਕੌਰ ਕਰ ਰਹੀ ਸੀ, ਦਿੱਲੀ ਦੇ ਇਕ ਸਮਾਜ ਸੇਵਕ ਦੀ, ਦਿੱਲੀ ਵਿੱਚ ਸੁਪਰੀਮ ਕੋਰਟ ਵਿੱਚ ਕੀਤੀ ਬੇਨਤੀ ਮਗਰੋਂ ਰਿਹਾਅ ਕੀਤੇ ਗਏ। ਰਣਬੀਰ ਕੌਰ ਨੂੰ ਅਗਸਤ ਦੇ ਆਖ਼ੀਰ ਵਿੱਚ ਰਿਹਾਅ ਕੀਤਾ ਗਿਆ। ਉਹ ਤਿਨਾਂ ਬੱਚਿਆਂ ਨੂੰ ਤਾਂ ਜਾ ਮਿਲੀ ਜੋ ਰਿਹਾਅ ਕਰ ਦਿੱਤੇ ਗਏ ਸਨ ਪਰ ਕਿਸੇ ਨੇ ਉਸ ਨੂੰ ਨਾ ਦੱਸਿਆ ਕਿ ਬਾਕੀ ਦੇ 9 ਬੱਚਿਆਂ ਨਾਲ ਕੀ ਵਾਪਰਿਆ।

ਮੇਜਰ ਜਨਰਲ ਬਰਾੜ ਨੇ ਮਗਰੋਂ ਹੋਸਟਲ ਸਮੂਹ ਦੀ ਲੜਾਈ ਬਾਰੇ ਦੱਸਦਿਆਂ ਕਿਹਾ, "ਮੈਨੂੰ ਇਸ ਪਾਸੇ ਬਾਰੇ ਜੋ ਨਿਰਦੇਸ਼ ਦਿੱਤੇ ਗਏ ਉਸ ਵਿੱਚ ਇਹੋ ਸ਼ਰਤਾਂ ਸਨ ਕਿ ਲੜਾਈ ਮਜਬੂਰੀ ਵੱਸ ਹੀ ਲੜੀ ਜਾਵੇ। ਵੱਧ ਤੋਂ ਵੱਧ ਜਾਨਾਂ ਬਚਾਈਆਂ ਜਾਣ ਤੇ ਇਹ ਵੀ ਯਕੀਨੀ ਬਣਾਉਣਾ ਸੀ ਕਿ ਸਭ ਨਿਰਦੋਸ਼ ਜਿਉਂਦੇ ਕੱਢ ਲਏ ਜਾਣ। ਮੈਨੂੰ ਖ਼ੁਸ਼ੀ ਹੈ ਕਿ ਇਸ ਖੇਤਰ ਨੂੰ ਮੁੱਖ ਸਮੂਹ ਤੋਂ ਵੱਖ ਕਰਕੇ ਅਸੀਂ ਆਪਣਾ ਉਦੇਸ਼ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਗਏ।"

ਇਹ ਦਾਅਵਾ ਚਸ਼ਮਦੀਦ ਗਵਾਹਾਂ ਦੇ ਵੇਰਵਿਆਂ ਤੋਂ ਸਹੀ ਪ੍ਰਤੀਤ ਨਹੀਂ ਹੁੰਦਾ।

13

ਸਵਰਨ ਮੰਦਿਰ, 6 ਜੂਨ ਨੂੰ

ਸਵਰਨ ਮੰਦਿਰ ਵਿੱਚ ਸਾਰੀ ਲੜਾਈ ਦੇ ਦੌਰਾਨ ਹਰਿਮੰਦਰ ਦਾ ਸੇਵਾਦਾਰ ਹਰੀ ਸਿੰਘ 30 ਹੋਰ ਲੋਕਾਂ ਨਾਲ ਅਕਾਲ ਤਖ਼ਤ ਦੇ ਉਸ ਕਮਰੇ ਵਿੱਚ ਛੁਪਿਆ ਰਿਹਾ ਜਿਥੇ ਗੁਰੂ ਗ੍ਰੰਥ ਸਾਹਿਬ ਦਾ "ਸੁਖ ਆਸਨ" ਸ਼ਰਧਾ ਨਾਲ ਵਿਧੀ-ਪੂਰਵਕ ਰਾਤ ਸਮੇਂ ਕਰਵਾਇਆ ਜਾਂਦਾ ਹੈ। ਇਹ ਕ੍ਰਿਸ਼ਮੇ ਵਾਲੀ ਗੱਲ ਹੈ ਕਿ ਭਾਵੇਂ ਇਹ ਕਮਰਾ ਸਾਹਮਣੇ ਹੈ, ਇਸ ਦਾ ਜ਼ਿਆਦਾ ਨੁਕਸਾਨ ਨਹੀਂ ਹੋਇਆ ਸੀ। ਜਦੋਂ ਟੈਂਕ ਤੋਂ ਗੋਲਿਆਂ ਦੀ ਬੁਛਾੜ ਖ਼ਤਮ ਹੋਈ ਤਾਂ ਅਮਰੀਕ ਸਿੰਘ ਜੋ ਭਿੰਡਰਾਂਵਾਲੇ ਦੇ ਗੁਰੂ ਦਾ ਲੜਕਾ ਸੀ ਤੇ ਜੋ ਉਹਨਾਂ ਬਹੁਤ ਸਾਰੇ ਕਤਲਾਂ ਦਾ ਦਿਮਾਗ਼ ਤੇ ਸਰਗਣਾ ਸੀ ਜੋ ਭਿੰਡਰਾਂਵਾਲੇ ਦੇ ਪੈਰੋਕਾਰਾਂ ਨੇ ਕੀਤੇ ਸਨ, ਕਮਰੇ ਵਿੱਚ ਆਇਆ ਤੇ ਕਹਿਣ ਲੱਗਾ, "ਹੁਣ ਅਸੀਂ ਟੈਂਕਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਤੁਸੀਂ ਏਥੋਂ ਜਾ ਸਕਦੇ ਹੋ। ਅਸੀਂ ਏਥੇ ਹੀ ਰਹਾਂਗੇ।" ਪੰਦਰਾਂ ਮਿੰਟਾਂ ਮਗਰੋਂ ਸੰਤ ਆਪ 45 ਪੈਰੋਕਾਰਾਂ ਨਾਲ ਕਮਰੇ ਵਿੱਚ ਆਇਆ। ਉਹ ਵੱਡੇ ਕਮਰੇ ਵਿੱਚ ਗਿਆ ਤੇ ਅਕਾਲ ਤਖ਼ਤ ਸਾਹਮਣੇ ਉਸ ਨੇ ਅਰਦਾਸ ਕੀਤੀ ਤੇ ਫਿਰ ਬਚੇ ਹੋਏ ਲੋਕਾਂ ਨੂੰ ਕਹਿਣ ਲੱਗਾ, "ਜਿਹੜੇ ਸ਼ਹੀਦ ਹੋਣਾ ਚਾਹੁੰਦੇ ਹਨ, ਸਾਡੇ ਨਾਲ ਠਹਿਰ ਜਾਣ। ਜਿਨ੍ਹਾਂ ਨੇ ਆਤਮ ਸਮਰਪਣ ਕਰਨਾ ਹੈ, ਉਹ ਚਲੇ ਜਾਣ।"

ਜਦੋਂ ਭਿੰਡਰਾਂਵਾਲਾ ਮਲਬੇ ਵਿੱਚੋਂ ਰਾਹ ਬਣਾ ਕੇ ਲੰਘਿਆ ਤਾਂ ਲਗਭਗ 30 ਆਦਮੀ ਉਹਦੇ ਮਗਰ ਅਕਾਲ ਤਖ਼ਤ ਦੇ ਸਾਹਮਣੇ ਵਾਲੇ ਪਾਸੇ ਚਲੇ ਗਏ। ਉਹ ਆਂਗਨ ਵਿੱਚ ਜਾ ਕੁੱਦੇ ਤੇ ਸੇਵਾਦਾਰ ਅਨੁਸਾਰ ਉਹਨਾਂ 'ਤੇ ਗੋਲੀਆਂ ਦੀ ਬੁਛਾੜ ਹੋਈ। ਕੁਝ ਨੇ ਜ਼ੋਰ ਨਾਲ ਸਵਰਨ ਮੰਦਿਰ ਨੂੰ ਜਾਂਦੇ ਮਾਰਗ ਵੱਲ ਸ਼ੂਟ ਵੱਟ ਲਈ, ਕੁਝ ਦੂਸਰੇ ਹੋਰ, ਸਮੂਹ ਦੇ ਉੱਤਰ ਦੇ ਪਾਸੇ ਵਾਲੀਆਂ ਇਮਾਰਤਾਂ ਵੱਲ ਦੌੜ ਪਏ। ਅਮਰੀਕ ਸਿੰਘ ਝੱਟ ਹੀ ਡਿੱਗ ਪਿਆ, ਪਰ ਉਸ ਨੇ ਭੱਜਣਾ ਜਾਰੀ ਰੱਖਿਆ। ਫਿਰ ਗੋਲੀਆਂ ਦੀ ਇਕ ਹੋਰ ਵਾਛੜ ਆਈ ਤੇ ਮੰਦਿਰ ਦੇ ਸੇਵਾਦਾਰ ਨੇ ਬਾਰ੍ਹਾਂ-ਤੇਰ੍ਹਾਂ ਜਵਾਨਾਂ ਨੂੰ ਡਿੱਗਦਿਆਂ ਦੇਖਿਆ। ਫਿਰ ਉਸ ਨੇ ਇਹ ਦੇਖ ਕੇ ਕਿ ਉਸ ਦਾ ਛੁਪਣ ਦਾ ਟਿਕਾਣਾ ਸਾਫ਼ ਦਿੱਸਦਾ ਹੈ, ਅਕਾਲ ਤਖ਼ਤ ਦੇ ਪਿੱਛੇ ਰਾਮ ਸਿੰਘ ਗ੍ਰੰਥੀ ਦੇ ਕਮਰੇ ਵਿੱਚ ਜਾਣ ਦਾ ਫ਼ੈਸਲਾ ਕੀਤਾ। ਮੁੱਖ ਗ੍ਰੰਥੀ ਪ੍ਰੀਤਮ ਸਿੰਘ ਵੀ ਉਥੇ ਹੀ ਲੁਕਿਆ ਹੋਇਆ ਸੀ। ਝੱਟ ਹੀ ਭਿੰਡਰਾਂਵਾਲੇ ਦੇ ਸਮਰਥਕਾਂ ਦੀ ਇਕ ਟੋਲੀ ਨੇ ਕਮਰੇ ਵਿੱਚ ਆ ਕੇ ਕਿਹਾ, "ਅਮਰੀਕ ਸਿੰਘ ਸ਼ਹਾਦਤ ਪ੍ਰਾਪਤ ਕਰ ਗਿਆ ਹੈ।" ਸੰਤ ਬਾਰੇ ਜਦੋਂ ਪੁੱਛਿਆ ਗਿਆ ਤਾਂ ਉਹਨਾਂ ਉੱਤਰ ਦਿੱਤਾ, "ਅਸਾਂ ਉਸ ਨੂੰ ਮਰਦਾ ਨਹੀਂ ਦੇਖਿਆ।" ਫਿਰ ਨੌਜਵਾਨ ਸਿੱਖਾਂ ਨੇ ਆਪਣੇ ਪ੍ਰੰਪਰਾਗਤ ਬਸਤਰ ਉਤਾਰੇ, ਬੁਰਸ਼ਰਟਾਂ ਤੇ ਪੈਂਟਾਂ ਪਾ ਲਈਆਂ ਤੇ ਮੰਦਿਰ ਦੇ ਪਿਛਲੇ ਪਾਸੇ ਦੀ ਬਚ ਕੇ ਨਿਕਲ ਗਏ। ਬਾਹਰਲੀ ਇਮਾਰਤ ਦਾ ਇਕ ਬਾਂਸ ਦੀ ਪੌੜੀ ਰਾਹੀਂ ਅਕਾਲ ਤਖ਼ਤ ਨਾਲ ਸਬੰਧ ਬਣਿਆ ਹੋਇਆ ਸੀ। ਇਹ ਪਤਾ ਨਹੀਂ ਲੱਗਿਆ ਕਿ ਉਹਨਾਂ ਜਵਾਨਾਂ

ਵਿੱਚ ਕੋਈ ਬਿਹਾਰੀ ਰਜਮੈਂਟ ਦੇ ਨਾਕੇ ਵਿੱਚੋਂ ਬਚ ਕੇ ਨਿਕਲ ਗਿਆ ਸੀ ਜਾਂ ਨਹੀਂ। ਇਸ ਬਾਰੇ ਕੋਈ ਪਤਾ ਨਹੀਂ ਲੱਗਾ।

ਭਾਰਤ ਦੇ ਰਾਸ਼ਟਰਪਤੀ ਦੇ ਇਕ ਉੱਚ-ਅਧਿਕਾਰੀ ਤਰਲੋਚਨ ਸਿੰਘ ਨੂੰ ਅਕਾਲ ਤਖ਼ਤ ਦੇ ਇਕ ਗ੍ਰੰਥੀ ਨੇ ਦੱਸਿਆ ਸੀ ਕਿ ਭਿੰਡਰਾਂਵਾਲਾ ਜਦੋਂ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਨਿਕਲਿਆ ਤਾਂ ਉਸ ਦੇ ਪੱਟ 'ਤੇ ਗੋਲੀ ਲੱਗੀ ਸੀ ਪਰ ਉਸ ਨੂੰ ਉੱਥੋਂ ਉਠਾ ਕੇ ਅਕਾਲ ਤਖ਼ਤ ਵਿੱਚ ਲਿਜਾਇਆ ਗਿਆ। ਫ਼ੌਜ ਦੇ ਇਕ ਉੱਚ-ਅਧਿਕਾਰੀ ਨੇ ਜੋ ਮੰਦਿਰ ਸਮੂਹ ਵਿੱਚ ਸੀ, ਉਸ ਨੇ ਸਤੀਸ਼ ਜੈਕਬ ਕੋਲ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਫ਼ੌਜ ਨੇ ਉਹਨਾਂ ਜਵਾਨਾਂ ਦੇ ਦਲ 'ਤੇ ਗੋਲੀ ਚਲਾਈ ਸੀ ਜੋ ਅਕਾਲ ਤਖ਼ਤ ਤੋਂ ਦੌੜ ਕੇ ਬਾਹਰ ਆਏ ਸਨ। ਉਹ ਇਹ ਨਹੀਂ ਦੱਸ ਸਕਿਆ ਕਿ ਭਿੰਡਰਾਂਵਾਲਾ ਉਹਨਾਂ ਵਿੱਚ ਸੀ ਜਾਂ ਨਹੀਂ। ਉਸ ਨੇ ਇਹ ਵੀ ਕਿਹਾ ਕਿ ਕੁਝ ਨੌਜਵਾਨ ਜੋ ਲੰਗਰ ਦੇ ਨੇੜੇ ਮੰਦਿਰ ਸਮੂਹ ਦੇ ਸਾਹਮਣੇ ਡਟੇ ਹੋਏ ਮੁਕਾਬਲਾ ਕਰ ਰਹੇ ਸਨ, ਸਰੋਵਰ ਵਿੱਚ ਛਾਲਾਂ ਮਾਰ ਗਏ ਤੇ ਤੈਰ ਕੇ ਸਵਰਨ ਮੰਦਿਰ ਵਿੱਚ ਜਾਣ ਦੀ ਕੋਸ਼ਿਸ਼ ਕਰਨ ਲੱਗੇ ਕਿਉਂਕਿ ਉਹ ਜਾਣਦੇ ਸਨ ਕਿ ਫ਼ੌਜ ਸਵਰਨ ਮੰਦਿਰ 'ਤੇ ਗੋਲੀ ਨਹੀਂ ਚਲਾਏਗੀ। ਪਰ ਕਿਸੇ ਵੀ ਬਚੇ ਹੋਏ ਵਿਅਕਤੀ ਨੇ ਭਿੰਡਰਾਂਵਾਲੇ ਜਾਂ ਸ਼ਾਹਬੇਗ ਸਿੰਘ ਨੂੰ ਮਰਦਿਆਂ ਹੋਇਆਂ ਨਹੀਂ ਦੇਖਿਆ। ਸਰਕਾਰ ਕਹਿੰਦੀ ਹੈ ਕਿ ਉਹਨਾਂ ਦੀਆਂ ਲਾਸ਼ਾਂ ਅਕਾਲ ਤਖ਼ਤ ਦੇ ਤਹਿਖ਼ਾਨੇ ਵਿੱਚੋਂ ਮਿਲੀਆਂ ਜਦੋਂ ਉਹ ਛੇਵੀਂ ਰਾਤ ਨੂੰ ਉੱਥੇ ਦਾਖ਼ਲ ਹੋਈ। ਸੁਬੇਗ ਸਿੰਘ ਅਜੇ ਵੀ ਵਾਕੀ-ਟਾਕੀ ਹੱਥ ਵਿੱਚ ਫੜੀ ਬੈਠਾ ਸੀ।

ਮੰਦਿਰ ਦੇ ਇਕ ਹੋਰ ਗ੍ਰੰਥੀ ਗਿਆਨੀ ਪੂਰਨ ਸਿੰਘ ਨੂੰ ਸੈਨਿਕਾਂ ਨੇ ਦੱਸਿਆ ਸੀ ਕਿ ਭਿੰਡਰਾਂਵਾਲਾ, ਅਮਰੀਕ ਸਿੰਘ ਤੇ ਸ਼ਾਹਬੇਗ ਸਿੰਘ ਦੀਆਂ ਲਾਸ਼ਾਂ ਅਕਾਲ ਤਖ਼ਤ ਦੇ ਸਾਹਮਣੇ ਵਿਹੜੇ 'ਚੋਂ 7 ਤਾਰੀਖ਼ ਦੀ ਸ਼ਾਮ ਨੂੰ ਮਿਲੀਆਂ ਸਨ। ਉਹਨਾਂ ਤਿੰਨਾਂ ਦੀਆਂ ਅਕਾਲ ਤਖ਼ਤ ਸਾਹਿਬ ਸਾਹਮਣੇ ਪਈਆਂ ਲਾਸ਼ਾਂ ਦੀਆਂ ਫ਼ੋਟੋਆਂ ਹਨ ਪਰ ਲਾਸ਼ਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸ਼ਾਹਬੇਗ ਸਿੰਘ ਦੀ ਲਾਸ਼ ਨੂੰ ਬਾਹਾਂ ਤੋਂ ਰੱਸੀਆਂ ਨਾਲ ਬੰਨ੍ਹਿਆ ਹੋਇਆ ਸੀ। ਇਸ ਲਈ ਇਹ ਸੰਭਾਵਨਾ ਹੈ ਕਿ ਉਸ ਦੀ ਲਾਸ਼ ਨੂੰ ਅਕਾਲ ਤਖ਼ਤ ਤੋਂ ਘੜੀਸ ਕੇ ਲਿਆਂਦਾ ਗਿਆ ਹੋਵੇ। ਇਹ ਵੀ ਹੋ ਸਕਦਾ ਹੈ ਕਿ ਫ਼ੌਜੀ ਜਵਾਨ ਇਹ ਦੱਸ ਰਹੇ ਹੋਣ ਕਿ ਉਹਨਾਂ ਨੇ ਲਾਸ਼ਾਂ ਅਕਾਲ ਤਖ਼ਤ ਸਾਹਿਬ ਸਾਹਮਣੇ ਪਈਆਂ ਦੇਖੀਆਂ ਹੋਣ ਤੇ ਉਹਨਾਂ ਨੂੰ ਇਹ ਪਤਾ ਹੀ ਨਾ ਹੋਵੇ ਕਿ ਅਸਲ ਵਿੱਚ ਇਹ ਪਹਿਲਾਂ ਕਿੱਥੋਂ ਮਿਲੀਆਂ ਸਨ।

ਸਾਰੀ ਕਾਰਵਾਈ ਦਾ ਸਭ ਤੋਂ ਵੱਡਾ ਵਿਵਾਦ-ਗ੍ਰਸਤ ਵਿਸ਼ਾ ਸਵਰਨ ਮੰਦਿਰ ਦੇ ਪੁਸਤਕਾਲੇ ਦੇ ਸੜਨ ਦਾ ਹੈ ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਸਾਹਿਬਾਨ ਦੇ ਹੱਥੀਂ ਲਿਖੇ ਉਤਾਰਿਆਂ ਸਮੇਤ ਅਨਮੋਲ ਖਰੜੇ ਸਨ। ਉਸ ਸਮੇਂ ਹਾਜ਼ਰ ਇਕ ਸੀਨੀਅਰ ਫ਼ੌਜੀ ਅਧਿਕਾਰੀ ਬ੍ਰਿਗੇਡੀਅਰ ਦੀਵਾਨ ਅਤੇ ਉਸ ਦੇ ਜਵਾਨ, ਉਸ ਸਮੇਂ ਨਾਸ਼ਤੇ ਵਿੱਚ ਪੂਰੀਆਂ, ਤਲੇ ਹੋਏ ਪਰੌਂਠੇ ਲਾਇਬ੍ਰੇਰੀ ਦੇ ਦਰਵਾਜ਼ੇ ਦੇ ਬਾਹਰ ਖੜ੍ਹੇ ਖਾ ਰਹੇ ਸਨ, ਜਦੋਂ ਕਿਸੇ ਨੇ ਘਾਤ ਲਾ ਕੇ ਬ੍ਰਿਗੇਡੀਅਰ 'ਤੇ ਗੋਲੀ ਚਲਾਈ ਜਿਸ ਤੋਂ ਉਹ ਮਸਾਂ ਹੀ ਬਚਿਆ।

ਮਦਰਾਸ ਪਲਟਨ ਦੀ ਕਮਾਨ ਕਰ ਰਹੇ ਲੈਫ਼. ਕਰਨਲ ਨੇ ਮਸ਼ੀਨ-ਗੰਨ ਫੜੀ ਤੇ ਗੋਲੀ ਦੇ ਜਵਾਬ ਵਿੱਚ ਗੋਲੀਆਂ ਚਲਾਈਆਂ। ਘਾਤ ਲਾ ਕੇ ਗੋਲੀ ਚਲਾਉਣ ਵਾਲੇ

ਪੁਸਤਕਾਲੇ ਦੀ ਹਰ ਖਿੜਕੀ 'ਤੇ ਜਾ ਕੇ ਫ਼ੌਜ 'ਤੇ ਨਿਸ਼ਾਨੇ ਲਾਉਂਦੇ ਰਹੇ ਤੇ ਗੋਲੀਆਂ ਚਲਾਉਂਦੇ ਰਹੇ। ਫ਼ੌਜ ਉਹਨਾਂ ਤਿੰਨ ਆਦਮੀਆਂ ਨੂੰ ਸ਼ਾਮ ਦੇ 4 ਵਜੇ ਤੱਕ ਕਾਬੂ ਨਾ ਕਰ ਸਕੀ। ਅਧਿਕਾਰੀ ਅਨੁਸਾਰ ਪੁਸਤਕਾਲੇ ਨੂੰ ਅੱਗ ਇਸ ਕਾਰਵਾਈ ਦੌਰਾਨ ਲੱਗੀ, ਪਰੰਤੂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਭਾਨ ਸਿੰਘ ਅਨੁਸਾਰ ਉਸ ਨੇ ਅਗਲੀ ਸਵੇਰ ਤੱਕ ਲਾਇਬ੍ਰੇਰੀ ਸਹੀ ਹਾਲਤ ਵਿੱਚ ਸੁਰੱਖਿਅਤ ਦੇਖੀ ਸੀ।

ਬਹੁਤ ਸਾਰੇ ਸਿੱਖਾਂ ਦਾ ਯਕੀਨ ਹੈ ਕਿ ਫ਼ੌਜ ਨੇ ਗਿਣ-ਮਿਥ ਕੇ ਤੇ ਜਾਣ-ਬੁੱਝ ਕੇ ਲਾਇਬ੍ਰੇਰੀ ਨੂੰ ਅੱਗ ਲਾਈ ਸੀ। ਮਿਸਾਲ ਵਜੋਂ ਅਸ਼ੋਕ ਸਿੰਘ ਨੇ ਜੋ ਚੰਡੀਗੜ੍ਹ ਵਿੱਚ ਸਿੱਖ (ਇਸਟੀਚਿਊਟ) ਸੰਸਥਾ ਚਲਾ ਰਹੇ ਹਨ, ਕਿਹਾ, "ਜਿਹੜੀ ਫ਼ੌਜ ਕਿਸੇ ਕੌਮ ਨੂੰ ਨਸ਼ਟ ਕਰਦੀ ਹੈ, ਪਹਿਲਾਂ ਉਸ ਦਾ ਸਾਹਿਤ-ਸਭਿਆਚਾਰ ਨਸ਼ਟ ਕਰਦੀ ਹੈ। ਇਹੋ ਕਾਰਨ ਹੈ ਕਿ ਭਾਰਤੀ ਫ਼ੌਜ ਨੇ ਲਾਇਬ੍ਰੇਰੀ ਸਾੜੀ।" ਸਰਕਾਰ ਦੇ ਸਫ਼ੈਦ ਪੱਤਰ ਅਨੁਸਾਰ ਲਾਇਬ੍ਰੇਰੀ ਨੂੰ ਉਸ ਸਮੇਂ ਅੱਗ ਲੱਗੀ ਜਦੋਂ ਫ਼ੌਜ ਮੰਦਿਰ ਸਮੂਹ ਵਿੱਚ ਦੱਖਣ ਵਾਲੀ ਡਿਉਢੀ ਵੱਲ ਦੀ ਜਨਰਲ ਦੀਵਾਨ ਤੇ ਉਹਦੇ ਫ਼ੌਜੀਆਂ ਦੇ ਨਾਸ਼ਤਾ ਲੈਣ ਤੋਂ ਪਹਿਲਾਂ, ਦਾਖ਼ਲ ਹੋਈ। ਸਫ਼ੈਦ ਪੱਤਰ ਵਿੱਚ ਕਿਹਾ ਗਿਆ ਸੀ :—

"ਆਤੰਕਵਾਦੀ ਲਾਇਬ੍ਰੇਰੀ ਦੀ ਇਮਾਰਤ ਵਿੱਚੋਂ ਕਈ ਟਿਕਾਣਿਆਂ (ਮੋਰਚਿਆਂ) ਤੋਂ ਕਈ ਮਸ਼ੀਨਗੰਨਾਂ ਚਲਾ ਰਹੇ ਸਨ ਤੇ ਫ਼ੌਜੀਆਂ ਉਪਰ ਦੇਸੀ ਬਣੇ ਗ੍ਰਨੇਡ ਤੀਲੀ ਲਾ ਕੇ ਸੁੱਟ ਰਹੇ ਸਨ। ਇਸ ਸਮੇਂ ਹੀ ਲਾਇਬ੍ਰੇਰੀ ਵਿੱਚ ਅੱਗ ਲਗਦੀ ਦੇਖੀ ਗਈ। ਅੱਗ ਬੁਝਾਉਣ ਲਈ ਕਈ ਫ਼ੌਜੀ ਟੁਕੜੀਆਂ ਵਾਰ-ਵਾਰ ਭੇਜੀਆਂ ਗਈਆਂ ਪਰੰਤੂ ਇਹ ਯਤਨ ਆਤੰਕਵਾਦੀਆਂ ਵੱਲੋਂ ਮਸ਼ੀਨਗੰਨਾਂ ਰਾਹੀਂ ਕੀਤੀ ਜਾ ਰਹੀ ਗੋਲਾਬਾਰੀ ਕਾਰਨ ਨਿਸਫਲ ਕਰ ਦਿੱਤੇ ਗਏ। ਜਦ ਤੱਕ ਆਤੰਕਵਾਦੀਆਂ ਦੇ ਟਿਕਾਣਿਆਂ 'ਤੇ ਕਬਜ਼ਾ ਕੀਤਾ ਜਾ ਸਕਿਆ ਤਦ ਤੱਕ ਲਾਇਬ੍ਰੇਰੀ ਨਸ਼ਟ ਹੋ ਗਈ ਸੀ।"

ਲਾਇਬ੍ਰੇਰੀ ਦੇ ਸੜਨ ਬਾਰੇ ਅਧਿਕਾਰੀਆਂ ਵੱਲੋਂ ਦਿੱਤੇ ਬਿਰਤਾਂਤ ਤੇ ਸਫ਼ੈਦ ਪੱਤਰ ਦੇ ਵਰਨਣ ਦਾ ਵਿਰੋਧਾਭਾਸ ਨਿਸ਼ਚੇ ਹੀ ਸਰਕਾਰੀ ਪੱਖ ਬਾਰੇ ਸ਼ੱਕ ਪੈਦਾ ਕਰਦਾ ਹੈ। ਫਿਰ ਵੀ ਇਹ ਯਕੀਨ ਕਰਨਾ ਔਖਾ ਲੱਗਦਾ ਹੈ ਕਿ ਜਿਸ ਫ਼ੌਜ ਨੇ ਸਵਰਨ ਮੰਦਿਰ 'ਤੇ ਗੋਲੀ ਨਾ ਚਲਾਉਣ ਦੇ ਹੁਕਮ ਦਾ ਪੂਰੀ ਤਰ੍ਹਾਂ ਪਾਲਣ ਕੀਤਾ, ਉਸ ਨੇ ਜਾਣ-ਬੁੱਝ ਕੇ ਲਾਇਬ੍ਰੇਰੀ ਵਰਗੀ ਮਹੱਤਵਪੂਰਨ ਇਮਾਰਤ ਨੂੰ ਅੱਗ ਲਾਈ ਹੋਵੇਗੀ।

6 ਤਾਰੀਖ਼ ਦੀ ਸ਼ਾਮ ਨੂੰ ਸੈਨਾ ਦਾ ਦੋਹਾਂ ਸਮੂਹਾਂ 'ਤੇ ਕਬਜ਼ਾ ਹੋ ਗਿਆ ਸੀ ਤੇ ਕਰਫ਼ਿਊ ਦੋ ਘੰਟਿਆਂ ਲਈ ਹਟਾ ਦਿੱਤਾ ਗਿਆ ਸੀ। ਮੇਜਰ ਜਨਰਲ ਬਰਾੜ ਨੂੰ, ਜੋ ਇਸ ਵੇਲੇ ਸਵਰਨ ਮੰਦਿਰ ਸਮੂਹ ਵਿੱਚ ਸੀ, ਪਤਾ ਸੀ ਕਿ ਕੁਝ ਲੋਕ ਅਜੇ ਵੀ ਸਵਰਨ ਮੰਦਿਰ ਤੇ ਪਰਿਕਰਮਾ ਉਦਾਲੇ ਇਮਾਰਤਾਂ ਦੇ ਕਮਰਿਆਂ ਵਿੱਚ ਲੁਕੇ ਹੋਏ ਸਨ। ਇਸ ਲਈ ਉਸ ਨੇ ਅਫ਼ਸਰਾਂ ਨੂੰ ਉਹਨਾਂ ਕੋਲ ਭੇਜਿਆ ਕਿ ਉਹ ਆਤਮ ਸਮਰਪਣ ਕਰ ਦੇਣ। ਉਹਨਾਂ ਵਿੱਚੋਂ ਸਵਰਨ ਮੰਦਿਰ ਵਿੱਚ ਇਕ ਗਿਆਨੀ ਪੂਰਨ ਸਿੰਘ ਵੀ ਸੀ। ਸਵਰਨ ਮੰਦਿਰ ਵਿੱਚ ਜੋ ਕੁਝ ਹੋਇਆ, ਉਸ ਦਾ ਵੇਰਵਾ ਉਸ ਨੇ ਸਤੀਸ਼ ਜੇਕਬ ਨੂੰ ਇਉਂ ਦਿੱਤਾ—"ਮੈਂ 5 ਜੂਨ ਨੂੰ 7.30 ਵਜੇ ਸਵਰਨ ਮੰਦਿਰ ਵਿੱਚ ਸ਼ਾਮ ਵੇਲੇ ਦੀਆਂ ਧਾਰਮਿਕ ਮਰਿਆਦਾ ਅਦਾ ਕਰਨ ਲਈ ਗਿਆ। ਜਿਸ ਸਮੇਂ ਮੈਂ ਪਰਿਕਰਮਾ ਵਿੱਚ ਪੈਰ ਧਰਿਆ ਤਾਂ ਮੈਂ ਇਕ ਲਾਸ਼ ਨਾਲ ਠੋਕਰ ਖਾਧੀ। ਗੋਲੀਆਂ ਦੀ ਵਰਖਾ ਹੋ ਰਹੀ ਸੀ ਤੇ ਮੈਂ ਦਰਸ਼ਨੀ ਡਿਉਢੀ ਜਾਣ

ਲਈ ਹਰ ਥੰਮ੍ਹ ਦੇ ਉਹਲੇ ਉਹਲੇ ਲੁਕ ਕੇ ਪਹੁੰਚਿਆ। ਉਥੇ ਇਕ ਹੋਰ ਲਾਸ਼ ਪਈ ਸੀ। ਮੈਂ ਕੁਝ ਗਜ਼ ਦੌੜ ਕੇ ਅਕਾਲ ਤਖ਼ਤ 'ਤੇ ਪਹੁੰਚਿਆ। ਰਾਤ ਸਮੇਂ ਦੀ ਅਰਦਾਸ ਹਰਿਮੰਦਰ ਸਾਹਿਬ ਵਿੱਚ ਅਕਾਲ ਤਖ਼ਤ ਦੀ ਅਰਦਾਸ ਨਾਲੋਂ 5 ਮਿੰਟ ਮਗਰੋਂ ਸ਼ੁਰੂ ਹੁੰਦੀ ਹੈ। ਮੈਂ ਇਹ ਪਤਾ ਕਰਨਾ ਚਾਹੁੰਦਾ ਸੀ ਕਿ ਉਥੇ ਪਾਠ ਸ਼ੁਰੂ ਹੋ ਚੁੱਕਾ ਸੀ ਕਿ ਨਹੀਂ। ਮੈਨੂੰ ਭਿੰਡਰਾਂਵਾਲੇ ਦੀ ਝਲਕ ਦਿਖੀ। ਅਸੀਂ ਇਕ-ਦੂਸਰੇ ਨਾਲ ਕੋਈ ਗੱਲਬਾਤ ਨਾ ਕੀਤੀ। ਲਗਭਗ 7.45 ਸ਼ਾਮ ਨੂੰ ਮੈਂ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਆ ਗਿਆ ਤੇ ਦੌੜ ਕੇ ਦਰਸ਼ਨੀ ਡਿਉਢੀ ਪਹੁੰਚ ਗਿਆ। ਕੰਨਾਂ ਨਾਲੋਂ ਸ਼ੂਕਦੀਆਂ ਗੋਲੀਆਂ ਤੋਂ ਬੇਪ੍ਰਵਾਹ ਹੋ ਕੇ ਮੈਂ ਦੌੜ ਕੇ ਹਰਿਮੰਦਰ ਸਾਹਿਬ ਪਹੁੰਚ ਗਿਆ। ਮੈਂ ਰਾਤ ਦਾ ਪਾਠ (ਰਹਿਰਾਸ) ਸ਼ੁਰੂ ਕੀਤਾ। ਝਟ ਕੁ ਮਗਰੋਂ ਮੇਰਾ ਇਕ ਸਹਿਕਰਮੀ ਗਿਆਨੀ ਮੋਹਨ ਸਿੰਘ ਵੀ ਮੇਰੇ ਨਾਲ ਆ ਸ਼ਾਮਿਲ ਹੋਇਆ। ਜ਼ੋਰਦਾਰ ਗੋਲਾਬਾਰੀ ਕਾਰਨ ਅਸੀਂ ਸਾਹਮਣੇ ਵਾਲੇ ਦਰਵਾਜ਼ੇ ਤੋਂ ਬਿਨਾਂ ਬਾਕੀ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ। ਛੇਤੀ ਹੀ ਅਸੀਂ ਧਾਰਮਿਕ ਰੀਤਾਂ ਪੂਰੀਆਂ ਕਰ ਲਈਆਂ। ਫਿਰ ਅਸੀਂ ਗ੍ਰੰਥ ਸਾਹਿਬ ਉਪਰਲੀ ਮੰਜ਼ਿਲ 'ਤੇ ਲੈ ਗਏ ਤਾਂ ਜੋ ਪਵਿੱਤਰ ਗ੍ਰੰਥ ਨੂੰ ਕੋਈ ਨੁਕਸਾਨ ਨਾ ਹੋਵੇ। ਮੁੱਖ ਗ੍ਰੰਥੀ ਗਿਆਨੀ ਸਾਹਿਬ ਸਿੰਘ ਨੇ ਸਪੱਸ਼ਟ ਹਿਦਾਇਤ ਕੀਤੀ ਹੋਈ ਸੀ ਕਿ ਜੇ ਹਾਲਾਤ ਠੀਕ ਨਾ ਹੋਣ ਤਾਂ ਕਿਸੇ ਵੀ ਹਾਲਤ ਵਿੱਚ ਗ੍ਰੰਥ ਸਾਹਿਬ ਨੂੰ ਸੁਖ ਆਸਣ ਲਈ ਅਕਾਲ ਤਖਤ ਸਾਹਿਬ 'ਤੇ ਨਾ ਲਿਜਾਇਆ ਜਾਵੇ।

ਹਰਿਮੰਦਰ ਸਾਹਿਬ ਦੀ ਪਹਿਲੀ ਮੰਜ਼ਿਲ ਦੀ ਖਿੜਕੀ ਦੇ ਸ਼ੀਸ਼ੇ ਵਿੱਚੋਂ ਦੀ ਮੈਂ ਇਕ ਟੈਂਕ ਪਰਿਕਰਮਾ ਵਿੱਚ ਖੜ੍ਹਾ ਦੇਖਿਆ ਜਿਸ ਦੀ ਰੌਸ਼ਨੀ ਚਮਕ ਰਹੀ ਸੀ। ਮੈਂ ਸੋਚਿਆ ਕਿ ਇਹ ਫ਼ਾਇਰਬ੍ਰਿਗੇਡ ਸੀ ਜੋ ਸਰੋਵਰ ਤੋਂ ਉਹ ਅੱਗ ਬੁਝਾਉਣ ਲਈ ਪਾਣੀ ਲੈਣ ਲਈ ਆਇਆ ਜੋ ਹਰ ਕਮਰੇ ਵਿੱਚ ਲੱਗੀ ਹੋਈ ਸੀ। ਕੁਝ ਹੀ ਮਿੰਟਾਂ ਪਿੱਛੋਂ ਮੇਰਾ ਯਕੀਨ ਖ਼ਤਮ ਹੋ ਗਿਆ ਜਦੋਂ ਮੈਂ ਦੇਖਿਆ ਕਿ ਇਕ ਗੱਡੀ ਅੱਗ ਬੁਝਾਉਣ ਦੀ ਥਾਂ ਅੱਗ ਵਰ੍ਹਾ ਰਹੀ ਸੀ। 10.30 ਵਜੇ ਰਾਤ ਤੱਕ 13 ਟੈਂਕ ਪਰਿਕਰਮਾ ਵਿੱਚ ਆ ਚੁੱਕੇ ਸਨ। ਉਹ ਪੂਰਬੀ ਬਾਹੀ ਵੱਲੋਂ ਜਿਸ ਪਾਸੇ ਗੁਰੂ ਰਾਮਦਾਸ ਸਰਾਂ, ਲੰਗਰ ਤੇ ਤੇਜਾ ਸਿੰਘ ਸਮੁੰਦਰੀ ਹਾਲ ਸਥਿਤ ਹਨ, ਪਰਿਕਰਮਾ ਨੂੰ ਉਤਰਦੀਆਂ ਪੌੜੀਆਂ ਤੋੜ ਕੇ ਆਏ ਸਨ। ਤੋਪਾਂ ਦੇ ਗੋਲਿਆਂ ਨੇ ਉੱਤੋੜੁੱਤੀ ਅਕਾਸ਼ ਨੂੰ ਜਗਮਗਾ ਦਿੱਤਾ। ਜਦੋਂ ਪਹਿਲਾ ਗੋਲਾ ਦਰਸ਼ਨੀ ਡਿਉਢੀ ਦੇ ਥੱਲੇ ਵਜਾ ਤੇ ਉਸ ਵਿੱਚ ਮਘੋਰਾ ਹੋ ਗਿਆ, ਮੈਂ ਦੇਖਿਆ ਕਿ ਉਸ ਕਮਰੇ ਨੂੰ ਅੱਗ ਲੱਗ ਗਈ ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਟ ਕੀਤੀ ਗਈ ਇਤਿਹਾਸਕ "ਚਾਂਦਨੀ" ਸੀ। ਇਸ ਤੋਂ ਮਗਰੋਂ ਵਾਰੋ ਵਾਰੀ ਦਰਸ਼ਨੀ ਡਿਉਢੀ ਤੇ ਵੱਡੇ-ਵੱਡੇ ਬੰਬ ਡਿੱਗੇ ਤੇ ਫਿਰ ਬੜੀ ਸੁੰਦਰ ਇਮਾਰਤ ਨੂੰ ਅੱਗ ਲੱਗ ਗਈ। ਕਦੇ ਕਦੇ ਹਰਿਮੰਦਰ ਸਾਹਿਬ ਨੂੰ ਵੀ ਗੋਲੀ ਜਾ ਲੱਗਦੀ। ਅਸੀਂ 27 ਆਦਮੀ ਅੰਦਰ ਸੀ ਜੋ ਵਧੇਰੇ ਕਰਕੇ ਰਾਗੀ ਤੇ ਸੇਵਾਦਾਰ ਸਨ।

6 ਜੂਨ ਦੀ ਸਵੇਰ ਨੂੰ ਸੁਵੱਖਤੇ ਹੀ ਅਸੀਂ ਪਵਿੱਤਰ ਗ੍ਰੰਥ ਦਾ ਰੋਜ਼ਾਨਾ ਮਰਿਆਦਾ ਅਨੁਸਾਰ ਹੇਠਲੀ ਮੰਜ਼ਿਲ 'ਤੇ ਲਿਆ ਕੇ "ਮਹਾਰਾਜ ਦਾ ਪ੍ਰਕਾਸ਼" ਕੀਤਾ ਤੇ ਗੁਰਬਾਣੀ ਦਾ ਪਾਠ ਕੀਤਾ। ਬਾਹੀਆਂ ਵਾਲੇ ਦੋਵੇਂ ਦਰਵਾਜ਼ੇ ਬੰਦ ਕਰ ਦਿੱਤੇ ਗਏ ਤੇ ਸਾਹਮਣੇ ਦਾ ਅਤੇ ਪਿਛਲਾ ਦਰਵਾਜ਼ਾ ਖੁੱਲ੍ਹੇ ਰੱਖੇ ਗਏ। ਗੋਲੀਆਂ ਕੰਧਾਂ ਦੇ ਅੰਦਰ ਤੇ ਬਾਹਰ ਕਈ ਥਾਵਾਂ ਤੋਂ ਸੁਨਹਿਰੀ ਪਤਰਿਆਂ ਦੀ ਤਹਿ ਨੂੰ ਚੀਰਦੀਆਂ ਰਹੀਆਂ। ਛੇਤੀ ਮਗਰੋਂ ਜਦੋਂ

ਅਸੀਂ ਅਰਦਾਸ ਸਮਾਪਤ ਕੀਤੀ ਤਾਂ ਸਾਡੇ ਇਕ ਸਹਿਕਰਮੀ ਰਾਗੀ ਅਵਤਾਰ ਸਿੰਘ ਦੇ ਗੋਲੀ ਲੱਗੀ। ਅਸੀਂ ਉਸ ਨੂੰ ਖਿੱਚ ਕੇ ਇਕ ਨੁੱਕਰ ਵਿੱਚ ਕਰ ਦਿੱਤਾ। ਇਕ ਹੋਰ ਗੋਲੀ ਆਈ ਤੇ ਪਵਿੱਤਰ ਗ੍ਰੰਥ ਸਾਹਿਬ ਦੇ ਲੱਗੀ। ਅਸੀਂ ਇਹ ਗ੍ਰੰਥ ਸਾਂਭਿਆ ਹੋਇਆ ਹੈ।

ਇਸ ਦੌਰਾਨ ਅਕਾਲ ਤਖ਼ਤ 'ਤੇ ਲਗਾਤਾਰ ਗੋਲੀਆਂ ਵਰ੍ਹਦੀਆਂ ਰਹੀਆਂ। ਦੂਸਰੀਆਂ ਥਾਵਾਂ 'ਤੇ ਵੀ ਗੋਲੀਬਾਰੀ ਨਾ ਰੁਕੀ। ਅਸੀਂ ਪਿਆਸੇ ਸੀ ਤੇ ਪਾਣੀ ਲਈ ਵਿਆਕੁਲ ਸੀ। ਅਸੀਂ ਰੀਂਗ ਕੇ ਸਰੋਵਰ 'ਚ ਜ਼ਖ਼ਮੀ ਸਾਥੀ ਲਈ ਤੇ ਆਪਣੇ ਲਈ ਪਾਣੀ ਲੈਣ ਗਏ।

5 ਵਜੇ ਸ਼ਾਮ ਨੂੰ ਉਹਨਾਂ ਨੇ ਲਾਊਡ ਸਪੀਕਰ 'ਤੇ ਐਲਾਨ ਕੀਤਾ ਕਿ ਜਿਹੜੇ ਲੋਕ ਸਵਰਨ ਮੰਦਿਰ ਵਿੱਚ ਲੁਕੇ ਹੋਏ ਹਨ, ਬਾਹਰ ਆ ਜਾਣ, ਉਹਨਾਂ ਨੂੰ ਗੋਲੀਆਂ ਮਾਰ ਕੇ ਮਾਰਿਆ ਨਹੀਂ ਜਾਵੇਗਾ। ਮੈਂ ਤੇ ਗਿਆਨੀ ਮੋਹਨ ਸਿੰਘ ਤਾਂ ਅੰਦਰ ਹੀ ਰਹੇ, ਪਰ ਦੂਸਰੇ ਹੱਥ ਸਿਰਾਂ ਤੋਂ ਉਪਰ ਉੱਚੇ ਕਰਕੇ ਆਤਮ-ਸਮਰਪਣ ਕਰਨ ਲਈ ਬਾਹਰ ਨਿਕਲ ਗਏ। ਸਾਡੇ ਸਹਿਯੋਗੀਆਂ ਨੇ ਮੇਜਰ ਜਨਰਲ ਬਰਾੜ ਨੂੰ ਸੂਚਿਤ ਕੀਤਾ ਕਿ ਅਸੀਂ ਅਜੇ ਅੰਦਰ ਹੀ ਸੀ। ਬਰਾੜ ਨੇ ਸਾਨੂੰ ਬਾਹਰ ਆ ਜਾਣ ਲਈ ਆਖਿਆ। 7.30 ਵਜੇ ਸ਼ਾਮ ਨੂੰ ਇਕ ਅਫ਼ਸਰ ਤੇ ਦੋ ਜਵਾਨ ਸਾਨੂੰ ਲੈਣ ਲਈ ਅੰਦਰ ਆ ਗਏ।

ਜਦੋਂ ਅਸੀਂ ਬਾਹਰ ਆਏ ਤਾਂ ਮੇਜਰ ਜਨਰਲ ਬਰਾੜ ਨੇ ਸਾਨੂੰ ਪੁੱਛਿਆ ਕਿ ਅਸੀਂ ਉਸ ਦਾ ਹੁਕਮ ਕਿਉਂ ਨਹੀਂ ਮੰਨਿਆ ਸੀ। ਅਸੀਂ ਉਸ ਨੂੰ ਦੱਸਿਆ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਤੇ ਕੀਮਤੀ ਵਸਤੂਆਂ ਇਕੱਲਿਆਂ ਨਹੀਂ ਛੱਡ ਸਕਦੇ ਸੀ। ਅਸੀਂ ਉਸ ਤੋਂ ਸੁਚਾਲਯ ਜਾਣ ਦੀ ਆਗਿਆ ਮੰਗੀ। ਉਸ ਨੇ ਹਾਂ ਕਰ ਦਿੱਤੀ। ਫਿਰ ਸਾਨੂੰ ਇਕ ਸਿੱਖ ਅਫ਼ਸਰ ਤੇ ਕੁਝ ਸੈਨਿਕਾਂ ਨਾਲ ਵਾਪਸ ਹਰਿਮੰਦਰ ਸਾਹਿਬ ਲਿਜਾਇਆ ਗਿਆ। ਉਹ ਅਫ਼ਸਰ ਬੜਾ ਬਦਤਮੀਜ਼ ਸੀ। ਉਸ ਨੇ ਸਾਨੂੰ ਆਪਣੇ ਅੱਗੇ ਲਾ ਕੇ ਤੋਰਿਆ ਤੇ ਇਹ ਨਿਸ਼ਚਿਤ ਕਰ ਲਿਆ ਕਿ ਜੇ ਕੋਈ ਅੰਦਰੋਂ ਗੋਲੀ ਮਾਰੇ ਤਾਂ ਅਸੀਂ ਹੀ ਮਾਰੇ ਜਾਈਏ। ਕਿਉਂਕਿ ਨਾ ਇਸ ਲਈ ਕੋਈ ਅੰਦਰ ਲੁੱਕਿਆ ਹੋਇਆ ਸੀ ਤੇ ਨਾ ਹੀ ਹਰਿਮੰਦਰ ਸਾਹਿਬ ਵਿੱਚ ਕੋਈ ਬੰਦੂਕ ਸੀ, ਇਸ ਲਈ ਸਾਨੂੰ ਜੋ ਕਿਹਾ ਗਿਆ, ਉਸ ਨੂੰ ਮੰਨਣ ਵਿੱਚ ਸਾਨੂੰ ਕੋਈ ਖ਼ਤਰਾ ਨਾ ਜਾਪਿਆ। ਉਸ ਸਮੇਂ ਰਾਤ ਦੇ 8.30 ਵਜੇ ਹੋਣਗੇ। ਮੈਂ ਦੇਖਿਆ ਕਿ ਅਵਤਾਰ ਸਿੰਘ ਹਰਿਮੰਦਰ ਸਾਹਿਬ ਤੋਂ ਬਾਹਰ ਆ ਗਿਆ ਸੀ; ਉਸ ਦਾ ਸਿਰ ਗ੍ਰੰਥ ਸਾਹਿਬ ਵੱਲ ਸੀ ਤੇ ਉਸ ਨੇ ਲੱਤਾਂ ਪੂਰਬੀ ਦਰਵਾਜ਼ੇ ਵੱਲ ਫੈਲਾਈਆਂ ਹੋਈਆਂ ਸਨ। ਅਫ਼ਸਰ ਉਸ ਵੇਲੇ ਬੜਾ ਸ਼ਰਮਿੰਦਾ ਹੋਇਆ ਜਦੋਂ ਉਸ ਨੂੰ ਹਰਿਮੰਦਰ ਸਾਹਿਬ ਦੇ ਅੰਦਰੋਂ ਕੋਈ ਤੋਪ ਜਾਂ ਬੰਦੂਕ ਨਾ ਮਿਲੀ। ਜਦੋਂ ਅਸੀਂ ਅਵਤਾਰ ਸਿੰਘ ਕੋਲ ਗਏ ਤਾਂ ਉਹ ਸੁਆਸ ਤਿਆਗ ਚੁੱਕਿਆ ਸੀ। ਸਾਨੂੰ ਉਥੇ ਛੱਡ ਕੇ, ਉਹ ਅਫ਼ਸਰ ਤੇ ਫ਼ੌਜੀ, ਜਿਨ੍ਹਾਂ ਨੇ ਅੰਦਰ ਆਉਣ ਸਮੇਂ ਜੋੜੇ ਉਤਾਰੇ ਸਨ, ਬਾਹਰ ਚਲੇ ਗਏ।

ਅਗਲੀ ਸਵੇਰ ਸਾਨੂੰ ਦੋਹਾਂ ਨੂੰ ਸਵਰਨ ਮੰਦਿਰ ਦੇ ਹੈੱਡ ਗ੍ਰੰਥੀ ਗਿਆਨੀ ਸਾਹਿਬ ਸਿੰਘ ਦੇ ਘਰ ਲਿਜਾਇਆ ਗਿਆ। ਸਾਨੂੰ ਇਹ ਹਿਦਾਇਤ ਕੀਤੀ ਗਈ ਕਿ ਅਸੀਂ ਆਟਾ-ਮੰਡੀ ਵਿੱਚੋਂ ਨਾ ਬਾਹਰ ਜਾਈਏ ਤੇ ਨਾ ਹੀ ਕਿਸੇ ਨਾਲ ਗੱਲਬਾਤ ਕਰੀਏ, ਤੇ ਉਹ ਗਿਆਨੀ ਸਾਹਿਬ ਸਿੰਘ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਚਲੇ ਗਏ।

ਗਿਆਨੀ ਪੂਰਨ ਸਿੰਘ ਦੀ ਵਿਥਿਆ ਦੀ ਇਸ ਗੱਲੋਂ ਵੀ ਪ੍ਰੋੜ੍ਹਤਾ ਹੁੰਦੀ ਹੈ ਕਿ

ਉਸ ਰਾਤ ਸਵਰਨ ਮੰਦਿਰ ਵਿੱਚ ਸਿੱਖ ਧਰਮ ਗ੍ਰੰਥ ਦੇ ਗੋਲੀ ਵੱਜੀ ਸੀ ਜਿਸ ਨਾਲ ਪਤਰਿਆਂ ਵਿੱਚ ਮੋਰੀਆਂ ਹੋ ਗਈਆਂ ਸਨ। ਪਰੰਤੂ ਸਾਰੇ ਸਬੂਤਾਂ ਤੋਂ ਸਿੱਧ ਹੁੰਦਾ ਹੈ ਕਿ ਉਸ ਨੂੰ ਟੈਂਕਾਂ ਦੇ ਆਉਣ ਦੇ ਸਮੇਂ ਬਾਰੇ ਭੁਲੇਖਾ ਸੀ। ਉਸ ਨੇ ਕਿਹਾ ਕਿ ਟੈਂਕ ਪਰਿਕਰਮਾ ਵਿੱਚ 10.30 ਵਜੇ ਪਹੁੰਚੇ ਜਦੋਂ ਹੋਰ ਸਾਰੀਆਂ ਸੂਚਨਾਵਾਂ ਅਨੁਸਾਰ ਉਹ ਮਗਰੋਂ ਪਹੁੰਚੇ। ਉਹ ਟੈਂਕਾਂ ਦੀ ਗਿਣਤੀ 13 ਦੱਸਣ ਵਾਲਾ ਵੀ ਇਕੋ ਇਕ ਵਿਅਕਤੀ ਸੀ।

ਪੂਰਨ ਸਿੰਘ ਦਾਅਵੇ ਨਾਲ ਕਹਿੰਦਾ ਹੈ "ਕਿ ਸਵਰਨ ਮੰਦਿਰ ਵਿੱਚ ਕੋਈ ਹਥਿਆਰ ਨਹੀਂ ਸੀ ਜਦੋਂ ਕਿ ਤਿੰਨੋਂ ਹੀ ਜਰਨੈਲ ਜਿਨ੍ਹਾਂ ਕੋਲ ਇਸ ਮੁਹਿੰਮ ਦੀ ਕਮਾਨ ਸੀ, ਦਾਅਵਾ ਕਰਦੇ ਹਨ ਕਿ ਫ਼ੌਜ ਉਪਰ ਮੰਦਿਰ ਵਿੱਚੋਂ ਗੋਲੀ ਚਲਾਈ ਗਈ ਸੀ। ਰਿਟਾਇਰਡ ਸਿੱਖ ਲੈਫ਼. ਜਨਰਲ ਜਗਜੀਤ ਸਿੰਘ ਨੇ ਕਿਹਾ ਕਿ ਜਦੋਂ ਉਸ ਨੇ ਹਰਿਮੰਦਰ ਦੀ ਯਾਤਰਾ ਕੀਤੀ ਤਾਂ ਉਸ ਨੂੰ ਮੋਰਚਿਆਂ ਤੇ ਟਿਕਾਣੇ ਆਦਿ ਦਾ ਕੋਈ ਸਬੂਤ ਨਾ ਮਿਲਿਆ, ਪਰੰਤੂ ਉਸ ਨੇ ਇਹ ਗੱਲ ਮੰਨੀ ਕਿ ਸ਼ਾਇਦ ਮੰਦਿਰ ਦੀ ਕਦੇ-ਕਦੇ ਗ਼ਸ਼ਤੀ ਟੋਲੀਆਂ ਵੱਲੋਂ ਗੋਲੀ ਚਲਾਉਣ ਲਈ ਵਰਤੋਂ ਕੀਤੀ ਗਈ ਹੋਵੇ।"

ਜਿਹੜੀ ਗੱਲ ਅਟੱਲ ਹੈ ਉਹ ਇਹ ਹੈ ਕਿ ਸਵਰਨ ਮੰਦਿਰ ਵਿੱਚ ਗੋਲੀਆਂ ਨਾਲ ਸੁਰਾਖ਼ ਹੋਏ ਹਨ। 300 ਗੋਲੀਆਂ ਗਿਣੀਆਂ ਗਈਆਂ ਹਨ। ਉਹਨਾਂ 'ਚੋਂ ਕੁਝ ਸੁਰਾਖ਼ ਤਾਂ ਸੀ.ਆਰ.ਪੀ. ਦੀ ਗੋਲਾਬਾਰੀ ਨਾਲ ਫ਼ੌਜੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੋਏ ਸਨ। ਬਹੁਤ ਸਾਰੇ ਹੋਰ ਮਘੋਰੇ ਸਵਰਨ ਮੰਦਿਰ ਦੀ ਸੁਰੱਖਿਆ ਕਰਨ ਵਾਲਿਆਂ ਵੱਲੋਂ ਅਨਿਸ਼ਚਿਤ ਨਿਸ਼ਾਨੇ ਲਾਉਣ ਕਾਰਨ ਵੀ ਹੋਏ ਹੋਣਗੇ। ਸਭ ਤੋਂ ਮਹੱਤਵਪੂਰਨ ਗੱਲ ਤਾਂ ਇਹ ਹੈ ਕਿ ਸਵਰਨ ਮੰਦਿਰ ਦਾ ਢਾਂਚਾ ਸੁਰੱਖਿਅਤ ਰਿਹਾ ਤੇ ਜੋ ਨੁਕਸਾਨ ਇਸ ਨੂੰ ਹੋਇਆ ਉਹ ਅਕਾਲ ਤਖ਼ਤ ਸਾਹਿਬ, ਲਾਇਬ੍ਰੇਰੀ, ਦਰਸ਼ਨੀ ਡਿਉਢੀ ਤੇ ਹੋਰ ਇਮਾਰਤਾਂ ਨੂੰ ਹੋਏ ਨੁਕਸਾਨ ਦੇ ਮੁਕਾਬਲੇ ਬਹੁਤ ਹੀ ਥੋੜ੍ਹਾ ਸੀ। ਇਸ ਪੱਖੋਂ ਇਹ ਹਮਲਾ ਸਫਲ ਸੀ ਤੇ ਇਸ ਦਾ ਸਿਹਰਾ ਸੈਨਾ ਦੇ ਅਨੁਸ਼ਾਸਨ ਨੂੰ ਜਾਂਦਾ ਹੈ। 40 ਵਰਗ ਫੁੱਟ ਮੰਦਰ ਰਣ-ਖੇਤਰ ਦੇ ਬਿਲਕੁਲ ਕੇਂਦਰ ਵਿੱਚ ਸੀ। ਫ਼ੌਜ ਤੇ ਹਰ ਪਾਸਿਉਂ ਗੋਲੀਬਾਰੀ ਹੁੰਦੀ ਸੀ। ਜੇ ਫ਼ੌਜੀਆਂ ਨੇ ਮੇਜਰ ਜਨਰਲ ਬਰਾੜ ਦੇ ਹੁਕਮਾਂ ਦੀ ਪ੍ਰਵਾਹ ਨਾ ਕੀਤੀ ਹੁੰਦੀ ਤਾਂ ਹਰਿਮੰਦਰ ਨੂੰ ਨਿਰਸੰਦੇਹ ਬਹੁਤ ਜ਼ਿਆਦਾ ਨੁਕਸਾਨ ਪਹੁੰਚਦਾ।

ਜਦੋਂ 6 ਜੂਨ ਦੇ ਲੌਢੇ ਪਹਿਰ ਕਰਫ਼ਿਊ ਖ਼ਤਮ ਕੀਤਾ ਗਿਆ ਤਾਂ ਪਰਿਕਰਮਾ ਦੇ ਉਪਰੋਂ ਦਿਸਦੇ ਮੰਦਰ ਸਮੂਹ ਤੇ ਕਮਰਿਆਂ ਵਿੱਚ ਫਸੇ 250 ਲੋਕਾਂ ਨੇ ਆਤਮ-ਸਮਰਪਣ ਕੀਤਾ। ਉਹਨਾਂ ਵਿੱਚ ਹੀ ਮੰਦਿਰ ਦਾ ਲੋਕ ਸੰਪਰਕ ਅਧਿਕਾਰੀ ਨਰਿੰਦਰਜੀਤ ਸਿੰਘ ਨੰਦਾ ਸੀ ਜਿਸ ਨੂੰ ਕਿਸੇ ਵੇਲੇ ਭਿੰਡਰਾਂਵਾਲੇ ਨੇ ਪੜ੍ਹਿਆ ਲਿਖਿਆ ਮੂਰਖ ਆਖਿਆ ਸੀ ਕਿਉਂਕਿ ਉਸ ਨੇ ਇਹ ਸੁਝਾਅ ਦਿੱਤਾ ਸੀ ਕਿ ਸ਼ਸਤਰਬੱਧ ਕ੍ਰਾਂਤੀ ਨਾਲੋਂ ਸਿੱਖਾਂ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਅਖ਼ਬਾਰ ਸ਼ੁਰੂ ਕਰਕੇ ਪ੍ਰਚਾਰ ਦਾ ਵਧੀਆ ਤਰੀਕਾ ਅਖ਼ਤਿਆਰ ਕਰਨਾ ਚਾਹੀਦਾ ਹੈ। ਨੰਦਾ ਨੇ ਆਪਣੇ ਅਨੁਭਵ ਸਤੀਸ਼ ਜੈਕਬ ਨੂੰ ਦੱਸੇ :

"ਪੰਜਵੀਂ ਰਾਤ ਜਿਹੜੀ ਕਿ ਹਮਲੇ ਦੀ ਰਾਤ ਸੀ, ਤੋਪਾਂ ਨੇ ਪਲਸਤਰ ਲਾਹੁਣਾ ਸ਼ੁਰੂ ਕਰ ਦਿੱਤਾ। ਮੈਂ, ਮੇਰੀ ਪਤਨੀ ਤੇ ਦੋ ਬੇਟੀਆਂ ਨੇ ਆਪਣੀ ਪਹਿਲੀ ਮੰਜ਼ਿਲ ਵਾਲੀ ਰਿਹਾਇਸ਼ ਤੋਂ ਹੇਠਲੀ ਮੰਜ਼ਿਲ ਵਿੱਚ ਆਪਣੇ ਦਫ਼ਤਰ ਵਿੱਚ ਜਾਣ ਦਾ ਫ਼ੈਸਲਾ ਕੀਤਾ। ਇਸ ਵੇਲੇ ਮੈਂ ਆਤਮ ਸਮਰਪਣ ਕਰਨ ਬਾਰੇ ਸੋਚਿਆ ਪਰ ਭਿੰਡਰਾਂਵਾਲੇ ਦੇ ਇਕ

ਆਦਮੀ ਨੇ ਕਿਹਾ, "ਮੰਦਿਰ ਸਮੂਹ ਵਿੱਚੋਂ ਜਦੋਂ ਵੀ ਪੈਰ ਬਾਹਰ ਕੱਢੇਂਗਾ ਤਾਂ ਤੇਰੀ ਮੌਤ ਨਿਸ਼ਚਿਤ ਹੈ।" ਆਪਣੇ ਸਾਰੇ ਪਰਿਵਾਰ ਨੂੰ ਮਿਲੀ ਇਸ ਧਮਕੀ ਕਾਰਨ ਤੇ ਨਾਲ ਹੀ ਦਫ਼ਤਰ ਦੀ ਅਸੁਰੱਖਿਆ ਕਾਰਨ ਮੈਂ ਇਕ ਛੋਟੇ ਭੋਰੇ ਵਿੱਚ ਜਾਣ ਦਾ ਫ਼ੈਸਲਾ ਕੀਤਾ ਜਿਥੇ ਫ਼ਰਿਜ ਵੀ ਸੀ। ਤਹਿਖ਼ਾਨੇ ਵਿੱਚ ਲੱਗਾ ਇਕ ਨਿਕਾਸ ਪੱਖਾ ਜੀਵਨ ਦਾਨੀ ਸਿੱਧ ਹੋਇਆ। ਮੈਂ ਬਾਹਰ ਫ਼ੌਜੀਆਂ ਨੂੰ ਗੱਲਾਂ ਬਾਤਾਂ ਕਰਦਿਆਂ ਤੇ ਉਹਨਾਂ ਦੇ ਕਮਾਂਡਰਾਂ ਵੱਲੋਂ ਉਹਨਾਂ ਨੂੰ ਦਿੱਤੀਆਂ ਜਾ ਰਹੀਆਂ ਹਿਦਾਇਤਾਂ ਵੀ ਸੁਣ ਸਕਦਾ ਸੀ।

ਭੋਰੇ ਦੇ ਨਾਲ ਹੀ ਇਕ ਹੋਰ ਛੋਟਾ ਕਮਰਾ ਸੀ ਜੋ ਹਰਿਮੰਦਰ ਦੇ ਸਾਹਮਣੇ ਸੀ ਤੇ ਜਿਥੇ ਇਕ ਸੇਵਾਦਾਰ ਸੌਂਵਿਆ ਕਰਦਾ ਸੀ। ਮੈਂ ਫ਼ੌਜੀਆਂ ਵੱਲੋਂ ਇਕ ਆਦਮੀ ਨੂੰ ਬਾਹਰ ਧੂਹਦਿਆਂ ਸੁਣਿਆ। ਫਿਰ ਉਸ ਨੂੰ ਗੋਲੀ ਮਾਰ ਦਿੱਤੀ ਗਈ। ਕਿਉਂਕਿ ਆਤੰਕਵਾਦੀ ਲਗਭਗ ਸਭ ਸੰਭਵ ਵਿਰਲਾਂ ਤੇ ਤਰੇੜਾਂ ਨੂੰ ਛੋਟੇ ਮੋਰਚਿਆਂ ਤੇ ਗਰਨੇਡ ਚਲਾਉਣ ਲਈ ਵਰਤ ਰਹੇ ਸਨ, ਫ਼ੌਜੀਆਂ ਨੇ ਵੀ ਇਹਨਾਂ ਸਭ ਵਿਰਲਾਂ ਵਿੱਚ ਮੇਰੇ ਤਹਿਖ਼ਾਨੇ ਦੇ ਨਿਕਾਸ ਪੱਖੇ ਦੇ ਲਾਂਘੇ ਸਮੇਤ ਸਭ ਤੇ ਗਰਨੇਡ ਸੁੱਟਣ ਦਾ ਫ਼ੈਸਲਾ ਕਰ ਲਿਆ। ਜਿਸ ਵੇਲੇ ਅਸੀਂ ਇਸ ਹੁਕਮ ਬਾਰੇ ਸੁਣਿਆ, ਅਸੀਂ ਪੌੜੀਆਂ 'ਤੇ ਚੜ੍ਹ ਗਏ। ਕੁਝ ਮਿੰਟਾਂ ਮਗਰੋਂ ਦੋ ਗਰਨੇਡ ਅੰਦਰ ਸੁੱਟੇ ਗਏ। ਬਹੁਤ ਦੀਵਾਰਾਂ ਦੇ ਤਿੰਨੇ ਤਿੰਨ ਇੰਚ ਛੋਡੇ ਲਹਿ ਗਏ। ਪਰ ਖ਼ੁਸ਼ਕਿਸਮਤੀ ਨਾਲ ਅਸੀਂ ਬਚ ਗਏ। ਅਸੀਂ ਰਾਤ ਪੌੜੀਆਂ ਹੇਠ ਹੀ ਲੰਘਾਈ। 6 ਤਾਰੀਖ਼ ਨੂੰ 11 ਵਜੇ ਸਵੇਰੇ ਮੇਰੀ ਪਤਨੀ ਨੇ ਇਕ ਅਫ਼ਸਰ ਨੂੰ ਬਾਹਰ ਖੜ੍ਹੇ ਦੇਖਿਆ। ਉਸ ਨੇ ਉਸ ਦਾ ਧਿਆਨ ਖਿੱਚਣ ਲਈ ਬੁਲਾਇਆ ਤੇ ਬਚਾਅ ਲਈ ਸਹਾਇਤਾ ਕਰਨ ਦੀ ਬੇਨਤੀ ਕੀਤੀ। ਉਸ ਨੇ ਉਸ ਨੂੰ ਕਿਹਾ ਕਿ ਉਸ ਦੀਆਂ ਦੋ ਛੋਟੀਆਂ ਬੇਟੀਆਂ ਹਨ। ਉਸ ਅਫ਼ਸਰ ਨੇ ਬੜਾ ਵਧੀਆ ਸਲੂਕ ਕੀਤਾ ਤੇ ਕਿਹਾ, "ਘਬਰਾਓ ਨਾ। ਮੇਰੀਆਂ ਵੀ ਦੋ ਲੜਕੀਆਂ ਹਨ। ਤੁਹਾਨੂੰ ਕੁਝ ਨਹੀਂ ਹੋਵੇਗਾ। ਅਰਾਮ ਨਾਲ ਟਿਕੇ ਰਹੋ।" ਉਸ ਨੇ ਸਾਡੇ ਲਈ ਚਪਾਤੀਆਂ, ਆਚਾਰ ਤੇ ਪਾਣੀ ਦਾ ਪ੍ਰਬੰਧ ਕੀਤਾ। ਉਸ ਨੇ ਆਖ਼ਿਰ ਸਾਨੂੰ ਉਦੋਂ ਬਾਹਰ ਕੱਢਿਆ ਜਦੋਂ ਕਰਫ਼ਿਊ ਉਠਾ ਦਿੱਤਾ ਗਿਆ।

ਸਾਨੂੰ ਹਰ ਥਾਂ ਖਿਲਰੀਆਂ ਹੋਈਆਂ ਲਾਸ਼ਾਂ ਦੇ ਉਪਰ ਦੀ ਲੰਘਣਾ ਪਿਆ। ਸਾਨੂੰ ਘੰਟਾ ਘਰ ਦੇ ਸਾਹਮਣੇ ਵਰਗਾਕਾਰ ਵਿੱਚ ਬਿਠਾ ਦਿੱਤਾ ਗਿਆ। ਜਿਸ ਪਲ ਫ਼ੌਜੀਆਂ ਨੇ ਮੈਨੂੰ ਭਾਵ ਉਸ ਟੋਲੀ ਵਿੱਚ ਇਕ ਪੁਰਸ਼ ਦੇਖਿਆ, ਉਹਨਾਂ ਨੇ ਆਪਣੀਆਂ ਰਫ਼ਲਾਂ ਮੋਢਿਆਂ 'ਤੇ ਰੱਖਕੇ ਮੇਰੇ ਵੱਲ ਬੰਦੂਕ ਦੀਆਂ ਨਾਲੀਆਂ ਸਿਧੀਆਂ ਕਰ ਲਈਆਂ। ਮੇਰਾ ਖ਼ਿਆਲ ਹੈ ਕਿ ਮੈਨੂੰ ਗੋਲੀ ਮਾਰ ਹੀ ਦੇਣ ਲੱਗੇ ਸਨ ਜਦੋਂ ਇਕ ਬ੍ਰਿਗੇਡੀਅਰ ਨੂੰ ਮੈਨੂੰ ਪਛਾਣਕੇ, ਆ ਕੇ ਦਖ਼ਲ ਦਿੱਤਾ। ਫਿਰ ਸਾਨੂੰ ਫ਼ੌਜੀ ਪਰਿਕਰਮਾ ਰਾਹੀਂ ਲਾਇਬ੍ਰੇਰੀ 'ਤੇ ਲੈ ਗਏ। ਸਾਡੇ ਨਾਲ ਇਕ ਲੈਫ਼ਟੀਨੈਂਟ ਗਿਆ। ਦੂਸਰੇ ਪਾਸੇ ਪਹੁੰਚ ਕੇ ਉਸ ਨੇ ਮੈਨੂੰ ਕੰਧ ਨਾਲ ਖੜ੍ਹਾ ਹੋਣ ਦਿੱਤਾ ਤੇ ਗੋਲੀ ਮਾਰਨ ਲਈ ਇਕ ਦਸਤੇ ਨੂੰ ਕਤਾਰ ਵਿੱਚ ਖੜ੍ਹਾ ਕਰ ਦਿੱਤਾ। ਉਸ ਨੇ ਮੈਨੂੰ ਕਿਹਾ ਕਿ ਮੈਂ ਪਾਠ ਅਰਦਾਸ ਕਰ ਲਵਾਂ। ਮੈਂ ਬੇਨਤੀ ਕੀਤੀ ਕਿ ਮੈਨੂੰ ਆਪਣੀ ਪਤਨੀ ਤੇ ਦੋ ਬੇਟੀਆਂ ਨੂੰ ਅਲਵਿਦਾ ਕਹਿਣ ਦੀ ਆਗਿਆ ਦਿੱਤੀ ਜਾਵੇ। ਇਸ ਮੌਕੇ 'ਤੇ ਬ੍ਰਿਗੇਡੀਅਰ ਫਿਰ ਪਹੁੰਚ ਗਿਆ ਤੇ ਉਹ ਜਵਾਨ ਅਫ਼ਸਰ ਉੱਪਰ ਚਿਲਾਇਆ, "ਤੂੰ ਕੀ ਮੂਰਖਤਾ ਕਰ ਰਿਹਾ ਹੈਂ?" ਉਸ ਅਧਿਕਾਰੀ ਨੇ ਕਿਹਾ, "ਜਨਾਬ ਮੈਂ ਤੁਹਾਡਾ ਹੁਕਮ ਸਮਝਣ ਵਿੱਚ ਭੁਲੇਖਾ ਖਾ ਗਿਆ ਹਾਂ। ਮੈਂ ਸਮਝਿਆ ਸੀ ਕਿ ਇਸ ਆਦਮੀ ਨੂੰ ਗੋਲੀ ਮਾਰਨੀ ਸੀ।"

ਹੁਣ ਸਾਨੂੰ ਜ਼ਮੀਨ 'ਤੇ ਬਿਠਾ ਦਿੱਤਾ ਗਿਆ। ਮੇਰੇ ਹੱਥ ਮੇਰੀ ਪਿੱਠ ਪਿੱਛੇ ਬੰਨ੍ਹ ਦਿੱਤੇ ਗਏ ਸਨ। ਸਾਨੂੰ ਸਭ ਨੂੰ ਆਪਣੇ ਸਿਰ ਨੀਵੇਂ ਰੱਖਣ ਲਈ ਕਿਹਾ ਗਿਆ। ਸਿਰ ਦੀ ਥੋੜ੍ਹੀ ਜਿਹੀ ਹਿਲਜੁਲ ਨਾਲ ਤੁਰੰਤ ਹੀ ਰਫ਼ਲ ਦਾ ਹੱਥਾ ਸਿਰ 'ਤੇ ਵੱਜਦਾ। ਅਸੀਂ ਰਾਤ ਉਥੇ ਬੈਠਿਆਂ ਗੁਜ਼ਾਰੀ।

ਹਰਿਮੰਦਰ ਦੇ ਸਾਰੇ ਕਰਮਚਾਰੀਆਂ ਜਿਵੇਂ ਗ੍ਰੰਥੀਆਂ, ਰਾਗੀਆਂ, ਸੇਵਾਦਾਰਾਂ ਤੇ ਨੰਦਾ ਵਰਗੇ ਕਰਮਚਾਰੀਆਂ ਨਾਲ ਨਿਪਟਣ ਪਿੱਛੋਂ ਜਿਨ੍ਹਾਂ ਨੇ ਆਤਮ ਸਮਰਪਣ ਕਰ ਦਿੱਤਾ ਸੀ, ਫ਼ੌਜ ਨੇ ਫਿਰ ਆਪਣਾ ਧਿਆਨ ਅਕਾਲ ਤਖ਼ਤ ਸਾਹਿਬ ਵੱਲ ਮੋੜਿਆ। ਉਥੋਂ ਘਾਤ ਲਾ ਕੇ ਗੋਲੀਆਂ ਚੱਲਣ ਦੀ ਅਵਾਜ਼ ਖ਼ਤਮ ਹੋ ਗਈ ਸੀ ਪਰ ਮੇਜਰ ਜਨਰਲ ਬਰਾੜ ਅਜੇ ਵੀ ਦਿਨ ਦੀ ਰੋਸ਼ਨੀ ਵਿੱਚ ਮੰਦਿਰ ਵਿੱਚ ਆਦਮੀ ਭੇਜ ਕੇ ਹੋਰ ਜਾਨਾਂ ਗੁਆਉਣ ਦਾ ਖ਼ਤਰਾ ਨਹੀਂ ਸਹੇੜਨਾ ਚਾਹੁੰਦਾ ਸੀ। ਉਹ ਭਿੰਡਰਾਂਵਾਲੇ ਦੇ ਗੜ੍ਹ 'ਤੇ ਹਮਲਾ ਕਰਨ ਤੇ ਜੋ ਵੀ ਅੰਦਰ ਮਿਲੇ ਉਸ ਨੂੰ ਗੋਲੀ ਨਾਲ ਉਡਾਉਣ ਲਈ ਘੁਸਮਸੇ ਦੀ ਉਡੀਕ ਕਰਨ ਲੱਗਾ। ਪਿਆਦਾ ਫ਼ੌਜ ਨੂੰ ਬਹੁਤ ਘੱਟ ਵਿਰੋਧ ਦਾ ਸਾਹਮਣਾ ਕਰਨਾ ਪਿਆ ਤੇ ਉਹ ਸੜੇ ਤੇ ਝੁਲਸੇ ਹੋਏ ਅਕਾਲ ਤਖ਼ਤ ਸਾਹਿਬ ਵਿੱਚ ਦਾਖ਼ਲ ਹੋ ਗਏ। ਅਕਾਲ ਤਖ਼ਤ ਦੇ ਫ਼ਰਸ਼ 'ਤੇ ਚੱਲੇ ਹੋਏ ਕਾਰਤੂਸ ਥਾਂ-ਥਾਂ ਖਿਲਰੇ ਤੇ ਖੁੱਭੇ ਪਏ ਸਨ (ਇਕ ਅਧਿਕਾਰੀ ਨੇ ਕਿਹਾ ਕਿ ਉਹ ਨੌਂ-ਨੌਂ ਇੰਚ ਡੂੰਘੇ ਸਨ) ਲਾਸ਼ਾਂ ਉਥੇ ਹੀ ਪਈਆਂ ਸਨ ਜਿੱਥੇ ਉਹ ਡਿੱਗੀਆਂ ਸਨ। ਹਵਾ ਵਿੱਚ ਮੌਤਾਂ ਕਾਰਨ ਬਦਬੂ ਫੈਲੀ ਹੋਈ ਸੀ। ਜਦੋਂ ਉਸ ਟੋਲੀ ਦੇ ਕਮਾਨ ਅਫ਼ਸਰ ਨੇ ਬਰਾੜ ਨੂੰ ਸੂਚਨਾ ਦਿੱਤੀ ਕਿ ਭਿੰਡਰਾਂਵਾਲੇ ਦਾ ਕਿਲ੍ਹਾ ਫ਼ਤਹਿ ਕਰ ਲਿਆ ਗਿਆ ਸੀ ਤਾਂ ਬਰਾੜ ਨੇ ਉਥੇ ਪਹਿਰਾ ਲਾ ਦਿੱਤਾ ਤੇ ਸਾਰੇ ਅਹਾਤੇ ਦੀ ਤਲਾਸ਼ੀ ਲੈਣ ਲਈ ਦਿਨ ਦੇ ਚੜ੍ਹਾਅ ਦਾ ਇੰਤਜ਼ਾਰ ਕਰਨ ਦਾ ਫ਼ੈਸਲਾ ਕਰ ਲਿਆ। ਫ਼ੌਜ ਅਨੁਸਾਰ, ਉਸ ਖੋਜ ਭਾਲ ਵਿੱਚ ਹੀ ਸੱਤ ਦੀ ਸਵੇਰ ਨੂੰ ਭਿੰਡਰਾਂਵਾਲਾ, ਸ਼ਾਹਬੇਗ ਸਿੰਘ ਤੇ ਅਮਰੀਕ ਸਿੰਘ ਦੀਆਂ ਲੋਥਾਂ ਤਹਿਖ਼ਾਨੇ (ਭੋਰੇ) ਵਿੱਚੋਂ ਮਿਲੀਆਂ। ਇਕ ਫ਼ੌਜੀ ਅਧਿਕਾਰੀ ਅਨੁਸਾਰ ਜੋ ਸਸਕਾਰ ਵੇਲੇ ਡਿਊਟੀ 'ਤੇ ਸੀ, ਭਿੰਡਰਾਂਵਾਲੇ ਦਾ ਸਸਕਾਰ 7 ਜੂਨ ਦੀ ਸ਼ਾਮ ਨੂੰ 7 ਵਜ ਕੇ 39 ਮਿੰਟ 'ਤੇ ਕੀਤਾ ਗਿਆ। ਦਸ ਹਜ਼ਾਰ ਲੋਕਾਂ ਦਾ ਹਜੂਮ ਮੰਦਿਰ ਨੇੜੇ ਇਕੱਠਾ ਹੋ ਗਿਆ ਸੀ ਪਰ ਫ਼ੌਜ ਨੇ ਉਸ ਹਜੂਮ ਨੂੰ ਰੋਕੀ ਰੱਖਿਆ। ਭਿੰਡਰਾਂਵਾਲਾ, ਅਮਰੀਕ ਸਿੰਘ 'ਤੇ ਦਮਦਮੀ ਟਕਸਾਲ ਦੇ ਨਾਇਬ ਥਾੜਾ ਸਿੰਘ ਦੀਆਂ ਲਾਸ਼ਾਂ ਮੰਦਿਰ ਦੇ ਬਾਹਰ ਚਿਤਾ ਤੇ ਪਾ ਦਿੱਤੀਆਂ ਗਈਆਂ। ਚਾਰ ਪੁਲਿਸ ਅਧਿਕਾਰੀਆਂ ਨੇ ਭਿੰਡਰਾਂਵਾਲੇ ਦੀ ਦੇਹ ਨੂੰ ਉਸ ਲਾਰੀ ਵਿੱਚੋਂ ਉਠਾਇਆ ਜਿਸ ਉੱਤੇ ਉਸ ਨੂੰ ਲਾਸ਼-ਘਰ ਤੋਂ ਲਿਆਂਦਾ ਗਿਆ ਸੀ ਤੇ ਬੜੇ ਸਤਿਕਾਰ ਨਾਲ ਚਿਤਾ 'ਤੇ ਲਿਟਾ ਦਿੱਤਾ। ਫ਼ੌਜੀ ਅਧਿਕਾਰੀ ਅਨੁਸਾਰ ਸਸਕਾਰ ਵੇਲੇ ਬਹੁਤ ਸਾਰੇ ਪੁਲਿਸੀਏ ਰੋ ਰਹੇ ਸਨ। ਉਹਨਾਂ ਵਿੱਚੋਂ ਇਕ ਨੇ ਸਿਗਰਟ ਪੀ ਰਹੇ ਫ਼ੌਜੀ ਇਨਚਾਰਜ ਕਪਤਾਨ ਭਾਰਦਵਾਜ 'ਤੇ ਇਤਰਾਜ਼ ਕੀਤਾ। ਉਸ ਨੇ ਕਿਹਾ, "ਦੇਖ ਲੈ, ਤੀਹ ਜਵਾਨ ਮੇਰੀ ਰੱਖਿਆ ਕਰ ਰਹੇ ਨੇ।" ਭਾਰਦਵਾਜ ਇਹ ਦੇਖਣ ਲਈ ਕਿ ਲਾਸ਼ ਭਿੰਡਰਾਂਵਾਲੇ ਦੀ ਹੀ ਸੀ, ਲਾਸ਼ ਤੋਂ ਕਫ਼ਨ ਦੀ ਚਾਦਰ ਉਠਾਉਣ 'ਤੇ ਅੜ ਗਿਆ। ਅਧਿਕਾਰੀ ਨੇ ਭਾਰਦਵਾਜ ਨੂੰ ਇਹ ਪੁੱਛਦਿਆਂ ਸੁਣ ਲਿਆ ਕਿ ਭਿੰਡਰਾਂਵਾਲੇ ਦੀ ਲਾਸ਼ ਦੀ ਸ਼ਕਲ ਕਿਉਂ ਬੁਰੀ ਤਰ੍ਹਾਂ ਵਿਗੜੀ ਹੋਈ ਸੀ। ਇਕ ਪੁਲਿਸ ਅਧਿਕਾਰੀ ਨੇ ਉੱਤਰ ਦਿੰਦਿਆਂ ਕਿਹਾ, "ਆਤੰਕਵਾਦੀਆਂ ਨੇ ਉਹਦੀਆਂ ਹੱਡੀਆਂ ਤੋੜ ਦਿੱਤੀਆਂ ਸਨ।" ਪਰੰਤੂ ਭਿੰਡਰਾਂਵਾਲੇ ਦੇ ਸਸਕਾਰ ਦੇ ਸਮੇਂ ਬਾਰੇ ਕੁਝ

ਗੜਬੜ ਹੈ ਕਿਉਂਕਿ ਉਸ ਦੀ ਸ਼ਵ-ਪ੍ਰੀਖਿਆ ਅਨੁਸਾਰ ਉਸ ਦੀ ਲਾਸ਼ ਮੁਰਦਾ ਘਰ ਵਿੱਚ 7.30 ਵਜੇ ਤੱਕ ਨਹੀਂ ਲਿਆਂਦੀ ਗਈ ਸੀ ਤੇ ਉਸ ਦੀ ਸ਼ਵ-ਪ੍ਰੀਖਿਆ 8 ਵਜੇ ਤੱਕ ਨਹੀਂ ਹੋਈ ਸੀ ਕਿਉਂਕਿ ਉਸ ਸਮੇਂ ਲਾਸ਼ ਗਲ ਸੜ ਕੇ ਬਦਬੂ ਮਾਰਦੀ ਸੀ। ਪਰੰਤੂ ਫ਼ੋਟੋਆਂ ਦਰਸਾਉਂਦੀਆਂ ਹਨ ਕਿ ਫ਼ੌਜ ਨੇ ਸ਼ਾਹਬੇਗ ਸਿੰਘ ਦੀ ਲਾਸ਼ ਗਲਣ-ਸੜਣ ਤੋਂ ਬਹੁਤ ਪਹਿਲਾਂ ਲੱਭ ਲਈ ਸੀ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਫ਼ੌਜ ਰਿਟਾਇਰਡ ਜਰਨੈਲ ਦੀ ਲਾਸ਼ ਬਦਬੂ ਮਾਰਨ ਤੱਕ ਕਿਉਂ ਰੱਖਣਾ ਚਾਹੁੰਦੀ ਸੀ। ਫ਼ੌਜ ਤੇ ਪੁਲਿਸ ਦਾ ਹਿੱਤ ਵੱਧ ਤੋਂ ਵੱਧ ਸਹੀ ਸ਼ਵ-ਪ੍ਰੀਖਿਆ ਰਿਪੋਰਟ ਵਿੱਚ ਹੁੰਦਾ ਹੈ। ਕਾਰਨ ਇਹ ਹੋ ਸਕਦਾ ਹੈ ਕਿ ਫ਼ੌਜ ਉਹਨਾਂ ਦੀਆਂ ਲਾਸ਼ਾਂ ਦਾ ਕਿਸੇ ਨੂੰ ਪਤਾ ਲੱਗਣ ਤੋਂ ਪਹਿਲਾਂ ਹੀ ਗੜਬੜ ਦੇ ਕਿਸੇ ਸੰਭਵ ਮੌਕੇ ਤੋਂ ਪਹਿਲਾਂ ਹੀ ਸਸਕਾਰ ਕਰਨਾ ਚਾਹੁੰਦੀ ਸੀ ਕਿਉਂਕਿ ਲਾਸ਼ ਨਾਲੋਂ ਗੜਬੜ ਦਾ ਕੋਈ ਹੋਰ ਵੱਡਾ ਕਾਰਨ ਨਹੀਂ ਹੋ ਸਕਦਾ ਸੀ। ਇਸ ਲਈ ਉਸ ਨੇ ਸ਼ਵ-ਪ੍ਰੀਖਿਆ ਦੀ ਰਸਮ ਨਿਭਾਏ ਬਿਨਾਂ ਹੀ ਭਿੰਡਰਾਂਵਾਲੇ ਦਾ ਸਸਕਾਰ ਕਰ ਦਿੱਤਾ। ਜੇ ਇਸ ਤਰ੍ਹਾਂ ਹੀ ਸੀ ਤਾਂ ਆਖ਼ਿਰ ਜੋ ਰਿਪੋਰਟਾਂ ਮਿਲੀਆਂ ਤੇ ਫ਼ੋਟੋਆਂ ਲਈਆਂ ਗਈਆਂ, ਉਹ ਮਗਰੋਂ ਅਹੁੜਿਆ ਸਰਲ ਖ਼ਿਆਲ ਸੀ।

ਜਦੋਂ ਸ਼ਾਹਬੇਗ ਸਿੰਘ ਦੇ ਲੜਕੇ ਪ੍ਰਭਪਾਲ ਸਿੰਘ ਨੇ ਪੰਜਾਬ ਦੇ ਗਵਰਨਰ ਨੂੰ ਫ਼ੋਨ ਕਰਕੇ ਪੁੱਛਿਆ ਕਿ ਉਸ ਨੂੰ ਆਪਣੇ ਪਿਤਾ ਦੇ ਸਸਕਾਰ ਸਮੇਂ ਹਾਜ਼ਰ ਹੋਣ ਦੀ ਆਗਿਆ ਦਿੱਤੀ ਜਾਵੇ ਤਾਂ ਗੁਵਰਨਰ ਨੇ ਕਿਹਾ ਕਿ ਹਜ਼ਾਰਾਂ ਹੀ ਹੋਰ ਲੋਕ ਹਨ ਜੋ ਸਸਕਾਰ ਸਮੇਂ ਹਾਜ਼ਰ ਹੋਣਾ ਚਾਹੁੰਦੇ ਹਨ ਤੇ ਜੇ ਉਸ ਨੇ ਸ਼ਾਹਬੇਗ ਸਿੰਘ ਦੇ ਬੇਟੇ ਨੂੰ ਆਗਿਆ ਦਿੱਤੀ ਤਾਂ ਸਭ ਦੂਸਰਿਆਂ ਨੂੰ ਵੀ ਇਜਾਜ਼ਤ ਦੇਣੀ ਪਵੇਗੀ ਤੇ ਇੰਜ ਕਰਨਾ ਸੰਭਵ ਨਹੀਂ ਸੀ। ਜਦੋਂ ਪ੍ਰਭਪਾਲ ਨੇ ਪੁੱਛਿਆ ਕਿ ਕੀ ਉਸ ਨੂੰ ਉਸ ਦੀ ਰਾਖ ਤੇ ਅਸਥੀਆਂ ਮਿਲ ਸਕਣਗੀਆਂ ਤਾਂ ਗਵਰਨਰ ਨੇ ਕਿਹਾ ਕਿ ਸਰਕਾਰ ਉਸ ਦੀ ਰਾਖ ਤੇ ਅਸਥੀਆਂ ਭਾਰਤ ਦੇ ਕਿਸੇ ਇਕ ਪਵਿੱਤਰ ਦਰਿਆ ਵਿੱਚ ਪ੍ਰਵਾਹ ਕਰ ਦੇਵੇਗੀ।"

ਸ਼ਾਹਬੇਗ ਸਿੰਘ ਦੀਆਂ ਆਖ਼ਰੀ ਰਸਮਾਂ (ਕਿਰਿਆ ਕਰਮ) ਦਾ ਕੋਈ ਪ੍ਰਮਾਣ ਨਹੀਂ ਹੈ। ਉਸ ਦਾ ਸ਼ਾਇਦ ਮੰਦਿਰ ਸਮੂਹ ਤੇ ਸਰਾਂ ਸਮੂਹ ਵਿੱਚੋਂ ਮਿਲੀਆਂ ਦੂਸਰੀਆਂ ਲਾਸ਼ਾਂ ਨਾਲ ਸਸਕਾਰ ਕਰ ਦਿੱਤਾ ਗਿਆ ਹੋਵੇਗਾ। ਪਹਿਲਾਂ ਤਾਂ ਨਗਰ ਪਾਲਿਕਾ ਦੇ ਜਮਾਂਦਾਰਾਂ ਨੇ ਲਾਸ਼ਾਂ ਉਠਾਉਣ ਤੋਂ ਇਨਕਾਰ ਕਰ ਦਿੱਤਾ। ਆਖ਼ਰ ਉਹਨਾਂ ਨੂੰ ਰੰਮ ਦੀ ਪੇਸ਼ਕਸ਼ ਕਰਕੇ ਤੇ ਲਾਸ਼ਾਂ ਦੀਆਂ ਕੀਮਤੀ ਵਸਤੂਆਂ ਲਾਹ ਲੈਣ ਦਾ ਲਾਲਚ ਦੇ ਕੇ ਪ੍ਰੇਰ ਲਿਆ ਗਿਆ। ਉਹਨਾਂ ਨੇ ਲਾਸ਼ਾਂ ਨੂੰ ਕੂੜਾ ਕਰਕਟ ਢੋਣ ਵਾਲੀਆਂ ਗੱਡੀਆਂ ਵਿੱਚ ਲੱਦਿਆ ਤੇ ਉਹ ਉਹਨਾਂ ਨੂੰ ਸਮਸ਼ਾਨ ਘਾਟ ਲੈ ਗਏ।

ਸਫ਼ੇਦ ਪੱਤਰ ਅਨੁਸਾਰ ਫ਼ੌਜ ਦੇ ਚਾਰ ਅਫ਼ਸਰਾਂ ਸਣੇ 83 ਜਵਾਨ ਮਰੇ। 12 ਅਫ਼ਸਰ ਤੇ 237 ਜਵਾਨ ਜ਼ਖ਼ਮੀ ਹੋਏ। ਕਈਆਂ ਦਾ ਦਾਅਵਾ ਹੈ ਕਿ ਫ਼ੌਜ ਦੇ ਬਹੁਤ ਵਧੇਰੇ ਜਵਾਨ ਮਰੇ। ਪੱਤਰਕਾਰ ਕੁਲਦੀਪ ਨਈਅਰ ਆਪਣੀ ਪੁਸਤਕ "ਪੰਜਾਬ ਦਾ ਦੁਖਾਂਤ" (ਟ੍ਰੈਜਡੀ ਔਫ਼ ਦੀ ਪੰਜਾਬ) ਵਿੱਚ ਕਹਿੰਦਾ ਹੈ ਕਿ ਇਸ ਕਾਰਵਾਈ ਦੌਰਾਨ 700 ਜਵਾਨ ਤੇ ਅਫ਼ਸਰ ਮਰੇ। ਉਹ ਇਸ ਕਾਰਵਾਈ ਦੇ ਤਿੰਨ ਮਹੀਨੇ ਮਗਰੋਂ ਰਾਜੀਵ ਗਾਂਧੀ ਦੇ ਇਕ ਬਿਆਨ ਦਾ ਹਵਾਲਾ ਦਿੰਦਾ ਹੈ। ਪਰੰਤੂ ਰਾਜੀਵ ਗਾਂਧੀ ਨੇ ਮਗਰੋਂ ਆਪਣਾ ਬਿਆਨ ਵਾਪਸ ਲੈ ਲਿਆ ਕਿਉਂਕਿ ਇਹ ਗਿਣਤੀ ਨਿਰਸੰਦੇਹ ਬਹੁਤ ਜ਼ਿਆਦਾ ਸੀ।

ਸਾਡੇ ਲਾਏ ਅਨੁਮਾਨ ਵੀ ਦੱਸਦੇ ਹਨ ਕਿ ਸਰਕਾਰੀ ਅੰਕੜੇ ਸੱਚਾਈ ਦੇ ਨੇੜੇ ਹਨ। ਉਹ ਜਿਹੜੀਆਂ ਫ਼ੌਜੀ ਟੁਕੜੀਆਂ ਨੂੰ ਭਾਰੀ ਜਾਨੀ ਨੁਕਸਾਨ ਉਠਾਉਣਾ ਪਿਆ, ਉਹ ਅਕਾਲ ਤਖ਼ਤ ਸਾਹਿਬ ਉਪਰ ਹਮਲਾ ਕਰਨ ਵਾਲੀਆਂ ਹੀ ਸਨ। ਕੁੱਲ ਪਿਆਦਾ ਕੰਪਨੀਆਂ ਜੋ ਲੜਾਈ ਦੇ ਉਸ ਖੇਤਰ ਵਿੱਚ ਸ਼ਾਮਿਲ ਸਨ, ਉਹਨਾਂ ਵਿੱਚੋਂ ਪਰਿਕਰਮਾ ਦੇ ਦੱਖਣ ਵਿੱਚ 6 ਸਨ ਤੇ ਉੱਤਰ ਵਿੱਚ ਤਿੰਨ। ਇਕ ਪਿਆਦਾ ਕੰਪਨੀ ਦੇ ਜਵਾਨਾਂ ਦੀ ਗਿਣਤੀ 200 ਹੁੰਦੀ ਹੈ। ਇਹ ਵੀ ਨਿਸ਼ਚਿਤ ਹੈ ਕਿ ਕਿਸੇ ਕੰਪਨੀ ਦੇ ਸਾਰੇ ਜੁਆਨ ਹੀ ਬੰਦੂਕਧਾਰੀ ਨਹੀਂ ਹੁੰਦੇ। ਕ੍ਰਿਆਸ਼ੀਲ ਪਿਆਦਾ ਜਵਾਨਾਂ ਦੀ ਗਿਣਤੀ 50% ਹੀ ਹੋ ਸਕਦੀ ਸੀ। ਤੇ ਸਵਰਨ ਮੰਦਿਰ ਵਿੱਚ ਦਾਖ਼ਲ ਹੋਣ ਵਾਲੀ ਹੋਰ ਫ਼ੌਜ ਵਿੱਚੋਂ ਸ਼ਾਮਿਲ ਹੋਣ ਵਾਲੇ ਛਾਪਾਮਾਰਾਂ ਦੀ ਗਿਣਤੀ 80 ਸੀ। ਇਸ ਦਾ ਮਤਲਬ ਇਹ ਹੈ ਕਿ ਹਮਲਾ ਕਰਨ ਵਾਲਿਆਂ ਵਿੱਚ ਸ਼ਾਮਿਲ ਫ਼ੌਜੀਆਂ ਦੀ ਗਿਣਤੀ 1000 ਦੇ ਲਗਭਗ ਹੀ ਹੋਵੇਗੀ। ਸਰਕਾਰੀ ਸਫ਼ੈਦ ਪੱਤਰ 332 ਮੌਤਾਂ ਮੰਨਦਾ ਹੈ। ਇਸ ਦਾ ਭਾਵ ਇਹ ਹੈ ਕਿ ਸਰਕਾਰ ਦੇ ਆਪਣੇ ਇਕਬਾਲ ਅਨੁਸਾਰ ਤੀਸਰਾ ਹਿੱਸਾ ਜਵਾਨ ਇਸ ਕਾਰਵਾਈ ਵਿੱਚ ਮਰੇ। ਇਹ ਉਸ ਸੀਮਾ ਤੋਂ ਵੱਧ ਹੀ ਹੈ ਜਿਹੜੀ ਕਿਸੇ ਫ਼ੌਜ ਵਿੱਚ ਮੰਨਣਯੋਗ ਹੋ ਸਕਦੀ ਹੈ। ਜੇ ਮੌਤਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੁੰਦੀ ਤਾਂ ਇਹ ਮੰਨਣਾ ਔਖਾ ਸੀ ਕਿ ਫ਼ੌਜੀ ਟੁਕੜੀਆਂ ਲੜਨਾ ਕਿਵੇਂ ਜਾਰੀ ਰੱਖ ਸਕਦੀਆਂ ਸਨ। ਇਹ ਅੰਕੜੇ ਦੱਸਦੇ ਹਨ ਕਿ ਵੀਰਤਾ ਕਾਫ਼ੀ ਉੱਚੀ ਪੱਧਰ ਦੀ ਸੀ।

ਛਾਪਾਮਾਰ ਜੋ ਪੈਰਾਸ਼ੂਟ ਰਜਮੈਂਟ ਵੱਲੋਂ ਆਏ, ਉਹਨਾਂ ਦਾ ਭਾਰੀ ਜਾਨੀ ਨੁਕਸਾਨ ਹੋਇਆ। ਉਹਨਾਂ ਦਾ ਜਾਨੀ ਨੁਕਸਾਨ ਲਗਭਗ 50% ਸੀ। ਉਸ ਸਾਲ ਰਜਮੈਂਟ ਨੇ ਆਪਣਾ ਮ੍ਰਿਤਕ 17 ਛਾਪਾਮਾਰਾਂ ਦੇ ਸਨਮਾਨ ਵਜੋਂ "ਨਿਰਮਾਣ ਦਿਵਸ" ਵੀ ਨਾ ਮਨਾਇਆ। ਰੱਖਿਆ ਦਲ ਦਾ ਵੀ ਭਾਰੀ ਜਾਨੀ ਨੁਕਸਾਨ ਹੋਇਆ। ਮੇਜਰ ਜਨਰਲ ਬਰਾੜ ਮੰਨਦਾ ਹੈ ਕਿ ਰੱਖਿਆ ਦਲ ਦੇ 20 ਜਵਾਨ ਮਾਰੇ ਗਏ ਤੇ ਇਕ ਹੀ ਹਮਲੇ ਵਿੱਚ 60 ਜ਼ਖ਼ਮੀ ਹੋਏ। ਇਕ ਸੀਨੀਅਰ ਅਧਿਕਾਰੀ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਬ੍ਰਿਗੇਡੀਅਰ ਦੀਵਾਨ ਦੀਆਂ 6 ਕੰਪਨੀਆਂ ਵਿੱਚੋਂ 137 ਜਵਾਨ ਮਰੇ। ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਰਕਾਰੀ ਅੰਕੜੇ ਲਗਭਗ ਠੀਕ ਹੀ ਹਨ। ਜਿਹੜੇ ਅਫ਼ਸਰਾਂ ਨਾਲ ਸਤੀਸ਼ ਜੈਕਬ ਨੇ ਗੱਲਬਾਤ ਕੀਤੀ ਉਹ ਸਫ਼ੈਦ ਪੱਤਰ ਦੇ ਅੰਕੜਿਆਂ ਨੂੰ ਠੀਕ ਮੰਨਦੇ ਹਨ।

ਬਦਕਿਸਮਤੀ ਨਾਲ ਨਾਗਰਿਕਾਂ ਦੀ ਮੌਤ ਬਾਰੇ ਇਹ ਗੱਲ ਨਹੀਂ ਕਹੀ ਜਾ ਸਕਦੀ। ਸਮੱਸਿਆ ਇਹ ਹੈ ਕਿ ਪੁਲਿਸ ਤੇ ਫ਼ੌਜ ਨੇ ਮ੍ਰਿਤਕਾਂ ਦੀ ਸ਼ਨਾਖ਼ਤ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ। ਉਹਨਾਂ ਦਾ ਸਮੂਹਿਕ ਰੂਪ ਵਿੱਚ ਸਸਕਾਰ ਕਰ ਦਿੱਤਾ ਗਿਆ। ਮੌਤਾਂ ਦੀ ਗਿਣਤੀ ਕਲਪਨਾ ਅਨੁਸਾਰ ਫੈਲਾਈ ਗਈ ਤੇ ਕਈਆਂ ਅਨੁਸਾਰ ਤਾਂ ਮ੍ਰਿਤਕਾਂ ਦੀ ਗਿਣਤੀ 3000 ਸੀ। ਸਾਰਨੀ ਇਕ ਵਿੱਚ ਅੰਕੜੇ ਉਹਨਾਂ ਲੋਕਾਂ ਬਾਰੇ ਇਕੱਠੇ ਕੀਤੇ ਗਏ ਹਨ ਜੋ 3 ਜੂਨ ਨੂੰ ਦੋਹਾਂ ਮੰਦਿਰ ਸਮੂਹਾਂ ਵਿੱਚ ਸਨ ਜਦੋਂ ਫ਼ੌਜ ਨੇ ਉਹਨਾਂ ਨੂੰ ਘੇਰਾ ਪਾਇਆ ਸੀ।

ਅਸੀਂ ਜਾਣਦੇ ਹਾਂ ਕਿ 3 ਜੂਨ ਨੂੰ ਜਦੋਂ ਕਰਫ਼ਿਊ ਖ਼ਤਮ ਕੀਤਾ ਗਿਆ ਤਾਂ ਭਿੰਡਰਾਂਵਾਲੇ ਦੇ 200 ਪੈਰੋਕਾਰ ਬਚ ਕੇ ਨਿਕਲ ਗਏ। ਕੁਝ ਲੋਕਾਂ ਨੇ ਹੋਸਟਲ ਸਮੂਹ ਵਿੱਚ ਉਸ ਸਮੇਂ ਸਮਰਪਣ ਕਰ ਦਿੱਤਾ ਜਦੋਂ 5 ਤਾਰੀਖ਼ ਨੂੰ ਕਾਰਵਾਈ ਸ਼ੁਰੂ ਕਰਨ ਤੋਂ

ਪਹਿਲਾਂ ਫ਼ੌਜ ਨੇ ਆਰਜ਼ੀ ਤੌਰ 'ਤੇ ਗੋਲਾਬਾਰੀ ਬੰਦ ਕਰ ਦਿੱਤੀ। ਚਸ਼ਮਦੀਦ ਗਵਾਹਾਂ ਅਨੁਸਾਰ ਇਹ ਗਿਣਤੀ 200 ਤੋਂ 400 ਵਿਚਕਾਰ ਸੀ। ਇਸਦਾ ਮਤਲਬ ਹੈ ਕਿ ਵੱਡੇ ਯੁੱਧ ਸਮੇਂ ਅਜੇ ਵੀ ਦੋਹਾਂ ਮੰਦਿਰ ਸਮੂਹਾਂ ਵਿੱਚ ਲੋਕਾਂ ਦੀ ਗਿਣਤੀ 3000 ਸੀ।

ਸਾਰਨੀ—1

1.	ਅਕਾਲੀ ਦਲ ਦੇ ਉਹ ਸਮਰਥਕ ਜੋ ਗ੍ਰਿਫ਼ਤਾਰੀ ਦੇਣ ਆਏ ਤੇ ਮੋਰਚੇ ਦੇ ਨਵੇਂ ਪੜਾਅ ਦਾ ਸਮਰਥਨ ਕਰਨ ਆਏ ਜਿਸ ਅਨੁਸਾਰ ਅਨਾਜ ਬਾਹਰ ਜਾਣ ਤੋਂ ਰੋਕਣਾ ਸੀ।	—1700
2.	ਉਹ ਯਾਤਰੀ ਜੋ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਮਨਾਉਣ ਆਏ ਸਨ।	—950
3.	ਗ੍ਰੰਥੀ, ਸੇਵਾਦਾਰ ਤੇ ਹਰਿਮੰਦਰ ਦੇ ਹੋਰ ਸੇਵਕ	—80
4.	ਸ਼੍ਰੋ.ਗੁ.ਪ੍ਰ. ਕਮੇਟੀ ਦੇ ਮੁਲਾਜ਼ਮ ਤੇ ਉਹਨਾਂ ਦੇ ਪਰਿਵਾਰ ਜੋ ਸਵਰਨ ਮੰਦਿਰ ਸਮੂਹ ਵਿੱਚ ਰਹਿੰਦੇ ਸਨ।	—300
5.	ਭਿੰਡਰਾਂਵਾਲੇ ਦੇ ਪੈਰੋਕਾਰ	—500
6.	ਬੱਬਰ ਖ਼ਾਲਸਾ ਦਲ ਤੇ ਲੌਂਗੋਵਾਲ ਦੇ ਸਮਰਥਕ ਤੇ ਹੋਰ ਸ਼ਸਤਰਧਾਰੀ ਦਲ	—150
		3680.00

ਚਸ਼ਮਦੀਦ ਗਵਾਹਾਂ ਅਨੁਸਾਰ ਦੋਹਾਂ ਲੜਾਈਆਂ ਪਿੱਛੋਂ ਮੰਦਿਰ ਸਮੂਹ ਤੇ ਸਰਾਂ ਸਮੂਹ ਵਿੱਚ ਆਤਮ ਸਮਰਪਣ ਕਰਨ ਵਾਲਿਆਂ ਦੀ ਗਿਣਤੀ 250 ਅਤੇ 500 ਸੀ। ਸਫ਼ੈਦ ਪੱਤਰ ਅਨੁਸਾਰ 493 ਮਾਰੇ ਗਏ ਤੇ 86 ਜ਼ਖ਼ਮੀ ਹੋਏ। ਇਹਨਾਂ ਅੰਕੜਿਆਂ ਅਨੁਸਾਰ ਘੱਟੋ ਘੱਟ 1600 ਲੋਕਾਂ ਬਾਰੇ ਕੋਈ ਵੇਰਵਾ ਨਹੀਂ ਮਿਲਦਾ। ਇਹ ਸੋਚਣਾ ਸਪੱਸ਼ਟ ਤੌਰ 'ਤੇ ਗ਼ਲਤ ਹੋਵੇਗਾ ਕਿ ਉਹ ਲੜਾਈ ਵਿੱਚ ਮਾਰੇ ਗਏ। ਇਸ ਲਈ ਨਾਗਰਿਕਾਂ ਦੀ ਮੌਤ ਬਾਰੇ ਸਰਕਾਰ ਦੇ ਅੰਕੜਿਆਂ ਬਾਰੇ ਇਕ ਵੱਡਾ ਸੁਆਲੀਆ ਨਿਸ਼ਾਨ ਲਗਾ ਹੀ ਰਹੇਗਾ ਕਿਉਂਕਿ ਇਹ ਅੰਕੜੇ ਭਿਆਨਕ ਹੱਦ ਤੱਕ ਉਸ ਕਾਰਵਾਈ ਮੁਤਾਬਿਕ ਬਹੁਤ ਜ਼ਿਆਦਾ ਹਨ ਜਿਸ ਦਾ ਸੰਚਾਲਨ ਫ਼ੌਜ ਨੇ ਆਪਣੇ ਲੋਕਾਂ ਵਿਰੁੱਧ ਕੀਤਾ ਹੋਵੇ।

ਇਹ ਅਤਿਅੰਤ ਸੰਦੇਹ ਪੂਰਨ ਹੈ ਕਿ ਜੇ ਸ੍ਰੀਮਤੀ ਗਾਂਧੀ ਨੂੰ ਪਤਾ ਹੁੰਦਾ ਕਿ ਸਵਰਨ ਮੰਦਿਰ 'ਤੇ ਹਮਲੇ ਨਾਲ ਇੰਨਾ ਭਾਰੀ ਜਾਨੀ ਨੁਕਸਾਨ ਹੋਣਾ ਸੀ ਤੇ ਅਕਾਲ ਤਖ਼ਤ ਵਿਰੁੱਧ ਟੈਂਕ ਵਰਤਣੇ ਪੈਣਗੇ ਤਾਂ ਉਹ ਕਦੇ ਫ਼ੌਜ ਨੂੰ ਸਵਰਨ ਮੰਦਿਰ ਵਿੱਚ ਦਾਖ਼ਲ ਹੋਣ ਦਾ ਹੁਕਮ ਨਾ ਦਿੰਦੀ। ਫਿਰ ਗ਼ਲਤੀ ਕਿੱਥੇ ਹੋਈ? ਸਹੀ ਤੇ ਸਭ ਤੋਂ ਸਪੱਸ਼ਟ ਕਾਰਨ ਜਾਸੂਸੀ ਵਿਭਾਗ ਦੀ ਕਮਜ਼ੋਰੀ ਸੀ। ਜਰਨੈਲਾਂ ਨੂੰ ਸ਼ਸਤਰ ਫ਼ੌਜੀ ਯੋਗਤਾ ਤੇ ਸਭ ਤੋਂ ਵੱਡੀ ਗੱਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੀ ਲੜਨ ਦੀ ਇੱਛਾ ਸ਼ਕਤੀ ਬਾਰੇ ਗੁੰਮਰਾਹ ਕੀਤਾ ਗਿਆ, ਗ਼ਲਤ ਜਾਣਕਾਰੀ ਦਿੱਤੀ ਗਈ। ਲੈਫ਼. ਜਨਰਲ ਸੁੰਦਰ ਜੀ ਨੇ ਮੇਰੇ ਕੋਲ ਆਪ ਇਹ ਗੱਲ ਮੰਨੀ, "ਜਾਸੂਸ ਵਿਭਾਗ ਵੱਲੋਂ ਜਾਣਕਾਰੀ ਦੇਣ ਵਿੱਚ ਕਈ ਗ਼ਲਤੀਆਂ ਹੋਈਆਂ ਹਨ।" ਫ਼ੌਜ ਨੂੰ ਤਾਂ ਸਵਰਨ ਮੰਦਿਰ ਸਮੂਹ ਦੀ ਰੂਪ-ਰੇਖਾ ਦੀ ਵੀ ਜਾਣਕਾਰੀ ਨਹੀਂ ਸੀ। ਇਕ ਅਧੀਨ ਕਰਮਚਾਰੀ ਨੇ ਸਤੀਸ਼ ਜੈਕਬ ਨੂੰ ਦੱਸਿਆ :—

"ਸਾਡੀ ਸਭ ਤੋਂ ਵੱਡੀ ਔਕੜ ਇਹ ਸੀ ਕਿ ਸਾਨੂੰ ਰੂਪ-ਰੇਖਾ ਬਾਰੇ ਜਾਣਕਾਰੀ ਨਹੀਂ ਸੀ। ਸਾਡੇ ਕੋਲ ਮੰਦਰ ਸਮੂਹ ਦੇ ਅੰਦਰੂਨੀ ਭਾਗ ਦੀ ਆਮ ਜਿਹੀ ਜਾਣਕਾਰੀ ਸੀ ਪਰ ਸਾਨੂੰ ਬੇਸ਼ੁਮਾਰ ਟਿਕਾਣਿਆਂ, ਭੋਰਿਆਂ, ਕਮਰਿਆਂ ਤੇ ਲੁਕਣਗਾਹਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ ਸੀ। ਸਾਡੇ ਉੱਤੇ ਸਹੀ ਅਰਥਾਂ ਵਿੱਚ ਹਰ ਪਾਸੇ ਤੋਂ, ਹਰ ਨੁੱਕਰ ਤੋਂ ਗੋਲੀਆਂ ਚਲਾਈਆਂ ਗਈਆਂ ਸਨ।

ਇਹ ਗੱਲ ਸਪੱਸ਼ਟ ਨਹੀਂ ਕਿ ਸਵਰਨ ਮੰਦਿਰ ਦੇ ਖਾਕੇ ਬਾਰੇ ਫ਼ੌਜ ਦੀ ਜਾਸੂਸੀ ਇੰਨੀ ਕਮਜ਼ੋਰ ਕਿਉਂ ਸੀ? ਜਿਸ ਦਿਨ ਫ਼ੌਜ ਨੇ ਮੰਦਰ ਨੂੰ ਘੇਰਾ ਪਾਇਆ, ਉਸ ਤੋਂ ਪਹਿਲਾਂ ਭਿੰਡਰਾਂਵਾਲੇ ਨੇ ਕਦੀ ਵੀ ਯਾਤਰੀਆਂ ਦੇ ਮੰਦਰ ਦੇ ਅੰਦਰ ਆਉਣ ਵਿੱਚ ਰੋਕ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਉਹ ਭਾਵੇਂ ਸਿੱਖ ਸਨ ਜਾਂ ਗੈਰ ਸਿੱਖ, ਬਿਨਾਂ ਵਿਤਕਰੇ ਪਰਿਕਰਮਾ ਕਰ ਸਕਦੇ ਸਨ, ਚਾਰੇ ਪਾਸੇ ਤੁਰ ਫਿਰ ਸਕਦੇ ਸਨ। ਇਸ ਲਈ ਸਿੱਖਿਅਤ ਜਾਸੂਸ ਮੰਦਿਰ ਸਮੂਹ ਦਾ ਕਾਫ਼ੀ ਸਹੀ ਨਕਸ਼ਾ ਤਿਆਰ ਕਰ ਸਕਦੇ ਸਨ। ਫ਼ੌਜ ਕੋਲ ਅਰਧ ਸੈਨਿਕ ਛਾਤਾਮਾਰਾਂ ਨੂੰ ਉੱਤਰ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਜਾਣਕਾਰੀ ਦੇਣ ਲਈ ਸਵਰਨ ਮੰਦਿਰ ਦਾ ਪ੍ਰਤਿਰੂਪ ਜਾਂ ਨਮੂਨਾ ਵੀ ਸੀ। ਜਿਥੋਂ ਤੱਕ ਹਥਿਆਰਾਂ ਦਾ ਸੰਬੰਧ ਹੈ, ਹਰ ਕੋਈ ਜਾਣਦਾ ਸੀ ਕਿ ਭਿੰਡਰਾਂਵਾਲਾ ਕਈ ਮਹੀਨਿਆਂ ਤੋਂ ਮੰਦਿਰ ਸਮੂਹ ਵਿੱਚ ਚੋਰੀ ਛੁਪੇ ਹਥਿਆਰ ਲਿਆ ਰਿਹਾ ਸੀ। ਦੋ ਸਾਲ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੇ ਆਮ ਲੋਕਾਂ ਦੇ ਇਕੱਠ ਵਿੱਚ ਕਿਹਾ ਸੀ ਕਿ ਉਸ ਨੂੰ ਪਤਾ ਹੈ ਕਿ ਸਵਰਨ ਮੰਦਿਰ ਵਿੱਚ ਹਥਿਆਰ ਬਣਾਏ ਜਾ ਰਹੇ ਸਨ। ਜਿਸ ਹਥਿਆਰ ਬਾਰੇ ਫ਼ੌਜ ਨੂੰ ਨਾ ਪਤਾ ਹੋਵੇ ਉਹ ਰਾਕਟਾਂ ਰਾਹੀਂ ਟੈਂਕਾਂ ਉਪਰ ਚਲਾਏ ਜਾਣ ਵਾਲੇ ਚੀਨੀ ਗਰਨੇਡ ਸਨ। ਪਰ ਉਹਨਾਂ ਦੀ ਮੁੱਢਲੀ ਵਿਉਂਤ ਵਿੱਚ ਤਾਂ ਬਕਤਰਬੰਦ ਫ਼ੌਜ ਵਰਤਣ ਦੀ ਯੋਜਨਾ ਹੀ ਨਹੀਂ ਸੀ।

ਭਿੰਡਰਾਂਵਾਲੇ ਦੀ ਲੜਨ ਦੀ ਇੱਛਾ ਦਾ ਅਨੁਮਾਨ ਨਾ ਲਾਏ ਜਾਣ ਦੀ ਅਸਫਲਤਾ ਵਰਨਣ ਕਰਨੀ ਆਸਾਨ ਹੈ। ਭਿੰਡਰਾਂਵਾਲਾ ਇਕ ਕਾਇਰ ਵਿਅਕਤੀ ਵਜੋਂ ਜਾਣਿਆ ਜਾਂਦਾ ਸੀ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਆਪਣੀ ਪ੍ਰਸਿੱਧਤਾ ਦੇ ਆਰੰਭਲੇ ਦਿਨਾਂ ਵਿੱਚ ਨਿਰੰਕਾਰੀਆਂ ਵਿਰੁੱਧ ਹਮਲੇ ਸਮੇਂ ਆਪ ਕਿਧਰੇ ਆਸੇ-ਪਾਸੇ ਹੋ ਗਿਆ ਸੀ, ਬੱਤਖ਼ ਵਾਂਗੂ ਚੁੱਭੀ ਮਾਰ ਗਿਆ ਸੀ। ਉਸ ਨੇ ਗ੍ਰਿਫ਼ਤਾਰੀ ਤੋਂ ਬਚਣ ਲਈ ਤਿੰਨ ਵਾਰ ਗੁਰਦੁਆਰਿਆਂ ਵਿੱਚ ਪਨਾਹ ਲਈ ਸੀ। ਜੇ ਭਿੰਡਰਾਂਵਾਲਾ ਆਪਣੀ ਬੁਜ਼ਦਿਲੀ ਦੀ ਸ਼ੁਹਰਤ ਨੂੰ ਕਾਇਮ ਰੱਖਦਿਆਂ ਆਤਮ ਸਮਰਪਣ ਕਰ ਦਿੰਦਾ ਤਾਂ ਸਾਰਾ ਮੁਕਾਬਲਾ ਖ਼ਤਮ ਹੋ ਜਾਂਦਾ।

ਇਹ ਵੀ ਸਮਝ ਆਉਂਦੀ ਹੈ ਕਿ ਫ਼ੌਜ ਨੇ ਆਤੰਕਵਾਦੀਆਂ ਦੀ ਸਿਖਲਾਈ ਨੂੰ ਵੀ ਘਟਾ ਕੇ ਦੇਖਿਆ। ਉਹ ਯੁਵਕ ਜੋ ਉਸ ਸਮੇਂ ਭਿੰਡਰਾਂਵਾਲੇ ਦੇ ਇਰਦ-ਗਿਰਦ ਘੁੰਮਦੇ ਰਹੇ ਸਨ ਜਦੋਂ ਉਹ ਸਭਾ ਸਮਾਗਮ ਜਾਂ ਸਵੇਰ ਸਮੇਂ ਦੀ ਸੰਗਤ ਨੂੰ ਵਖਿਆਨ ਕਰਦਾ ਸੀ, ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਨਹੀਂ ਸਨ। ਉਹ ਇਧਰ-ਉਧਰ, ਲੰਗਰ ਦੀ ਮੁੰਡੇਰ ਜਾਂ ਕਿੰਗਰੇ ਦੇ ਸਹਾਰੇ ਖੜ੍ਹੇ ਇਕ ਦੂਸਰੇ ਨਾਲ ਗੱਪਾਂ ਮਾਰਦੇ ਰਹਿੰਦੇ ਸਨ। ਉਹ ਆਪਣੇ ਨੇਤਾ ਦੀ ਖ਼ਾਤਿਰ ਜਾਨ ਵਾਰਨ ਲਈ ਤਿਆਰ ਲੜਾਕੇ ਯੋਧਿਆਂ ਨਾਲੋਂ ਲੁਟੇਰੇ ਵਧੇਰੇ ਲੱਗਦੇ ਸਨ। ਫਿਰ ਵੀ ਜਰਨੈਲਾਂ ਨੂੰ ਰੱਖਿਆ-ਪ੍ਰਬੰਧਾਂ ਨੂੰ ਘਟਾ ਕੇ ਵੇਖਣ ਦਾ ਅੰਦਾਜ਼ਾ ਨਹੀਂ

ਲਾਉਣਾ ਚਾਹੀਦਾ ਸੀ ਤੇ ਉਹਨਾਂ ਨੇ ਉਹੋ ਹੀ ਕੁਝ ਕੀਤਾ। ਉਹਨਾਂ ਨੂੰ ਕੁਝ ਸਮਾਂ ਪਹਿਲਾਂ ਹੀ ਪਤਾ ਲੱਗ ਗਿਆ ਕਿ ਮੇਜਰ ਜਨਰਲ ਸ਼ਾਹਬੇਗ ਸਿੰਘ ਸਵਰਨ ਮੰਦਿਰ ਦੀ ਕਿਲ੍ਹਾਬੰਦੀ ਕਰ ਰਿਹਾ ਸੀ। ਉਹ ਜਾਣਦੇ ਸਨ ਕਿ ਉਹ ਇਕ ਬੜਾ ਹੁਸ਼ਿਆਰ ਤੇ ਨਿਪੁੰਨ ਫ਼ੌਜੀ ਸੀ, ਫਿਰ ਵੀ ਉਹਦੇ ਹਰ ਫੰਦੇ ਵਿੱਚ ਫਸਦੇ ਗਏ।

ਜਿਹੜੇ ਅਫ਼ਸਰਾਂ ਨਾਲ ਸਤੀਸ਼ ਜੇਕਬ ਨੇ ਗੱਲ ਕੀਤੀ, ਉਹ ਸਾਰੇ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੈਰੋਕਾਰਾਂ ਦੇ ਹੌਸਲੇ ਤੇ ਉਹਨਾਂ ਦੀ ਪ੍ਰਤਿਬੱਧਤਾ ਤੋਂ ਹੈਰਾਨ ਰਹਿ ਗਏ ਸਨ। ਇਕ ਅਫ਼ਸਰ ਨੇ ਕਿਹਾ, "ਦੇਖ ਕਾਕਾ, ਉਹਨਾਂ ਨੇ ਸਾਡਾ ਕਿਤਨਾ ਸ਼ਾਨਦਾਰ ਮੁਕਾਬਲਾ ਕੀਤਾ। ਜੇ ਮੇਰੇ ਕੋਲ ਉਹਨਾਂ ਵਰਗੇ ਜਵਾਨਾਂ ਦੀਆਂ ਤਿੰਨ ਸੈਨਾ ਟੁਕੜੀਆਂ (ਡਵੀਜ਼ਨਾਂ) ਹੁੰਦੀਆਂ ਤਾਂ ਮੈਂ ਕਦੇ ਦਾ ਪਾਕਿਸਤਾਨੀ ਰਾਸ਼ਟਰਪਤੀ ਦੇ ਰਗੜੇ ਕੱਢ ਦਿੰਦਾ।" ਇਕ ਹੋਰ ਨੇ ਸਤੀਸ਼ ਜੇਕਬ ਨੂੰ ਕਿਹਾ, "ਮੈਂ ਬਹੁਤ ਲੜਾਈਆਂ ਦੇਖੀਆਂ ਹਨ, ਪਰ ਮੈਂ ਤੈਨੂੰ ਕਹਿ ਸਕਦਾ ਹਾਂ ਕਿ ਮੈਂ ਅਜਿਹੀ ਲੜਾਈ ਕਦੇ ਨਹੀਂ ਦੇਖੀ। ਉਹ ਆਤੰਕਵਾਦੀ ਪੂਰੀ ਤਰ੍ਹਾਂ ਵਚਨਬੱਧ ਸਨ। ਸਾਥੋਂ ਉਹਨਾਂ ਨੂੰ ਕਾਫ਼ੀ ਮਾਰ ਪਈ। ਉਹਨਾਂ ਨੂੰ ਸਮਝ ਆ ਜਾਣੀ ਚਾਹੀਦੀ ਸੀ ਕਿ ਉਹ ਫ਼ੌਜ 'ਤੇ ਜਿੱਤ ਪ੍ਰਾਪਤ ਨਹੀਂ ਕਰ ਸਕਦੇ। ਜੇ ਸਾਡਾ ਇਕ ਹਥਿਆਰ ਕੰਮ ਨਾ ਆਉਂਦਾ, ਅਸੀਂ ਦੂਸਰਾ ਲੈ ਆਉਂਦੇ। ਉਹ ਅਸਫਲ ਹੁੰਦਾ, ਹੋਰ ਲੈ ਆਉਂਦੇ।" ਤੀਸਰੇ ਨੇ ਇਸੇ ਗੱਲ ਨੂੰ ਹੋਰ ਸੰਖੇਪਤਾ ਨਾਲ ਕਿਹਾ, "ਹਰਾਮੀ ਸਾਨੂੰ ਅੰਦਰ ਪ੍ਰਵੇਸ਼ ਕਰਨ ਹੀ ਨਹੀਂ ਦਿੰਦੇ ਸਨ।"

ਜਿਹੜੇ ਭਾਰਤੀ ਤੇ ਵਿਦੇਸ਼ੀ ਫ਼ੌਜੀ ਮਾਹਿਰਾਂ ਨਾਲ ਅਸੀਂ ਗੱਲਬਾਤ ਕੀਤੀ ਹੈ, ਉਹਨਾਂ ਦਾ ਵਿਸ਼ਵਾਸ ਹੈ ਕਿ ਵਿਉਂਤਬੰਦੀ ਤੇ ਜਾਸੂਸੀ (ਗੁਪਤ ਜਾਣਕਾਰੀ) ਦੋਹਾਂ ਵਿੱਚ ਹੀ ਗ਼ਲਤੀਆਂ ਤੇ ਘਾਟਾਂ ਸਨ। ਮਿਸਾਲ ਵਜੋਂ ਰਿਟਾਇਰਡ ਲੈਫ਼. ਜਰਨੈਲ ਜਗਜੀਤ ਸਿੰਘ ਅਰੋੜਾ ਨੇ ਕਿਹਾ ਕਿ ਵਿਉਂਤਬੰਦੀ ਤੋਂ ਤਦ-ਅਰਥਤਾ ਜਾਂ ਤੱਤ-ਫੱਟ ਕਾਰਵਾਈ ਦੀ ਝਲਕ ਮਿਲਦੀ ਹੈ। ਉਸ ਨੇ ਮੈਨੂੰ ਦੱਸਿਆ ਕਿ ਫ਼ੌਜ ਨੂੰ ਬਿਨਾਂ ਲੋੜੀਂਦੀ ਯੋਜਨਾ, ਜਾਸੂਸੀ ਤੇ ਗੁਪਤ ਸਰਵੇਖਣ ਦੇ ਕਾਹਲੀ ਨਾਲ ਕਾਰਵਾਈ ਕਰਨ ਲਈ ਕਿਹਾ ਗਿਆ ਸੀ। ਜਾਪਦਾ ਹੈ ਕਿ ਫ਼ੌਜ ਨੂੰ ਦੋ ਹਫ਼ਤੇ ਦਾ ਸਮਾਂ ਹੀ ਦਿੱਤਾ ਗਿਆ ਸੀ। ਅਰੋੜਾ ਨੇ ਛਾਪਾਮਾਰ ਦਸਤੇ ਦੀ ਵਰਤੋਂ ਦੀ ਵੀ ਆਲੋਚਨਾ ਕੀਤੀ। ਉਸ ਨੇ ਕਿਹਾ, "ਛਾਪਾਮਾਰ ਦਸਤਿਆਂ ਦੀ ਇਥੋਂ ਵਰਤੋਂ ਕਰਨ ਦੇ ਲਾਭ ਸੰਦੇਹਪੂਰਨ ਸਨ। ਜੇਕਰ ਇਸ ਵਿੱਚ ਅਸਚਰਜਤਾ ਵਾਲੀ ਕੋਈ ਗੱਲ ਨਾ ਹੋਵੇ ਤਾਂ ਇਹ ਆਮ ਪਿਆਦਾ ਜਵਾਨਾਂ ਨਾਲੋਂ ਬੇਹਤਰ ਨਹੀਂ ਹੁੰਦੇ।" ਰਿਟਾਇਰਡ ਜਰਨੈਲ ਦਾ ਯਕੀਨ ਸੀ ਕਿ ਅਕਾਲ ਤਖ਼ਤ ਉਪਰ ਇਸ ਦੇ ਗਿਰਦ ਭੀੜੀਆਂ ਗਲੀਆਂ ਰਾਹੀਂ ਹਮਲਾ ਕਰਕੇ ਕਬਜ਼ਾ ਕਰਨਾ ਵਧੇਰੇ ਸੌਖਾ ਸੰਭਵ ਹੁੰਦਾ। ਲੈਫ਼. ਜਨਰਲ ਸੁੰਦਰ ਜੀ ਦਾ ਇਸ ਤਰ੍ਹਾਂ ਕਰਨ ਦੀ ਅਸਫਲਤਾ ਬਾਰੇ ਇਹ ਵਰਨਣ ਜਾਂ ਸਪੱਸ਼ਟੀਕਰਨ ਸੀ ਕਿ ਆਤੰਕਵਾਦੀਆਂ ਨੇ ਪਹਿਲਾਂ ਇਹਨਾਂ ਗਲੀਆਂ ਦੇ ਉਪਰਲੇ ਘਰਾਂ 'ਤੇ ਕਬਜ਼ਾ ਕੀਤਾ ਹੋਇਆ ਸੀ। ਸੇਵਾ ਨਵਿਰਤ ਲੈਫ਼. ਜਨਰਲ ਹਰਬਖ਼ਸ਼ ਸਿੰਘ ਨੇ ਜੋ 20 ਸਾਲ ਤੋਂ ਸਿੱਖ ਪਲਟਨ ਦਾ ਮਾਨਸੇਵੀ (ਸਨਮਾਨ ਸੂਚਕ) ਕਰਨਲ ਰਿਹਾ ਸੀ, ਪਿਆਦਾ ਫ਼ੌਜ ਦੇ ਹਮਲੇ ਦੇ ਸਮੁੱਚੇ ਸੰਕਲਪ ਦੀ ਆਲੋਚਨਾ ਕੀਤੀ ਸੀ, "ਤੁਸੀਂ ਉਥੇ ਪਿਆਦਾ ਫ਼ੌਜ ਨਹੀਂ ਭੇਜਦੇ ਜਿਥੇ ਕੋਈ "ਲੁਕਾ" ਨਾ ਹੋਵੇ।" ਸੇਵਾ ਨਿਵਿਰਤ ਮੇਜਰ ਜਨਰਲ ਐਸ.ਐਨ. ਅੰਤੀਆ ਨੇ "ਸਟੇਟਸਮੈਨ" ਅਖ਼ਬਾਰ ਨੂੰ ਲਿਖਦਿਆਂ

ਆਲੋਚਨਾ ਦੀ ਸੂਚੀ ਵਿੱਚ ਹੋਰ ਵਾਧਾ ਕਰ ਦਿੱਤਾ। ਉਸ ਨੇ ਦਾਅਵਾ ਕੀਤਾ ਕਿ "ਸਿਵਲ ਤੇ ਫ਼ੌਜੀ ਵਿਵਸਥਾ ਦਾ ਇਹ ਅਨੁਮਾਨ ਹੀ ਗ਼ਲਤ ਸੀ ਕਿ ਆਤੰਕਵਾਦੀ ਆਤਮ ਸਮਰਪਣ ਕਰ ਦੇਣਗੇ।"

ਪੱਛਮੀ ਮੁਲਕਾਂ ਦੇ ਰਾਜਦੂਤੀ ਮਿਸ਼ਨ ਦੇ ਇਕ ਅਤਾਸ਼ੇ (ਰਾਜਦੂਤ ਸਹਿਕਾਰੀ) ਨੇ ਪਿਆਦਾ ਫ਼ੌਜ ਨਾਲ ਅਕਾਲ ਤਖ਼ਤ ਤੇ ਹਮਲਾ ਕਰਨ ਦੀਆਂ ਕੋਸ਼ਿਸ਼ਾਂ ਦੀ ਆਲੋਚਨਾ ਕੀਤੀ ਹੈ। ਜਦੋਂ ਇਹ ਸਾਫ਼ ਜ਼ਾਹਿਰ ਸੀ ਕਿ ਪਿਆਦਾ ਫ਼ੌਜ ਅਕਾਲ ਤਖ਼ਤ ਦੇ ਸਾਹਮਣੇ ਵਾਲੇ ਵਿਹੜੇ ਤੋਂ ਅੱਗੇ ਜਾ ਸਕਣ ਦੇ ਸਮਰੱਥ ਨਹੀਂ ਹੋ ਰਹੀ ਸੀ। ਉਸ ਨੇ ਕਿਹਾ, "ਪਹਿਲੇ ਵਿਸ਼ਵ ਯੁੱਧ ਸਮੇਂ ਵੀ ਕੁਮਕ ਭੇਜਣ ਵਿੱਚ ਅਸਫਲਤਾ ਹੀ ਮਿਲੀ ਸੀ।" ਫ਼ੌਜੀ ਰਾਜਦੂਤਕ ਸਹਿਕਾਰੀ ਨੇ ਵਿਸ਼ਵਾਸ ਨਾਲ ਕਿਹਾ ਕਿ ਮੁੱਖ ਚੌਂਕੀ 'ਤੇ ਤਿੰਨ ਜਰਨੈਲਾਂ ਦਾ ਹੋਣਾ ਵੀ ਗ਼ਲਤੀ ਸੀ। ਉਸ ਨੇ ਕਿਹਾ ਕਿ ਇਹ ਕਾਰਵਾਈ ਦੀ ਵਿਉਂਤ ਤੇ ਸੰਚਾਲਨ ਬ੍ਰਿਗੇਡ ਪੱਧਰ 'ਤੇ ਹੋਣੀ ਚਾਹੀਦੀ ਸੀ। ਜਰਨੈਲਾਂ ਨੇ ਹੇਠਲੇ ਪੱਧਰ ਦੇ ਕਮਾਨ ਅਧਿਕਾਰੀਆਂ ਨੂੰ ਕਠਿਨ ਸਥਿਤੀ ਵਿੱਚ ਪਾਇਆ। ਫ਼ੌਜ ਦਾ ਰਾਜਦੂਤਕ ਸਹਿਕਾਰੀ ਇਹ ਵੀ ਨਹੀਂ ਮੰਨਦਾ ਕਿ ਸਾਹਮਣੇ ਤੋਂ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਜ਼ਰੂਰੀ ਸੀ। ਉਸ ਦਾ ਖ਼ਿਆਲ ਹੈ ਕਿ ਭਾਰਤੀ ਸੈਨਾ ਨੂੰ ਨਫ਼ੀਸ ਆਧੁਨਿਕ ਯੰਤਰਾਂ ਸਮੇਤ ਬਿਜਲਈ ਸੰਵੇਦਨਾਤਮਕ ਯੰਤਰਾਂ ਤੇ ਸੰਚਾਰ ਸਾਧਨਾਂ ਨੂੰ ਰੋਕਣ ਲਈ ਗੈਸ, ਧੂੰਆਂ ਤੇ ਹੋਰ ਆਧੁਨਿਕ ਯੰਤਰਾਂ ਦੀ ਮੰਗ ਕਰਨੀ ਚਾਹੀਦੀ ਸੀ ਤੇ ਉਸ ਮਗਰੋਂ ਹੀ ਛਾਤਾਮਾਰ ਦਸਤੇ ਨਾਲ ਹਮਲਾ ਕਰਨਾ ਚਾਹੀਦਾ ਸੀ। ਸੈਨਿਕ ਰਾਜਦੂਤਕ ਸਹਿਕਾਰੀ ਨੇ ਕਿਹਾ ਕਿ ਭਾਰਤੀ ਸੈਨਾ ਆਪਣੇ ਆਕਾਰ ਤੇ ਮਾਰੂ ਸ਼ਕਤੀ ਕਾਰਨ ਘੁਮੰਡੀ ਬਣ ਗਈ ਸੀ। ਐਂਟੀਬ ਤੇ ਈਰਾਨੀ ਸਫ਼ਾਰਤਖ਼ਾਨੇ ਦੀ ਘੇਰਾਬੰਦੀ ਦੇ ਯੁੱਗ ਵਿੱਚ ਇਹ ਸਮਝਣਾ ਬੜਾ ਔਖਾ ਹੈ ਕਿ ਭਾਰਤੀ ਸੈਨਾ ਨੇ ਸਵਰਨ ਮੰਦਿਰ ਉਪਰ ਕਬਜ਼ਾ ਕਰਨ ਲਈ ਅਜਿਹਾ ਮਹਿੰਗਾ ਤੇ ਕੁਢੱਬਾ ਤੇ ਅਨਾੜੀਆਂ ਵਾਲਾ ਫੂਹੜ ਮਾਰਗ ਕਿਉਂ ਚੁਣਿਆ। ਉਹ ਜੇ ਘੇਰਾ-ਬੰਦੀ ਕਰਦੇ ਤਾਂ ਬਹੁਤ ਜ਼ਿਆਦਾ ਬੇਹਤਰ ਸਥਿਤੀ 'ਚ ਹੁੰਦੇ।

ਲੈਫ਼. ਜਨਰਲ ਸੁੰਦਰ ਜੀ ਨੇ ਘੇਰਾਬੰਦੀ ਨੂੰ ਰੱਦ ਕਰਨ ਦੀ ਬੜੀ ਲੰਬੀ ਸਫ਼ਾਈ ਪੇਸ਼ ਕੀਤੀ, ਜਦੋਂ ਉਹ ਇਸ ਮੁਹਿਮ ਪਿੱਛੋਂ ਪੱਤਰਕਾਰਾਂ ਨੂੰ ਮਿਲਿਆ। ਕਿਉਂਕਿ ਉਸ ਦੀ ਆਮ ਹੀ ਇਸ ਫ਼ੈਸਲੇ ਕਾਰਨ ਆਲੋਚਨਾ ਕੀਤੀ ਗਈ ਹੈ, ਇਸ ਲਈ ਉਸ ਦੇ ਨਿਰਣੇ ਦੇ ਪੂਰੇ ਕਾਰਨ ਦੱਸਣੇ ਜ਼ਰੂਰੀ ਹਨ। ਉਸ ਨੇ ਆਪਣੇ ਆਪ ਨੂੰ ਇਹ ਸੁਆਲ ਕੀਤੇ :—

"ਕੀ ਇਹਨਾਂ ਇਮਾਰਤਾਂ ਵਿੱਚ ਲੁਕੇ ਆਤੰਕਵਾਦੀਆਂ ਨੂੰ ਪਹਿਲਾਂ ਤਾੜਨਾ ਕਰਕੇ ਘੇਰਾ ਪਾਉਣਾ ਤੇ ਜ਼ਰੂਰਤ ਹੋਵੇ ਤੇ ਉਹਨਾਂ ਨੂੰ ਭੁੱਖੇ ਤਿਹਾਏ ਰੱਖ ਕੇ ਥਕਾ ਦੇਣਾ ਸੰਭਵ ਹੋਵੇਗਾ? ਕੀ ਉਹਨਾਂ ਨੂੰ ਬਾਹਰ ਆਉਣ ਲਈ ਰਾਜ਼ੀ ਨਹੀਂ ਕਰ ਲੈਣਾ ਸੰਭਵ ਹੋਵੇਗਾ? ਦੇਖਣ ਨੂੰ ਤਾਂ ਭਾਵੇਂ ਜ਼ਾਹਿਰਾ ਤੌਰ 'ਤੇ ਇਹ ਆਕਰਸ਼ਕ ਸੀ, ਪਰ ਜਦੋਂ ਮੈਂ ਹੋਰ ਵਿਸ਼ਲੇਸ਼ਣ ਕੀਤਾ ਤਾਂ ਮੈਂ ਮਹਿਸੂਸ ਕੀਤਾ ਕਿ ਨਿਮਨ ਦਲੀਲਾਂ ਕਾਰਨ ਇਹ ਯਥਾਰਥਕ ਤੇ ਵਿਵਹਾਰਕ ਨਹੀਂ ਸੀ। ਪਹਿਲੀ ਗੱਲ ਤਾਂ ਇਹ ਹੈ ਕਿ ਸਵਰਨ ਮੰਦਿਰ ਨੂੰ ਘੇਰਾ ਪਾਉਣ ਦੀ ਗੱਲ ਕਾਗਜ਼ੀ ਰੂਪ ਵਿੱਚ ਚੰਗੀ ਲੱਗਦੀ ਹੈ ਪਰੰਤੂ ਅਮਲੀ ਰੂਪ ਵਿੱਚ ਸਵਰਨ ਮੰਦਿਰ ਨੂੰ ਭਾਰੀ ਫ਼ੌਜ ਨਾਲ ਘੇਰਾ ਪਾਉਣ ਦੀ ਯੋਜਨਾ ਪ੍ਰਭਾਵਸ਼ਾਲੀ ਤੇ ਸਾਰਥਕ ਨਹੀਂ ਹੋਣੀ ਸੀ, ਕਿਉਂਕਿ ਤੁਹਾਡੇ ਵਿੱਚ ਜਿਨ੍ਹਾਂ ਨੂੰ ਉਸ ਖੇਤਰ ਦੀ ਜਾਣਕਾਰੀ

ਹੈ, ਉਹਨਾਂ ਨੂੰ ਪਤਾ ਹੈ ਕਿ ਮੰਦਿਰ ਦੇ ਆਲੇ-ਦੁਆਲੇ ਅਤਿਅੰਤ ਨਜ਼ਦੀਕ ਇਮਾਰਤਾਂ ਹਨ। ਤਹਿਖ਼ਾਨੇ 'ਚੋਂ ਚੱਕਰਦਾਰ ਲੰਘਦੇ ਰਸਤੇ ਤੇ ਇਮਾਰਤਾਂ ਵਿਚਲੇ ਰਾਹ ਪਹਿਲਾਂ ਹੀ ਆਤੰਕਵਾਦੀਆਂ ਦੇ ਕਬਜ਼ੇ ਵਿੱਚ ਸਨ। ਇਸ ਲਈ ਪ੍ਰਭਾਵਪੂਰਤ ਤੇ ਸਾਰਥਕ ਘੇਰਾਬੰਦੀ ਸੰਦੇਹ ਪੂਰਨ ਸੀ। ਦੂਸਰੀ ਗੱਲ ਇਹ ਹੈ ਕਿ ਉਹਨਾਂ ਕੋਲ ਭੋਜਨ ਦਾ ਪਹਿਲਾਂ ਹੀ ਕਾਫ਼ੀ ਜ਼ਖ਼ੀਰਾ ਸੀ। ਉਹਨਾਂ ਕੋਲ ਬਾਰੂਦ ਗੋਲਾ ਤੇ ਜੰਗੀ ਸਾਜ਼ੋ ਸਮਾਨ ਦਾ ਕਾਫ਼ੀ ਵੱਡਾ ਭੰਡਾਰ ਸੀ। ਪਾਣੀ ਤਾਂ ਸਰੋਵਰ ਵਿੱਚ ਹੈ ਹੀ ਸੀ। ਸੋ ਇਹਨਾਂ ਪਹਿਲੂਆਂ ਤੋਂ ਉਹਨਾਂ ਨੂੰ ਕੋਈ ਘਾਟ ਜਾਂ ਥੋੜ੍ਹ ਆਉਣ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਸੀ। ਸਿਧਾਂਤਕ ਤੌਰ 'ਤੇ ਇਹ ਮਹੀਨੇ ਜਾਂ ਉਸ ਤੋਂ ਵੀ ਲੰਮੇਰੇ ਸਮੇਂ ਲਈ ਸ਼ਾਇਦ ਕੋਈ ਸੰਭਾਵਨਾ ਹੁੰਦੀ।

ਹੁਣ ਸਾਨੂੰ ਸਭ ਨੂੰ ਇਹ ਜਾਣਕਾਰੀ ਹੈ ਕਿ ਉਹਨਾਂ ਦੀ ਯੋਜਨਾ ਨਿਰਦੋਸ਼, ਧਾਰਮਿਕ ਸ਼ਰਧਾ ਵਾਲੇ ਭੋਲੇ ਭਾਲੇ ਪੇਂਡੂ ਲੋਕਾਂ ਨੂੰ ਵਰਤਣਾ ਸੀ। ਉਹਨਾਂ ਦੀ ਯੋਜਨਾ ਲੋਕਾਂ ਨੂੰ ਭੜਕਾ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਵਰਨ ਮੰਦਿਰ ਲਿਆਉਣਾ ਸੀ ਤੇ ਇਸ ਤਰ੍ਹਾਂ ਮੰਦਿਰ ਦੇ ਬਾਹਰ ਤੇ ਅੰਦਰ ਭੀੜ ਇਕੱਠੀ ਕਰਕੇ ਫ਼ੌਜ ਵੱਲੋਂ ਉਹਨਾਂ ਨੂੰ ਬਾਹਰ ਕੱਢਣ ਦੀ ਕਾਰਵਾਈ ਨੂੰ ਬੇਅਸਰ ਕਰਨਾ ਸੀ। ਇਹ ਸਾਡੀ ਪੱਕੀ ਜਾਣਕਾਰੀ ਸੀ। ਅਸੀਂ ਪਿੰਡਾਂ ਨੂੰ ਜਾਂਦੇ ਸੰਦੇਸ਼ ਵੀ ਪਕੜੇ ਸਨ। ਇਸ ਲਈ ਕੋਈ ਵੀ ਲੰਮੇ ਸਮੇਂ ਦਾ ਘੇਰਾ ਜਾਂ ਨਾਕਾਬੰਦੀ (ਜੇ ਇਹ ਸੰਭਵ ਵੀ ਹੁੰਦੀ) ਵਿੱਚ ਜਨਤਕ ਲਹਿਰ ਕਾਰਨ ਸਮਾਪਤ ਹੋ ਜਾਂਦੀ। ਇਸ ਨਾਲ ਹਰ ਕਾਰਵਾਈ ਰੁਕ ਜਾਂਦੀ ਭਾਵੇਂ ਮਾਸੂਮ ਲੋਕਾਂ ਨੂੰ ਮੌਤ ਦੇ ਮੂੰਹ ਤੋਂ ਬਚਾਉਣ ਲਈ ਕਿੰਨੀ ਵੀ ਫ਼ੌਜ ਲਗਾਈ ਜਾਂਦੀ ਤੇ ਭਾਵੇਂ ਅਸੀਂ ਉਹਨਾਂ ਨੂੰ ਰੋਕਣ ਲਈ ਸਖ਼ਤੀ ਨਾਲ ਕਰਫ਼ਿਊ ਵੀ ਲਾ ਦਿੰਦੇ ਤੇ ਇਹ ਵੀ ਯਕੀਨੀ ਬਣਾ ਦਿੰਦੇ ਕਿ ਲੋਕ, ਲਹਿਰ ਦੇ ਰੂਪ ਵਿੱਚ ਇਕੱਠੇ ਨਾ ਹੁੰਦੇ। ਪਰ ਜਿਵੇਂ ਤੁਸੀਂ ਸਾਰੇ ਹੀ ਜਾਣਦੇ ਹੋ ਕਿ ਅਜਿਹੇ ਸਥਾਨਾਂ ਨਾਲ ਨਜਿੱਠਣ ਲਈ ਕਰਫ਼ਿਊ ਵੱਧ ਤੋਂ ਵੱਧ ਤਿੰਨ ਚਾਰ ਦਿਨ ਲਈ ਲਾਇਆ ਜਾ ਸਕਦਾ ਸੀ। ਇਸ ਤੋਂ ਵਧੀਕ ਦਿਨਾਂ ਲਈ ਕਰਫ਼ਿਊ ਲਾਉਣਾ ਸੰਭਵ ਨਾ ਹੁੰਦਾ। ਮੈਂ ਬੜੇ ਦੁਖ ਨਾਲ ਇਸ ਸਿੱਟੇ 'ਤੇ ਪਹੁੰਚਿਆ ਕਿ ਇਹ ਕਾਰਜ ਪੂਰਾ ਕਰਨਾ ਹੀ ਹੈ। ਹੁਣ ਸਵਰਨ ਮੰਦਿਰ ਵਿੱਚ ਦਾਖ਼ਲ ਹੋਣ ਬਿਨਾਂ ਕੋਈ ਚਾਰਾ ਨਹੀਂ ਸੀ।

ਜਿਸ ਕਿਸੇ ਸੇਵਾ ਨਿਵਿਰਤ ਸਿੱਖ ਜਰਨੈਲ ਨਾਲ ਮੈਂ ਗੱਲਬਾਤ ਕੀਤੀ, ਉਹਨਾਂ ਵਿੱਚੋਂ ਕਿਸੇ ਨੇ ਵੀ ਇਸ ਸਫ਼ਾਈ ਜਾਂ ਵਿਆਖਿਆ ਨੂੰ ਪ੍ਰਵਾਨ ਨਾ ਕੀਤਾ। ਲੈਫ਼. ਜਨਰਲ ਅਰੋੜਾ ਨੇ ਮਹਿਸੂਸ ਕੀਤਾ ਕਿ ਸਾਰੇ ਪੰਜਾਬ ਵਿੱਚ ਭਾਰੀ ਫ਼ੌਜ ਦੀ ਨਿਯੁਕਤੀ ਲੋਕਾਂ ਨੂੰ ਹਰਿਮੰਦਰ ਵੱਲ ਕੂਚ ਕਰਨ ਲਈ ਕਾਫ਼ੀ ਹੋਣੀ ਸੀ ਜਦੋਂ ਕਿ ਲੈਫ਼. ਜਨਰਲ ਹਰਬਖ਼ਸ਼ ਸਿੰਘ ਦਾ ਵਿਸ਼ਵਾਸ ਸੀ ਕਿ ਭਿੰਡਰਾਂਵਾਲੇ ਨੂੰ ਪਵਿੱਤਰ ਸਰੋਵਰ ਨੂੰ ਆਉਂਦਾ ਪਾਣੀ ਰੋਕ ਕੇ ਤੇ ਲੰਗਰ ਦੇ ਭਾਰੀ ਜ਼ਖ਼ੀਰੇ ਨੂੰ ਮੰਦਰ ਸਮੂਹ ਨਾਲੋਂ ਵੱਖ ਕਰਕੇ ਭਿੰਡਰਾਂਵਾਲੇ ਨੂੰ ਭੁੱਖਾ ਪਿਆਸਾ ਮਾਰਿਆ ਜਾ ਸਕਦਾ ਸੀ।

ਦੂਸਰਾ ਸੁਆਲ ਜਿਹੜਾ ਆਤੰਕਵਾਦੀਆਂ ਨੂੰ ਬਾਹਰ ਕੱਢਣ ਬਾਰੇ ਪੁੱਛਿਆ ਜਾ ਸਕਦਾ ਹੈ, ਉਹ ਇਹ ਸੀ ਕਿ ਦੋਹਾਂ ਸਮੂਹਾਂ ਵਿੱਚ ਨਿਰਦੋਸ਼ ਲੋਕਾਂ ਨਾਲ ਫ਼ੌਜ ਦਾ ਵਤੀਰਾ ਕਿੰਨਾ ਅਨੁਸ਼ਾਸਨ ਤੇ ਹਮਦਰਦੀ ਵਾਲਾ ਤੇ ਮਾਨਵ-ਹਿਤੈਸ਼ੀ ਸੀ। ਦੋਹਾਂ ਸਮੂਹਾਂ ਵਿੱਚ ਚਸ਼ਮਦੀਦ ਗਵਾਹਾਂ ਨੇ ਕਿਹਾ ਕਿ ਆਤਮ ਸਮਰਪਣ ਕਰਨ ਵਾਲਿਆਂ ਦੇ ਹੱਥ ਪਿੱਛੇ ਬੰਨ੍ਹੇ ਗਏ ਸਨ ਤੇ ਉਹਨਾਂ ਨੂੰ ਗੋਲੀ ਮਾਰੀ ਗਈ ਸੀ। ਇਕ ਡੀ.ਐਸ.ਪੀ. ਜਿਸ ਨੇ

ਲਾਸ਼ਾਂ ਵੇਖੀਆਂ ਸਨ ਤੇ ਇਕ ਡਾਕਟਰ ਜਿਸ ਨੇ ਸ਼ਵ-ਪ੍ਰੀਖਿਆ ਕੀਤੀ ਸੀ, ਉਸ ਨੇ ਐਸੋਸੀਏਟਡ ਪ੍ਰੈਸ ਦੇ ਪੱਤਰਕਾਰ ਬ੍ਰਹਮ ਚਲਾਣੀ ਨੂੰ ਦੱਸਿਆ (ਜੋ ਫ਼ੌਜੀ ਹਮਲੇ ਦੌਰਾਨ ਅੰਮ੍ਰਿਤਸਰ ਵਿੱਚ ਰਹਿਣ ਵਿੱਚ ਕਾਮਯਾਬ ਹੋ ਗਿਆ ਸੀ) ਕਿ ਬਹੁਤ ਸਾਰੇ ਮਾਰੇ ਗਏ ਸਿੱਖਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਦਿਸਦੇ ਹਨ। ਸਾਡੇ ਕੋਲ ਐਸੀਆਂ ਫ਼ੋਟੋਆਂ ਵੀ ਹਨ ਜਿਨ੍ਹਾਂ ਤੋਂ ਕੈਦੀਆਂ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ ਤੇ ਸ਼ਵ-ਪ੍ਰੀਖਿਆ ਦੀ ਰਿਪੋਰਟ ਦੱਸਦੀ ਹੈ ਕਿ ਇਕ ਲਾਸ਼ ਦੇ ਗੋਲੀ ਵੱਜੀ ਹੋਈ ਸੀ। ਫਿਰ ਵੀ ਭਾਰਤ ਸਰਕਾਰ ਨੇ ਇਹਨਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਸਰਕਾਰ ਤਾਂ ਸਗੋਂ ਐਸੋਸੀਏਟਡ ਪ੍ਰੈਸ ਵਿਰੁੱਧ ਇਹ ਸੂਚਨਾ ਦੇਣ ਕਾਰਨ ਫ਼ੌਜਦਾਰੀ ਮੁਕੱਦਮਾ ਕਰਨ ਦੀ ਧਮਕੀ ਵੀ ਦਿੰਦੀ ਸੀ। ਸਾਨੂੰ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਫ਼ੌਜ ਨੇ ਸਿੱਖਾਂ ਦੇ ਪਿੱਠ ਪਿੱਛੇ ਹੱਥ ਜ਼ਰੂਰ ਬੰਨ੍ਹੇ ਸਨ। ਜਦੋਂ ਉਹਨਾਂ ਲੋਕਾਂ ਨੇ ਆਤਮ ਸਮਰਪਣ ਕੀਤਾ ਸੀ ਤਾਂ ਫ਼ੌਜੀਆਂ ਨੂੰ ਕੋਈ ਪਤਾ ਨਹੀਂ ਸੀ ਕਿ ਉਹ ਭਿੰਡਰਾਂਵਾਲੇ ਦੇ ਸਮਰਥਕ ਸਨ ਜਾਂ ਨਹੀਂ। ਇਸ ਤਨਾਅ ਭਰੇ ਭੈੜੇ ਵਾਤਾਵਰਣ ਵਿੱਚੋਂ ਦੋਹਾਂ ਮੰਦਿਰ ਸਮੂਹਾਂ ਵਿੱਚ ਲੜੀਆਂ ਗਈਆਂ ਲੜਾਈਆਂ ਵਿੱਚ ਇਸ ਗੱਲ ਦੀ ਭਾਰੀ ਸੰਭਾਵਨਾ ਹੈ ਕਿ ਕੁਝ ਕੈਦੀਆਂ ਨੂੰ ਗੋਲੀ ਮਾਰੀ ਗਈ ਹੋਵੇ। ਉਸ ਉੱਚ ਅਧਿਕਾਰੀ ਨੇ, ਜਿਸ ਨੇ ਇਸ ਗੱਲ ਦੀ ਸਤੀਸ਼ ਜੈਕਬ ਕੋਲ ਪੁਸ਼ਟੀ ਕੀਤੀ ਕਿ ਨੰਦਾ ਨੂੰ ਧਮਕੀ ਦਿੱਤੀ ਗਈ ਸੀ, ਕਿਹਾ, "ਫ਼ੌਜੀਆਂ ਦਾ ਰਉਂ ਭਿੰਡਰਾਂਵਾਲੇ ਦੇ ਸਮਰਥਕਾਂ ਵੱਲੋਂ ਉਹਨਾਂ ਦੇ ਸਾਥੀਆਂ ਦੇ ਮਾਰੇ ਜਾਣ ਕਾਰਨ ਬੜਾ ਭੈੜਾ ਸੀ ਤੇ ਇਸ ਤਰ੍ਹਾਂ ਦੀ ਗੁੱਸੇ ਵਾਲੀ ਦਸ਼ਾ ਵਿੱਚ ਫ਼ੌਜੀਆਂ 'ਤੇ ਕਾਬੂ ਰੱਖਣਾ ਮੁਸ਼ਕਿਲ ਸੀ।"

"ਟਾਈਮਜ਼ ਔਫ਼ ਇੰਡੀਆ" ਦਾ ਪੱਤਰਕਾਰ ਸੁਭਾਸ਼ ਕਿਰਪੇਕਰ, ਜੋ ਅੰਮ੍ਰਿਤਸਰ ਵਿੱਚ ਇਸ ਸਮੇਂ ਰਹਿਣ ਵਿੱਚ ਕਾਮਯਾਬ ਰਿਹਾ, ਅਜਿਹੇ ਗੁਸੈਲੀ ਦਸ਼ਾ ਦੀ ਇਕ ਮਿਸਾਲ ਦਾ ਉਸ ਸਮੇਂ ਦਾ ਗਵਾਹ ਹੈ ਜਦੋਂ ਕਰਫ਼ਿਊ ਹਟਾ ਲਿਆ ਗਿਆ ਸੀ। ਉਸ ਨੇ ਦੇਖਿਆ ਕਿ ਕੁਝ ਜਵਾਨ ਗਿਆਰਾਂ ਸ਼ੱਕੀ ਆਤੰਕਵਾਦੀਆਂ ਨੂੰ ਉਸ ਸਮੇਂ ਠੁੱਡੇ ਮਾਰ ਰਹੇ ਸਨ ਜਦੋਂ ਉਹ ਗਰਮ ਸੜਕ 'ਤੇ ਨੰਗੇ ਗੋਡਿਆਂ ਨਾਲ ਰੀਂਗ ਰਹੇ ਸਨ। ਇਸ ਕਾਰਵਾਈ ਨੂੰ ਨਿਰਧਾਰਿਤ ਕਰਨ ਵਾਲੇ ਅਫ਼ਸਰਾਂ ਵਿੱਚ ਇਕ ਸਿੱਖ ਸੀ ਤੇ ਉਹਦੇ ਚਿਹਰੇ 'ਤੇ ਗੁੱਸੇ ਨਾਲ ਸ਼ਿਕਨ ਸਨ ਜਦੋਂ ਉਹ ਉਹਨਾਂ ਆਦਮੀਆਂ ਦੇ ਛਾਂਟੇ ਮਾਰ ਰਿਹਾ ਸੀ ਜੋ ਉਸ ਦੇ ਖ਼ਿਆਲ ਵਿੱਚ ਆਤੰਕਵਾਦੀ ਸਨ।"[1]

ਫ਼ੌਜੀਆਂ ਨੂੰ ਗੁੱਸੇ ਨਾਲ ਲੋਹਾ ਲਾਖਾ ਕਰਨ ਦਾ ਕਾਰਨ ਸਿਰਫ਼ ਉਹਨਾਂ ਦੇ ਸਾਥੀਆਂ ਦੀਆਂ ਮੌਤਾਂ ਹੀ ਨਹੀਂ ਸਨ। ਸਵਰਨ ਮੰਦਿਰ ਦੇ ਰੱਖਿਅਕਾਂ ਨੇ ਬੜੇ ਜ਼ੁਲਮ ਢਾਹੇ ਹੋਏ ਸਨ। ਉਹਨਾਂ ਨੇ ਆਮ ਸ਼ਹਿਰੀਆਂ ਉੱਤੇ ਗਰਨੇਡ ਸੁੱਟੇ ਸਨ ਜਿਨ੍ਹਾਂ ਨੇ "ਸਰਾਂ ਸਮੂਹ" ਵਿੱਚ ਆਤਮ ਸਮਰਪਣ ਕੀਤਾ ਸੀ। ਉਹਨਾਂ ਨੇ ਦੋ ਜੂਨੀਅਰ ਕਮਿਸ਼ਨ ਅਫ਼ਸਰਾਂ ਨੂੰ ਵੀ ਤਸੀਹੇ ਦਿੱਤੇ ਸਨ। ਇਕ ਦੀ ਜਿਉਂਦੇ ਦੀ ਚਮੜੀ ਲਾਹੀ ਗਈ ਸੀ ਤੇ ਫਿਰ ਤੋਪ ਨਾਲ ਉਡਾਇਆ ਗਿਆ। ਉਹਨਾਂ ਨੇ ਉਸ ਡਾਕਟਰ ਦੇ ਵੀ ਟੋਟੇ ਕਰ ਦਿੱਤੇ ਸਨ ਜੋ ਆਮ ਨਾਗਰਿਕਾਂ ਦੇ ਇਲਾਜ ਲਈ ਗਿਆ ਸੀ। ਜੰਗ ਕਦੇ ਵੀ ਮਨਮੋਹਕ ਨਹੀਂ ਹੁੰਦੀ ਤੇ ਇਹ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪੈਰੋਕਾਰਾਂ ਤੇ ਭਾਰਤੀ ਫ਼ੌਜ ਵਿੱਚ ਵੱਡੇ ਪੱਧਰ ਦੀ ਜੰਗ ਸੀ।

14
ਸਿੱਟੇ

ਨੀਲਾ ਤਾਰਾ ਸਾਕਾ ਦੀ ਕਾਰਵਾਈ ਨਾਲ ਸਿੱਖਾਂ ਨੇ ਆਪਣਾ ਘੋਰ ਅਪਮਾਨ ਅਨੁਭਵ ਕੀਤਾ। ਇਸ ਦਾ ਗ਼ੁੱਸਾ ਅਕਾਲੀਆਂ ਤੇ ਕੱਟੜ ਸਨਾਤਨੀਆਂ ਤੋਂ ਬਿਨਾਂ ਹੋਰ ਵੀ ਬਹੁਤਿਆਂ ਸਿੱਖਾਂ ਨੂੰ ਆਇਆ। ਸੇਵਾ ਨਿਵਿਰਤ ਸ੍ਰੇਸ਼ਠ ਅਫ਼ਸਰਾਂ ਜਿਵੇਂ ਲੈਫ਼. ਜਨਰਲ ਅਰੋੜਾ ਤੇ ਲੈਫ਼. ਜਨਰਲ ਹਰਬਖ਼ਸ਼ ਸਿੰਘ ਤੇ ਭੂਤਪੂਰਵ ਹਵਾਈ ਸੈਨਾ ਦੇ ਮੁਖੀ ਏਅਰ ਮਾਰਸ਼ਲ ਅਰਜਨ ਸਿੰਘ ਨੂੰ ਬਹੁਤ ਮਾਨਸਿਕ ਝਟਕਾ ਲੱਗਾ। ਇਤਿਹਾਸਕਾਰ ਤੇ ਪੱਤਰਕਾਰ ਖ਼ੁਸ਼ਵੰਤ ਸਿੰਘ ਜੋ ਭਿੰਡਰਾਂਵਾਲੇ ਦਾ ਬੇਝਿਜਕ ਤੇ ਜਿਗਰੇ ਵਾਲਾ ਆਲੋਚਕ ਸੀ ਤੇ ਜੋ ਕਦੇ ਵੀ ਆਪਣੇ ਆਪ ਨੂੰ ਕੱਟੜ ਪੰਥੀ ਨਹੀਂ ਸਮਝਦਾ ਸੀ, ਉਸ ਨੇ ਵੀ ਸ਼੍ਰੀਮਤੀ ਗਾਂਧੀ ਨੂੰ ਉਸ ਵੱਲੋਂ ਦਿੱਤਾ ਤਮਗ਼ਾ ਤੇ ਸਨਮਾਨ ਵਾਪਸ ਕਰ ਦਿੱਤਾ। ਹੋਰਨਾਂ ਸਿੱਖਾਂ ਵਿੱਚ ਭਗਤ ਪੂਰਨ ਸਿੰਘ ਵੀ ਸ਼ਾਮਿਲ ਸੀ, ਜਿਸ ਨੇ ਮਿਲਿਆ ਹੋਇਆ ਤਮਗ਼ਾ ਵਾਪਸ ਕੀਤਾ, ਜੋ ਗ਼ਰੀਬਾਂ ਦੀ ਤੇ ਖ਼ਾਸ ਕਰਕੇ ਕੋੜ੍ਹੀਆਂ ਦੀ ਭਲਾਈ ਲਈ ਕੀਤੇ ਕੰਮਾਂ ਕਰਕੇ "ਦਾੜ੍ਹੀ ਵਾਲੀ" "ਮਦਰ ਟੈਰੇਸਾ" ਵਜੋਂ ਮਸ਼ਹੂਰ ਸੀ। ਪਟਿਆਲੇ ਦਾ ਮਹਾਰਾਜਾ ਅਮ੍ਰਿੰਦਰ ਸਿੰਘ ਜਿਸ ਨੇ ਸ਼੍ਰੀਮਤੀ ਗਾਂਧੀ ਤੇ ਅਕਾਲੀਆਂ ਵਿੱਚ ਸਮਝੌਤੇ ਲਈ ਹੋ ਰਹੀ ਗੱਲਬਾਤ ਵਿੱਚ ਵਿਚੋਲਗੀ ਕੀਤੀ ਸੀ ਤੇ ਜਿਸ ਦੇ ਪਰਿਵਾਰ ਦਾ ਅਜੇ ਪੰਜਾਬ ਵਿੱਚ ਬਹੁਤ ਅਸਰ ਰਸੂਖ਼ ਸੀ, ਉਸ ਨੇ ਇਕ ਹੋਰ ਸਿੱਖ ਸਾਂਸਦ ਵਾਂਗ ਸੰਸਦ ਤੇ ਸ਼੍ਰੀਮਤੀ ਗਾਂਧੀ ਦੀ ਪਾਰਟੀ ਤੋਂ ਤਿਆਗ ਪੱਤਰ ਦੇ ਦਿੱਤਾ। ਪਰੰਤੂ ਇੰਦਰਾ ਕਾਂਗਰਸ ਦੀ ਸਾਂਸਦ ਸ਼੍ਰੀਮਤੀ ਅਮਰਜੀਤ ਕੌਰ ਉਹਨਾਂ ਕੁਝ ਕੁ ਸਿੱਖਾਂ ਵਿੱਚੋਂ ਇਕ ਸੀ ਜਿਸ ਵਿੱਚ ਇਹ ਕਹਿਣ ਦੀ ਦਲੇਰੀ ਸੀ ਕਿ ਉਸ ਦੇ ਫ਼ਿਰਕੇ ਨੂੰ, ਇਸ ਤਬਾਹੀ ਦੀ ਜ਼ਿੰਮੇਵਾਰੀ ਕਬੂਲਣੀ ਚਾਹੀਦੀ ਹੈ। ਉਸ ਨੇ ਲਿਖਿਆ, "ਅਸਲ ਵਿੱਚ ਸਿੱਖ ਫ਼ਿਰਕੇ ਨੂੰ ਕਾਫ਼ੀ ਵੱਡਾ ਝਟਕਾ ਲੱਗਾ ਹੈ। ਅਸੀਂ ਸਮਝਿਆ ਕਿ ਅਸੀਂ ਸ਼ੇਰ ਦੀ ਮੁੱਛ ਹਾਂ; ਸਭ ਦੇ ਰੱਖਿਅਕ ਹਾਂ, ਪਰ ਹੁਣ ਪਤਾ ਲੱਗਾ ਕਿ ਸਾਡੇ ਵਿੱਚ ਸਥਿਤੀ ਦਾ ਟਾਕਰਾ ਕਰਨ ਦਾ ਹੌਸਲਾ ਨਹੀਂ ਸੀ। ਸਾਨੂੰ ਸਿੱਖਾਂ ਨੂੰ ਹੀ ਭਿੰਡਰਾਂਵਾਲੇ ਨੂੰ ਸਵਰਨ ਮੰਦਿਰ ਦੀ ਚਾਰ ਦੀਵਾਰੀ ਵਿੱਚੋਂ ਬਾਹਰ ਕੱਢ ਦੇਣਾ ਚਾਹੀਦਾ ਸੀ। ਹੁਣ ਸਾਨੂੰ ਆਪਣੀ ਗਲਤੀ ਮੰਨਣੀ ਔਖੀ ਲੱਗ ਰਹੀ ਹੈ। ਸਾਡੀ ਅਖੌਤੀ ਦਲੇਰੀ ਤੇ ਸ਼ਕਤੀ ਖ਼ਤਮ ਹੋ ਗਈ ਹੈ।"[1]

ਸਭ ਤੋਂ ਜ਼ਿਆਦਾ ਦੋ ਟੂਕ ਗੱਲ ਕਰਨ ਵਾਲਾ ਸਿੱਖ ਰਾਸ਼ਟਰਪਤੀ ਜ਼ੈਲ ਸਿੰਘ ਸੀ। ਉਸ ਨੇ ਸ਼੍ਰੀਮਤੀ ਗਾਂਧੀ ਨੂੰ ਦੱਸ ਦਿੱਤਾ ਕਿ ਉਹ ਸਵਰਨ ਮੰਦਿਰ ਉਪਰ ਹਮਲੇ ਤੋਂ ਅਤਿਅੰਤ ਦੁਖੀ ਤੇ ਚਿੰਤਾਤੁਰ ਸੀ ਤੇ ਉਸ ਦੇ ਅਧਿਕਾਰੀਆਂ ਨੇ ਦੂਸਰੇ ਭਾਰਤੀਆਂ ਨੂੰ ਦੱਸ ਦਿੱਤਾ ਕਿ ਪਹਿਲਾ ਸਿੱਖ ਰਾਸ਼ਟਰਪਤੀ ਤਿਆਗ ਪੱਤਰ ਦੇਣ ਬਾਰੇ ਸੋਚ ਰਿਹਾ ਸੀ। ਉਸ ਕਾਰਨ ਇਕ ਬੇਮਿਸਾਲ ਸੰਵਿਧਾਨਕ ਸੰਕਟ ਪੈਦਾ ਹੋ ਜਾਂਦਾ ਜਿਸ ਦਾ ਭਾਰਤ ਦੀ ਖਿੰਡਰੀ-ਪੁੰਡਰੀ ਤੇ ਕਮਜ਼ੋਰ ਵਿਰੋਧੀ ਧਿਰ ਵੀ ਲਾਭ ਲੈਣ ਦਾ ਯਤਨ ਕਰਕੇ ਸ਼੍ਰੀਮਤੀ

ਗਾਂਧੀ ਨੂੰ ਤਿਆਗ ਪੱਤਰ ਦੇਣ ਲਈ ਮਜਬੂਰ ਕਰ ਦਿੰਦੀ। ਜ਼ੈਲ ਸਿੰਘ ਨੇ ਸਵਰਨ ਮੰਦਿਰ ਦੀ ਯਾਤਰਾ ਕਰਨ ਦਾ ਹੱਠ ਕੀਤਾ। ਸ਼੍ਰੀਮਤੀ ਗਾਂਧੀ ਨਾ ਚਾਹੁੰਦਿਆਂ ਹੋਇਆਂ ਵੀ ਮੰਨ ਗਈ। ਭਾਵੇਂ ਜਰਨੈਲਾਂ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਅਜੇ ਪਰਿਕਰਮਾ 'ਚੋਂ ਵੀ ਮਲਬਾ ਨਹੀਂ ਹਟਾਇਆ ਗਿਆ ਸੀ ਤੇ ਉਹ ਭਰੋਸੇ ਨਾਲ ਕਹਿ ਨਹੀਂ ਸਕਦੇ ਸਨ ਕਿ ਉਥੋਂ ਸਾਰੀਆਂ ਲਾਸ਼ਾਂ ਲੱਭ ਕੇ ਟਿਕਾਣੇ ਲਾ ਦਿੱਤੀਆਂ ਸਨ। ਉਹਨਾਂ ਨੇ ਇਹ ਵੀ ਕਿਹਾ ਕਿ ਉਹ ਰਾਸ਼ਟਰਪਤੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਹੀਂ ਲੈ ਸਕਦੇ ਸਨ। ਰਾਸ਼ਟਰਪਤੀ ਆਪਣੇ ਨਾਲ ਸਰਕਾਰੀ ਨਿਯੰਤਰਣ ਵਿਚਲੇ ਦੂਰਦਰਸ਼ਨ ਦੇ ਅਮਲੇ ਨੂੰ ਲੈ ਕੇ ਗਿਆ। ਇਸ ਤਰ੍ਹਾਂ ਹਮਲੇ ਤੋਂ ਤਿੰਨ ਦਿਨ ਪਿੱਛੋਂ ਭਾਰਤੀਆਂ ਨੇ ਆਪਣੇ ਟੈਲੀਵਿਜ਼ਨ ਉਪਰ ਰਾਸ਼ਟਰਪਤੀ ਜ਼ੈਲ ਸਿੰਘ ਨੂੰ ਲੰਬੇ ਤੇ ਧੌਣ ਤੱਕ ਬੰਦ ਬਟਨਾਂ ਵਾਲੇ ਕੋਟ ਵਿੱਚ ਆਪਣੇ ਧਰਮ ਦੇ ਸਭ ਤੋਂ ਪਵਿੱਤਰ ਧਾਰਮਿਕ ਸਥਾਨ ਵਿੱਚ ਪ੍ਰਵੇਸ਼ ਕਰਦਿਆਂ ਤੇ ਫ਼ੌਜੀਆਂ ਕੋਲੋਂ ਸਾਵਧਾਨੀ ਨਾਲ ਲਹੂ ਲਿਬੜੀ ਸੰਗਮਰਮਰ ਦੀ ਪੱਕੀ ਪਟੜੀ ਨੂੰ ਪੈਰਾਂ ਹੇਠ ਰਗੜ ਕੇ ਸਵਰਨ ਮੰਦਿਰ ਦੇ ਉਦਾਲੇ ਪਵਿੱਤਰ ਸਰੋਵਰ ਦੀ ਪਰਿਕਰਮਾ 'ਚੋਂ ਲੰਘਦਿਆਂ ਵੇਖਿਆ। ਉਹਨਾਂ ਨੇ ਉਸ ਇਮਾਰਤ ਦੇ ਮੋਰਚਿਆਂ 'ਚੋਂ ਘਾਤ ਲਾ ਕੇ ਆਤੰਕਵਾਦੀਆਂ ਵੱਲੋਂ ਚਲਾਈ ਜਾ ਰਹੀ ਗੋਲੀ ਦੀ ਅਵਾਜ਼ ਵੀ ਸੁਣੀ ਜਿਸ ਨੂੰ ਫ਼ੌਜ ਨੇ ਅਜੇ ਮੁਕਤ ਨਹੀਂ ਕਰਵਾਇਆ ਸੀ। ਰਾਸ਼ਟਰਪਤੀ ਨਾਲ ਜਾ ਰਹੇ ਲੈਫ਼. ਕਰਨਲ ਚੌਧਰੀ ਦੀ ਬਾਂਹ ਵਿੱਚ ਗੋਲੀ ਲੱਗੀ। ਸਿਆਸੀ ਤੌਰ 'ਤੇ ਚੇਤੰਨ ਦਰਸ਼ਕਾਂ ਨੇ ਸ਼੍ਰੀਮਤੀ ਗਾਂਧੀ ਦੇ ਰਾਖਿਆਂ ਨੂੰ ਉਸ ਦੇ ਨਾਲ-ਨਾਲ ਜਾਂਦਿਆ ਦੇਖਿਆ। ਉਹਨਾਂ ਵਿੱਚੋਂ ਇਕ ਉਸ ਦਾ ਨਿੱਜੀ ਸਹਾਇਕ ਆਰ.ਕੇ. ਧਵਨ ਸੀ ਜੋ ਉਸ ਦਾ ਇਨਾ ਨਿਕਟਵਰਤੀ ਸੀ ਕਿ ਉਹ ਉਸ ਦੀ ਹਰ ਫ਼ੋਟੋ ਵਿੱਚ ਨਾਲ ਹੀ ਦਿਖਾਈ ਦਿੰਦਾ ਸੀ। ਉਹ ਤਾਂ ਉਸ ਸਮੇਂ ਵੀ ਉਹਦੇ ਕੋਲ ਸੀ, ਜਦੋਂ ਉਹ ਮਰੀ। ਦੂਸਰਾ ਅਰੁਣ ਸਿੰਘ ਸੀ ਜੋ ਰਾਜੀਵ ਗਾਂਧੀ ਦਾ ਨਿਕਟਵਰਤੀ ਸਲਾਹਕਾਰ ਸੀ। ਉਹ ਉਹਨਾਂ ਲੋਕਾਂ ਵਿੱਚੋਂ ਇਕ ਸੀ ਜੋ ਸ਼੍ਰੀਮਤੀ ਗਾਂਧੀ ਤੇ ਉਹਦੇ ਪੁੱਤਰ ਵੱਲੋਂ ਨੀਲਾ ਤਾਰਾ ਸਾਕਾ ਗਤੀਵਿਧੀ ਦਾ ਨਿਰੀਖਕ ਸੀ। ਦੋਹਾਂ ਨੂੰ ਇਹ ਵੇਖਣ ਲਈ ਨਾਲ ਭੇਜਿਆ ਗਿਆ ਸੀ ਕਿ ਰਾਸ਼ਟਰਪਤੀ ਕੋਈ ਅਣਸੁਖਾਵੀਂ ਗੱਲ ਨਾ ਕਹੇ ਤੇ ਨਾ ਕੋਈ ਅਣਸੁਖਾਵਾਂ ਕੰਮ ਕਰੇ। ਬਾਅਦ ਵਿੱਚ ਜ਼ੈਲ ਸਿੰਘ ਨੇ ਇਹ ਗੱਲ ਮੰਨੀ ਕਿ ਉਹ ਸਵਰਨ ਮੰਦਿਰ ਵੇਖ ਕੇ ਆਪਣੇ ਹੰਝੂ ਮਸਾਂ ਹੀ ਰੋਕ ਸਕਿਆ। ਉਸ ਨੇ ਮੰਦਰ ਸਮੂਹ ਵਿੱਚੋਂ ਬਰਾਮਦ ਅਸਲਹ ਵੇਖ ਕੇ ਪੰਜਾਬ ਦੇ ਗਵਰਨਰ ਨੂੰ ਇਹ ਕਹਿੰਦਿਆਂ ਹੋਇਆਂ ਸਖ਼ਤ ਝਾੜ ਪਾਈ ਕਿ "ਜਾਪਦਾ ਹੈ ਕਿ ਤੁਸੀਂ ਆਪਣੇ ਕੰਨ ਤੇ ਅੱਖਾਂ ਕਿਸੇ ਨੂੰ ਕਿਰਾਏ 'ਤੇ ਦੇ ਛੱਡੇ ਸਨ।"

ਜਦੋਂ ਜ਼ੈਲ ਸਿੰਘ ਦਿੱਲੀ ਵਾਪਸ ਗਿਆ ਤਾਂ ਉਸ ਨੇ ਭਾਰਤ ਵਿੱਚ ਸਾਲ ਭਰ ਦੇ ਵੱਡੇ ਫ਼ਿਲਮ ਐਵਾਰਡ ਦੇਣ ਦਾ ਪ੍ਰੋਗਰਾਮ ਰੱਦ ਕਰ ਦਿੱਤਾ, ਪਰੰਤੂ ਉਸ ਨੇ ਤਿਆਗ ਪੱਤਰ ਨਾ ਦੇਣ ਦਾ ਫ਼ੈਸਲਾ ਕਰ ਲਿਆ। ਇਸ ਦੀ ਥਾਂ 'ਤੇ ਉਸ ਨੇ ਕਿਹਾ ਕਿ ਰਾਸ਼ਟਰ ਦੇ ਨਾਮ ਆਪਣਾ ਪ੍ਰਸਾਰਨ ਆਪ ਤਿਆਰ ਕਰੇਗਾ ਤੇ ਕਾਂਗਰਸ ਸਰਕਾਰ ਤੇ ਆਪਣੇ ਪੁਰਾਣੇ ਦੁਸ਼ਮਣ ਦਰਬਾਰਾ ਸਿੰਘ ਦੀ ਆਲੋਚਨਾ ਕਰੇਗਾ। ਸ਼੍ਰੀਮਤੀ ਗਾਂਧੀ ਲਈ ਰਾਸ਼ਟਰਪਤੀ ਨੂੰ ਮਨਾ ਕੇ ਪਦਵੀ 'ਤੇ ਬਿਠਾਈ ਰੱਖਣ ਦੀ ਇਹ ਬੜੀ ਥੋੜ੍ਹੀ ਕੀਮਤ ਸੀ।

ਸਭ ਤੋਂ ਸਖ਼ਤ ਪ੍ਰਤਿਕ੍ਰਮ ਫ਼ੌਜ ਵਿੱਚ ਹੋਇਆ, ਜਿਸ ਵਿੱਚ ਸਿੱਖ ਫ਼ੌਜੀਆਂ ਨੇ ਕਈ

ਥਾਈਂ ਵਿਦਰੋਹ ਕਰ ਦਿੱਤਾ। ਸਿੱਖ ਆਪਣੇ ਨਾਲ ਹੋਏ ਵਿਤਕਰੇ ਦੇ ਵਿਰੁੱਧ ਰੋਸ ਪ੍ਰਗਟ ਕਰਨ ਦੇ ਬਾਵਜੂਦ ਅਜੇ ਵੀ ਫ਼ੌਜ ਵਿੱਚ 10% ਸਨ। ਸਿੱਖ ਹੀ ਇਕੱਲੇ ਐਸੇ ਹਨ ਜਿਨ੍ਹਾਂ ਦੀਆਂ ਆਪਣੇ ਫ਼ਿਰਕੇ ਦੀਆਂ ਸਮੁੱਚੀਆਂ ਪਲਟਨਾਂ ਹਨ। ਸਿੱਖਾਂ ਦੀ ਪਲਟਨ ਦੇ ਅਫ਼ਸਰ ਭਾਵੇਂ ਸਿੱਖ ਨਹੀਂ ਪਰ ਫ਼ੌਜੀ ਸਭ ਜੱਟ ਸਿੱਖ ਹਨ। ਸਿੱਖ ਲਾਈਟ ਇਨਫ਼ੈਂਟਰੀ ਤਾਂ ਸਾਰੀ ਹੀ ਮਜ਼੍ਹਬੀ ਸਿੱਖਾਂ ਦੀ ਹੈ।

ਫ਼ੌਜ ਦੇ ਸਵਰਨ ਮੰਦਿਰ ਸਮੂਹ ਵਿੱਚ ਦਾਖ਼ਲ ਹੋਣ ਦੇ ਦੋ ਦਿਨ ਮਗਰੋਂ 7 ਜੂਨ ਨੂੰ ਸਿੱਖ ਰਜਮੈਂਟ ਦੀ 9ਵੀਂ ਪਲਟਨ ਨੇ ਵਿਦਰੋਹ ਕਰ ਦਿੱਤਾ। 600 ਜਵਾਨ ਤੇ ਲਗਭਗ ਫ਼ੌਜ ਦੀਆਂ ਸਾਰੀਆਂ ਸਫ਼ਾਂ ਵਿੱਚੋਂ ਪਾਕਿਸਤਾਨ ਸੀਮਾ ਦੇ ਨੇੜੇ ਗੰਗਾ ਨਗਰ ਸ਼ਹਿਰ ਦੇ ਬਾਹਰਵਾਰ ਆਪਣੀ ਛਾਉਣੀ ਦੇ ਅਸਲਾਹਖ਼ਾਨੇ ਵਿੱਚੋਂ ਸ਼ਸਤਰ ਲੈ ਕੇ ਬਾਹਰ ਆ ਗਏ। ਉਹ ਗੰਗਾ ਨਗਰ ਦੀਆਂ ਗਲੀਆਂ ਬਜ਼ਾਰਾਂ ਵਿੱਚ "ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਜ਼ਿੰਦਾ ਰਹੇ" ਦੇ ਨਾਅਰੇ ਲਾਉਂਦੇ ਅੰਧਾ ਧੁੰਦ ਗੋਲੀਬਾਰੀ ਕਰਨ ਲੱਗੇ। ਇਕ ਪੁਲਿਸ ਦਾ ਸਿਪਾਹੀ ਮਾਰਿਆ ਗਿਆ ਤੇ ਇਕ ਜ਼ਖ਼ਮੀ ਹੋ ਗਿਆ। ਸਿੱਖ ਵਿਦਰੋਹੀਆਂ ਦੇ ਮਗਰ ਰਾਜਪੂਤਾਨਾ ਰਾਈਫ਼ਲਜ਼ ਦੇ ਜਵਾਨ ਭੇਜੇ ਗਏ ਜਿਨ੍ਹਾਂ ਨੇ ਉਹਨਾਂ ਵਿੱਚੋਂ ਬਹੁਤ ਸਾਰਿਆਂ ਨੂੰ ਫੜ ਲਿਆਂਦਾ। ਉਹਨਾਂ ਨੂੰ ਖੁੱਲ੍ਹੀਆਂ ਲਾਰੀਆਂ ਜਿਨ੍ਹਾਂ ਨੂੰ ਕੰਡੀਲੀਆਂ ਤਾਰਾਂ ਨਾਲ ਢੱਕਿਆ ਹੋਇਆ ਸੀ, ਛਾਉਣੀ ਵਿੱਚ ਵਾਪਸ ਲਿਆਂਦਾ ਗਿਆ, ਪਰੰਤੂ ਸਥਾਨਕ ਵਸਨੀਕ ਕਹਿੰਦੇ ਹਨ ਕਿ ਕੁਝ ਸੀਮਾ ਪਾਰ ਕਰਕੇ ਪਾਕਿਸਤਾਨ ਚਲੇ ਗਏ।

ਸਭ ਤੋਂ ਵੱਡੀ ਬਗ਼ਾਵਤ ਸਿੱਖ ਰਜਮੈਂਟ ਦੇ ਕੇਂਦਰ ਬਿਹਾਰ ਦੇ ਰਾਮਗੜ੍ਹ ਵਿੱਚ ਹੋਈ। ਉਹ ਕੇਂਦਰ ਬਰਤਾਨਵੀ ਪਿਆਦਾ ਰਜਮੈਂਟ ਦੇ ਡਿਪੋ ਬਰਾਬਰ ਹੈ ਜਿਥੇ ਸਿੱਖ ਰਜਮੈਂਟ ਦੀਆਂ ਪਲਟਨਾਂ ਲਈ ਰੰਗਰੂਟਾਂ ਨੂੰ ਭਰਤੀ ਕੀਤਾ ਜਾਂਦਾ ਹੈ ਤੇ ਸਿਖਲਾਈ ਦਿੱਤੀ ਜਾਂਦੀ ਹੈ। ਫ਼ੌਜੀ ਅਦਾਲਤ ਅਨੁਸਾਰ, ਜਿਸ ਦਾ ਮੁਖੀ ਇਕ ਮੇਜਰ ਜਨਰਲ ਸੀ, ਇਸ ਵਿਦਰੋਹ ਦੀ ਅਗਵਾਈ ਸਿਪਾਹੀ ਗੁਰਨਾਮ ਸਿੰਘ ਨੇ ਕੀਤੀ ਸੀ। ਉਹ ਫ਼ੌਜੀਆਂ ਦੇ ਸੈਨਾ ਨਿਵਾਸ ਦੇ ਵਕੀਲ ਵਜੋਂ ਉੱਘਾ ਸੀ ਤੇ ਉਸਦੀ ਧਾਰਮਿਕ ਸ਼ਰਧਾ ਤੇ ਜੋਸ਼ ਕਰਕੇ ਉਸ ਨੂੰ ਗਿਆਨੀ ਦਾ ਉਪ-ਨਾਮ ਦਿੱਤਾ ਗਿਆ ਸੀ। ਹਫ਼ਤੇ ਦੇ ਸ਼ੁਰੂ ਵਿੱਚ ਉਸ ਨੇ ਰਜਮੈਂਟ ਕੇਂਦਰ ਦੇ ਡਿਪਟੀ ਕਮਾਨ ਅਫ਼ਸਰ ਕੋਲ ਪੰਜਾਬ ਦੀਆਂ ਘਟਨਾਵਾਂ ਬਾਰੇ ਚਿੰਤਾ ਜ਼ਾਹਿਰ ਕੀਤੀ ਸੀ। ਭਾਵੇਂ ਸਾਰੇ ਅਫ਼ਸਰ ਜਾਣਦੇ ਸਨ ਕਿ ਗੁਰਨਾਮ ਸਿੰਘ ਦਾ ਸਾਰੀਆਂ ਸਫ਼ਾਂ 'ਤੇ ਬੜਾ ਪ੍ਰਭਾਵ ਸੀ, ਪਰੰਤੂ ਕਿਸੇ ਨੇ ਵੀ ਉਸ ਨੂੰ ਤਸੱਲੀ ਦੇਣ ਜਾਂ ਸਥਿਤੀ ਬਾਰੇ ਸਫ਼ਾਈ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਫ਼ੌਜੀ ਅਦਾਲਤ ਨੇ ਰਿਪੋਰਟ ਵਿੱਚ ਕਿਹਾ, "ਕੋਈ ਵੀ ਅਫ਼ਸਰਾਂ ਤੇ ਜਵਾਨਾਂ ਦਾ ਸਾਂਝਾ ਦਰਬਾਰ ਲਾ ਕੇ ਜਵਾਨਾਂ ਦੀ ਭਲਾਈ ਤੇ ਮਨੋਬਲ ਨੂੰ ਉੱਚਾ ਰੱਖਣ ਲਈ ਵਿਚਾਰ ਨਾ ਕੀਤੀ ਗਈ, ਨਾ ਹੀ ਸਾਰੀਆਂ ਸਫ਼ਾਂ ਨੂੰ ਪੰਜਾਬ ਦੇ ਤਾਜ਼ਾ ਹਾਲਾਤ ਬਾਰੇ ਜਾਣੂ ਕਰਵਾਇਆ ਗਿਆ।

ਪਰੰਤੂ ਬੀ.ਬੀ.ਸੀ. ਉੱਤੋਂ ਗੰਗਾ ਨਗਰ ਨੇੜੇ ਨੌਵੀਂ ਸਿੱਖ ਪਲਟਨ ਦੀ ਬਗ਼ਾਵਤ ਨੇ ਉਹਨਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਉਸ ਰਿਪੋਰਟ ਵਾਲੀ ਰਾਤ ਹੀ ਗੁਰਨਾਮ ਸਿੰਘ ਅਤੇ ਕੁਝ ਨਾਨ-ਕਮਿਸ਼ਨ (ਬਿਨਾਂ ਪਦਵੀ ਤੋਂ ਅਫ਼ਸਰ) ਅਫ਼ਸਰਾਂ ਨੇ ਆਖ਼ਿਰ ਬਗ਼ਾਵਤ ਕਰਕੇ ਅੰਮ੍ਰਿਤਸਰ ਜਾਣ ਦਾ ਫ਼ੈਸਲਾ ਕਰ ਲਿਆ। ਅਗਲੇ ਦਿਨ ਐਤਵਾਰ ਸੀ। ਫ਼ੌਜੀ ਆਮ ਵਾਂਗ ਹੀ ਗੁਰਦੁਆਰੇ ਵਿੱਚ ਇਕੱਠੇ ਹੋਏ। ਸਿੱਖ ਰਜਮੈਂਟ ਕੇਂਦਰ ਦੇ ਸੂਬੇਦਾਰ ਮੇਜਰ

ਨੇ, ਜਿਸ ਦਾ ਕੰਮ ਬਰਤਾਨਵੀ ਫ਼ੌਜ ਦੀ ਰਜਮੈਂਟ ਦੇ ਸਾਰਜੈਂਟ ਮੇਜਰ ਵਾਂਗ ਅਫ਼ਸਰਾਂ ਤੇ ਦੂਸਰੇ ਕਰਮਚਾਰੀਆਂ ਵਿੱਚ ਸੰਪਰਕ ਰੱਖਣਾ ਸੀ, ਫ਼ੌਜੀਆਂ ਵਿੱਚ ਬੇਚੈਨੀ ਮਹਿਸੂਸ ਕੀਤੀ। ਉਸ ਨੇ ਇਸ ਦੀ ਜਾਣਕਾਰੀ ਆਪਣੇ ਸਾਥੀ ਜੂਨੀਅਰ ਕਮਿਸ਼ਨ ਅਫ਼ਸਰਾਂ ਨੂੰ ਦੇ ਦਿੱਤੀ ਪਰ ਕਮਾਨ ਅਫ਼ਸਰ ਨੂੰ ਸੂਚਿਤ ਨਾ ਕੀਤਾ।

10 ਵਜੇ ਸਵੇਰੇ ਸਿਪਾਹੀਆਂ ਤੇ ਨਾਨ-ਕਮਿਸ਼ਨ ਅਫ਼ਸਰਾਂ ਨੇ ਅਸਲਾਹਖ਼ਾਨੇ ਤੇ ਹਥਿਆਰਾਂ ਉਪਰ ਹਮਲਾ ਕਰ ਦਿੱਤਾ। ਰਾਖੀ ਕਰ ਰਹੇ ਪਹਿਰੇਦਾਰਾਂ ਨੇ ਕੋਈ ਵਿਰੋਧ ਨਾ ਕੀਤਾ। ਜੇ.ਸੀ.ਓ. ਉਸ ਸਮੇਂ ਮੂਕ ਦਰਸ਼ਕ ਬਣੇ ਰਹੇ ਜਦੋਂ ਬਾਗ਼ੀਆਂ ਨੇ ਲਾਰੀਆਂ ਵਿੱਚ ਹਥਿਆਰ ਤੇ ਬਾਰੂਦ ਗੋਲੇ ਲੱਦ ਲਏ।

ਜਦੋਂ ਬਗ਼ਾਵਤ ਹੋ ਗਈ ਤਾਂ ਸੂਬੇਦਾਰ ਮੇਜਰ ਨੇ ਕਮਾਂਡੈਂਟ ਬ੍ਰਿਗੇਡੀਅਰ ਐਸ.ਸੀ. ਪੁਰੀ ਨਾਲ ਸੰਪਰਕ ਕੀਤਾ। ਕਮਾਂਡੈਂਟ ਦੋ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ ਕਾਰ ਵਿੱਚ ਬੈਠ ਕੇ ਅਸਲਹਖ਼ਾਨੇ ਵੱਲ ਚਲਾ ਗਿਆ। ਜਿਉਂ ਹੀ ਕਾਰ ਨਜ਼ਦੀਕ ਪਹੁੰਚੀ, ਤਦ ਬਾਗ਼ੀਆਂ ਨੇ ਗੋਲੀ ਚਲਾ ਦਿੱਤੀ। ਅਫ਼ਸਰ ਗੱਡੀ ਚਲਾ ਕੇ ਅਸਲਹਖ਼ਾਨੇ ਦੇ ਮੁੱਖ ਦਰਵਾਜ਼ੇ ਵੱਲ ਗਏ ਜਿਥੇ ਕੁਝ ਹੋਰ ਗੋਲੀਆਂ ਚਲੀਆਂ ਤੇ ਬ੍ਰਿਗੇਡੀਅਰ ਪੁਰੀ ਤੇ ਉਹਦੇ ਸਹਿਕਰਮੀਆਂ ਨੂੰ ਗੰਭੀਰ ਰੂਪ ਵਿੱਚ ਜ਼ਖ਼ਮੀ ਕਰ ਦਿੱਤਾ। ਪੁਰੀ ਕਾਰ ਵਿੱਚੋਂ ਨਾ ਉਤਰ ਸਕਿਆ ਪਰ ਦੂਜੇ ਦੋ ਅਫ਼ਸਰ ਹਫ਼ੜਾ-ਦਫ਼ੜੀ ਵਿੱਚ ਸਾਫ਼ ਬਚ ਕੇ ਨਿਕਲ ਗਏ। ਪਰੰਤੂ ਇਹ ਵੇਖ ਕੇ ਕਿ ਸਥਿਤੀ ਉਹਨਾਂ ਦੇ ਵੱਸ ਤੋਂ ਬਾਹਰ ਹੈ, ਉਹ ਫਿਰ ਕਾਰ ਵਿੱਚ ਆ ਗਏ ਤੇ ਕਾਰ ਚਲਾ ਕੇ ਫ਼ੌਜੀ ਹਸਪਤਾਲ ਚਲੇ ਗਏ ਜਿੱਥੇ ਬ੍ਰਿਗੇਡੀਅਰ ਪੁਰੀ 11.15 ਵਜੇ ਮਰ ਗਿਆ।

ਸਿਪਾਹੀ ਗੁਰਨਾਮ ਸਿੰਘ ਉਹਨਾਂ ਵਿੱਚੋਂ ਇਕ ਸੀ ਜਿਸ ਨੇ ਕਮਾਨ ਅਫ਼ਸਰ 'ਤੇ ਗੋਲੀ ਚਲਾਈ ਸੀ। ਹਥਿਆਰ ਲੁੱਟਣ ਤੇ ਅਸਲਹਖ਼ਾਨਾ ਖ਼ਾਲੀ ਕਰਨ ਪਿੱਛੋਂ ਸਿਪਾਹੀ ਗੁਰਨਾਮ ਸਿੰਘ ਨੇ ਲਗਭਗ ਸਾਰੀਆਂ ਸਫ਼ਾਂ ਦੇ ਜਵਾਨਾਂ ਦੀ ਛਾਉਣੀ ਵਿੱਚ ਫ਼ੌਜੀ ਗੱਡੀਆਂ ਦੇ ਕਾਫ਼ਲੇ ਦੀ ਅਗਵਾਈ ਕੀਤੀ। ਜਦੋਂ ਉਹ ਰਾਮਗੜ੍ਹ ਪਹੁੰਚੇ ਤਾਂ ਉਹਨਾਂ ਨੇ ਆਮ ਸ਼ਹਿਰੀਆਂ ਦੀਆਂ ਗੱਡੀਆਂ ਅਗਵਾ ਕਰ ਲਈਆਂ ਤੇ ਅੰਮ੍ਰਿਤਸਰ ਵੱਲ ਚਾਲੇ ਪਾਏ ਜੋ ਉਸ ਥਾਂ ਤੋਂ 840 ਮੀਲ ਦੂਰ ਸੀ। ਫ਼ੌਜ ਦੇ ਹੈਲੀਕਾਪਟਰ ਕਾਫ਼ਲੇ ਨੂੰ ਲੱਭਣ ਵਿੱਚ ਅਸਫਲ ਰਹੇ ਪਰੰਤੂ ਪੁਲਿਸ ਦੀ ਵਾਇਰਲੈਸ ਰਾਹੀਂ ਉਹਨਾਂ ਨੂੰ ਅੱਗੇ ਜਾਣ ਦੀ ਸੂਚਨਾ ਮਿਲਦੀ ਰਹੀ।

ਰਾਮਗੜ੍ਹ ਛਾਉਣੀ ਵਿੱਚ ਘਬਰਾਹਟ ਫੈਲੀ ਜਾਪਦੀ ਸੀ। ਫ਼ੌਜੀ ਅਦਾਲਤ ਨੇ ਆਪਣੀ ਰਿਪੋਰਟ ਵਿੱਚ ਕਿਹਾ, "ਸਿੱਖ ਰਜਮੈਂਟ ਕੇਂਦਰ ਵਿੱਚ ਲਗਭਗ 10 ਵਜੇ ਤੋਂ ਲੈ ਕੇ 4.30 ਵਜੇ ਤੱਕ ਨਿਯੰਤਰਨ ਕਰਨ ਤੇ ਆਦੇਸ਼ ਦੇਣ ਦੀ ਸ਼ਕਤੀ ਦਾ ਅਭਾਵ ਸੀ। 6.30 ਵਜੇ ਸ਼ਾਮ ਨੂੰ ਜਾ ਕੇ ਕਿਧਰੇ ਸਥਿਤੀ ਕੁਝ ਕਾਬੂ ਵਿੱਚ ਹੋਈ ਤੇ ਮੁੜ ਅਧਿਕਾਰ ਸਥਾਪਿਤ ਕੀਤਾ ਗਿਆ।" ਸਿੱਖ ਰਜਮੈਂਟ ਕੇਂਦਰ ਦੇ ਗੁਆਂਢ ਵਿੱਚ ਪੰਜਾਬ ਰਜਮੈਂਟ ਸੀ। ਫ਼ੌਜੀ ਅਦਾਲਤ ਦੀ ਰਿਪੋਰਟ ਅਨੁਸਾਰ ਉਹਨਾਂ ਨੂੰ 10.45 ਨੂੰ ਬਗ਼ਾਵਤ ਬਾਰੇ ਸੂਚਿਤ ਕੀਤਾ ਗਿਆ। ਉਹਨਾਂ ਨੇ ਸਥਿਤੀ ਨੂੰ ਕਾਬੂ ਕਰਨ ਲਈ 5.30 ਵਜੇ ਸ਼ਾਮ ਤੱਕ ਕੋਈ ਪ੍ਰਭਾਵਸ਼ਾਲੀ ਕਦਮ ਨਾ ਉਠਾਏ।

ਜਦੋਂ ਬਗ਼ਾਵਤ ਦੀ ਖ਼ਬਰ ਸੈਨਾ ਦੇ ਮੁੱਖ ਦਫ਼ਤਰ ਪਹੁੰਚੀ ਤਾਂ ਰਾਮਗੜ੍ਹ ਤੋਂ ਦਿੱਲੀ

ਤੱਕ ਰਸਤੇ ਉਪਰ ਆਉਂਦੀਆਂ ਸਾਰੀਆਂ ਸੈਨਿਕ ਸ਼ਾਖਾਵਾਂ ਨੂੰ ਸੜਕਾਂ 'ਤੇ ਘੇਰੇ ਪਾਉਣ ਲਈ ਹੁਕਮ ਦਿੱਤੇ ਗਏ। ਬਗ਼ਾਵਤ ਦੇ ਆਗੂਆਂ ਨੇ ਬਨਾਰਸ ਪਹੁੰਚਣ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਆਪਣੇ ਦਸਤੇ ਵੱਖੋ-ਵੱਖ ਵੰਡ ਲਏ ਕਿਉਂਕਿ ਉਹਨਾਂ ਨੂੰ ਜਾਣਕਾਰੀ ਮਿਲ ਗਈ ਸੀ ਕਿ ਉਥੇ ਸੜਕ 'ਤੇ ਘੇਰਾਬੰਦੀ ਕੀਤੀ ਹੋਈ ਸੀ। ਅੰਤ ਉਹਨਾਂ ਵਿੱਚੋਂ ਇਕ ਦਸਤੇ ਦੀ ਸਿੱਖ ਰੈਜਮੈਂਟ ਕੇਂਦਰ ਤੋਂ 190 ਮੀਲ ਦੂਰ ਸਕਤੇਸ਼ਗੜ੍ਹ ਰੇਲਵੇ ਸਟੇਸ਼ਨ 'ਤੇ ਤੋਪਖ਼ਾਨੇ ਨਾਲ ਲੜਾਈ ਹੋ ਗਈ। ਕੁਝ ਟਰੱਕ ਬਚ ਕੇ ਨਿਕਲ ਗਏ ਪਰ ਉਹਨਾਂ ਨੂੰ ਮਕਾਨਕੀ ਪਿਆਦਾ ਰਜਮੈਂਟ ਨੇ ਕਾਬੂ ਕਰ ਲਿਆ। ਫ਼ੌਜ ਦੀ ਬਾਕੀ ਦੀ ਅੱਧੀ ਸਫ਼ ਨੂੰ ਤੋਪਖ਼ਾਨੇ ਤੇ 20ਵੇਂ ਪਿਆਦਾ ਬ੍ਰਿਗੇਡ ਨੇ ਫਿਰ ਰੋਕ ਲਿਆ। ਨਾਕਾਬੰਦੀ ਲਾਉਣ ਵਾਲੇ ਸਿਪਾਹੀਆਂ ਤੇ ਬਾਗ਼ੀਆਂ ਵਿਚਕਾਰ ਹੋਈ ਲੜਾਈ ਵਿੱਚ 35 ਆਦਮੀ ਮਾਰੇ ਗਏ। ਬਗ਼ਾਵਤ ਵਿੱਚ ਸ਼ਾਮਿਲ ਹੋਏ ਬਾਗ਼ੀਆਂ ਦੀ ਕੁੱਲ ਗਿਣਤੀ 1461 ਸੀ ਜਿਨ੍ਹਾਂ ਵਿੱਚੋਂ 1050 ਨਵੇਂ ਰੰਗਰੂਟ ਸਨ। ਫ਼ੌਜੀ ਅਦਾਲਤ ਦੀ ਪੜਤਾਲ ਅਨੁਸਾਰ ਬਹੁਤਿਆਂ ਨੂੰ ਬੰਦੂਕ ਦੀ ਨੋਕ 'ਤੇ ਬਗ਼ਾਵਤ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਸੀ।

ਫ਼ੌਜੀ ਅਦਾਲਤ ਨੇ ਸਰਕਾਰ ਵੱਲੋਂ ਵਿਦਰੋਹ ਦਾ ਕਾਰਨ ਕਿਸੇ ਬਾਹਰਲੀ ਏਜੰਸੀ ਭਾਵ ਪਾਕਿਸਤਾਨ ਨੂੰ ਮੰਨਣ ਤੋਂ ਸਿਰੇ ਤੋਂ ਹੀ ਰੱਦ ਕਰ ਦਿੱਤਾ। ਰਿਪੋਰਟ ਵਿੱਚ ਕਿਹਾ ਗਿਆ ਕਿ "ਕਿਸੇ ਬਾਹਰਲੀ ਏਜੰਸੀ ਵੱਲੋਂ ਰਾਮਗੜ੍ਹ ਦੇ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਉਣ ਬਾਰੇ ਕੋਈ ਸਬੂਤ ਨਹੀਂ ਹੈ।" ਇਸ ਨੇ ਸਾਰਾ ਦੋਸ਼ ਅਫ਼ਸਰਾਂ ਤੇ ਜੂਨੀਅਰ ਕਮਿਸ਼ਨ ਅਫ਼ਸਰਾਂ 'ਤੇ ਥੋਪਿਆ। ਰਿਪੋਰਟ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਜਵਾਨਾਂ ਨੂੰ ਆਪਣੇ ਘਰਾਂ ਤੇ ਪਿੰਡਾਂ ਦੇ ਪ੍ਰਭਾਵਾਂ ਤੋਂ ਵੱਖਰਾ ਕਰਨਾ ਅਸੰਭਵ ਹੈ। ਇਸ ਵਿੱਚ ਕਿਹਾ ਗਿਆ, "ਬਹੁਤੇ ਰਾਜਾਂ ਵਿੱਚ ਤੇ ਖ਼ਾਸ ਕਰਕੇ ਪੰਜਾਬ ਵਿੱਚ ਧਾਰਮਿਕ ਮੂਲਵਾਦ ਤੇ ਭਾਸ਼ਾਈ ਕੱਟੜਤਾ ਉਸ ਖੇਤਰ ਦੇ ਜਵਾਨਾਂ ਨੂੰ ਪ੍ਰਭਾਵਿਤ ਕਰੇਗੀ ਭਾਵੇਂ ਉਹ ਫ਼ੌਜ ਵਰਗੀ ਸੰਸਥਾ ਵਿੱਚ ਕਿੰਨੇ ਵੀ ਭਾਵਨਾਤਮਕ ਤੌਰ 'ਤੇ "ਇਕ-ਜਾਨ" ਕਿਉਂ ਨਾ ਹੋਣ।"

ਉਸ ਟਿੱਪਣੀ ਪਿੱਛੋਂ, ਭਾਰਤੀ ਫ਼ੌਜ ਦੇ ਜੁਝਾਰੂ ਅੰਗ, ਭਾਵ ਸਿੱਖ ਫ਼ੌਜੀਆਂ ਦੇ ਭਵਿੱਖ ਤੇ ਸੁਆਲੀਆ ਨਿਸ਼ਾਨ ਲੱਗਣਾ ਜ਼ਰੂਰੀ ਹੈ। ਇਸ ਟਿੱਪਣੀ ਨਾਲ ਇਕ ਹੋਰ ਮਹੱਤਵਪੂਰਨ ਸੁਆਲ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਕਿੰਨੀ ਵਾਰ ਭਾਰਤੀ ਫ਼ੌਜ ਧਰਮ, ਸੰਪ੍ਰਦਾਇਕ ਕਟੱੜਤਾ ਤੇ ਜ਼ਾਤੀ ਘ੍ਰਿਣਾ ਦੀ ਅੱਗ ਬੁਝਾਵੇਗੀ ਕਿ ਉਸ ਤੋਂ ਪਹਿਲਾਂ ਇਹ ਆਪ ਹੀ ਉਹਨਾਂ ਦੀਆਂ ਲਾਟਾਂ ਵਿੱਚ ਭਸਮ ਨਾ ਹੋ ਜਾਵੇ?

ਨੀਲਾ ਤਾਰਾ ਸਾਕਾ ਪਿੱਛੋਂ ਫ਼ੌਜ ਵਿੱਚ ਹੋਰ ਵਧੇਰੇ ਗੜਬੜ ਤੇ ਬੇਚੈਨੀ ਸੀ। ਜੰਮੂ ਖੇਤਰ ਵਿੱਚ ਪੰਜਾਬ ਦੀ ਸੀਮਾ ਤੇ ਸਿੱਖ ਰਜਮੈਂਟ ਦੀ ਇਕ ਹੋਰ ਪਲਟਨ ਵਿੱਚ ਅਤੇ ਪੂਨੇ ਵਿੱਚ ਨਿਯੁਕਤ ਪੰਜਾਬ ਰਜਮੈਂਟ ਦੇ ਸਿੱਖਾਂ ਵਿੱਚ ਬਗ਼ਾਵਤ ਹੋਈ। ਬੰਬਈ ਦੇ ਬਾਹਰਵਾਰ ਪੰਜਾਬੀਆਂ ਦੇ ਇਕ ਦਲ ਨੇ ਗਹਿਗੱਚ ਲੜਾਈ ਲੜੀ ਜਿੱਥੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਗਏ ਫ਼ੌਜੀਆਂ ਵਿੱਚੋਂ ਇਕ ਮਾਰਿਆ ਗਿਆ ਤੇ ਦਸ ਜ਼ਖ਼ਮੀ ਹੋਏ। ਇਸ ਤੋਂ ਬਿਨਾਂ ਹੋਰ ਵੀ ਤਿੰਨ ਛੋਟੀਆਂ ਬਗ਼ਾਵਤਾਂ ਹੋਈਆਂ।

ਅਜ਼ਾਦੀ ਪਿੱਛੋਂ ਭਾਰਤੀ ਫ਼ੌਜ ਨੂੰ ਸਭ ਤੋਂ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਿਆ। ਇਸ ਦੇ ਫ਼ੌਜੀ ਸਿਵਲ ਵਸੋਂ ਤੋਂ ਵੱਖ ਛਾਉਣੀਆਂ ਵਿੱਚ ਰਹਿੰਦੇ ਹਨ। ਇਹਨਾਂ

ਛਾਉਣੀਆਂ ਵਿੱਚ ਉਹਨਾਂ ਨੂੰ ਹਰ ਚੀਜ਼ ਉਪਲਬੱਧ ਕਰਵਾਈ ਜਾਂਦੀ ਹੈ ਤਾਂ ਜੋ ਭਾਰਤੀ ਸਮਾਜ ਵਿੱਚ ਜਾਤੀਗਤ ਬੇਫ਼ਾਬਤਗੀ ਤੇ ਅਨੁਸ਼ਾਸਨਹੀਣਤਾ ਦੀ ਉਹਨਾਂ ਨੂੰ ਲਾਗ ਨਾ ਲੱਗ ਜਾਵੇ। ਪਰੰਤੂ ਸਵਰਨ ਮੰਦਿਰ ਵਿੱਚ ਫ਼ੌਜ ਭੇਜਣ ਦੇ ਫ਼ੈਸਲੇ ਨਾਲ ਭਾਰਤੀ ਸੈਨਾ ਦੇ ਅਨੁਸ਼ਾਸਨ ਤੇ ਵਫ਼ਾਦਾਰੀ 'ਤੇ ਬੜਾ ਮਾੜਾ ਅਸਰ ਪਾਇਆ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਸਿੱਖ ਫ਼ੌਜੀਆਂ ਦੇ 3% ਫ਼ੌਜੀਆਂ ਨੇ ਹੀ ਵਿਦਰੋਹ ਕੀਤਾ ਪਰੰਤੂ ਉਸ ਫ਼ਿਰਕੇ ਲਈ ਇਹ ਬੜੀ ਵੱਡੀ ਗੱਲ ਸੀ ਜਿਸ ਦੀ ਭਾਰਤੀ ਸੈਨਾ ਲਈ ਬਹੁਤ ਮਹੱਤਤਾ ਹੈ। ਇਹਨਾਂ ਵਿਦਰੋਹਾਂ ਨੇ ਸਿੱਖਾਂ ਤੇ ਹਿੰਦੂਆਂ ਦੇ ਸੰਬੰਧ ਵਿਗਾੜ ਦਿੱਤੇ ਤੇ ਸਿੱਖਾਂ ਦੀ ਫ਼ੌਜ ਲਈ ਉਪਯੋਗਤਾ ਤੇ ਅਨੁਕੂਲਤਾ ਦੇ ਬਾਰੇ ਸੰਦੇਹ ਪੈਦਾ ਕਰ ਦਿੱਤਾ। ਇਹ ਫ਼ੌਜ ਦੇ ਮਾਨ ਤੇ ਪ੍ਰਤਿਸ਼ਠਾ ਲਈ ਵੀ ਭਾਰੀ ਸੱਟ ਸੀ।

ਸੇਵਾ ਨਿਵਿਰਤ ਅਫ਼ਸਰਾਂ ਦਾ ਵਿਸ਼ਵਾਸ ਹੈ ਕਿ ਇਹ ਬਗ਼ਾਵਤਾਂ ਟਾਲੀਆਂ ਜਾ ਸਕਦੀਆਂ ਸਨ ਜੇਕਰ ਜਵਾਨਾਂ ਨੂੰ ਪੰਜਾਬ ਦੇ ਹਾਲਾਤ ਬਾਰੇ ਪੂਰੀ ਜਾਣਕਾਰੀ ਦਿੱਤੀ ਗਈ ਹੁੰਦੀ। ਲੈਫ਼. ਜਨਰਲ ਹਰਬਖ਼ਸ਼ ਸਿੰਘ ਨੇ ਕਿਹਾ, "ਉਹਨਾਂ ਨੇ ਜਦੋਂ ਸੁਣਿਆ ਕਿ ਪੰਜਾਬ ਵਿੱਚ ਫ਼ੌਜ ਨਿਯੁਕਤ ਕਰ ਦਿੱਤੀ ਗਈ ਹੈ ਤਾਂ ਉਹਨਾਂ ਨੇ ਸੋਚਿਆ ਸੀ ਕਿ ਉਹਨਾਂ ਦੇ ਪਿੰਡਾਂ 'ਤੇ ਹਮਲਾ ਕੀਤਾ ਜਾ ਰਿਹਾ ਸੀ। ਰਜਮੈਂਟਾਂ ਵੱਲੋਂ ਪੰਜਾਬ ਨੂੰ ਛੋਟੇ-ਛੋਟੇ ਦਲ ਅਫ਼ਸਰਾਂ ਦੀ ਕਮਾਨ ਅਧੀਨ ਇਹ ਦੇਖਣ ਲਈ ਭੇਜੇ ਜਾਣੇ ਚਾਹੀਦੇ ਸਨ ਕਿ ਉਥੇ ਕੀ ਹੋ ਰਿਹਾ ਸੀ ਤੇ ਫਿਰ ਉਹ ਇਸ ਦੀ ਸੂਚਨਾ ਆਪਣੇ ਸਹਿਯੋਗੀਆਂ ਨੂੰ ਦੇ ਦਿੰਦੇ।"

ਸੇਵਾ ਨਿਵਿਰਤ ਲੈਫ਼. ਜਨਰਲ ਐਸ.ਕੇ. ਸਿਨਹਾ ਜੇ ਕਿਸਮਤ ਜਾਂ ਸਿਆਸਤ ਕਾਰਨ ਵੱਖਰੀ ਸੋਚ ਦਾ ਮਾਲਕ ਹੋਣ ਕਰਕੇ ਉਹ ਵੱਖਰਾ ਮਾਰਗ ਇਖ਼ਤਿਆਰ ਨਾ ਕਰਦਾ ਤਾਂ ਸ਼ਾਇਦ ਉਹ "ਨੀਲਾ ਤਾਰਾ ਸਾਕਾ" ਸਮੇਂ "ਥਲ ਸੈਨਾ ਦਾ ਮੁਖੀ" ਹੁੰਦਾ ; ਉਹ ਉੱਚ ਅਧਿਕਾਰੀਆਂ ਦੀ ਆਲੋਚਨਾ ਵਿੱਚ ਬਹੁਤ ਬੇਬਾਕ ਸੀ। ਇਕ ਅਖ਼ਬਾਰ ਨੂੰ ਦਿੱਤੀ ਮੁਲਾਕਾਤ ਵਿੱਚ ਉਸ ਨੇ ਕਿਹਾ, "ਜਿੱਥੋਂ ਤੱਕ ਬਗ਼ਾਵਤ ਦਾ ਸਬੰਧ ਹੈ, ਮੈਂ ਇਸ ਲਈ ਅਫ਼ਸਰਾਂ ਨੂੰ ਹੀ ਪੂਰੀ ਤਰ੍ਹਾਂ ਜ਼ਿੰਮੇਵਾਰ ਮੰਨਦਾ ਹਾਂ ਕਿਉਂਕਿ ਉਹਨਾਂ ਨੂੰ ਸਪੱਸ਼ਟ ਰੂਪ ਵਿੱਚ ਇਹ ਪਤਾ ਨਹੀਂ ਸੀ ਕਿ ਉਹਨਾਂ ਦੇ ਜਵਾਨ ਕੀ ਸੋਚ ਰਹੇ ਸਨ। ਮੈਂ ਇਸ ਮਾਮਲੇ ਬਾਰੇ ਬਿਲਕੁਲ ਸਪੱਸ਼ਟ ਹਾਂ। ਅਫ਼ਸਰਾਂ ਨੂੰ ਆਪਣੇ ਜਵਾਨਾਂ ਬਾਰੇ ਮਾਵਾਂ ਨਾਲੋਂ ਵੀ ਵਧੇਰੇ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਸਮੱਸਿਆ ਬਾਰੇ ਉਹਨਾਂ ਨੇ ਅਜਿਹਾ ਕੁਝ ਨਹੀਂ ਕੀਤਾ ਸੀ।"

ਸੈਨਾ ਮੁਖਾਲਿਆ ਨੂੰ ਵੀ ਆਪਣੀ ਜ਼ਿੰਮੇਵਾਰੀ ਕਬੂਲ ਕਰਨੀ ਚਾਹੀਦੀ ਸੀ। ਸਿੱਖ ਫ਼ੌਜੀਆਂ ਦੇ ਮਨੋਬਲ ਦਾ ਪੂਰਵ-ਗਿਆਨ ਹੋਣਾ ਚਾਹੀਦਾ ਸੀ ਤੇ ਸਾਰੇ ਅਫ਼ਸਰਾਂ ਨੂੰ ਸਾਧਾਰਨ ਪ੍ਰਣਾਲੀ ਰਾਹੀਂ ਸੰਵੇਦਨਸ਼ੀਲ ਤੇ ਸਤਰਕ ਹੋਣ ਦੇ ਆਦੇਸ਼ ਦਿੱਤੇ ਜਾਣੇ ਚਾਹੀਦੇ ਸਨ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਫ਼ੌਜੀ ਪੁਲਿਸ ਨੇ ਆਪਣੇ ਅੰਦਰੂਨੀ ਗੁਪਤਚਰ ਤੰਤਰ ਰਾਹੀਂ ਥਲ ਸੈਨਾ ਦੇ ਮੁਖੀ ਨੂੰ ਸਾਵਧਾਨ ਨਾ ਕੀਤਾ। ਪਰੰਤੂ ਇਹ ਸੰਭਵ ਹੋ ਸਕਦਾ ਹੈ ਕਿ ਅਫ਼ਸਰ ਸਿੱਖ ਫ਼ੌਜਾਂ ਦੀ ਵਫ਼ਾਦਾਰੀ ਪ੍ਰਤੀ ਕੋਈ ਸੰਦੇਹ ਦੀ ਸਮੱਸਿਆ ਖੜ੍ਹੀ ਨਾ ਕਰਨੀ ਚਾਹੁੰਦੇ ਹੋਣ। ਵਫ਼ਾਦਾਰੀ ਦੇ ਸੁਆਲ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਨਜਿੱਠਣਾ ਪੈਂਦਾ ਹੈ, ਨਹੀਂ ਤਾਂ ਕੀਤੀਆਂ ਗਈਆਂ ਪੇਸ਼ਬੰਦੀਆਂ ਤੇ ਸਾਵਧਾਨੀਆਂ ਉਹੋ ਚੀਜ਼ ਭਾਵ ਵਿਦਰੋਹ ਜਿਸ ਨੂੰ ਰੋਕਣ ਦਾ ਯਤਨ ਕੀਤਾ ਜਾਂਦਾ ਹੈ, ਦੇ ਪੈਦਾ ਕਰਨ ਦਾ ਮੂਲ ਕਾਰਨ ਬਣ ਜਾਂਦੀਆਂ ਹਨ।

ਫ਼ੌਜ ਨੂੰ, ਵਿਦਰੋਹੀਆਂ ਨੂੰ ਅਨੁਸ਼ਾਸਨ ਹੇਠ ਲਿਆਉਣ ਦੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਰੱਖਿਆ ਮੰਤਰਾਲੇ ਅਤੇ ਦੱਖਣੀ ਕਮਾਨ ਦੇ ਕਮਾਂਡਿੰਗ ਅਫ਼ਸਰ ਵੱਲੋਂ ਉਹਨਾਂ ਦੇ ਆਪਾ ਵਿਰੋਧੀ ਬਿਆਨਾਂ ਤੋਂ ਦੋ ਵਿਚਾਰਧਾਰਾਵਾਂ ਦੀ ਝਲਕ ਮਿਲਦੀ ਹੈ। ਰੱਖਿਆ ਮੰਤਰਾਲੇ ਨੇ ਸੰਕੇਤ ਦਿੱਤਾ ਕਿ ਹਕੂਮਤ ਨਰਮ ਰੁਖ਼ ਅਖ਼ਤਿਆਰ ਕਰੇਗੀ। ਇਕ ਪ੍ਰਵਕਤਾ ਅਨੁਸਾਰ ਜਿਸ ਨੇ ਸਿੱਖਾਂ ਨੂੰ ਬਾਗ਼ੀ ਨਹੀਂ, ਭਗੌੜੇ ਕਿਹਾ ਸੀ, ਉਹਨਾਂ ਨੂੰ ਗੁੰਮਰਾਹ ਕੀਤਾ ਗਿਆ ਸੀ। ਉਸ ਨੇ ਹੋਰ ਕਿਹਾ, "ਅਸੀਂ ਮਹਿਸੂਸ ਕਰਦੇ ਹਾਂ ਕਿ ਕੁਝ ਲੋਕ ਨੌਜਵਾਨਾਂ ਦੀਆਂ ਭਾਵਨਾਵਾਂ ਦਾ ਲਾਹਾ ਲੈ ਰਹੇ ਹਨ।" ਉਸ ਨੇ ਉਹਨਾਂ ਭੜਕਾਊ ਤੱਤਾਂ ਦਾ ਵਰਨਣ ਵੀ ਕੀਤਾ ਜੋ ਪੰਜਾਬ ਦੇ ਵਾਕਿਆਤ ਬਾਰੇ ਭਿਆਨਕ ਕਹਾਣੀਆਂ ਸੁਣਾ ਰਹੇ ਹਨ ਤੇ ਉਸ ਨੇ ਇਹ ਗੱਲ ਵੀ ਕਹੀ ਕਿ "ਅਸੀਂ ਸਿੱਖ ਜਵਾਨਾਂ ਦੀਆਂ ਭਾਵਨਾਵਾਂ ਸਮਝਦੇ ਹਾਂ।" ਬੜੀ ਮਜ਼ਬੂਤੀ ਨਾਲ ਇਸ ਘਿਨਾਉਣੇ ਤਬੇਲੇ ਦੇ ਦਰ ਬੰਦ ਕਰਦਿਆਂ ਪ੍ਰਵਕਤਾ ਨੇ ਐਲਾਨ ਕੀਤਾ ਕਿ ਅਫ਼ਸਰਾਂ ਨੂੰ ਸਵਰਨ ਮੰਦਿਰ ਦੀਆਂ ਫ਼ੋਟੋਆਂ ਦੇ ਕੇ ਇਹ ਸਪੱਸ਼ਟ ਕਰਨ ਲਈ ਭੇਜਿਆ ਗਿਆ ਕਿ ਮੰਦਰ ਬਿਲਕੁਲ ਸੁਰੱਖਿਅਤ ਹੈ ਤੇ ਉਸ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਤੇ ਜਿਹੜੇ ਜਵਾਨਾਂ ਨੇ ਇਸ ਕਾਰਵਾਈ ਵਿੱਚ ਹਿੱਸਾ ਲਿਆ ਹੈ ਉਹਨਾਂ ਨੇ ਮੰਦਿਰ ਪ੍ਰਤੀ ਅਤਿਅੰਤ ਸਤਿਕਾਰ ਦਿਖਾਇਆ ਹੈ। ਪਰੰਤੂ ਲੈਫ਼. ਜਨਰਲ ਟੀ.ਐਸ. ਓਬਰਾਏ ਨੇ, ਜੋ ਦੱਖਣੀ ਕਮਾਂਡ ਵਿੱਚ 80 ਹਜ਼ਾਰ ਸਿੱਖਾਂ ਦੀ ਕਮਾਨ ਕਰ ਰਿਹਾ ਸੀ, ਸਾਫ਼ ਸਾਫ਼ ਖਰੀ ਗੱਲ ਕਰਦਿਆਂ ਕਿਹਾ, "ਜਿਹੜੇ ਭਗੌੜਿਆਂ ਨੇ ਆਤਮ ਸਮਰਪਣ ਕੀਤਾ ਹੈ, ਉਹਨਾਂ ਨੂੰ ਫ਼ੌਜੀ ਅਦਾਲਤ ਅੱਗੇ ਪੇਸ਼ ਹੋਣਾ ਪਵੇਗਾ ਤੇ ਸਜ਼ਾ ਭੁਗਤਣੀ ਪਵੇਗੀ।"

ਇਹਨਾਂ ਵਿਦਰੋਹਾਂ ਤੋਂ ਇਕ ਮਹੀਨਾ ਮਗਰੋਂ ਥਲ ਸੈਨਾ ਦੇ ਮੁਖੀ ਜਨਰਲ ਏ. ਐਸ. ਵੈਦਯਾ ਨੇ ਰਾਸ਼ਟਰ ਦੇ ਨਾਮ ਪ੍ਰਸਾਰਨ ਕਰਨ ਦਾ ਬੇਮਿਸਾਲ ਕਦਮ ਉਠਾਇਆ। ਉਸ ਨੇ ਕਿਹਾ, ਉਹਨਾਂ ਲੋਕਾਂ ਵਿੱਚ ਕਸ਼ਮਕਸ਼ ਤੇ ਟਕਰਾਉ ਨੂੰ, ਜੋ ਡਰਦੇ ਸਨ ਕਿ ਭਗੌੜਿਆਂ ਵਿਰੁੱਧ ਸਖ਼ਤ ਕਦਮ ਉਠਾਉਣ ਨਾਲ ਸਿੱਖ ਫ਼ੌਜਾਂ ਦੇ ਮਨੋਬਲ ਨੂੰ ਭਾਰੀ ਸੱਟ ਵੱਜੇਗੀ ਤੇ ਜਿਹੜੇ ਲੋਕ ਡਰਦੇ ਸਨ ਕਿ ਨਰਮੀ ਵਰਤਣ ਨਾਲ ਸਾਰੀ ਫ਼ੌਜ ਵਿੱਚ ਅਨੁਸ਼ਾਸਨ ਨੂੰ ਢਾਹ ਲੱਗੇਗੀ, ਪੂਰੀ ਤਰ੍ਹਾਂ ਸੁਲਝਾ ਲਿਆ ਗਿਆ ਹੈ। ਬਾਗ਼ੀਆਂ ਨੂੰ ਭਾਰਤ ਦੇ ਫ਼ੌਜੀ ਕਾਨੂੰਨ ਦੀ ਕਰੜਾਈ ਤੇ ਸਜ਼ਾ ਭੋਗਣੀ ਪਵੇਗੀ। ਜਨਰਲ ਵੈਦਯਾ ਨੇ ਕਿਹਾ, "ਮੈਂ ਇਹ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਬਗ਼ਾਵਤ ਕੀਤੀ ਹੈ ਉਹਨਾਂ ਨਾਲ ਫ਼ੌਜ ਦੇ ਕਾਨੂੰਨ ਅਨੁਸਾਰ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਤਾਂ ਜੋ ਜਿਹੜੇ ਫ਼ੌਜ ਵਿੱਚ ਸਾਡੇ ਨਾਲ ਹਨ ਤੇ ਜਿਨ੍ਹਾਂ ਨੂੰ ਫ਼ੌਜ ਵਿੱਚ ਸੇਵਾ ਕਰਨ ਦਾ ਮਾਣ ਪ੍ਰਾਪਤ ਹੈ, ਉਹ ਅਨੁਸ਼ਾਸਤ ਤੇ ਮਾਨਮੱਤੇ ਫ਼ੌਜੀ ਬਣੇ ਰਹਿਣ।" ਇਹ ਪਹਿਲਾ ਮੌਕਾ ਸੀ ਜਦੋਂ ਫ਼ੌਜ ਨੇ ਮੰਨਿਆ ਕਿ ਬਗ਼ਾਵਤਾਂ ਹੋਈਆਂ ਸਨ। ਪਹਿਲਾਂ ਉਹਨਾਂ ਨੇ ਬਾਗ਼ੀਆਂ ਲਈ 'ਭਗੌੜੇ' ਸ਼ਬਦ ਦੀ ਹੀ ਵਰਤੋਂ ਕੀਤੀ ਸੀ।

ਪਰੰਤੂ ਸੇਵਾ ਨਿਵਿਰਤ ਅਫ਼ਸਰਾਂ ਦਾ ਵਿਸ਼ਵਾਸ ਸੀ ਕਿ ਜਨਰਲ ਵੈਦਯਾ ਗ਼ਲਤ ਸੀ। ਉਹਨਾਂ ਵਿੱਚੋਂ ਪੰਜ ਸਮੇਤ ਲੈਫ਼. ਜਨਰਲ ਅਰੋੜਾ ਤੇ ਲੈਫ਼. ਜਨਰਲ ਹਰਬਖ਼ਸ਼ ਸਿੰਘ ਦੇ ਭਾਰਤੀ ਥਲ ਸੈਨਾ ਤੇ ਕਮਾਂਡਰ-ਇਨ-ਚੀਫ਼, ਰਾਸ਼ਟਰਪਤੀ ਕੋਲ ਬਾਗ਼ੀਆਂ ਨਾਲ ਨਰਮ ਸਲੂਕ ਦੇ ਪੱਖ ਦਾ ਸਮਰਥਨ ਕਰਨ ਲਈ ਗਏ। ਉਹਨਾਂ ਨੇ ਰਾਸ਼ਟਰਪਤੀ ਜ਼ੈਲ

ਸਿੰਘ ਨੂੰ ਇਹ ਸਪੱਸ਼ਟ ਕੀਤਾ ਕਿ ਫ਼ੌਜੀ ਅਧਿਕਾਰੀ ਇਸ ਗੱਲੋਂ ਕਸੂਰਵਾਰ ਸਨ ਕਿ ਉਹਨਾਂ ਨੇ ਜਵਾਨਾਂ ਨੂੰ ਇਹ ਨਾ ਦੱਸਿਆ ਕਿ ਅੰਮ੍ਰਿਤਸਰ ਵਿੱਚ ਕੀ ਹੋ ਰਿਹਾ ਸੀ ਤੇ ਕਿਉਂ? ਉਹਨਾਂ ਨੇ ਇਹ ਦਾਅਵਾ ਵੀ ਕੀਤਾ ਕਿ ਸ੍ਰੇਸ਼ਠ ਅਧਿਕਾਰੀਆਂ ਨੂੰ ਵੀ ਇਸ ਬਾਰੇ ਦੱਸਿਆ ਨਹੀਂ ਗਿਆ ਸੀ। ਸੇਵਾ ਨਿਵਿਰਤ ਅਧਿਕਾਰੀਆਂ ਨੇ ਫ਼ੌਜ ਲਈ ਧਰਮ ਦੀ ਮਹੱਤਤਾ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਸਿੱਖ ਸੈਨਿਕ, ਗੁਰੂ ਗ੍ਰੰਥ ਸਾਹਿਬ ਅੱਗੇ ਵਫ਼ਾਦਾਰੀ ਦੀ ਸੌਗੰਧ ਖਾਂਦੇ ਹਨ। ਲੈਫ. ਜਨਰਲ ਅਰੋੜਾ ਅਨੁਸਾਰ, ਰਾਸ਼ਟਰਪਤੀ ਨੇ ਹਮਦਰਦੀ ਨਾਲ ਗੱਲਬਾਤ ਸੁਣੀ ਪਰ ਕਿਹਾ ਕਿ ਉਸ ਕੋਲ ਕੋਈ ਅਧਿਕਾਰ ਨਹੀਂ ਸਨ। ਫਿਰ ਉਸ ਨੇ ਆਪਣਾ ਅਸਰ-ਰਸੂਖ਼ ਵਰਤਣ ਲਈ ਸਹਿਮਤੀ ਪ੍ਰਗਟ ਕੀਤੀ। ਜਦੋਂ ਬਾਗੀਆਂ ਪ੍ਰਤੀ ਗੈਰਮਨੁੱਖੀ ਸਲੂਕ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਛਪਣ ਲੱਗੀਆਂ ਤਾਂ ਲੈਫ. ਜਨਰਲ ਹਰਬਖ਼ਸ਼ ਸਿੰਘ ਨੇ ਇਕ ਬਿਆਨ ਜਾਰੀ ਕੀਤਾ। ਉਸ ਨੇ ਕਿਹਾ, "ਮੈਨੂੰ ਅਹਿਸਾਸ ਹੈ ਕਿ ਫ਼ੌਜੀ ਅਫ਼ਸਰਸ਼ਾਹੀ ਵੱਲੋਂ ਇਹ ਸਭ ਕੁਝ ਸਿੱਖ ਫ਼ੌਜੀਆਂ ਦੇ ਮਨੋਬਲ ਤੇ ਅਨੁਸ਼ਾਸਨ ਨੂੰ ਕਾਇਮ ਨਾ ਰੱਖ ਸਕਣ ਦੀ ਅਸਫ਼ਲਤਾ ਨੂੰ ਲੁਕਾਉਣ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਫ਼ੌਜੀ ਕਮਾਨ ਦਾ ਸਭ ਤੋਂ ਮਹੱਤਵਪੂਰਨ ਕਾਰਜ ਉਹਨਾਂ ਦੇ ਸਭ ਤੋਂ ਪਵਿੱਤਰ ਧਰਮ ਅਸਥਾਨ ਅਕਾਲ ਤਖ਼ਤ ਦੀ ਗੈਰ ਜ਼ਿੰਮੇਵਾਰਾਨਾ ਬਰਬਾਦੀ ਬਾਰੇ ਫੈਲੀਆਂ ਅਫ਼ਵਾਹਾਂ ਕਾਰਨ ਧਾਰਮਿਕ ਭੜਕਾਹਟ ਦੀ ਪੇਸ਼ਬੰਦੀ ਕਰਨਾ ਹੁੰਦਾ ਹੈ। ਅਫ਼ਵਾਹਾਂ ਨਿਰਸੰਦੇਹ ਬਗ਼ਾਵਤ ਦਾ ਮੁੱਖ ਕਾਰਨ ਸਨ ਤੇ ਸੈਨਾ ਮੁਖਾਲਿਯਾ ਅਫ਼ਵਾਹਾਂ ਫ਼ੈਲਣ ਦੀ ਪੇਸ਼ਬੰਦੀ ਕਰਨ ਵਿੱਚ ਅਸਫਲ ਰਿਹਾ। ਲੈਫ. ਜਰਨੈਲ ਹਰਬਖ਼ਸ਼ ਸਿੰਘ ਨੇ ਇਹ ਸਿਫ਼ਾਰਸ਼ ਕੀਤੀ ਕਿ ਸਿੱਖਾਂ ਨਾਲ ਭਗੌੜਿਆਂ ਵਾਲਾ ਵਰਤਾਓ ਨਾ ਕੀਤਾ ਜਾਵੇ ਸਗੋਂ ਆਪਣੇ ਦਸਤਿਆਂ ਵਿੱਚ ਵਾਪਸ ਜਾਣ ਦੀ ਆਗਿਆ ਦਿੱਤੀ ਜਾਵੇ। ਉਸ ਨੇ ਇਹ ਸਿਫ਼ਾਰਸ਼ ਵੀ ਕੀਤੀ ਕਿ ਉਹਨਾਂ ਦੇ ਅਫ਼ਸਰਾਂ ਵਿਰੁੱਧ ਕਰਤੱਵ ਵਿੱਚ ਕੋਤਾਹੀ ਕਰਨ ਲਈ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਪਰੰਤੂ ਉਸ ਦੀ ਸਲਾਹ ਨਾ ਮੰਨੀ ਗਈ। ਅਸਲੀਅਤ ਇਹ ਸੀ ਕਿ ਪ੍ਰਧਾਨ ਰੱਖਿਆ ਕਾਰਜਸ਼ਾਲਾ ਨੇ ਸਿੱਖ ਸੈਨਿਕਾਂ ਦੇ ਨਾਲ ਨਜਿੱਠਣ ਲਈ ਉਸ ਦੇ ਬੇਮਿਸਾਲ ਅਨੁਭਵ ਦੇ ਬਾਵਜੂਦ ਉਸ ਤੋਂ ਕੋਈ ਸਲਾਹ ਹੀ ਨਾ ਲਈ। ਭਾਰਤੀ ਸੈਨਾ ਸਾਹਮਣੇ ਸਿਰਫ਼ ਅਨੁਸ਼ਾਸਨ ਤੇ ਮਨੋਬਲ ਦੀਆਂ ਹੀ ਸਮੱਸਿਆਵਾਂ ਨਹੀਂ ਸਨ। ਭਾਵੇਂ ਸਵਰਨ ਮੰਦਿਰ ਦੀ ਜੰਗ ਖ਼ਤਮ ਹੋ ਚੁੱਕੀ ਸੀ, ਲੈਫ. ਜਨਰਲ ਦਯਾਲ ਅਜੇ ਵੀ ਪੰਜਾਬ ਦੇ ਗਵਰਨਰ ਦਾ ਸਲਾਹਕਾਰ ਸੀ ਤੇ ਫ਼ੌਜ ਅਜੇ ਵੀ ਰਾਜ ਦੇ ਪਿੰਡਾਂ ਵਿੱਚ ਲੁਕੇ ਸਮਝੇ ਜਾਂਦੇ ਆਤੰਕਵਾਦੀਆਂ ਦੀ ਸਫ਼ਾਈ ਵਿੱਚ ਲੱਗੀ ਹੋਈ ਸੀ। ਪਰੰਤੂ ਆਤੰਕਵਾਦੀਆਂ ਦੀ ਪਿੰਡਾਂ ਵਿੱਚੋਂ ਖ਼ਾਤਮੇ ਦੀ ਕਾਰਵਾਈ ਵੀ ਉਤਨੀ ਹੀ ਅਣਉੱਚਿਤ ਤੇ ਬੇਮਿਸਾਲ ਸੀ ਜਿਤਨੀ ਸਵਰਨ ਮੰਦਿਰ ਵਿੱਚੋਂ ਆਤੰਕਵਾਦੀਆਂ ਨੂੰ ਕੱਢਣ ਦੀ ਕਾਰਵਾਈ ਸੀ। ਫ਼ੌਜ ਨੂੰ ਛੇਤੀ ਹੀ ਗਿਆਨ ਹੋ ਗਿਆ ਕਿ ਆਤੰਕਵਾਦੀ ਸਿਰਫ਼ ਮਾਰੇ ਜਾਣ ਲਈ ਉਹਨਾਂ ਦਾ ਇੰਤਜ਼ਾਰ ਨਹੀਂ ਕਰ ਰਹੇ ਸਨ। ਫ਼ੌਜ ਦੇ ਅਧਿਕਾਰੀਆਂ ਨੂੰ ਉਮੀਦ ਸੀ ਕਿ ਸਵਰਨ ਮੰਦਿਰ ਦੇ ਦੋਹਾਂ ਸਮੂਹਾਂ ਵਿੱਚੋਂ ਗ੍ਰਿਫ਼ਤਾਰ ਕੀਤੇ ਲੋਕਾਂ ਤੋਂ ਆਤੰਕਵਾਦੀਆਂ ਦੀਆਂ ਗਤੀਵਿਧੀਆਂ ਤੇ ਉਹਨਾਂ ਦੀ ਪਛਾਣ ਬਾਰੇ ਜਾਣਕਾਰੀ ਲੈ ਲੈਣਗੇ। ਭਾਵੇਂ ਉਹਨਾਂ ਵਿੱਚੋਂ ਬਹੁਤ ਸਾਰੇ ਨਿਰਦੋਸ਼ ਸਨ, ਪਰੰਤੂ ਫ਼ੌਜ ਉਹਨਾਂ ਨੂੰ ਪੂਰੀ ਪੁੱਛ ਪੜਤਾਲ ਬਿਨਾਂ ਛੱਡ ਨਹੀਂ ਰਹੀ ਸੀ। ਜਿਵੇਂ ਰਣਬੀਰ ਕੌਰ ਨੇ ਕਿਹਾ, ਫ਼ੌਜ ਨੂੰ

ਲਿੰਗ ਤੇ ਉਮਰ ਦਾ ਕੋਈ ਲਿਹਾਜ਼ ਨਹੀਂ ਸੀ—"ਸਾਨੂੰ ਅੰਮ੍ਰਿਤਸਰ ਦੇ ਫ਼ੌਜੀ ਕੈਂਪ ਵਿੱਚ ਲਿਜਾਇਆ ਗਿਆ। ਬੱਚੇ ਸਾਥੋਂ ਵੱਖ ਕਰ ਦਿੱਤੇ ਗਏ। ਫ਼ੌਜ ਨੇ ਸਾਡੀ ਕਰੜੀ ਤਫ਼ਤੀਸ਼ ਕੀਤੀ। ਉਹ ਸਾਥੋਂ ਪੁੱਛਣਾ ਚਾਹੁੰਦੇ ਸਨ ਕਿ ਭਿੰਡਰਾਂਵਾਲਾ ਦੇ ਸਹਿਯੋਗੀ ਕੌਣ-ਕੌਣ ਸਨ। ਉਹਨਾਂ ਨੇ ਸਾਨੂੰ ਗੋਲੀ ਮਾਰ ਦੇਣ ਦੀ ਧਮਕੀ ਦਿੱਤੀ। ਮੈਂ ਭਿੰਡਰਾਂਵਾਲੇ ਨੂੰ ਇਕ ਵਾਰ ਹੀ ਦੇਖਿਆ ਸੀ ਜਦੋਂ ਉਹ ਸੰਗਤ ਨੂੰ ਦਰਸ਼ਨ ਦੇ ਕੇ ਵਾਪਸ ਆ ਰਿਹਾ ਸੀ। 6 ਜੁਲਾਈ ਨੂੰ ਸਾਨੂੰ ਲੁਧਿਆਣੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਫਿਰ ਸਾਨੂੰ ਵੱਖ-ਵੱਖ ਕਰ ਦਿੱਤਾ ਗਿਆ। ਸਾਡੀ ਦੁਬਾਰਾ ਪੁੱਛ ਗਿੱਛ ਹੋਈ। ਮੇਰੀ ਸਦਾ ਆਦਮੀਆਂ ਨੇ ਹੀ ਪੁੱਛ ਗਿੱਛ ਕੀਤੀ। ਸਾਨੂੰ ਕੋਈ ਪੱਤਰ ਨਾ ਦਿੱਤਾ ਗਿਆ। ਕੁਝ ਪੁਲਿਸ ਵਾਲਿਆਂ ਨੇ ਮੈਨੂੰ ਦੱਸਿਆ ਕਿ ਮੇਰੀ ਜ਼ਮਾਨਤ ਹੋ ਸਕਦੀ ਹੈ।

ਪਰ ਜੇ ਮੈਂ ਇਸ ਤਰ੍ਹਾਂ ਕੀਤਾ ਤਾਂ ਮੈਨੂੰ ਲਗਾਤਾਰ ਕਚਹਿਰੀ ਵਿੱਚ ਸੱਦਿਆ ਜਾਵੇਗਾ। ਮੇਰੇ ਕੋਲ ਮੇਰਾ ਬੱਚਾ ਸੀ ਇਸ ਲਈ ਮੇਰੇ ਮਾਪੇ ਫ਼ੌਜ ਕੋਲ ਗਏ ਤੇ ਮੇਰੀ ਰਿਹਾਈ ਲਈ ਬੇਨਤੀ ਕੀਤੀ ਤਾਂ ਜੋ ਮੈਂ ਉਸ ਦੀ ਦੇਖਭਾਲ ਕਰ ਸਕਾਂ। ਜਦੋਂ ਉਹਨਾਂ ਨੇ ਨਾਂਹ ਕਰ ਦਿੱਤੀ ਤਾਂ ਮੇਰੇ ਮਾਪਿਆਂ ਨੇ ਬੱਚਾ ਫ਼ੌਜ ਨੂੰ ਦੇ ਦਿੱਤਾ ਤੇ ਕਿਹਾ, 'ਤੁਸੀਂ ਇਹ ਬੱਚਾ ਉਸ ਦੀ ਮਾਂ ਨੂੰ ਦੇ ਦਿਉ।"

ਉਹਨਾਂ ਬੱਚਿਆਂ ਦੀ ਪੁੱਛ-ਗਿੱਛ ਹੋਈ ਜਿਨ੍ਹਾਂ ਦੀ ਰਣਬੀਰ ਕੌਰ ਮੰਦਿਰ ਸਮੂਹ ਤੋਂ ਕੱਢੇ ਜਾਣ ਤੋਂ ਪਿੱਛੋਂ ਦੇਖ ਭਾਲ ਕਰ ਰਹੀ ਸੀ। 12 ਸਾਲ ਦੇ ਮਿਹਰਬਾਨ ਸਿੰਘ ਨੇ ਕਿਹਾ, "ਸਾਨੂੰ ਵਾਰ-ਵਾਰ ਪੁੱਛਿਆ ਗਿਆ ਕਿ ਕੀ ਅਸੀਂ ਭਿੰਡਰਾਂਵਾਲੇ ਦੇ ਬੰਦੇ ਸੀ। ਉਹਨਾਂ ਨੇ ਲੁਧਿਆਣਾ ਜੇਲ੍ਹ ਵਿੱਚ ਸਾਨੂੰ ਧੌਣ ਤੋਂ ਫੜ-ਫੜ ਕੇ ਮਾਰਿਆ। ਉਹ ਸਾਥੋਂ ਇਹ ਇਕਬਾਲ ਕਰਾਉਣਾ ਚਾਹੁੰਦੇ ਸੀ ਕਿ ਕੀ ਅਸੀਂ ਭਿੰਡਰਾਂਵਾਲੇ ਦੇ ਆਦਮੀਆਂ ਲਈ ਸ਼ਸਤਰਾਂ ਵਿੱਚ ਗੋਲੀਆਂ ਭਰਦੇ ਰਹੇ ਸੀ।" 11 ਸਾਲ ਦੇ ਸ਼ਮਸ਼ੇਰ ਸਿੰਘ ਨੇ ਕਿਹਾ, "ਸਾਨੂੰ ਫ਼ੌਜੀ ਕੈਂਪ ਵਿੱਚ ਬਹੁਤ ਭੈੜੀ ਰੋਟੀ ਦਿੱਤੀ ਜਾਂਦੀ ਰਹੀ। ਜੇਲ੍ਹ ਵਿੱਚ ਰੋਟੀ ਕੁਝ ਚੰਗੀ ਸੀ। ਜੇਲ੍ਹ ਵਿੱਚ ਸਾਨੂੰ ਲਗਾਤਾਰ ਮਾਰਿਆ ਜਾਂਦਾ ਸੀ। ਸਾਨੂੰ ਕਹਿੰਦੇ ਸਨ ਕਿ ਅਸੀਂ ਭਿੰਡਰਾਂਵਾਲੇ ਦੇ ਆਦਮੀ ਸੀ ਤੇ ਉਹ ਭਿੰਡਰਾਂਵਾਲੇ ਦੇ ਮਿੱਤਰਾਂ ਸਹਿਯੋਗੀਆਂ ਬਾਰੇ ਸਾਥੋਂ ਪੁੱਛਣਾ ਚਾਹੁੰਦੇ ਸਨ। ਸਾਥੋਂ ਉਹ ਇਹ ਪੁੱਛਦੇ ਸਨ ਕਿ ਭਿੰਡਰਾਂਵਾਲਾ ਆਪਣੇ ਹਥਿਆਰ ਕਿੱਥੇ ਰੱਖਦਾ ਹੁੰਦਾ ਸੀ।"

ਸਵਰਨ ਮੰਦਰ ਦਾ ਲੋਕ ਸੰਪਰਕ ਅਧਿਕਾਰੀ ਨੰਦਾ ਜਿਸ ਬਾਰੇ ਫ਼ੌਜ ਨੇ ਮੰਨਿਆ ਕਿ ਮਸਾਂ ਹੀ ਗੋਲੀ ਨਾਲ ਮਾਰ ਦਿੱਤੇ ਜਾਣ ਤੋਂ ਬਚਿਆ ਸੀ, ਇਸ ਕਰਕੇ ਪੁੱਛ-ਗਿੱਛ ਤੋਂ ਬਚ ਗਿਆ ਕਿਉਂਕਿ ਉਸ ਨੂੰ ਦਿਲ ਦਾ ਦੌਰਾ ਪੈ ਗਿਆ ਸੀ, ਪਰ ਉਸ ਦੇ ਘਰ ਦੀ ਸਪੱਸ਼ਟ ਤੌਰ 'ਤੇ ਤਲਾਸ਼ੀ ਲਈ ਗਈ, ਭਾਵੇਂ ਮੰਦਰ ਸਮੂਹ ਦੇ ਜੀਵਨ ਬਾਰੇ ਜੋ ਆਦਮੀ ਕੁਝ ਵੀ ਜਾਣਦਾ ਸੀ, ਉਸ ਨੂੰ ਇਹ ਪਤਾ ਸੀ ਕਿ ਉਹ ਭਿੰਡਰਾਂਵਾਲੇ ਦਾ ਸਾਥੀ ਜਾਂ ਦੋਸਤ ਨਹੀਂ ਸੀ। ਉਸ ਨੇ ਆਪਣਾ ਅਨੁਭਵ ਇਸ ਤਰ੍ਹਾਂ ਬਿਆਨ ਕੀਤਾ—"ਅਗਲੇ ਦਿਨ ਭਾਵ 7 ਜੂਨ ਨੂੰ ਸਾਨੂੰ ਛਾਉਣੀ ਵਿੱਚ ਲਿਜਾਇਆ ਗਿਆ। ਇਹ ਕੈਂਪ ਪਹਿਲਾਂ ਸੈਨਿਕ ਸਕੂਲ ਸੀ। ਕੈਂਪ ਨੂੰ ਕੰਡਿਆਲੀ ਤਾਰ ਨਾਲ ਘੇਰਿਆ ਹੋਇਆ ਸੀ। ਸ਼ਸਤਰਬੱਧ ਪਹਿਰੇਦਾਰ ਕੁੱਤੇ ਲੈ ਕੇ ਗਸ਼ਤ ਕਰ ਰਹੇ ਸਨ। ਕੈਂਪ ਵਿੱਚ ਵੱਡੀਆਂ-ਵੱਡੀਆਂ ਪ੍ਰਕਾਸ਼ ਬੱਤੀਆਂ ਲਾਈਆਂ ਗਈਆਂ ਸਨ। ਇਸ ਕੈਂਪ ਵਿੱਚ ਸਾਡੇ ਕਮਰੇ ਦੀ ਤੁਲਨਾ ਕਲਕੱਤੇ

ਦੇ ਬਲੈਕ ਹੋਲ (ਕਾਲ ਕੋਠੜੀ) ਨਾਲ ਕੀਤੀ ਜਾ ਸਕਦੀ ਸੀ। ਸਾਨੂੰ ਕੁਝ 70 ਬੰਦਿਆਂ ਨੂੰ ਇਸ ਵਿੱਚ ਰੱਖਿਆ ਗਿਆ ਸੀ। ਸਾਹ ਘੁੱਟਣ ਨਾਲ ਤਿੰਨ ਬਜ਼ੁਰਗ ਤਾਂ ਕੈਦ ਦੇ ਮੁੱਢਲੇ ਘੰਟਿਆਂ ਵਿੱਚ ਹੀ ਮਰ ਗਏ। ਉਥੇ ਅਸੀਂ ਚਾਰ ਦਿਨ ਗੁਜ਼ਾਰੇ ਜਿੱਥੇ ਗੁੱਸੇ ਵਿੱਚ ਆਏ ਫ਼ੌਜੀ ਨੇ ਮੇਰੇ ਗਿੱਟੇ 'ਤੇ ਠੁੱਢ ਮਾਰਕੇ ਮਾਸ ਹੀ ਉਚੇੜ ਦਿੱਤਾ। ਇਸ ਦੌਰਾਨ ਮੈਨੂੰ ਦਿਲ ਦਾ ਦੌਰਾ ਪੈ ਗਿਆ। ਬੜੇ ਯਤਨਾਂ ਮਗਰੋਂ ਡਾਕਟਰੀ ਸਹਾਇਤੀ ਦਿੱਤੀ ਗਈ। ਡਾਕਟਰ ਨੇ ਮੇਰਾ ਨਿਰੀਖਣ ਕਰਨ ਪਿੱਛੋਂ ਕਿਹਾ ਕਿ ਮੈਨੂੰ ਤੁਰੰਤ ਆਈ.ਸੀ.ਯੂ. (ਦੀਰਘ ਦੇਖ ਭਾਲ ਲਈ) ਵਿੱਚ ਲਿਜਾਇਆ ਜਾਵੇ। ਮੈਨੂੰ ਹਸਪਤਾਲ ਦੇ ਆਮ ਵਾਰਡ ਵਿੱਚ ਲਿਜਾਇਆ ਗਿਆ। ਖ਼ੁਸ਼ਕਿਸਮਤੀ ਨਾਲ ਮੈਨੂੰ ਅੰਮ੍ਰਿਤਸਰ ਦੇ ਕਮਾਨ ਅਫ਼ਸਰ ਮੇਜਰ ਜਨਰਲ ਜਮਵਾਲ ਨੇ ਵੇਖ ਲਿਆ ਤੇ ਮੈਨੂੰ ਨਿਰੀਖਣ ਬੰਗਲੇ ਵਿੱਚ ਭੇਜ ਦਿੱਤਾ ਗਿਆ। ਮੈਂ ਇਸ ਬੰਗਲੇ ਵਿੱਚ ਜਨਰਲ ਬਰਾੜ ਨਾਲ ਥੋੜ੍ਹੇ ਜਿਹੇ ਸਮੇਂ ਲਈ ਮੇਰਾ ਮੇਲ ਹੋਇਆ। ਮੈਂ ਦੋ ਦਹਾਕਿਆਂ ਦੀ ਸ਼੍ਰੋ. ਗੁ. ਪ੍ਰ. ਕਮੇਟੀ ਦੀ ਸੇਵਾ ਦੌਰਾਨ ਗਹਿਣਿਆਂ ਦੀ ਸ਼ਕਲ ਵਿੱਚ 88 ਗ੍ਰਾਮ ਸੋਨਾ, ਦੋ ਸਧਾਰਨ ਜਿਹੇ ਹੀਰਿਆਂ ਦੇ ਹਾਰ, ਇਕ ਮਿਨੋਲਟਾ ਕੈਮਰਾ, ਇਕ ਨੈਸ਼ਨਲ ਪਾਨਾਸੋਨਿਕ (ਰੇਡੀਓ/ਕੈਸੇਟ) ਤੇ ਇਕ ਰਿਵਾਲਵਰ ਜਮ੍ਹਾਂ ਪੂੰਜੀ ਵਜੋਂ ਕਮਾਏ ਸਨ। ਇਸ ਵਿੱਚੋਂ ਬਹੁਤਾ ਸਮਾਨ ਮੇਰੀਆਂ ਬੇਟੀਆਂ ਦੇ ਦਾਜ ਲਈ ਸੀ। ਮੇਰੀ ਪਤਨੀ ਨੇ ਘਰ ਜਾ ਕੇ ਪਤਾ ਕੀਤਾ ਤਾਂ ਸਭ ਕੁਝ ਗ਼ਾਇਬ ਸੀ। ਘਰ ਦੀਆਂ ਦੂਸਰੀਆਂ ਵਸਤੂਆਂ ਜਿਵੇਂ ਫ਼ਰਿਜ, ਫ਼ਰਨੀਚਰ ਤੇ ਟੈਲੀਵਿਜ਼ਨ ਵੀ ਬਰਬਾਦ ਕਰ ਦਿੱਤੇ ਗਏ ਸਨ, ਭੰਨ ਤੋੜ ਦਿੱਤੇ ਗਏ ਸਨ। ਛੱਤ ਦੇ ਪੱਖਿਆਂ ਦੇ ਖੰਭ ਮਰੋੜੇ ਪਏ ਸਨ। ਮੇਰੇ ਦਫ਼ਤਰ ਤੇ ਉਸ ਦੇ ਉਪਰ ਘਰ ਵਿੱਚ 4500/- ਰੁਪਿਆ ਸੀ, ਉਹ ਵੀ ਗੁੰਮ ਸੀ।

ਮਗਰੋਂ ਮੈਨੂੰ ਦਸ ਦਿਨ ਲਈ ਦਿੱਲੀ ਹਸਪਤਾਲ ਵਿੱਚ ਭੇਜ ਦਿੱਤਾ ਗਿਆ। ਮੇਰੀ ਸੱਟ ਵਾਲੀ ਅੱਡੀ ਵਿੱਚ ਪੀਕ ਪੈ ਚੁੱਕੀ ਸੀ। ਮੈਂ ਭਿੰਡਰਾਂਵਾਲੇ ਨੂੰ ਵੀ ਘ੍ਰਿਣਾ ਕਰਦਾ ਸੀ ਜਿਸ ਨੇ ਮੈਨੂੰ ਚੁਕਵਾ ਕੇ ਆਪਣੇ ਪਿਛਲੱਗਾਂ ਰਾਹੀਂ ਮੇਰੀ ਪੈਂਟ ਉਤਰਵਾ ਕੇ ਮੇਰੀ ਤਲਾਸ਼ੀ ਲੈ ਕੇ ਨੰਗਾ ਕਰਕੇ ਮੈਨੂੰ ਅਪਮਾਨਿਤ ਕੀਤਾ ਸੀ। ਇਕ ਹੋਰ ਮੌਕੇ ਭਿੰਡਰਾਂਵਾਲੇ ਨੇ ਮੈਨੂੰ ਕਿਹਾ ਸੀ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਕਰ ਲਵੇਗਾ ਤੇ ਫਿਰ ਮੈਨੂੰ ਉਹਦਾ ਨਿੱਜੀ ਨੌਕਰ ਬਣਨਾ ਪਵੇਗਾ। ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਵਰਨ ਮੰਦਿਰ ਤੇ ਉਸ ਦੇ ਪ੍ਰਬੰਧ 'ਤੇ ਪੂਰਾ ਕਬਜ਼ਾ ਸੀ।"

ਜਦੋਂ ਫ਼ੌਜੀ ਹਮਲੇ ਪਿੱਛੋਂ ਸਤੀਸ਼ ਜੈਕਬ ਅੰਮ੍ਰਿਤਸਰ ਗਿਆ ਤਾਂ ਉਹ ਪੁਰਾਣੇ ਸ਼ਹਿਰ ਦੇ ਬਹੁਤ ਸਾਰੇ ਵਸਨੀਕਾਂ ਨੂੰ ਮਿਲਿਆ ਜਿਨ੍ਹਾਂ ਨੇ ਸ਼ਿਕਾਇਤ ਕੀਤੀ ਸੀ ਕਿ ਆਤੰਕਵਾਦੀਆਂ ਦੀ ਭਾਲ ਕਰਦਿਆਂ ਤੇ ਤਲਾਸ਼ੀ ਲੈਂਦਿਆਂ ਫ਼ੌਜੀਆਂ ਨੇ ਉਹਨਾਂ ਦੇ ਘਰ ਲੁੱਟ ਲਏ ਸਨ। ਅਕਾਲ ਤਖ਼ਤ ਦੇ ਨੇੜੇ ਇਕ ਦੁਕਾਨ ਦੇ ਮਾਲਕ ਸੁਰਿੰਦਰ ਸਿੰਘ ਨੇ ਸਤੀਸ਼ ਜੈਕਬ ਨੂੰ ਕਿਹਾ, "ਜਦ ਮੈਂ 7 ਜੂਨ ਨੂੰ ਆਪਣੀ ਦੁਕਾਨ 'ਤੇ ਪਹੁੰਚਿਆ ਤਾਂ ਮੈਂ ਦੁਕਾਨ ਉਪਰ ਆਪਣੀ ਰਿਹਾਇਸ਼ਗਾਹ ਦੇ ਸਭ ਦਰਵਾਜ਼ੇ ਤੋੜੇ ਹੋਏ ਦੇਖੇ। ਲੋਹੇ ਦੀਆਂ ਅਲਮਾਰੀਆਂ ਜਿੱਥੇ ਕਪੜੇ, ਰੁਪਿਆ, ਪੈਸੇ ਤੇ ਗਹਿਣੇ ਰੱਖੇ ਸਨ, ਸਭ ਖੁੱਲ੍ਹੀਆਂ ਪਈਆਂ ਸਨ। ਸਾਰਾ ਰੁਪਿਆ ਪੈਸਾ ਤੇ ਗਹਿਣੇ ਗ਼ਾਇਬ ਸਨ। ਜਿਹੜੀ ਸਬਜ਼ੀ ਫ਼ਰਿਜ ਵਿੱਚ ਰੱਖੀ ਹੋਈ ਸੀ ਉਹ ਸਾਰੀ ਫ਼ਰਸ਼ 'ਤੇ ਖਿਲਰੀ ਪਈ ਸੀ। ਇਕ ਛੋਟੀ ਜਿਹੀ ਕੁੰਜ ਜਿਸ ਦੀ ਵਰਤੋਂ ਭੰਡਾਰ ਵਜੋਂ ਕੀਤੀ ਜਾਂਦੀ ਸੀ, ਉਹ ਵੀ ਲੁੱਟ ਲਈ ਗਈ ਸੀ।"

ਸੁਰਿੰਦਰ ਸਿੰਘ ਦਾ ਦਾਅਵਾ ਸੀ ਕਿ ਇਹ ਕੰਮ ਫ਼ੌਜੀਆਂ ਦਾ ਹੀ ਸੀ ਕਿਉਂਕਿ ਉਹ ਇਲਾਕਾ ਉਹਨਾਂ ਦੇ ਕੰਟਰੋਲ ਹੇਠ ਸੀ। ਉਸ ਨੇ ਆਪਣਾ ਘਰ ਕਰਫ਼ਿਊ ਉਠਾਏ ਜਾਣ ਵਾਲੇ ਦਿਨ ਭਾਵ 6 ਜੂਨ ਤੱਕ ਨਹੀਂ ਛੱਡਿਆ ਸੀ।

ਮੰਦਰ ਸਮੂਹ ਦੇ ਮੈਂਬਰ ਜਿਨ੍ਹਾਂ ਦੇ ਕਮਰੇ ਅੰਦਰ ਸਨ, ਉਹਨਾਂ ਨੇ ਵੀ ਆਪਣੇ ਸਮਾਨ ਦੇ ਲੁੱਟੇ ਜਾਣ ਦੀ ਸ਼ਿਕਾਇਤ ਕੀਤੀ ਸੀ, ਪਰੰਤੂ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਿਸੇ ਨੇ ਕੋਈ ਲਿਖਤੀ ਸ਼ਿਕਾਇਤ ਨਹੀਂ ਕੀਤੀ। ਉਸ ਨੇ ਕਿਹਾ, "ਕੁਝ ਜਵਾਨਾਂ ਨੇ ਸ਼ਾਇਦ ਛੋਟੀ ਮੋਟੀ ਚੋਰੀ ਕੀਤੀ ਹੋਵੇ। ਫ਼ੌਜ ਅਜਿਹੇ ਕਾਰੇ ਨੂੰ ਬੜੀ ਗੰਭੀਰਤਾ ਨਾਲ ਲੈਂਦੀ ਹੈ। ਜੇ ਕੋਈ ਅਧਿਕਾਰਿਤ ਸ਼ਿਕਾਇਤ ਹੁੰਦੀ ਤੇ ਜਵਾਨ ਕਸੂਰਵਾਰ ਪਾਏ ਜਾਂਦੇ ਤਾਂ ਉਹਨਾਂ ਨੂੰ ਸਜ਼ਾ ਦਿੱਤੀ ਜਾਂਦੀ।"

ਮੁੱਖ ਗ੍ਰੰਥੀਆਂ ਨੇ ਸਵਰਨ ਮੰਦਿਰ 'ਤੇ ਕਾਬਜ਼ ਫ਼ੌਜੀਆਂ ਦੇ ਵਤੀਰੇ ਦੀ ਸ੍ਰੀਮਤੀ ਗਾਂਧੀ ਤੇ ਜਰਨੈਲਾਂ ਕੋਲ ਸ਼ਿਕਾਇਤ ਵੀ ਕੀਤੀ ਸੀ। ਉਹਨਾਂ ਨੇ ਇਹ ਦੋਸ਼ ਲਗਾਇਆ ਕਿ ਫ਼ੌਜੀ ਪਵਿੱਤਰ ਸਰੋਵਰ ਨੂੰ ਗੁਸਲਖ਼ਾਨੇ ਵਾਂਗ ਵਰਤਦੇ ਰਹੇ ਤੇ ਪਰਿਕਰਮਾ ਵਿੱਚ ਸਿਗਰਟਾਂ ਤੇ ਸ਼ਰਾਬ ਪੀ ਕੇ ਬੇਹੁਰਮਤੀ ਕਰਦੇ ਰਹੇ। ਫ਼ੌਜ ਨੇ ਇਹਨਾਂ ਇਲਜ਼ਾਮਾਂ ਤੋਂ ਇਨਕਾਰ ਕੀਤਾ ਪਰ ਜਦੋਂ ਖ਼ੁਸ਼ਵੰਤ ਸਿੰਘ ਮੰਦਰ ਸਮੂਹ ਵਿੱਚ ਗਿਆ ਤਾਂ ਉਸ ਨੇ ਅਕਾਲ ਤਖ਼ਤ ਦੇ ਬਾਹਰਵਾਰ ਇਕ ਸੂਚਨਾ ਪੱਤਰ ਲੱਗਾ ਦੇਖਿਆ, ਜਿਸ 'ਤੇ ਲਿਖਿਆ ਸੀ, "ਇਥੇ ਕੋਈ ਸ਼ਰਾਬ ਜਾਂ ਸਿਗਰਟ ਨਾ ਪੀਵੇ।" ਇਸ ਤੋਂ ਸੰਕੇਤ ਮਿਲਦਾ ਹੈ ਕਿ ਉਥੇ ਕੋਈ ਨਾ ਕੋਈ ਸਿਗਰਟ ਤੇ ਸ਼ਰਾਬ ਪੀਂਦਾ ਰਿਹਾ ਹੋਵੇਗਾ ਤੇ ਉਸ ਸਮੂਹ ਦੀ ਕੁੱਲ ਜ਼ਿੰਮੇਵਾਰ ਤਾਂ ਫ਼ੌਜ ਹੀ ਸੀ। ਫ਼ੌਜ ਕੋਲ ਨਿਰਸੰਦੇਹ ਸ਼ਰਾਬ ਦੀ ਬਹੁਤਾਤ ਸੀ। ਪੰਜਾਬ ਸਰਕਾਰ ਦੇ ਆਬਕਾਰੀ ਵਿਭਾਗ ਦੇ ਸੂਚਨਾ ਪੱਤਰ ਅਨੁਸਾਰ ਫ਼ੌਜ ਨੂੰ 700,000 ਰੰਮ ਦੇ ਪਊਏ, 30000 ਵਿਸਕੀ ਦੇ ਪਊਏ, 60000 ਬਰਾਂਡੀ ਦੇ ਪਊਏ ਤੇ ਬੀਅਰ ਦੀਆਂ 160000 ਬੋਤਲਾਂ ਸ਼ੁਲਕ ਰਹਿਤ ਰੱਖਣ ਦੀ ਆਗਿਆ ਸੀ। ਇਸ ਸੂਚਨਾ ਪੱਤਰ ਵਿੱਚ ਵਿਸ਼ੇਸ਼ ਕਰਕੇ ਇਹ ਕਿਹਾ ਗਿਆ ਸੀ ਕਿ ਸ਼ਰਾਬ ਨੀਲਾ ਤਾਰਾ ਸਾਕਾ ਲਈ ਨਿਯੁਕਤ ਫ਼ੌਜੀਆਂ ਦੇ ਪੀਣ ਲਈ ਸੀ।

ਪੰਜਾਬ ਵਿੱਚ ਆਤੰਕਵਾਦੀਆਂ ਦੀ ਭਾਲ ਦੇ ਬਹਾਨੇ ਫ਼ੌਜੀਆਂ ਵੱਲੋਂ ਅੱਤਿਆਚਾਰ ਤੇ ਦਹਿਸ਼ਤ ਦੀਆਂ ਬਹੁਤ ਸ਼ਿਕਾਇਤਾਂ ਸਨ। ਪੱਤਰਕਾਰ ਹਰਿ ਜੀ ਮਲਕ ਨੇ "ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਵਿੱਚ ਇਕ 23 ਸਾਲਾ ਨੌਜਵਾਨ ਸਿੱਖ ਬਾਰੇ ਲਿਖਿਆ ਕਿ ਫ਼ੌਜ ਉਸ ਨੂੰ ਲੌਂਗੋਵਾਲ ਦੇ ਘਰ ਦੇ ਨੇੜਲੇ ਸ਼ਹਿਰ ਸੰਗਰੂਰ ਦੇ ਨੇੜਲੇ ਪਿੰਡੋਂ ਉਸ ਦੇ ਘਰੋਂ ਉਸ ਨੂੰ ਚੁੱਕ ਕੇ ਲੈ ਗਈ। ਕੁਝ ਦਿਨ ਮਗਰੋਂ ਉਸ ਦੀ ਲਾਸ਼ ਉਸ ਦੇ ਪਰਿਵਾਰ ਨੂੰ ਦਿੱਤੀ ਗਈ। ਸਰਕਾਰੀ ਤੌਰ 'ਤੇ ਸਪੱਸ਼ਟੀਕਰਨ ਦਿੱਤਾ ਗਿਆ ਕਿ ਉਹ "ਮੁਕਾਬਲੇ" ਵਿੱਚ ਮਾਰਿਆ ਗਿਆ ਸੀ। ਇਕ ਸਥਾਨਕ ਵਕੀਲ ਨੇ, ਜਿਸ ਨੇ ਉਹ ਲਾਸ਼ ਦੇਖੀ ਸੀ, ਕਿਹਾ ਕਿ ਉਸ ਦੇ ਨਹੁੰ ਪੋਟਿਆਂ ਨਾਲੋਂ ਲਾਹ ਦਿੱਤੇ ਗਏ ਸਨ ਤੇ ਉਸ ਦੀ ਛਾਤੀ 'ਤੇ ਅੱਗ ਨਾਲ ਸਾੜੇ ਜਾਣ ਦੇ ਨਿਸ਼ਾਨ ਸਨ। ਉਸ ਵਕੀਲ ਨੇ ਹਰਿ ਜੀ ਮਲਿਕ ਨੂੰ ਇਕ ਜਵਾਨ ਤੇ ਅਪਾਹਜ ਸਿੱਖ ਬਾਰੇ ਵੀ ਜਾਣਕਾਰੀ ਦਿੱਤੀ ਜਿਸ ਨੂੰ ਗ੍ਰਿਫ਼ਤਾਰ ਕਰਕੇ ਕੁੱਟਿਆ ਗਿਆ ਸੀ।

ਕਈ ਪੱਤਰਕਾਰਾਂ ਨੇ 20 ਜੁਲਾਈ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ

ਵਾਪਰੀ ਇਕ ਘਟਨਾ ਦੀ ਦਸਤਾਵੇਜ਼ੀ ਫ਼ਿਲਮ ਤਿਆਰ ਕੀਤੀ। ਉਪ-ਕੁਲਪਤੀ ਕੋਲ ਕਿਸੇ ਨਿਗੂਣੀ ਜਿਹੇ ਪ੍ਰਬੰਧਕੀ ਮਾਮਲੇ ਬਾਰੇ ਸ਼ਿਕਾਇਤ ਕਰਕੇ ਮੁੜ ਰਹੇ 60 ਵਿਦਿਆਰਥੀਆਂ ਨੂੰ ਮੇਜਰ ਉੱਪਲ ਦੀ ਕਮਾਨ ਹੇਠ ਫ਼ੌਜੀਆਂ ਨੇ ਰੋਕ ਲਿਆ। ਉਹਨਾਂ ਦੇ ਨਾਲ ਜਾ ਰਹੇ ਸਟਾਫ਼ ਦੇ ਮੈਂਬਰਾਂ ਨੇ ਮੇਜਰ ਨੂੰ ਕਿਹਾ ਕਿ ਉਹ ਵਿਦਿਆਰਥੀ ਆਤੰਕਵਾਦੀ ਨਹੀਂ ਸਨ। ਉਸ ਨੇ ਸਟਾਫ਼ ਮੈਂਬਰਾਂ ਦੀ ਕੋਈ ਪ੍ਰਵਾਹ ਨਾ ਕੀਤੀ ਤੇ ਵਿਦਿਆਰਥੀਆਂ ਨੂੰ ਗੋਡਿਆਂ ਭਾਰ ਹੋ ਕੇ ਰੀਂਗ ਕੇ ਚੱਲਣ ਲਈ ਕਿਹਾ। ਉਹਨਾਂ ਨੇ ਉਸ ਤਰ੍ਹਾਂ ਹੀ ਕੀਤਾ ਪਰ ਇਸ ਨਾਲ ਵੀ ਮੇਜਰ ਦੀ ਤਸੱਲੀ ਨਾ ਹੋਈ। ਫਿਰ ਉਸ ਨੇ ਤਿੰਨ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਤੇ ਉਹ ਉਹਨਾਂ ਨੂੰ ਪੁੱਛ ਪੜਤਾਲ ਲਈ ਲੈ ਗਿਆ। ਉਹਨਾਂ ਵਿੱਚੋਂ ਇਕ ਨੇ ਇਲਜ਼ਾਮ ਲਾਇਆ ਕਿ ਪੁੱਛ-ਗਿੱਛ ਦੌਰਾਨ ਉਸ ਨੂੰ ਤਸੀਹੇ ਦਿੱਤੇ ਗਏ।

ਬਿਜਲੀ ਉਤਪਾਦਕ ਕਾਰਖ਼ਾਨਾ ਬਠਿੰਡਾ ਦੇ ਕਾਰਜਕਾਰੀ ਇੰਜੀਨੀਅਰ ਹਰਪਾਲ ਸਿੰਘ ਨੇ ਸਤੀਸ਼ ਜੇਕਬ ਨੂੰ ਦੱਸਿਆ ਕਿ ਫ਼ੌਜ ਨੇ ਸਵਰਨ ਮੰਦਿਰ ਸਮੂਹ ਉਪਰ ਹਮਲੇ ਵਾਲੇ ਦਿਨ ਦੇ ਤੁਰੰਤ ਮਗਰੋਂ ਉਹਨਾਂ ਸਭ ਲੜਕਿਆਂ ਨੂੰ ਬਹੁਤ ਕੁੱਟਿਆ ਜੋ ਉਹਨਾਂ ਨੇ ਬਜ਼ਾਰਾਂ ਵਿੱਚ ਫਿਰਦੇ ਦੇਖੇ। ਉਸ ਨੇ ਇਹ ਵੀ ਕਿਹਾ ਕਿ ਕਾਰਖ਼ਾਨੇ ਦੇ ਪਹਿਰੇਦਾਰ ਫ਼ੌਜੀਆਂ ਨੇ ਸਿੱਖਾਂ ਨਾਲ ਅਪਮਾਨਜਨਕ ਵਤੀਰਾ ਅਪਨਾਇਆ। ਮਿਸਾਲ ਵਜੋਂ ਇਕ ਵਾਰ ਗੋਰਖਿਆਂ ਨੇ ਆਪਣੇ ਕੁਆਰਟਰਾਂ ਵਿੱਚ ਵਾਪਸ ਜਾਂਦੇ ਸਿੱਖਾਂ ਨੂੰ, ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇਕ, ਕ੍ਰਿਪਾਨ ਲਾਹ ਦੇਣ ਦਾ ਹੁਕਮ ਦਿੱਤਾ। ਜਦੋਂ ਉਹਨਾਂ ਨੇ ਇਸ ਤਰ੍ਹਾਂ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਹਨਾਂ ਨੂੰ ਢਿੱਡ ਪਰਨੇ ਪੈਣ ਲਈ ਕਿਹਾ ਗਿਆ। ਹਰਪਾਲ ਸਿੰਘ ਨੂੰ ਦਖ਼ਲ ਦੇਣ ਲਈ ਕਿਹਾ ਗਿਆ। ਜਦ ਉਹ ਉਥੇ ਪਹੁੰਚਿਆ ਤਾਂ ਉਸ ਨੇ ਦੋ ਸਿੱਖਾਂ ਨੂੰ ਉਲਟੇ ਲੇਟੇ ਦੇਖਿਆ। ਫ਼ੌਜੀ ਆਪਣੇ ਬੂਟਾਂ ਸਮੇਤ ਉਹਨਾਂ ਦੀ ਪਿੱਠ 'ਤੇ ਚੜ੍ਹੇ ਬੈਠੇ ਸਨ।

ਸੀਨੀਅਰ ਅਧਿਕਾਰੀਆਂ ਤੇ ਫ਼ੌਜੀ ਅਫ਼ਸਰਾਂ ਨੇ ਇਹ ਗੱਲ ਮੰਨੀ ਹੈ ਕਿ ਫ਼ੌਜ ਦੀ ਪੰਜਾਬ ਵਿੱਚ ਨਿਯੁਕਤੀ ਸਮੇਂ ਕੁਝ ਜ਼ਿਆਦਤੀਆਂ ਹੋਈਆਂ ਸਨ। ਇਕ ਸੀਨੀਅਰ ਅਧਿਕਾਰੀ ਨੇ ਸਤੀਸ਼ ਜੇਕਬ ਨੂੰ ਦੱਸਿਆ, "ਬਹੁਤ ਥੋੜ੍ਹੇ ਅਫ਼ਸਰ ਪੁੱਛ-ਪੜਤਾਲ ਲਈ ਸੁਸਿੱਖਿਅਤ ਹਨ, ਜਿਸ ਦਾ ਨਿਰਸੰਦੇਹ ਇਹ ਸਿੱਟਾ ਹੁੰਦਾ ਹੈ ਕਿ ਕਈ ਅਫ਼ਸਰ ਗਵਾਹੀ ਪ੍ਰਾਪਤ ਕਰਨ ਲਈ ਅਣਅਧਿਕਾਰਤ ਢੰਗਾਂ ਦਾ ਆਸਰਾ ਲੈਣਗੇ।" ਇਹ ਕਾਰਨ ਸੀ ਕਿ ਬਹੁਤ ਸਾਰੇ ਅਫ਼ਸਰ ਉਹਨਾਂ ਵੱਲੋਂ ਅਪਨਾਏ ਢੰਗਾਂ ਤਰੀਕਿਆਂ ਬਾਰੇ ਖ਼ੁਸ਼ ਨਹੀਂ ਸਨ। ਉਹਨਾਂ ਨੇ ਅਨੁਭਵ ਕੀਤਾ ਕਿ ਫ਼ੌਜੀ ਪੁਲਿਸੀਆਂ ਦੀ ਭੂਮਿਕਾ ਅਦਾ ਕਰਨ ਸਮੇਂ ਫ਼ੌਜੀਆਂ ਦੀ ਈਮਾਨਦਾਰੀ ਤੇ ਨਿਰਪੱਖਤਾ ਦੀ ਸੋਭਾ ਤਬਾਹ ਕਰ ਦੇਣਗੇ ਜੋ ਫ਼ੌਜ ਲਈ ਅਨਮੋਲ ਸੀ। ਉਹਨਾਂ ਨੂੰ ਇਹ ਵੀ ਡਰ ਸੀ ਕਿ ਪੰਜਾਬ ਦੇ ਲੋਕ ਸੈਨਾ ਦੇ ਵਿਰੁੱਧ ਹੋ ਜਾਣਗੇ ਜਿਸ ਦੇ ਸੰਭਾਵੀ ਸਿੱਟੇ ਬੜੇ ਗੰਭੀਰ ਹੋਣਗੇ। ਉਸ ਵਸ਼ਿਸ਼ਟ ਅਧਿਕਾਰੀ ਨੇ ਕਿਹਾ, "ਕਿ ਜੇ ਪਾਕਿਸਤਾਨ ਨੇ ਫਿਰ ਕੋਸ਼ਿਸ਼ ਕੀਤੀ ਤਦ ਪੰਜਾਬ ਰਣ-ਭੂਮੀ ਬਣ ਜਾਏਗਾ ਤੇ ਫਿਰ ਸਾਨੂੰ ਆਮ ਜਨਤਾ ਦੀ ਆਪਣੇ ਹੱਕ ਵਿੱਚ ਜ਼ਰੂਰਤ ਹੋਵੇਗੀ।" ਸੈਨਿਕ ਮੁਖ਼ਾਲਯ ਇਸ ਪ੍ਰਤੀ ਘੱਟ ਸੁਚੇਤ ਤੇ ਸੰਵੇਦਨਸ਼ੀਲ ਸੀ। ਸਰਕਾਰੀ ਰਸਾਲੇ, ਬਾਤਚੀਤ ਦੇ ਜੁਲਾਈ ਅੰਕ ਵਿੱਚ ਅਫ਼ਸਰਾਂ ਤੇ ਜਵਾਨਾਂ ਨੂੰ ਜਾਰੀ ਕਾਰਵਾਈ ਬਾਰੇ ਜਾਣਕਾਰੀ ਦੇਣ

ਲਈ ਇਕ ਅਪੀਲ ਛਾਪੀ ਗਈ—"ਭਾਵੇਂ ਬਹੁਤ ਸਾਰੇ ਆਤੰਕਵਾਦੀਆਂ ਨੂੰ ਟਿਕਾਣੇ ਲਾ ਕੇ ਬਹੁਤ ਸਾਰੇ ਹਥਿਆਰ ਤੇ ਅਸਲਾਹ ਪ੍ਰਾਪਤ ਕਰ ਲਿਆ ਗਿਆ ਹੈ, ਅਜੇ ਵੀ ਬਹੁਤ ਸਾਰੇ ਆਤੰਕਵਾਦੀ ਭਗੌੜੇ ਹਨ। ਮੁਲਕ ਵਿੱਚ ਪੂਰੀ ਸ਼ਾਂਤੀ ਸਥਾਪਿਤ ਕਰਨ ਲਈ ਉਹਨਾਂ ਨੂੰ ਕਾਬੂ ਕਰਨਾ ਜ਼ਰੂਰੀ ਹੈ। ਉਹ ਅੰਮ੍ਰਿਤਧਾਰੀ ਜਿਹੜੇ ਕਿ ਖ਼ਤਰਨਾਕ ਹਨ ਤੇ ਜਿਹੜੇ ਕਤਲਾਂ, ਲੁੱਟਮਾਰ, ਅੱਗਜ਼ਨੀ ਤੇ ਹੋਰ ਆਤੰਕਵਾਦੀ ਕਾਰਵਾਈਆਂ ਦੇ ਪ੍ਰਤੀ ਵਚਨਬੱਧ ਹਨ, ਉਹਨਾਂ ਬਾਰੇ ਤੁਰੰਤ ਹੀ ਅਧਿਕਾਰੀਆਂ ਨੂੰ ਜਾਣਕਾਰੀ ਦਿੱਤੀ ਜਾਵੇ। ਵੇਖਣ ਨੂੰ ਤਾਂ ਇਹ ਲੋਕ ਭਾਵੇਂ ਨਿਰਦੋਸ਼ ਲੱਗਦੇ ਹਨ ਪਰ ਮੂਲ ਰੂਪ ਵਿੱਚ ਆਤੰਕਵਾਦ ਲਈ ਪ੍ਰਤਿਬੱਧ ਹਨ। ਸਾਡੀ ਸਭ ਦੀ ਭਲਾਈ ਇਸ ਵਿੱਚ ਹੈ ਕਿ ਉਹਨਾਂ ਦੀ ਪਛਾਣ ਤੇ ਗਤੀਵਿਧੀਆਂ ਬਾਰੇ ਜ਼ਰੂਰ ਜਾਣਕਾਰੀ ਦਿੱਤੀ ਜਾਵੇ।

ਅੰਮ੍ਰਿਤਧਾਰੀ ਉਹ ਹੈ ਜਿਸ ਨੇ 'ਪਾਹੁਲ' ਲਈ ਹੋਵੇ। ਇਹਨਾਂ ਹਿਦਾਇਤਾਂ ਦਾ ਮਤਲਬ ਇਹੋ ਸੀ ਕਿ ਸਾਰੇ ਸਨਾਤਨੀ (ਪ੍ਰੰਪਰਾਗਤ) ਸਿੱਖਾਂ ਨੂੰ 'ਸ਼ੱਕੀ' ਸਮਝਿਆ ਜਾਵੇ—ਇਹ ਤਰੀਕਾ ਪੰਜਾਬ ਦੇ ਲੋਕਾਂ ਦਾ ਪ੍ਰੇਮ ਜਿੱਤਣ ਲਈ ਉੱਕਾ ਹੀ ਪ੍ਰਭਾਵਸ਼ਾਲੀ ਨਹੀਂ ਸੀ।

ਲੈਫ਼. ਜਨਰਲ ਗੌਰੀ ਸ਼ੰਕਰ ਨੇ, ਜੋ ਲੈਫ਼. ਜਨਰਲ ਦਿਆਲ ਮਗਰੋਂ ਪੰਜਾਬ ਦੇ ਰਾਜਪਾਲ ਦਾ ਸੁਰੱਖਿਆ ਸਲਾਹਕਾਰ ਬਣਿਆ, ਇਕ ਵਾਰ ਕਿਹਾ, "ਉਹ ਫ਼ੌਜੀ ਜ਼ਿਆਦਤੀਆਂ ਬਾਰੇ ਬਹੁਤ ਰੌਲਾ ਰੱਪਾ ਪਾ ਰਹੇ ਹਨ ਪਰ ਉਹ ਅਜੇ ਤੱਕ ਇਕ ਵੀ ਘਟਨਾ ਨਹੀਂ ਦੱਸ ਸਕੇ ਜਿੱਥੇ ਫ਼ੌਜ ਨੇ ਜ਼ਿਆਦਤੀਆਂ ਕੀਤੀਆਂ ਹੋਣ ਜਾਂ ਫ਼ੌਜ ਨੇ ਨਿਰਦੋਸ਼ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੋਵੇ।" ਇਹ ਸਭ ਅਤਿਕਥਨੀ ਸੀ ਪਰ ਜਦੋਂ ਸਤੀਸ਼ ਜੈਕਬ ਨੇ ਪੰਜਾਬ ਦੇ ਪਿੰਡਾਂ ਵਿੱਚ ਜਾ ਕੇ ਵੇਖਿਆ ਤਾਂ ਉਸ ਨੇ ਸੈਨਿਕ ਜ਼ਿਆਦਤੀਆਂ ਦੀਆਂ ਟਾਂਵੀਆਂ-ਟਾਂਵੀਆਂ ਘਟਨਾਵਾਂ ਬਾਰੇ ਸੁਣਿਆ, ਪਰੰਤੂ ਕੋਈ ਵਿਉਂਤਬੱਧ ਤੇ ਵੱਡੇ ਪੱਧਰ ਦਾ ਅੱਤਿਆਚਾਰ ਤੇ ਸਖ਼ਤੀ ਨਹੀਂ ਹੋਈ ਸੀ।

ਦੋ ਮਹੀਨਿਆਂ ਮਗਰੋਂ ਫ਼ੌਜ ਨੂੰ ਵਾਪਸ ਬੁਲਾ ਲਿਆ ਗਿਆ। ਫ਼ੌਜੀਆਂ ਨੂੰ ਅਰਧ ਸੈਨਿਕ ਬਲਾਂ ਤੇ ਪੁਲਿਸ ਦੀ ਸਹਾਇਤਾ ਲਈ ਰਾਖਵੇਂ ਤੌਰ 'ਤੇ ਰੱਖਿਆ ਤਾਂ ਗਿਆ ਸੀ ਪਰ ਉਹਨਾਂ ਨੇ ਪਿੰਡਾਂ ਵਿੱਚ ਆਤੰਕਵਾਦੀਆਂ ਦੀ ਫੜੋ-ਫੜਾਈ ਬੰਦ ਕਰ ਦਿੱਤੀ। ਉਸ ਸਮੇਂ ਤੱਕ ਉਹਨਾਂ ਨੇ 5000 ਲੋਕ ਗ੍ਰਿਫ਼ਤਾਰ ਕਰ ਲਏ ਸਨ। ਉਹਨਾਂ ਵਿੱਚੋਂ ਫਿਰ 3000 ਰਿਹਾਅ ਕਰ ਦਿੱਤੇ ਗਏ ਸਨ। ਆਤੰਕਵਾਦ ਖ਼ਤਮ ਨਹੀਂ ਹੋਇਆ ਸੀ। ਫ਼ੌਜ ਨੇ ਮਹਿਸੂਸ ਕੀਤਾ ਕਿ ਇਸ ਦੀ ਆਸ ਵੀ ਨਹੀਂ ਕੀਤੀ ਗਈ ਸੀ ਪਰ ਹੁਣ ਆਤੰਕਵਾਦੀ ਆਪਣੀ ਮਨ-ਮਰਜ਼ੀ ਨਹੀਂ ਕਰ ਸਕਦੇ ਸਨ। ਇਕ ਵਾਰ ਫਿਰ ਕਾਨੂੰਨ ਵਿੱਚ ਸੋਧ ਕੀਤੀ ਗਈ। ਇਸ ਸੋਧ ਦਾ ਮਨੋਰਥ ਉਹਨਾਂ ਲੋਕਾਂ ਨੂੰ ਸਜ਼ਾ ਦੇਣੀ ਆਸਾਨ ਬਣਾਉਣਾ ਸੀ ਜਿਨ੍ਹਾਂ ਨੂੰ ਫ਼ੌਜ ਨੇ ਗ੍ਰਿਫ਼ਤਾਰ ਕੀਤਾ ਹੋਇਆ ਸੀ। ਸਰਕਾਰ ਨੇ ਇਕ ਆਦੇਸ਼ ਜਾਰੀ ਕਰ ਦਿੱਤਾ ਜਿਸ ਨੇ ਭਾਰਤ ਦੀ ਅਜ਼ਾਦੀ ਪ੍ਰਤੀ ਪ੍ਰੰਪਰਾ ਉੱਤੇ ਹੋਰ ਛਾਪਾ ਮਾਰਿਆ ਤੇ ਇਸ ਮੁੱਢਲੇ ਸਿਧਾਂਤ ਨੂੰ ਅਣਗੌਲਿਆ ਕਰ ਦਿੱਤਾ ਕਿ ਜਦ ਤੱਕ ਕੋਈ ਆਦਮੀ ਦੋਸ਼ੀ ਸਿੱਧ ਨਹੀਂ ਹੁੰਦਾ, ਉਸ ਨੂੰ ਨਿਰਦੋਸ਼ ਸਮਝਿਆ ਜਾਵੇ। ਆਤੰਕਵਾਦ ਪ੍ਰਭਾਵਿਤ ਖੇਤਰਾਂ ਜਿਵੇਂ ਪੰਜਾਬ ਸੀ ਤੇ ਜਿਨ੍ਹਾਂ ਨੂੰ ਗੜਬੜੀ ਖੇਤਰ ਘੋਸ਼ਿਤ ਕੀਤਾ ਗਿਆ ਸੀ, ਹਰ ਕੋਈ ਜਿਹੜਾ ਉਹਨਾਂ ਥਾਵਾਂ ਵਿੱਚ ਦੇਖਿਆ ਗਿਆ ਜਿੱਥੇ ਹਥਿਆਰ ਵਰਤੇ ਗਏ ਸਨ ਜਾਂ ਕਾਨੂੰਨ ਲਾਗੂ ਕਰਨ

ਵਾਲੇ ਪ੍ਰਤਿਨਿਧਾਂ ਦੇ ਰਸਤੇ ਵਿੱਚ ਰੋਕ ਪਾਉਂਦਾ ਸੀ, ਉਹਨਾਂ ਨੂੰ ਜਦ ਤੱਕ ਉਹ ਆਪਣੇ ਆਪ ਨੂੰ ਨਿਰਦੋਸ਼ ਸਿੱਧ ਨਹੀਂ ਕਰਦੇ ਸਨ, ਅਪਰਾਧੀ ਹੀ ਸਮਝਿਆ ਜਾਂਦਾ ਸੀ। ਇਸ ਕਾਨੂੰਨ ਰਾਹੀਂ ਅਪਰਾਧੀਆਂ 'ਤੇ ਮੁਕੱਦਮੇ ਚਲਾਉਣ ਲਈ ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਗਈਆਂ।

ਉਦਾਸ ਤੇ ਰੁੱਸੇ ਹੋਏ ਪੰਜਾਬ ਉਪਰ ਫ਼ੌਜ ਦਾ ਰਾਜ ਸੀ। ਬਹੁਤ ਸਾਰੇ ਸਿੱਖ ਇਸ ਗੱਲ 'ਤੇ ਵਿਸ਼ਵਾਸ ਨਹੀਂ ਕਰਦੇ ਸਨ ਕਿ ਭਿੰਡਰਾਂਵਾਲਾ ਮਰ ਗਿਆ ਸੀ। ਇਹ ਅਫ਼ਵਾਹਾਂ ਵੀ ਫੈਲ ਗਈਆਂ ਕਿ ਉਹ ਪਾਕਿਸਤਾਨੀ ਟੈਲੀਵਿਜ਼ਨ 'ਤੇ ਪ੍ਰਗਟ ਹੋਵੇਗਾ। ਸਰਕਾਰ ਦੇ ਪ੍ਰਚਾਰ ਸਾਧਨਾਂ ਉਪਰ ਰੋਕ ਦੇ ਬਾਵਜੂਦ ਭਿੰਡਰਾਂਵਾਲਾ ਬਹੁਤੇ ਲੋਕਾਂ ਲਈ ਆਤੰਕਵਾਦੀ ਨਹੀਂ, ਸਗੋਂ ਇਕ ਸੰਤ ਸੀ। ਹਰਿਮੰਦਰ ਉਪਰ ਹਮਲੇ ਨੇ ਸਿੱਖਾਂ ਦੇ ਗੌਰਵ ਨੂੰ ਡੂੰਘਾ ਜ਼ਖ਼ਮ ਦਿੱਤਾ ਸੀ। ਸ੍ਰੇਸ਼ਠ ਸਰਕਾਰੀ ਅਧਿਕਾਰੀ ਸਮਝਦੇ ਸਨ ਕਿ ਬਾਕੀ ਦੇ ਭਾਰਤ ਨਾਲ ਸਮਝੌਤਾ ਤੇ ਇਕਸੁਰਤਾ ਸਥਾਪਤ ਕਰਨ ਲਈ ਸਿੱਖਾਂ ਦੇ ਜ਼ਖ਼ਮਾਂ ਨੂੰ ਭਰਨਾ ਜ਼ਰੂਰੀ ਹੋਵੇਗਾ। ਉਹ ਇਹ ਵੀ ਜਾਣਦੇ ਸਨ ਕਿ ਉਦੋਂ ਤਕ ਸੰਭਵ ਨਹੀਂ ਜਦ ਤੱਕ ਪੰਜਾਬ ਵਿੱਚ ਤੇ ਸਹੀ ਅਰਥਾਂ ਵਿੱਚ ਸਮੁੱਚੇ ਭਾਰਤ ਵਿੱਚ ਅਮਨ ਕਾਇਮ ਨਹੀਂ ਹੋ ਜਾਂਦਾ ਤੇ ਸਮਝੌਤਾ ਨਹੀਂ ਹੋ ਜਾਂਦਾ।

ਅਖ਼ਬਾਰਾਂ ਸਮਝੌਤੇ ਲਈ ਦੁਹਾਈ ਪਾ ਰਹੀਆਂ ਸਨ। "ਇੰਡੀਅਨ ਐਕਸਪ੍ਰੈੱਸ" ਨੇ ਨੀਲਾ ਤਾਰਾ ਸਾਕਾ ਦੇ ਤੁਰੰਤ ਪਿੱਛੋਂ ਲਿਖਿਆ, "ਇਹ ਅਤਿਅੰਤ ਜ਼ਰੂਰੀ ਹੈ ਕਿ ਉਹ ਸਥਾਈ ਨੁਕਸਾਨ ਹੋਣ ਤੋਂ ਪਹਿਲਾਂ ਹੀ ਇਸ ਬਹਾਦਰ ਤੇ ਮਾਨਮੱਤੀ ਕੌਮ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਈ ਜਾਵੇ। ਜਿਸਦਾ ਆਰੰਭ ਪੰਜਾਬ ਸਮੱਸਿਆ ਵਜੋਂ ਹੋਇਆ ਤੇ ਫਿਰ ਮਗਰੋਂ ਆਤੰਕਵਾਦੀ ਹਿੰਸਾ ਵਿੱਚ ਉਲਝ ਗਈ, ਇਸ ਨੂੰ ਇਨਾ ਗਲਣ ਸੜਨ ਨਹੀਂ ਦੇਣਾ ਚਾਹੀਦਾ ਕਿ ਇਹ ਸਿੱਖ ਸਮੱਸਿਆ ਬਣ ਜਾਵੇ।"

ਅਖ਼ਬਾਰ ਨੇ ਬੜੀ ਸੂਝ ਨਾਲ ਕੁਝ ਵਿਵਹਾਰਕ ਸੁਝਾਅ ਵੀ ਦਿੱਤੇ ਜਿਨ੍ਹਾਂ ਨਾਲ "ਸਿੱਖਾਂ ਦੀ ਮਾਨਸਿਕਤਾ" ਨੂੰ ਹੋਰ ਨੁਕਸਾਨ ਹੋਣ ਤੋਂ ਬਚਾਇਆ ਜਾ ਸਕਦਾ ਸੀ। ਪਹਿਲਾ ਸੁਝਾਅ ਇਹ ਸੀ ਕਿ ਪੰਜਾਬ ਬਾਰੇ ਖ਼ਬਰਾਂ 'ਤੇ ਕੋਈ ਰੋਕ ਨਾ ਹੋਵੇ। ਪੰਜਾਬ ਵਿੱਚ ਛਪ ਰਹੇ ਅਖ਼ਬਾਰਾਂ 'ਤੇ ਸੈਂਸਰ ਲਾਗੂ ਸੀ ਤੇ ਭਾਰਤ ਦੇ ਦੂਸਰੇ ਭਾਗਾਂ ਵਿੱਚ ਛਪਦੇ ਅਖ਼ਬਾਰਾਂ ਦੇ ਇਸ ਰਾਜ ਵਿੱਚ ਆਉਣ 'ਤੇ ਪਾਬੰਦੀ ਲਾਈ ਗਈ ਸੀ। 'ਇੰਡੀਅਨ ਐਕਸਪ੍ਰੈੱਸ' ਨੇ ਲਿਖਿਆ ਕਿ ਅਫ਼ਵਾਹ ਇਕ ਵੱਡੀ ਦੁਸ਼ਮਣ ਹੈ। ਇਹ ਸਬਕ ਫ਼ੌਜ ਨੇ ਵੀ ਸਿੱਖ ਬਾਗ਼ੀਆਂ ਤੋਂ ਗ੍ਰਹਿਣ ਕੀਤਾ ਸੀ। ਦੂਸਰਾ ਸੁਝਾਅ ਇਹ ਸੀ ਕਿ ਫ਼ੌਜ ਨੂੰ ਤੁਰੰਤ ਹੀ ਸਵਰਨ ਮੰਦਿਰ ਸਮੂਹ ਵਿੱਚੋਂ ਬਾਹਰ ਕੱਢ ਲਿਆ ਜਾਵੇ। ਤੀਸਰਾ ਸੁਝਾਅ ਇਹ ਸੀ ਕਿ ਅਕਾਲ ਤਖ਼ਤ 'ਤੇ ਹੋਰ ਢੱਠੀਆਂ ਇਮਾਰਤਾਂ ਦੀ ਮੁਰੰਮਤ ਦਾ ਕੰਮ ਹਰਿਮੰਦਰ ਦੇ ਅਧਿਕਾਰੀਆਂ ਨੂੰ ਸੌਂਪਿਆ ਜਾਵੇ। ਚੌਥਾ ਸੁਝਾਅ ਇਹ ਸੀ ਕਿ ਪਿੰਡਾਂ ਵਿੱਚ ਆਤੰਕਵਾਦੀਆਂ ਦੀ ਭਾਲ ਲਈ ਫ਼ੌਜ ਦੀ ਸ਼ਮੂਲੀਅਤ 'ਤੇ ਰੋਕ ਲਾਈ ਜਾਵੇ। ਪੰਜਵਾਂ ਸੁਝਾਅ ਸੀ ਕਿ ਅਕਾਲੀ ਦਲ ਦੇ ਨੇਤਾਵਾਂ ਨੂੰ ਰਿਹਾਅ ਕਰ ਦਿੱਤਾ ਜਾਵੇ। ਛੇਵਾਂ ਸੁਝਾਅ ਸ਼੍ਰੀਮਤੀ ਗਾਂਧੀ ਵੱਲੋਂ ਪ੍ਰਸਾਰਨ ਬਾਰੇ ਸੀ। ਅਖ਼ਬਾਰ ਨੇ ਲਿਖਿਆ, "ਉਹ ਅਕਾਸ਼ਵਾਣੀ 'ਤੇ ਜਾ ਕੇ ਸ਼ਬਦਾਂ ਰਾਹੀਂ ਵੀ ਤੇ ਜਿਹੜੇ ਕਦਮ ਉਹ ਉਠਾਉਣਾ ਚਾਹੁੰਦੀ ਹੈ ਉਹਨਾਂ ਦੀ ਯੋਜਨਾ ਬਾਰੇ ਦੱਸ ਕੇ ਵੀ ਜ਼ਖ਼ਮੀ ਕੌਮ ਨੂੰ ਮੱਰ੍ਹਮ ਲਾਵੇ।"

ਸ਼੍ਰੀਮਤੀ ਗਾਂਧੀ ਨੇ ਇੰਡੀਅਨ ਐਕਸਪ੍ਰੈਸ ਦੀ ਸਲਾਹ ਮੁੱਢੋਂ ਹੀ ਰੱਦ ਕਰ ਦਿੱਤੀ। ਪਹਿਲੀ ਗੱਲ ਜੋ ਉਸ ਨੇ ਨੀਲਾ ਤਾਰਾ ਸਾਕਾ ਬਾਰੇ ਕਹੀ, ਉਹ ਅਕਾਲ ਤਖ਼ਤ ਉਪਰ ਹਮਲੇ ਤੋਂ ਤਿੰਨ ਦਿਨ ਮਗਰੋਂ ਇਕ ਸਰਕਾਰੀ ਪ੍ਰਵਕਤਾ ਦੇ ਮੂੰਹੋਂ ਕਹਿਲਾਇਆ ਹੋਇਆ ਉਹ ਭਾਸ਼ਨ ਸੀ, ਜੋ ਉਸ ਨੇ ਅਰਧ ਸੈਨਿਕ ਸੀ.ਆਰ.ਪੀ. ਦੇ ਅਫ਼ਸਰਾਂ ਸਾਹਮਣੇ ਦਿੱਤਾ ਸੀ। ਇਸ ਤੋਂ ਵਧੇਰੇ ਸਿੱਖ ਸਰੋਤਿਆਂ ਦੇ ਦ੍ਰਿਸ਼ਟੀਕੋਣ ਤੋਂ ਹੋਰ ਅਯੋਗ ਤੇ ਬੇਮੇਲ ਗੱਲ ਹੋਰ ਕੋਈ ਨਹੀਂ ਹੋ ਸਕਦੀ ਸੀ। ਉਸ ਭਾਸ਼ਨ ਵਿੱਚ ਉਸ ਨੇ ਅਪੀਲ ਕੀਤੀ ਸੀ ਕਿ ਪੰਜਾਬ ਦੀਆਂ ਹੁਣੇ-ਹੁਣੇ ਵਾਪਰੀਆਂ ਘਟਨਾਵਾਂ 'ਤੇ ਮਰ੍ਹਮ ਲਾਈ ਜਾਵੇ। ਸਪੱਸ਼ਟ ਤੌਰ 'ਤੇ ਸਿੱਖਾਂ ਦੀ ਮਾਨਸਿਕਤਾ ਨੂੰ ਪਹੁੰਚਾਈ ਗਈ ਚੋਟ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਸੀ। ਉਸ ਨੇ ਫ਼ੌਜ ਤੇ ਸੀ.ਆਰ.ਪੀ. ਦੀ ਲੋੜ ਤੋਂ ਵੱਧ ਪ੍ਰਸੰਸਾ ਕੀਤੀ। ਉਸ ਭਾਸ਼ਨ ਰਾਹੀਂ ਸ਼੍ਰੀਮਤੀ ਗਾਂਧੀ ਨੇ ਸਿੱਖਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦੀ ਥਾਂ ਲੂਣ ਛਿੜਕਿਆ।

ਅਕਾਲੀ ਦਲ ਦੀ ਤ੍ਰੈਮੂਰਤੀ ਹੀ ਸਿੱਖ ਫ਼ਿਰਕੇ ਦੀ ਪ੍ਰਤੀਨਿਧ ਸੀ, ਜਿਸ ਨਾਲ ਉਹ ਸਿੱਖਾਂ ਦੇ ਜ਼ਖ਼ਮਾਂ ਤੇ ਮੱਲ੍ਹਮ ਲਾਉਣ ਬਾਰੇ ਵਿਚਾਰ ਕਰ ਸਕਦੀ ਸੀ। ਲੌਂਗੋਵਾਲ ਤੇ ਟੌਹੜੇ ਨੂੰ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦੋਂ ਕਮਾਊਂ ਪਲਟਨ ਨੇ "ਸਰਾਂ ਸਮੂਹ" ਨੂੰ ਮੁਕਤ ਕਰਵਾਇਆ ਸੀ। ਬਾਦਲ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ, ਜਦੋਂ ਉਹ ਆਪਣੇ ਫ਼ਾਰਮ 'ਚੋਂ ਬਾਹਰ ਆਇਆ। "ਨੀਲਾ ਤਾਰਾ ਸਾਕਾ" ਮਗਰੋਂ ਪਹਿਲੇ ਤਿੰਨ ਦਿਨਾਂ ਵਿੱਚ ਪੰਜਾਬ ਤੋਂ ਗੁਆਂਢੀ ਰਾਜ ਕਸ਼ਮੀਰ ਵਿੱਚ ਵਿਰੋਧ ਪ੍ਰਗਟ ਕਰਦੇ ਹੋਏ 30 ਤੋਂ ਵੱਧ ਲੋਕ ਮਾਰੇ ਗਏ, ਇਸ ਲਈ ਉਹਨਾਂ ਨੂੰ ਨਜ਼ਰਬੰਦ ਕਰਨ ਦਾ ਫ਼ੈਸਲਾ ਸੂਝ-ਸਿਆਣਪ ਭਰਿਆ ਸੀ। ਪਰੰਤੂ ਅਕਾਲੀ ਤ੍ਰੈਮੂਰਤੀ ਅਜੇ ਵੀ ਨਜ਼ਰਬੰਦ ਸੀ ਜਦੋਂ ਸ਼੍ਰੀਮਤੀ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। ਉਹਨਾਂ ਨੂੰ ਕੋਈ ਵਕਤ ਹੀ ਨਾ ਮਿਲਿਆ ਕਿ ਉਹ ਆਪਣੇ ਪੈਰੋਕਾਰਾਂ ਤੇ ਸਮਰਥਕਾਂ ਦੀ ਰੁਚੀ ਤੇ ਝੁਕਾਅ ਦਾ ਅਨੁਮਾਨ ਲਾ ਸਕਦੇ ਤੇ ਹਿੰਦੂਆਂ ਤੇ ਸਿੱਖਾਂ ਵਿੱਚ ਪ੍ਰੰਪਰਾਗਤ ਸਦਭਾਵਨਾ ਕਾਇਮ ਕਰਨ ਲਈ ਢੰਗ ਤਰੀਕੇ ਸੋਚਦੇ ਜਿਸ ਨਾਲ "ਨੀਲਾ ਤਾਰਾ ਸਾਕਾ" ਵਰਗੀ ਘਟਨਾ ਭਵਿੱਖ ਵਿੱਚ ਵਾਪਰਨ ਵਾਲੀ ਕਿਸੇ ਹੋਰ ਵੱਖ-ਵਾਦੀ ਲਹਿਰ ਨੂੰ ਉਹ ਰੋਕ ਸਕਦੇ। ਇਹ ਕਦੇ ਵੀ ਕਿਸੇ ਨੇ ਵਿਚਾਰ ਵਿਅਕਤ ਨਹੀਂ ਕੀਤਾ ਸੀ ਕਿ ਲੌਂਗੋਵਾਲ ਤੇ ਬਾਦਲ ਵੱਖਵਾਦੀ ਸਨ ਤੇ ਟੌਹੜੇ ਨੇ ਵੀ ਉਸ ਵੇਲੇ ਤੱਕ ਅਨੁਭਵ ਕਰ ਲਿਆ ਸੀ ਕਿ ਜਿਹੜੇ ਮਾਰਗ 'ਤੇ ਉਹ ਬੇਸਮਝੀ ਨਾਲ ਚੱਲਦਾ ਰਿਹਾ ਸੀ, ਉਹ ਕਿੰਨਾ ਖ਼ਤਰਨਾਕ ਸੀ। ਆਖ਼ਿਰ ਟੌਹੜਾ ਵੀ ਆਖ਼ਰੀ ਸਮੇਂ ਭਿੰਡਰਾਂਵਾਲੇ ਨੂੰ ਆਤਮ-ਸਮਰਪਣ ਕਰਨ ਲਈ ਮਨਾਉਂਦਾ ਰਿਹਾ ਸੀ।

ਸਰਕਾਰ ਦੇ ਨਿਯੰਤਰਨ ਵਿਚਲੇ ਸੰਚਾਰ ਸਾਧਨਾਂ, ਖ਼ਾਸ ਕਰਕੇ ਦੂਰਦਰਸ਼ਨ ਦੀ ਬਕਵਾਸ ਤੇ ਟੈਂ-ਟੈਂ ਨੇ ਹਾਲਾਤ ਹੋਰ ਵੀ ਵਿਗਾੜ ਦਿੱਤੇ। ਇਕ ਵਿਸ਼ੇਸ਼ ਕਮੇਟੀ ਦੀ ਅਗਵਾਈ ਵਿੱਚ, ਜਿਸ 'ਤੇ ਰਾਜੀਵ ਗਾਂਧੀ ਦਾ ਇਕ ਨਿਕਟਵਰਤੀ ਮਿੱਤਰ ਛਾਇਆ ਹੋਇਆ ਸੀ, ਦੂਰਦਰਸ਼ਨ ਨੇ ਅਜਿਹੇ ਪ੍ਰੋਗਰਾਮਾਂ ਦਾ ਸਿਲਸਿਲਾ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਜੋ ਸਵਰਨ ਮੰਦਿਰ ਉਪਰ ਹਮਲੇ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਾ ਸੀ। ਇਸ ਪ੍ਰੋਗਰਾਮ ਵਿੱਚ ਮੇਜਰ ਜਨਰਲ ਬਰਾੜ ਹਰਿਮੰਦਰ ਦੇ ਬਾਹਰ ਖੜਾ ਇਕ ਵਿਜੇਈ ਜੇਤੂ ਵਾਂਗ "ਨੀਲਾ ਤਾਰਾ ਸਾਕਾ" ਦੇ ਬਾਰੇ ਵਰਨਣ ਕਰਦਾ ਦਿਖਾਇਆ ਗਿਆ ਸੀ।

ਦੂਸਰੇ ਪ੍ਰੋਗਰਾਮ ਵੀ ਪੇਸ਼ ਕੀਤੇ ਗਏ ਜਿਹੜੇ ਸਿੱਖਾਂ ਦੇ ਅਪਰਾਧਾਂ ਦੁਆਲੇ ਕੇਂਦ੍ਰਿਤ

ਸਨ। ਤਸਵੀਰਾਂ ਰਾਹੀਂ ਸਮੁੰਦਰੀ ਗੋਤਾਖ਼ੋਰਾਂ ਨੂੰ ਹਥਿਆਰ ਲੱਭਦੇ ਵਿਖਾਇਆ ਗਿਆ ਸੀ ਤੇ ਸਿੱਖਾਂ ਕੋਲੋਂ ਮਿਲੇ ਨਸ਼ਿਆਂ ਬਾਰੇ ਇਲਜ਼ਾਮਾਂ ਵਾਲੀਆਂ ਤਸਵੀਰਾਂ ਵੀ ਦਿਖਾਈਆਂ ਗਈਆਂ ਸਨ। ਮਗਰੋਂ ਉਹਨਾਂ ਤਸਵੀਰਾਂ ਨੂੰ ਰੋਕ ਲਿਆ ਗਿਆ ਸੀ ਕਿਉਂਕਿ ਉਹਨਾਂ ਇਲਜ਼ਾਮਾਂ ਨੂੰ ਸਹੀ ਨਹੀਂ ਪਾਇਆ ਗਿਆ ਸੀ। ਅਕਾਲ ਤਖ਼ਤ ਦਾ ਜੱਥੇਦਾਰ ਜੋ ਨਾਖੁਸ਼ ਦਿਖਾਈ ਦੇ ਰਿਹਾ ਸੀ, ਉਸ ਕੋਲੋਂ ਜ਼ਬਰਦਸਤੀ ਇਹ ਬਿਆਨ ਪੜ੍ਹਾਇਆ ਜਾ ਰਿਹਾ ਸੀ ਕਿ ਸਵਰਨ ਮੰਦਿਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਸੀ। ਜਦੋਂ ਕਿ ਉਸ ਨੂੰ ਪਤਾ ਸੀ ਕਿ ਸਿੱਖਾਂ ਦੇ ਸਭ ਤੋਂ ਵੱਧ ਪਵਿੱਤਰ ਧਰਮ ਅਸਥਾਨ ਵਿੱਚ ਗੋਲੀਆਂ ਲੱਗਣ ਦੇ ਸੁਰਾਖ਼ ਸਨ। ਸਿੱਖਾਂ ਦੀ ਇਕ ਸੰਪ੍ਰਦਾਇ ਦੇ ਇਕ ਅਗਿਆਤ ਤੇ ਗੁੰਮਨਾਮ ਮੁਖੀ ਨੂੰ ਟੈਲੀਵਿਜ਼ਨ ਦੇ ਦਰਸ਼ਕਾਂ ਦੇ ਸਾਹਮਣੇ ਫ਼ੌਜੀ ਕਾਰਵਾਈ ਨੂੰ ਉਚਿਤ ਦੱਸਣ ਲਈ ਪੇਸ਼ ਕੀਤਾ ਗਿਆ ਸੀ। ਕੁਝ ਦਿਨਾਂ ਵਿੱਚ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਦੋਂ ਉਸ ਦੇ ਗੁਰਦੁਆਰੇ 'ਚੋਂ ਹਥਿਆਰ ਪਕੜੇ ਗਏ। ਨਰਮਦਲੀਏ ਸਿੱਖ ਵੀ ਉਤੇਜਿਤ ਹੋਏ ਤੇ ਅਪਮਾਨਤ ਮਹਿਸੂਸ ਕਰਨ ਲੱਗੇ। ਉਹਨਾਂ ਨੇ ਸ਼ਿਕਾਇਤ ਕੀਤੀ ਕਿ ਸਰਕਾਰ ਸਮੁੱਚੇ ਸਿੱਖ ਭਾਈਚਾਰੇ ਨੂੰ ਭਾਰਤ ਦੇ ਵੈਰੀ ਬਣਾ ਕੇ ਪੇਸ਼ ਕਰ ਰਹੀ ਸੀ। ਪਰੰਤੂ ਪ੍ਰਸਾਰਨ ਤੇ ਸੂਚਨਾ ਮੰਤਰੀ ਐਚ.ਕੇ. ਐਲ. ਭਗਤ ਦਾਅਵਾ ਕਰ ਰਿਹਾ ਸੀ ਕਿ ਦੂਰਦਰਸ਼ਨ ਪ੍ਰੋਗਰਾਮਾਂ ਦਾ ਮਨੋਰਥ ਹਿੰਦੂ-ਸਿੱਖ ਇਕਸੁਰਤਾ ਵਧਾਉਣਾ ਸੀ। ਕਲਕੱਤਾ ਟੈਲੀਗ੍ਰਾਫ਼ ਲਈ ਉਸ ਨੇ ਇਕ ਮੁਲਾਕਾਤ ਦੌਰਾਨ ਕਿਹਾ, "ਜਿਥੋਂ ਤੱਕ ਪੰਜਾਬ ਬਾਰੇ ਸਾਡੇ ਪ੍ਰੋਗਰਾਮਾਂ ਦਾ ਸੰਬੰਧ ਹੈ, ਪ੍ਰੋਗਰਾਮ ਸੰਪ੍ਰਦਾਇਕਤਾ, ਇਕਸੁਰਤਾ ਤੇ ਤਾਲਮੇਲ ਵਧਾਉਣ ਲਈ ਪੇਸ਼ ਕੀਤੇ ਗਏ ਸਨ। ਮੋਟੇ ਤੌਰ 'ਤੇ ਸਾਡਾ ਮਨੋਰਥ ਸੰਪ੍ਰਦਾਇਕ ਸਦਭਾਵਨਾ ਨੂੰ ਵਧਾਉਣਾ ਸੀ।" ਬੜੀ ਹੈਰਾਨੀ ਦੀ ਗੱਲ ਸੀ ਕਿ ਸ੍ਰੀਮਤੀ ਗਾਂਧੀ ਨੇ ਆਪਣੇ ਦੇਸ਼ ਵਾਸੀਆਂ ਨੂੰ ਦੂਰਦਰਸ਼ਨ 'ਤੇ ਕੋਈ ਅਪੀਲ ਨਾ ਕੀਤੀ। ਪਰੰਤੂ ਉਸ ਨੇ ਕਈ ਅੰਤਰ ਰਾਸ਼ਟਰੀ ਪ੍ਰਸਾਰਨ ਸੰਸਥਾਵਾਂ ਨਾਲ ਬੀ.ਬੀ.ਸੀ. ਸਮੇਤ ਆਪਣੇ ਕਦਮ ਨੂੰ ਉੱਚਿਤ ਠਹਿਰਾਉਣ ਲਈ ਮੁਲਾਕਾਤਾਂ/ ਭੇਂਟ ਵਾਰਤਾਵਾਂ ਕੀਤੀਆਂ।

ਦੂਰਦਰਸ਼ਨ ਦੇ ਅਧਿਕਾਰੀਆਂ ਵੱਲੋਂ ਸਿੱਖ ਜਜ਼ਬਾਤਾਂ ਨੂੰ ਆਪਣੇ ਪੈਰਾਂ ਹੇਠ ਚਿੱਕੜ ਵਿੱਚ ਲਿਤਾੜਨ ਮਗਰੋਂ ਸਰਕਾਰ ਦਾ ਸਫ਼ੇਦ ਪੱਤਰ ਲਿਆਂਦਾ ਗਿਆ। ਇਸ ਦੀ ਛਪਾਈ ਕਈ ਵਾਰ ਅੱਗੇ ਪਾਈ ਗਈ ਸੀ ਕਿਉਂਕਿ ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੇ ਵੱਡੇ ਅਫ਼ਸਰ ਇਸ ਗੱਲ 'ਤੇ ਅੜੇ ਹੋਏ ਸਨ ਕਿ ਘਰੇਲੂ ਹਿੱਤਾਂ ਨਾਲੋਂ ਰਾਜਦੂਤਕ ਹਿੱਤ ਤੇ ਸੋਚ ਵਧੇਰੇ ਜ਼ਰੂਰੀ ਤੇ ਮਹੱਤਵਪੂਰਨ ਸੀ। ਗ੍ਰਹਿ ਮੰਤਰਾਲੇ ਦੇ ਅਧਿਕਾਰੀ ਚਾਹੁੰਦੇ ਸਨ ਕਿ ਜੋ ਕੁਝ ਵੀ ਪੰਜਾਬ ਵਿੱਚ, ਮਾੜਾ ਤੇ ਮੰਦਭਾਗਾ ਹੋਇਆ, ਉਸ ਦਾ ਵਧੇਰੇ ਦੋਸ਼ ਪਾਕਿਸਤਾਨ ਸਿਰ ਮੜ੍ਹਿਆ ਜਾਵੇ। ਉਹਨਾਂ ਦਾ ਯਕੀਨ ਸੀ ਕਿ ਇਸ ਨਾਲ ਬਹੁਤ ਸਾਰੇ ਸਿੱਖ ਵਿਸ਼ਵਾਸ ਕਰ ਲੈਣਗੇ ਕਿ ਸਰਕਾਰ ਨੇ ਉਹਨਾਂ ਨੂੰ ਉਸ ਸਾਜ਼ਿਸ਼ 'ਚੋਂ ਬਚਾਅ ਲਿਆ ਹੈ ਜਿਹੜੀ ਉਹਨਾਂ ਨੂੰ ਮੁਸਲਮਾਨਾਂ ਦੇ ਗ਼ਲਬੇ ਹੇਠ ਧੱਕ ਦਿੰਦੀ, ਜਿਸ ਕੂੜੇ ਕਰਕਟ ਨੂੰ ਉਹਨਾਂ ਨੇ ਦੇਸ਼ ਦੀ ਵੰਡ ਸਮੇਂ ਵੀ ਰੱਦ ਕਰ ਦਿੱਤਾ ਸੀ। ਗ੍ਰਹਿ ਸਕੱਤਰ ਨੇ "ਨੀਲਾ ਤਾਰਾ ਸਾਕਾ" ਪਿੱਛੋਂ ਇਕ ਬਿਆਨ ਦਿੱਤਾ, ਜਿਸ ਵਿੱਚ ਉਸ ਨੇ ਕਿਹਾ, 'ਭਿੰਡਰਾਂਵਾਲੇ ਦੀ ਲਹਿਰ ਦਾ ਸਿੱਧਾ ਮਨੋਰਥ ਇਕ ਅਜ਼ਾਦ ਖ਼ਾਲਿਸਤਾਨ ਦੀ ਸਥਾਪਨਾ ਸੀ ਜਿਸ ਦਾ ਸਮਰਥਨ ਗੁਆਂਢੀ ਤੇ ਵਿਦੇਸ਼ੀ ਤਾਕਤਾਂ ਕਰ ਰਹੀਆਂ ਸਨ। ਪਰੰਤੂ

ਵਿਦੇਸ਼ ਮੰਤਰਾਲੇ ਨੇ ਸੁਚੇਤ ਕੀਤਾ ਕਿ ਪਾਕਿਸਤਾਨ ਦਾ ਜ਼ਿਕਰ ਕਰਨ ਨਾਲ ਭਾਰਤ ਦੇ ਅਮਰੀਕਾ ਨਾਲ ਸੰਬੰਧ ਵਿਗੜ ਜਾਣਗੇ। ਰਾਸ਼ਟਰਪਤੀ ਰੀਗਨ ਨੂੰ ਪਾਕਿਸਤਾਨ ਦੇ ਨਿਰੰਕੁਸ਼ ਫ਼ੌਜੀ ਹਾਕਮ ਜਨਰਲ ਜ਼ਿਆ-ਉੱਲ-ਹੱਕ ਵਿੱਚ ਅਜ਼ਾਦੀ ਦਾ ਇਕ ਸੂਰਬੀਰ ਯੋਧਾ ਦਿਸਦਾ ਸੀ ਜਿਸ ਨੂੰ ਅਫ਼ਗਾਨਿਸਤਾਨ ਦੇ ਗੁਆਂਢੀ ਦੇਸ਼ ਉਪਰ ਸੋਵੀਅਤ ਸੰਘ ਦੇ ਹਮਲੇ ਦਾ ਖ਼ਤਰਾ ਸੀ।

ਬਹੁਤ ਲੰਬੀ ਸੋਚ ਵਿਚਾਰ ਪਿੱਛੋਂ ਪਾਕਿਸਤਾਨ ਦਾ ਨਾਮ ਲਏ ਬਿਨਾਂ ਹੀ ਸਫ਼ੈਦ ਪੱਤਰ ਛਾਪ ਦਿੱਤਾ ਗਿਆ। ਲੇਖਕ ਏ.ਜੀ. ਨੂਰਾਨੀ ਨੇ ਸਫ਼ੈਦ ਪੱਤਰ ਨੂੰ ਸ਼ਰਮਨਾਕ ਤੇ ਘਟੀਆ ਉਲਟਬਾਜ਼ੀ ਕਿਹਾ। ਇਸ ਵਿੱਚ ਉਹਨਾਂ ਚਾਰ ਕਾਰਨਾਂ ਦਾ ਜ਼ਿਕਰ ਕੀਤਾ ਗਿਆ ਜੋ ਪੰਜਾਬ ਦੀ ਨਹੀਂ ਸਗੋਂ ਸਮੁੱਚੇ ਦੇਸ਼ ਦੀ ਸਮਾਜਿਕ, ਰਾਜਸੀ ਤੇ ਆਰਥਿਕ ਸਥਿਰਤਾ ਤਬਾਹ ਕਰਨ ਲਈ ਖ਼ਤਰਾ ਬਣੇ ਹੋਏ ਸਨ।"[2]

ਇਹ ਕਾਰਨ ਸਨ—

1. ਅਕਾਲੀ ਦਲ ਵੱਲੋਂ ਕੁਝ ਮੰਗਾਂ ਜੋ ਅੰਦੋਲਨ ਦੇ ਸਮਰਥਨ ਵਿੱਚ ਸਰਕਾਰ ਨੂੰ ਪੇਸ਼ ਕੀਤੀਆਂ ਗਈਆਂ ਸਨ ਤੇ ਜਿਨ੍ਹਾਂ ਬਾਰੇ ਗੱਲ-ਬਾਤ ਹੋ ਰਹੀ ਸੀ।

2. ਇਕ ਕੁਰੱਖ਼ਤ ਸੰਪ੍ਰਦਾਇਕ ਤੇ ਇੰਤਹਾ ਪਸੰਦ ਲਹਿਰ ਜੋ ਖੁੱਲ੍ਹਮ-ਖੁੱਲ੍ਹੀ ਹਿੰਸਾ ਦੀ ਵਕਾਲਤ ਕਰਦੀ ਸੀ ਤੇ ਨਿਰਦੋਸ਼ ਤੇ ਲਾਚਾਰ ਸ਼ਹਿਰੀਆਂ ਤੇ ਸਰਕਾਰ ਵਿਰੁੱਧ ਭਿਆਨਕ ਤੇ ਖ਼ਤਰਨਾਕ ਅਪਰਾਧਾਂ ਨੂੰ ਪ੍ਰਵਾਨਗੀ ਦਿੰਦੀ ਸੀ।

3. ਵੱਖਵਾਦੀ ਤੇ ਰਾਸ਼ਟਰ ਵਿਰੋਧੀ ਕਾਰਵਾਈਆਂ ਜਿਨ੍ਹਾਂ ਦਾ ਐਲਾਨੀਆ ਉਦੇਸ਼ ਸਿੱਖਾਂ ਲਈ ਬਾਹਰਲੀ ਸਹਾਇਤਾ ਨਾਲ ਅਜ਼ਾਦ ਰਾਜ ਕਾਇਮ ਕਰਨਾ ਸੀ।

4. ਅਪਰਾਧੀਆਂ, ਤਸਕਰਾਂ ਤੇ ਹੋਰ ਗ਼ੈਰ ਸਮਾਜੀ ਤੱਤਾਂ ਦੀ ਤੇ ਨਕਸਲੀਆਂ ਦੀ ਸ਼ਮੂਲੀਅਤ ਜੋ ਆਪਣੇ ਹਿੱਤਾਂ ਲਈ ਸਥਿਤੀ ਦਾ ਲਾਭ ਉਠਾ ਰਹੇ ਸਨ।

ਸਫ਼ੈਦ ਪੱਤਰ ਰਾਹੀਂ ਸਰਕਾਰ ਦੇ ਉਸ ਖ਼ਤਰੇ ਨੂੰ ਪ੍ਰਕਾਸ਼ ਵਿੱਚ ਲਿਆਉਣ ਦੀ ਚਿੰਤਾ ਤੇ ਘਬਰਾਹਟ ਕਾਰਨ, ਜਿਸ ਨੇ ਸਰਕਾਰ ਨੂੰ ਇੰਨਾ ਸਖ਼ਤ ਕਦਮ ਉਠਾਉਣ ਲਈ ਮਜਬੂਰ ਕੀਤਾ ਸੀ, ਅਕਾਲੀ ਦਲ ਨੂੰ ਵੀ ਵੱਖਵਾਦੀ ਕਿਹਾ, ਜਿਸ ਨੇ ਇਕ ਵਾਰ ਫਿਰ ਸਿੱਖ ਭਾਈਚਾਰੇ ਦੇ ਨਰਮਦਲੀਏ ਸਿੱਖਾਂ ਨੂੰ ਕ੍ਰੋਧਿਤ ਕਰ ਦਿੱਤਾ।

ਜਦੋਂ ਅਖ਼ਬਾਰਾਂ ਤੇ ਸਿੱਖਾਂ ਵੱਲੋਂ ਸਫ਼ੈਦ ਪੱਤਰ ਨੂੰ ਨੀਲਾ ਤਾਰਾ ਸਾਕਾ ਦੀ ਗ਼ਲਤ ਤੇ ਅਯੋਗ ਸਫ਼ਾਈ ਕਹਿ ਕੇ ਰੱਦ ਕਰ ਦਿੱਤਾ ਗਿਆ ਤਾਂ ਸਰਕਾਰ ਨੇ ਸਾਰੀਆਂ ਕੂਟਨੀਤਿਕ ਮਰਿਆਦਾਵਾਂ ਨੂੰ ਛਿੱਕੇ 'ਤੇ ਟੰਗ ਕੇ ਪਾਕਿਸਤਾਨ ਤੇ ਹੋਰ ਵਿਦੇਸ਼ੀ ਤਾਕਤਾਂ ਦਾ ਹੱਥ ਸਿੱਧ ਕਰਨ ਲਈ ਪੂਰੀ ਵਾਹ ਲਾ ਦਿੱਤੀ। ਸਫ਼ੈਦ ਪੱਤਰ ਵਿੱਚ ਤਾਂ ਇਕੋ ਇਕ ਜਿਹੜੇ ਹਥਿਆਰ ਦਾ ਜ਼ਿਕਰ ਕੀਤਾ ਗਿਆ ਸੀ, ਉਹ ਸੀ 7.62 ਮਿਲੀ ਲੀਟਰ ਦੀਆਂ ਚੀਨੀ ਰਫ਼ਲਾਂ। ਪਰ ਉਸ ਸਮੇਂ ਤੱਕ ਕਾਂਗਰਸ ਪਾਰਟੀ ਨੇ ਨੀਲਾ ਤਾਰਾ ਸਾਕਾ ਦੀ ਉੱਚਿਤਤਾ ਦਰਸਾਉਣ ਲਈ ਇਕ ਦੁਵਰਕੀ ਛਾਪੀ ਜਿਸਦਾ ਨਾਮ ਸੀ ਸਾਜ਼ਿਸ਼ ਬੇਨਕਾਬ; ਜਿਸ ਵਿੱਚ ਭਾਰਤੀ ਫ਼ੌਜ ਵੱਲੋਂ ਲੱਭੀਆਂ ਗਈਆਂ ਚੀਨ ਦੀਆਂ ਬਣੀਆਂ ਗੈਸ ਨਾਲ ਸੰਚਾਲਿਤ ਹੋਣ ਵਾਲੀਆਂ ਚੀਨੀ ਏ.ਕੇ. 47 ਰਾਇਫ਼ਲਾਂ ਦਾ ਜ਼ਿਕਰ ਕੀਤਾ ਗਿਆ ਸੀ ਜੋ 300 ਮੀਟਰ ਦੀ ਦੂਰੀ ਤੋਂ 600 ਗੋਲੇ ਪ੍ਰਤੀ ਮਿੰਟ ਸੁੱਟ ਸਕਦੀਆਂ ਸਨ; ਚੀਨ ਦੇ ਬਣੇ ਆਰ.ਪੀ. ਜੀ. 7 ਟੈਂਕਾਂ ਉਪਰ ਸੁੱਟਣ ਲਈ ਗਰਨੇਡ ਜੋ

320 ਮਿਲੀ ਲੀਟਰ ਦੀ ਮੋਟਾਈ ਦੀਆਂ ਬਕਤਰਬੰਦ ਗੱਡੀਆਂ ਨੂੰ ਚੀਰ ਸਕਦੇ ਸਨ ਤੇ ਨਾਟੋ ਮੁਲਕਾਂ ਵੱਲੋਂ ਜੀ-2 ਸ੍ਵੈਚਾਲਕ ਰਾਇਫ਼ਲਾਂ ਤੇ ਇਸਰਾਈਲ ਦੀਆਂ ਬਣੀਆਂ ਗੋਲੀ ਨਿਖੇਧ ਝੱਗੀਆਂ ਤੇ ਪਾਕਿਸਤਾਨ ਦੇ ਬਣੇ ਟੈਂਕਾਂ 'ਤੇ ਮਾਰ ਕਰਨ ਵਾਲੇ ਸ਼ਸਤਰਾਂ ਦਾ ਵੀ ਜ਼ਿਕਰ ਕੀਤਾ ਗਿਆ।

ਸ੍ਰੀਮਤੀ ਗਾਂਧੀ ਤੇ ਰਾਜੀਵ ਗਾਂਧੀ ਨੇ ਆਪਣੇ ਸਭ ਭਾਸ਼ਣਾਂ ਵਿੱਚ ਪੰਜਾਬ ਵਿੱਚ ਪਾਕਿਸਤਾਨ ਦਾ ਹੱਥ ਹੋਣ ਬਾਰੇ ਰੌਸ਼ਨੀ ਪਾਈ। ਪਰੰਤੂ ਇਹਨਾਂ ਦਾ ਅਸਰ ਬਹੁਤੀ ਵਾਰ ਉਸ ਬਾਰੇ ਕੁਝ ਦੱਸ ਸਕਣ ਦੀ ਝਿਜਕ ਕਾਰਨ ਉਲਟਾ ਹੁੰਦਾ। ਕਦੇ ਇਹ ਹੱਥ ਸੀ.ਆਈ.ਏ. ਦਾ ਹੁੰਦਾ, ਕਦੇ ਪਾਕਿਸਤਾਨ ਦਾ ਤੇ ਕਦੇ ਬਰਤਾਨੀਆ ਦਾ। ਪ੍ਰਧਾਨ ਮੰਤਰੀ ਨੇ ਲੋਕ ਸਭਾ ਨੂੰ ਦੱਸਿਆ ਕਿ ਪੰਜਾਬ ਦਾ ਸੰਕਟ ਵਿਸ਼ੇਸ਼ ਤਾਕਤਾਂ ਦੇ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਕਰਕੇ ਸੀ। ਉਸ ਨੇ ਕਿਹਾ ਕਿ ਸਿੱਧਾ ਪ੍ਰਮਾਣ ਤਾਂ ਲੱਭਣਾ ਔਖਾ ਹੈ। ਪਰੰਤੂ ਉਸ ਨੇ ਅੱਗੇ ਕਿਹਾ, "ਅਸੀਂ ਜਾਣਦੇ ਹਾਂ ਕਿ ਵਿਦੇਸ਼ੀ ਤਾਕਤਾਂ ਆਪਣੇ ਹਿੱਤ ਲਈ ਸੰਪ੍ਰਦਾਇਕ ਫ਼ਸਾਦ ਭੜਕਾਉਂਦੀਆਂ ਹਨ। ਜਦੋਂ ਮੈਂ ਮਲਕਾ ਇਲਜ਼ਾਬੇਥ-II ਦੀ ਰਸਮ ਤਾਜਪੋਸ਼ੀ ਦੇ ਸਬੰਧ ਵਿੱਚ ਗਈ ਸੀ ਤਾਂ ਭਾਰਤ ਵਿੱਚ ਰਹਿ ਚੁੱਕੇ ਇਕ ਬੂਤ-ਪੂਰਵ ਬਰਤਾਨਵੀ ਅਧਿਕਾਰੀ ਨੇ ਸੰਪ੍ਰਦਾਇਕ ਫ਼ਸਾਦ ਭੜਕਾਉਣ ਵਿੱਚ ਆਪਣੀ ਭੂਮਿਕਾ ਬਾਰੇ ਮੈਨੂੰ ਦੱਸਿਆ ਸੀ।"

ਇਹਨਾਂ ਇਲਜ਼ਾਮਾਂ ਬਾਰੇ ਅਖ਼ਬਾਰਾਂ ਨੂੰ ਕੋਈ ਭਰੋਸਾ ਨਹੀਂ ਸੀ। ਇੰਡੀਅਨ ਐਕਸਪ੍ਰੈੱਸ ਨੇ ਲਿਖਿਆ, "ਸ਼੍ਰੀਮਤੀ ਗਾਂਧੀ ਵੱਲੋਂ ਅੰਤਰਰਾਸ਼ਟਰੀ ਸਾਜ਼ਿਸ਼ ਉਪਰ ਜ਼ੋਰ ਦੇਣ ਤੇ ਭਾਰਤ ਨੂੰ ਡੇਗਣ ਵਿੱਚ ਨਵ-ਬਸਤੀਵਾਦ ਲਈ ਆਪਣੇ ਘ੍ਰਿਣਾਯੋਗ ਮਨੋਰਥਾਂ ਨੂੰ ਧਾਰਮਿਕ ਮੂਲਵਾਦ ਰਾਹੀਂ ਪ੍ਰਾਪਤ ਕਰਨ ਦੇ ਇਲਜ਼ਾਮਾਂ ਕਾਰਨ ਭਿੰਡਰਾਂਵਾਲੇ ਨੂੰ ਹੁਣ ਗੌਣ ਦਰਜਾ ਦੇ ਦਿੱਤਾ ਗਿਆ ਸੀ। ਸੇਂਟ ਜੋਨ ਨੇ ਹੁਣ ਨਿਰਸੰਦੇਹ ਤੜਕ-ਭੜਕ ਵਾਲਾ ਆਪਣਾ ਜ਼ਰਾਬਕਤਰ ਪਹਿਨ ਲਿਆ ਸੀ ਤੇ ਇਹ ਆਸ ਰੱਖੀ ਜਾਣ ਲੱਗੀ ਸੀ ਕਿ ਆਮ ਆਦਮੀ ਉਸ ਨੂੰ ਆ ਰਹੀਆਂ ਗ਼ੈਬੀ ਅਜ਼ਾਵਾਂ ਤੋਂ ਭੈ-ਭੀਤ ਹੋ ਜਾਵੇ।

ਸਿੱਖਾਂ ਨੇ ਵੀ ਵਿਦੇਸ਼ੀ ਹੱਥ ਦੀ ਗੱਲ ਰੱਦ ਕਰ ਦਿੱਤੀ। ਉਹ ਜਾਣਦੇ ਸਨ ਕਿ ਸ੍ਰੀਮਤੀ ਗਾਂਧੀ ਨੂੰ ਭਾਰਤ ਦੀਆਂ ਸਮੱਸਿਆਵਾਂ ਲਈ ਵਿਦੇਸ਼ੀ ਤਾਕਤਾਂ ਨੂੰ ਦੋਸ਼ ਦੇਣ ਦੀ ਆਦਤ ਹੈ। 1972 ਤੇ 1975 ਵਿਚਕਾਰ ਜਦੋਂ ਉਹ ਤੇ ਉਸ ਦੇ ਸਹਿਯੋਗੀ ਮੁਸ਼ਕਿਲਾਂ ਵਿੱਚ ਫਸ ਗਏ, ਉਹਨਾਂ ਨੇ ਆਪਣਿਆਂ ਸਭ ਭਾਸ਼ਣਾਂ ਵਿੱਚ ਸੀ.ਆਈ.ਏ. ਨੂੰ ਘਸੀਟਿਆ ਸੀ। ਮੁਸ਼ਕਿਲ ਇਹ ਸੀ ਕਿ ਸ੍ਰੀਮਤੀ ਗਾਂਧੀ ਕੋਲ ਵਿਦੇਸ਼ੀ ਹੱਥ ਸਿੱਧ ਕਰਨ ਲਈ ਕੋਈ ਸਬੂਤ ਨਹੀਂ ਸੀ। ਨਿਰਸੰਦੇਹ ਵਿਦੇਸ਼ਾਂ ਵਿੱਚ ਕੁਝ ਸਿੱਖ ਗੁੱਟ ਸਨ ਜੋ ਪੰਜਾਬ ਵਿੱਚ ਗੜਬੜ ਚਾਹੁੰਦੇ ਸਨ ਤੇ ਭਿੰਡਰਾਂਵਾਲੇ ਦਾ ਸਮਰਥਨ ਕਰਦੇ ਸਨ ਪਰ ਇਸ ਗੱਲ ਦਾ ਕੋਈ ਸਬੂਤ ਨਹੀਂ ਸੀ ਕਿ ਉਹਨਾਂ ਦਾ ਪੰਜਾਬ ਵਿੱਚ ਵੀ ਕੋਈ ਪ੍ਰਭਾਵ ਸੀ। ਵਾਈਟ ਪੇਪਰ (ਸਫ਼ੇਦ ਪੱਤਰ) ਵਿੱਚ ਸਮੁੰਦਰੋਂ ਪਾਰ ਕਾਰਜਸ਼ੀਲ ਚਾਰ ਗੁੱਟਾਂ ਦਾ ਜ਼ਿਕਰ ਕੀਤਾ ਗਿਆ। ਉਹਨਾਂ ਵਿੱਚੋਂ ਦੋ ਹੀ ਕੁਝ ਮਹੱਤਵਪੂਰਨ ਸਨ। ਪਹਿਲਾ ਗੁੱਟ ਡਾ. ਜਗਜੀਤ ਸਿੰਘ ਚੌਹਾਨ ਦੀ ਅਗਵਾਈ ਵਾਲਾ "ਨੈਸ਼ਨਲ ਕੌਂਸਲ ਆਫ਼ ਖ਼ਾਲਿਸਤਾਨ" ਸੀ। ਉਹ ਆਪੂੰ ਬਣਿਆ ਖ਼ਾਲਿਸਤਾਨ ਦਾ ਰਾਸ਼ਟਰਪਤੀ ਸੀ ਤੇ ਉਹ ਬਰਤਾਨੀਆ ਦਾ ਨਾਗਰਿਕ ਸੀ। ਦੂਸਰਾ ਗੁੱਟ ਸੀ, ਦਲ ਖ਼ਾਲਸਾ। ਸਫ਼ੇਦ ਪੱਤਰ ਵਿੱਚ ਕਿਹਾ ਗਿਆ ਕਿ

ਇਸ ਨੂੰ ਭਾਰਤ ਵਿੱਚ ਅਜ਼ਾਦ ਸਿੱਖ ਰਾਜ ਦੇ ਨਿਸ਼ਚਿਤ ਮਨੋਰਥ ਦੀ ਪ੍ਰਾਪਤੀ ਲਈ ਕਾਇਮ ਕੀਤਾ ਗਿਆ ਸੀ। ਸਫ਼ੈਦ ਪੱਤਰ ਵਿੱਚ ਦਲ ਖ਼ਾਲਸਾ ਤੇ ਜ਼ੈਲ ਸਿੰਘ ਦੇ ਆਰੰਭਲੇ ਦਿਨਾਂ ਦੇ ਸੰਬੰਧਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਸੀ। ਸਫ਼ੈਦ ਪੱਤਰ ਇਹ ਪ੍ਰਮਾਣ ਦੇਣ ਵਿੱਚ ਵੀ ਅਸਫਲ ਰਿਹਾ ਕਿ ਇਸ ਦਾ ਆਤੰਕਵਾਦ ਨਾਲ ਸਿੱਧਾ ਸੰਬੰਧ ਸੀ। ਇਸ ਨੇ ਕੇਵਲ ਇਕ ਉਦਾਹਰਣ ਦਿੱਤੀ ਜੋ "ਵੈਨਕੂਵਰ ਸਨ" ਵਿੱਚ ਛਪੀ ਸੀ, ਜਿਸ ਵਿੱਚ ਕਿਹਾ ਗਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚੋਂ ਸਿੱਖ ਭਰਤੀ ਕੀਤੇ ਗਏ ਸਨ ਤੇ ਉਹਨਾਂ ਨੂੰ ਇਕ ਭਾੜੇ ਦੇ ਟੱਟੂ ਨੇ ਸਿਖਲਾਈ ਦਿੱਤੀ ਸੀ ਜੋ ਪਹਿਲਾਂ ਰੋਡੇਸ਼ੀਆ ਵਿੱਚ ਲੜ ਚੁੱਕਿਆ ਸੀ। ਵਿਦੇਸ਼ਾਂ ਵਿੱਚ ਰਹਿ ਰਹੇ ਖ਼ਾਲਿਸਤਾਨੀ ਸਮਰਥਕਾਂ ਦੇ ਨਿਰਸੰਦੇਹ ਭਿੰਡਰਾਂਵਾਲੇ ਨਾਲ ਸੰਪਰਕ ਤੇ ਸੰਬੰਧ ਸਨ। ਉਸ ਦੇ ਦੁਭਾਸ਼ੀਏ ਹਰਿਮੰਦਰ ਸਿੰਘ ਸੰਧੂ ਨੇ ਇਕ ਵਾਰ ਖ਼ਾਲਿਸਤਾਨ ਦੇ ਆਪੂੰ ਬਣੇ ਰਾਸ਼ਟਰਪਤੀ ਡਾ. ਜਗਜੀਤ ਸਿੰਘ ਚੌਹਾਨ ਨੂੰ ਵਿਦੇਸ਼ਾਂ ਵਿੱਚੋਂ ਸਹਾਇਤਾ ਲਈ ਬੇਨਤੀ ਕਰਦਿਆਂ ਲਿਖਿਆ—

"ਡਾਕਟਰ ਸਾਹਿਬ, ਤੁਸੀਂ ਬੜੇ ਸਿਆਣੇ ਤੇ ਦੂਰ-ਦ੍ਰਿਸ਼ਟੀ ਵਾਲੇ ਵਿਅਕਤੀ ਹੋ। ਤੁਸੀਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਮਿੱਤਰ ਰਾਸ਼ਟਰਾਂ ਤੋਂ, ਵੱਧ ਤੋਂ ਵੱਧ ਸਮਰਥਨ ਤੇ ਸਹਾਇਤਾ ਤੇ ਅੰਤਰ ਰਾਸ਼ਟਰੀ ਬਰਾਦਰੀ ਤੋਂ ਆਮ ਹਿਮਾਇਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ।"[3]

ਇਸ ਖ਼ਤ ਨਾਲ ਰੁਪਿਆ ਤਾਂ ਭਾਵੇਂ ਮਿਲ ਗਿਆ ਹੋਵੇਗਾ, ਪਰ ਹੋਰ ਕੁਝ ਨਾ ਮਿਲਿਆ। ਇਹ ਨੀਲਾ ਤਾਰਾ ਸਾਕਾ ਹੀ ਸੀ ਜਿਸ ਕਾਰਨ ਜਗਜੀਤ ਸਿੰਘ ਚੌਹਾਨ ਪ੍ਰਸਿੱਧ ਹੋਇਆ। ਉਸ ਨੇ ਅਕਾਲ ਤਖਤ ਉਪਰ ਹਮਲੇ ਪਿੱਛੋਂ ਸ੍ਰੀਮਤੀ ਗਾਂਧੀ ਤੇ ਉਸ ਦੇ ਪਰਿਵਾਰ ਨੂੰ ਕਈ ਵਾਰ ਧਮਕੀਆਂ ਦਿੱਤੀਆਂ। ਬੀ.ਬੀ.ਸੀ. ਰੇਡੀਓ 4 ਦੇ ਇਕ ਪ੍ਰਸਾਰਨ ਵਿੱਚ ਉਸ ਨੇ ਭਵਿੱਖ ਬਾਣੀ ਕੀਤੀ ਕਿ ਉਸ ਨੂੰ ਮਾਰ ਦਿੱਤਾ ਜਾਵੇਗਾ। ਇਸ ਭਵਿੱਖ ਬਾਣੀ ਨੂੰ ਇਕ ਧਮਕੀ ਹੀ ਸਮਝਿਆ ਗਿਆ। ਭਾਵੇਂ ਰੇਡੀਓ 4 ਭਾਰਤ ਵਿੱਚ ਸੁਣਿਆ ਨਹੀਂ ਜਾ ਸਕਦਾ ਪਰੰਤੂ ਸਰਕਾਰ ਨੇ ਸਾਡੇ ਦਿੱਲੀ ਦਫ਼ਤਰ (ਬੀ.ਬੀ.ਸੀ.) ਦੇ ਬਾਹਰ ਵਿਖਾਵਿਆਂ ਦੀ ਲੜੀ ਦੀ ਸਰਪ੍ਰਸਤੀ ਕੀਤੀ ਤੇ ਉਹ ਦਿਖਾਵੇ ਦੂਰਦਰਸ਼ਨ 'ਤੇ ਵੀ ਦਿਖਾਏ। ਇਸ ਨਾਲ ਚੌਹਾਨ ਤੇ ਉਸ ਦੀਆਂ ਕਾਰਵਾਈਆਂ ਦਾ ਉਹਨਾਂ ਲੱਖਾਂ ਸਿੱਖਾਂ ਨੂੰ ਪਤਾ ਲੱਗਾ ਜਿਨ੍ਹਾਂ ਨੇ ਕਦੇ ਉਸ ਦਾ ਨਾਮ ਵੀ ਨਹੀਂ ਸੁਣਿਆ ਸੀ।

ਕੀ ਪੰਜਾਬ ਸੰਕਟ ਵਿੱਚ ਪਾਕਿਸਤਾਨ ਦਾ ਕੋਈ ਹੱਥ ਸੀ ਜਿਵੇਂ ਸ੍ਰੀਮਤੀ ਗਾਂਧੀ ਤੇ ਦੂਸਰਿਆਂ ਦਾ ਸੰਕੇਤ ਸੀ? ਗੌਣ ਰੂਪ ਵਿੱਚ ਤਾਂ ਇਸਦਾ ਉੱਤਰ ਹਾਂ ਵਿੱਚ ਹੈ। ਸੀਮਾ ਖੇਤਰ ਵਿੱਚ ਤਸਕਰੀ ਬੜਾ ਪੁਰਾਣਾ ਧੰਦਾ ਹੈ। ਬਹੁਤ ਸਾਰੇ ਸਿੱਖ ਆਪਣੇ ਆਪ ਨੂੰ ਇਸ ਧੰਦੇ ਵਿੱਚ ਨਿਪੁੰਨ ਬਣਾਉਣ ਲਈ ਬਹੁਤ ਨਿਰਾਲੇ ਕੰਮ ਕਰਦੇ ਹਨ। ਜਿਵੇਂ ਇਕ ਵਾਰ ਸਾਨੂੰ ਇਕ ਪੁਲਿਸ ਅਫ਼ਸਰ ਨੂੰ ਮਿਲ ਕੇ ਪਤਾ ਲੱਗਾ ਜਿਸ ਨੇ ਇਕ ਸਿੱਖ ਆਤੰਕਵਾਦੀ ਨੂੰ ਜਰਨੈਲੀ ਸੜਕ 'ਤੇ ਇਕ ਦਿਨ ਪਹਿਲਾਂ ਹੀ "ਪੁਲਿਸ ਮੁਕਾਬਲੇ" ਵਿੱਚ ਮਾਰਿਆ ਸੀ। ਅਖ਼ਬਾਰਾਂ ਵਿੱਚ ਇਹ ਛਪਿਆ ਸੀ ਕਿ ਉਹ ਸਿੱਖ ਦੇ ਭੇਸ ਵਿੱਚ ਪਾਕਿਸਤਾਨੀ ਸੀ। ਉਸ ਨੇ ਕਿਹਾ, "ਨਹੀਂ ਸਾਹਿਬ! ਉਹ ਤਾਂ ਤਸਕਰ ਸੀ। ਮੈਂ ਉਹਦੇ ਪਿੰਡ ਵਿੱਚ ਗਿਆ ਹਾਂ ਤੇ ਉਹਨਾਂ ਨੇ ਉਸ ਦੀ ਪਛਾਣ ਕਰ ਲਈ ਹੈ। ਉਸ ਦੀ ਸੁੰਨਤ ਨਹੀਂ ਹੋਈ ਸੀ ਪਰ ਉਹ ਮੁਸਲਮਾਨ ਬਣਿਆ ਹੋਇਆ ਸੀ ਕਿਉਂਕਿ ਉਹ ਪਾਕਿਸਤਾਨ ਵਿੱਚ ਜਾ ਕੇ ਤਸਕਰੀ ਕਰਨੀ ਚਾਹੁੰਦਾ ਸੀ।"

ਸੀਮਾ ਪਾਰੋਂ ਨਿਰੰਤਰ ਹਥਿਆਰਾਂ ਦੀ ਤਸਕਰੀ ਹੁੰਦੀ ਰਹਿੰਦੀ ਸੀ ਤੇ ਇਹ ਅਸਾਧਾਰਨ ਗੱਲ ਸੀ ਕਿ ਰਾਸ਼ਟਰਪਤੀ ਜ਼ੀਆ ਨੇ ਇਸ ਪੱਖੋਂ ਅੱਖਾਂ ਬੰਦ ਕੀਤੀਆਂ ਹੋਈਆਂ ਸਨ। ਇਹ ਨਿਰਸੰਦੇਹ ਸਹੀ ਹੈ ਕਿ ਉਸ ਨੂੰ ਭਿੰਡਰਾਂਵਾਲੇ ਦੇ ਆਤੰਕਵਾਦੀਆਂ ਦੇ ਸੀਮਾ ਪਾਰ ਕਰਕੇ ਆਰਜ਼ੀ ਤੌਰ 'ਤੇ ਪੁਲਿਸ ਤੋਂ ਬਚਣ ਲਈ ਪਨਾਹ ਲੈਣ ਵਿਰੁੱਧ ਕੋਈ ਇਤਰਾਜ਼ ਨਹੀਂ ਸੀ, ਭਾਵੇਂ ਉਹਨਾਂ ਵਿੱਚੋਂ ਬਹੁਤ ਸਾਰੇ ਸਵਰਨ ਮੰਦਿਰ ਸਮੂਹ ਤੇ ਹੋਰ ਗੁਰਦੁਆਰਿਆਂ ਵਿੱਚ ਵੀ ਲੁਕੇ ਹੋਏ ਸਨ। ਪਰੰਤੂ ਜ਼ੀਆ ਦਾ ਪੰਜਾਬ ਸੰਕਟ ਸੰਬੰਧੀ ਸਤਰਕਤਾ ਤੇ ਸਾਵਧਾਨੀ ਵਾਲਾ ਵਤੀਰਾ ਸੀ। ਉਸ ਦੇ ਸਲਾਹਕਾਰਾਂ ਨੇ ਉਸ ਨੂੰ ਦੱਸ ਦਿੱਤਾ ਸੀ ਕਿ ਸ੍ਰੀਮਤੀ ਗਾਂਧੀ ਲੜਾਈ ਲਈ ਬਹਾਨਾ ਹੀ ਭਾਲ ਰਹੀ ਸੀ ਕਿਉਂਕਿ ਪਾਕਿਸਤਾਨ ਨਾਲ ਲੜਾਈ ਉਹਦੇ ਲੋਕਾਂ ਦਾ ਧਿਆਨ ਪੰਜਾਬ ਤੇ ਦੂਸਰੀਆਂ ਮੁਸ਼ਕਿਲਾਂ ਤੋਂ ਹਟਾਉਣ ਦਾ ਇਕ ਸਾਧਨ ਸੀ। ਉਸ ਨੂੰ ਪਤਾ ਸੀ ਕਿ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਉਹ ਹੀ ਭਾਰਤੀ ਫ਼ੌਜ ਨੂੰ ਹਰਾਉਣ ਵਾਲਾ ਪਹਿਲਾ ਪਾਕਿਸਤਾਨੀ ਹਾਕਮ ਹੋਵੇਗਾ ਤੇ ਉਸ ਨੂੰ ਫ਼ੀਲਡ ਮਾਰਸ਼ਲ ਆਯੂਬ ਖ਼ਾਂ ਤੇ ਜਨਰਲ ਯਾਹੀਆ ਖ਼ਾਂ ਦੀ ਹੋਣੀ ਦਾ ਵੀ ਪਤਾ ਸੀ ਜਿਨ੍ਹਾਂ ਨੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ ਪਰ ਹਾਰ ਖਾਧੀ। ਇਸ ਲਈ ਭਾਵੇਂ ਉਹ 1971 ਵਿੱਚ ਪਾਕਿਸਤਾਨੀ ਫ਼ੌਜ ਦੇ ਢਾਕੇ ਵਿੱਚ ਆਤਮ-ਸਮਰਪਣ ਦਾ ਬਦਲਾ ਲੈਣਾ ਚਾਹੁੰਦਾ ਸੀ, ਪਰ ਉਸ ਨੇ ਅਜਿਹਾ ਕੁਝ ਨਹੀਂ ਕੀਤਾ ਸੀ ਜਿਸ ਨਾਲ ਸ੍ਰੀਮਤੀ ਗਾਂਧੀ ਨੂੰ ਲੜਾਈ ਲੜਨ ਦਾ ਬਹਾਨਾ ਮਿਲਦਾ। ਉਸ ਨੇ ਸਿੱਖਾਂ ਦਾ ਖੁੱਲ੍ਹਮ-ਖੁੱਲ੍ਹਾ ਸਮਰਥਨ ਨਾ ਕੀਤਾ ਤੇ ਸਾਨੂੰ ਕੋਈ ਪ੍ਰਮਾਣ ਵੀ ਨਹੀਂ ਮਿਲੇ ਕਿ ਉਸ ਨੇ ਉਹਨਾਂ ਦੀ ਗੁਪਤ ਸਹਾਇਤਾ ਕੀਤੀ ਹੋਵੇ। ਪਰੰਤੂ ਅਸਲੀਅਤ ਵਿੱਚ ਉਸ ਨੇ ਇਸ ਦੇ ਉਲਟ ਕੰਮ ਕੀਤਾ। ਉਹ 'ਸ਼ਾਂਤੀਪੂਰਨ' ਹਮਲੇ 'ਚ ਜੁੱਟ ਗਿਆ। ਉਸ ਨੇ ਰਾਜਦੂਤਕ ਚਾਲਾਂ ਨਾਲ ਸੰਯੁਕਤ ਰਾਜ ਤੇ ਪੱਛਮੀ ਜਗਤ ਨੂੰ ਭਰੋਸਾ ਦਿਲਾ ਦਿੱਤਾ ਕਿ ਉਹ ਭਾਰਤ ਨਾਲ ਚੰਗੇ ਸੰਬੰਧਾਂ ਦਾ ਇਛੁੱਕ ਸੀ। ਭਾਵੇਂ ਸ੍ਰੀਮਤੀ ਗਾਂਧੀ ਨੇ ਕਦੇ ਗੰਭੀਰਤਾ ਨਾਲ ਜੰਗ ਬਾਰੇ ਵਿਚਾਰ ਕੀਤੀ ਸੀ ਜਾਂ ਨਹੀਂ, ਪਰ ਜਨਰਲ ਜ਼ੀਆ ਦੇ ਸ਼ਾਂਤਮਈ ਆਕ੍ਰਮਣ ਨੇ ਉਹਦੇ ਉਸ ਉਪਾਅ ਨੂੰ ਵੀ ਰੋਕ ਲਾ ਦਿੱਤੀ।

ਭਾਵੇਂ ਵਿਦੇਸ਼ੀ ਦਖ਼ਲ ਅੰਦਾਜ਼ੀ ਦੇ ਦੋਸ਼ਾਂ ਤੇ ਸਰਕਾਰ ਦੇ ਹੋਰ ਪ੍ਰਚਾਰ ਨੇ ਸਾਰੇ ਸਿੱਖ ਭਾਈਚਾਰੇ ਨੂੰ ਭਿੰਡਰਾਂਵਾਲੇ ਤੇ ਉਸ ਦੇ ਆਤੰਕਵਾਦੀਆਂ ਨਾਲ ਇਕਮਿਕ ਕਰ ਦਿੱਤਾ ਸੀ, ਪਰ ਸਫ਼ੈਦ ਪੱਤਰ ਨੇ ਸਿੱਖਾਂ ਨੂੰ ਦੋਸ਼-ਮੁਕਤ ਕਰ ਦਿੱਤਾ ਸੀ—

"ਪੰਜਾਬ ਵਿੱਚ ਸਰਕਾਰ ਨੂੰ ਜੋ ਕਾਰਵਾਈ ਕਰਨੀ ਪਈ ਉਹ ਨਾ ਤਾਂ ਸਿੱਖਾਂ ਵਿਰੁੱਧ ਸੀ ਤੇ ਨਾ ਹੀ ਸਿੱਖ ਧਰਮ ਵਿਰੁੱਧ। ਇਹ ਕਾਰਵਾਈ ਤਾਂ ਆਤੰਕਵਾਦ ਤੇ ਬਗ਼ਾਵਤ ਦੇ ਵਿਰੁੱਧ ਸੀ। ਸਿੱਖ ਭਾਰਤੀ ਰਾਸ਼ਟਰ ਦਾ ਅਟੁੱਟ ਹਿੱਸਾ ਸਨ। ਉਹ ਮੁਲਕ ਦੀ ਅਜ਼ਾਦੀ ਪ੍ਰਾਪਤ ਕਰਨ, ਇਸ ਦੀ ਰੱਖਿਆ ਕਰਨ ਤੇ ਇਸ ਦੀ ਆਰਥਿਕ ਸ਼ਕਤੀ ਦਾ ਨਿਰਮਾਣ ਕਰਨ ਵਿੱਚੋਂ ਕਿਸੇ ਨਾਲੋਂ ਘੱਟ ਨਹੀਂ ਹਨ। ਸਿੱਖ ਕੌਮ ਬਾਕੀ ਦੇ ਰਾਸ਼ਟਰ ਨਾਲ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਨ ਤੇ ਕਾਇਮ ਰੱਖਣ ਦੇ ਇਰਾਦੇ ਵਿੱਚ ਇਕ ਚੱਟਾਨ ਵਾਂਗ ਨਾਲ ਖੜੀ ਹੈ।"

ਉਸ ਇਰਾਦੇ ਨੂੰ ਵਧੇਰੇ ਮਜ਼ਬੂਤ ਬਣਾਉਣ ਦੀ ਥਾਂ ਸ੍ਰੀਮਤੀ ਗਾਂਧੀ ਆਪਣੀ ਮੌਤ ਦੇ ਦਿਨ ਤੱਕ ਸਿੱਖਾਂ ਦੇ ਸਭ ਤੋਂ ਸ਼ਕਤੀਸ਼ਾਲੀ ਧੜੇ ਜੱਟ ਸਿੱਖਾਂ ਨਾਲ ਲੜਾਈ ਲੜਦੀ

ਰਹੀ। ਉਹ ਅਕਾਲ ਤਖ਼ਤ ਦੀ ਮੁਰੰਮਤ ਕਰਾਉਣ ਵਿੱਚ ਬੜੀ ਆਕ੍ਰਮਣਸ਼ੀਲ ਸੀ। ਸਿੱਖ ਵਿਸ਼ਵਾਸ ਕਰਦੇ ਹਨ ਕਿ ਧਾਰਮਿਕ ਅਸਥਾਨਾਂ ਦੀ ਮੁਰੰਮਤ ਤੇ ਸਾਂਭ ਸੰਭਾਲ ਉਹਨਾਂ ਦਾ ਪਵਿੱਤਰ ਫ਼ਰਜ਼ ਹੈ। ਉਹ ਇਸ ਨੂੰ ਕਾਰ ਸੇਵਾ ਕਹਿੰਦੇ ਹਨ। ਇਹ ਕੰਮ ਕਿਸੇ ਮੰਨੇ-ਪ੍ਰਮੰਨੇ ਸੰਤ ਦੀ ਅਗਵਾਈ ਵਿੱਚ ਹੋਣਾ ਚਾਹੀਦਾ ਹੈ। ਇਸ ਲਈ ਸਿੱਖ ਜਥੇਦਾਰਾਂ ਨੇ ਮੰਗ ਕੀਤੀ ਕਿ ਹਰਿਮੰਦਰ ਸਮੂਹ ਵਿੱਚੋਂ ਫ਼ੌਜ ਕੱਢ ਲਈ ਜਾਵੇ ਤੇ ਉਹਨਾਂ ਨੂੰ ਅਕਾਲ ਤਖ਼ਤ ਤੇ ਹੋਰ ਇਮਾਰਤਾਂ ਜਿਨ੍ਹਾਂ ਨੂੰ ਨੁਕਸਾਨ ਪਹੁੰਚਿਆ ਸੀ, ਉਹਨਾਂ ਦੀ ਮੁਰੰਮਤ ਕਰਨ ਦੀ ਖੁੱਲ੍ਹ ਦਿੱਤੀ ਜਾਵੇ।

ਸ੍ਰੀਮਤੀ ਗਾਂਧੀ ਨੇ ਮੁਰੰਮਤ ਦਾ ਕੰਮ ਪੂਰਾ ਹੋਣ ਤੱਕ ਫ਼ੌਜ ਨੂੰ ਉਥੋਂ ਹਟਾਉਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਉਹ ਇਹਨਾਂ ਦੇ ਧਰਮ ਅਸਥਾਨਾਂ ਦੀ ਮੁਰੰਮਤ ਲਈ ਉਹਨਾਂ 'ਤੇ ਵਿਸ਼ਵਾਸ ਨਹੀਂ ਕਰ ਸਕਦੀ ਕਿਉਂਕਿ ਕਿਸੇ ਉੱਘੇ ਸਿੱਖ ਨੇ ਇਹ ਸੁਝਾਅ ਦੇ ਦਿੱਤਾ ਸੀ ਕਿ ਅਕਾਲ ਤਖ਼ਤ ਨੂੰ ਇਸ ਤਰ੍ਹਾਂ ਹੀ ਸਦਾ ਲਈ ਇਸ ਦੀ ਬੇਹੁਰਮਤੀ ਦੇ ਸਬੂਤ ਵਜੋਂ ਢੱਠਾ ਹੀ ਰਹਿਣ ਦਿੱਤਾ ਜਾਵੇ। ਉਸ ਨੇ ਆਪਣੇ ਮੰਤਰੀ ਮੰਡਲ ਦੇ ਇਕੋ ਇਕ ਸਿੱਖ ਨੂੰ, ਜੋ "ਕਿਰਤ ਤੇ ਨਿਰਮਾਣ" ਮੰਤਰੀ ਸੀ, ਜਥੇਦਾਰਾਂ ਨਾਲ ਗੱਲਬਾਤ ਕਰਨ ਲਈ ਨਿਯੁਕਤ ਕੀਤਾ। ਇਹ ਚੋਣ ਸੁਖਾਵੀਂ ਨਹੀਂ ਸੀ। ਉਹ ਮਜ਼੍ਹਬੀ ਸਿੱਖ ਸੀ ਜਿਨ੍ਹਾਂ ਨੂੰ ਬਹੁਤੇ ਜੱਟ ਅਛੂਤ ਹੀ ਸਮਝਦੇ ਹਨ, ਇਸ ਲਈ ਅਕਾਲੀ ਨੇਤਾਵਾਂ ਨੇ ਉਸ ਨੂੰ ਗ਼ੱਦਾਰ ਆਖਿਆ। ਫਿਰ ਵੀ ਬੂਟਾ ਸਿੰਘ ਅੰਤ ਵਿੱਚ ਜਥੇਦਾਰਾਂ ਨਾਲ ਅਕਾਲ ਤਖ਼ਤ ਦੀ ਮੁਰੰਮਤ ਲਈ ਸਮਝੌਤਾ ਕਰਨ ਵਿੱਚ ਸਫਲ ਹੋ ਗਿਆ। ਉਸ ਨੇ ਅੰਮ੍ਰਿਤਸਰ ਵਿੱਚ ਇਸ ਦਾ ਐਲਾਨ ਕਰ ਦਿੱਤਾ ਪਰ ਕੁਝ ਹੀ ਘੰਟਿਆਂ ਅੰਦਰ ਦਿੱਲੀ ਸਰਕਾਰ ਨੇ ਇਸ ਸਮਝੌਤੇ ਤੋਂ ਇਨਕਾਰ ਕਰ ਦਿੱਤਾ। ਵਸ਼ਿਸ਼ਟ ਸੈਨਾ ਅਧਿਕਾਰੀਆਂ ਦਾ ਇਕ ਗੁੱਟ ਵੀ ਜਥੇਦਾਰਾਂ ਨਾਲ ਸਮਝੌਤੇ 'ਤੇ ਪਹੁੰਚ ਗਿਆ। ਇਸ ਨੇ ਉਹਨਾਂ ਦੀ ਸੁਰੱਖਿਆ ਦਾ ਫ਼ਿਕਰ ਤਾਂ ਮੁਕਾ ਦਿੱਤਾ ਪਰ ਇਸ ਨਾਲ ਸ੍ਰੀਮਤੀ ਗਾਂਧੀ ਦੀ ਰਾਜਸੀ ਮਨੋਰਥਾਂ ਪ੍ਰਤੀ ਤਸੱਲੀ ਨਾ ਹੋਈ। ਇਸ ਲਈ ਫ਼ੌਜੀ ਅਧਿਕਾਰੀਆਂ ਨੂੰ ਹੁਕਮ ਦੇ ਦਿੱਤਾ ਗਿਆ ਕਿ ਉਹ ਆਪਣੇ ਸਮਝੌਤੇ ਤੋਂ ਮੁੱਕਰ ਜਾਣ।

ਸ੍ਰੀਮਤੀ ਗਾਂਧੀ ਦੇ ਸਿਆਸੀ ਮਨੋਰਥ ਵੀ ਸਪੱਸ਼ਟ ਨਹੀਂ ਸਨ। ਬਹੁਤ ਸਾਰੇ ਸਿੱਖ ਬਲਵੰਤ ਸਿੰਘ ਨਾਲ ਸਹਿਮਤ ਸਨ ਜੋ ਆਰੰਭ ਵਿੱਚ ਗੱਲਬਾਤ ਕਰਨ ਵਾਲੇ ਅਕਾਲੀ ਦਲ ਦੇ ਸ੍ਰੇਸ਼ਟ ਆਗੂਆਂ ਦੇ ਦਲ ਵਿੱਚੋਂ ਇਕ ਸੀ ਤੇ ਉਹ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ। ਉਸ ਨੇ ਮੈਨੂੰ ਕਿਹਾ, "ਉਹ ਸਾਡੇ ਨੱਕ ਰਗੜਨਾ ਚਾਹੁੰਦੀ ਹੈ। ਬਹੁਤ ਸਾਰੀਆਂ ਅਖ਼ਬਾਰਾਂ ਦੇ ਟਿੱਪਣੀਕਾਰਾਂ ਦਾ ਵਿਚਾਰ ਸੀ ਕਿ ਸ੍ਰੀਮਤੀ ਗਾਂਧੀ ਸਿੱਖਾਂ ਨੂੰ ਬੇਇੱਜ਼ਤ ਕਰਨਾ ਚਾਹੁੰਦੀ ਸੀ ਕਿਉਂਕਿ ਉਸ ਦੀ ਸੋਚ ਅਨੁਸਾਰ ਉਸ ਦੇ ਹਿੰਦੂ ਮੱਤਦਾਤਾ ਉਹਨਾਂ ਦੀ ਬੇਇੱਜ਼ਤੀ ਚਾਹੁੰਦੇ ਸਨ। ਸੱਚਾਈ ਇਹ ਹੈ ਕਿ ਸ਼੍ਰੀਮਤੀ ਗਾਂਧੀ ਇਸ ਮੌਕੇ ਦਾ ਲਾਭ ਉਠਾ ਕੇ ਸਦਾ ਲਈ ਅਕਾਲੀ ਦਲ ਨੂੰ ਖ਼ਤਮ ਕਰ ਦੇਣਾ ਚਾਹੁੰਦੀ ਸੀ। ਉਸ ਨੇ ਆਪਣੇ ਅਧਿਕਾਰੀਆਂ ਨੂੰ ਅਜਿਹੀ ਯੋਜਨਾ ਤਿਆਰ ਕਰਨ ਦਾ ਹੁਕਮ ਦਿੱਤਾ ਜਿਸ ਨਾਲ ਉਹਨਾਂ ਦੇ ਹੱਥੋਂ ਗੁਰਦੁਆਰਿਆਂ ਦਾ ਪ੍ਰਬੰਧ ਤੇ ਪੈਸਾ ਖੋਹ ਲਿਆ ਜਾਵੇ ਜੋ ਅਕਾਲੀ ਦਲ ਲਈ ਇਕ ਬੈਂਕ ਸੀ।"

ਜਦੋਂ ਇਹ ਸਪੱਸ਼ਟ ਹੋ ਗਿਆ ਕਿ ਸ਼੍ਰੀਮਤੀ ਗਾਂਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਜਥੇਦਾਰਾਂ ਨੂੰ ਆਪਣੇ ਧਰਮ ਅਸਥਾਨਾਂ ਦੀ ਮੁਰੰਮਤ ਕਰਨ ਦੀ ਆਗਿਆ

ਨਹੀਂ ਦੇਣੀ ਚਾਹੁੰਦੀ ਤਾਂ ਬੂਟਾ ਸਿੰਘ ਨੇ ਨਿਹੰਗਾਂ ਦੀ ਇਕ ਸੰਪ੍ਰਦਾਇ ਦੇ ਆਗੂ ਸੰਤਾ ਸਿੰਘ ਨਾਲ ਗੱਲ ਚਲਾਈ। ਉਹ ਇਕ ਬਜ਼ੁਰਗ ਪਰ ਅਤਿਅੰਤ ਰੋਅਬਦਾਬ ਵਾਲਾ ਸਿੱਖ ਸੀ ਤੇ ਉਸ ਦੇ ਚੇਲੇ ਘੱਟ ਧਾਰਮਿਕ ਪਰ ਵੱਧ ਕੁਰੱਖਤ ਹੋਣ ਵਜੋਂ ਮਸ਼ਹੂਰ ਸਨ। ਉਹਨਾਂ 'ਚੋਂ ਬਹੁਤ ਸਾਰੇ ਅਫ਼ੀਮ ਖਾਣ ਦੇ ਸ਼ੌਕੀਨ ਸਨ। ਸੰਤਾ ਸਿੰਘ ਨੇ ਕਦੇ ਵੀ ਜੱਥੇਦਾਰਾਂ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਛਤਰ ਛਾਇਆ ਵਿੱਚ "ਕਾਰ ਸੇਵਾ" ਨਹੀਂ ਕਰਵਾਈ ਸੀ। ਇਸ ਲਈ ਉਹਨਾਂ ਨੇ ਉਸ ਦਾ ਕਾਰ ਸੇਵਾ ਕਰਾਉਣ ਦਾ ਹੱਕ ਰੱਦ ਕਰ ਦਿੱਤਾ।

ਸੰਤਾ ਸਿੰਘ ਤੇ ਉਹਦੇ ਪੈਰੋਕਾਰ ਪਵਿੱਤਰ ਸਰੋਵਰ ਦੀ ਕਾਰ ਸੇਵਾ ਕਰਨ ਦੇ ਇਸ ਗੱਲੋਂ ਵੀ ਅਯੋਗ ਸਮਝੇ ਜਾਂਦੇ ਸਨ ਕਿਉਂਕਿ ਉਹ ਹਸ਼ੀਸ਼ (ਭੰਗ) ਦੇ ਆਦੀ ਸਨ। ਸਿੱਖ ਧਰਮ ਵਿੱਚ ਹਰ ਕਿਸਮ ਦੇ ਨਸ਼ੇ ਦੀ ਮਨਾਹੀ ਹੈ ਪਰ ਜਦੋਂ ਸਤੀਸ਼ ਜੈਕਬ ਇਕ ਦਿਨ ਸਵੇਰੇ ਸੰਤਾ ਸਿੰਘ ਦੇ ਡੇਰੇ 'ਤੇ ਗਿਆ ਤਾਂ ਉਸ ਨੇ ਉਸ ਦੇ ਚਾਰ ਚੇਲਿਆਂ ਨੂੰ ਸੁੱਖਾ, ਬਦਾਮ, ਖੰਡ, ਕਾਲੀ ਮਿਰਚ, ਖ਼ਸਖ਼ਸ ਰਗੜਦਿਆਂ ਦੇਖਿਆ। ਦੋ ਬਜ਼ੁਰਗ ਸਿੱਖ ਇਕ ਵੱਡੇ ਸਾਰੇ ਕੜਾਹੇ ਵਿੱਚ ਉਬਾਲੇ ਜਾ ਰਹੇ ਦੁੱਧ ਨੂੰ ਹਿਲਾ ਰਹੇ ਸਨ। ਉਹਨਾਂ ਨੇ ਉਸ ਰਗੜੇ ਹੋਏ ਮਿਸ਼ਰਣ ਨੂੰ ਦੁੱਧ ਵਿੱਚ ਮਿਲਾ ਕੇ ਭੰਗ ਤਿਆਰ ਕਰ ਲਈ। ਸੰਤਾ ਸਿੰਘ ਦੇ ਪੈਰੋਕਾਰਾਂ ਨੂੰ ਆਪਣਾ ਦਿਨ ਭੰਗ ਦੇ ਗੜ੍ਹੇ ਨਾਲ ਸ਼ੁਰੂ ਕਰਨ ਵਿੱਚ ਕੋਈ ਰੋਕ ਜਾਂ ਝਿਜਕ ਨਹੀਂ ਸੀ। ਦੁੱਧ ਨੂੰ ਹਿਲਾ ਰਹੇ ਸਿੱਖਾਂ ਵਿੱਚੋਂ ਇਕ ਨੇ ਕਿਹਾ, "ਅਸੀਂ ਮਹਾਂ ਪ੍ਰਸ਼ਾਦ ਬਣਾ ਰਹੇ ਹਾਂ (ਪ੍ਰਮਾਤਮਾ ਦੀ ਭੇਟਾ ਕਰਨ ਲਈ)। ਇਹ ਲਗਭਗ ਤਿਆਰ ਹੀ ਹੈ, ਆਉ, ਸਾਡੇ ਨਾਲ ਮਿਲ ਕੇ ਛਕੋ। ਤੁਹਾਨੂੰ ਬਹੁਤ ਚੰਗਾ ਲੱਗੇਗਾ।" ਇਕ ਹੋਰ ਚੇਲੇ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਰੋਜ਼ ਭੰਗ ਰਗੜਨਾ ਉਹਨਾਂ ਦੀ ਸਭ ਤੋਂ ਜ਼ਰੂਰੀ ਰੀਤੀ ਜਾਂ ਮਰਿਆਦਾ ਹੈ।

ਮੰਦਿਰ ਦੀ ਮੁਰੰਮਤ ਦਾ ਕੰਮ ਬਿਨਾਂ ਕਿਸੇ ਪ੍ਰੰਪਾਗਤ ਮਰਿਆਦਾ ਦੇ ਸ਼ੁਰੂ ਕੀਤਾ ਗਿਆ। ਜਥੇਦਾਰਾਂ ਵੱਲੋਂ ਮਲਬੇ ਨੂੰ ਪਹਿਲਾਂ ਸੋਨੇ ਦੀ ਕਰੰਡੀ ਨਾਲ ਚਾਂਦੀ ਦੀਆਂ ਤਸਲੀਆਂ (ਕੜਾਹੀਆਂ) ਵਿੱਚ ਪਾ ਕੇ ਬਾਹਰ ਲਿਜਾਇਆ ਜਾਣਾ ਚਾਹੀਦਾ ਸੀ ਪਰੰਤੂ ਕਰੰਡੀਆਂ ਤੇ ਕੜਾਹੀਆਂ ਤੋਸ਼ਾਖ਼ਾਨੇ ਵਿੱਚ ਤਾਲੇ ਅੰਦਰ ਬੰਦ ਰਹੀਆਂ। ਸੰਤਾ ਸਿੰਘ ਤੇ ਉਹਦੇ ਜਾਂਗਲੀ ਦਿਸਦੇ ਸੂਰਬੀਰਾਂ ਨੂੰ ਟੈਲੀਵਿਜ਼ਨ 'ਤੇ ਕਾਰ ਸੇਵਾ ਸ਼ੁਰੂ ਕਰਨ ਤੇ ਦਿਨ ਚੜ੍ਹਨ ਤੋਂ ਪਹਿਲਾਂ ਹੀ ਕਾਹਲੀ-ਕਾਹਲੀ ਅਰਦਾਸ ਤੇ ਪਾਠ ਕਰਦਿਆਂ ਦਿਖਾਇਆ ਜਾਂਦਾ ਸੀ। ਫਿਰ ਉਹ ਅੰਮ੍ਰਿਤਸਰ ਵਿੱਚ ਉਸ ਗੁਰਦੁਆਰੇ ਵਿੱਚ ਦਾਖ਼ਲ ਹੁੰਦੇ ਜਿਹੜਾ ਸਰਕਾਰ ਨੇ ਉਹਨਾਂ ਨੂੰ ਮੁਰੰਮਤ ਕਰਨ ਲਈ ਸੌਂਪਿਆ ਹੁੰਦਾ ਸੀ। ਨਿਹੰਗ ਸਾਰਾ ਦਿਨ ਟੈਲੀਵਿਜ਼ਨ ਕੈਮਰੇ ਵਿੱਚ ਰਸਮੀ ਤੌਰ 'ਤੇ ਕਾਰ ਸੇਵਾ ਕਰਦੇ ਦਿਖਾਏ ਜਾਂਦੇ ਜਦੋਂ ਕਿ ਸਾਰਾ ਕੰਮ ਅਸਲ ਵਿੱਚ ਲੋਕ ਨਿਰਮਾਣ ਵਿਭਾਗ ਦੇ ਸੇਵਾ ਨਿਵਿਰਤ ਮੁੱਖ ਇੰਜੀਨੀਅਰ ਕੇ.ਡੀ. ਬਾਲੀ ਦੀ ਨਿਗਰਾਨੀ ਹੇਠ ਠੇਕੇਦਾਰਾਂ ਵੱਲੋਂ ਕੀਤਾ ਜਾਂਦਾ ਸੀ।

ਮਲਬਾ ਉਠਾਉਣ ਦਾ ਕੰਮ ਹਰੀਜਨ ਮਜ਼ਦੂਰਾਂ ਨੇ ਕੀਤਾ। ਸੰਗਮਰਮਰ ਦੇ ਕੰਮ ਲਈ ਮੁਸਲਮਾਨਾਂ ਤੇ ਕੁਸ਼ਲ ਸ਼ਿਲਪੀਆਂ ਨੂੰ ਰਾਜਸਥਾਨ 'ਚੋਂ ਲਿਆਂਦਾ ਗਿਆ। ਸੁਨਾਰਿਆਂ ਨੂੰ ਉੱਤਰ ਪ੍ਰਦੇਸ਼ ਤੋਂ ਮੰਗਵਾਇਆ ਗਿਆ। ਇਸ ਯੋਜਨਾ 'ਤੇ ਕੰਮ ਕਰ ਰਹੇ ਸੀਨੀਅਰ ਇੰਜੀਨੀਅਰ ਨੇ ਕਿਹਾ ਕਿ 9-10 ਕਿੱਲੋ ਸੋਨਾ ਵਰਤਿਆ ਗਿਆ। ਇੰਜੀਨੀਅਰ ਨੇ ਦੱਸਿਆ ਕਿ ਮੁਰੰਮਤ ਦੇ ਕੰਮ 'ਤੇ 4 ਕਰੋੜ ਰੁਪਏ ਭਾਵ 20 ਤੋਂ 30 ਲੱਖ ਪੌਂਡ ਖ਼ਰਚ ਆਏ।

ਸੰਤਾ ਸਿੰਘ ਨੂੰ ਜੱਥੇਦਾਰਾਂ ਨੇ ਧਰਮ ਤੋਂ ਬੇਦਖ਼ਲ ਕਰ ਦਿੱਤਾ। ਉਸ ਨੇ ਆਪਣੀ ਸਜ਼ਾ ਨੂੰ ਇਹ ਕਹਿ ਕੇ ਹੰਕਾਰ ਨਾਲ ਨਜ਼ਰ ਅੰਦਾਜ਼ ਕਰ ਦਿੱਤਾ ਕਿ, "ਇਹ ਜੱਥੇਦਾਰ ਕੌਣ ਹਨ? ਇਹ ਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਨਖ਼ਾਹਦਾਰ ਨੌਕਰ ਹਨ।" ਕੰਮ ਚਲਦਾ ਰਿਹਾ। ਸੰਤਾ ਸਿੰਘ ਨੂੰ ਕੌਮ ਦੀ ਹੁਕਮ ਅਦੂਲੀ ਜਾਂ ਅਵੱਗਿਆ ਬਦਲੇ ਭਾਰੀ ਰਕਮ ਦਿੱਤੀ ਗਈ। ਸੀਨੀਅਰ ਇੰਜੀਨੀਅਰ ਨੇ ਸਤੀਸ਼ ਜੈਕਬ ਨੂੰ ਦੱਸਿਆ ਕਿ ਨਿਹੰਗ ਨੂੰ ਇਕ ਲੱਖ ਰੁਪਿਆ (6500 ਪੌਂਡ) ਹਰ ਰੋਜ਼ ਆਪਣੇ ਪੈਰੋਕਾਰਾਂ ਨੂੰ ਖ਼ੁਸ਼ ਰੱਖਣ ਲਈ ਦਿੱਤੇ ਜਾਂਦੇ ਸਨ। ਬੂਟਾ ਸਿੰਘ ਰੋਜ਼ ਹੀ ਦਿੱਲੀ ਤੋਂ ਹਵਾਈ ਜਹਾਜ਼ ਰਾਹੀਂ ਕੰਮ ਦੇ ਤੇਜ਼ੀ ਨਾਲ ਜਾਰੀ ਰਹਿਣ ਦੀ ਦੇਖ-ਰੇਖ ਕਰਨ ਤੇ ਉੱਠ ਰਹੀਆਂ ਸਿਆਸੀ ਸਮੱਸਿਆਵਾਂ ਸੁਲਝਾਉਣ ਲਈ ਆਉਂਦਾ। ਸਤੰਬਰ ਦੇ ਅੰਤ ਤੱਕ ਮੰਦਰ ਦੀ ਮੁਰੰਮਤ ਮੁਕੰਮਲ ਹੋ ਗਈ। ਇਮਾਰਤ ਦੇ ਸਾਹਮਣੇ ਦੇ ਛੱਜੇ ਜੋ ਟੈਂਕਾਂ ਨਾਲ ਮਲਬੇ ਦਾ ਢੇਰ ਬਣ ਗਏ ਸਨ ਮੁੜ ਬਣਾ ਦਿੱਤੇ ਗਏ ਤੇ ਸੁਨਹਿਰੀ ਗੁੰਬਦ ਵਿੱਚੋਂ ਝਾਕਦਾ ਮਘੋਰਾ ਵੀ ਢੱਕ ਦਿੱਤਾ ਗਿਆ ਤੇ ਬੁਰਜ ਦੀ ਮਮਟੀ ਵੀ ਜੋ ਲੜਾਈ ਸਮੇਂ ਉਡਾ ਦਿੱਤੀ ਗਈ ਸੀ, ਪੁਨਰ-ਸਥਾਪਤ ਕਰ ਦਿੱਤੀ ਗਈ। ਸਿੱਖਾਂ ਨੇ ਇਹ ਗੱਲ ਸਤੀਸ਼ ਜੈਕਬ ਕੋਲ ਮੰਨੀ ਕਿ ਧਰਮ ਅਸਥਾਨ ਦਾ ਪੁਨਰ ਨਿਰਮਾਣ ਮੂਲ ਥਾਂ ਤੇ ਪੂਰੇ ਸਤਿਕਾਰ ਤੇ ਸੰਵੇਦਨਸ਼ੀਲਤਾ ਨਾਲ ਬਹਾਲ ਕਰ ਦਿੱਤਾ ਗਿਆ ਸੀ। ਪਰੰਤੂ ਅੰਦਰਲੀ ਸਜਾਵਟ ਨੂੰ ਕੋਈ ਪੁਨਰ-ਸੁਰਜੀਤ ਨਾ ਕਰ ਸਕਿਆ। ਜਦੋਂ ਮੁਰੰਮਤ ਦਾ ਕੰਮ ਪੂਰਾ ਹੋਣ ਨੇੜੇ ਪਹੁੰਚਿਆ ਤਾਂ ਮੰਦਿਰ ਦੇ ਪ੍ਰਬੰਧ ਦਾ ਸੁਆਲ ਖੜ੍ਹਾ ਹੋ ਗਿਆ। ਸ੍ਰੀਮਤੀ ਗਾਂਧੀ ਅਜੇ ਵੀ ਮੰਦਿਰ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਤੋਂ ਝਿਜਕ ਰਹੀ ਸੀ। ਉਸ ਨੇ ਕਾਰ ਸੇਵਾ ਦੇ ਸਮਰਥਨ ਤੇ ਜੱਥੇਦਾਰਾਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ ਕਰਨ ਲਈ ਸਿੱਖਾਂ ਦਾ ਸੰਮੇਲਨ ਬੁਲਾਇਆ। ਹੋਇਆ ਇਹ ਕਿ ਕਾਰ ਸੇਵਾ ਤਾਂ ਜੱਥੇਦਾਰਾਂ ਵੱਲੋਂ ਸਤੰਬਰ ਵਿੱਚ ਬੁਲਾਈ ਗਈ ਵਿਸ਼ਵ ਕਾਨਫ਼ਰੰਸ ਦੇ ਪ੍ਰਛਾਵੇਂ ਹੇਠ ਹੀ ਦੱਬ ਕੇ ਰਹਿ ਗਈ। ਸਰਕਾਰ ਵੱਲੋਂ ਸਿੱਖ ਸਮਾਗਮ ਰੋਕਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਬਹੁਤ ਭਾਰੀ ਸੰਗਤ ਜੁੜ ਗਈ ਤੇ ਬੜੇ ਹਾਨੀਕਾਰਕ ਮਤੇ ਪਾਸ ਕਰ ਦਿੱਤੇ ਗਏ। ਇਕ ਮਤੇ ਰਾਹੀਂ ਰਾਸ਼ਟਰਪਤੀ ਤੇ ਬੂਟਾ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ। ਇਹ ਅਸਲ ਵਿੱਚ ਅਜਿਹੀ ਸਜ਼ਾ ਹੈ ਜਿਸ ਨਾਲ ਉਸ ਨੂੰ ਧਰਮ ਵਿੱਚੋਂ ਕੱਢ ਦਿੱਤਾ ਜਾਂਦਾ ਹੈ ਤੇ ਉਸ ਨਾਲ ਸਿੱਖਾਂ ਨੂੰ ਕੋਈ ਵੀ ਸੰਬੰਧ ਰੱਖਣ ਦੀ ਮਨਾਹੀ ਕਰ ਦਿੱਤੀ ਜਾਂਦੀ ਹੈ। ਫਿਰ ਜੱਥੇਦਾਰਾਂ ਨੇ ਸਵਰਨ ਮੰਦਿਰ ਦੀ ਮੁਕਤੀ ਲਈ ਪਹਿਲੀ ਅਕਤੂਬਰ ਅੰਮ੍ਰਿਤਸਰ ਜਾਣ ਲਈ "ਸ਼ਾਂਤੀ ਯਾਤਰਾ" ਦਾ ਹੁਕਮ ਦਿੱਤਾ।

ਸ੍ਰੀਮਤੀ ਗਾਂਧੀ 'ਤੇ ਇਤਨਾ ਦਬਾ ਵੱਧ ਗਿਆ ਕਿ ਉਹ ਹੁਣ ਇਸ ਅੱਗੇ ਝੁਕ ਗਈ। ਇਥੋਂ ਤੱਕ ਕਿ ਉਸ ਦੀ ਆਪਣੀ ਪਾਰਟੀ ਦੇ ਸਿੱਖ ਫ਼ਿਰਕੇ ਦੇ ਆਗਿਆਕਾਰ ਵਿਅਕਤੀ ਵੀ ਉਸ ਨੂੰ ਅੜਿੱਕਾ ਦੂਰ ਕਰਨ ਤੇ ਖੜੋਤ ਤੋੜਨ ਲਈ ਜ਼ੋਰ ਦੇਣ ਲੱਗੇ। ਰਾਸ਼ਟਰਪਤੀ ਜ਼ੈਲ ਸਿੰਘ ਵੀ ਦਬਾਅ ਪਾਉਣ ਲੱਗਾ ਕਿਉਂਕਿ ਉਹ ਆਪਣੀ "ਤਨਖ਼ਾਹ" ਮਾਫ਼ ਕਰਾਉਣੀ ਚਾਹੁੰਦਾ ਸੀ। ਆਤੰਕਵਾਦੀਆਂ ਵੱਲੋਂ ਇਕ ਬੱਸ 'ਤੇ ਹੋਰ ਹਮਲਾ ਕੀਤਾ ਗਿਆ ਸੀ ਜਿਸ ਵਿੱਚ 7 ਮੁਸਾਫ਼ਿਰ ਮਾਰ ਦਿੱਤੇ ਗਏ ਸਨ। ਇਸ ਨੇ ਉਹਨਾਂ ਭੈੜੇ ਦਿਨ ਦੀ ਯਾਦ ਤਾਜ਼ਾ ਕਰਵਾ ਦਿੱਤੀ ਜਦੋਂ ਭਿੰਡਰਾਂਵਾਲੇ ਦਾ ਪੰਜਾਬ ਵਿੱਚ ਬੋਲਬਾਲਾ ਸੀ, ਤੇ ਇਸ ਨੇ ਹਿੰਦੂਆਂ ਨੂੰ ਵੀ ਸ਼੍ਰੀਮਤੀ ਗਾਂਧੀ ਦੀ ਲਗਾਤਾਰ ਅਕਾਲੀਆਂ ਨਾਲ ਟੱਕਰ ਦੇ

ਖ਼ਤਰਿਆਂ ਪ੍ਰਤੀ ਸਾਵਧਾਨ ਕਰ ਦਿੱਤਾ। ਇਸ ਲਈ ਹਰਿਮੰਦਰ ਵੱਲੋਂ ਸ਼ਾਂਤੀ ਮਾਰਚ ਤੋਂ 6 ਦਿਨ ਪਹਿਲਾਂ 25 ਸਤੰਬਰ ਨੂੰ ਸ਼੍ਰੀਮਤੀ ਗਾਂਧੀ ਨੇ ਐਲਾਨ ਕਰ ਦਿੱਤਾ ਕਿ ਮੰਦਿਰ ਤੋਂ ਫ਼ੌਜ ਹਟਾ ਲਈ ਜਾਵੇਗੀ ਤੇ ਸ਼੍ਰੋ. ਗੁ.ਪ੍ਰ. ਕਮੇਟੀ ਨੂੰ ਇਸ ਦਾ ਪ੍ਰਬੰਧ ਸੌਂਪ ਦਿੱਤਾ ਜਾਵੇਗਾ। ਇਹ ਸ਼੍ਰੀਮਤੀ ਗਾਂਧੀ ਲਈ ਇਕ ਝਟਕਾ ਸੀ ਕਿਉਂਕਿ ਇਸ ਨਾਲ ਉਸ ਨੂੰ ਗੁਰਦੁਆਰਾ ਕਾਨੂੰਨ ਵਿੱਚ ਸੋਧ ਕਰਨ ਦੀ ਯੋਜਨਾ ਦਾ ਵੀ ਤਿਆਗ ਕਰਨਾ ਪਿਆ ਤੇ ਸ਼੍ਰੋ.ਗੁ. ਪ੍ਰ. ਕਮੇਟੀ ਦੇ ਹੱਥੋਂ ਗੁਰਦੁਆਰੇ ਖੋਹ ਲੈਣ ਦੀ ਯੋਜਨਾ ਵੀ ਠੁੱਸ ਹੋ ਗਈ। ਸ਼੍ਰੀਮਤੀ ਗਾਂਧੀ ਨੇ ਆਪਣੀ ਹਾਰ ਵੱਕਾਰੀ ਢੰਗ ਨਾਲ ਪ੍ਰਵਾਨ ਨਾ ਕੀਤੀ। ਅਚਾਨਕ ਹੀ ਕੌਮ ਦੇ ਨਾਮ ਪ੍ਰਸਾਰਨ ਵਿੱਚ ਉਸ ਨੇ ਕਿਹਾ, "ਸਰਕਾਰ ਗੁਰਦੁਆਰੇ ਉਪਰ ਆਪਣਾ ਨਿਯੰਤਰਨ ਨਹੀਂ ਰੱਖਣਾ ਚਾਹੁੰਦੀ। ਅਸੀਂ ਛੇਤੀ ਹੀ ਇਸ ਨੂੰ ਇਸ ਦੇ ਸਹੀ ਪ੍ਰਬੰਧਕਾਂ ਦੇ ਹੱਥ ਵਿੱਚ ਸੌਂਪਣ ਲਈ ਤਿਆਰ ਹਾਂ, ਪਰ ਸਰਕਾਰ ਨੂੰ ਇਸ ਗੱਲ ਦੀ ਸੱਚਮੁੱਚ ਚਿੰਤਾ ਹੈ ਕਿ ਜਿਸ ਦੇ ਹੱਥ ਵੀ ਇਸ ਦਾ ਪ੍ਰਬੰਧ ਹੋਵੇ ਉਹ ਇਹ ਯਕੀਨੀ ਬਣਾਵੇ ਕਿ ਇਸ ਦੀ ਮੁੜ ਕੁਵਰਤੋਂ ਨਹੀਂ ਹੋਵੇਗੀ।"

ਗੁਪਤ ਤੌਰ 'ਤੇ ਕੀਤੇ ਸਮਝੌਤੇ ਵਿੱਚ ਰਾਸ਼ਟਰਪਤੀ ਲਈ ਮਾਫ਼ੀ ਦੀ ਗੱਲ ਬਾਤ ਕੀਤੀ ਗਈ ਸੀ। ਜਦੋਂ ਫ਼ੌਜ ਨੇ ਸਵਰਨ ਮੰਦਿਰ ਜੱਥੇਦਾਰਾਂ ਦੇ ਸਪੁਰਦ ਕੀਤਾ ਤਾਂ ਉਹ ਉਸ ਸਮਾਗਮ ਵਿੱਚ ਹਾਜ਼ਰ ਸੀ ਤੇ ਇਹ ਸੂਚਨਾ ਵੀ ਮਿਲੀ ਸੀ ਜਿਸ ਅਨੁਸਾਰ ਉਸ ਨੇ ਕਿਹਾ ਸੀ, "ਜੋ ਬਦਕਿਸਮਤੀ ਵਾਲੀਆਂ ਘਟਨਾਵਾਂ ਇਥੇ ਵਾਪਰੀਆਂ ਹਨ ਮੈਂ ਗੁਰੂ ਸਾਹਿਬਾਨ ਤੋਂ ਬੜੀ ਨਿਮ੍ਰਤਾ ਨਾਲ ਮਾਫ਼ੀ ਮੰਗਦਾ ਹਾਂ।" ਉਸ ਦੇ ਪ੍ਰਵਕਤਾ ਨੇ ਮਗਰੋਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਰਾਸ਼ਟਰਪਤੀ ਨੇ ਨੀਲਾ ਤਾਰਾ ਸਾਕਾ ਬਾਰੇ ਮਾਫ਼ੀ ਮੰਗੀ ਸੀ। ਰਾਸ਼ਟਰਪਤੀ ਵੱਲੋਂ ਇਹ ਕਹੇ ਜਾਣ ਦੀ ਸੂਚਨਾ ਵੀ ਸੀ ਕਿ ਜੱਥੇਦਾਰਾਂ ਤੇ ਸਰਕਾਰ ਵਿਚਕਾਰ ਸਾਰੀਆਂ ਰਹਿੰਦੀਆਂ ਸਮੱਸਿਆਵਾਂ ਸੁਲਝਾ ਲਈਆਂ ਜਾਣਗੀਆਂ। ਉਸ ਦੀ ਯਾਤਰਾ ਜੇ ਪਸ਼ਚਾਤਾਪ ਦੀ ਨਹੀਂ ਤਾਂ ਸਦਭਾਵਨਾ ਦੀ ਤਾਂ ਜ਼ਰੂਰ ਹੀ ਸੀ। ਪਰੰਤੂ ਇਸ ਸਦਭਾਵਨਾ ਦਾ ਅਕਾਲ ਤਖ਼ਤ ਦੇ ਜੱਥੇਦਾਰ ਨੇ ਕੋਈ ਪ੍ਰਤੀਫਲ ਨਾ ਚੁਕਾਇਆ। ਗਿਆਨੀ ਕ੍ਰਿਪਾਲ ਸਿੰਘ ਨੇ ਰਾਸ਼ਟਰਪਤੀ ਨੂੰ ਕਿਹਾ ਕਿ ਸਰਕਾਰ ਪਹਿਲਾਂ ਸਿੱਖਾਂ ਵਿਰੋਧੀ ਆਪਣਾ ਵਤੀਰਾ ਛੱਡੇ ਤੇ ਉਹਦੇ ਧਰਮ ਦੇ ਪੈਰੋਕਾਰਾਂ ਨੂੰ ਦੂਸਰੇ ਦਰਜੇ ਦੇ ਸ਼ਹਿਰੀ ਨਾ ਸਮਝੇ।

ਉਸ ਨੇ ਭਿੰਡਰਾਂਵਾਲੇ ਵੱਲੋਂ ਚਲਾਈ ਲਹਿਰ ਦੀ ਰੀੜ੍ਹ ਦੀ ਹੱਡੀ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ 'ਤੇ ਲਾਈ ਗਈ ਪਾਬੰਦੀ ਖ਼ਤਮ ਕਰਨ ਲਈ ਤੇ ਇਹਦੇ ਮੈਂਬਰਾਂ ਨੂੰ ਰਿਹਾਅ ਕਰਨ ਲਈ ਕਿਹਾ। ਉਸ ਨੇ ਅਕਾਲੀ ਦਲ ਦੇ ਨੇਤਾਵਾਂ ਦੀ ਰਿਹਾਈ ਦੀ ਮੰਗ ਵੀ ਕੀਤੀ। ਪ੍ਰਧਾਨ ਮੰਤਰੀ ਨੂੰ ਸਪੱਸ਼ਟ ਤੌਰ 'ਤੇ ਅਜੇ ਕਾਫ਼ੀ ਗੱਲਬਾਤ ਕਰਨ ਦੀ ਲੋੜ ਸੀ ਜਿਸ ਸਦਕਾ ਸਿੱਖ ਇਹ ਪ੍ਰਵਾਨ ਕਰਦੇ ਕਿ ਉਹਦੇ ਵੱਲੋਂ ਉਹਨਾਂ ਦੇ ਜ਼ਖ਼ਮਾਂ ਉੱਪਰ ਮੱਲ੍ਹਮ ਲਾਉਣ ਲਈ ਉਹ ਸੁਹਿਰਦ ਹੈ ਤੇ ਸੱਚੇ ਦਿਲੋਂ ਇਸ ਦੀ ਇਛੁੱਕ ਹੈ।

ਪਰੰਤੂ ਅਕਾਲੀ ਤ੍ਰੈਮੂਰਤੀ ਹੀ ਸਮਖਸ਼ ਸੀ ਜਿਸ ਨਾਲ ਸ਼੍ਰੀਮਤੀ ਗਾਂਧੀ ਗੱਲਬਾਤ ਕਰ ਸਕਦੀ ਸੀ ਤੇ ਉਹ ਅਜੇ ਜੇਲ੍ਹ ਵਿੱਚ ਹੀ ਸੀ ਜਦੋਂ ਸ਼੍ਰੀਮਤੀ ਗਾਂਧੀ ਨੂੰ ਇਕ ਮਹੀਨਾ ਮਗਰੋਂ ਗੋਲੀਆਂ ਨਾਲ ਉਡਾ ਦਿੱਤਾ ਗਿਆ।

15
ਸਮਾਪਤੀ

"ਸ਼੍ਰੀਮਤੀ ਇੰਦਰਾ ਗਾਂਧੀ ਨੂੰ ਕਿਸ ਨੇ ਮਾਰਿਆ?"

ਸਬ ਇਨਸਪੈਕਟਰ ਬੇਅੰਤ ਸਿੰਘ ਨੇ ਜਦੋਂ ਸ਼੍ਰੀਮਤੀ ਗਾਂਧੀ ਦੇ ਬਗੀਚੇ ਵਿੱਚ ਛਾਪਾਮਾਰ ਦਸਤੇ ਕੋਲ ਆਤਮ ਸਮਰਪਣ ਕੀਤਾ ਤਾਂ ਉਸ ਨੇ ਕਿਹਾ, "ਮੈਂ।" ਪਰੰਤੂ ਉਹ ਤਾਂ ਆਪ ਉਸ ਗੁੱਸੇ ਦਾ ਸ਼ਿਕਾਰ ਸੀ ਜਿਹੜਾ ਨੀਲਾ ਤਾਰਾ ਸਾਕਾ ਪਿੱਛੋਂ ਸਾਰੇ ਸਿੱਖ ਭਾਈਚਾਰੇ ਵਿੱਚ ਫੈਲਿਆ ਸੀ ਤੇ ਉਸ ਗੁੱਸੇ ਤੇ ਕ੍ਰੋਧ ਲਈ ਉਸ ਦਾ ਕੋਈ ਹੱਥ ਨਹੀਂ ਸੀ। ਇਸ ਦੇ ਉਹ ਲੋਕ ਜ਼ਿੰਮੇਵਾਰ ਸਨ ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀ ਅਗਵਾਈ ਦੀ ਜ਼ਿੰਮੇਵਾਰੀ ਸੰਭਾਲੀ ਹੋਈ ਸੀ ਜਾਂ ਉਹ ਲੋਕ ਜਿਨ੍ਹਾਂ ਨੇ ਭਾਰਤ ਉਪਰ ਹਕੂਮਤ ਕਰਨ ਦੀ ਜ਼ਿੰਮੇਵਾਰੀ ਸੰਭਾਲੀ ਸੀ ਤੇ ਇਹ ਜ਼ਿੰਮੇਵਾਰੀ ਉਸ ਸਮੇਂ ਦੀ ਵੀ ਸੀ ਜਿਸ ਵਿੱਚ ਉਹ ਰਹਿ ਰਹੇ ਸਨ। ਇਕੱਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਸ ਕਿਸਮ ਦੇ ਸਿੱਖ ਮੂਲਵਾਦੀਆਂ ਨੂੰ ਦੋਸ਼ ਦੇਣਾ, ਜਿਸ ਨੇ ਹਿੰਦੂਆਂ ਪ੍ਰਤੀ ਨਫ਼ਰਤ ਵਧਾਈ ਸੀ, ਬੜਾ ਭਰਮਾਊ ਹੈ, ਪਰ ਮੂਲਵਾਦ ਖ਼ਲਾਅ 'ਚੋਂ ਪੈਦਾ ਨਹੀਂ ਹੁੰਦਾ। ਇਸ ਲਈ ਕੋਈ ਸ਼ਾਹ ਖੁਮੈਨੀ, ਇੰਦਰਾ ਜਾਂ ਭਿੰਡਰਾਂਵਾਲਾ ਹੀ ਜ਼ਿੰਮੇਵਾਰ ਨਹੀਂ ਸਨ। ਇਹ ਨਿਰਣਾ ਕਰਨਾ ਬੜੀ ਵਧੀਕੀ ਹੋਵੇਗੀ ਕਿ ਸ਼੍ਰੀਮਤੀ ਗਾਂਧੀ ਕੋਈ ਜ਼ਾਲਮ ਜਾਂ ਨਿਰੰਕੁਸ਼ ਸੀ, ਪਰੰਤੂ ਉਹ ਇਸ ਗੱਲ ਲਈ ਤਾਂ ਜ਼ਿੰਮੇਵਾਰ ਸੀ ਕਿ ਉਸ ਨੇ ਅਜਿਹਾ ਰਾਜਸੀ ਮਾਹੌਲ ਪੈਦਾ ਕਰ ਦਿੱਤਾ ਜਿਸ ਕਾਰਨ ਭਿੰਡਰਾਂਵਾਲੇ ਦਾ ਮੂਲਵਾਦ ਪ੍ਰਸੰਗਕ ਹੋ ਗਿਆ। ਅਕਾਲੀ ਦਲ ਤ੍ਰੈਮੂਰਤੀ ਵੀ ਇਸ ਲਈ ਕਸੂਰਵਾਰ ਸੀ। ਬਾਦਲ ਤੇ ਲੌਂਗੋਵਾਲ ਵਿੱਚ ਉਸ ਸ਼ਕਤੀ ਨਾਲ ਟੱਕਰ ਲੈਣ ਦਾ ਹੌਸਲਾ ਨਹੀਂ ਸੀ ਜਿਹੜੀ ਉਹਨਾਂ ਨੂੰ ਪਤਾ ਸੀ, ਇਕ ਬੁਰਾਈ ਸੀ। ਟੌਹੜੇ ਨੇ ਇਸ ਬੁਰਾਈ ਨੂੰ ਆਪਣੇ ਹਿੱਤ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ।

ਇਹ ਇੰਦਰਾ ਗਾਂਧੀ ਦੀ ਕਾਂਗਰਸ ਪਾਰਟੀ ਹੀ ਸੀ ਜਿਸ ਨੇ ਭਿੰਡਰਾਂਵਾਲੇ ਨੂੰ ਅੱਗੇ ਲਿਆਂਦਾ ਤੇ ਇਹ ਸ਼੍ਰੀਮਤੀ ਗਾਂਧੀ ਦੀ ਸਰਕਾਰ ਸੀ ਜਿਸ ਨੇ ਉਸਨੂੰ ਪੰਜਾਬ ਵਿੱਚ ਸਰਕਾਰ ਦੀ ਭੂਮਿਕਾ ਨਿਭਾਉਣ ਦੀ ਅਤੇ ਹਥਿਆ ਲੈਣ ਦੀ ਆਗਿਆ ਦਿੱਤੀ। ਜੇ ਉਹ, ਉਸ ਨੂੰ ਡੀ.ਆਈ.ਜੀ ਅਟਵਾਲ ਦੀ ਹੱਤਿਆ ਪਿੱਛੋਂ ਗ੍ਰਿਫ਼ਤਾਰ ਕਰਵਾ ਲੈਂਦੀ ਤਾਂ ਅਕਾਲ ਤਖ਼ਤ ਉਪਰ ਹਮਲੇ ਦੀ ਲੋੜ ਨਾ ਪੈਂਦੀ। ਜੇ ਸ਼੍ਰੀਮਤੀ ਇੰਦਰਾ ਗਾਂਧੀ ਉਸ ਵੇਲੇ ਹੀ ਹਰਕਤ ਵਿੱਚ ਆ ਜਾਂਦੀ ਜਦੋਂ ਉਸ ਨੂੰ ਅਕਾਲ ਤਖ਼ਤ ਦੀ ਕਿਲ੍ਹਾਬੰਦੀ ਦੀਆਂ ਖ਼ਬਰਾਂ ਮਿਲ ਰਹੀਆਂ ਸਨ ਤਾਂ ਵੀ ਉਸ ਦਾ ਕਦਮ ਸਮੇਂ ਅਨੁਸਾਰ ਸਹੀ ਹੋਣਾ ਸੀ। ਪਰ ਜਦੋਂ ਉਸ ਨੇ ਇਹ ਕਾਰਵਾਈ ਕੀਤੀ ਤਾਂ ਉਸ ਸਮੇਂ ਇਹ ਬਹੁਤ ਦੇਰ ਨਾਲ ਕੀਤੀ ਗਈ ਅਢੁੱਕਵੀਂ ਕਾਰਵਾਈ ਸੀ।

ਅਸੀਂ ਪਹਿਲਾਂ ਹੀ ਇਸ ਗੱਲ ਦਾ ਇਸ਼ਾਰਾ ਦਿੱਤਾ ਹੈ ਕਿ ਅੰਮ੍ਰਿਤਸਰ ਦੇ ਦੁਖਾਂਤ ਦੇ ਕਾਰਨਾਂ ਵਿੱਚੋਂ ਇਕ ਸ਼੍ਰੀਮਤੀ ਗਾਂਧੀ ਦੀ ਦੁਬਿਧਾ ਸੀ। ਇਸ ਦਰਬਾਰ ਦਾ ਭਾਰਤੀ

ਰਾਜ-ਪ੍ਰਬੰਧ ਤੇ ਸੰਸਥਾਵਾਂ ਉੱਪਰ ਨਿਰਾਰਥਕ ਪ੍ਰਭਾਵ ਪਿਆ। ਸਾਰੀ ਸ਼ਕਤੀ ਦਿੱਲੀ ਦਰਬਾਰ 'ਚੋਂ ਪ੍ਰਾਪਤ ਹੁੰਦੀ ਸੀ ਪਰ ਦਰਬਾਰੀ ਬਹੁਤੀ ਵਾਰ ਆਪਣੀ ਸ਼ਕਤੀ ਦੀ ਮਨਮਰਜ਼ੀ ਨਾਲ, ਸੁਤੰਤਰਤਾ ਨਾਲ ਵਰਤੋਂ ਕਰਦੇ ਸਨ। ਭਾਰਤ ਵਿੱਚ ਸਭ ਤੋਂ ਸ਼ਕਤੀਸ਼ਾਲੀ ਵਿਅਕਤੀ ਸ਼੍ਰੀਮਤੀ ਗਾਂਧੀ ਦਾ ਵਾਰਿਸ ਰਾਜੀਵ ਨਹੀਂ ਸਗੋਂ ਉਹਦਾ ਨਿੱਜੀ ਸਕੱਤਰ ਆਰ.ਕੇ. ਧਵਨ ਸੀ। ਨਿਰਸੰਦੇਹ ਚਾਪਲੂਸ ਤੇ ਚਮਚੇ ਸਿਖ਼ਰ 'ਤੇ ਪਹੁੰਚ ਗਏ ਤੇ ਸੁਤੰਤਰ ਸੋਚ ਦੇ ਮਾਲਕ ਗੁੱਠੇ ਲਾ ਦਿੱਤੇ ਗਏ। ਇਹ ਮਹੱਤਵਪੂਰਨ ਗੱਲ ਹੈ ਕਿ ਅਮਰਿੰਦਰ ਸਿੰਘ ਅਕਾਲੀ ਦਲ ਨਾਲ ਗੱਲਬਾਤ ਲਈ ਵਿਚੋਲਗੀਰੀ ਕਰ ਰਿਹਾ ਸੀ, ਉਹ ਲਾਂਭੇ ਹੋ ਗਿਆ ਕਿਉਂਕਿ ਸ਼੍ਰੀਮਤੀ ਗਾਂਧੀ ਨੂੰ ਘੇਰੀ ਬੈਠੀ ਨੌਕਰਸ਼ਾਹੀ ਹਰ ਸੁਆਲ ਵਿੱਚ ਰੋਲ ਘਚੋਲਾ ਪਾ ਕੇ ਮੱਤ ਮਾਰ ਦਿੰਦੀ ਸੀ। ਇਹ ਵੀ ਮਹੱਤਵਪੂਰਨ ਹੈ ਕਿ ਉਸ ਦੀ ਚੰਡਾਲ ਚੌਕੜੀ ਪੰਜਾਬ ਦੇ ਰਾਜਪਾਲ ਬੀ.ਡੀ. ਪਾਂਡੇ ਨੂੰ ਸੁਤੰਤਰਤਾ ਨਾਲ ਕਾਰਜ ਕਰਨ ਨਹੀਂ ਦਿੰਦੀ ਸੀ। ਇਹ ਵੀ ਮਹੱਤਵਪੂਰਨ ਹੈ ਕਿ ਰਾਜੀਵ ਗਾਂਧੀ ਨੇ ਸੱਤਾਂ ਮਹੀਨਿਆਂ ਦੇ ਅੰਦਰ ਉਹਨਾਂ ਲੋਕਾਂ ਨੂੰ ਹਟਾ ਕੇ, ਬਦਲਕੇ ਜਾਂ ਅਣਡਿੱਠ ਕਰਕੇ ਜੋ ਉਸ ਦੀ ਮਾਂ ਨੂੰ ਸਲਾਹ ਦਿਆ ਕਰਦੇ ਸਨ, ਅਕਾਲੀ ਦਲ ਨਾਲ ਸਮਝੌਤਾ ਕਰ ਲਿਆ।

ਪਹਿਲਾਂ ਤਾਂ ਰਾਜੀਵ ਗਾਂਧੀ ਨੇ ਸਿੱਖ ਆਤੰਕਵਾਦੀਆਂ ਵੱਲੋਂ ਤੇ ਅਕਾਲੀ ਦਲ ਦੀਆਂ ਮੰਗਾਂ 'ਤੇ ਖ਼ਾਸ ਕਰਕੇ ਅਨੰਦਪੁਰ ਸਾਹਿਬ ਦੇ ਮਤੇ ਕਾਰਨ ਮੁਲਕ ਨੂੰ ਦਰਪੇਸ਼ ਖ਼ਤਰੇ ਤੇ ਚੁਣੌਤੀ ਉਪਰ ਜ਼ੋਰ ਦਿੱਤਾ। ਆਪਣੀ ਮਾਂ ਦੇ ਤੁਰੰਤ ਮਗਰੋਂ ਗੱਦੀ ਸੰਭਾਲ ਕੇ, ਆਮ ਚੋਣਾਂ ਦੀ ਮੁਹਿਮ ਵਿੱਚ ਉਸ ਨੇ ਭਾਰਤ ਦੀ ਏਕਤਾ ਨੂੰ ਦਰਪੇਸ਼ ਖ਼ਤਰੇ ਦਾ ਇਕੋ ਇਕ ਸੁਆਲ ਉਠਾਇਆ। ਉਸ ਨੇ ਆਪਣੇ ਆਪ ਨੂੰ ਇਕ ਅਜਿਹੇ ਨੇਤਾ ਦੇ ਰੂਪ ਵਿੱਚ ਪੇਸ਼ ਕੀਤਾ ਜੋ ਇਸ ਖ਼ਤਰੇ ਦਾ ਮੁਕਾਬਲਾ ਕਰ ਸਕਦਾ ਸੀ। ਆਮ ਚੋਣਾਂ ਵਿੱਚ ਪ੍ਰਧਾਨ ਮੰਤਰੀ ਵਜੋਂ ਉਸ ਨੇ ਆਪਣੇ ਆਪ ਨੂੰ ਆਪਣੇ ਬਲਬੂਤੇ ਨਹਿਰੂ ਗਾਂਧੀ ਵੰਸ਼ ਦਾ ਵਾਰਿਸ ਸਥਾਪਤ ਕਰ ਦਿੱਤਾ। ਫਿਰ ਉਸ ਨੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲੜੀਆਂ ਤੇ ਉਥੇ ਵੀ ਉਸ ਦੇ ਦਲ ਦੀ ਕਾਰਗੁਜ਼ਾਰੀ ਚੰਗੀ ਰਹੀ, ਪਰ ਇਹ ਆਮ ਚੋਣਾਂ ਨਾਲ ਕੁਝ ਘੱਟ ਸੀ। ਇਹਨਾਂ ਦੋਹਾਂ ਰੋਕਾਂ ਨੂੰ ਪਾਰ ਕਰਕੇ ਰਾਜੀਵ ਨੇ ਪੰਜਾਬ ਦੀ ਸਮੱਸਿਆ ਵੱਲ ਕਲਾ-ਬਾਜ਼ੀ ਮਾਰੀ। ਬੜੇ ਅਰਾਮ ਨਾਲ ਉਸ ਨੇ ਚੋਣਾਂ ਵੇਲੇ ਵਰਤੇ ਗਏ ਭਾਸ਼ਣਾਂ ਨੂੰ ਭੁਲਾ ਕੇ ਅਕਾਲੀ ਦਲ ਨਾਲ ਸਮਝੌਤੇ ਦੇ ਰਸਤੇ ਦੀ ਤਲਾਸ਼ ਸ਼ੁਰੂ ਕਰ ਦਿੱਤੀ।

ਆਪਣੀ ਮਾਂ ਦੇ ਵਿਪਰੀਤ ਉਸ ਮਹਿਸੂਸ ਕੀਤਾ ਕਿ ਪੰਜਾਬ ਇਕ ਰਾਜਸੀ ਸਮੱਸਿਆ ਹੈ ਤੇ ਇਸ ਨਾਲ ਦਰਬਾਰੀ, ਨੌਕਰਸ਼ਾਹੀ, ਪੁਲਿਸ ਜਾਂ ਫ਼ੌਜ ਨਹੀਂ, ਸਿਆਸਤਦਾਨ ਹੀ ਨਜਿੱਠ ਸਕਦੇ ਹਨ। ਉਸ ਦਾ ਪਹਿਲਾ ਤੇ ਸਭ ਤੋਂ ਸੂਝ ਭਰਿਆ ਕਦਮ ਭਾਰਤ ਦੇ ਸਭ ਤੋਂ ਚਤੁਰ ਤੇ ਕੂਟਲ ਸਿਆਸਤਦਾਨ ਅਰਜਨ ਸਿੰਘ ਦੀ ਨਿਯੁਕਤੀ ਸੀ, ਜਿਸ ਨੇ ਪੰਜਾਬ ਦੇ ਨੌਕਰਸ਼ਾਹ ਗਵਰਨਰ ਬੀ.ਡੀ. ਪਾਂਡੇ ਤੋਂ ਗਵਰਨਰੀ ਸੰਭਾਲ ਲਈ। ਪਹਿਲਾਂ ਪੰਜ ਸਾਲਾਂ ਲਈ ਉਸ ਨੇ ਇੰਦਰਾ ਕਾਂਗਰਸ ਦੇ ਮੁੱਖ ਮੰਤਰੀ ਵਜੋਂ ਭਾਰਤ ਦੇ ਸਭ ਤੋਂ ਵੱਡੇ ਰਾਜ ਉਪਰ ਹਕੂਮਤ ਕੀਤੀ ਸੀ। ਉਸ ਨੇ ਭਾਜਪਾ ਦੀ ਪਿਛਾਂਹਖਿੱਚੂ ਸੱਜੇ ਪੱਖੀ ਪਾਰਟੀ ਨੂੰ ਉਸ ਰਾਜ ਵਿੱਚ, ਜੋ ਕਦੇ ਇਸਦਾ ਗੜ੍ਹ ਰਿਹਾ ਸੀ, ਹੁਣ ਜਲਨ ਪੈਦਾ ਕਰਨ ਵਾਲਾ ਨਿਗੂਣਾ ਮਾਂਗਣੂ ਬਣਾ ਦਿੱਤਾ। ਉਸ ਨੇ ਪੰਡਿਤ ਨਹਿਰੂ ਦੇ

ਸਮੇਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਰਵੀ ਸ਼ੰਕਰ ਸ਼ੁਕਲਾ ਦੇ ਸ਼ਕਤੀਸ਼ਾਲੀ ਪੁੱਤਰਾਂ ਨੂੰ ਪ੍ਰਭਾਵਹੀਣ ਬਣਾ ਦਿੱਤਾ। ਸ਼ੁਕਲਾ ਭਰਾਵਾਂ ਨੇ ਮੱਧ ਪ੍ਰਦੇਸ਼ ਨੂੰ ਆਪਣੀ ਪਰਿਵਾਰਕ ਜਾਗੀਰ ਸਮਝ ਛੱਡਿਆ ਸੀ। ਰਾਜੀਵ ਗਾਂਧੀ ਦੇ ਇਕ ਨਿੱਜੀ ਸਹਾਇਕ ਨੇ ਸਤੀਸ਼ ਜੈਕਬ ਨੂੰ ਕਿਹਾ, "ਜਿਹੜਾ ਇਕ ਪਾਸੇ ਭਾਜਪਾ ਨਾਲ ਤੇ ਦੂਸਰੇ ਪਾਸੇ ਸ਼ੁਕਲਾ ਭਰਾਵਾਂ ਨਾਲ ਨਜਿੱਠ ਸਕਦਾ ਸੀ, ਉਹ ਅਕਾਲੀਆਂ ਨਾਲ ਵੀ ਸਿੱਝ ਲਵੇਗਾ।" ਉਹ ਸਹੀ ਸਿੱਧ ਹੋਇਆ।

ਅਕਾਲੀ ਦਲ ਦਾ ਸਰਕਾਰੀ ਪੱਖ ਦੀ ਗਠਿਵੀਂ ਤ੍ਰੈਮੂਰਤੀ ਰਾਜੀਵ ਗਾਂਧੀ, ਅਰਜਨ ਸਿੰਘ ਤੇ ਅਰੁਣ ਸਿੰਘ ਨਾਲ ਸਾਹਮਣਾ ਹੋਇਆ। ਅਰੁਣ ਸਿੰਘ ਬਹੁ ਰਾਸ਼ਟਰੀ ਕੰਪਨੀ ਦਾ ਭੂਤ ਪੂਰਵ ਅਧਿਕਾਰੀ ਸੀ ਤੇ ਰਾਜੀਵ ਗਾਂਧੀ ਦਾ ਸਕੂਲ ਸਮੇਂ ਦਾ ਮਿੱਤਰ ਸੀ। ਰਾਜੀਵ ਗਾਂਧੀ ਉਸ ਨੂੰ ਉਸ ਸਮੇਂ ਸਿਆਸਤ 'ਚ ਲਿਆਇਆ ਜਦੋਂ ਉਸ ਨੇ ਸੰਜੈ ਮਗਰੋਂ ਇਸ ਖੇਤਰ ਵਿੱਚ ਪ੍ਰਵੇਸ਼ ਕੀਤਾ। ਇਸ ਸਮੇਂ ਉਹ ਪ੍ਰਧਾਨ ਮੰਤਰੀ ਦਾ ਪਾਰਲੀਮਾਨੀ ਸਕੱਤਰ ਤੇ ਉਸ ਦਾ ਵਿਸ਼ਵਾਸ ਪਾਤਰ ਬਣ ਗਿਆ ਸੀ। ਉਹ ਆਧੁਨਿਕ, ਸਾਫ਼-ਗੋ ਤੇ ਕੁਸ਼ਲ ਸੀ ਤੇ ਉਹ ਭੂਤਪੂਰਵ ਸਟੈਨੋ ਗ੍ਰਾਫ਼ਰ ਆਰ.ਕੇ. ਧਵਨ ਦੇ ਬਿਲਕੁਲ ਵਿਪਰੀਤ ਸੀ ਜਿਸ ਨੇ ਇੰਦਰਾ ਗਾਂਧੀ ਤੱਕ ਰਸਾਈ ਪ੍ਰਾਪਤ ਕਰਨ ਲਈ ਭਾਰਤੀ ਅਫ਼ਸਰਸ਼ਾਹੀ ਤੇ ਰਾਜਨੀਤੀ ਦੇ ਗੁੰਝਲਦਾਰ ਢੰਗ ਤਰੀਕੇ ਅਪਨਾਏ ਸਨ।

ਨਵੀਂ ਤ੍ਰੈਮੂਰਤੀ ਨੇ ਉਹ ਰਣਨੀਤੀ ਅਪਨਾਈ ਜੋ ਸ੍ਰੀਮਤੀ ਗਾਂਧੀ ਨਾਲੋਂ ਤਿੰਨ ਮਹੱਤਵਪੂਰਨ ਪਹਿਲੂਆਂ ਵਿੱਚ ਅੱਡਰੀ ਸੀ। ਰਾਜੀਵ ਗਾਂਧੀ ਨੇ ਕਿਸੇ ਦਰਬਾਰੀ, ਅਫ਼ਸਰਸ਼ਾਹ ਤੇ ਸਿਆਸਤਦਾਨ ਨੂੰ ਪੰਜਾਬ ਦੇ ਗਵਰਨਰ ਤੇ ਆਪਣੇ ਵਿਚਕਾਰ ਵਿਚੋਲਾ ਨਾ ਬਣਨ ਦਿੱਤਾ। ਉਸ ਨੇ ਅਰਜਨ ਸਿੰਘ ਨੂੰ ਸਿੱਧਾ ਮਿਲਣ ਦੀ ਆਗਿਆ ਦੇ ਰੱਖੀ ਸੀ। ਸ੍ਰੀਮਤੀ ਗਾਂਧੀ ਨੇ ਕਦੇ ਵੀ ਕਿਸੇ ਮੁੱਖ ਮੰਤਰੀ ਜਾਂ ਰਾਜਪਾਲ ਨੂੰ ਆਪਣੇ ਨਾਲ ਸਿੱਧਾ ਮਿਲਣ ਦੀ ਆਗਿਆ ਨਹੀਂ ਦਿੱਤੀ ਸੀ। ਉਸ ਨੇ ਆਪਣੇ ਸਹਿਕਰਮੀਆਂ ਉਪਰ ਵੀ ਰੋਕ ਤੇ ਸੰਤੁਲਨ ਦੀ ਨੀਤੀ ਲਾਗੂ ਕੀਤੀ ਸੀ। ਤ੍ਰੈਮੂਰਤੀ ਨੇ ਇਹ ਫ਼ੈਸਲਾ ਕੀਤਾ ਕਿ ਜਿਨ੍ਹਾਂ ਲੋਕਾਂ ਦੇ ਪੰਜਾਬ ਵਿੱਚ ਸੁਆਰਥੀ ਹਿੱਤ ਹਨ, ਉਹਨਾਂ ਨੂੰ ਸਮਝੌਤੇ ਵਿੱਚ ਸ਼ਾਮਿਲ ਨਾ ਕੀਤਾ ਜਾਵੇ। ਅਜਿਹੇ ਲੋਕ ਰਾਸ਼ਟਰਪਤੀ ਜ਼ੈਲ ਸਿੰਘ, ਪੰਜਾਬ ਦਾ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਤੇ ਹਰਿਆਣਾ ਦਾ ਮੁੱਖ ਮੰਤਰੀ ਭਜਨ ਲਾਲ ਸਨ। ਸ੍ਰੀਮਤੀ ਗਾਂਧੀ ਦਰਬਾਰਾ ਸਿੰਘ ਤੇ ਜ਼ੈਲ ਸਿੰਘ ਦੀ ਲੜਾਈ ਤੋਂ ਬਹੁਤ ਖ਼ੁਸ਼ ਹੁੰਦੀ ਸੀ ਕਿਉਂਕਿ ਲੜਾਈ ਕਾਰਨ ਉਹਨਾਂ ਵਿੱਚ ਕੋਈ ਵੀ ਪੰਜਾਬ ਦੀ ਕਾਂਗਰਸ ਪਾਰਟੀ 'ਤੇ ਛਾ ਨਹੀਂ ਸਕਦਾ ਸੀ। ਉਹ ਭਜਨ ਲਾਲ ਨੂੰ ਇਕ ਸੁਖਾਵਾਂ ਮੁਹਰਾ ਬਣਾ ਕੇ ਵਰਤ ਲੈਂਦੀ ਸੀ ਜਦੋਂ ਉਹ ਗੱਲਬਾਤ ਨੂੰ ਲਮਕਾਉਣਾ ਚਾਹੁੰਦੀ ਸੀ।

ਨਵੀਂ ਰਣਨੀਤੀ ਦਾ ਸਭ ਤੋਂ ਔਖਾ ਹਿੱਸਾ ਲੌਂਗੋਵਾਲ ਨੂੰ ਅਕਾਲੀ ਤ੍ਰੈਮੂਰਤੀ ਦੇ ਦੂਸਰੇ ਦੋਹਾਂ ਮੈਂਬਰਾਂ ਨਾਲੋਂ ਅਲੱਗ-ਥਲੱਗ ਕਰਨਾ ਸੀ। ਸ਼੍ਰੀਮਤੀ ਗਾਂਧੀ ਆਪਣੇ ਵਿਰੋਧੀਆਂ ਨੂੰ ਪਾੜ ਕੇ ਰਾਜ ਕਰਨ ਵਿੱਚ ਉਤਨਾ ਹੀ ਵਿਸ਼ਵਾਸ ਕਰਦੀ ਸੀ ਜਿੰਨਾ ਉਹ ਆਪਣੀ ਪਾਰਟੀ ਦੇ ਨੇਤਾਵਾਂ ਨੂੰ ਪਾੜ ਕੇ ਰਾਜ ਕਰਨ ਵਿੱਚ ਵਿਸ਼ਵਾਸ ਕਰਦੀ ਸੀ। ਉਹ ਸਦਾ ਹੀ ਅਕਾਲੀਆਂ ਵਿੱਚ ਤਨਾਅ ਤੇ ਟੱਕਰ ਨੂੰ ਆਪਣੇ ਹੱਕ ਵਿੱਚ ਇਕ ਕਦਮ ਸਮਝਦੀ ਸੀ। ਸਥਿਤੀ ਦਾ ਅਧਿਐਨ ਕਰਨ ਮਗਰੋਂ ਅਰਜਨ ਸਿੰਘ ਨੇ ਭਾਂਪ ਲਿਆ ਕਿ ਅਕਾਲੀ

ਸਮਝੌਤੇ ਪ੍ਰਤੀ ਕਦੇ ਵੀ ਇਕ ਮਤ ਨਹੀਂ ਹੋਣਗੇ। ਉਹਨਾਂ ਦੀ ਰਕਾਬਤ ਤੇ ਨਿੱਜੀ ਹਿੱਤ ਉਹਨਾਂ ਦੇ ਏਕੇ ਵਿੱਚ ਰੁਕਾਵਟ ਸਨ। ਉਸ ਨੇ ਦੋ ਕਾਰਨਾਂ ਕਰਕੇ ਲੌਂਗੋਵਾਲ ਨੂੰ ਗੱਲ ਬਾਤ ਕਰਨ ਲਈ ਮਨਾਇਆ। ਮੋਰਚੇ ਦਾ ਡਿਕਟੇਟਰ ਹੋਣ ਕਾਰਨ ਉਸ ਦਾ ਹੀ ਅਧਿਕਾਰ ਸੀ ਕਿ ਉਹ ਸਮਝੌਤਾ ਪ੍ਰਵਾਨ ਕਰੇ ਤੇ ਅੰਦੋਲਨ ਵਾਪਸ ਲਵੇ। ਉਸ ਦਾ ਫ਼ੈਸਲਾ ਹੇਠਲੀ ਪੱਧਰ ਦੇ ਅਕਾਲੀ ਨੇਤਾ ਮੰਨ ਲੈਣਗੇ। ਲੌਂਗੋਵਾਲ ਸਮਝੌਤੇ ਲਈ ਹੋਈਆਂ ਪਹਿਲੀਆਂ ਵਾਰਤਾਵਾਂ ਵਿੱਚ ਅਕਾਲੀ ਤ੍ਰੈਮੂਰਤੀ ਵਿੱਚ ਸਭ ਤੋਂ ਵੱਧ ਖਰਾ, ਸਿੱਧਾ ਤੇ ਸਭ ਤੋਂ ਘੱਟ ਅਭਿਲਾਸ਼ੀ ਸੀ।

ਅਪ੍ਰੈਲ ਦੇ ਅੰਤ ਤੱਕ ਅਰਜਨ ਸਿੰਘ ਕਾਫ਼ੀ ਪੁਰ-ਉਮੀਦ ਸੀ। ਉਸ ਨੇ ਮੈਨੂੰ ਦੱਸਿਆ ਸੀ ਕਿ ਉਸ ਦਾ ਵਿਸ਼ਵਾਸ ਹੈ ਕਿ ਅਕਾਲੀ ਸੱਚਮੁੱਚ ਹੀ ਦਿਲੋਂ ਸਮਝੌਤੇ ਦੇ ਚਾਹਵਾਨ ਸਨ। ਸਿੱਖ ਆਤੰਕਵਾਦੀ ਇਹ ਆਸ਼ਾਵਾਦ ਭਾਂਪ ਕੇ ਫਿਰ ਹਿੰਸਕ ਪ੍ਰਤੀਕਿਰਿਆ ਕਰਨ ਲੱਗੇ। ਦਸ ਤੇ ਗਿਆਰ੍ਹਾਂ ਮਈ ਨੂੰ ਰਾਜਧਾਨੀ ਦਿੱਲੀ ਵਿੱਚ 20 ਬੰਬ ਧਮਾਕੇ ਹੋਏ ਤੇ 18 ਬੰਬ ਧਮਾਕੇ ਉੱਤਰੀ ਭਾਰਤ ਦੇ ਹੋਰ ਭਾਗਾਂ ਵਿੱਚ ਵੀ ਹੋਏ। 82 ਲੋਕ ਮਾਰੇ ਗਏ। ਸਪੱਸ਼ਟ ਸੀ ਕਿ ਧਮਾਕਿਆਂ ਦਾ ਨਿਸ਼ਾਨਾ ਹਿੰਦੂ ਹੀ ਸਨ। ਅਫ਼ਸਰਸ਼ਾਹੀ ਦਾ ਪ੍ਰਤਿਕ੍ਰਮ ਸਖ਼ਤੀ ਕਰਨ ਤੇ ਗੱਲਬਾਤ ਖ਼ਤਮ ਕਰਨ ਦਾ ਸੀ। ਉਹਨਾਂ ਦੀ ਸਲਾਹ ਸੀ ਕਿ ਅਕਾਲੀ ਨੇਤਾਵਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ ਤੇ ਸਮਝੌਤੇ ਲਈ ਸਭ ਗੱਲਬਾਤ ਖ਼ਤਮ ਕਰ ਦਿੱਤੀ ਜਾਵੇ। ਕਾਂਗਰਸ ਪਾਰਟੀ ਦੇ ਮੈਂਬਰਾਂ ਨੇ ਵੀ ਪ੍ਰਧਾਨ ਮੰਤਰੀ ਨੂੰ ਸੁਚੇਤ ਕੀਤਾ ਕਿ ਧਮਾਕਿਆਂ ਪਿੱਛੋਂ ਹੁਣ ਹਿੰਦੂ ਸਿੱਖਾਂ ਨੂੰ ਦਿੱਤੀ ਕੋਈ ਰਿਆਇਤ ਬਰਦਾਸ਼ਤ ਨਹੀਂ ਕਰਨਗੇ, ਪਰ ਰਾਜੀਵ ਗਾਂਧੀ ਤੇ ਅਰਜਨ ਸਿੰਘ ਆਪਣੇ ਮਾਰਗ ਤੋਂ ਨਾ ਭਟਕੇ। ਦੋ ਮਹੀਨੇ ਮਗਰੋਂ ਉਹਨਾਂ ਨੇ ਇਹ ਐਲਾਨ ਕਰਕੇ ਭਾਰਤ ਨੂੰ ਹੈਰਾਨ ਕਰ ਦਿੱਤਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਲਈ ਦਿੱਲੀ ਆ ਰਿਹਾ ਸੀ।

ਇਸ ਦੀ ਭੂਮਿਕਾ ਪਹਿਲਾਂ ਹੀ ਵਿਚੋਲਿਆਂ ਰਾਹੀਂ ਅਤਿਅੰਤ ਸਾਵਧਾਨੀ ਨਾਲ ਗੁਪਤ ਵਾਰਤਾਵਾਂ ਦੇ ਸਿਲਸਿਲੇ ਰਾਹੀਂ ਤਿਆਰ ਕਰ ਲਈ ਗਈ ਸੀ। ਅਰਜਨ ਸਿੰਘ ਖ਼ੁਦ ਮੁਲਾਕਾਤ ਦੇ ਐਲਾਨ ਤੋਂ ਪਹਿਲਾਂ ਲੌਂਗੋਵਾਲ ਨੂੰ ਤਸੱਲੀ ਦੇਣ ਲਈ ਮਿਲਿਆ ਕਿ ਸਮਝੌਤਾ ਸਿਰੇ ਚੜ੍ਹ ਜਾਏਗਾ। ਗੱਲਬਾਤ ਦ੍ਰਿੜ੍ਹਤਾ, ਤੇਜ਼ੀ ਤੇ ਕੁਸ਼ਲਤਾ ਤੇ ਸੁਯੋਗਤਾ ਨਾਲ ਸੰਚਾਲਿਤ ਕੀਤੀ ਗਈ ਜਿਹੜੀ ਕਿ ਸ੍ਰੀਮਤੀ ਗਾਂਧੀ ਸਮੇਂ ਅਪਣਾਈ ਗਈ ਦੇਰੀ ਤੇ ਗੱਲਬਾਤ ਲਮਕਾਉਣ ਦੀਆਂ ਚਾਲਾਂ ਦੇ ਬਿਲਕੁਲ ਉਲਟ ਸੀ। 48 ਘੰਟਿਆਂ ਤੋਂ ਥੋੜ੍ਹੇ ਸਮੇਂ ਵਿੱਚ ਹੀ ਸਮਝੌਤੇ ਦਾ ਐਲਾਨ ਕਰ ਦਿੱਤਾ ਗਿਆ। ਸ਼੍ਰੀਮਤੀ ਗਾਂਧੀ ਉਹਨਾਂ ਹੀ ਸ਼ਰਤਾਂ ਤੇ ਮੁੱਖ ਸਮੱਸਿਆ ਨੂੰ ਤਿੰਨ ਸਾਲ ਪਹਿਲਾਂ ਹੱਲ ਕਰ ਸਕਦੀ ਸੀ ਤੇ ਇਸ ਤਰ੍ਹਾਂ ਫਿਰ ਕੋਈ ਨੀਲਾ ਤਾਰਾ ਸਾਕਾ ਨਾ ਵਾਪਰਦਾ, ਨਾ ਹੀ ਸਿੱਖਾਂ ਦਾ ਵਿਦਰੋਹ ਹੁੰਦਾ ਤੇ ਨਾ ਹੀ ਉਹਦੀ ਹੱਤਿਆ ।

ਰਾਜੀਵ ਗਾਂਧੀ ਵਾਲੇ ਸਮਝੌਤੇ ਅਨੁਸਾਰ ਗਿਆਰ੍ਹਾਂ ਪਹਿਲੂ ਜਾਂ ਪ੍ਰਸ਼ਨ ਨਜਿੱਠੇ ਗਏ। ਉਹਨਾਂ ਵਿੱਚੋਂ ਬਹੁਤਿਆਂ ਦਾ ਸੰਬੰਧ ਉਹਨਾਂ ਘਟਨਾਵਾਂ ਨਾਲ ਸੀ ਜੋ ਨੀਲਾ ਤਾਰਾ ਸਾਕਾ ਪਿੱਛੋਂ ਵਾਪਰੀਆਂ, ਜਿਵੇਂ ਬਗ਼ਾਵਤਾਂ, ਸਿੱਖੀ ਵਿਰੋਧੀ ਹਿੰਸਾ ਤੇ ਫ਼ੌਜ ਵੱਲੋਂ ਆਤੰਕਵਾਦੀਆਂ ਵਿਰੁੱਧ ਮੁਹਿੰਮ। ਤਿੰਨ ਮੁਖ ਸੁਆਲ ਜਿਹੜੇ ਜੂਨ 1984 ਵਿੱਚ ਅਣਸੁਲਝੇ

ਰਹਿ ਗਏ ਸਨ—ਉਹ ਸਨ ਚੰਡੀਗੜ੍ਹ, ਦਰਿਆਈ ਪਾਣੀ ਤੇ ਆਨੰਦਪੁਰ ਸਾਹਿਬ ਦਾ ਮਤਾ।

ਰਾਜੀਵ ਗਾਂਧੀ ਨੇ ਚੰਡੀਗੜ੍ਹ ਪੰਜਾਬ ਨੂੰ ਦੇ ਦਿੱਤਾ ਤੇ ਸੀਮਾ ਦੇ ਝਗੜੇ ਦੇ ਨਿਪਟਾਰੇ ਲਈ ਕਮਿਸ਼ਨ ਕਾਇਮ ਕਰ ਦਿੱਤਾ। ਕਮਿਸ਼ਨ ਦੀਆਂ ਸ਼ਰਤਾਂ ਐਸੀਆਂ ਸਨ ਜਿਨ੍ਹਾਂ ਕਾਰਨ ਅਬੋਹਰ ਤੇ ਫ਼ਾਜ਼ਿਲਕਾ ਹਰਿਆਣੇ ਨੂੰ ਜਾਣੇ ਸੱਚਮੁੱਚ ਹੀ ਅਸੰਭਵ ਹੋ ਗਏ। ਇਹੋ ਵਾਸਤਵ ਵਿੱਚ ਸ੍ਰੀਮਤੀ ਗਾਂਧੀ ਦੀ ਆਖ਼ਰੀ ਪੇਸ਼ਕਸ਼ ਸੀ ਪਰ ਹੁਣ ਸਮਝੌਤਾ ਹੋਣ ਵਿੱਚ ਬਹੁਤ ਦੇਰ ਹੋ ਗਈ ਸੀ ਕਿਉਂਕਿ ਭਿੰਡਰਾਂਵਾਲਾ ਇਸ ਗੱਲ 'ਤੇ ਅੜਿਆ ਹੋਇਆ ਸੀ ਕਿ ਅਨੰਦਪੁਰ ਸਾਹਿਬ ਦਾ ਮਤਾ ਪੂਰਨ ਰੂਪ ਵਿੱਚ ਲਾਗੂ ਕੀਤਾ ਜਾਵੇ। ਰਾਜੀਵ ਗਾਂਧੀ ਇਹ ਮਤਾ ਕੇਂਦਰ ਰਾਜ ਸੰਬੰਧਾਂ ਦੇ ਸੰਦਰਭ ਵਿੱਚ ਉਸਦੀ ਮਾਂ ਵੱਲੋਂ ਸਥਾਪਤ ਇਕ ਪੁਰਖੇ ਕਮਿਸ਼ਨ ਕੋਲ ਭੇਜਣ ਲਈ ਸਹਿਮਤ ਹੋ ਗਿਆ। ਅਕਾਲੀਆਂ ਨੇ ਇਹ ਉਸ ਸਮੇਂ ਵੀ ਪ੍ਰਵਾਨ ਕਰ ਲੈਣਾ ਸੀ ਜੇ ਸ੍ਰੀਮਤੀ ਗਾਂਧੀ ਉਹਨਾਂ ਦੀ ਚੰਡੀਗੜ੍ਹ ਤੇ ਦਰਿਆਈ ਪਾਣੀਆਂ ਦੀ ਮੰਗ ਮੰਨ ਲੈਂਦੀ। ਦਰਿਆਈ ਪਾਣੀ ਦਾ ਮਸਲਾ ਵੀ ਉਹਨਾਂ ਸ਼ਰਤਾਂ 'ਤੇ ਹੱਲ ਕਰ ਲਿਆ ਗਿਆ ਜਿਵੇਂ ਸ਼੍ਰੀਮਤੀ ਗਾਂਧੀ ਸਮੇਂ ਅਕਾਲੀਆਂ ਨੇ ਪ੍ਰਵਾਨ ਕੀਤਾ ਸੀ। ਪੰਜਾਬ ਨੂੰ ਆਪਣੇ ਹਿੱਸੇ ਦਾ ਪਾਣੀ ਉਸ ਸਮੇਂ ਤੱਕ ਮਿਲਦਾ ਰਹਿਣਾ ਸੀ ਜਦ ਤੱਕ ਇਕ ਪੁਰਖਾ ਕਮਿਸ਼ਨ ਪਾਣੀ ਦੀ ਸਥਾਈ ਵੰਡ ਦਾ ਨਿਰਣਾ ਨਾ ਦੇ ਦਿੰਦਾ। ਸੋ ਅੰਤ ਵਿੱਚ ਗੱਲ ਚੰਡੀਗੜ੍ਹ ਦੀ ਸਮੱਸਿਆ ਦੀ ਹੀ ਸੀ। ਦੂਸਰੀਆਂ ਸਮੱਸਿਆਵਾਂ ਤਾਂ ਜਿਵੇਂ ਨੀਲਾ ਤਾਰਾ ਸਾਕਾ ਤੋਂ ਤਿੰਨ ਮਹੀਨੇ ਪਹਿਲਾਂ ਕਿਹਾ ਗਿਆ ਸੀ, ਕਮਿਸ਼ਨ ਵਾਸਤੇ ਹੀ ਸਨ। ਸ੍ਰੀਮਤੀ ਗਾਂਧੀ ਦਾ ਦੁਖਾਂਤ ਸੀ ਕਿ ਉਸ ਨੂੰ ਅਫ਼ਸਰਸ਼ਾਹ ਸਲਾਹ ਤੇ ਅਗਵਾਈ ਦਿੰਦੇ ਸਨ ਜਿਨ੍ਹਾਂ ਨੂੰ ਉਹੋ ਜਿਹੀ ਸਪੱਸ਼ਟ ਗੱਲ ਦੀ ਸਮਝ ਹੀ ਨਹੀਂ ਸੀ।

ਨਵੀਂ ਸਰਕਾਰੀ ਪੱਖ ਦੀ ਤ੍ਰੈਮੂਰਤੀ ਦੀ ਸਭ ਤੋਂ ਵੱਡੀ ਸਫਲਤਾ ਬਾਤ-ਚੀਤ ਨੂੰ 'ਗੁਪਤ' ਰੱਖਣ ਵਿੱਚ ਸੀ। ਸ੍ਰੀਮਤੀ ਗਾਂਧੀ ਤਾਂ ਲੌਂਗੋਵਾਲ ਨੂੰ ਕੀਤਾ ਟੈਲੀਫ਼ੋਨ ਵੀ ਗੁਪਤ ਨਹੀਂ ਰੱਖ ਸਕੀ ਸੀ। ਉਸ ਦੇ ਸਮੇਂ ਤਾਂ ਗੁਪਤ ਗੱਲਾਂ ਨਸ਼ਰ ਹੋਣ ਤੇ ਖ਼ਿਆਲੀ ਕਹਾਣੀਆਂ ਜਾਂ ਅਫ਼ਵਾਹਾਂ ਅਫ਼ਸਰਸ਼ਾਹਾਂ ਤੇ ਸਿਆਸਤਦਾਨਾਂ ਵੱਲੋਂ ਅਖ਼ਬਾਰਾਂ ਵਿੱਚ ਛਪਵਾ ਦਿੱਤੀਆਂ ਜਾਂਦੀਆਂ ਤਾਂ ਕਿ ਜੋ ਇਸ ਸਮਝੌਤੇ ਨੂੰ ਉਹ ਪਸੰਦ ਨਹੀਂ ਕਰਦੇ ਸਨ, ਉਹ ਸਿਰੇ ਨਾ ਚੜ੍ਹਨ।

ਰਾਜੀਵ ਗਾਂਧੀ ਤੇ ਉਹਦੇ ਸਹਿਯੋਗੀ ਭੇਤ ਛੁਪਾ ਕੇ ਰੱਖਦੇ ਸਨ। ਵਿਸ਼ੇਸ਼ ਕਰਕੇ ਇਹ ਭੇਦ ਉਹਨਾਂ ਲੋਕਾਂ ਤੋਂ ਲੁਕਾ ਕੇ ਰੱਖਣੇ ਬਹੁਤ ਔਖੇ ਸਨ, ਜਿਨ੍ਹਾਂ ਦੇ ਪੰਜਾਬ ਨਾਲ ਸਿੱਧੇ ਹਿੱਤ ਜੁੜੇ ਹੋਏ ਸਨ। ਬਾਦਲ, ਟੌਹੜਾ, ਜ਼ੈਲ ਸਿੰਘ, ਦਰਬਾਰਾ ਸਿੰਘ ਤੇ ਭਜਨ ਲਾਲ ਸਭ ਸਰਗਰਮ ਸਿਆਸਤਦਾਨ ਸਨ ਤੇ ਉਹਨਾਂ ਦੇ ਪੰਜਾਬ ਤੇ ਕੇਂਦਰੀ ਸਰਕਾਰ ਦੀ ਅਫ਼ਸਰਸ਼ਾਹੀ ਨਾਲ ਸੰਪਰਕ ਸਨ ਪਰ ਹੁਣ ਉਹਨਾਂ ਦੇ ਸ੍ਰੋਤ ਸੁੱਕ ਚੁੱਕੇ ਸਨ।

ਦੋ ਅਕਾਲੀ ਨੇਤਾਵਾਂ ਨੂੰ ਜਦੋਂ ਸਮਝੌਤੇ ਦਾ ਪਤਾ ਲੱਗਾ ਤਾਂ ਉਹ ਬੜੇ ਬੇਚੈਨ ਹੋ ਉੱਠੇ। ਉਹਨਾਂ ਦੋਹਾਂ ਨੇ ਸਮਝੌਤਾ ਰੱਦ ਕਰ ਦਿੱਤਾ ਜਿਸ ਨੇ ਸਿੱਧ ਕਰ ਦਿੱਤਾ ਕਿ ਅਰਜਨ ਦਾ ਲੌਂਗੋਵਾਲ ਨਾਲ ਸਮਝੌਤਾ ਕਰਨ ਦਾ ਫ਼ੈਸਲਾ ਸਹੀ ਸੀ। ਭਜਨ ਲਾਲ ਆਪਣਾ ਗੁੱਸਾ ਪ੍ਰਗਟ ਨਾ ਕਰ ਸਕਿਆ ਜਦੋਂ ਉਸ ਨੂੰ ਕਿਹਾ ਗਿਆ ਕਿ ਉਹ ਉਹੋ ਸ਼ਰਤਾਂ ਪ੍ਰਵਾਨ ਕਰੇ ਜਿਨ੍ਹਾਂ ਨੂੰ ਉਹ ਹੁਣ ਤੱਕ ਰੱਦ ਕਰਦਾ ਰਿਹਾ ਸੀ। ਵਿਰੋਧੀ

ਪਾਰਟੀਆਂ ਨੇ ਉੱਚਿਤ ਸਮੇਂ ਤੇ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਲੰਮੀ ਸੂਚੀ ਪਕੜਾ ਦਿੱਤੀ, ਇਸ ਲਈ ਭਜਨ ਲਾਲ ਸਮਝੌਤੇ ਦਾ ਵਿਰੋਧ ਕਰਨ ਦੀ ਸਥਿਤੀ ਵਿੱਚ ਨਹੀਂ ਸੀ। ਜ਼ੈਲ ਸਿੰਘ ਪ੍ਰਧਾਨਗੀ ਦੌਰੇ ਕਾਰਨ ਦਿੱਲੀ ਤੋਂ ਬਾਹਰ ਸੀ ਜਦੋਂ ਉਸ ਨੂੰ ਇਹ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਤੇ ਲੌਂਗੋਵਾਲ ਵਿਚਕਾਰ ਮੁਲਾਕਾਤ ਹੋਣ ਵਾਲੀ ਸੀ। ਜਦ ਉਹ ਰਾਜਧਾਨੀ ਵਿੱਚ ਵੀ ਆ ਗਿਆ ਤਾਂ ਵੀ ਰਾਜੀਵ ਗਾਂਧੀ ਨੇ ਦਿੱਲੀ ਵਿੱਚ ਉਹਦੀ ਆਮਦ ਨੂੰ ਜਾਣ-ਬੁੱਝ ਕੇ ਅਣਗੌਲਿਆਂ ਕਰ ਦਿੱਤਾ। ਦਰਬਾਰਾ ਸਿੰਘ ਜੋ ਉਸ ਸਮੇਂ ਬੰਬਈ ਵਿੱਚ ਸੀ, ਉਸ ਬਾਰੇ ਵੀ ਕਿਸੇ ਨੇ ਨਾ ਸੋਚਿਆ।

ਜਦ ਰਾਜੀਵ ਗਾਂਧੀ ਨੇ ਤਾੜੀਆਂ ਮਾਰ ਰਹੇ ਲੋਕ ਸਭਾ ਦੇ ਮੈਂਬਰਾਂ ਸਾਹਮਣੇ ਸਮਝੌਤੇ ਦਾ ਐਲਾਨ ਕੀਤਾ ਤਾਂ ਉਸ ਕਿਹਾ, "ਮੈਨੂੰ ਉਮੀਦ ਹੈ ਕਿ ਇਹ ਸਮਝੌਤਾ ਮਿਲਜੁਲ ਕੇ ਮੁਲਕ ਦੀ ਉਸਾਰੀ, ਏਕਤਾ ਤੇ ਇਕਸੁਰਤਾ ਦਾ ਨਵੇਂ ਪੜਾਅ ਦਾ ਆਰੰਭ ਹੋਵੇਗਾ।" ਉਸ ਨੂੰ ਪਤਾ ਸੀ ਕਿ ਇਹ ਸਿੱਖਾਂ ਤੇ ਹਿੰਦੂਆਂ ਦੀ ਮਿੱਤਰਤਾ ਕਾਇਮ ਕਰਨ ਦੀ ਪ੍ਰਕਿਰਿਆ ਦਾ ਆਰੰਭ ਸੀ। ਉਹ ਇਹ ਵੀ ਜਾਣਦਾ ਸੀ ਕਿ ਭਾਰਤ ਦੇ ਦੂਸਰੇ ਫ਼ਿਰਕਿਆਂ ਨੂੰ ਇਕ-ਦੂਸਰੇ ਦੇ ਨੇੜੇ ਲਿਆਉਣ ਲਈ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਉਸ ਸਮੇਂ ਮਹਾਤਮਾ ਗਾਂਧੀ ਦੇ ਜਨਮ ਭੂਮੀ ਵਾਲੇ ਰਾਜ ਗੁਜਰਾਤ ਵਿੱਚ ਹਿੰਦੂ ਮੁਸਲਮਾਨ ਫ਼ਸਾਦ ਜਾਰੀ ਸਨ।

ਰਾਜੀਵ ਗਾਂਧੀ ਨੇ ਪੰਜਾਬ ਦਾ ਸਮਝੌਤਾ ਕਰਨ ਲਈ ਆਧੁਨਿਕ ਪ੍ਰਬੰਧਕੀ ਵਿਧੀਆਂ ਨੂੰ ਅਪਨਾਇਆ। ਉਸ ਨੇ ਛੋਟਾ ਕੇਂਦਰੀ ਦਲ ਕਾਇਮ ਕੀਤਾ ਤੇ ਜਾਣਕਾਰੀ ਲੈ ਕੇ ਆਪਣੇ ਮਨ ਵਿੱਚ ਸਥਿਤੀ ਘੋਖੀ ਤੇ ਭੇਤ ਗੁਪਤ ਰੱਖਣ ਲਈ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦਸਤਾਵੇਜ਼ ਸਿਰਫ਼ ਉਹ ਲੋਕ ਹੀ ਪੜ੍ਹਨ ਜਿਨ੍ਹਾਂ ਨੂੰ ਇਹ ਪੜ੍ਹਨੇ ਚਾਹੀਦੇ ਹਨ। ਉਹ ਅਫ਼ਵਾਹਾਂ ਜੋ ਸ੍ਰੀਮਤੀ ਗਾਂਧੀ ਦੇ ਦਰਬਾਰ ਦੇ ਚੱਕਰ ਲਾਇਆ ਕਰਦੀਆਂ ਸਨ, ਉਹਨਾਂ ਨੂੰ ਪਾਸੇ ਰੱਖਿਆ ਗਿਆ। ਅਕਾਲੀ ਸਮਝੌਤੇ ਸਮੇਂ ਇਹ ਨਵਾਂ ਢੰਗ ਕਾਫ਼ੀ ਲਾਭਕਾਰੀ ਰਿਹਾ। ਕੀ ਇਹ ਢੰਗ ਦੂਸਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਰਤਿਆ ਜਾਵੇਗਾ ਜੋ ਸਿੱਖ ਵਿਦਰੋਹ ਦਾ ਕਾਰਨ ਸਨ ਜਾਂ ਭਾਰਤ ਦੇ ਦੂਸਰੇ ਭਾਗਾਂ ਵਿੱਚ ਸੰਪ੍ਰਦਾਇਕ ਤਨਾਅ ਨੂੰ ਦੂਰ ਕਰਨ ਲਈ ਇਹ ਢੰਗ ਵਰਤਿਆ ਜਾਵੇਗਾ?

ਵਰਤਮਾਨ ਭਾਰਤ ਵਿੱਚ ਸੰਪ੍ਰਦਾਇਕ ਤਣਾਅ ਵੱਧ ਰਹੀਆਂ ਆਸ਼ਾਵਾਂ ਕਾਰਨ ਪੈਦਾ ਹੁੰਦਾ ਹੈ। ਇਹ ਦੇਸ਼ ਦੇ ਅਮੀਰ ਤੇ ਅਗਾਂਹਵਧੂ ਭਾਗਾਂ ਵਿੱਚ ਇਕ ਬਹੁਤ ਭਿਆਨਕ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਆਰਥਿਕ ਵਿਕਾਸ ਭਾਰਤ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ। ਗੁਜਰਾਤ ਤੇ ਪੰਜਾਬ ਦੋਵੇਂ ਆਧੁਨਿਕ ਤੇ ਵਿਕਸਿਤ ਪ੍ਰਾਂਤ ਹਨ ਤੇ ਉਹਨਾਂ ਵਿੱਚ ਹੀ ਧਾਰਮਿਕ ਜਨੂਨ ਤੇ ਸੰਪ੍ਰਦਾਇਕਤਾ ਦੀਆਂ ਘਟਨਾਵਾਂ ਵਾਪਰੀਆਂ ਜਦੋਂ ਕਿ ਇਹ ਸਥਿਤੀ ਆਰਥਿਕ ਤੌਰ 'ਤੇ ਪਿਛੜੇ ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਰਾਜਾਂ ਵਿੱਚ ਨਹੀਂ ਸੀ। ਉਹਨਾਂ ਖੇਤਰਾਂ ਦੇ ਗ਼ਰੀਬਾਂ ਨੇ ਆਪਣੇ ਆਲੇ-ਦੁਆਲੇ ਵਿੱਚ ਕੋਈ ਤਬਦੀਲੀ ਨਹੀਂ ਦੇਖੀ, ਇਸੇ ਕਾਰਨ ਉਹਨਾਂ ਨੂੰ ਚੰਗੇਰੀ ਜ਼ਿੰਦਗੀ ਦੀ ਕੋਈ ਆਸ ਹੀ ਨਹੀਂ। ਪੰਜਾਬੀਆਂ ਤੇ ਗੁਜਰਾਤੀਆਂ ਨੇ ਸ਼ਾਨਦਾਰ ਵਿਕਾਸ ਦੇਖਿਆ ਹੈ। ਉਹਨਾਂ 'ਚੋਂ ਕਈ ਲੋਕ ਨਿਰਾਸ਼ ਹਨ ਕਿ ਉਹਨਾਂ ਨੂੰ ਉਸ ਵਿਕਾਸ ਦਾ ਕੋਈ ਲਾਭ ਨਹੀਂ ਮਿਲਿਆ।

ਦੂਸਰੇ ਤਾਂ ਇਸ ਕਾਰਨ ਨਿਰਾਸ਼ ਹਨ ਕਿ ਧਨ ਦੇ ਪ੍ਰੰਪਰਾਗਤ ਸੋਮੇ ਉਹਨਾਂ ਦੇ ਹੱਥੋਂ ਨਿਕਲਦੇ ਜਾ ਰਹੇ ਹਨ। ਵੀਹਵੀਂ ਸਦੀ ਦੇ ਵਿਕਾਸ ਮੁਖੀ ਸਰਮਾਏਦਾਰੀ, ਸਮਾਜਵਾਦ ਤੇ ਸਾਮਵਾਦ ਦੇ ਸਿਧਾਂਤ ਭਾਰਤ ਵਿੱਚ ਕਾਗ਼ਜ਼ਾਂ ਵਿੱਚ ਹੀ ਹਨ ਭਾਵ ਨਾਮ ਮਾਤ੍ਰ ਹਨ। ਉਹਨਾਂ ਨੇ ਕੋਈ ਸਿਆਸੀ ਸਰੂਪ ਨਹੀਂ ਧਾਰਿਆ। ਇਸ ਲਈ ਜਿਹੜੇ ਲੋਕ ਆਪਣੇ ਪ੍ਰੰਪਰਾਗਤ ਅਧਿਕਾਰਾਂ ਦੇ ਖੁਸ ਜਾਣ ਤੋਂ ਡਰਦੇ ਹਨ ਤੇ ਜਿਹੜੇ ਚੰਗੇਰੇ ਜੀਵਨ ਦੀ ਉਮੀਦ ਪੂਰੀ ਨਾ ਹੋਣ ਕਾਰਨ ਨਿਰਾਸ਼ ਹੋ ਗਏ ਹਨ, ਉਹ ਭਾਰਤੀ ਸਮਾਜ ਵਿੱਚ ਜ਼ਾਤ, ਧਰਮ ਦੀ ਟੇਕ ਲੈ ਕੇ ਆਪਣੀਆਂ ਲੜਾਈਆਂ ਲੜਦੇ ਹਨ।

ਰਾਜੀਵ ਗਾਂਧੀ ਦਾ ਪੰਜਾਬ ਸਮੱਸਿਆ ਦੇ ਰਾਜਸੀ ਹੱਲ ਲਈ ਪੂਰੀ ਤਰ੍ਹਾਂ ਸਮਰਪਿਤ ਹੋਣ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਅਨੁਭਵ ਕਰ ਲਿਆ ਸੀ ਕਿ ਫ਼ੌਜ ਤੇ ਪੁਲਿਸ ਸੰਪ੍ਰਦਾਇਕ ਝਗੜੇ ਨੂੰ ਹੱਲ ਨਹੀਂ ਕਰ ਸਕਦੇ। ਉਸ ਨੇ ਅਨੁਭਵ ਕੀਤਾ ਕਿ ਪੰਜਾਬ ਸਮੱਸਿਆ ਹੱਲ ਕਰਨ ਲਈ ਸਿਆਸੀ ਸਾਹਸ ਦੀ ਜ਼ਰੂਰਤ ਸੀ। ਉਸ ਨੇ ਇਹ ਮਹਿਸੂਸ ਕੀਤਾ ਕਿ ਇਸ ਦੇ ਪਿਛੋਕੜ ਦੇ ਕਾਰਨਾਂ ਨਾਲ ਨਜਿੱਠਣ ਤੇ ਉਹਨਾਂ ਨੂੰ ਦੂਰ ਕਰਨ ਲਈ ਵੱਖਰੀ ਕਿਸਮ ਦੀ ਦ੍ਰਿੜ੍ਹਤਾ ਤੇ ਹੌਸਲੇ ਦੀ ਜ਼ਰੂਰਤ ਸੀ। ਉਸ ਲਈ ਉਸ ਨੂੰ ਭਾਰਤੀ ਜੀਵਨ ਦੇ ਹਰ ਪਹਿਲੂ ਦਾ ਆਧੁਨਿਕੀਕਰਨ ਕਰਨਾ ਪਵੇਗਾ ਤੇ ਇਹ ਵੀ ਦੇਖਣਾ ਹੋਵੇਗਾ ਕਿ ਇਸ ਅਮਲ ਵਿੱਚ ਮੁਲਕ ਨੂੰ ਕੋਈ ਖ਼ਤਰਾ ਨਾ ਹੋਵੇ। ਉਸ ਨੂੰ ਕਾਂਗਰਸ ਦੀ ਪੁਨਰ-ਸੁਰਜੀਤੀ ਕਰਨੀ ਹੋਵੇਗੀ ਤੇ ਇਸ ਨੂੰ ਸਹੀ ਤਰ੍ਹਾਂ ਪੂਰੀ ਧਰਮ ਨਿਰਪੇਖ ਪਾਰਟੀ ਬਣਾਉਣਾ ਹੋਵੇਗਾ ਪ੍ਰੰਤੂ ਇਸ ਦੀ ਸਮਾਜਿਕ ਤੇ ਆਰਥਿਕ ਨੀਤੀਆਂ ਵੀ ਆਧੁਨਿਕ ਲੀਹਾਂ 'ਤੇ ਬਣਾਉਣੀਆਂ ਪੈਣਗੀਆਂ। ਉਸ ਨੂੰ ਮੁਫ਼ਤ ਖ਼ੋਰੀਆਂ ਜਮਾਤਾਂ ਜਿਵੇਂ ਸਿਆਸਤਦਾਨਾਂ, ਅਫ਼ਸਰਸ਼ਾਹਾਂ ਤੇ ਠੇਕੇਦਾਰਾਂ, ਜੋ ਭਾਰਤੀ ਆਰਥਿਕਤਾ ਦਾ ਲਹੂ ਨਿਚੋੜੀ ਜਾ ਰਹੀਆਂ ਹਨ, ਉਹਨਾਂ ਦੀ ਜਕੜ ਪਕੜ ਖ਼ਤਮ ਕਰਨੀ ਹੋਵੇਗੀ। ਇਸ ਦਾ ਮਤਲਬ ਹੈ ਕਿ ਉਹ ਸਭ ਆਰਥਿਕ ਪਾਬੰਦੀਆਂ ਖ਼ਤਮ ਕਰਨੀਆਂ ਹੋਣਗੀਆਂ ਜੋ ਉਹ ਆਪਣੇ ਹਿੱਤਾਂ ਲਈ ਵਰਤਦੇ ਰਹੇ ਹਨ। ਉਸ ਨੂੰ ਉਖੜਿਆ ਹੋਇਆ ਥੋਥਾ ਪ੍ਰਬੰਧਕੀ ਤੰਤਰ ਨਵਿਆਉਣਾ ਹੋਵੇਗਾ, ਆਧੁਨਿਕ ਸੰਸਥਾਵਾਂ ਸਥਾਪਤ ਕਰਨੀਆਂ ਹੋਣਗੀਆਂ ਜਿਨ੍ਹਾਂ ਨਾਲ ਸਿੱਖਿਆ, ਘਰ, ਸਿਹਤ ਤੇ ਉੱਚਿਤ ਵਾਤਾਵਰਣ ਸੇਵਾਵਾਂ ਦੀ ਲੋੜ ਹੋਵੇਗੀ ਤਾਂ ਜੋ ਉਹਨਾਂ ਭਾਰਤੀਆਂ ਦੇ ਜੀਵਨ ਵਿੱਚ ਤਬਦੀਲੀ ਲਿਆਂਦੀ ਜਾ ਸਕੇ ਜੋ ਝੁਗੀਆਂ ਝੌਂਪੜੀਆਂ ਤੇ ਗੰਦੀਆਂ ਬਸਤੀਆਂ ਅਤੇ ਦੂਰ ਦੁਰਾਡੇ ਪਿਛੜੇ ਪਿੰਡਾਂ ਵਿੱਚ ਰਹਿੰਦੇ ਹਨ। ਇਸ ਗੱਲ ਵਿੱਚ ਸੰਦੇਹ ਨਹੀਂ ਕਿ ਰਾਜੀਵ ਗਾਂਧੀ ਭਾਰਤ ਦੇ ਆਧੁਨਕੀਕਰਨ ਲਈ ਵਚਨਬੱਧ ਹੈ। ਉਸ ਨੇ ਅਕਾਲੀਆਂ ਨਾਲ ਛੇਤੀ ਤੇ ਯੋਗਤਾ ਨਾਲ ਮਤਭੇਦ ਦੂਰ ਕਰਕੇ ਚੰਗੀ ਸ਼ੁਰੂਆਤ ਕੀਤੀ ਹੈ, ਪਰ ਇਹ ਤਾਂ ਇਕ ਛੋਟਾ ਜਿਹਾ ਕਦਮ ਹੈ, ਨਿਗੂਣੀ ਜਿਹੀ ਸ਼ੁਰੂਆਤ ਹੈ।

ਵਿਆਖਿਆਮਈ ਸੰਕੇਤ

1. **ਇਕ ਪ੍ਰਧਾਨ ਮੰਤਰੀ ਦੀ ਹੱਤਿਆ**
   (1) ਐਮ. ਜੇ ਅਕਬਰ, ਸੰਪਾਦਕ ਸੰਡੇ ਮੈਗਜ਼ੀਨ, ਕਲਕੱਤਾ, ਮਾਰਚ 10-16, 1983 ਨਾਲ ਮੁਲਾਕਾਤ।
   (2) ਉਹੀ।
   (3) ਐਮ.ਜੇ. ਅਕਬਰ, ਦੀ ਸੀਜ਼ ਵਿਧ ਇਨ, ਪੈਂਗੁਇਨ ਬੁਕਸ, ਹਾਰਮੌਂਡਸਵਰਥ, 1985, ਪੰਨਾ 197.
2. **ਦੀ ਸਿੱਖਸ**
   (1) ਐਮ.ਏ. ਮੈਕਾਲਿਫ਼, ਦੀ ਸਿੱਖ ਰਿਲੀਜਨ, ਪੈਂਫ਼ਲਿਟ, ਲੰਡਨ, 1910, ਪੰਨਾ 60.
   (2) ਐਚ. ਬੀਵਰਿਜ (ਸੰ:) ਤੁਜ਼ਕਿ-ਜਹਾਂਗੀਰੀ ਜਾਂ ਜਹਾਂਗੀਰ ਦੀਆਂ ਯਾਦਾਂ ਦਾ ਅਨੁਵਾਦ ਵੱਲੋਂ ਏ. ਰੋਜਰਜ਼, ਰੋਇਲ ਏਸ਼ੀਐਟਿਕ ਸੁਸਾਇਟੀ, ਲੰਡਨ, 1909, ਜਿਲਦ -1, ਪੰਨਾ 72.
   (3) ਸੀਤਾ ਰਾਮ ਕੋਹਲੀ, ਦੀ ਆਰਮੀ ਔਫ ਮਹਾਰਾਜਾ ਰਣਜੀਤ ਸਿੰਘ, ਜਰਨਲ ਔਫ ਇੰਡੀਅਨ ਹਿਸਟਰੀ, ਜਿਲਦ-1, 1921-22. ਵਿਭਾਗ, ਨਵੀਨ ਭਾਰਤੀ ਇਤਿਹਾਸ, ਅਲਾਹਬਾਦ ਯੂਨੀਵਰਸਿਟੀ, ਲੰਡਨ 'ਚੋਂ ਛਪੀ।
   (4) ਵਿਲੀਅਮ ਫ਼ਰੈਂਕਲਿਨ, ਜਾਰਜ ਥਾਮਸ ਦੀਆਂ ਸੈਨਕ ਯਾਦਾਂ, ਲੇਖਕ ਲਈ ਛਾਪੀਆਂ ਹਰਕਾਰੂ ਪ੍ਰੈੱਸ, ਕਲਕੱਤਾ, 1803, ਪੰਨੇ 71-73.
   (5) ਲਾਰਡ ਵਿਲੀਅਮ ਗੋਲਡਵਿਨ ਓਸਬਰਨ, ਰਣਜੀਤ ਸਿੰਘ ਦਾ ਦਰਬਾਰ ਤੇ ਕੈਂਪ, ਹੈਨਰੀ ਕੋਲਬਰੁਕ, ਲੰਡਨ, 1840, ਪੰਨਾ 72.
   (6) ਐਮਿਲੀ ਈਡਨ, ਉੱਤਰੀ ਮੁਲਕ ਵਿੱਚ, ਕਰਜ਼ਨ ਪ੍ਰੈੱਸ ਲੰਡਨ, 1978, ਇਹ ਸੰਸਕਰਨ ਪਹਿਲਾ 1930 ਵਿੱਚ ਪਹਿਲਾਂ ਔਕਸਫ਼ੋਰਡ ਯੂਨੀਵਰਸਿਟੀ ਪ੍ਰੈਸ ਨੇ ਛਾਪਿਆ ਸੀ, ਪੰਨਾ 200.
   (7) ਉਹੀ, ਪੰਨਾ 218.
   (8) ਫ਼ਿਲਪ ਮੇਸਨ, ਇੱਜ਼ਤ ਦੀ ਗੱਲ, ਭਾਰਤੀ ਸੈਨਾ ਦਾ ਵੇਰਵਾ, ਇਸਦੇ ਅਫ਼ਸਰ ਤੇ ਜਵਾਨ, ਜੋਨਾਥਨ ਕੇਪ, ਲੰਡਨ 1974, ਪੰਨਾ 236.
   (9) ਫ਼ਰੈਡਰਿਕ ਕੂਪਰ, ਪੰਜਾਬ ਦਾ ਸੰਕਟ, ਸਮਿੱਥ, ਲੰਡਨ, 1858, ਪੰਨਾ 21-2.
   (10) ਖੁਸ਼ਵੰਤ ਸਿੰਘ, ਸਿੱਖ ਇਤਿਹਾਸ, ਜਿਲਦ-2, 1839-1974, ਪ੍ਰਿਨਸਟਨ ਯੂਨੀਵਰਸਿਟੀ ਪ੍ਰੈੱਸ, ਪ੍ਰਿਨਸਟਨ, 1966. ਭਾਰਤੀ

ਸੰਸਕਰਨ, ਔਕਸਫ਼ੋਰਡ ਯੂਨੀਵਰਸਿਟੀ ਪ੍ਰੈਸ, ਔਕਸਫ਼ੋਰਡ, 1977, ਪੰਨਾ 112-13 .

(11) ਉਹੀ, ਪੰਨਾ 160.

(12) ਮੁਹਿੰਦਰ ਸਿੰਘ, ਅਕਾਲੀ ਲਹਿਰ, ਮੈਕਮਿਲਨ, ਦਿੱਲੀ, 1978, ਪੰਨਾ 14.

(13) ਉਹੀ, ਪੰਨਾ 20.

(14) ਰੈਵਰਿੰਡ ਐਂਡਰਿਊਜ਼, ਮਾਨਚੈਸਟਰ ਗਾਰਡੀਅਨ ਵਿੱਚ ਛਪੇ ਲੇਖ, 15 ਫ਼ਰਵਰੀ ਤੇ 24 ਫ਼ਰਵਰੀ 1924 ਨੂੰ।

(15) ਜਵਾਹਰ ਲਾਲ ਨਹਿਰੂ, ਸਵੈ-ਜੀਵਨੀ। ਇਹ ਸੰਸਕਰਨ ਜਵਾਹਰ ਲਾਲ ਨਹਿਰੂ ਯਾਦਗਾਰੀ ਫਾਊਂਡੇਸ਼ਨ ਦਿੱਲੀ ਨੇ 1980 ਵਿੱਚ ਛਾਪਿਆ, ਪੰਨਾ 175-6.

(16) ਫ਼ਿਲਿਪ ਮੇਸਨ, ਪਹਿਲਾਂ ਲਿਖਿਆ, ਪੰਨਾ 514

3. ਸਿੱਖਾਂ ਦੀਆਂ ਸ਼ਿਕਾਇਤਾਂ

(1) ਅਜੀਤ ਸਿੰਘ ਸਰਹੱਦੀ, ਪੰਜਾਬੀ ਸੂਬਾ, ਅਤਰ ਚੰਦ ਕਪੂਰ ਐਂਡ ਸੰਨਜ਼, 1970, ਪੰਨਾ 327.

(2) ਨੌਰਮਾ ਐਵਨਸਨ, ਚੰਡੀਗੜ੍ਹ, ਕੈਲੇਫ਼ੋਰਨੀਆ ਯੂਨੀਵਰਸਿਟੀ ਪ੍ਰੈਸ, ਬਰਕਲੇ ਤੇ ਲਾਸ ਏਂਜਲਜ਼ 1966, ਪੰਨਾ 93.

4. ਭਿੰਡਰਾਂਵਾਲੇ ਦੀ ਗ੍ਰਿਫ਼ਤਾਰੀ

(1) ਖ਼ੁਸ਼ਵੰਤ ਸਿੰਘ ਤੇ ਕੁਲਦੀਪ ਨੱਯਰ, ਪੰਜਾਬ ਦਾ ਦੁਖਾਂਤ—ਨੀਲਾ ਤਾਰਾ ਸਾਕਾ ਤੇ ਉਸ ਤੋਂ ਬਾਅਦ, ਵਿਜ਼ਨ ਬੁਕਸ, 1984, ਪੰਨਾ 24.

(2) ਸੰਡੇ ਮੈਗਜ਼ੀਨ, ਕਲਕੱਤਾ, 8 ਤੋਂ 11 ਅਗਸਤ, 1982, ਪੰਨਾ 39.

(3) ਪਰਮੋਦ ਕੁਮਾਰ, ਮਨਮੋਹਨ ਸ਼ਰਮਾ, ਅਤੁੱਲ ਸੂਦ ਤੇ ਅਸ਼ਵਨੀ ਹਾਂਡਾ, ਪੰਜਾਬ ਸੰਕਟ, ਪ੍ਰਸੰਗ ਤੇ ਝੁਕਾਅ ਪੇਂਡੂ ਤੇ ਉਦਯੋਗਿਕ ਵਿਕਾਸ ਦੀ ਖੋਜ ਲਈ ਕੇਂਦਰ, ਚੰਡੀਗੜ੍ਹ, 1984.

5. ਸਿੱਖਾਂ ਨਾਲ ਸਮਝੌਤੇ ਲਈ ਸ੍ਰੀਮਤੀ ਗਾਂਧੀ ਦੇ ਯਤਨ

(1) ਖ਼ੁਸ਼ਵੰਤ ਸਿੰਘ ਤੇ ਕੁਲਦੀਪ ਨੱਯਰ, ਪੰਜਾਬ ਦਾ ਦੁਖਾਂਤ; ਨੀਲਾ ਤਾਰਾ ਸਾਕਾ ਤੇ ਉਸ ਤੋਂ ਬਾਅਦ, ਵਿਜ਼ਨ ਬੁਕਸ, 1984, ਪੰਨਾ 38.

(2) ਉਹੀ, ਪੰਨਾ 50.

(3) ਅਮਰਜੀਤ ਕੌਰ, ਅਰੁਣ ਸ਼ੋਰੀ, ਲੈਫ਼. ਜਨਰਲ ਜਗਜੀਤ ਸਿੰਘ ਅਰੋੜਾ, ਖ਼ੁਸ਼ਵੰਤ ਸਿੰਘ ਆਦਿ, ਪੰਜਾਬ ਦੀ ਕਹਾਣੀ, ਰੋਲੀ ਬੁਕਸ ਇੰਟਰਨੈਸ਼ਨਲ, ਦਿੱਲੀ, 1984, ਪੰਨਾ 17.

6. ਏਸ਼ੀਆਈ ਖੇਡਾਂ ਤੇ ਉਹਨਾਂ ਦੇ ਪਰਿਣਾਮ

(1) ਇੰਡੀਅਨ ਐਕਸਪ੍ਰੈੱਸ, ਦਿੱਲੀ, 17 ਨਵੰਬਰ 1982.

(2) ਅਮਰਜੀਤ ਕੌਰ, ਅਰੁਣ ਸ਼ੌਰੀ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ ਆਦਿ, ਦੀ ਪੰਜਾਬ ਸਟੋਰੀ, ਰੋਲੀ ਬੁਕਸ ਇੰਟਰਨੈਸ਼ਨਲ, ਦਿੱਲੀ, 1984, ਪੰਨਾ 98.

(3) ਦੀ ਇਲਸਟਰੇਟਿਡ ਵੀਕਲੀ ਔਫ਼ ਇੰਡੀਆ, ਬੰਬਈ, 10 ਅਪ੍ਰੈਲ 1983.

7. **ਦੋ ਕਰੂਰ ਹੱਤਿਆਵਾਂ—ਸ੍ਰੀਮਤੀ ਗਾਂਧੀ ਵੱਲੋਂ ਕਾਰਵਾਈ**

(1) ਅਮਰਜੀਤ ਕੌਰ, ਅਰੁਣ ਸ਼ੌਰੀ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ ਆਦਿ, ਦੀ ਪੰਜਾਬ ਸਟੋਰੀ, ਰੋਲੀ ਬੁਕਸ, ਇੰਟਰਨੈਸ਼ਨਲ, ਦਿੱਲੀ, 1984, ਪੰਨਾ 39.

8. **ਭਾਰਤ ਵਿੱਚ ਪ੍ਰਧਾਨਗੀ ਰਾਜ**

(1) ਐਮ.ਜੇ. ਅਕਬਰ, ਭਾਰਤ, ਅੰਦਰੋਂ ਨਾਕਾਬੰਦੀ, ਪੈਂਗੁਇਨ ਬੁਕਸ, ਹਰਮੌਂਡਸਵਰਥ, 1985, ਪੰਨਾ 196.

9. **ਨੀਲਾ ਤਾਰਾ ਸਾਕਾ**

(1) ਡੀ. ਆਰ. ਮਾਨਕੇਕਰ, 22 ਤਬਾਹਕਾਰੀ ਦਿਨ ਇਹ ਸੰਸਕਰਨ ਦੀਪ ਐਂਡ ਦੀਪ ਦਿੱਲੀ ਨੇ 1968 ਨੂੰ ਛਾਪਿਆ, ਪੰਨਾ 73-4.

(2) ਅਮਰਜੀਤ ਕੌਰ, ਅਰੁਣ ਸ਼ੌਰੀ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ, ਆਦਿ ਪੰਜਾਬ ਕਹਾਣੀ (ਦੀ ਪੰਜਾਬ ਸਟੋਰੀ), ਰੋਲੀ ਬੁਕਸ ਇੰਟਰਨੈਸ਼ਨਲ, ਦਿੱਲੀ, 1984, ਪੰਨਾ 13.

(3) ਜਨਤਾ ਵੀਕਲੀ, ਬੰਬਈ, 23 ਸਤੰਬਰ 1984.

10. **ਸਵਰਨ ਮੰਦਰ, 6 ਜੂਨ**

(1) ਅਮਰਜੀਤ ਕੌਰ, ਅਰੁਣ ਸ਼ੌਰੀ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ ਆਦਿ। ਦੀ ਪੰਜਾਬ ਸਟੋਰੀ, ਰੋਲੀ ਬੁਕਸ, ਇੰਟਰਨੈਸ਼ਨਲ, ਦਿੱਲੀ, 1984, ਪੰਨਾ 28.

11. **ਸਿੱਟੇ**

(1) ਅਮਰਜੀਤ ਕੌਰ, ਅਰੁਣ ਸ਼ੌਰੀ, ਲੈਫ. ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ ਆਦਿ, ਦੀ ਪੰਜਾਬ ਸਟੋਰੀ, ਰੋਲੀ ਬੁਕਸ, ਇੰਟਰਨੈਸ਼ਨਲ, ਦਿੱਲੀ, 1984, ਪੰਨਾ 28.

(2) ਇਲਸਟਰੇਟਿਡ ਵੀਕਲੀ ਔਫ਼ ਇੰਡੀਆ, ਬੰਬਈ, 22 ਜੁਲਾਈ, 1984.

(3) ਸ਼ੇਖਰ ਗੁਪਤਾ, ਅਰੁਣ ਸ਼ੌਰੀ, ਰਾਹੁਲ ਬੇਦੀ ਤੇ ਪਰਨਾਇ ਰੋਇ, ਕਤਲ ਤੇ ਉਸ ਦੇ ਬਾਅਦ, ਰੌਲੀ ਬੁਕਸ ਇੰਟਰਨੈਸ਼ਨਲ, ਦਿੱਲੀ, 1985, ਪੰਨਾ 27.

12. **ਨਿਸ਼ਕਰਸ਼**

ਜਨਰਲ ਔਫ਼ ਦੀ ਇੰਡੋ ਬ੍ਰਿਟਿਸ਼ ਹਿਸਟੋਰੀਕਲ ਸੁਸਾਇਟੀ, ਬੰਬਈ, ਦਸੰਬਰ 1984.

ਪੁਸਤਕ ਸੂਚੀ

(ਅੰਗਰੇਜ਼ੀ)

ਅਕਬਰ, ਐਮ.ਜੇ., ਇੰਡੀਆ : ਦੀ ਸੀਜ਼ ਵਿਦ ਇਨ, ਪੈਂਗੁਇਨ ਬੁਕਸ, ਹਰਮੋਂਡਸਵਰਥ, 1985.

ਐਨਨ, 'ਏ ਹੋਮੇਜ ਟੂ ਅੰਮ੍ਰਿਤਸਰ', ਮਾਰਗ ਜਿਲਦ-XXX ਅੰਕ 3, ਬੰਬੇ, ਜੂਨ 1977.

ਬਰਾਸ, ਪਾਲ, ਲੈਂਗੁਇਜ, ਰਿਲੀਜਨ ਐਂਡ ਪਾਲਿਟਿਕਸ ਇਨ ਨੌਰਥ ਇੰਡੀਆ, ਕੈਂਬਰਿਜ ਯੂਨੀਵਰਸਿਟੀ ਪ੍ਰੈਸ, ਕੈਂਬਰਿਜ, 1974.

ਕੋਲ, ਡਬਲਯੂ, ਐਚ.ਐਂਡ. ਸਹਿਬੀ, ਪਿਆਰਾ ਸਿੰਘ, ਦੀ ਸਿੱਖਸ : ਦੇਅਰ ਰਿਲੀਜੀਅਸ ਬੀਲੀਫਸ ਐਂਡ ਪ੍ਰੈਕਟਿਸਿਜ਼, ਰੂਟਲਿਜ ਐਂਡ ਕੇਗਲ ਪਾਲ, ਲੰਡਨ, 1978

ਕਨਿੰਘਮ, ਜੇ.ਡੀ. ਹਿਸਟਰੀ ਔਫ ਦੀ ਸਿਖਸ : ਫਰੌਮ ਦੀ ਉਰਿਜਨ ਔਫ ਦੀ ਨੇਸ਼ਨ ਟੂ ਦੀ ਬੈਟਲਜ਼ ਔਫ ਦੀ ਸਤਲੁਜ, ਜੌਨ ਮਰੇ, ਲੰਡਨ, 1849.

ਫਰੈਂਕਲ, ਫਰੈਨਸਾਈਨ ਆਰ., ਇੰਡੀਆਜ਼, ਪੁਲੀਟੀਕਲ ਇਕੌਨਮੀ, 1947-1977, ਪ੍ਰਿਨਸਟਨ ਯੂਨੀਵਰਸਿਟੀ ਪ੍ਰੈਸ, ਪ੍ਰਿਨਸਟਨ, 1978

ਗੁਲਾਟੀ, ਕੈਲਾਸ਼ ਚੰਦਰ, ਦੀ ਅਕਾਲੀਜ਼, ਪਾਸਟ ਐਂਡ ਪ੍ਰੈਜ਼ੰਟ, ਆਸ਼ਾ ਜਨਕ ਪਬਲੀਕੇਸ਼ਨਜ਼, ਦਿੱਲੀ, 1974.

ਚਾਂਦ ਜੋਸ਼ੀ, ਭਿੰਡਰਾਂਵਾਲਾ : ਮਿੱਥ ਐਂਡ ਰੀਅਲਟੀ, ਵਿਕਾਸ ਪਬਲਿਸ਼ਿੰਗ, ਦਿੱਲੀ, 1984.

ਅਮਰਜੀਤ ਕੌਰ, ਅਰੁਣ ਸ਼ੋਰੀ, ਲੈਫ਼ਃ ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ, ਐਮ.ਵੀ. ਕਾਮਥ; ਸ਼ੇਖਰ ਗੁਪਤਾ, ਸੁਭਾਸ਼ ਕਿਰਪੇਕਰ, ਸੁਨੀਲ ਐਂਡ ਤਵਲੀਨ ਸਿੰਘ, ਦੀ ਪੰਜਾਬ ਸਟੋਰੀ, ਰੋਲੀ ਬੁਕਸ ਇੰਟਰਨੈਸ਼ਨਲ, ਦਿੱਲੀ, 1984.

ਪ੍ਰਮੋਦ ਕੁਮਾਰ, ਮਨਮੋਹਨ ਸ਼ਰਮਾ, ਅਤੁਲ ਸੂਦ ਐਂਡ ਅਸ਼ਵਨੀ ਹਾਂਡਾ, ਪੰਜਾਬ ਕਰਾਈਸਿਸ, ਕਨਟੈਕਟਸ ਐਂਡ ਟਰੈਂਡਜ਼, ਸੈਂਟਰ ਫ਼ੋਰ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ, ਚੰਡੀਗੜ੍ਹ, 1984.

ਮੈਕਸ ਆਰਥਰ ਮੈਕਾਲਿਫ਼, ਦੀ ਸਿੱਖ ਰਿਲੀਜਨ, ਇਟਸ ਗੁਰੂਜ਼, ਸੇਕਰਡ ਰਾਈਟਿੰਗਜ਼ ਐਂਡ ਆਥਰਜ਼, ਕਲੇਰੰਡਨ ਪ੍ਰੈਸ, ਔਕਸਫ਼ੋਰਡ, 1909.

ਡਬਲਯੂ. ਐਚ. ਮੈਕਲਿਉਡ, ਗੁਰੂ ਨਾਨਕ ਐਂਡ ਦੀ ਸਿੱਖ ਰਿਲੀਜਨ, ਔਕਸਫ਼ੋਰਡ ਯੂਨੀਵਰਸਿਟੀ ਪ੍ਰੈਸ, ਔਕਸਫੋਰਡ, 1968.

ਜਰੀਰ ਮਸਾਨੀ, ਇੰਦਰਾ ਗਾਂਧੀ, ਏ ਬਾਇਓਗ੍ਰਾਫ਼ੀ, ਹਾਮਿਸ਼ ਹਾਮਿਲਟਨ, ਲੰਡਨ, 1975.

ਫਿਲਿਪ ਮੇਸਨ, ਏ ਮੈਟਰ ਔਫ਼ ਆਨਰ : ਐਨ ਅਕਾਊਂਟ ਔਫ਼ ਦੀ ਇੰਡੀਅਨ ਆਰਮੀ, ਇਟਸ ਔਫ਼ੀਸਰ ਐਂਡ ਮੈਨ, ਜੋਨਾਥਨ ਕੇਪ, ਲੰਡਨ, 1974.

ਡੌਮ ਮੋਰੇਸ, ਮਿਸਿਜ਼ ਗਾਂਧੀ, ਜੋਨਾਥਨ ਕੇਪ, ਲੰਡਨ, 1980.

ਕੁਲਦੀਪ ਨੱਯਰ ਐਂਡ ਖ਼ੁਸ਼ਵੰਤ ਸਿੰਘ, ਟਰੈਜਿਡੀ ਔਫ਼ ਪੰਜਾਬ : ਔਪਰੇਸ਼ਨ ਬਲਿਊ ਸਟਾਰ ਐਂਡ ਆਫ਼ਟਰ, ਵਿਜ਼ਨ ਬੁਕਸ, ਦਿੱਲੀ, 1984.

ਅਜੀਤ ਸਿੰਘ ਸਰਹੱਦੀ, ਪੰਜਾਬੀ ਸੂਬਾ, ਅਤਰ ਚੰਦ ਕਪੂਰ ਐਂਡ ਸਨਜ਼,ਦਿੱਲੀ, 1970.

ਹਰਬੰਸ ਸਿੰਘ, ਦੀ ਹੈਰੀਟੇਜ ਔਫ਼ ਦੀ ਸਿੱਖਸ, ਏਸ਼ੀਆ ਪਬਲਿਸ਼ਿਗ ਹਾਊਸ, ਨਿਊਯਾਰਕ, 1964.


ਖ਼ੁਸ਼ਵੰਤ ਸਿੰਘ, ਏ ਹਿਸਟਰੀ ਔਫ਼ ਦੀ ਸਿੱਖਸ, ਜਿਲਦ 1 ਤੇ 2 ਪ੍ਰਿਨਸਟਨ ਯੂਨੀਵਰਸਿਟੀ ਪ੍ਰੈਸ, ਪ੍ਰਿਨਸਟਨ ਜਿਲਦ 1, 1963, ਜਿਲਦ 2, 1966.

ਮੁਹਿੰਦਰ ਸਿੰਘ, ਦੀ ਅਕਾਲੀ ਮੂਵਮੈਂਟ, ਮੈਕਮਿਲਨ, ਦਿੱਲੀ, 1978.

ਹਰਕਿਸ਼ਨ ਸਿੰਘ ਸੁਰਜੀਤ, ਹੈਪਨਿੰਗਜ਼ ਇਨ ਪੰਜਾਬ, ਨੈਸ਼ਨਲ ਬੁੱਕ ਸੈਂਟਰ, ਦਿੱਲੀ, 1984.

ਵਾਈਟ ਪੇਪਰ ਔਨ ਦੀ ਪੰਜਾਬ ਐਜੀਟੇਸ਼ਨ, ਗੌਰਮਿੰਟ ਔਫ਼ ਇੰਡੀਆ, 10 ਜੂਨ 1984.

—



1 ਅਤੇ 2 ਸਵਰਨ ਮੰਦਿਰ ਅੰਮ੍ਰਿਤਸਰ ਦੇ ਦੋ ਦ੍ਰਿਸ਼ ਉੱਪਰ ਅਕਾਲ ਤਖ਼ਤ ਵਲੋਂ ਲੰਗਰ ਤੇ ਸਰਾਂ ਸਮੂਹ ਦਾ ਦ੍ਰਿਸ਼। ਹੇਠਾਂ ਪਵਿੱਤਰ ਸਰੋਵਰ ਉਦਾਲੇ ਪਰਿਕ੍ਰਮਾ ਤੇ ਨੇੜੇ ਦੀਆਂ ਇਮਾਰਤਾਂ ਜੋ ਸਮੂਹ ਤੋਂ ਬਾਹਰ ਸਨ ਤੇ ਜਿਹਨਾਂ ਕਾਰਨ ਸੈਨਾਂ ਦੀਆਂ ਔਕੜਾਂ ਵਧੀਆਂ।







3.–4. ਉੱਪਰ, ਅਕਾਲੀ ਤ੍ਰੈਮੂਰਤੀ ਦੀਆਂ ਦੋ ਸ਼ਖ਼ਸੀਅਤਾਂ ਖੱਬੇ ਪਾਸੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਰਧਾਨ ਗੁਰਚਰਨ ਸਿੰਘ ਟੌਹੜਾ ਅਤੇ ਹਰਚੰਦ ਸਿੰਘ ਲੌਂਗੋਵਾਲ

5. ਹੇਠਾਂ, ਨੀਲਾ ਤਾਰਾ ਸਾਕਾ ਦੇ ਦਿਨਾਂ ਤੋਂ ਪਹਿਲਾਂ ਅਕਾਲ ਤਖ਼ਤ ਮੰਦਰ ਸਮੂਹ ਵਿਚ ਸੈਨਾ ਦੀ ਕਾਰਵਾਈ ਸਮੇਂ, ਸੰਗਮਰਮਰੀ ਫ਼ਰਸ਼ ਦਾ ਵਿਹੜਾ "ਕਤਲਾਂ ਦੀ ਭੂਮੀ" ਵਿਚ ਤਬਦੀਲ ਹੋ ਗਿਆ।







6. ਖੱਬੇ ਪਾਸੇ ਉੱਪਰ, ਸਰਵਭਾਰਤੀ ਸਿੱਖ ਵਿਦਿਆਰਥੀ ਸੰਘ ਦੇ ਪਰਧਾਨ ਤੇ ਭਿੰਡਰਾਂਵਾਲੇ ਦਾ ਸੱਜਾ ਹੱਥ ਭਾਵ ਵਿਸ਼ਵਾਸ ਪਾਤਰ, ਅਮਰੀਕ ਸਿੰਘ।

7. ਸੱਜੇ ਪਾਸੇ ਉੱਪਰ, ਮੇਜਰ ਜਨਰਲ ਸ਼ਾਹਬੇਗ ਸਿੰਘ ਜੋ ਅਕਾਲ ਤਖ਼ਤ ਦੀ ਕਿਲ੍ਹਾ ਬੰਦੀ ਕਰਨ ਦਾ ਮੁੱਖ ਜ਼ਿੰਮੇਵਾਰ ਸੀ।

8. ਹੇਠਾਂ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਆਪਣੇ ਪੈਰੋਕਾਰਾਂ ਨਾਲ।








9. ਉੱਪਰ ਖੱਬੇ ਪਾਸੇ, ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਿੱਲੀ ਵਿੱਚ ਕਤਲ ਹੋਏ ਸਿੱਖ ਸਿਆਸਤਦਾਨਾਂ ਦੇ ਸਿਮਰਤੀ ਸਮਾਗਮ ਵਿਚ ਬੋਲਦਾ ਹੋਇਆ।

10. ਉੱਪਰ ਸੱਜੇ ਪਾਸੇ, ਇਹਨਾਂ 'ਚੋਂ ਇਕ ਸਮਾਗਮ ਤੇ ਰਾਜੀਵ ਗਾਂਧੀ ਵੀ ਹਾਜ਼ਰ ਸੀ।

11. ਹੇਠਲੇ ਪਾਸੇ ਸੱਜੇ ਪਾਸੇ ਤੋਂ ਦੂਸਰੀ ਥਾਂ ਤੇ ਜ਼ੈਲ ਸਿੰਘ ਦਿਖਾਈ ਦਿੰਦਾ ਹੈ ਤੇ ਬਿਲਕੁਲ ਖੱਬੇ ਪਾਸੇ ਭਿੰਡਰਾਂਵਾਲਾ ਬੈਠਾ ਹੈ। ਇਹ ਦ੍ਰਿਸ਼ ਸੰਤੋਖ ਸਿੰਘ ਦੀ ਯਾਦ ਵਿੱਚ ਕਿਸੇ ਹੋਰ ਸਮਾਗਮ ਦਾ ਹੈ।





12. ਉੱਪਰ, ਨੀਲਾ ਤਾਰਾ ਸਾਕਾ ਸਮੇਂ ਅਕਾਲ ਤਖ਼ਤ ਗੋਲੀਆਂ ਨਾਲ ਉਡਾਇਆ ਜਾ ਰਿਹਾ ਹੈ।

13. ਖੱਬੇ ਪਾਸੇ ਹੇਠਾਂ, ਅਕਾਲ ਤਖ਼ਤ ਦੇ ਸੁਨਹਿਰੀ ਗੁੰਬਦ ਨੂੰ ਜ਼ਬਰਦਸਤ ਨੁਕਸਾਨ ਹੋਇਆ ਹੈ।

14. ਸੱਜੇ ਪਾਸੇ ਹੇਠਾਂ, ਅਕਾਲ ਤਖ਼ਤ ਦੇ ਪੈਰਾਂ 'ਚ ਪਿਆ ਮਲਬਾ। ਸੰਗਮਰਮਰ ਦੀ ਦੀਵਾਰ ਨਾਲ ਸ਼ਾਹਬੇਗ ਸਿੰਘ ਵੱਲੋਂ ਸਥਾਪਤ ਕੀਤੀਆਂ ਬੰਦੂਕਾਂ ਦਾ ਠਿਕਾਣਾ ਵੇਖਿਆ ਜਾ ਸਕਦਾ ਹੈ।












15. ਉੱਪਰ ਖੱਬੇ ਪਾਸੇ, ਭਿੰਡਰਾਂਵਾਲੇ ਤੇ ਉਹਦੇ ਸਾਥੀਆਂ ਦੀ ਹਾਰ ਪਿੱਛੋਂ ਸਵਰਨ ਮੰਦਰ ਸਮੂਹ ਵਿੱਚ ਭਾਰਤੀ ਫ਼ੌਜਾਂ।

16. ਉੱਪਰ ਸੱਜੇ ਪਾਸੇ, ਭਿੰਡਰਾਂਵਾਲੇ ਦੇ ਸਾਥੀਆਂ ਦੀਆਂ ਲਾਸ਼ਾਂ ਸਵਰਨ ਮੰਦਰ ਉਦਾਲੇ ਪਰਿਕ੍ਰਮਾ ਵਿੱਚ ਲਿਟਾਈਆਂ ਹੋਈਆਂ ਹਨ।

17. ਹੇਠਾਂ, ਮੇਜਰ ਜਨਰਲ ਸ਼ਾਹਬੇਗ ਸਿੰਘ ਦੀ ਲਾਸ਼। ਉਸ ਦੇ ਪੈਰਾਂ ਨਾਲ ਬੰਨ੍ਹੀਆਂ ਰੱਸੀਆਂ ਤੇ ਉਸ ਦੀਆਂ ਬਾਹਾਂ 'ਤੇ ਪਏ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ ਕਿ ਉਸ ਨੂੰ ਅਕਾਲ ਤਖ਼ਤ 'ਚੋਂ ਬਾਹਰ ਘੜੀਸ ਕੇ ਲਿਆਂਦਾ ਗਿਆ ਸੀ।




18. ਉੱਪਰ, ਭਿੰਡਰਾਂਵਾਲੇ ਦੀ ਲਾਸ਼ ਸਵਰਨ ਮੰਦਰ ਦੀ ਪਰਿਕਰਮਾ ਵਿੱਚ ਬਰਫ਼ ਉੱਪਰ ਲਿਟਾਈ ਗਈ ਹੈ।

19. ਹੇਠਾਂ ਖੱਬੇ ਪਾਸੇ, ਨੀਲਾ ਤਾਰਾ ਸਾਕਾ ਸਮੇਂ ਕੈਦੀ ਬਣਾਏ ਗਏ ਸਿੱਖਾਂ ਨੂੰ ਪਿੱਛੇ ਹੱਥ ਬੰਨ੍ਹ ਕੇ ਬਿਠਾਇਆ ਗਿਆ ਹੈ।

20. ਹੇਠਾਂ ਸੱਜੇ ਪਾਸੇ, ਨੀਲਾ ਤਾਰਾ ਸਾਕਾ ਪਿੱਛੋਂ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਉੱਚ ਸੈਨਿਕ ਅਧਿਕਾਰੀਆਂ ਨਾਲ ਸਵਰਨ ਮੰਦਰ ਦੀ ਫੇਰੀ ਤੇ; ਭਾਵੇਂ ਉਸ ਸਮੇਂ ਘਾਤ ਲਾਕੇ ਹਮਲਾ ਕਰਨ ਵਾਲੇ ਉੱਥੇ ਲੁਕੇ ਹੋਏ ਸਨ।










21 ਉੱਪਰ—ਆਪਣੀ ਮਾਤਾ ਦੇ ਕਤਲ ਦੀ ਸਵੇਰ ਨੂੰ ਕਲਕੱਤਾ ਵਿਚ ਰਾਜੀਵ ਗਾਂਧੀ ਬੀ.ਬੀ.ਸੀ. ਤੋਂ ਖ਼ਬਰਾਂ ਸੁਣਦਾ ਹੋਇਆ।

22. ਹੇਠਾਂ—ਸ੍ਰੀਮਤੀ ਗਾਂਧੀ ਜਮਨਾ ਦਰਿਆ ਦੇ ਕਿਨਾਰੇ ਸ਼ਮਸ਼ਾਨ ਘਾਟ 'ਤੇ ਚਿਤਾ ਉੱਪਰ।




JAMMU AND
KASHMIR
PAKISTAN
River Chenab
River Ravi
Gurdaspur
Chowk Mehta
Amritsar
Lahore
Taran
Taran
River Beas
Kapurthala
Hoshiarpur
Jullundur
HIMACHAL PRADESH
Anandpur
River Sutlej
River Sutlej
Ferozepur
Ludhiana
GRAND TRUNK ROAD
CHANDIGARH
Moga
Faridkot
Rode
PUNJAB
Fazilka
Abohar
Bhatinda
Sangrur
Patiala
Ambala
River Jumna
Ganganagar
Kurukshetra
Karnal
Chando Kalan
Panipat
UTTAR PRADESH
HARYANA
Sonipat
RAJASTHAN
DELHI
Delhi
I N D I A
N
Key
International border
State border
Miles
0
50
100
0
50
100
150
Kilometres
SKETCH MAP OF PUNJAB AND NEIGHBOURING STATES


SHOPS
HOSTEL COMPLEX
G
KAUL SAR ROAD
S.A. DAL TALWANDI OFFICE
ENTRANCE
BAZAR PAPRAN
CHOWK DARBAR
AKALI DAL OFFICES
GURU NANAK NIWAS
OFFICES OF SGPC & TEJA SINGH SAMNDARI HALL
OFFICE OF WOMEN'S AKALI DAL
Water tower
GURU RAM DAS SARAI
NEW AKAL REST HOUSE
AKAL REST HOUSE
GALI BAGH WALI
BAZAR GURU RAM DASS SARAI
DEWAN MANJI SAHIB
TEMPLE
COMPLEX
LANGAR (DINING HALL)
Tower (18c.)
LIBRARY
SAROWAR (HOLY POOL)
GOLDEN TEMPLE
DARSHNI DEORI
AKAL TAKHT
NISMAN SAHIB
BAZAR MUNARIAN
PARIKRAMA
SGPC
RESIDENTIAL QUARTERS
BRAMAH BUTA MARKET
BRAHMBUTA AKHARA
MAIN ENTRANCE
INFORMATION OFFICE
HOTEL TEMPLE VIEW
CAR PARK & CYCLE STAND
GHANTA GHAR (CLOCK TOWER SQUARE)
BAZAR NAI SEWAN
KT. AHALUWALU
GENERAL SUNDERJI'S H.Q.
N
Key
Private property
Hostel Complex and Temple Complex boundaries
Gate
Barbed wire
Water



ARTCAVE PRINTERS

LAHORE BOOK SHOP
Ludhiana